ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਿਰਭੈ ਯੋਧਾ

## [ਜੱਥੇਦਾਰ ਸੰਤ ਅਮਰ ਸਿੰਘ ਜੀ]




ਸੰਪਾਦਿਕਾ

ਅਸਤਿੰਦਰ ਕੌਰ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਿਰਭੈ ਯੋਧਾ

[ਜੱਥੇਦਾਰ ਸੰਤ ਅਮਰ ਸਿੰਘ ਜੀ]

ਸੰਪਾਦਿਕਾ
ਅਸਤਿੰਦਰ ਕੌਰ

ਆਰਸੀ ਪਬਲਿਸ਼ਰਜ਼

**Nirbhay Yodha** *(Biography)*
*by*
Ed. : Astinder Kaur
F 213 A-1,
Mansarovar Garden,
New Delhi-110 015

ARSEE PUBLISHERS, CHANDNI CHOWK, DELHI-110 006
Branch Office : 51 Parda Bagh, Darya Ganj, New Delhi-110002

*All rights reserved. No part of this books may be reproduced, stored in a retrieval system, or transmitted in any form or by any means, electronic, mechanical, photocopying recording or otherwise without prior written permission from both Author and Publisher.*

ISBN : 978-81-8299-316-7

© Author 2015

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ-6
51, ਪਰਦਾ ਬਾਗ, ਦਰਿਆਗੰਜ, ਨਵੀ ਦਿੱਲੀ-110002
ਫ਼ੋਨ : 23280657, 65966481
e-mail : arseepublishers@rediffmail.com

ਪ੍ਰਿੰਟਰ : ਰਚਨਾ ਪ੍ਰਿੰਟਰਜ਼
ਚਾਂਦਨੀ ਚੌਂਕ, ਦਿੱਲੀ-6

ਮੁੱਲ : 275/- ਰੁਪਏ

# ਸਮਰਪਣ

ਸਮੂਹ ਜਥੇਦਾਰਾਂ, ਸੰਤਾਂ ਅਤੇ ਭਗਤਾਂ ਦੀ ਯਾਦ
ਨੂੰ
ਸਮਰਪਿਤ

# ਤਤਕਰਾ


| | | ਪੰਨਾਂ |
|---|---|---|
| ੧. | ਦੋ ਗੱਲਾਂ | (i) |
| | ਭੂਮਿਕਾ | (ii) |
| ੨. | ਬਚਪਨ, ਅਤੇ ਸੰਤਾਂ ਨਾਲ ਮਿਲਾਪ | ੨ |
| ੩. | ਸੰਤਾਂ ਵਲੋਂ ਪਰਖ, ਅਤੇ ਬਖਸ਼ਿਸ਼ | ੧੦ |
| ੪. | ਜਰਮੀਆਂ ਦੇ ਲੋਕਾਂ ਨੂੰ ਮੂੰਹ ਦੀ ਖਾਣੀ ਪਈ | ੧੪ |
| ੫. | ਡੇਰੇ ਦੀ ਮੁਖਤਿਆਰੀ | ੨੩ |
| ੬. | ਕਰਜਾ ਉਤਾਰਨਾਂ | ੨੬ |
| ੭. | ਘੋੜੀ ਅਤੇ ਵਛੇਰੇ ਦੀ ਚੋਰੀ | ੩੧ |
| ੮. | ਠਾਣੇਦਾਰ ਸੰਤਾਂ ਦਾ ਸੇਵਕ ਬਣਿਆ | ੪੦ |
| ੯. | ਨਨਕਾਣੇ ਸਾਹਿਬ ਦਾ ਦੌਰਾ | ੪੫ |
| ੧੦. | ਅਨੰਦ ਕਾਰਜ | ੫੬ |
| ੧੧. | ਸੰਤਾਂ ਕੋਲੋਂ ਵਿਦਾਇਗੀ | ੬੭ |
| ੧੨. | ਵੇਰਕੇ ਆ ਕੇ ਕਿਰਤ ਕਰਨੀ | ੭੩ |
| ੧੩. | ਬ੍ਰਾਹਮਣਾਂ ਨੂੰ ਅੰਮ੍ਰਿਤ ਛਕਾਉਣਾਂ | ੭੮ |
| ੧੪. | ਸਤਿਗੁਰਾਂ ਪਾਸੋਂ ਵਰ ਦੀ ਪ੍ਰਾਪਤੀ | ੮੩ |
| ੧੫. | ਡੀ.ਸੀ.ਐਮ. ਵਿੱਚ ਨੌਕਰੀ ਕਰਨੀ | ੮੯ |
| ੧੬. | ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋਂ ਇੱਕ ਹੋਰ ਵਰ | ੯੩ |
| ੧੭. | ਪ੍ਰੀਤਮ ਕੌਰ ਦਾ ਸੁਵਰਗਵਾਸ | ੯੭ |
| ੧੮. | ਬੀਬੀ ਦਲਜੀਤ ਕੌਰ ਨਾਲ ਅਨੰਦ ਕਾਰਜ | ੧੦੬ |
| ੧੯. | ਅਤਿ ਉੱਤਮ ਕਾਰੀਗਰ ਅਤੇ ਕੀਰਤਨੀਏ | ੧੧੯ |
| ੨੦. | ਕੀਰਤਨ ਦਾ ਅਖੰਡ ਪ੍ਰਵਾਹ | ੧੨੮ |
| ੨੧. | ੧੯੪੭ ਦੇ ਘੱਲੂਘਾਰੇ ਵਿੱਚ ਯੋਗਦਾਨ | ੧੩੪ |

| | | |
|---|---|---|
| ੨੨. | ਨਵੇਂ ਸਿਰਿਉਂ ਕੰਮ ਦੀ ਸਥਾਪਨਾਂ | ੧੫੫ |
| ੨੩. | ਸਰਕਾਰ ਵਲੋਂ ੮ ਮੁਰੱਬੇ ਜਮੀਨ ਅਲਾਟ ਹੋਣੀ | ੧੬੩ |
| ੨੪. | ਕੇਸ ਵਿੱਚੋਂ ਬਰੀ ਅਤੇ ਯੂ.ਪੀ. ਜਾ ਕੇ ਵੱਸਣਾ | ੧੭੧ |
| ੨੫. | ਪ੍ਰਭਾਵਸ਼ਾਲੀ ਜਥੇਦਾਰ | ੧੮੨ |
| ੨੬. | ਇੱਕ ਆਦਰਸ਼ ਪਿਤਾ | ੧੮੯ |
| ੨੭. | ਪੰਜਾਬ ਪਰਤਣ ਦੀ ਲੋਚਾ | ੧੯੯ |
| ੨੮. | ਇੱਕ ਅਧਿਆਤਮਿਕ ਖੁਸ਼ਹਾਲ ਪਰਿਵਾਰ | ੨੦੬ |
| ੨੯ | ਸੰਤ ਬੰਤਾ ਸਿੰਘ ਜੀ ਦੀਆਂ ਕੁਝ ਅਦਭੁਤ ਗੱਲਾਂ | ੨੦੯ |
| ੩੦ | ਅੰਤਿਮ ਸਮਾਂ | ੨੧੩ |

# ਦੋ ਸ਼ਬਦ

ਮੇਰੇ ਨਾਨਾ ਜੀ ਜਿਹਨਾਂ ਨੂੰ ਅਸੀਂ ਭਾਈਆ ਜੀ ਕਹਿ ਕੇ ਬੁਲਾਉਂਦੇ ਹੁੰਦੇ ਸਾਂ ਨੂੰ ਸਤਿਗੁਰੂ ਜੀ ਚਰਨਾਂ ਵਿਚ ਬਿਰਾਜੇ ਹੋਏ ਅਜ 15 ਸਾਲ ਹੋ ਗਏ ਹਨ। ਉਹਨਾਂ ਨੇ ਆਪਣੀ ਜੀਵਨੀ ਦੀਆਂ ਤਕਰੀਬਨ ਸਾਰੀਆਂ ਘਟਨਾਵਾਂ ਮੈਨੂੰ ਸੁਣਾਈਆਂ ਸਨ ਅਤੇ ਲਿਖ ਕੇ ਵੀ ਰਖੀਆਂ ਹੋਈਆਂ ਸਨ। ਆਪਣੇ ਅਖੀਰਲੇ ਕੁਝ ਸਾਲਾਂ ਵਿੱਚ ਆਪ ਜੀ ਨੇ ਇੱਛਾ ਪ੍ਰਗਟਾਈ ਸੀ ਕਿ ਇਹਨਾਂ ਸਾਰੀਆਂ ਹੱਡਬੀਤੀਆਂ ਨੂੰ ਕਿਤਾਬ ਦੇ ਰੂਪ ਵਿਚ ਛਪਾਇਆ ਜਾਵੇ।

ਜਦੋਂ ਮੈਂ ਤੇ ਮੇਰੇ ਪਤੀ ਸ੍ਰ: ਪਰਮਵੀਰ ਸਿੰਘ ਜੀ ਉਹਨਾਂ ਨੂੰ ਇਕ ਵੇਰ ਮਿਲਣ ਗਏ ਤੇ ਪਰਮਵੀਰ ਸਿੰਘ ਜੀ ਨਾਨਾ ਜੀ ਦੀਆਂ ਗੱਲਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਏ। ਜਦ ਕਿ ਭਾਈਆ ਜੀ ਦੀ ਜੀਵਨੀ ਮੈਂ ਪਹਿਲਾਂ ਹੀ ਆਪਣੇ ਹੱਥੀ ਲਿਖ ਕੇ ਰੱਖੀ ਹੋਈ ਸੀ। ਪਰ ਮੇਰੇ ਹਮਸਫਰ ਨੇ ਮੈਨੂੰ ਹੋਰ ਉਤਸਾਹ ਦਿੱਤਾ ਕਿ ਜਲਦੀ ਤੋਂ ਜਲਦੀ ਇਸ ਕਿਤਾਬ ਨੂੰ ਛਪਵਾ ਦਿੱਤਾ ਜਾਵੇ ਤੇ ਉਹਨਾਂ ਨੇ ਇਸ ਨੂੰ ਟਾਈਪ ਕਰਵਾ ਕੇ ਛਪਵਾਉਣ ਦੀ ਤਿਆਰੀ ਵੀ ਕਰ ਲਈ, ਕਿਸੇ ਕਾਰਣ ਇਸ ਨੂੰ ਅਸੀਂ ਪ੍ਰਿੰਟ ਨਹੀ ਕਰਵਾ ਸਕੇ। ਪਰ ਭਾਈਆ ਜੀ ਦੀ ਤੀਵਰ ਇੱਛਾ ਸੀ ਇਸ ਕਿਤਾਬ ਨੂੰ ਵੇਖਣ ਦੀ। ਅਸੀ ਉਸ ਟਾਈਪ ਕੀਤੇ ਹੋਏ ਮੈਟਰ ਨੂੰ ਫੋਟੋ ਕਾਪੀ ਕਰਵਾ ਕੇ ਭਾਈਆ ਜੀ ਲਈ 10 ਕਿਤਾਬਾਂ ਆਪਣੇ ਹੱਥੀਂ ਤਿਆਰ ਕਰ ਦਿੱਤੀਆਂ ਅਤੇ ਉਹਨਾਂ ਨੂੰ 9 ਕਿਤਾਬਾਂ ਦੇ ਕੇ ਉਹਨਾਂ ਦੀ ਇਸ ਇੱਛਾ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਭਾਈਆ ਜੀ ਆਪਣੀ ਜੀਵਨੀ ਨੂੰ ਕਿਤਾਬ ਦੇ ਰੂਪ ਵਿਚ ਦੇਖ ਕੇ ਬਹੁਤ ਖੁਸ਼ ਹੋਏ ਅਤੇ ਸਾਡਾ ਮਨ ਸ਼ਾਂਤ ਹੋਇਆ।

ਅਜ ਜਦੋਂ ਮੈਂ ਉਹਨਾਂ ਦੀ ਇਕ ਕਿਤਾਬ ਜੋ ਮੇਰੇ ਕੋਲ ਵੀ ਨਹੀਂ ਰਹੀ ਮੈਂ ਆਪਣੇ ਮਾਤਾ ਜੀ ਨੂੰ ਦੇ ਦਿੱਤੀ ਸੀ, ਮਨ ਕੀਤਾ ਕਿ ਪੜ੍ਹਾਂ ਪਰ ਮੈਨੂੰ ਉਹ ਕਿਤਾਬ ਨਹੀਂ ਮਿਲੀ। ਮੈਂ ਪੁਰਾਣਾ ਟਾਈਪ ਕੀਤਾ ਮੈਟਰ ਜੋ ਕਿ ਪਰਮਵੀਰ ਸਿੰਘ (ਮੇਰੇ ਪਤੀ) ਆਪਣੀ ਹੱਥੀਂ ਸੰਭਾਲ ਗਏ ਸਨ। ਉਸਨੂੰ ਨਿਕਾਲਿਆ ਤੇ ਆਪਣੇ ਮਾਮਿਆਂ ਨਾਲ ਇਸ ਕਿਤਾਬ ਨੂੰ ਪ੍ਰਿੰਟ ਕਰਵਾਉਣ ਦੀ ਗੱਲ ਕੀਤੀ ਆਪਣੇ (ਪਾਪਾ ਜੀ) ਸੰਤ ਸਿੰਘ ਜੀ (ਮੇਰੇ ਸਹੁਰਾ ਸਾਹਿਬ) ਦੀ ਸਲਾਹ ਲਈ।

ਉਹਨਾਂ ਨੇ ਮੇਰਾ ਉਤਸ਼ਾਹ ਹੋਰ ਵਧਾਇਆ ਅਤੇ ਇਸ ਕਿਤਾਬ ਦੀ ਭੂਮਿਕਾ ਤਿਆਰ ਕਰ ਦਿੱਤੀ।

ਮੈਂ ਅਤਿ ਧੰਨਵਾਦੀ ਹਾਂ ਉਹਨਾਂ ਸਾਰਿਆਂ ਦੀ ਜਿਹਨਾਂ ਨੇ ਇਸ ਕਿਤਾਬ ਨੂੰ ਛਪਵਾਉਣ ਵਿਚ ਮੇਰੀ ਸਹਾਇਤਾ ਕੀਤੀ। ਖਾਸ ਕਰਕੇ ਜਸਬੀਰ ਸਿੰਘ ਮਾਮਾ ਜੀ, ਮਨਮੋਹਣ ਸਿੰਘ ਮਾਮਾ ਜੀ ਅਤੇ ਗੁਰਚਰਨ ਸਿੰਘ ਮਾਮਾ ਜੀ ਅਤੇ ਆਪਣੇ ਛੋਟੇ ਵੀਰ ਗੁਰਵਿੰਦਰ ਸਿੰਘ (ਗੋਪੀ) ਦਾ ਬਹੁਤ ਬਹੁਤ ਧੰਨਵਾਦ ਜਿਹਨਾਂ ਨੇ ਇਸ ਕੰਮ ਵਿੱਚ ਆਪਣਾ ਯੋਗਦਾਨ ਪਾਇਆ।

ਅੱਜ ਫਿਰ ਇਕ ਵਾਰੀ ਇਸ ਕਿਤਾਬ ਨੂੰ ਛਪਾਉਣ ਦੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਹਨ। ਪਰ ਭਾਈਆ ਜੀ ਇਸ ਦੁਨੀਆਂ ਵਿੱਚ ਦੇਹ ਕਰਕੇ ਸਾਡੇ ਨਾਲ ਨਹੀਂ ਹਨ। ਉਹਨਾਂ ਦਾ ਆਸ਼ੀਰਵਾਦ ਮੈਂ ਹਮੇਸ਼ਾਂ ਹੀ ਆਪਣੇ ਨਾਲ ਮਹਿਸੂਸ ਕਰਦੀ ਹਾਂ।

ਆਪ ਜੀ ਦੀ ਜ਼ਿੰਦਗੀ ਵਿਚ ਕਦੀ ਵੀ ਸਥਿਰਤਾ ਨਹੀ ਰਹੀ ਹਮੇਸ਼ਾ ਉਤਾਰ ਚੜ੍ਹਾਅ ਆਉਂਦੇ ਹੀ ਰਹੇ ਪਰ ਆਪ ਜੀ ਨੇ ਕਦੀ ਵੀ ਆਪਣਾ ਨੇਮ ਨਹੀਂ ਛੱਡਿਆ ਕਦੀ ਵੀ ਗੁਰੂ ਵਾਲਾ ਪਾਸਾ ਊਣਾਂ ਨਹੀਂ ਹੋਣ ਦਿੱਤਾ। ਆਸ ਕਰਦੀ ਹਾਂ ਪਾਠਕ ਵੀ ਆਪ ਜੀ ਦੀ ਜ਼ਿੰਦਗੀ ਤੋਂ ਬਹੁਤ ਕੁਝ ਸਿਖਣਗੇ ਅਤੇ ਇਸ ਕਿਤਾਬ ਨੂੰ ਪੜ੍ਹ ਕੇ ਪੂਰਾ ਅਨੰਦ ਉਠਾਉਣਗੇ। ਹੋ ਸਕਦਾ ਹੈ ਕਿ ਮੇਰੇ ਸੰਪਾਦਨ ਵਿਚ ਕੁਝ ਕਮੀਆਂ ਰਹਿ ਗਈਆਂ ਹੋਣ। ਪਾਠਕ ਮੇਰੀਆਂ ਭੁੱਲਾਂ ਨੂੰ ਮੁਆਫ਼ ਕਰਕੇ ਇਸ ਕਿਤਾਬ ਨੂੰ ਪੜ੍ਹਨਗੇ ਤੇ ਬਹੁਤ ਹੀ ਅਨੰਦ ਉਠਾਉਣਗੇ।

ਸਤਿ ਸ੍ਰੀ ਅਕਾਲ।

ਅਸਤਿੰਦਰ ਕੌਰ
M.A. (Music),
M.A. (Punjabi) & B.Ed.

# ਭੂਮਿਕਾ

ਸਮਾਂ ਕਦੇ ਵੀ ਇਕੋ ਜਿਹਾ ਨਹੀਂ ਰਿਹਾ। ਅੱਛਾਈ ਅਤੇ ਬੁਰਾਈ, ਸੱਚ ਅਤੇ ਝੂਠ, ਦੋਵੇਂ ਮੁੱਢੋਂ ਹੀ ਨਾਲ ਨਾਲ ਤੁਰੇ ਆਉਂਦੇ ਹਨ। ਦੋਹਾਂ ਵਿਚੋਂ ਪ੍ਰਬਲਤਾ ਕਿਸੇ ਇਕ ਦੀ ਵੀ ਸਦੀਵ ਨਹੀਂ ਰਹੀ। ਸਤਿਗੁਰੂ ਸਾਹਿਬਾਨ ਦੁਨੀਆਂ ਨੂੰ ਭਰਮਾ, ਭੁਲੇਖਿਆਂ ਵਿਚੋਂ ਕੱਢ ਕੇ ਸਿੱਧੇ ਸੱਚ ਦੇ ਰਾਹ ਦੇ ਪਾਂਧੀ ਬਣਾਉਂਦੇ ਸਨ, ਪਰ ਲੋਕਾਂ ਨੇ ਉਹਨਾਂ ਦੀ ਵੀ ਵਿਰੋਧਤਾ ਕੀਤੀ ਅਤੇ ਸਤਿਗੁਰੂ ਜੀ ਨੂੰ ਬੁਰਾ ਭਲਾ ਭੀ ਕਿਹਾ। ਸਤਿਗੁਰੂ ਤੇ ਹਮੇਸ਼ਾਂ ਹੀ ਸਰਬ ਕਲਾ ਸਮਰਥ ਹੁੰਦਾ ਹੈ। ਦੁਨੀਆਂ ਦੀਆਂ ਸਾਰੀਆਂ ਸ਼ਕਤੀਆਂ ਮਿਲ ਕੇ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦੀਆਂ। ਸਤਿਗੁਰੂ ਸਮੇਂ ਅਤੇ ਆਪਣੇ ਨੀਅਤ ਕੀਤੇ ਪ੍ਰੋਗਰਾਮ ਅਨੁਸਾਰ ਆਪਣੇ ਸਿੱਖ ਸੇਵਕਾਂ ਨੂੰ ਵੀ ਨਾਲ ਲੈ ਕੇ ਆਉਂਦਾ ਹੈ। ਇਸ ਕਰਕੇ ਉਸ ਦਾ ਪ੍ਰੋਗਰਾਮ ਹਰ ਸੂਰਤ ਵਿਚ ਅੱਗੇ ਵੱਧਦਾ ਰਹਿੰਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਬਹੁਤ ਹੀ ਸੰਘਰਸ਼ ਪੂਰਵਕ ਰਿਹਾ ਹੈ। ਇਕ ਪਾਸੇ ਤੇ ਦੇਸ਼ ਦੀ ਅਜ਼ਾਦੀ ਦੀ ਲੜਾਈ, ਵਿਦੇਸ਼ੀ ਸ਼ਾਸਕਾਂ ਦੇ ਖਿਲਾਫ਼ ਪੂਰੇ ਜ਼ੋਰਾਂ ਤੇ ਸੀ ਅਤੇ ਦੂਸਰੇ ਪਾਸੇ ਸਿਖੀ ਪ੍ਰਚਾਰ ਵਿੱਚ ਕੁਝ ਅੰਗਰੇਜ਼ ਪੱਖੀ ਅਨਸਰ ਤਤਪਰ ਸਨ। ਨਾਮਧਾਰੀਆਂ ਨੂੰ ਆਪਣੇ ਦੀਵਾਨ ਲਾਉਣ ਵਿੱਚ ਵੀ ਔਕੜਾਂ ਆਉਂਦੀਆਂ ਸਨ ਅਤੇ ਕਈ ਵੇਰ ਛੋਟੇ ਮੋਟੇ ਝਗੜੇ ਵੀ ਹੁੰਦੇ ਸਨ।

ਇਸ ਸਭ ਦੇ ਹੁੰਦਿਆਂ ਹੋਇਆਂ ਉਸ ਸਮੇਂ ਉਚ ਕੋਟੀ ਦੇ ਸੰਤ, ਸਤਿਗੁਰੂ ਰਾਮ ਸਿੰਘ ਜੀ ਦੇ ਉਲੀਕੇ ਪ੍ਰੋਗਰਾਮ ਨੂੰ ਅੱਗੇ ਵਧਾਉਣ ਵਿੱਚ ਦਿਨ ਰਾਤ ਸੰਘਰਸ਼ ਕਰ ਰਹੇ ਸਨ। ਇਹਨਾਂ ਦੇ ਮੁਖੀ ਅਤੇ ਸੰਚਾਲਕ ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸਨ। ਕੁਝ ਕੁ ਸਿਰਲਥ ਯੋਧੇ ਵੀ ਇਹਨਾਂ ਵਿਚੋਂ ਸਨ, ਜਿਹੜੇ ਲੋੜ ਪੈਣ ਤੇ ਡੰਡਾ ਸੋਟਾ ਖੜਕਾਉਣ ਤੋਂ ਵੀ ਪਿੱਛੇ ਨਹੀਂ ਸਨ ਹਟਦੇ। ਇਹਨਾਂ ਵਿੱਚ ਇਕ ਸਨ ਸੰਤ ਬੰਤਾ ਸਿੰਘ ਜੀ। ਇਹ ਸੰਤ ਤੇ ਉੱਚ ਕੋਟੀ ਦੇ ਸਨ ਹੀ, ਯੋਧੇ ਵੀ ਮਹਾਨ ਸਨ। ਇਹਨਾਂ ਦੇ ਜੱਥੇ ਵਿਚ 25-30 ਸਰੀਰ ਹੁੰਦੇ ਸਨ। ਇਹਨਾਂ ਦੇ

ਢੁਲਕੋਈਏ ਸਨ ਸੰਤ ਅਮਰ ਸਿੰਘ ਜੀ। ਇਹ ਜਥਾ ਪਿੰਡਾਂ ਵਿਚ ਪ੍ਰਚਾਰ ਕਰਦਾ ਸੀ ਅਤੇ ਇਕ ਪਿੰਡ ਵਿਚ ਕਈ ਕਈ ਦਿਨ ਠਿਕਾਣਾ ਕਰਦੇ ਸਨ।

ਸੰਤ ਬੰਤਾ ਸਿੰਘ ਜੀ ਤੋਂ ਬਾਦ ਸੰਤ ਅਮਰ ਸਿੰਘ ਜੀ ਨੇ ਜੱਥੇਦਾਰੀ ਸ਼ੁਰੂ ਕਰ ਦਿੱਤੀ। ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੇ ਅਨਿਨ ਸੇਵਕ ਸਨ। ਇਹਨਾਂ ਨੇ ਆਪਣਾ ਸਾਰਾ ਜੀਵਨ ਹੀ ਸਿਖੀ ਪ੍ਰਚਾਰ ਵਿਚ ਲੰਘਾਇਆ। ਇਹ ਸਿਰਫ਼ ਪ੍ਰਚਾਰ ਹੀ ਨਹੀਂ ਸਨ ਕਰਦੇ ਸਗੋਂ ਇਹਨਾਂ ਦਾ ਜੀਵਨ ਵੀ ਪੂਰੀ ਤਰ੍ਹਾਂ ਗੁਰਸਿਖੀ ਸੀ। ਇਹਨਾਂ ਦੇ ਹਰ ਇਕ ਦੌਰੇ ਦਾ ਜੇਕਰ ਪੂਰਾ ਵਿਵਰਨ ਹੁੰਦਾ ਤੇ ਅੱਜ ਇਕ ਵਡਅਕਾਰੀ ਗ੍ਰੰਥ ਬਣ ਗਿਆ ਹੁੰਦਾ। ਪਰ ਇਹ ਜਥਾ ਸਿਰਫ਼ ਇਤਿਹਾਸ ਸਿਰਜਦਾ ਹੀ ਸੀ, ਉਸ ਦੀ ਸੰਭਾਲ ਦਾ ਇਹਨਾਂ ਕੋਲ ਕੋਈ ਸਾਧਨ ਨਹੀਂ ਸੀ।

ਹੋਰ ਵੀ ਕਿਸੇ ਇਤਿਹਾਸਕਾਰ ਨੇ ਇਹਨਾਂ ਨਾਲ ਕੋਈ ਸੰਪਰਕ ਨਹੀਂ ਕੀਤਾ, ਜਿਸ ਕਰਕੇ ਵੱਡਮੁਲਾ ਇਤਿਹਾਸ ਇਹਨਾਂ ਦੇ ਜੀਵਨ ਨਾਲ ਹੀ ਸਮਾਪਤ ਹੋ ਗਿਆ।

ਸੰਤ ਅਮਰ ਸਿੰਘ ਜੀ ਆਜ਼ਾਦੀ ਤੋਂ ਬਾਅਦ 'ਪਲੀਆ' ਯੂਪੀ ਵਿਚ ਵਸ ਗਏ। ਏਥੇ ਵੀ ਇਹਨਾਂ ਨੇ ਆਪਣੇ ਨੇੜੇ ਤੇੜੇ ਦੇ ਪਿੰਡਾਂ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਪ੍ਰਚਾਰ ਕੀਤਾ। ਆਪਣੀ ਵਢੇਰੀ ਉਮਰ ਵਿਚ ਉਹਨਾਂ ਨੂੰ ਜੋ ਕੁਝ ਘਟਨਾਵਾਂ ਯਾਦ ਆਈਆਂ ਉਹ ਉਹਨਾਂ ਨੇ ਲਿਖ ਕੇ ਆਪਣੀ ਦੋਹਤਰੀ ਅਸਤਿੰਦਰ ਕੌਰ ਨੂੰ ਦੇ ਦਿੱਤੀਆਂ। ਜਿਸ ਦੇ ਫਲਸਰੂਪ ਇਹ ਹਥਲੀ ਪੁਸਤਕ 'ਨਿਰਭੈ ਯੋਧਾ' ਹੋਂਦ ਵਿਚ ਆ ਸਕੀ। ਇਸ ਕਿਤਾਬ ਦੀਆਂ ਘਟਨਾਵਾਂ ਵੀ ਵਿਸ਼ਾਲ ਸਮੁੰਦਰ ਚੋਂ ਸਿਰਫ਼ ਇਕ ਬੂੰਦ ਮਾਤਰ ਹੀ ਹਨ। ਪਰ ਫਿਰ ਵੀ ਜੋ ਕੁਝ ਸੰਭਾਲਿਆ ਜਾ ਸਕਿਆ ਉਹ ਬਹੁਤ ਕੀਮਤੀ ਹੈ। ਇਸ ਨੂੰ ਪੜ੍ਹ ਕੇ ਪਾਠਕ ਇਹ ਜਾਣ ਸਕਣਗੇ ਕਿ ਉਹ ਜ਼ਮਾਨਾ ਕਿੰਨਾ ਸੰਘਰਸ਼ਮਈ ਸੀ। ਝੂਠ ਦਾ ਏਨਾ ਬੋਲਬਾਲਾ ਸੀ ਕਿ ਸੱਚ ਦੀ ਗਲ ਕਰਨੀ ਵੀ ਅਸੰਭਵ ਸੀ।

ਇਹਨਾਂ ਜਥਿਆਂ ਦੀ ਇਕ ਹੋਰ ਵਿਸ਼ੇਸ਼ਤਾ ਇਹ ਸੀ ਕਿ ਇਹਨਾਂ ਨੂੰ ਪੈਸਿਆਂ ਦਾ ਲਾਲਚ ਨਹੀਂ ਸੀ। ਇਹ ਆਪਣੀ ਮਰਯਾਦਾ ਦੇ ਪੂਰਨ ਧਾਰਨੀ ਸਨ, ਨਿਤਨੇਮੀ ਸਨ, ਕੀਰਤਨ ਕਰਨਾ ਪ੍ਰਚਾਰ ਕਰਨਾ ਹੀ ਇਹਨਾਂ ਦਾ ਮੰਤਵ ਸੀ। ਪ੍ਰਸਾਦਾ ਪਾਣੀ ਜੋ ਕੁਝ ਵੀ ਘਰੋਂ ਮਿਲ ਜਾਣਾ ਉਹ ਖੁਸ਼ੀ ਖੁਸ਼ੀ ਛਕਣਾ। ਭੁਲੀਆਂ ਭਟਕੀਆਂ ਰੂਹਾਂ ਨੂੰ ਸਤਿਗੁਰੂ ਦੇ ਚਰਨਾਂ ਨਾਲ ਜੋੜਨਾ। ਇਹ ਆਪਣੇ ਕਿਸੇ ਵੀ ਜ਼ਾਤੀ ਕੰਮ ਦੇ ਇਛੁਕ ਨਹੀਂ ਸਨ।

ਇਸ ਛੋਟੀ ਜਿਹੀ ਕਿਤਾਬ ਵਿੱਚ ਪਾਠਕ ਇਹਨਾਂ ਤੱਤਾਂ ਦੀ ਸਚਾਈ ਆਪਣੇ ਆਪ ਭਲੀਭਾਂਤ ਅਨੁਭਵ ਕਰ ਸਕਣਗੇ। ਸੰਤ ਅਮਰ ਸਿੰਘ ਜੀ ਦੇ ਛੋਟੇ ਸਪੁਤਰ ਸ੍ਰ. ਹਰਭਜਨ ਸਿੰਘ

ਜੀ, ਸ੍ਰ. ਬਲਬੀਰ ਸਿੰਘ ਜੀ, ਸ੍ਰ. ਜਸਬੀਰ ਸਿੰਘ ਜੀ, ਸ੍ਰ. ਮਨਮੋਹਣ ਸਿੰਘ ਜੀ, ਸ੍ਰ. ਗੁਰਸ਼ਰਨ ਸਿੰਘ ਜੀ ਅਤੇ ਸ੍ਰ. ਬਲਦੇਵ ਸਿੰਘ ਜੀ ਯੂਪੀ ਵਿੱਚ ਹੀ ਸਥਿਤ ਹਨ। ਇਹਨਾਂ ਦੇ ਸਭ ਤੋਂ ਵੱਡੇ ਸਪੁੱਤਰ ਸ੍ਰ. ਹਰਭਜਨ ਸਿੰਘ ਜੀ ਅਪ੍ਰੈਲ 2003 ਵਿਚ ਚੜ੍ਹਾਈ ਕਰ ਗਏ ਸਨ।

ਆਪ ਜੀ ਦੀ ਸਾਲੀ ਬੀਬੀ ਕਰਤਾਰ ਕੌਰ ਤੇ ਉਹਨਾਂ ਦੇ ਪਤੀ ਹਰਨਾਮ ਸਿੰਘ ਜੀ ਦੇ ਸਪੁੱਤਰ ਸ੍ਰ. ਗੁਰਭਜਨ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਕੱਤਰ ਹੋਣ ਦਾ ਮਾਣ ਵੀ ਪ੍ਰਾਪਤ ਹੈ।

ਆਪ ਜੀ ਦੇ ਸਾਰੇ ਸਪੁੱਤਰ ਨਾਮ ਬਾਣੀ ਦੇ ਰਸੀਏ ਹਨ ਤੇ ਕੀਰਤਨ ਕਰਦੇ ਹਨ ਅਤੇ ਆਪਣੇ ਪਿਤਾ ਜੀ ਵਾਂਗ ਗੁਰਸਿਖੀ ਦਾ ਪ੍ਰਚਾਰ ਕਰਦੇ ਹਨ। ਸੰਤ ਅਮਰ ਸਿੰਘ ਜੀ ਦੀ ਇਕ ਲੜਕੀ ਬੀਬੀ ਕਿਰਪਾਲ ਕੌਰ ਸੰਤ ਸੰਤਾ ਸਿੰਘ ਜੀ ਨਾਲ ਵਿਆਹੀ ਹੋਈ ਸੀ। ਜੋ ਅੰਮ੍ਰਿਤਸਰ ਧਰਮਸ਼ਾਲਾ ਦੇ ਮਹੰਤ ਵੀ ਰਹੇ ਹਨ। ਉਹਨਾਂ ਦੀ ਲੜਕੀ ਅਸਤਿੰਦਰ ਕੌਰ ਜੋ ਮੇਰੀ ਵੱਡੀ ਨੂੰਹ ਹੈ ਜਿਸਨੇ ਇਸ ਪੁਸਤਕ ਨੂੰ ਸਿਰੇ ਚਾੜ੍ਹਨ ਦਾ ਕੰਮ ਕੀਤਾ ਹੈ।

ਇਸ ਕਿਤਾਬ ਵਿਚ ਅੰਕਿਤ ਘਟਨਾਵਾਂ ਸਿਰਫ਼ ਸਾਗਰ ਵਿਚ ਬੂੰਦ ਹੀ ਹਨ। ਪਰ ਇਹ ਘਾਟ ਸਾਡੇ ਸਿਸਟਮ ਦੀ ਹੈ ਕਿ ਪੁਰਾਣੇ ਬਜ਼ੁਰਗਾਂ ਕੋਲੋਂ ਉਹਨਾਂ ਦੀ ਯਾਦ ਮੁਤਾਬਕ ਇਤਿਹਾਸਕ ਤਥ ਇਕੱਠੇ ਕਰਨ ਦਾ ਕੋਈ ਪ੍ਰਬੰਧ ਨਹੀਂ ਹੈ। ਅਖੀਰ ਵਿਅਕਤੀ ਆਪਣੀ ਉਮਰ ਭੋਗ ਕੇ ਸੰਸਾਰ ਨੂੰ ਅਲਵਿਦਾ ਕਹਿ ਜਾਂਦਾ ਹੈ ਅਤੇ ਨਾਲ ਹੀ ਚਲਾ ਜਾਂਦਾ ਹੈ, ਵੱਡਮੁਲਾ ਇਤਿਹਾਸ।

ਇਹ ਪੁਸਤਕ ਵੀ ਲੇਖਿਕਾ ਦੀ ਵਿਅਕਤੀਗਤ ਮਿਹਨਤ ਦਾ ਹੀ ਅਸਰ ਹੈ। ਆਸ ਹੈ ਕਿ ਪਾਠਕ ਇਸ ਤੋਂ ਲਾਭ ਉਠਾਉਣਗੇ।

ਸੰਤ ਸਿੰਘ
ਐਫ 213-ਏ ਵਨ
ਮਾਨਸਰੋਵਰ ਗਾਰਡਨ
ਨਵੀਂ ਦਿੱਲੀ-110015

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# (੨) ਬਚਪਨ ਅਤੇ ਸੰਤਾਂ ਨਾਲ ਮਿਲਾਪ

**ਪਿਤਾ ਮੋਇਆ ਫਿਰ ਮੋਈ ਮਾਂ, ਰੋਟੀ ਖੋਹ ਕੇ ਉਡ ਗਿਆ ਕਾਂ**
**ਨਾਂ ਕੋਈ ਮੇਰਾ ਗਰਾਂ ਨਾਂ ਥਾਂ, ਹਾਏ ਰੱਬਾ ਮੈਂ ਕਿਧਰ ਜਾਂ**

ਮੇਰੇ ਪਿਤਾ ਦਾ ਨਾਮ ਸਰਦਾਰ ਦੇਵਾ ਸਿੰਘ ਸੀ ਤੇ ਮਾਤਾ ਜੀ ਦਾ ਨਾਮ ਰੁਕਮਣ ਸੀ - ਕੌਮ ਰਾਮਗੜ੍ਹੀਆ - ਗੋਤ ਨਾਗੀ ਸੀ। ਇਹਨਾਂ ਦੇ ੪ ਪੁੱਤਰ ਸਨ ਤੇ ੨ ਬੀਬੀਆਂ ਸਨ। ਸਭ ਤੋ ਵੱਡੇ ਪੁੱਤਰ ਦਾ ਨਾਮ ਸ੍ਰ: ਦਲੀਪ ਸਿੰਘ ਉਸਤੋ ਛੋਟਾ ਸ੍ਰ: ਦਿਆਲ ਸਿੰਘ ਤੀਸਰੇ ਨੰਬਰ ਤੇ ਬੀਬੀ ਧੰਤੋ ਫਿਰ ਬੀਬੀ ਸੰਤੋ ਫਿਰ ਸ੍ਰ: ਕਰਤਾਰ ਸਿੰਘ ਤੇ ਸਭ ਤੋ ਛੋਟਾ ਸ੍ਰ: ਅਮਰ ਸਿੰਘ, ਜੋ ਅੱਜ ਆਪਣੀ ਆਤਮ ਕਥਾ ਲਿਖ ਰਿਹਾ ਹਾਂ।

ਮੇਰਾ ਜਨਮ ਸੰਨ ੧੯੦੨ ਵਿੱਚ ੧੫ ਹਾੜ ਦਾ ਹੈ ਜੀ। ਮੇਰੇ ਪਿਤਾ ਜੀ ਸੰਮਤ ੧੯੦੮ ਵਿੱਚ ਚੇਤਰ ਦੇ ਮਹੀਨੇ ਵਿੱਚ ਗੁਜਰ ਗਏ। ਸਤਾਰਵੀ ਤੇ ਬਾਅਦ ਉਹਨਾਂ ਦੇ ਫੁਲ ਹਰਿਦਵਾਰ ਤਾਰਨ ਵਾਸਤੇ ਮੈਨੂੰ ਮੇਰੀ ਮਾਤਾ ਜੀ ਨੇ ਪੰਡਤਾਣੀ ਹੀਰਾ ਦਈ ਦੇ ਨਾਲ ਭੇਜਿਆ ਸੀ। ਉਹ ਵਿੱਚਾਰੀ ਮੈਨੂੰ ਕੁਛੜ ਚੁੱਕ ਕੇ ਗੱਡੀ ਚਾੜ੍ਹਦੀ ਸੀ। ਮੈਨੂੰ ਇਸ ਲਈ ਜਾਣਾ ਪਿਆ ਕਿਉਕਿ ਮੇਰੇ ਵੱਡੇ ਤਿੰਨੇ ਭਰਾ ਫੌਜ ਵਿੱਚ ਭਰਤੀ ਸਨ ਤੇ ਬਸਰੇ ਦੇ ਜੰਗ ਵਿੱਚ ਗਏ ਹੋਏ ਸਨ। ਉਸ ਵਕਤ ਅੰਗਰੇਜਾਂ ਦੀ ਜਰਮਨ ਨਾਮ ਲੜਾਈ ਚਲ ਰਹੀ ਸੀ। ਉਹ ਤਿੰਨੇ ਵਿਆਹੇ ਹੋਏ ਸਨ। ਭੈਣਾਂ ਵੀ ਦੋਵੇ ਆਪਣੇ ਆਪਣੇ ਘਰੀ ਸਨ। ਮੈਨੂੰ ਇਹਨਾਂ ਦੀਆਂ ਸ਼ਾਦੀਆਂ ਦੀ ਬਿਲਕੁਲ ਸੰਭਾਲ ਨਹੀ ਹੈ ਮੈ ਛੋਟਾ ਸਾਂ। ਇਸਤੋ ਤਿੰਨ ਸਾਲ ਬਾਅਦ ੧੯੧੦ ਵਿੱਚ ਮਾਤਾ ਜੀ ਵੀ ਅਕਾਲ ਚਲਾਣਾ ਕਰ ਗਏ। ਤੇ ਮੈ ਇੱਕ ਵਾਰੀ ਫਿਰ ਪੰਡਤਾਣੀ ਹੀਰਾ ਦੱਈ ਨਾਲ ਜਾ ਕੇ

ਮਾਤਾ ਜੀ ਦੇ ਫੂਲ ਹਰਿਦਵਾਰ ਤਾਰ ਕੇ ਆਇਆ ਤੇ ਵੱਡੇ ਤਿੰਨੇ ਭਰਾ ਵੀ ਜੰਗ ਵਿੱਚੋਂ ਰਾਜੀ ਖੁਸ਼ੀ ਘਰ ਪਰਤ ਆਏ। ਇਸ ਵਕਤ ਮੇਰੀ ਉਮਰ ੯ ਕੁ ਸਾਲਾਂ ਦੀ ਸੀ।

ਕੁਝ ਚਿਰ ਬਾਅਦ ਹੀ ਭਰਾ ਦਿਆਲ ਸਿੰਘ ਦੇ ਘਰਵਾਲੀ ਗੁਜਰ ਗਈ। ਇਸਦੇ ਪੇਕੇ ਮਜੀਠੀ ਸਨ ਤੇ ਨਾਮ ਚੰਨਣ ਕੌਰ ਸੀ। ਇਸਦੇ ਮਰਨ ਤੋਂ ਬਾਅਦ ਭਰਾ ਜੀ ਸੰਤ ਹੋ ਗਏ। ਸਭ ਕੰਮਕਾਰ ਛੱਡ ਦਿੱਤਾ ਤੇ ਬੰਦਗੀ ਕਰਨ ਲਗ ਪਏ। ਪੂਰਨ ਸੰਤ ਬਣ ਗਏ। ਇੱਕ ਗੁਫਾ ਵਿੱਚ ਬੈਠ ਕੇ ਬੰਦਗੀ ਕਰਨ ਲਗ ਪਏ। ਇੱਕ ਦੋ ਜਗ੍ਹਾ ਤੋਂ ਰਿਸ਼ਤੇ ਵੀ ਆਏ ਪਰ ਭਰਾ ਹੁਰਾਂ ਨੇ ਇਨਕਾਰ ਕਰ ਦਿੱਤਾ। ਸਭ ਤੋਂ ਵੱਡੇ ਭਰਾ ਜੀ (ਦਲੀਪ ਸਿੰਘ) ਨੇ ਆਪਣਾਂ ਕੰਮਕਾਰ ਅਰੰਭ ਲਿਆ। ਪਲੰਘ ਪੀੜ੍ਹੇ ਤੇ ਚਰਖੇ ਬਣਾਉਣ ਦੀ ਦੁਕਾਨ ਸ਼ੁਰੂ ਕਰ ਦਿੱਤੀ। ਕੰਮ ਬਹੁਤ ਸੁਹਣਾ ਚਲ ਪਿਆ। ਘਰ ਦੀ ਸਾਰੀ ਜਾਇਦਾਦ ਵੰਡੀ ਗਈ ਮੈਂ ਵੱਡੇ ਭਰਾ ਜੀ ਦੇ ਨਾਲ ਹੋ ਗਿਆ। ਇਹਨਾਂ ਦਾ ਬੱਚਾ ਕੋਈ ਨਹੀ ਸੀ। ਮੇਰੀ ਭਰਜਾਈ ਮੈਨੂੰ ਬੱਚਿਆਂ ਵਾਂਗ ਪਿਆਰ ਕਰਦੀ ਸੀ। ਕਦੇ ਝਿੜਕਨਾ ਦੇਣੀ, ਮੈਨੂੰ ਪੁੱਤਰਾਂ ਵਾਂਗ ਨਾਲ ਸੁਵਾਲਣਾ, ਖਰਚਣ ਨੂੰ ਪੈਸੇ ਦੇਣੇ, ਬੜੇ ਚੰਗੇ ਖਾਨਦਾਨ ਦੀ ਧੀ ਸੀ। ਸ਼ਰੀਕਾਂ ਨੇ ਮੇਰੇ ਤੋਂ ਵੱਡੇ ਭਰਾ ਕਰਤਾਰ ਸਿੰਘ ਨੂੰ ਚੁਕ ਚੁਕਾ ਕੇ ਦੋਹਾਂ ਭਰਾਵਾਂ ਨੂੰ ਆਪਸ ਵਿੱਚ ਲੜਾ ਦਿੱਤਾ। ਬੋਲ ਚਾਲ ਬੰਦ ਹੋ ਗਿਆ। ਵਰਤੋਂ ਵਿਹਾਰ ਕੋਈ ਨਾ ਰਿਹਾ। ਸ਼ਰੀਕ ਖੁਸ਼ ਹੋ ਗਏ। ਇਹ ਸਾਰੀ ਚਾਲ ਸਾਂਡੇ ਤਾਏ ਦੇ ਪੁੱਤਰ ਦੀ ਸੀ ਇੱਹ ਵੀ ਦੋ ਭਰਾ ਸਨ। ਇਹਨਾਂ ਵਿੱਚੋ ਛੋਟਾ ਹਜਾਰਾ ਸਿੰਘ ਬਹੁਤ ਸ਼ਰਾਰਤੀ ਸੀ। ਇਸਨੂੰ ਭਰਾ ਦਲੀਪ ਸਿੰਘ ਨੇ ਗਾਲਾਂ ਕੱਢੀਆਂ ਤੇ ਕਿਹਾ ਕਿ ਤੁਸੀ ਦੋਵੇ ਭਰਾ ਚੁਗਲਖੋਰ ਹੋ ਜੋ ਸਾਨੂੰ ਆਪਸ ਵਿੱਚ ਲੜਾਉਦੇ ਹੋ। ਇਸੇ ਤਰਾਂ ਦੁਸ਼ਮਣੀ ਵਧ ਗਈ। ਦਲੀਪ ਸਿੰਘ ਭਰਾ ਜੀ ਗਤਕੇ ਬਾਜ ਬਹੁਤ ਚੰਗੇ ਸਨ। ਇਹਨਾਂ ਤੋ ਉਹ ਦੋਵੇ ਭਰਾ ਡਰਦੇ ਵੀ ਬਹੁਤ ਸਨ। ਪਰ ਜਦੋ ਘਰ ਵਿੱਚ ਫੁੱਟ ਪੈ ਜਾਏ ਤਾਂ ਦੁਸ਼ਮਣ ਜੋਰਾਵਰ ਹੋ ਜਾਂਦਾ ਹੈ। ਭਰਾ ਕਰਤਾਰ ਸਿੰਘ ਤਾਏ ਦੇ ਪੁੱਤਰਾਂ ਨਾਲ ਰਲ ਗਿਆ ਤੇ ਇਹਨਾਂ ਮਸ਼ਵਰਾ ਕੀਤਾ ਕਿ ਦਲੀਪ ਸਿੰਘ ਨੂੰ ਕੁੱਟੀਏ। ਆਖਰ ਇੱਕ ਦਿਨ ਹਜਾਰਾ ਸਿੰਘ ਨੇ ਕੰਧ ਦੇ ਉਹਲੇ ਹੋ ਕੇ ਧੋਖੇ ਨਾਲ ਵਸਾਹ ਕੇ ਭਰਾ ਦਲੀਪ ਸਿੰਘ ਨੂੰ ਡਾਂਗ ਮਾਰੀ ਭਰਾ ਜੀ ਦੇ ਗੁੱਟ ਤੇ ਡਾਂਗ ਵੱਜੀ, ਖੱਬਾ ਗੁੱਟ ਟੁੱਟ ਗਿਆ ਪਰ ਸੱਟ ਖਾ ਕੇ ਵੀ, ਘਰੋਂ ਸੋਟਾ ਲੈ ਕੇ ਲਲਕਾਰਾ ਮਾਰਕੇ ਦਲੀਪ ਸਿੰਘ ਭਰਾ ਜੀ ਹਜਾਰਾ ਸਿੰਘ ਨੂੰ ਜਾ ਪਏ। ਹਜਾਰਾ ਸਿੰਘ ਨੇ ਭੱਜਕੇ ਅੰਦਰ ਵੜਕੇ ਕੁੰਡਾ ਮਾਰ ਲਿਆ ਤੇ ਰੌਲਾ ਪੈ ਗਿਆ ਲੋਕ ਇੱਕਠੇ ਹੋ ਗਏ। ਹਟ ਹਟਾਈ ਹੋ ਗਈ ਪਿੰਡ ਦੇ ਸਿਆਣੇ ਲੋਕਾਂ ਨੇ ਹਜਾਰਾ ਸਿੰਘ ਨੂੰ ਫਿੱਟ ਲਾਅਨਤ ਕੀਤੀ ਲੋਕ ਘਰੋ ਘਰੀ ਚਲੇ ਗਏ। ਸਵੇਰੇ ਉੱਠ ਕੇ ਭਰਾ ਜੀ ਅੰਮ੍ਰਿਤਸਰ ਥਾਣੇ ਪਰਚਾ ਦੇ ਕੇ ਪੁਲਸ ਨਾਲ ਲੈ ਆਏ ਤੇ ਹਜਾਰਾ ਸਿੰਘ ਨੂੰ ਫੜਾ

ਦਿੱਤਾ ਪਰ ਸਿਆਣੇ ਬੰਦਿਆ ਇੱਕਠੇ ਹੋ ਕੇ ਹਜਾਰਾ ਸਿੰਘ ਨੂੰ ਭਰਾ ਜੀ ਦੇ ਪੈਰੀ ਪੁਵਾ ਕੇ ਸੁਲ੍ਹਾ ਸਫਾਈ ਕਰਵਾ ਦਿੱਤੀ।

ਮੈ ਬੇ ਸਮਝ ਸਾਂ ਮੈਥੋ ਵੱਡੇ ਭਰਾ ਸ੍ਰ: ਕਰਤਾਰ ਸਿੰਘ ਜੀ ਨੇ ਵੱਡੇ ਭਰਾ ਤੋਂ ਚੋਰੀ ਮੇਰੇ ਨਾਲ ਮਿੱਠੀਆਂ ਗੱਲਾਂ ਕਰਕੇ ਭਰਮਾ ਕੇ ਉਸ ਨਾਲੋਂ ਹਟਾ ਕੇ ਆਪਣੇ ਲਾ ਲਿਆ ਤੇ ਆਪਣੇ ਘਰ ਹੀ ਲੈ ਗਿਆ। ਵੱਡੇ ਭਰਾ ਜੀ ਨੇ ਗੁੱਸੇ ਵਿੱਚ ਆ ਕੇ ਦੁਕਾਨ ਬੰਦ ਕਰ ਦਿੱਤੀ ਸਭ ਚੀਜਾਂ ਵੇਚ ਕੇ ਘਰ ਦਾ ਸਾਮਾਨ ਲੱਦ ਕੇ ਅੰਮ੍ਰਿਤਸਰ ਚਲਾ ਗਿਆ। ਸ਼ਰੀਕ ਬਹੁਤ ਹੀ ਖੁਸ਼ ਹੋਏ ਪਰ ਮੇਰੀ ਬਦਕਿਸਮਤੀ ਹੋ ਗਈ। ਮੈ ਵੱਡੇ ਭਰਾ ਜੀ ਕੋਲ ਇੱਕ ਸਾਲ ਰਿਹਾ ਸੀ. ਉਹਨਾਂ ਦੋਵਾਂ ਜੀਆਂ ਨੇ ਮੈਨੂੰ ਝਿੜਕ ਨਹੀ ਸੀ ਦਿੱਤੀ ਪਰ ਭਰਾ ਕਰਤਾਰ ਸਿੰਘ ਹੁਰਾਂ ਕੋਲ ਮੈਨੂੰ ਛੇ ਮਹੀਨਿਆਂ ਵਿੱਚ ਬਾਰਾਂ ਵਾਰ ਕੁੱਟ ਪਈ। ਮੈ ਡਾਢਾ ਦੁਖੀ ਹੋਇਆ ਨਾਲੋ ਰੋਇਆ। ਮੇਰਾ ਕੋਈ ਵੀ ਨਹੀ ਸੀ।

''ਕਿਸਨੂੰ ਹਾਲ ਸੁਣਾਵਾਂ. ਦੁਖਾਂ ਵਿੱਚ ਪੈ ਗਈ ਜਿੰਦੜੀ''।

ਇੱਕ ਦਿਨ ਘਰ ਆਟਾ ਮੁੱਕਾ ਹੋਇਆ ਸੀ ਤੇ ਭਾਬੀ ਨੇ ਦਾਣੇ ਪਿਸਾਉਣ ਲਈ ਮੈਨੂੰ ਆਖਿਆ ਕਿ ਇੰਦਣ ਤੋ ਆਟਾ ਪਿਸਾ ਕੇ ਲਿਆ। ਮੈ ਆਖਿਆ ''ਚੰਗਾ''। ਮੈ ਬਾਹਰ ਖੇਡਣ ਚਲਾ ਗਿਆ। ਅੰਜਾਣ ਸਾਂ ਖੇਡ ਵਿੱਚ ਲੱਗਾ ਰਿਹਾ ਆਟਾ ਨਾ ਪਿਸਾਇਆ। ਭਰਾ ਕਰਤਾਰ ਸਿੰਘ ਜੀ ਅੰਮ੍ਰਿਤਸਰ ਕੰਮ ਤੇ ਗਏ ਹੋਏ ਸਨ। ਮੈ ਸ਼ਾਮ ਨੂੰ ਘਰ ਆਇਆ ਤਾਂ ਭਾਬੀ ਨੇ ਮੈਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਕਿ ਤੂੰ ਆਟਾ ਕਿਉਂ ਨਹੀ ਪਿਸਾਇਆ। ਪੋਹ ਦੇ ਦਿਨ ਸਨ ਮੈਂ ਰੋਂਦਾ ਰੋਂਦਾ ਰਜਾਈ ਵਿੱਚ ਵੜ ਗਿਆ ਤੇ ਭਰਾ ਜੀ ਵੀ ਆ ਗਏ ਤੇ ਭਾਬੀ ਨੇ ਰੋਟੀਆਂ ਨਹੀ ਸਨ ਪੱਕੀਆਂ। ਭਰਾ ਜੀ ਨੇ ਆਖਿਆ ਕੇਸਰੀ ਰੋਟੀ ਲਿਆ ਖਾਈਏ। ਉਸ ਜੁਵਾਬ ਦਿੱਤਾ ਕਿ ਸਾਡੇ ਘਰ ਆਟਾ ਨਹੀ ਸੀ। ਮੈਂ ਰੋਟੀ ਨਹੀ ਪਕਾਈ। ਐਬੂ ਨੂੰ ਆਖਿਆ ਸੀ ਆਟਾ ਪਿਸਾ ਕੇ ਲਿਆ ਇਸ ਨੇ ਆਟਾ ਨਹੀ ਪਿਸਾਇਆ। ਬੱਸ ਇਹ ਗੱਲ ਸੁਣਨ ਦੀ ਦੇਰ ਸੀ ਕਿ ਭਰਾ ਜੀ ਨੂੰ ਗੁੱਸਾ ਚੜ੍ਹ ਗਿਆ ਤੇ ਮੈਨੂੰ ਰਜਾਈ ਵਿੱਚੋਂ ਕੱਢ ਕੇ ਕੁਟੱਣਾ ਸ਼ੁਰੂ ਕਰ ਦਿੱਤਾ। ਮੇਰੀਆਂ ਚੀਕਾਂ ਸੁਣ ਕੇ ਚਾਚੇ ਨੇ ਆ ਕੇ ਛੁਡਾਇਆ। ਫਿਰ ਚਾਚੇ ਵਲੋਂ ਆਟਾ ਲਿਆ ਕੇ ਰੋਟੀ ਪੱਕੀ। ਉਹਨਾਂ ਦੋਵਾਂ ਨੇ ਖਾਧੀ ਮੈ ਰਜਾਈ ਵਿੱਚ ਰੋਵਾਂ ਤੇ ਨਾਲੇ ਰੱਬ ਨੂੰ ਤਾਹਨੇ ਮਾਰਾਂ। ਆਖਾਂ ''ਰੱਬਾ ਜੇ ਮੇਰੇ ਮਾਂ ਪਿਉ ਨੂੰ ਮਾਰਨਾਂ ਸੀ ਤੇ ਮੈਨੂੰ ਵੀ ਨਾਲ ਹੀ ਲੈ ਜਾਂਦੋਂ। ਮੇਰੀ ਵੀ ਜਾਨ ਕਢ ਲੈਂਦੋਂ। ਮੈ ਆਹ ਮੁਸੀਬਤਾਂ ਤੇ ਨਾ ਵੇਖਦਾ। ਰੱਬਾ ਤੈਨੂੰ ਮੇਰੇ ਤੇ ਜਰਾ ਤਰਸ ਨਾ ਆਇਆ? ਤੇਰਾ ਮੇਰੇ ਨਾਲ ਕੋਈ ਵੈਰ ਸੀ?'' ਸਾਰੀ ਰਾਤ ਇਸੇ ਤਰ੍ਹਾਂ ਰੋਂਦਿਆ ਲੰਘੀ ਕੀ ਹੋ ਸਕਦਾ ਸੀ। ਦੁਖੀ ਲੋਕਾਂ ਨੂੰ ਮੋਤ ਵੀ ਨਹੀ

ਆਉਂਦੀ। ਬਸ ਦਿਲ ਵਿੱਚ ਇੱਕ ਗੱਲ ਪੱਕੀ ਧਾਰ ਲਈ ਕਿ ਘਰ ਨਹੀ ਰਹਿਣਾਂ ਜਾਂ ਖੂਹ ਵਿੱਚ ਡੁੱਬਕੇ ਮਰ ਜਾਣਾਂ ਹੈ ਜਾਂ ਗੱਡੀ ਹੇਠ ਆ ਕੇ ਮਰ ਜਾਵਾਂਗਾ। ਸਵੇਰੇ ਭਰਾ ਜੀ ਤੇ ਰੋਟੀ ਖਾ ਕੇ ਕੰਮ ਤੇ ਚਲੇ ਗਏ ਅੰਮ੍ਰਿਤਸਰ, ਭਾਬੀ ਨੇ ਵੀ ਰੋਟੀ ਖਾ ਲਈ ਮੈਂ ਰਾਤ ਦਾ ਭੁੱਖਾ ਸਵੇਰੇ ਉੱਠ ਕੇ ਘਰੋਂ ਨਿਕਲ ਗਿਆ। ਸਾਡੇ ਪਿੰਡ ਵੇਰਕੇ ਸੜਕ ਦੇ ਉਤੇ ਗੁਰਦੁਵਾਰਾ ਪਿੰਡ ਤੋਂ ਹਟਵਾਂ ਸੀ ਅੱਜ ਕਲ ਆਬਾਦੀ ਜਿਆਦਾ ਹੋਣ ਕਰਕੇ ਗੁਰਦੁਵਾਰਾ ਨਾਨਕਸਰ ਨਗਰ ਦੇ ਵਿੱਚ ਆ ਗਿਆ ਹੈ। ਇਸ ਗੁਰਦੁਵਾਰੇ ਵਿੱਚ ਉਸ ਵਕਤ ਮਹੰਤ ਰਾਮ ਸਿੰਘ ਹੁੰਦਾ ਸੀ। ਮੈ ਇਸ ਭਾਈ ਕੋਲੋਂ ਦੋ ਰੋਟੀਆਂ ਲੈ ਕੇ ਖਾਧੀਆਂ ਤੇ ਏਥੇ ਹੀ ਸਾਰਾ ਦਿਨ ਖੇਡਦਾ ਰਿਹਾ। ਸ਼ਾਮ ਨੂੰ ਭਰਾ ਜੀ ਸ਼ਹਿਰੋਂ ਵਾਪਿਸ ਆਏ ਮੈਂ ਭਰਾ ਜੀ ਨੂੰ ਵੇਖ ਕੇ ਲੁਕ ਗਿਆ। ਭਰਾ ਜੀ ਘਰ ਚਲੇ ਗਏ ਮੈ ਸਟੇਸ਼ਨ ਤੇ ਜਾ ਕੇ ਲੁਕਿਆ ਰਿਹਾ ਕਿ ਅੱਜ ਜਰੂਰ ਗੱਡੀ ਥੱਲੇ ਆ ਕੇ ਮਰ ਜਾਣਾ ਹੈ। ਪਰ ਕੀ ਕੀਤਾ ਜਾਏ ਦੁਖੀਆ ਤੋ ਮੌਤ ਵੀ ਦੂਰ ਰਹਿੰਦੀ ਹੈ। ਦਿਨ ਸਰਦੀ ਦੇ ਸਨ ਮਹੀਨਾਂ ਪੋਹ ਦਾ ਸੀ ਮੈਨੂੰ ਪਾਲੇ ਨੇ ਬਹੁਤ ਤੰਗ ਕੀਤਾ, ਨਾਲੇ ਮੈ ਰੋਵਾਂ ਨਾਲੇ ਗੱਡੀ ਨੂੰ ਉਡੀਕਾਂ। ਮਾਲ ਗੁਦਾਮ ਵਿੱਚ ਬੋਰੀਆਂ ਦੇ ਟਾਟ ਸੀ। ਮੈ ਉਸਦੇ ਹੇਠ ਵੜਿਆ ਪਰ ਪਾਲੇ ਨੇ ਬਹੁਤ ਹੀ ਤੰਗ ਕੀਤਾ। ਰਾਤ ਦੇ ੧੨ ਵਜੇ ਦਾ ਵਕਤ ਹੋ ਗਿਆ ਸੀ ਕੋਈ ਗੱਡੀ ਨਾਂ ਆਈ ਤਾਂ ਮੈ ਉੱਠਕੇ ਘਰ ਨੂੰ ਤੁਰ ਪਿਆ। ਮੈ ਸੜਕੇ ਸੜਕ ਆ ਰਿਹਾ ਸਾਂ ਜਿਥੇ ਸਾਡੇ ਘਰ ਨੂੰ ਗਲੀ ਮੁੜਨੀ ਸੀ। ਇਸ ਜਗ੍ਹਾ ਮੋੜ ਤੇ ਇੱਕ ਖੂਹ ਹੈ ਵਗਣ ਵਾਲਾ ਇਸ ਖੂਹ ਤੇ ਇੱਕ ਬੜਾ ਵੱਡਾ ਬੋਹੜ ਦਾ ਦਰੱਖਤ ਹੈ। ਬੋਹੜ ਦੇ ਹੇਠਾ ਪੰਜ ਛੇ ਰੇੜ੍ਹੂਆਂ ਵਾਲੇ ਬੈਠੇ ਸਨ। ਘੋੜੇ ਬੰਨ੍ਹੇ ਹੋਏ ਸਨ ਤੇ ਅੱਗ ਬਾਲ ਕੇ ਸੇਕ ਰਹੇ ਸਨ। ਇਹ ਲੋਕ ਗੁੜ ਸ਼ਕਰ ਲੈ ਕੇ ਅੰਮ੍ਰਿਤਸਰ ਵੇਚਣ ਜਾਂਦੇ ਸਨ। ਮੈ ਵੀ ਇਹਨਾਂ ਦੇ ਕੋਲ ਬੈਠ ਗਿਆ ਤੇ ਅੱਗ ਸੇਕਣ ਲਗ ਪਿਆ ਉਹਨਾਂ ਮੈਨੂੰ ਪੁਛਿਆ ਕਿ ਕਾਕਾ ਤੂੰ ਨੰਗਾ ਹੀ ਰਾਤ ਪਿਆ ਫਿਰਦਾ ਹੈ ਕੀ ਗੱਲ ਹੈ। ਮੈ ਰੋ ਪਿਆ ਤੇ ਕਿਹਾ ਮੇਰੇ ਮਾਂ ਪਿਉ ਮਰ ਗਏ ਹਨ ਤੇ ਭਰਾ ਭਰਜਾਈ ਬਹੁਤ ਕੁੱਟਦੇ ਹਨ ਮੈਂ ਤਾਂ ਘਰੋਂ ਨਿਕਲ ਆਇਆ ਹਾਂ। ਉਹਨਾਂ ਨੇ ਮੇਰੇ ਤੇ ਤਰਸ ਕਰਕੇ ਆਪਣੇ ਕੋਲ ਰਜਾਈ ਵਿੱਚ ਬਿਠਾ ਲਿਆ ਤੇ ਮੈ ਨਿੱਘਾ ਹੋ ਕੇ ਸੌਂ ਗਿਆ। ਸੁਬਾਹ ਉਹ ਸਵਖਤੇ ਉੱਠੇ ਛੇ ਕੁ ਵਜੇ ਦਾ ਵਕਤ ਹੋਵੇਗਾ। ਘੋੜੇ ਜੋਅ ਕੇ ਅੰਮ੍ਰਿਤਸਰ ਨੂੰ ਚਲ ਪਏ। ਮੈ ਵੀ ਉਹਨਾਂ ਦੇ ਨਾਲ ਹੀ ਰੇੜ੍ਹੇ ਤੇ ਚੜ ਕੇ ਅੰਮ੍ਰਿਤਸਰ ਨੂੰ ਆ ਗਿਆ। ਸੂਰਜ ਚੜ੍ਹ ਪਿਆ। ਮੰਡੀ ਵਿੱਚ ਗੁੜ ਸ਼ਕਰ ਦੇ ਢੇਰ ਲਗ ਗਏ। ਬੋਲੀ ਸ਼ੁਰੂ ਹੋ ਗਈ ਉਹ ਤੇ ਗੁੜ ਸ਼ਕਰ ਵੇਚਣ ਦੇ ਖਿਆਲ ਵਿੱਚ ਲੱਗ ਗਏ, ਤੇ ਮੈ ਤਰਨ ਤਾਰਨ ਵਲ ਨੂੰ ਧਾਈ ਕਰ ਲਈ। ਅੰਮ੍ਰਿਤਸਰ ਤੋ ਤਿੰਨ ਕੁ ਮੀਲ ਦੇ ਫਾਸਲੇ ਤੇ ਰਸਤੇ ਵਿੱਚ ਸੜਕ ਉਤੇ ਗੁਰਦੁਵਾਰਾ ਹੈ ਸ਼ਹੀਦ ਬਾਬਾ ਦੀਪ ਸਿੰਘ ਜੀ

ਦੀ ਸਮਾਧ ਹੈ ਮੈ ਉਥੇ ਜਾ ਕੇ ਪ੍ਰਸ਼ਾਦਾ ਛਕਿਆ ਤੇ ਉਥੇ ਹੀ ਸਾਰਾ ਦਿਨ ਰਿਹਾ। ਰਾਤ ਫਿਰ ਪ੍ਰਸਾਦਾ ਛਕ ਕੇ ਧੂੰਆ ਸੇਕਦਾ ਰਿਹਾ। ਸਾਰੇ ਡੇਰੇ ਦੇ ਨਿਹੰਗ ਸੌ ਗਏ ਮੈ ਧੂੰਆਂ ਸੇਕਦਾ ਰਿਹਾ ਨਾਲੇ ਰੋਵਾਂ। ਰਾਤ ਦੇ ਬਾਰਾਂ ਵਜੇ ਦਾ ਵਕਤ ਸੀ ਉਸ ਡੇਰੇ ਦਾਂ ਜੋ ਜਥੇਦਾਰ ਸੀ ਰਾਤ ਉੱਠਕੇ ਬਾਹਰ ਆਇਆ ਉਸਦਾ ਨਾਮ ਗੁਰਮੁਖ ਸਿੰਘ ਸੀ। ਜਦੋਂ ਉਸਨੇ ਮੈਨੂੰ ਵੇਖਿਆ ਤਾਂ ਮੇਰੇ ਪਾਸ ਆ ਕੇ ਬੈਠ ਗਿਆ ਤੇ ਪੁਛਣ ਲਗਾ ਕਿ ਤੇਰਾ ਪਿੰਡ ਕਿਹੜਾ ਹੈ। ਮੈ ਦਸਿਆ ਕਿ ਬਾਬਾ ਜੀ ਮੇਰਾ ਪਿੰਡ ਵੇਰਕਾ ਹੈ। ਉਹ ਕਹਿਣ ਲਗੇ ਤੂੰ ਇੱਥੇ ਕਿਸ ਤਰ੍ਹਾਂ ਆਇਆ ਹੈਂ। ਮੈ ਸਾਰੀ ਗੱਲ ਦੱਸੀ। ਬਾਬਾ ਜੀ ਨੇ ਮੇਰੀਆਂ ਗੱਲਾਂ ਸੁਣਕੇ ਤਰਸ ਕਰਕੇ ਮੈਨੂੰ ਰਜਾਈ ਤਲਾਈ ਦਿੱਤੀ। ਮੈ ਲੈਕੇ ਸੌ ਗਿਆ। ਮੈਂ ਸਵੇਰੇ ਉੱਠਕੇ ਬਾਹਰ ਜੰਗਲ ਪਾਣੀ ਗਿਆ, ਆ ਕੇ ਖੂਹ ਤੋਂ ਮੂੰਹ ਧੋਤਾ ਤੇ ਲਾਂਗਰੀ ਅਵਾਜਾ ਮਾਰਨ ਲਗੇ ਕਿ ਆਓ ਸਿੰਘੋ ਮਾਟਾ ਪੀ ਲਵੋ। ਮੈ ਵੀ ਜਾ ਕੇ ਗਲਾਸ ਮਾਟੇ ਦਾ ਪੀਤਾ ਤੇ ਗੁਰਦੁਵਾਰੇ ਦੇ ਪਿਛਲੇ ਬੰਨੇ ਗਊਆਂ ਦਾ ਵਾੜਾ ਸੀ ਅੱਸੀ, ਨੱਬੇ ਗਊਆਂ ਸਨ ਤੇ ਗਊਆਂ ਦਾ ਸੇਵਕ ਬਾਬਾ ਕਰਮ ਸਿੰਘ ਸੀ। ਇਹ ਗਊਆਂ ਚੋਅ ਰਿਹਾ ਸੀ। ਮੈਂ ਵੀ ਇਸ ਕੋਲ ਚਲਾ ਗਿਆ ਤੇ ਵੱਛੇ ਵੱਛੀਆਂ ਖੋਲ੍ਹਣ ਬੰਨਣ ਲਗ ਪਿਆ ਤੇ ਬਾਬਾ ਕਰਮ ਸਿੰਘ ਜੀ ਨੇ ਮੈਨੂੰ ਪੁਛਿਆ ਕਾਕਾ ਤੂੰ ਕਿਸ ਦਾ ਪੁੱਤਰ ਹੈ ਤੇਰਾ ਪਿੰਡ ਕਿਹੜਾ ਹੈ। ਮੈ ਸਾਰਾ ਹਾਲ ਸੁਣਾਇਆ। ਉਹਨਾਂ ਨੇ ਸੁਣ ਕੇ ਕਿਹਾ ਤੂੰ ਹੁਣ ਕਿਤੇ ਨਾ ਜਾ ਏਥੇ ਹੀ ਰਹਿ ਤੇ ਗਊਆਂ ਦੀ ਸੇਵਾ ਕਰਿਆ ਕਰ। ਮੈ ਬਾਬਾ ਕਰਮ ਸਿੰਘ ਦੇ ਨਾਲ ਗਊਆਂ ਚਾਰਨ ਚਲੇ ਜਾਇਆ ਕਰਨਾਂ ਤੇ ਨਾਲੇ ਬਾਬਾ ਜੀ ਨੇ ਬਾਹਰ ਹੀ ਗਊਆਂ ਚੋ ਕੇ ਮੈਨੂੰ ਦੁੱਧ ਪਿਆਇਆ ਕਰਨਾ। ਮੈ ਇੱਥੇ ਨਿਹੰਗ ਸਿੰਘਾਂ ਕੋਲ ਪੋਹ ਦੇ ਮਹੀਨੇ ਤੋਂ ਲੈ ਕੇ ਚੇਤਰ ਤਕ ਰਿਹਾ ਤੇ ਚੇਤਰ ਦੀ ਮੱਸਿਆ ਆ ਗਈ ਨਿਹੰਗ ਸਿੰਘ ਘੋੜਿਆਂ ਤੇ ਚੜ੍ਹ ਕੇ ਤਰਨ ਤਾਰਨ ਸਾਹਿਬ ਆ ਗਏ ਮੈ ਵੀ ਨਾਲ ਹੀ ਤਰਨ ਤਾਰਨ ਆ ਗਿਆ।

ਤਰਨ ਤਾਰਨ ਪਹੁੰਚ ਕੇ ਨਿਹੰਗ ਸਿੰਘ ਦੇਗਾਂ ਰਗੜਨ ਲਗ ਪਏ ਤੇ ਮੈ ਇਕੱਲਾ ਹੀ ਪ੍ਰਕਰਮਾ ਕਰਦਾ ਕਰਦਾ ਨਾਮਧਾਰੀਆਂ ਦੇ ਬੁੰਗੇ ਕੋਲ ਗਿਆ। ਉਥੇ ਸੰਤ ਬਾਬਾ ਬੰਤਾ ਸਿੰਘ ਨਾਮਧਾਰੀਏ ਦਾ ਕੀਰਤਨ ਸ਼ੁਰੂ ਸੀ ਢੋਲਕੀ ਵੱਜ ਰਹੀ ਸੀ। ੧੫-੧੬ ਜੋੜੀਆਂ ਛੈਣਿਆਂ ਦੀ ਛਣਕਾਰ ਤੇ ਬੜੇ ਜੋਰ ਨਾਲ ਸੰਤ ਅੱਗੇ ਸ਼ਬਦ ਪੜ੍ਹਨ ਤੇ ਮਗਰ ਮਗਰ ਜਥਾ ਬੋਲੇ ਦੁਨੀਆ ਦੰਗ ਹੋਈ ਪਈ ਸੀ। ਮੈ ਵੀ ਅੱਗੇ ਲੰਘ ਕੇ ਕੋਲ ਜਾ ਬੈਠਾ ਕੀਰਤਨ ਸੁਣਦਾ ਗਿਆ ਦਿਲ ਨੂੰ ਬੜਾ ਆਨੰਦ ਆ ਰਿਹਾ ਸੀ। ਤਕਰੀਬਨ ੩-੪ ਘੰਟੇ ਸੰਤ ਲਗੇ ਰਹੇ ਹੋਣਗੇ। ਫਿਰ ਭੋਗ ਪਾਇਆ ਤੇ ਸਾਰਾ ਜਥਾ ਬੁੰਗੇ ਦੇ ਅੰਦਰ ਚਲਾ ਗਿਆ, ਮੈ ਵੀ ਅੰਦਰ ਜਾ ਕੇ ਬੈਠਾ ਰਿਹਾ। ਸੰਤਾਂ ਨੇ ਸਿੱਖਾਂ ਨੂੰ ਹੁਕਮ

ਕੀਤਾ ਕਿ ਛੇਤੀ ਸ਼ਰਦਾਈ ਬਣਾ ਕੇ ਛਕ ਲਵੋ ਅੰਮ੍ਰਿਤਸਰ ਜਾ ਕੇ ਸ਼ਾਮੀ ੮ ਵਜੇ ਦੀ ਗੱਡੀ ਫੜਨੀ ਹੈ। ਭਲਕੇ ਜਗੀਰ ਪੁਰੇ ਜਾ ਕੇ, ਪਰਸੋਂ ਮਦਾਰ ਜਾ ਕੇ ਮੇਲੇ ਤੇ ਕੀਰਤਨ ਕਰਨਾਂ ਹੈ। ਸਿੰਘ ਸਤਿ ਬਚਨ ਕਹਿ ਕੇ ਸ਼ਰਦਾਈ ਰਗੜਨ ਲਗ ਪਏ। ਮੈ ਵੀ ਸਭ ਵੇਖਦਾ ਰਿਹਾ ਤੇ ਮਨ ਨੂੰ ਪੱਕਾ ਕਰਦਾ ਰਿਹਾ ਕਿ "ਮੈ ਵੀ ਇਹਨਾਂ ਦੇ ਨਾਲ ਹੀ ਜਾਣਾਂ ਹੈ ਭਾਵੇਂ ਕਿਤੇ ਜਾਣ"। ਜੱਥੇ ਨੇ ਸ਼ਰਦਾਈ ਛਕ ਕੇ ਕਮਰ ਕਸੇ ਲਾ ਕੇ ਸੰਤਾਂ ਸੁਮੇਤ ਪੈਦਲ ਹੀ ਤੁਰ ਪਏ ਅੰਮ੍ਰਿਤਸਰ ਨੂੰ, ਮੈ ਵੀ ਪਿਛੇ ਪਿਛੇ ਦੌੜਾ ਆਇਆ। ੭ ਕੁ ਵਜੇ ਅੰਮ੍ਰਿਤਸਰ ਸ਼ਟੇਸ਼ਨ ਤੇ ਪੁੱਜ ਕੇ ਟਿਕਟਾਂ ਲੈ ਕੇ ਪਲੇਟ ਫਾਰਮ ਤੇ ਪਹੁੰਚ ਗਏ। ਮੈਂ ਵੀ ਪਲੇਟ ਫਾਰਮ ਤੇ ਚਲਾ ਗਿਆ, ਗੱਡੀ ਆ ਗਈ ਜਿਸ ਡੱਬੇ ਵਿੱਚ ਜਥਾ ਬੈਠਾ ਸੀ ਮੈ ਵੀ ਬੈਠ ਗਿਆ। ਰਾਤ ਦੇ ੧੦ ਵਜੇ ਗੱਡੀ ਲਾਹੌਰ ਪਹੁੰਚੀ ਸਾਰਾ ਜਥਾ ਗੱਡੀ ਤੋ ਉਤੱਰ ਕੇ ਦੂਜੇ ਪਲੇਟ ਫਾਰਮ ਤੇ ਜਾ ਕੇ ਦੂਜੀ ਗੱਡੀ, ਵਿੱਚ ਬੈਠ ਗਿਆ, ਮੈ ਵੀ ਨਾਲ ਹੀ ਬੈਠ ਗਿਆ। ਗੱਡੀ ਲਾਹੌਰ ਤੋਂ ਗਿਆਰਾ ਵਜੇ ਚਲ ਕੇ ਡੇਢ ਵਜੇ ਸ਼ੇਖੂਪੁਰੇ ਪਹੁੰਚੀ। ਸਾਰੇ ਇੱਥੇ ਉੱਤਰ ਗਏ ਮੈਂ ਵੀ ਉੱਤਰ ਗਿਆ ਤੇ ਜਥੇ ਦੇ ਪਿੱਛੇ ਪਿੱਛੇ ਤੁਰ ਪਿਆ। ਪਲੇਟ ਫਾਰਮ ਤੇ ਬਾਹਰ ਨਿਕਲ ਕੇ ਜਿਧਰ ਨੂੰ ਸੰਤਾਂ ਦਾ ਜਥਾ ਤੁਰਿਆ ਗਿਆ ਮੈ ਵੀ ਨਾਲ ਹੀ ਤੁਰਿਆ ਜਾਵਾਂ। ਸਟੇਸ਼ਨ ਤੋ ਕੋਈ ਦੋ ਕੁ ਮੀਲ ਦੇ ਫਾਸਲੇ ਤੇ ਇੱਕ ਜਾਂਗਲੀਆਂ ਦਾ ਡੇਰਾ ਆ ਗਿਆ। ਇੱਥੇ ਅੱਗ ਧੁੱਖ ਰਹੀ ਸੀ। ਸੰਤ ਖੜੇ ਹੋ ਕੇ ਕਹਿਣ ਲਗੇ, "ਹਨੇਰੀ ਰਾਤ ਹੈ ਏਥੇ ਹੀ ਬੈਠ ਜਾਉ, ਦਿਨ ਚੜ੍ਹੇ ਤੁਰਾਂਗੇ।" ਸਾਧ ਸਾਰੇ ਬੈਠ ਗਏ ਮੈਂ ਵੀ ਪਿਛਾਂਹ ਹੋ ਕੇ ਬੈਠ ਗਿਆ ਅਚਾਨਕ ਅੱਗ ਚਮਕੀ ਤੇ ਮੈ ਪਰੇ ਬੈਠਾ ਹੋਇਆ ਸੰਤਾਂ ਦੀ ਨਜਰੀਂ ਪੈ ਗਿਆ ਤੇ ਸੰਤਾਂ ਨੇ ਇੱਕ ਸੇਵਕ ਨੂੰ ਆਖਿਆ ਕਿ ਉਹ ਕੌਣ ਬੈਠਾ ਹੈ। ਉਹ ਸਿੱਖ ਮੇਰੇ ਕੋਲ ਆਇਆ ਤੇ ਵੇਖਕੇ ਸੰਤਾਂ ਨੂੰ ਕਹਿਣ ਲਗਾ "ਮਹਾਰਾਜ ਜੀ ਇਹ ਮੁੰਡਾ ਤਾਂ ਤਰਨਤਾਰਨ ਦਿਵਾਨ ਵਿੱਚ ਬੈਠਾ ਵੇਖਿਆ ਸੀ।" ਇਸ ਸਿੱਖ ਦਾ ਨਾਮ ਬੂਟਾ ਸਿੰਘ ਸੀ। ਸੰਤਾਂ ਹੁਕਮ ਕੀਤਾ, "ਇਸ ਲੜਕੇ ਨੂੰ ਸਾਡੇ ਪਾਸ ਲੈ ਕੇ ਆ।" ਬੂਟਾ ਸਿੰਘ ਮੈਨੂੰ ਸੰਤਾਂ ਕੋਲ ਲੈ ਗਿਆ। ਮੈ ਜਾ ਕੇ ਸੰਤਾਂ ਨੂੰ ਮੱਥਾ ਟੇਕਿਆ ਤੇ ਸੰਤਾਂ ਨੇ ਮੈਨੂੰ ਬਾਹੋਂ ਫੜਕੇ ਪੁਛਿਆ, "ਕਾਕਾ ਤੂੰ ਕਿਥੇ ਜਾਣਾ ਹੈ।" ਮੈਂ ਉੱਤਰ ਦਿੱਤਾ, "ਜੀ ਜਿਥੇ ਤੁਸੀ ਜਾਣਾ ਹੈ ਮੈ ਵੀ ਉਥੇ ਹੀ ਜਾਣਾ ਹੈ" ਸੰਤਾਂ ਕਿਹਾ, "ਕਾਕਾ ਤੇਰਾ ਮਾਂ ਪਿਉ ਕਿਥੇ ਹੈ।" ਮੈ ਉਤੱਰ ਦਿੱਤਾ,"ਜੀ ਜਨਮ ਦੇ ਮਾਤਾ ਪਿਤਾ ਤੇ ਗੁਜਰ ਗਏ ਤੇ ਹੁਣ ਤੁਸੀ ਹੀ ਮੇਰੇ ਮਾਤਾ ਪਿਤਾ ਹੋ।" ਸੰਤਾਂ ਕਿਹਾ, "ਕਾਕਾ ਜੇ ਤੂੰ ਸਾਨੂੰ ਮਾਤਾ ਪਿਤਾ ਕਿਹਾ ਹੈ ਤੇ ਜੈ ਤੂੰ ਕਿਸੇ ਖਾਨਦਾਨ ਦਾ ਪੁੱਤਰ ਹੋਵੇਂਗਾ ਤੇ ਪੁੱਤ ਬਣ ਕੇ ਵਖਾਵੀ ਤੇ ਅਸੀ ਪਿਤਾ ਬਣ ਕੇ ਵਖਾਵਾਂਗੇ, ਤੇਰਾ ਸਾਡਾ ਰਿਸ਼ਤਾ ਗੁਰੂ ਚੇਲੇ ਵਾਲਾ ਨਹੀ ਹੋਵੇਗਾ।" ਮੈ ਕਿਹਾ, "ਜੀ ਮੇਰਾ ਇਸ ਦੁਨੀਆਂ ਤੇ ਕੋਈ। ਤੁਹਾਡੇ ਬਗੈਰ

ਨਹੀ ਤੇ ਇੰਨਾਂ ਕਹਿ ਕੇ ਮੈ ਰੋ ਪਿਆ, ਸੰਤਾਂ ਮੈਨੂੰ ਪ੍ਰੇਮ ਨਾਲ ਚੁੱਪ ਕਰਾਇਆ। ਫਿਰ ਦਿਨ ਦੀ ਲੋਅ ਲਗ ਗਈ, ਅਸੀਂ ਇੱਥੋਂ ਤੁਰਕੇ ਜਗੀਰ ਪੁਰੇ ਆ ਗਏ। ਸਾਜ ਵਜਾਉਂਦੇ, ਸ਼ਬਦ ਪੜ੍ਹਦੇ ਪੜ੍ਹਦੇ ਨਗਰ ਵਿੱਚ ਪਹੁੰਚ ਗਏ। ਲੋਕਾਂ ਨੂੰ ਤਾਂ ਚਾਅ ਹੀ ਚੜ੍ਹ ਗਿਆ, ਸ਼ਬਦ ਦਾ ਭੋਗ ਪਾਇਆ ਜੈਕਾਰਾ ਬੁਲਾਇਆ। ਨਗਰ ਦੇ ਲੋਕਾਂ ਨੇ ਮੰਜੇ ਲੈ ਆਂਦੇ, ਸੰਤ ਬੈਠ ਗਏ, ਲਾਂਗਰੀ ਲੰਗਰ ਦਾ ਇੰਤਜਾਮ ਕਰਨ ਲਗ ਪਏ। ਨਗਰ ਦੀਆਂ ਬੀਬੀਆਂ ਨੂੰ ਸੰਤਾਂ ਕਿਹਾ, "ਬੀਬੀਓ ਸਾਡੇ ਇਸ ਕਾਕੇ ਨੂੰ ਸਿਰ ਨਵਾਲ ਦਿਉ।" ਸੰਤ ਦਾ ਹੁਕਮ ਮੰਨ ਕੇ ਦੋ ਜਣੀਆਂ ਪਾਣੀ ਲੈਣ ਚਲੀਆਂ ਗਈਆਂ ਤੇ ਇੱਕ ਬੀਬੀ ਦਹੀ ਲੈ ਆਈ। ਸੰਤਾਂ ਨੇ ਮੇਰੇ ਗਲ ਜੋ ਕਾਲੇ ਕਪੜੇ ਸਨ ਨਿਹੰਗਾਂ ਵਾਲੇ, ਲੁਹਾ ਕੇ ਅੱਗ ਲਾ ਕੇ ਸਾੜ ਦਿੱਤੇ ਤੇ ਉਸੇ ਵੇਲੇ ਦਰਜੀ ਬੁਲਾ ਕੇ ਹੁਕਮ ਦਿੱਤਾ ਕਿ "ਇਸ ਕਾਕੇ ਦੇ ਮੇਚ ਦੇ ਦੋ ਕਛਹਿਰੇ ਤੇ ਇੱਕ ਕੁੜਤਾ ਸਿਊਂ ਦਿੱਤਾ ਜਾਵੇ। ਇੱਕ ਮਾਈ ਨੇ ਕਪੜਾ ਦੇ ਦਿੱਤਾ ਦਰਜੀ ਕਪੜੇ ਸਿਊਣ ਲਗ ਪਿਆ। ਉਧਰ ਬੀਬੀਆਂ ਨੇ ਮੇਰਾ ਇਸ਼ਨਾਨ ਕਰਵਾ ਕੇ ਸਿਰ ਨੂੰ ਥਿੰਦਾ ਲਾ ਦਿੱਤਾ ਤੇ ਮੈ ਸੌਂ ਗਿਆ। ਮੈ ਕੁਝ ਚਿਰ ਸੁੱਤਾ ਰਿਹਾ। ਉਧਰ ਲੰਗਰ ਤਿਆਰ ਹੋ ਗਿਆ। ਸਭ ਨੇ ਪ੍ਰਸਾਦਾ ਛਕਿਆ। ਰਾਤ ਇਸੇ ਨਗਰ ਵਿੱਚ ਦਿਵਾਨ ਲਗਿਆ ਸੰਗਤ ਬੜੀ ਖੁਸ਼ ਹੋਈ। ਸਵੇਰੇ ੩ ਵਜੇ ਉੱਠਕੇ ਸਾਰੇ ਸਾਧਾਂ ਨੇ ਇਸ਼ਨਾਨ ਕੀਤਾ ਮੈਨੂੰ ਵੀ ਕਰਵਾਇਆ। ਸਾਧਾਂ ਨਿਤਨੇਮ ਕੀਤੇ ਤੇ ਦਿਨ ਚੜ੍ਹੇ ਜਲ ਪਾਣੀ ਛਕ ਕੇ ਕਮਰ ਕੱਸੇ ਲਾ ਕੇ ਇਸ ਪਿੰਡ ਤੋਂ ਅਗਲੇ ਪਿੰਡ ਦੀ ਤਿਆਰੀ ਕੀਤੀ। ਇਸ ਨਗਰ ਜਗੀਰ ਪੁਰੇ ਵਿੱਚ ਸੰਤਾਂ ਦੇ ਦੋ ਘੋੜੇ ਤੇ ਇੱਕ ਊਠ ਸੀ। ਸੰਤ ਘੋੜੇ ਤੇ ਚੜੇ ਦੂਜੇ ਘੋੜੇ ਤੇ ਇੱਕ ਹੋਰ ਸਾਧ ਚੜਿਆ ਊਠ ਤੇ ਬਿਸਤਰੇ ਤੇ ਢੋਲਕੀ ਛੈਣੇ, ਖੜਤਾਲਾਂ ਸਭ ਸਾਮਾਨ ਲੱਦ ਕੇ ਇੱਕ ਸਿੱਖ ਲੈ ਕੇ ਤੁਰ ਪਿਆ। ਸੰਤਾਂ ਹੁਕਮ ਕੀਤਾ ਕਿ ਬੂਟਾ ਸਿੰਘ ਉਸ ਕਾਕੇ ਅਮਰ ਸਿੰਘ ਨੂੰ ਊਠ ਤੇ ਬਿਠਾ ਦਿੱਤਾ ਜਾਵੇ ਤੇ ਮੈਨੂੰ ਊਠ ਤੇ ਬਿਠਾ ਕੇ ਅਗਲੇ ਪਿੰਡ ਮਦਾਰ ਆ ਗਏ। ਸੰਤ ਘੋੜੇ ਤੋਂ ਉੱਤਰੇ ਊਠ ਤੋਂ ਸਾਜ ਲਾਹ ਕੇ ਵਜਾਉਣੇ ਸ਼ੁਰੂ ਕਰ ਦਿੱਤੇ ਤੇ ਸ਼ਬਦ ਪੜ੍ਹਦੇ ਪੜ੍ਹਦੇ ਨਗਰ ਵਿੱਚ ਚਲੇ ਗਏ। ਇਸ ਨਗਰ ਦੀਆਂ ਸੰਗਤਾਂ ਨੇ ਚਾਰ ਦਿਨ ਰੱਖਿਆ ਫਿਰ ਇੱਕੋ ਸਰਗੋਧੇ ਦੇ ਜਿਲ੍ਹੇ ਵੱਲ ਤਿਆਰੀ ਕੀਤੀ ਸੰਤ ਬਾਰਾਂ ਮਹੀਨੇ ਦੌਰਾ ਹੀ ਕਰਦੇ ਸਨ ਜਿਥੇ ਜਾਣਾਂ ਮੈਨੂੰ ਊਠ ਤੇ ਚੜ੍ਹਾ ਕੇ ਲੈ ਜਾਣਾਂ ਮੇਰੀ ਸਿਹਤ ਬਹੁਤ ਕਮਜੋਰ ਸੀ। ਮੇਰੀ ਉਮਰ ਮਸਾਂ ੯-੧੦ ਸਾਲ ਦੀ ਹੋਵੇਗੀ ਉਸ ਵਕਤ ਸੰਤਾਂ ਨੇ ਮੇਰੇ ਤੇ ਬੜੀ ਕਿਰਪਾ ਕੀਤੀ। ਸੰਤਾਂ ਦਾ ਇੱਕ ਸਿੱਖ ਸੀ ਭਗਵਾਨ ਸਿੰਘ ਇਹ ਭੋਇਵਾਲ ਦਾ ਸੀ ਜੋ ਕਿ ਜਿਲ੍ਹਾ ਅੰਮ੍ਰਿਤਸਰ ਗੁਰੂ ਕੇ ਬਾਗ ਦੇ ਲਾਗੇ ਹੈ। ਸੰਤਾਂ ਨੇ ਭਗਵਾਨ ਸਿੰਘ ਨੂੰ ਹੁਕਮ ਕੀਤਾ ਕਿ ਨਿੱਕੇ ਕਾਕੇ ਅਮਰ ਸਿੰਘ ਦੀ ਸੇਵਾ ਉਸਦੇ ਜਿੰਮੇ ਹੈ ਇਸਦੇ ਕਪੜੇ ਵੀ ਭਗਵਾਨ ਸਿੰਘ ਨੇ

ਧੋਣੇ ਤੇ ਇਸਨੂੰ ਅੰਮ੍ਰਿਤ ਵੇਲੇ ਇਸ਼ਨਾਨ ਵੀ ਕਰਵਾਉਣਾ। ਮੇਰੀ ਜੁਬਾਨ ਵੀ ਥੱਥੀ ਸੀ ਸੰਤਾਂ ਨੇ ਭਗਵਾਨ ਸਿੰਘ ਨੂੰ ਹੁਕਮ ਕੀਤਾ ਕਿ ਵੀਹ ਪੰਝੀ ਬਦਾਮਾਂ ਦੀਆਂ ਗਿਰੀਆਂ ਰਾਤ ਨੂੰ ਪਾਣੀ ਵਿੱਚ ਭਿਉਂ ਛਡਿਆ ਕਰੇ ਤੇ ਦਿਨੇ ਉੱਠਕੇ ਗਿਰੀਆਂ ਛਿੱਲ ਕੇ ਰਗੜ ਕੇ ਮੱਖਣ ਚ ਮਿਲਾ ਕੇ ਮਿਸ਼ਰੀ ਪਾ ਕੇ ਇਸਨੂੰ ਖਵਾਇਆ ਕਰ। ਭਗਵਾਨ ਸਿੰਘ ਨੇ ਮੇਰੀ ਬੜੀ ਸੇਵਾ ਕੀਤੀ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਜੰਗਲ ਪਾਣੀ ਜਾ ਕੇ ਦਾਤਣ ਕਰਕੇ ਉਸਨੇ ਮੇਰੀ ਮਾਲਸ਼ ਕਰਨੀ ਰੋਜ ਸਿਰ ਵਿੱਚ ਪਾਣੀ ਪਾ ਕੇ ਇਸ਼ਨਾਨ ਕਰਾਉਣਾ ਮੈਂ ਰੋਣਾਂ ਕਿਉਂਕਿ ਬਾਰ ਵਿੱਚ ਖੂਹ ਘੱਟ ਹੁੰਦੇ ਸਨ ਲੋਕੀ ਡਿੱਘੀਆਂ ਦਾ ਪਾਣੀ ਪੀਦੇ ਸੀ ਪਾਣੀ ਤੇ ਕੱਕਰ ਜੰਮਿਆ ਹੋਣਾਂ ਮੈਨੂੰ ਠੰਢਾ ਲਗਣਾ. ਮੈ ਰੋਣਾਂ ਤੇ ਭਗਵਾਨ ਸਿੰਘ ਨੇ ਮੈਨੂੰ ਕਹਿਣਾ. "ਤੇਰੀ ਕਿਸਮਤ ਚੰਗੀ ਹੈ ਸੰਤ ਤੇਰੇ ਤੇ ਮਿਹਰਬਾਨ ਹਨ ਤੇਰੀ ਜਿੰਦਗੀ ਬਣ ਜਾਏਗੀ ਸਾਂਈ ਲੋਕਾ ਰੋਇਆ ਨਾ ਕਰ।"

# (੩) ਸੰਤਾਂ ਵਲੋਂ ਪਰਖ ਅਤੇ ਬਖਸ਼ਿਸ਼

ਅੱਜ ਸੰਤਾਂ ਮੈਨੂੰ ਅਪਣੀ ਜ਼ੁਬਾਨੀ ਹੁਕਮ ਕੀਤਾ "ਕਾਕਾ ਅਮਰ ਸਿੰਘ ਤੂੰ ਰੋਜ ਊਠ ਚਾਰ ਕੇ ਲਿਆਇਆ ਕਰ ਤੇ ਨਾਲੇ ਸਾਰੇ ਸਾਧਾਂ ਵਾਸਤੇ ਕਿਕੱਰ ਦੀਆਂ ਦਾਤਣਾਂ ਵੱਢ ਕੇ ਲਿਆਇਆ ਕਰ।" ਮੈਂ ਹੁਕਮ ਮੰਨ ਕੇ ਇਸ ਸੇਵਾ ਵਿੱਚ ਲੱਗ ਪਿਆ ਊਠ ਚਾਰਨਾਂ ਤੇ ੪੦-੪੫ ਦਾਤਣਾਂ ਰੋਜ ਲਿਆਉਣੀਆਂ। ਇਹ ਸੇਵਾ ਕਰਦਿਆਂ ਕੁਝ ਚਿਰ ਹੋਇਆ ਸੀ ਕਿ ਸੰਤਾਂ ਨਾਲ ਹੀ ਹੋਰ ਸੇਵਾ ਲਾ ਦਿੱਤੀ ਕਿ ਕਾਕਾ ਜਿਸ ਨਗਰ ਜਾਈਏ ਜਦੋਂ ਸਾਧ ਜਾ ਕੇ ਬੈਠਣ ਤੂੰ ਉਸੇ ਵਕਤ ਦੋ ਗੜਵੇ ਲੈ ਕੇ ਖੂਹ ਤੋਂ ਪਾਣੀ ਲਿਆ ਕੇ ਸਾਰੇ ਸਾਧਾਂ ਦੇ ਚਰਨ ਧੋਇਆ ਕਰ। ਮੈ ਏਸੇ ਤਰ੍ਹਾਂ ਰੋਜ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਫਿਰ ਹੁਕਮ ਹੋਇਆ ਕਿ ਪੋਥੀ ਲੈ ਕੇ ਰੋਜ ਬਾਹਰ ਜਾ ਕੇ ਪੜ੍ਹਿਆ ਕਰ। ਮੈ ਆਖਿਆ, "ਜੀ ਸਤਿ ਬਚਨ।" ਪੋਥੀ ਲੈ ਕੇ ਰੋਜ ਪੜ੍ਹਨਾਂ ਸ਼ੁਰੂ ਕਰ ਦਿੱਤਾ। ਛੇ ਕੁ ਮਹੀਨੇ ਇਹ ਸਭ ਕੰਮ ਕਰਦਾ ਰਹਾ ਤੇ ਇੱਕ ਡਿਊਟੀ ਹੋਰ ਲਗ ਗਈ ਕਿ ਦੋ ਸਾਧਾਂ ਦੇ ਕਪੜੇ ਰੋਜ ਧੋਇਆ ਕਰ। ਮੈ ਸਤਿ ਬਚਨ ਕਹਿ ਕੇ ਇਹ ਕੰਮ ਵੀ ਕਰਨਾ ਸ਼ੁਰੂ ਕਰ ਦਿੱਤਾ, ਫਿਰ ਮੇਰੀ ਜੋ ਖੁਰਾਕ ਸੰਤਾਂ ਨੇ ਲਾਈ ਸੀ ਉਹ ਬੰਦ ਕਰ ਦਿੱਤੀ ਮੇਰੀ ਪਰਖ ਸ਼ੁਰੂ ਹੋ ਗਈ ਮੈ ਵੀ ਖਾਮੋਸ਼ ਰਹਿਣਾ ਤੇ ਮਨ ਨੂੰ ਆਖਿਆ, "ਜੋ ਤੇਰੇ ਕਰਮਾਂ ਵਿੱਚ ਹੈ ਉਹ ਤੈਨੂੰ ਮਿਲਣਾਂ ਹੈ ਤੂੰ ਕੋਈ ਚੀਜ ਨਹੀ ਮੰਗਣੀ।" ਤੇ ਏਸੇ ਤਰ੍ਹਾਂ ਖਾਮੋਸ਼ ਰਹਿਣਾ ਤੇ ਸੇਵਾ ਕਰਦੇ ਰਹਿਣਾਂ। ਇਸ ਤਰ੍ਹਾਂ ਇੱਕ ਸਾਲ ਬੀਤ ਗਿਆ ਤੇ ਸਾਲ ਬਾਅਦ ਇੱਕ ਕੁੜਤਾ ਤੇ ਇੱਕ ਡੇਢ ਗਜ ਖੱਦਰ ਦਾ ਪਰਨਾਂ ਤੇ ਇੱਕ ਕਛਹਿਰਾ ਮੇਰੇ ਕੋਲ ਸੀ। ਮੈ ਏਸੇ ਨਾਲ ਹੀ ਰੋਜ ਨਹਾਉਣਾ ਤੇ ਨਿਚੋੜ ਕੇ ਫਿਰ ਗਿਲੱਾ ਹੀ ਪਾ ਲੈਣਾਂ। ਮੇਰੀਆਂ ਲਤਾਂ ਤੇ ਦੱਦਰਾਂ ਹੋ ਗਈਆਂ, ਮੈ ਰੋਣਾਂ, ਪਰ ਹਠ ਰੱਖਣਾਂ ਮੂੰਹੋਂ ਕੋਈ ਚੀਜ ਨਾ ਮੰਗਣੀ, ਬਸ ਰੱਬ ਦੀ ਰਜਾ ਵਿੱਚ ਰਾਜੀ ਰਹਿਣਾਂ। ਮੈਨੂੰ ਢੋਲਕੀ ਵਜਾਉਣ ਦਾ ਬਣਾ ਸ਼ੌਕ ਸੀ ਪਰ ਸੰਤਾਂ ਦੇ ਢੋਲਕੀ ਵਾਲੇ ਨੇ ਮੈਨੂੰ ਹੱਥ ਨਾ ਲਾਉਣ ਦੇਣਾਂ, ਮੈ ਅਪਣੇ ਪੱਟਾ ਤੇ ਹੱਥ ਵਜਾਉਂਦੇ ਰਹਿਣਾਂ ਮੂੰਹ ਨਾਲ਼ ਹੱਥ ਕੱਟਣੇ ਢੋਲਕੀ ਦਾ ਤਾਲ ਮੂੰਹ ਨਾਲ ਵਜਾਕੇ ਫਿਰ ਪੱਟਾਂ ਤੇ ਵਜਾਉਣੀ ਇਸੇ ਤਰ੍ਹਾਂ ਮੈ ਢੋਲਕੀ ਵਜਾਉਣੀ ਸਿੱਖ ਗਿਆ। ਪਰ ਮੈ ਸਭ ਤੋਂ ਛੋਟਾ ਸਾਂ ਤੇ ਸਭ ਤੋਂ ਮਾੜਾ ਵੀ ਸਾਰੇ ਸਾਧ ਮੇਰੇ ਨਾਲੋਂ ਤਗੜੇ ਸਨ ਮੇਰੀ ਕੋਈ ਪੇ

ਸ਼ ਨਾ ਜਾਵੇ। ਜਿਸ ਸਾਧ ਦਾ ਜੀ ਕਰੇ ਮੈਨੂੰ ਕੰਮ ਦੱਸ ਦੇਣਾਂ ਜੇ ਮੈ ਨਾਂ ਕਰਾਂ ਤਾਂ ਮੈਨੂੰ ਮਾਰ ਪੈਣੀ ਮੈ ਅੱਗੇ ਨਾਲੋਂ ਵੀ ਦੁਖੀ ਹੋ ਗਿਆ ਪਰ ਹੌਸਲਾ ਨਾ ਛੱਡਾਂ, ਦਿਲ ਵਿੱਚ ਸੋਚਾਂ ਮੇਰਾ ਕੋਈ ਥਾਂ ਨਹੀ, ਮੈ ਕਿਥੇ ਜਾਵਾਂ ਅਮਰ ਸਿੰਘਾ ਏਥੇ ਹੀ ਮਰਨਾਂ ਹੈ ਜਾਣਾਂ ਕਿਥੇ ਹੈ। ਸੰਤਾਂ ਦੇ ਡੇਰੇ ਦੇ ਨਾਲ ਹੀ ਦੋ ਮੁੱਰਬੇ ਜ਼ਮੀਨ ਸੀ ਗੁਰਦੁਵਾਰਾ ਸਾਰਾ ਢੱਠਾ ਹੋਇਆ ਸੀ ਸਿਰਫ ਇੱਕ ਪੱਕੀ ਸਮਾਧ ਸੀ ਖੂਹ ਵੀ ਢੱਠਾ ਸੀ ਮੁਸਲਮਾਨਾਂ ਨੇ ਖੂਹ ਵਿੱਚ ਡੰਗਰਾਂ ਦੇ ਹੱਡ ਸੁੱਟੇ ਹੋਏ ਸਨ ਕਿ ਕੋਈ ਪਾਣੀ ਨਾ ਪੀਵੇ। ਸੰਤਾਂ ਨੇ ਇਹ ਖੂਹ ਸਾਫ ਕੀਤਾ ਹੱਡ ਕਢਵਾਏ, ਗਾਰ ਕੱਢੀ, ਤੇ ਜਲ ਛਕਣਾਂ ਸ਼ੁਰੂ ਕਰ ਦਿੱਤਾ ਗੁਰਦੁਵਾਰੇ ਦੀਆਂ ਕੰਧਾਂ ਕੱਢਣ ਵਾਸਤੇ ੨੦ ਕੁ ਈਸਾਈ ਲਿਆ ਕੇ ਕੰਮ ਸ਼ੁਰੂ ਕਰ ਦਿੱਤਾ ਅਤੇ ਇਹਨਾਂ ਈਸਾਈਆਂ ਵਾਸਤੇ ਰੋਟੀਆਂ ਮੰਗਕੇ ਲਿਆਉਣ ਦਾ ਆਡਰ ਮੈਨੂੰ ਮਿਲ ਗਿਆ। ਆਸ ਪਾਸ ਤਿੰਨ ਪਿੰਡ ਸਨ ਜਰਮੀਆਂ ਨਾਮ ਦੇ ਜੋ ਕਿ ਸਾਡੇ ਡੇਰੇ ਤੋਂ ਡੇਢ ਮੀਲ ਦੇ ਫਾਸਲੇ ਤੇ ਸਨ। ਮੈ ਸਵੇਰੇ ਠੰਢੇ ਠੰਢੇ ਚਲੇ ਜਾਣਾ ਰਸਤੇ ਵਿੱਚ ਰੇਤਾ ਸੀ ਪੈਰ ਮੇਰੇ ਨੰਗੇ ਹੁੰਦੇ ਸਨ। ਘਰਾਂ ਤੋਂ ਰੋਟੀਆਂ ਲੈਂਦੇ ਨੂੰ ਦੁਪਹਿਰ ਹੋ ਜਾਣੀ ਦਿਨ ਜੇਠ ਦੇ ਸਨ। ੧੦੦ ਰੋਟੀ ਸਿਰ ਤੇ ਹੋਣੀ, ਉਤੋਂ ਧੁੱਪ ਲੱਗਣੀ, ਥੱਲਿਉਂ ਰੇਤੇ ਵਿੱਚ ਪੈਰ ਸੜਨੇ ਕਦੇ ਅੱਕਾਂ ਦੇ ਪੱਤੇ ਪੈਰਾਂ ਹੇਠ ਬੰਨ੍ਹਣੇ ਨਾਲੇ ਰੋਣਾਂ, ਡਾਢੇ ਦੁਖੀ ਹੋਣਾਂ, ਕਦੇ ਪੈਰਾਂ ਤੇ ਲੀਰਾਂ ਬੰਨਕੇ ਰੇਤਾਂ ਲੰਘਣਾਂ। ਦੋ ਮਹੀਨੇ ਇਹ ਕੰਮ ਚਲਦਾ ਰਿਹਾ, ਕੰਧਾਂ ਤਿਆਰ ਹੋਈਆਂ, ਤੇ ਮੇਰੀ ਜਾਨ ਛੁੱਟੀ ਪਰ ਮੇਰੀ ਕਿਸਮਤ ਵਿੱਚ ਅੱਜੇ ਵੀ ਸੁਖ ਨਾ ਹੋਇਆ। ਡੇਰੇ ੨੦ ਕੁ ਡੰਗਰ ਸੀ ਇਨ੍ਹਾਂ ਨੂੰ ਚਾਰਨ ਦੀ ਡਿਊਟੀ ਮੇਰੀ ਲੱਗੀ, ਸਵੇ ਰੇ ਉੱਠ ਕੇ ਜਲ ਖੂਹ ਤੋਂ ਛਕ ਕੇ ਤੇ ਡੰਗਰ ਛੱਡ ਕੇ ਲੈ ਜਾਣੇ, ਰਸਤੇ ਵਿੱਚ ਨੰਗੇ ਪੈਰੀ ਕੰਡੇ ਵੱਜਣੇ, ਫਿਰ ਰੋਣਾਂ ਤੇ ੧੨ ਵਜੇ ਆ ਕੇ ਡੰਗਰ ਬੰਨ ਕੇ ਪ੍ਰਸਾਦਾ ਛਕਣਾਂ, ਪ੍ਰਸਾਦਾ ਵੀ ਔਠੀ ਪਹਿਰੀ ਮਿਲਣਾਂ। ਇੱਕ ਸਾਲ ਮੈ ਇਹ ਕੰਮ ਕਰਦਾ ਰਿਹਾ। ਫਿਰ ਇੱਕ ਵਾਗੀ ਰੱਖ ਲਿਆ ਡੰਗਰ ਚਾਰਨ ਵਾਸਤੇ ਤੇ ਮੇਰੀ ਡਿਊਟੀ ਇੱਕ ਘੋੜੇ ਦੀ ਲੱਗੀ ਕਿ ਤਿੰਨ ਵਾਰ ਖਰਖਰਾ, ਬੁਰਸ਼ ਕਰਨਾ ਤੇ ਘੋੜੇ ਨੂੰ ਮਾਲਸ਼ ਕਰਨੀ, ਰੋਜ ਰਾਵੀ ਦੇ ਕੰਢੇ ਤੋਂ ਘੋੜੇ ਵਾਸਤੇ ਘਾਹ ਖੋਤਰ ਕੇ ਲਿਆਉਣਾਂ। ਰਾਵੀ ਦਰਿਆ ਸਾਡੇ ਡੇਰੇ ਤੋਂ ਦੋ ਢਾਈ ਮੀਲ ਤੇ ਸੀ। ਗਰਮੀਆਂ ਔਖੇ ਸੌਖੇ ਲੰਘ ਗਈਆਂ ਕੱਤੇਂ ਤੋ ਬਾਅਦ ਮੱਘਰ ਦਾ ਮਹੀਨਾ ਆ ਗਿਆ ਤੇ ਘੋੜੇ ਹੇਠ ਰੇਤਾ ਤਾਜਾ ਰੋਜ ਪਾਉਣਾ ਤੇ ਹੱਥਾਂ ਨਾਲ ਲਿੱਦ ਸੁੱਟਣੀ ਘੋੜੇ ਦਾ ਪਿਸ਼ਾਬ ਬਰਤਨ ਵਿੱਚ ਕਰਵਾਉਣਾ ਤਾਂ ਕਿ ਥਾਂ ਨਾ ਗਿੱਲਾਂ ਹੋ ਜਾਏ ਤੇ ਘੋੜਾ ਨਾ ਲਿਬੜੇ। ਇਸੇ ਤਰ੍ਹਾਂ ਘੋੜੇ ਦੀ ਸੇਵਾ ਕਰਦਿਆ ਕਰਦਿਆ ਸਮਾਂ ਬੀਤਦਾ ਗਿਆ।

ਮੇਰੀ ਕਿਸਮਤ ਵਿੱਚ ਅੱਜੇ ਵੀ ਸੁਖ ਨਹੀ ਸੀ। ੨੦ ਡੰਗਰ ਛੇ ਘੋੜੀਆਂ ਤੇ

ਇੱਕ ਘੋੜਾ ਸੀ ਸਾਡੇ ਡੇਰੇ, ਸੁੰਦਰ ਸਿੰਘ ਲਾਂਗਰੀ ਇੱਕ ਦਿਨ ਜਮਾਦਾਰਨੀ ਨਾਲ ਲੜ ਪਿਆ ਤੇ ਗੋਹਾ ਸੁੱਟਣ ਵਾਲੀ ਹਟ ਗਈ।

**ਬੱਲੇ ਉਏ ਕਿਸਮਤ ਦਿਆ ਬਲੀਆ।।**

**ਰਿਧੀ ਖੀਰ ਤੇ ਹੋ ਗਿਆ ਦਲੀਆ।।**

ਮੇਰੀ ਬਦਕਿਸਮਤੀ ਨਾਲ ਮੇਰੀ ਡਿਊਟੀ ਗੋਬਰ ਸੁੱਟਣ ਦੀ ਲੱਗ ਗਈ। ਰੱਬ ਦੀ ਰਜ਼ਾ ਵਿੱਚ ਰਾਜੀ ਰਹਿ ਕੇ ਮੈ ਸੇਵਾ ਸ਼ੁਰੂ ਕਰ ਦਿੱਤੀ। ਸਾਰੇ ਸਾਧਾਂ ਨੇ ਮਖੌਲ ਕਰਨੇ ਕਿ ਨਵਾਂ ਚੂਹੜਾ ਆਇਆ ਹੈ। ਮੈ ਰੋਣਾਂ ਤੇ ਰੋ ਰੋ ਕੇ ਆਪੇ ਚੁੱਪ ਕਰ ਜਾਣਾਂ ਪਰ ਸਫਾਈ ਖੂਬ ਕਰਨੀ ਇਹ ਸੇਵਾ ਮੈ ਲਗਾਤਾਰ ੫ ਮਹੀਨੇ ਕਰਦਾ ਰਿਹਾ ਅੱਧ ਚੇਤਰ ਵਿੱਚ ਆ ਕੇ ਬਾਰਸ਼ ਸ਼ੁਰੂ ਹੋਈ ੮ ਦਿਨ ਝੜੀ ਲੱਗੀ ਰਹੀ ਡੰਗਰ ਅੰਦਰ ਬੰਨਣੇ ਡੰਗਰਾਂ ਦਾ ਗੋਹਾ ਤੇ ਪਿਸ਼ਾਬ ਇੱਕੋ ਹੋ ਜਾਣਾਂ। ਮੈ ਟੋਕਰੀ ਵਿੱਚ ਪਾ ਕੇ ਜਦੋਂ ਗੋਹਾ ਸਿਰਤੇ ਚੁੱਕਣਾਂ ਇੱਕਲੇ ਨੇ ਹੀ ਕਿਸੇ ਸਾਧ ਨੇ ਚੁਕਾਉਣਾਂ ਵੀ ਨਾ, ਪਤਲਾ ਹੋਇਆ ਗੋਹਾ ਟੋਕਰੀ ਵਿੱਚੋ ਵਗ ਵਗ ਕੇ ਮੇਰੇ ਮੂੰਹ ਤੋ ਲੈ ਕੇ ਪੈਰਾਂ ਤਕ ਜਾਣਾਂ ਮੂੰਹ ਢਿੱਡ ਲੱਤਾਂ ਬਾਹਾਂ ਸਭ ਲਿਬੜੇ ਹੋਣੇ ਦੁਖੀ ਬੜਾ ਹੋਣਾਂ ਪਰ ਦੱਸਾਂ ਕਿਸਨੂੰ ਮੇਰਾ ਕੋਈ ਵੀ ਨਹੀ ਸੀ ਕਿਸ ਅੱਗੇ ਰੋਵਾਂ, ਮਾੜੇ ਦੀ ਕੋਈ ਸੁਣਦਾ ਵੀ ਨਹੀ ਰੱਬ ਤੋਂ ਬਗੈਰ। ਮੈ ਦਿਲ ਵਿੱਚ ਕਹਿਣਾਂ ਕਿ ਮੇਰੀ ਸਾਰੀ ਜਿੰਦਗੀ ਇਸੇ ਤਰ੍ਹਾਂ ਹੀ ਨਿਕਲੇਗੀ, ਮੇਰੇ ਨਾਲੋਂ ਤਾਂ ਕੁੱਤੇ ਵੀ ਚੰਗੇ ਹਨ,ਰੋਟੀ ਖਾ ਕੇ ਜਿਥੇ ਮਰਜੀ ਹੋਵੇ ਬੈਠੇ ਰਹਿੰਦੇ ਹਨ, ਡੰਗਰਾਂ ਨੂੰ ਵੀ ਲੋੜੀ ਵੇਲੇ ਸਿਰ ਪਾਣੀ ਤੇ ਪੱਠੇ ਪਾ ਦਿੰਦੇ ਹਨ। ਅਮਰ ਸਿੰਘ ਤੈਨੂੰ ਤੇ ਕਦੇ ਕਿਸੇ ਇਹ ਵੀ ਨਹੀ ਆਖਿਆ ਕਿ ਆ ਵੇਲੇ ਸਿਰ ਪ੍ਰਸਾਦਾ ਛਕ ਲੈ, ਤੇਰੀ ਕੀ ਜਿੰਦਗੀ ਹੈ? ਬਸ ਇਹਨਾਂ ਵਹਿਣਾ ਵਿੱਚ ਰੋ ਰਾ ਕੇ ਰੱਬ ਅੱਗੇ ਬੇਨਤੀ ਕਰਨੀ ਕਿ ਹੇ ਪ੍ਰਭੂ ਕਦੇ ਮੇਰੇ ਤੇ ਵੀ ਤੇਰੀ ਕਿਰਪਾ ਹੋਵੇਗੀ, ਮੈਨੂੰ ਵੀ ਸੁੱਖ ਬਖਸ਼ੇਂਗਾ। ਮੈ ਡੰਗਰਾਂ ਦਾ ਗੋਹਾ ਸੁੱਟ ਕੇ, ਨਹਾ ਕੇ ਪੋਥੀ ਲੈ ਕੇ ਪੜ੍ਹਦੇ ਰਹਿਣਾਂ। ਇੱਕ ਦਿਨ ਰੱਬ ਨੇ ਮੇਰੀ ਫਰਿਆਦ ਸੁਣ ਲਈ। ਯਤੀਮ, ਨਿਆਸਰੇ ਅਤੇ ਨਿਥਾਂਵੇ ਤੇ ਅੱਜ ਦਿਨ ਭਾਗਾਂ ਵਾਲਾ ਚੜ੍ਹਿਆ ਕਿ ਅੱਜੇ ਮੈ ਅੱਧਾ ਗੋਬਰ ਸੁੱਟਿਆ ਤੇ ਅੱਧਾ ਸੁੱਟਣ ਵਾਲਾ ਸੀ ਮੈ ਟੋਕਰੀ ਭਰਕੇ ਗੋਹੇ ਦੀ ਸਿਰ ਤੇ ਚੁੱਕ ਕੇ ਬਾਹਰ ਨੂੰ ਜਾ ਰਿਹਾ ਸੀ ਮੇਰਾ ਸਾਰਾ ਸ਼ਰੀਰ ਗੋਹੇ ਨਾਲ ਲਿਬੜਿਆ ਪਿਆ ਸੀ ਕਿ ਕੁਦਰਤੀ ਸੰਤ ਇਸ਼ਨਾਨ ਕਰਕੇ ਆਏ ਤੇ ਗੁਰਦੁਵਾਰੇ ਦਾ ਦਰਵਾਜਾ ਲੰਘਣ ਲਗੇ ਸਨ ਕਿ ਮੈ ਸਿਰ ਤੇ ਟੋਕਰੀ ਰੱਖ ਕੇ ਬਾਹਰ ਨੂੰ ਜਾ ਰਿਹਾ ਸਾਂ। ਸੰਤ ਮੈਨੂੰ ਵੇਖਕੇ ਖੜੇ ਹੋ ਗਏ ਮੈਂ ਲੰਘ ਗਿਆ ਤੇਂ ਸੰਤ ਖੜੇ ਰਹੇ। ਜਦ ਮੈ ਗੋਹੇ ਦੀ ਟੋਕਰੀ ਰੂੜੀ ਤੇ ਸ਼ੁੱਟੀ ਤੇ ਸੰਤਾਂ ਨੇ ਮੈਨੂੰ ਆਖਿਆ, "ਕਾਕਾ ਟੋਕਰੀ ਏਥੇ ਹੀ

ਰੱਖ ਦੇ ਤੇ ਜਾ ਕੇ ਖੂਹ ਤੋਂ ਇਸ਼ਨਾਨ ਕਰ।'' ਮੈ ਆਖਿਆ, ''ਜੀ ਸਤਿ ਬਚਨ।'' ਮੈ ਟੋਕਰੀ ਰਖ ਕੇ ਗੜਵਾ ਮਾਂਜ ਕੇ ਇਸ਼ਨਾਨ ਕਰਨ ਲਗ ਪਿਆ ਮੇਰੀ ਆਦਤ ਇਸ ਤਰ੍ਹਾਂ ਦੀ ਸੀ ਕਿ ਜੋ ਸੰਤਾਂ ਨੇ ਹੁਕਮ ਕਰਨਾਂ ਉਹੋ ਕੰਮ ਕਰਨਾਂ ਸ਼ੁਰੂ ਕਰ ਦੇਣਾ, ਦੂਸਰਾ ਜੋ ਕਰਦੇ ਹੋਣਾਂ ਉਹ ਉੱਥੇ ਹੀ ਛਡ ਦੇਣਾਂ, ਮਨ ਨੂੰ ਕਹਿਣਾ ਕਿ ਮੰਨਣਾਂ ਤੇ ਹੁਕਮ ਹੈ, ਸਾਰੇ ਕੰਮ ਸੰਤਾਂ ਦੇ ਹੀ ਹਨ ਜੋ ਹੁਕਮ ਕਰਨ, ਕਰੀ ਜਾ ਇਸ ਤਰ੍ਹਾਂ ਵਕਤ ਪਾਸ ਕਰਨਾਂ। ਮੈ ਅੱਜੇ ਇਸ਼ਨਾਨ ਕਰ ਹੀ ਰਿਹਾ ਸਾਂ ਤੇ ਸਾਡੇ ਡੇਰੇ ਦਾ ਜੋ ਖਜਾਨਚੀ ਮਹੰਤ ਇੰਦਰ ਸਿੰਘ ਸੀ ਉਹ ਮੇਰੇ ਪਾਸ ਇੱਕ ਕੁੜਤਾ ਤੇ ਨਵਾਂ ਕਛਹਿਰਾ ਤੇ ਪਰਨਾਂ ਸਿਰਤੇ ਬੰਨਣ ਵਾਸਤੇ ਲੈ ਕੇ ਆਇਆ ਤੇ ਕਹਿਣ ਲਗਾ, ''ਅਮਰ ਸਿੰਘ ਇਸ਼ਨਾਨ ਕਰਕੇ ਛੇਤੀ ਤੂੰ ਲੰਗਰ ਵਿੱਚ ਚਲਾ ਜਾ ਸੰਤ ਕਹਿੰਦੇ ਹਨ ਕਿ ਛੇਤੀ ਆਵੇ।'' ਮੈ ਛੇਤੀ ਇਸ਼ਨਾਨ ਕਰਕੇ ਝਟਪਟ ਲੰਗਰ ਵਿੱਚ ਚਲਾ ਗਿਆ। ਸੰਤ ਬੈਠੇ ਸਨ, ਸੰਤਾਂ ਨੇ ਮੈਨੂੰ ਅਪਣੇ ਪਾਸ ਬਿਠਾ ਲਿਆ। ਲਾਂਗਰੀ ਸੁੰਦਰ ਸਿੰਘ ਨੇ ਥਾਲੇ ਵਿੱਚ ਪ੍ਰਸਾਦਾ ਪਾ ਕੇ ਸੰਤਾਂ ਅੱਗੇ ਰੱਖ ਦਿੱਤਾ ਤੇ ਸੰਤਾਂ ਨੇ ਉਹ ਥਾਲਾ ਮੇਰੇ ਅੱਗੇ ਰੱਖ ਦਿੱਤਾ ਤੇ ਹੋਰ ਦੂਸਰਾ ਥਾਲਾ ਫਿਰ ਪਰੋਸ ਕੇ ਸੁੰਦਰ ਸਿੰਘ ਨੇ ਸੰਤਾਂ ਨੂੰ ਦਿੱਤਾ। ਸੰਤਾਂ ਨੇ ਤੇ ਮੈਂ ਵੀ ਪ੍ਰਸਾਦਾ ਛਕਿਆ ਤੇ ਹੱਥ ਧੋਤੇ, ਅਰਦਾਸਾ ਕੀਤਾ ਤੇ ਲੰਗਰ ਤੋ ਬਾਹਰ ਨਿਕਲੇ ਸੰਤਾਂ ਮੈਨੂੰ ਹੁਕਮ ਕੀਤਾ ਕਿ ਮੈ ਪੋਥੀ ਲੈ ਕੇ ਪੜਾਂ, ਤੇ ਹੋਰ ਕੋਈ ਕੰਮ ਨਾ ਕਰਾਂ। ਮੈ ਉਸੇ ਵੇਲੇ ਪੋਥੀ ਲੈ ਕੇ ਪੜ੍ਹਨ ਲਗ ਪਿਆ, ਸ਼ਾਮ ਤਕ ਪੋਥੀ ਪੜ੍ਹਦਾ ਰਿਹਾ। ਸ਼ਾਮ ਨੂੰ ਸੰਤਾਂ ਨੇ ਸਾਰੇ ਸਾਧਾਂ ਨੂੰ ਹੁਕਮ ਕੀਤਾ ਕਿ ਸਾਰੇ ਇੱਕਠੇ ਹੋ ਕੇ ਆਉ ਸਾਜ ਨਾਲ ਲੈ ਕੇ ਆਉਣਾ, ਅੱਜ ਕੀਰਤਨ ਕਰਨਾਂ ਹੈ। ਸਾਰਾ ਜਥਾ ਇੱਕਤੱਰ ਹੋ ਕੇ ਸਾਜ ਵਜਾਉਣ ਲਗਾ ਤੇ ਹਰ ਜੱਸ ਪ੍ਰਮਾਤਮਾਂ ਦਾ ਸ਼ੁਰੂ ਹੋ ਗਿਆ, ਮੈਨੂੰ ਹੁਕਮ ਕੀਤਾ, ''ਅਮਰ ਸਿੰਘ ਅੱਜ ਤੂੰ ਢੋਲਕੀ ਵਜਾ।'' ਮੈ ਢੋਲਕੀ ਵਜਾਉਣ ਲੱਗ ਪਿਆ। ਕੀਰਤਨ ਹੁੰਦਾ ਰਿਹਾ ਥੋੜਾ ਚਿਰ ਕੀਰਤਨ ਕਰਕੇ ਕੀਰਤਨ ਦਾ ਭੋਗ ਪਾਇਆ ਤੇ ਸੰਤਾਂ ਨੇ ਸਾਰੇ ਸਾਧਾਂ ਨੂੰ ਹੁਕਮ ਦਿੱਤਾ ਕਿ ਅੱਜ ਤੋ ਅਮਰ ਸਿੰਘ ਨੂੰ ਕੋਈ ਕੰਮ ਨਹੀ ਕਹਿਣਾ। ਕਿਸੇ ਨੇ ਕੋਈ ਵੀ ਕੰਮ ਇਸਤੋਂ ਨਹੀ ਕਰਵਾਉਣਾ ਤੇ ਮੈਨੂੰ ਹੁਕਮ ਕੀਤਾ ਕਿ ''ਤੂੰ ਸਿਰਫ ਪੜ੍ਹਿਆ ਕਰ ਤੇ ਬਾਣੀ ਕੰਠ ਕਰਿਆ ਕਰ ਤੇ ਪ੍ਰਭੂ ਦਾ ਨਾਮ ਜਪਿਆ ਕਰ।'' ਮੈ ਕਿਹਾ, ''ਜੀ ਸਤਿ ਬਚਨ।'' ਸੰਤਾਂ ਨੂੰ ਮਥੱਾ ਟੇਕਿਆ ਤੇ ਉਸ ਦਿਨ ਤੋ ਮੇਰੀ ਕਾਇਆ ਹੀ ਪਲਟ ਹੋ ਗਈ।

# (੪) ਜਰਮੀਆਂ ਦੇ ਲੋਕਾਂ ਨੂੰ ਮੂੰਹ ਦੀ ਖਾਣੀ ਪਈ

ਉਸ ਦਿਨ ਤੋ ਮੈਂ ਅੰਮ੍ਰਿਤ ਵੇਲੇ ਸਾਢੇ ਤਿੰਨ ਵਜੇ ਜਾਂ ਚਾਰ ਵਜੇ ਰੋਜ ਇਸ਼ਨਾਨ ਕਰਕੇ ਮਾਲਾ ਫੇਰਨੀ, ਭਜਨ ਕਰਨਾਂ ਫਿਰ ਦਿਨ ਚੜ੍ਹੇ ਬਾਣੀ ਦਾ ਪਾਠ ਕਰਨਾ ਦਸ ਵਜੇ ਤਕ। ਮੇਰਾ ਰੋਜ ਦਾ ਇਹ ਨਿਤਨੇਮ ਬਣ ਗਿਆ ਸੀ ਜਪੁਜੀ ਸਾਹਿਬ ਤੇ ਸ਼ਬਦ ਹਜਾਰੇ, ਜਾਪ ਸਾਹਿਬ, ਸ਼ਬਦ ਹਜਾਰੇ, ਚੰਡੀ ਦੀ ਵਾਰ, ਉਗ੍ਰਦੰਤੀ ਤੇ ਛੱਕਿਆ ਸਮੇਤ ਆਸਾ ਦੀ ਵਾਰ, ੧੦ ਸਵੱਈਏ ਤੇ ਅਨੰਦ ਸਾਹਿਬ ਇਹ ਮੇਰਾ ਨਿਤਨੇਮ ਸੀ। ਇਸਤੋਂ ਬਾਅਦ ਜਲ ਪਾਣੀ ਛਕ ਕੇ ਸੰਥਾ ਲੈ ਕੇ ਫਿਰ ਪੋਥੀ ਪੜ੍ਹਨੀ, ਸ਼ਬਦ ਕੰਠ ਕਰਨੇ ਫਿਰ ਇੱਕ ਦਿਨ ਸਾਰੇ ਸਾਧਾਂ ਨੂੰ ਹੁਕਮ ਹੋਇਆ ਕੀਰਤਨ ਕਰਨ ਦਾ। ਮੈ ਢੋਲਕੀ ਵਜਾਉਣ ਲਗ ਪਿਆ ਸਾਧ ਸਾਜ ਵਜਾਉਣ ਲਗ ਪਏ ਸੰਤ ਸ਼ਬਦ ਪੜ੍ਹਨ ਲਗ ਪਏ। ਕੀਰਤਨ ਹੁੰਦਾ ਰਿਹਾ, ਕੀਰਤਨ ਤੋ ਬਾਅਦ ਸੰਤਾਂ ਨੇ ਮੈਨੂੰ ਇੱਕ ਬਚਨ ਆਖਿਆ, "ਕਾਕਾ ਕਦੇ ਅਸੀ ਬਾਦਸ਼ਾਹ ਹੁੰਦੇ ਹਾਂ ਤੇ ਕਦੀ ਫਕੀਰ, ਅਸਾਂ ਤੈਨੂੰ ਪਰਖਣ ਵਲੋਂ ਕੋਈ ਕਸਰ ਨਹੀ ਛੱਡੀ ਤੇ ਤੂੰ ਜੁਬਾਨ ਤੋ ਨਹੀ ਫੁੱਟਿਆ, ਬੜਾ ਸਿਦਕ ਰੱਖਿਆ ਹੈ, ਪਰ ਅੱਜ ਅਸੀ ਤੇਰੇ ਤੇ ਬੜੇ ਖੁਸ਼ ਹਾਂ ਤੂੰ ਸਾਡੇ ਪਾਸੋਂ ਇੱਕ ਚੀਜ ਮੰਗ ਲੈ ਅਸੀ ਤੈਨੂੰ ਦਿਆਗੇ ਜਾ ਤੇ ਕਪੜੇ ਵਧੀਆ ਤੋ ਵਧੀਆ ਸਾਥੋ ਲੈ ਲੈ ਤੇ ਜਾਂ ਖੁਰਾਕ ਜਿੰਨੀ ਮਰਜੀ ਹੈ ਰੋਜ ਖਾ ਦੁੱਧ, ਘਿਉ, ਬਾਦਾਮ, ਹੁਣੇ ਹੀ ਸੋਚ ਕੇ ਦਸ ਜੋ ਤੇਰਾ ਦਿਲ ਮੰਗੇ ਦਸ ਦੇ।" ਮੇਰੇ ਦਿਲ ਵਿੱਚ ਇੱਕ ਗੱਲ ਆਈ ਕਿ ਜੇ ਮੈ ਕਪੜੇ ਚੰਗੇ ਮੰਗ ਲਏ ਤੇ ਸ਼ਰੀਰ ਵਿੱਚ ਤਾਕਤ ਨਾ ਹੋਈ ਤੇ ਜਿਸਦਾ ਜੀ ਕਰੇ ਚਪੇੜ ਮਾਰ ਕੇ ਕਪੜੇ ਖੋਹ ਲਵੇਗਾ, ਮਨਾਂ ਤੂੰ ਸਭ ਤੋ ਮਾੜਾ ਹੈ ਖੁਰਾਕ ਮੰਗ ਲੈ ਕਪੜੇ ਤੇ ਸੰਤਾਂ ਆਪੇ ਮਾੜੇ ਚੰਗੇ ਦੇ ਹੀ ਦੇਣੇ ਹਨ ਇਹ ਗੱਲ ਸੋਚ ਕੇ ਮੈ ਅਰਜ ਕੀਤੀ, "ਮਹਾਰਾਜ ਦੀ ਮੈਨੂੰ ਖੁਰਾਕ ਦੀ ਲੋੜ ਹੈ।" ਸੰਤ ਬੜੇ ਖੁਸ਼ ਹੋਏ। ਸਵੇਰੇ ਪੀਪਾ ਘਿਉ ਦਾ, ਤੇ ਦਸ ਸੇਰ ਬਾਦਾਮ ਮਿਲ ਗਏ ਤੇ

ਹੁਕਮ ਹੋਇਆ ਕਿ ਮੱਝਾਂ ਚੋਇਆ ਕਰ ਤੇ ਰੱਜ ਕੇ ਧਾਰਾਂ ਲਿਆ ਕਰ, ਅੰਮ੍ਰਿਤ ਵੇਲੇ ਨਹਾ ਕੇ ਤੇਲ ਮਲ ਕੇ ਖੂਬ ਡੰਡ ਬੈਠਕਾਂ ਕੱਢਿਆ ਕਰ ਤੇ ਦੋ ਮੀਲ ਦੌੜ ਵੀ ਲਾਇਆ ਕਰ। ਮੈ ਇਸੇ ਤਰ੍ਹਾਂ ਹੀ ਕਰਨਾ, ਸੰਤਾਂ ਨੇ ਮੈਨੂੰ ਸਾਧਾਂ ਤੋ ਅਲਗ ਕਰਕੇ ਘੁਲਣ ਦੀ ਜਾਚ ਦੱਸਣੀ, ਇੱਕ ਦੋ ਮਹੀਨਿਆਂ ਵਿੱਚ ਮੇਰਾ ਸ਼ਰੀਰ ਚੰਗਾ ਬਣ ਗਿਆ ਤੇ ਸੰਤਾਂ ਮੈਨੂੰ ਭਗਵਾਨ ਸਿੰਘ ਨਾਲ ਘੋਲ ਡਾਹਿਆ ਤੇ ਉਸਨੇ ਮੈਨੂੰ ਢਾਹ ਲਿਆ। ਸਾਧਾਂ ਨੇ ਮਖੌਲ ਕਰਨੇ ਸ਼ੁਰੂ ਕਰ ਦਿੱਤੇ ਮੈਂ ਰੋਣ ਲਗ ਪਿਆ। ਸੰਤਾਂ ਨੇ ਮੈਨੂੰ ਬਾਹੋਂ ਫੜ ਕੇ ਹੌਸਲਾ ਦਿੱਤਾ ਫਿਰ ਮੈਂ ਮਿਹਨਤ ਕਰਦਾ ਰਿਹਾ, ਇੱਕ ਮਹੀਨੇ ਬਾਆਦ ਸੰਤਾਂ ਨੇ ਫਿਰ ਭਗਵਾਨ ਸਿੰਘ ਨਾਲ ਘੋਲ ਮੈਨੂੰ ਡਾਹ ਦਿੱਤਾ।, ਵਾਹਵਾ ਚਿਰ ਘੁਲਦੇ ਰਹੇ ਆਖਰ ਉਸ ਦੀਆਂ ਬਾਹਵਾਂ ਥੱਕ ਗਈਆਂ ਤੇ ਮੈ ਉਸਨੂੰ ਢਾਹ ਲਿਆ, ਫਿਰ ਮੇਰਾ ਦਿਲ ਵੱਧ ਗਿਆ, ਮੈ ਖੂਬ ਕਸਰਤ ਕਰਨੀ ਤੇ ਖੁਰਾਕ ਖਾਣੀ ਗੱਲ ਕੀ ਇੱਕ ਸਾਲ ਦੇ ਵਿੱਚ ਵਿੱਚ ਮੈ ਬੰਦੇ ਦੇ ਜ਼ੋਰ ਦਾ ਹੋ ਗਿਆ।

ਜਿਸ ਡੇਰੇ ਤੇ ਸਾਡਾ ਕਬਜਾ ਸੀ ਇਹ ਡੇਰਾ (ਗੁਰਦੁਵਾਰਾ) ਮਹੰਤ ਕਿਰਪਾ ਸਿੰਘ ਦਾ ਸੀ ਇਸ ਮਹੰਤ ਦਾ ਬਹੁਤ ਪ੍ਰਤਾਪ ਸੀ। ਇਹ ੩੬੬ ਗੁਰਦੁਵਾਰਿਆ ਦਾ ਮਾਲਕ ਸੀ ਅੰਗਰੇਜਾਂ ਦੇ ਵਕਤ ਇਸਨੂੰ ਕਚਹਿਰੀ ਵਿੱਚ ਕੁਰਸੀ ਮਿਲਦੀ ਸੀ। ਇਸਦੀ ਬਹੁਤ ਮਾਨਤਾ ਸੀ। ਸਾਨੂੰ ਪਿੰਡ ਵਾਲਿਆਂ ਨੇ ਇਸ ਗੁਰਦੁਵਾਰੇ ਵਿੱਚ ਬਿਠਾ ਦਿੱਤਾ। ਇਹ ਜ਼ਮੀਨ, ਤਿੰਨਾਂ ਪਿੰਡਾਂ ਦੀ ਦੋ ਮੁਰੱਬੇ ਇਸ ਗੁਰਦੁਵਾਰੇ ਦੇ ਨਾਮ ਸੀ। ਪਿੰਡਾਂ ਦੇ ਨਾਮ ਹਨ। (੧) ਸਿੰਘਾਂ ਜਰਮੀਆਂ (੨) ਵਿੱਚਲੀਆ ਜਰਮੀਆ (੩) ਝੰਡੇ ਜਰਮੀਆਂ। ਇਹਨਾਂ ਤਿੰਨਾਂ ਪਿੰਡਾਂ ਦੇ ਲੋਕ ਸੁੱਖੇ ਦੇ ਬੜੇ ਅਮਲੀ ਸਨ। ਮਹੰਤ ਕਿਰਪਾ ਸਿੰਘ ਨੇ ਸਾਡੇ ਤੇ ਮੁਕੱਦਮਾ ਚਲਾ ਦਿੱਤਾ। ਜਿਲ੍ਹਾ ਗੁਰਦਾਸ ਪੁਰ ਵਿੱਚ। ਇਹ ਲੋਕ ਕੁਝ ਸਾਡੇ ਵੱਲ ਸਨ ਤੇ ਕੁਝ ਮਹੰਤ ਕਿਰਪਾ ਸਿੰਘ ਵੱਲ। ਸਾਡੀ ਇਹਨਾਂ ਲੋਕਾਂ ਨਾਲ ਹਰ ਸਾਲ ਲੜਾਈ (ਫੌਜਦਾਰੀ) ਹੋਣੀ ਪਰ ਇਹਨਾਂ ਨੇ ਹਰ ਵਾਰੀ ਕੁੱਟ ਖਾ ਕੇ ਜਾਣਾ। ਅੱਗੇ ਸੰਨ ੧੯੨੭ ਵਿੱਚ ਤਰਨ ਤਾਰਨ ਸਾਹਿਬ ਅਕਾਲੀਆਂ ਦੀ ਤੇ ਨਾਮਧਾਰੀਆਂ ਦੀ ਬੜੀ ਜਬਰਦਸਤ ਲੜਾਈ ਹੋਈ ਤੇ ਦੂਸਰੀ ਮੱਸਿਆ ਤੇ ਫਿਰ ਬਹੁਤ ਇੱਕੱਠ ਹੋਇਆ ਦੋਵਾਂ ਧੜਿਆਂ ਦਾ। ਸਾਡੇ ਸੰਤ ਵੀ ਸਾਰਾ ਜੱਥਾ ਲੈ ਕੇ ਤਰਨ ਤਾਰਨ ਸਾਹਿਬ ਨੂੰ ਤਿਆਰ ਹੋਏ ਤੇ ਸਾਨੂੰ ਕਹਿਣ ਲਗੇ, "ਡੇਰਾ ਤੇਰੇ ਸਪੁਰਦ ਹੈ, ਕਿਸੇ ਨਾਲ ਲੜਨਾਂ ਨਹੀ।" ਛੇ ਸਾਧ ਮੇਰੇ ਪਾਸ ਹੋਰ ਛੱਡ ਗਏ; ਮਹੀਨਾਂ ਭਾਦਰੋਂ ਦਾ ਸੀ। ਜਦ ਸੰਤ ਚਲੇ ਗਏ ਤਾਂ ਦੂਸਰੀ ਪਾਰਟੀ ਨੇ ਮੌਕਾ ਵੇਖ ਕੇ ੨੩ ਬੰਦੇ ਆ ਗਏ, ਨਾਲੇ ਤੇ ਡੰਗਰ ਲਿਆ ਕੇ ਸਾਡੀ ਮੱਕੀ ਵਿੱਚ ਛੱਡ ਦਿੱਤੇ ਤੇ ਨਾਲੇ ਸਾਨੂੰ ਗਾਲ੍ਹਾਂ ਕੱਢਣ, ਇਹਨਾਂ ਵਿੱਚ ਇੱਕ ਬੰਦਾ ਏਡਾ ਜੁਵਾਨ ਸੀ ਕਿ ਉਹ ਇੱਕੱਲਾ ਹੀ ਸਾਡੇ ਸੱਤਾਂ ਨਾਲੋ ਤਕੜਾ ਸੀ। ਇਹਨਾਂ ਤਿੰਨਾਂ ਪਿੰਡਾਂ ਵਿੱਚੋ ਇਸਦੇ

ਸਾਹਮਣੇ ਕੋਈ ਨਹੀ ਸੀ ਹੁੰਦਾ। ਮੈਂ ਇੱਕ ਸਾਧ ਨੂੰ ਭੇਜਿਆ ਕਿ ਜਾਕੇ ਉਹਨਾਂ ਦੇ ਡੰਗਰ ਮੱਕੀ ਵਿੱਚੋਂ ਕੱਢੇ। ਤੇ ਜਦ ਉਹ ਗਿਆ ਉਹਨਾਂ ਨੇ ਸਾਧ ਨੂੰ ਮਾਰਿਆ ਤੇ ਗਾਲ੍ਹਾਂ ਕੱਢੀਆਂ, ਫਿਰ ਅਸਾਂ ਸੋਚਿਆ ਕਿ ਹੁਣ ਅਸਾਂ ਤਾਂ ਮਰ ਜਾਣਾਂ ਹੈ। ਕਿਉਂ ਨਾ ਲੜ ਕੇ ਮਰਿਆ ਜਾਏ। ਕਮ ਸੇ ਕਮ ਗਿਣਤੀ ਵਿੱਚ ਸਾਡਾ ਨਾਂ ਤੇ ਹੋਵੇਗਾ। ਅਸੀ ਅਪਣੇ ਸ਼ਸਤਰ ਲੈ ਕੇ ਤੁਰੇ ਤਾਂ ਕੁੱਤਾ ਭੌਕਿਆ, ਕੁੱਤਾ ਬੂਲ੍ਹੀ ਨਸਲ ਦਾ ਸੀ, ਅਸੀ ਇਸਨੂੰ ਵੀ ਨਾਲ ਲੈ ਲਿਆ, ਜਦੋਂ ਗੁਰਦੁਵਾਰੇ ਤੋਂ ਬਾਹਰ ਨਿਕਲੇ ਤਾਂ ਬੂਹੇ ਦੇ ਅੱਗੇ ਪਿੱਪਲ ਸੀ; ਉਸ ਪਿੱਪਲ ਦੇ ਨਾਲ ਇੱਕ ਬਾਂਦਰ ਬੱਧਾ ਹੋਇਆ ਸੀ। ਇਸ ਬਾਂਦਰ ਤੇ ਕੁੱਤੇ ਨੂੰ ਮੈ ਬੜੇ ਪ੍ਰੇਮ ਨਾਲ ਪਾਲਿਆ ਹੋਇਆ ਸੀ। ਮੈਂ ਸੋਚਿਆ ਕਿ ਅਸਾਂ ਤੇ ਅੱਜੱ ਮਰ ਜਾਣਾਂ ਹੈ ਬਾਂਦਰ ਬੱਧਾ ਮਰ ਜਾਏਗਾ, ਇਹ ਸੋਚ ਕੇ ਬਾਂਦਰ ਦੇ ਗਲੋਂ ਵੀ ਸੰਗਲੀ ਲਾਹ ਦਿੱਤੀ। ਇਹ ਦੋਵੇ ਜਾਨਵਰ ਬਾਂਦਰ ਤੇ ਕੁੱਤਾ ਵੀ ਸਾਡੇ ਨਾਲ ਨਾਲ ਚਲ ਪਏ ਮੈ ਰਸਤੇ ਵਿੱਚ ਸਾਥੀਆਂ ਨੂੰ ਆਖਿਆ ਕਿ ਸਾਰੇ ਇੱਕੱਠੇ ਹੋ ਕੇ ਇੰਦਰ ਸਿੰਘ ਪਹਿਲਵਾਨ ਦੇ ਗੱਲ ਪੈ ਜਾਈਏ, ਮੇਰੇ ਹਥੱ ਵਿੱਚ ਕਿਰਪਾਨ ਸੀ ਬਾਕੀ ਕਿਸੇ ਕੋਲ ਟਕੂਆ ਕਿਸੇ ਕੋਲ ਲਾਠੀ ਸਾਡੇ ਇੱਕ ਸਿੰਘ ਕੋਲ਼ ਛਵੀ ਸੀ ਜੋ ਡਾਂਗ ਨੂੰ ਲਗਾਈ ਹੋਈ ਸੀ, ਅਸੀ ਸਾਰੇ ਇੱਕੱਠੇ ਹੋ ਕੇ ਇੰਦਰ ਸਿੰਘ ਪਹਿਲਵਾਨ ਵਲ ਤੁਰੇ, ਜੈ ਕਾਰਾ ਬੁਲਾਇਆ ਤੇ ਲਲਕਾਰੇ ਮਾਰੇ, ਅਗੋਂ ਉਹਨਾਂ ਨੇ ਵੀ ਲਲਕਾਰੇ ਮਾਰੇ ਤੇ ਸਾਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਮੈ ਵੀ ਗਾਲ੍ਹ ਕੱਢੀ ਤੇ, "ਆਖਿਆ ਜਾਈ ਨਾ ਜੇ ਬੰਦੇ ਦਾ ਪੁੱਤ ਹੈ ਤੇਂ" ਮੈ ਜਾਂਦਿਆ ਹੀ ਇੰਦਰ ਸਿੰਘ ਤੇ ਕਿਰਪਾਨ ਦਾ ਵਾਰ ਕਰ ਦਿੱਤਾ ਉਸਨੇ ਅੱਗੇ ਸੋਟਾ ਕਰ ਦਿੱਤਾ, ਸੋਟੇ ਨੂੰ ਵੱਢ ਕੇ ਕਿਰਪਾਨ ਤਿੰਨ ਇੰਚ ਮੋਢੇ ਵਿੱਚ ਜਾ ਖੁਭੀ ਤੇ ਉਸਦੇ ਭਤੀਜੇ ਦਲੀਪੇ ਨੇ ਮੈਨੂੰ ਡਾਂਗ ਮਾਰੀ, ਡਾਂਗ ਮੇਰੇ ਮੱਥੇ ਵਿੱਚ ਵੱਜੀ ਮੈ ਡਿੱਗ ਪਿਆ ਤੇ ਬਾਂਦਰ ਮੇਰੇ ਉਤੇ ਖੜਾ ਹੋ ਗਿਆ, ਜਿਹੜਾ ਮੈਨੂੰ ਮਾਰਨ ਲਗੇ ਬਾਂਦਰ ਉਸਦੇ ਮੂੰਹ ਨੂੰ ਪੈ ਜਾਵੇ ਤੇ ਚੰਬੜ ਜਾਏ; ਮੇਰੇ ਲਾਗੇ ਡਰਦਾ ਕੋਈ ਨਾ ਆਵੇ। ਉਧਰ ਕੁੱਤੇ ਨੂੰ ਇੱਕ ਬੰਦੇ ਨੇ ਸੋਟਾ ਅਚਾਨਕ ਹੀ ਮਾਰ ਦਿੱਤਾ ਕੁੱਤੇ ਦੇ ਲੱਕ ਦੀ ਸੰਗਲੀ ਟੁੱਟ ਗਈ, ਕੁੱਤਾ ਮਾਰਕੇ ਛਾਲ ਫੌਜੂ ਦੀਆਂ ਰਗਾਂ ਨੂੰ ਚੰਬੜ ਗਿਆ, ਕੁੱਤਾ ਵੀ ਮਰ ਗਿਆ ਤੇ ਫੌਜੂ ਵੀ ਮਰ ਗਿਆ। ਇਧਰ ਮੈਨੂੰ ਹੋਸ਼ ਆਈ ਤੇ ਮੈ ਖੜਾ ਹੋ ਕੇ ਵੇਖਿਆ ਤੇ ਮੇਰੇ ਨਾਲ ਦੇ ਕੁਝ ਘਾਬਰੇ, ਮੈ ਉੱਠ ਕੇ ਲਲਕਾਰਾ ਮਾਰਿਆ ਬਾਂਦਰ ਮੇਰੇ ਨਾਲ ਸੀ ਬਾਂਦਰ ਨੇ ਸਾਰੇ ਬੰਦੇ ਜਖਮੀ ਕਰ ਦਿੱਤੇ, ਸਾਡੇ ਲਾਗੇ ਕੋਈ ਨਾ ਆਵੇ, ਦਲੀਪੇ ਦੀ ਲੱਤ ਵੱਢੀ ਗਈ ਉਹ ਡਿੱਗ ਪਿਆ, ਬਾਕੀ ਸਾਰੇ ਭੱਜ ਗਏ। ਮੈ ਨਾਲ ਦਿਆਂ ਨੂੰ ਕਿਹਾ ਤੰਗੜੇ ਹੋਵੋ ਇੰਦਰ ਸਿੰਘ ਨਾ ਜਾਏ ਅੱਜ। ਅਸੀ ਸਾਰੇ ਫਿਰ ਪਹਿਲਵਾਨ ਦੇ ਗੱਲ ਪੈ ਗਏ। ਮੈ ਇੰਦਰ ਸਿੰਘ ਦੇ ਸਿਰ ਦੇ ਵਾਲ ਫੜ

ਲਏ ਤੇ ਮੇਰੇ ਸਾਥੀ ਕੁੱਟਣ ਲੱਗ ਪਏ ੧੪ ਜਖਮ ਤਲਵਾਰ ਦੇ ਲੱਗੇ ਫਿਰ ਵੀ ਨਾ ਡਿੱਗੇ ਆਖਰ ਉਸਦੀ ਲੱਤ ਤੋੜੀ ਤੇ ਫਿਰ ਡਿੱਗਾ। ਅਸਾਂ ਰੱਜ ਕੇ ਕੁੱਟਿਆ ਫਿਰ ਉਹ ਲੰਮਾਂ ਪੈ ਗਿਆ, ਦੀਪਾ ਅੱਗੇ ਹੀ ਡਿੱਗਾ ਹੋਇਆ ਸੀ, ਬਾਕੀ ਸਾਰੇ ਭੱਜ ਗਏ ਸੀ। ਇਹਨਾ ਜਾ ਕੇ ਪਿੰਡਾਂ ਵਿੱਚ ਖਬਰ ਦਿੱਤੀ ਕਿੰ, "ਸਾਧਾਂ ਨੇ ਇੰਦਰ ਸਿੰਘ ਭਲਵਾਨ ਨੂੰ ਤੇ ਦਲੀਪੇ ਨੂੰ ਵੱਢ ਦਿੱਤਾ ਹੈ ਅਸੀ ਭੱਜ ਕੇ ਬਚੇ ਹਾਂ।" ਪਿੰਡਾਂ ਵਿੱਚ ਰੌਲਾ ਪੈ ਗਿਆ, ਤਿੰਨੇ ਪਿੰਡ ਇੱਕੱਠੇ ਹੋ ਗਏ, ਢੋਲ ਵੱਜਣ ਲੱਗ ਪਿਆ। ਤਿੰਨ ਕੁ ਸੌ ਆਦਮੀ ਚੱਲ ਪਿਆ, ਢੋਲ ਵਜਦਾ ਆਵੇ। ਮੇਰੇ ਨਾਲਦੇ ਸਾਧ ਸਾਰੇ ਭੱਜ ਗਏ, ਮੈ ਇੱਕੱਲਾ ਹੀ ਡੇਰੇ ਰਹਿ ਗਿਆ ਜਦੋਂ ਮੈ ਲੋਕਾਂ ਨੂੰ ਆਉਂਦਿਆਂ ਵੇਖਿਆ ਤੇ ਮੈਂ ਵੀ ਭੱਜ ਕੇ ਕਮਾਦ ਵਿੱਚ ਲੁਕ ਕੇ ਬੈਠ ਗਿਆ, ਉਸ ਹਜੂਮ ਵਿੱਚ ਨੰਬਰਦਾਰ ਉਜਾਗਰ ਸਿੰਘ ਵੀ ਸੀ। ਉਹ ਸਾਡੀ ਤਰਫ ਸ਼ੀ, ਉਹ ਸਭ ਤੋਂ ਪਹਿਲਾਂ ਘੋੜੀ ਭਜਾ ਕੇ ਸਾਡੇ ਡੇਰੇ ਆਇਆ। ਮੈ ਕਮਾਦ ਵਿੱਚੋਂ ਨਿਕਲ ਕੇ ਉਸਨੂੰ ਮਿਲਿਆ ਉਹ ਮੈਨੂੰ ਕਹਿਣ ਲੱਗਾ, "ਤੂੰ ਛੇਤੀ ਕਮਾਦ ਵਿੱਚ ਲੁਕ ਜਾ, ਤੈਨੂੰ ਲੋਕੀ ਮਾਰ ਦੇਣਗੇ।" ਮੈ ਫਿਰ ਲੁਕ ਕੇ ਬੈਠ ਗਿਆ। ਲੋਕ ਆਏ ਤਾਂ ਨੰਬਰਦਾਰ ਨੇ ਆਖਿਆ ਕਿ "ਡੇਰੇ ਅੰਦਰ ਨਾ ਵੜਿਓ ਸਾਧ ਭੱਜ ਗਏ ਹਨ, ਜੇ ਤੁਸੀ ਡੇਰੇ ਦੇ ਅੰਦਰ ਵੜੇ ਤਾਂ ਡਾਕੇ ਦਾ ਮੁਕਦਮਾਂ ਬਣ ਜਾਏਗਾ, ਚਲੋ, ਜਿਹੜੇ ਬੰਦੇ ਵੱਢੇ ਹਨ ਉਹਨਾਂ ਨੂੰ ਚੁੱਕ ਕੇ ਲੈ ਚਲੀਏ। ਉਹਨਾਂ ਨੇ ਦੋ ਬੰਦੇ ਪੁਲਸ ਵੱਲ ਭਜਾ ਦਿੱਤੇ ਇੱਕ ਮੀਲ ਤੇ ਚੌਕੀ ਸੀ ਝੱਟ ਪੁਲਸ ਆ ਗਈ, ਥਾਣੇਦਾਰ ਨੇ ਮੌਕਾ ਦੇਖਿਆ ਤੇ ਜਿਹੜਾ ਬੰਦਾ ਕੁੱਤੇ ਨੇ ਮਾਰਿਆ ਸੀ, ਤੇ ਕੁੱਤੇ ਦਾ ਮੂੰਹ ਅੱਜੇ ਵੀ ਉਸਦੀਆਂ ਰਗਾਂ ਵਿੱਚ ਫਸਿਆ ਹੋਇਆ ਸੀ ਤੇ ਕੁੱਤਾ ਵੀ ਮਰਿਆ ਪਿਆ ਸੀ। ਨੰਬਰਦਾਰ ਨੇ ਸਹੀ ਮੌਕਾ ਥਾਣੇਦਾਰ ਪਾਸੋਂ ਲਿਖਵਾਇਆ ਕਿ ਫੌਜੂ ਨੂੰ ਕੁੱਤੇ ਨੇ ਮਾਰਿਆ ਤੇ ਕੁੱਤੇ ਨੂੰ ਫੌਜੂ ਨੇ ਮਾਰਿਆ ਹੈ। ਇਹਨਾਂ ਵਿੱਚ ਕਿਸੇ ਦੂਜੇ ਬੰਦੇ ਦਾ ਹੱਥ ਨਹੀ। ਇੰਦਰ ਸਿੰਘ ਤੇ ਦੀਪੇ ਨੂੰ ਚੁੱਕ ਕੇ ਮੰਜਿਆਂ ਤੇ ਪਾਇਆ ਤੇ ਥਾਣੇ ਲੈ ਗਏ। ਫੌਜੂ ਦੀ ਲਾਸ਼ ਦੇ ਨਾਲ ਹੀ ਕੁੱਤੇ ਨੂੰ ਨੰਬਰਦਾਰ ਨੇ ਚੁਕਵਾ ਕੇ ਨੈਣੇ ਕੋਟ ਥਾਣੇ ਪੁਚਾ ਦਿੱਤਾ ਨਾਲ ਖੁਦ ਆਪ ਗਿਆ ਤੇ ਡਾਕਟਰ ਕੋਲੋ ਲਿਖਵਾ ਦਿੱਤਾ ਕਿ ਫੌਜੂ ਨੂੰ ਕਿਸੇ ਬੰਦੇ ਨੇ ਨਹੀਂ ਮਾਰਿਆ ਨਾ ਹੀ ਕੋਈ ਚੋਟ ਦਾ ਨਿਸ਼ਾਨ ਹੈ ਕੁੱਤੇ ਨੇ ਹੀ ਫੌਜੂ ਨੂੰ ਮਾਰਿਆ ਹੈ ਕਿਉਕਿ ਉਸਦੇ ਗਲੇ ਵਿੱਚ ਜਖਮ ਹੈ ਤੇ ਕੁੱਤੇ ਦਾ ਲੱਕ ਟੁੱਟਾ ਹੈ ਡਾਂਗ ਵੱਜ ਕੇ, ਮੁਕੱਦਮਾ ਬਰਾਬਰ ਹੋ ਗਿਆ। ਇਹ ਸਾਰੀ ਮਿਹਰ ਨੰਬਰਦਾਰ ਉਜਾਗਰ ਸਿੰਘ ਦੀ ਸੀ। ਇੰਦਰ ਸਿੰਘ ਤੇ ਦਲੀਪਾ ਵੀ ਹਸਪਤਾਲ ਵਿੱਚ ਦਾਖਲ ਕੀਤੇ ਗਏ। ਦੀਪੇ ਦੀ ਲੱਤ ਦੀ ਹੱਡੀ ਵੱਢੀ ਹੋਈ ਸੀ ਡਾਕਟਰ ਨੇ ਸਾਡੇ ਤੇ ੩੨੬, ੩੨੫, ੩੨੪, ੩੨੩, ੧੪੭ ਦਾ ਬਲਵਾ ਲਾ ਦਿੱਤਾ। ਇਹ ਪੰਜ ਦਫਾ ਸਾਡੇ ਤੇ ਲੱਗੀਆ।

ਪੁਲਸ ਸਾਧਾਂ ਨੂੰ ਫੜ੍ਹਨ ਵਾਸਤੇ ਗੁਰਦੁਵਾਰੇ ਆਈ ੭ ਸਿਪਾਹੀ ਤੇ ਇੱਕ ਹਵਾਲਦਾਰ ਹਜ਼ੂਰਾ ਸਿੰਘ ਡੋਗਰਾ, ਅੱਗੇ ਸਾਧ ਕੋਈ ਡੇਰੇ ਨਹੀਂ ਸੀ ਸਾਰੇ ਭੱਜ ਗਏ ਸਨ, ਸਿਰਫ ਮੈ ਹੀ ਇੱਕੱਲਾ ਡੇਰੇ ਸਾਂ। ਹਵਾਲਦਾਰ ਨੇ ਮੈਨੂੰ ਪੁਛਿਆ, "ਤੇਰਾ ਨਾਮ ਕੀ ਹੈ।" ਮੈ ਦੱਸਿਆ, "ਮੇਰਾ ਨਾਮ ਅਮਰ ਸਿੰਘ ਹੈ, ਮੈਂ ਮੱਥੇ ਤੇ ਪੱਟੀ ਬੱਧੀ ਹੋਈ ਸੀ ਲਹੂ ਵੀ ਥੋੜਾ ਥੋੜਾ ਵਗਦਾ ਸੀ। ਮੈਨੂੰ ਹਵਾਲਦਾਰ ਨੇ ਪੁਛਿਆ, "ਤੇਰੇ ਮੱਥੇ ਵਿੱਚ ਕੀ ਵੱਜਾ ਹੈ।" ਮੈ ਜੁਵਾਬ ਦਿੱਤਾ, "ਮੈਨੂੰ ਘੋੜੇ ਨੇ ਦੁਲੱਤਾ ਮਾਰਿਆ ਹੈ।" ਲਾਗੋਂ ਦੁਸਮਣਾਂ ਨੇ ਆਖਿਆ, "ਝੂਠ ਬੋਲਦਾ ਹੈ, ਕੱਲ ਜਦੋਂ ਲੜਦਾ ਸੀ ਉਸ ਵਕਤ ਇਸਨੂੰ ਦਲੀਪੇ ਨੇ ਡਾਂਗ ਮਾਰੀ ਸੀ।" ਮੈ ਉੱਤਰ ਦਿੱਤਾ, "ਸਾਡੀ ਤੇ ਲੜਾਈ ਹੀ ਕਿਸੇ ਨਾਲ ਨਹੀਂ ਹੋਈ ਨਾ ਕੋਈ ਸਾਧ ਡੇਰੇ ਹੈ ਮੈ ਇੱਕੱਲਾ ਹੀ ਡੇਰੇ ਹਾਂ। ਸੰਤ ਸਾਰੇ ਸਾਧਾਂ ਨੂੰ ਨਾਲ ਲੈ ਕੇ ਜਿਲ੍ਹਾ ਅੰਮ੍ਰਿਤਸਰ ਗਏ ਹੋਏ ਹਨ, ਇਹ ਲੋਕ ਝੂਠ ਬੋਲਦੇ ਹਨ ਸਾਡੀ ਕਿਸੇ ਨਾਲ ਲੜਾਈ ਨਹੀ ਹੋਈ ਨਾ ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਹੈ। ਫਿਰ ਮੈਨੂੰ ਹਵਾਲਦਾਰ ਨੇ ਆਖਿਆ, "ਜਿਨ੍ਹਾ ਹਥਿਆਰਾਂ ਨਾਲ ਤੁਸਾਂ ਜੱਟਾਂ ਨੂੰ ਵੱਢਿਆ ਹੈ ਉਹ ਸਭ ਹਥਿਆਰ ਮੈਨੂੰ ਦੇ ਤੇ ਨਾਲੇ ਦੱਸ ਤੇਰੇ ਨਾਲ ਦੇ ਬਾਕੀ ਸਾਧ ਕਿੱਥੇ ਹਨ; ਛੇਤੀ ਦੱਸ।" ਮੈ ਆਖਿਆ, "ਜੀ ਮੈਨੂੰ ਕੋਈ ਪਤਾ ਨਹੀ ਸਾਧ ਕਿੱਥੇ ਗਏ ਹਨ।" ਬਸ ਮੇਰੀ ਇੰਨੀ ਗੱਲ ਕਹਿਣ ਦੀ ਦੇਰ ਸੀ ਕਿ ਹਵਾਲਦਾਰ ਨੇ ਮੈਨੂੰ ਸੋਟੀਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ, ਮੈ ਖੜਾ ਰਿਹਾ ਉਸਨੇ ਮਾਰ ਮਾਰ ਕੇ ਸੋਟੀਆਂ ਮੇਰੇ ਹੱਥਾਂ ਵਿੱਚੋਂ ਲਹੂ ਕੱਢ ਦਿਤੱਾ ਫਿਰ ਮੈਨੂੰ ਲੰਮਾਂ ਪਾ ਕੇ ਉਤੇ ਚੜ੍ਹਕੇ ਕੁੱਟਣਾ ਸ਼ੁਰੂ ਕੀਤਾ; ਮੈਂ ਚੁੱਪ ਕਰ ਰਿਹਾ, ਦੜ ਵੱਟ ਛੱਡੀ ਫਿਰ ਕਹਿਣ, "ਦੱਸ ਕਿਥੇ ਈ ਕਿਰਪਾਨ ਤੇ ਬਾਕੀ ਹਥਿਆਰ।" ਮੈ ਕਿਹਾ, "ਮੈਨੂੰ ਕੋਈ ਪਤਾ ਨਹੀ।" ਉਸਨੇ ਮੈਨੂੰ ਬਹੁਤ ਮਾਰਿਆ ਪਰ ਮੈਂ ਕੋਈ ਚੀਜ ਨਾ ਦਿੱਤੀ ਆਖੀਰ ਮੈਨੂੰ ਥਾਣੇ ਚੱਲਣ ਲਈ ਕਿਹਾ ਮੈ ਜਾਣ ਤੋਂ ਇਨਕਾਰ ਕਰ ਦਿੱਤਾ ਉਸਨੇ ਸਿਪਾਹੀਆਂ ਨੂੰ ਹੁਕਮ ਕੀਤਾ ਕਿ ਇਸਨੂੰ ਥਾਣੇ ਲੈ ਚਲੋ, ਮੈ ਅੜ ਗਿਆ, ਸਿਪਾਹੀਆਂ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ, ਮੈ ਲੰਮਾਂ ਪੈ ਗਿਆ। ਏਨੇ ਚਿਰ ਨੂੰ ਉਜਾਗਰ ਸਿੰਘ ਨੰਬਰਦਾਰ ਆ ਗਿਆ ਉਸਨੇ ਮੇਰੀ ਜਮਾਨਤ ਦੇ ਦਿੱਤੀ ਤੇ ਮੈਨੂੰ ਹਵਾਲਦਾਰ ਛੱਡ ਗਿਆ। ਨੰਬਰਦਾਰ ਨੇ ਕਿਹਾ, "੨੦ ਡੰਗਰ ਹਨ ਤੇ ੭ ਘੋੜੇ ਹਨ ਛੱਡਕੇ ਨਹੀ ਜਾ ਸਕਦਾ, ਜੇ ਤੁਸੀ ਇਸਨੂੰ ਲੈ ਗਏ ਤਾਂ ਸਾਰੇ ਡੇਰੇ ਦਾ ਜਿੰਮੇਵਾਰ ਕੌਣ ਹੋਵੇਗਾ। ਹਵਾਲਦਾਰ ਨੇ ਨੰਬਰਦਾਰ ਦੇ ਕਹਿਣ ਤੇ ਮੇਰੀ ਜਮਾਨਤ ਲੈ ਕੇ ਮੈਨੂੰ ਛੱਡ ਦਿੱਤਾ। ਤੇ ਰਾਤ ਮੈ ਇੱਕੱਲਾ ਹੀ ਰੋਂਦਾ ਰਿਹਾ, ਨਾ ਮੇਰੇ ਕੋਲੋ ਰੋਟੀ ਪੱਕੇ ਨਾ ਮੱਝਾਂ ਗਾਈਆਂ ਚੋਈਆਂ ਜਾਣ ਹੱਥਾਂ ਵਿੱਚੋਂ ਲਹੂ ਵਗੇ ਤੇ ਮੈਂ ਬੜਾ ਦੁਖੀ, ਨਾਲੇ ਮੈ ਭੁੱਖਾ, ਮੈ ਵੀ ਤੇ ਦੋ ਕੁੱਤੇ ਵੀ ਭੁੱਖੇ ਘਿਉ ਡੇਰੇ ਹੈ ਸੀ। ਮੈ ਆਟਾ ਘਿਓ ਵਿੱਚ ਭੁੰਨ ਕੇ ਕੁਝ ਆਪ

ਖਾਣਾ ਤੇ ਕੁਝ ਕੁੱਤਿਆਂ ਨੂੰ ਪਾਉਣਾਂ ਤੇ ਕੱਟੇ ਵੱਛੇ ਛੱਡ ਕੇ ਦੁੱਧ ਚੁੰਘਾ ਛਡਣਾਂ। ਦਿਨੇ ਫਿਰ ਦੋ ਸਿਪਾਹੀ ਮੇਰੇ ਕੋਲ ਆ ਗਏ ਸਾਰਾ ਦਿਨ ਮੇਰੇ ਕੋਲ ਰਹੇ ਤੇ ਰਾਤ ਨੂੰ ਫਿਰ ਚੌਕੀ ਵਿੱਚੋਂ ਚਲੇ ਗਏ ਏਸੇ ਤਰਾਂ ਪੰਜ ਦਿਨ ਗੁਜਾਰੇ. ਰੋਟੀ ਨਾ ਪਕੱਣੀ. ਹੱਥਾਂ ਤੇ ਜਖਮ ਸਨ ਆਟਾ ਭੁੰਨ ਕੇ ਗੁਜਾਰਾ ਕਰਨਾ ਤੇ ਡੰਗਰਾਂ ਨੂੰ ਫਸਲਾਂ ਵਿੱਚ ਛੱਡਕੇ ਰਜਾ ਲੈਣਾ। ਉਧੱਰ ਰਾਵੀ ਦਰਿਆ ਵਿੱਚ ਹੜ੍ਹ ਦਾ ਪਾਣੀ ਬਹੁਤ ਸੀ। ਤਕਰੀਬਨ ਤਿੰਨ ਤਿੰਨ ਮੀਲ ਤੱਕ ਪਾਣੀ ਹੀ ਪਾਣੀ ਫਿਰਦਾ ਸੀ ਚੌੜਾਈ ਵਿੱਚ। ਸੰਤ ਬੰਤਾ ਸਿੰਘ ਜੀ ਜਥੇ ਸਮੇ ਤ ਰਾਵੀ ਦੇ ਕੰਢੇ ਤੇ ਆ ਗਏ ਪਾਣੀ ਦਾ ਜ਼ੋਰ ਇੰਨਾ ਸੀ ਕਿ ਬੇੜੀ ਵੀ ਨਾ ਪਵੇ। ਦਰਿਆ ਦੇ ਕੰਢੇ ਇੱਕ ਪਕੀਵਾ ਨਾਮੀਂ ਪਿੰਡ ਸੀ ਸੰਤ ਰਾਤ ਨੂੰ ਉਸ ਪਿੰਡ ਚਲੇ ਗਏ ਲੋਕ ਇੱਕਠੇ ਹੋ ਕੇ ਸੰਤਾਂ ਕੋਲ ਆਏ ਤੇ ਸੰਤਾਂ ਨੂੰ ਦਸਿਆ ਕਿ ਡੇਰੇ ਬੜੀ ਲੜਾਈ ਹੋਈ ਹੈ। ਜਰਮੀਆਂ ਦੇ ਲੋਕਾਂ ਨਾਲ ਤਿੰਨ ਬੰਦੇ ਜਰਮੀਆਂ ਦੇ ਮਰ ਗਏ ਹਨ ਤੇ ਦੋ ਤੁਹਾਡੇ (ਅਮਰ ਸਿੰਘ ਤੇ ਬਹਾਦਰ ਸਿੰਘ) ਇਹ ਗੱਲ ਸੁਣ ਕੇ ਸੰਤਾਂ ਦੀ ਤਾਂ ਰਾਤ ਨਾ ਮੁੱਕੇ ਫਿਰ ਜਦ ਦਿਨ ਚੜ੍ਹਿਆ ਤੇ ਸੰਤ ਦਰਿਆ ਤੇ ਆਏ. ਪੱਤਣ ਦੂਰ ਸੀ ਤੇ ਸੰਤਾਂ ਨਾਲ ਇੱਕ ਸਾਡਾ ਗੁਰਭਾਈ ਸੀ ਇੰਦਰ ਸਿੰਘ ਉਹ ਬੜਾ ਦਰਿਆ ਦਾ ਤਾਰੂ ਸੀ। ਉਸਦਾ ਪਿੰਡ ਹੀ ਦਰਿਆ ਦੇ ਕੰਢੇ ਤੇ ਸੀ। ਦਰਿਆ ਵਿੱਚ ਸ਼ਤੀਰੀਆ ਰੁੜੀਆਂ ਜਾ ਰਹੀਆਂ ਸਨ ਉਸਨੇ ਇੱਕ ਸ਼ਤੀਰੀ ਫੜ ਕੇ ਸੰਤਾ ਨੂੰ ਉਸ ਸ਼ਤੀਰੀ ਤੇ ਬਿਠਾ ਕੇ ਤਾਰ ਕੇ ਪਾਰ ਲੈ ਆਂਦਾ ਸ਼ੰਤ ਬਿਲਕੁਲ ਤਰਨਾ ਨਹੀ ਜਾਣਦੇ ਸਨ। ਦੋਵੇਂ ਜਣੇ ਸਵੇਰੇ ੯ ਕੁ ਵਜੇ ਦੇ ਕਰੀਬ ਡੇਰੇ ਲਾਗੇ ਆ ਗਏ. ਮੈ ਕੋਠੇ ਚੜ੍ਹ ਕੇ ਦੇਖ ਰਿਹਾ ਸਾਂ ਕਿ ਮੇਰਾ ਵੀ ਕੋਈ ਦਰਦੀ ਆਵੇ. ਦੋ ਪੁਲਸ ਦੇ ਸਿਪਾਹੀ ਮੇਰੇ ਪਾਸ ਬੈਠੇ ਸਨ ਤੇ ਹਥਿਆਰਾਂ ਬਾਰੇ ਬਾਰ ਬਾਰ ਪੁਛੱਦੇ ਸਨ। ਮੈ ਉਹਨਾ ਨੂੰ ਆਖਿਆ ਕਿ ਮੈ ਬਾਹਰ ਜੰਗਲ ਬਹਿਣ ਜਾਣਾ ਹੈ ਇਸ ਬਹਾਨੇ ਮੈ ਗੁਰਦੁਵਾਰੇ ਤੋਂ ਬਾਹਰ ਆਇਆ ਤੇ ਅੱਗੇ ਮੈਨੂੰ ਸੰਤਾਂ ਦਾ ਦਰਸ਼ਨ ਹੋਇਆ. ਮੈਂ ਸੰਤਾਂ ਨੂੰ ਮਥੱਾ ਟੇਕਿਆ ਤੇ ਸੰਤਾਂ ਮੈਨੂੰ ਜੱਫੀ ਵਿੱਚ ਲੈ ਲਿਆ ਜਦੋ ਉਹਨਾਂ ਮੇਰੇ ਹੱਥਾਂ ਵਲ ਤੱਕਿਆ ਤਾਂ ਪੁੱਛਣ ਲਗੇ ਕਿ ਹੱਥਾਂ ਤੇ ਕੀ ਹੋਇਆ ਹੈ। ਏਨੀ ਗੱਲ ਸੰਤਾਂ ਨੇ ਕਹੀ ਤਾ ਮੇਰਾ ਉਚੀ ਉਚੀ ਰੋਣ ਨਿਕਲ ਗਿਆ। ਸੰਤਾਂ ਮੈਨੂੰ ਚੁੱਪ ਕਰਾਇਆ ਤੇ ਮੈ ਆਖਿਆ. "ਜੀ ਮੈਨੂੰ ਹਵਾਲਦਾਰ ਨੇ ਮਾਰਿਆ ਹੈ।" ਏਨੇ ਚਿਰ ਨੂੰ ਸਿਪਾਹੀ ਬਾਹਰ ਆ ਗਏ ਤੇ ਸੰਤਾਂ ਨੇ ਸਿਪਾਹੀਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਖੂਬ ਕੁੱਟੇ ਤੇ ਥੋੜੀ ਦੇਰ ਬਾਅਦ ਹਵਾਲਦਾਰ ਆ ਗਿਆ ਘੋੜੀ ਤੇ ਚੜ੍ਹ ਕੇ. ਸੰਤਾਂ ਦੇ ਹੱਥ ਵਿੱਚ ਡਾਂਗ ਸੀ. ਸੰਤਾਂ ਨੇ ਹਵਾਲਦਾਰ ਤੇ ਹਮਲਾ ਕਰ ਦਿੱਤਾ. ਦੋ ਤਿੰਨ ਸੋਟੇ ਵੱਜੇ ਸੀ ਕਿ ਹਵਾਲਦਾਰ ਘੋੜੀ ਤੇ ਚੜ੍ਹਿਆ ਚੜ੍ਹਿਆ ਹੀ ਘੋੜੀ ਭਜਾ ਕੇ ਲੈ ਗਿਆ। ਬਸ ਫਿਰ ਕੀ ਸੀ ਪੁਲਸ ਸਾਡੇ ਖਿਲਾਫ ਹੋ ਗਈ। ਡਾਕਟਰ ਨੇ ਸਾਡੇ ਤੇ ਕਈ ਦਫਾ

ਲਾਈਆਂ ਸੀ। ਅਸੀ ਤਿੰਨ ਬੰਦੇ ਹੱਕੀ ਫੜੇ ਗਏ ਸਾਂ, ਅਸੀ ਤਿੰਨੇ ਹੀ ਲੜਾਈ ਵਿੱਚ ਸ਼ਾਮਲ ਸਾਂ, ਸਾਨੂੰ ਨੈਣੇ ਕੋਟ ਦੇ ਥਾਣੇ ਵਿੱਚ ਲਿਜਾਇਆ ਗਿਆ। ਲਾਲਾ ਗੁਰਬਖਸ਼ ਥਾਣੇਦਾਰ ਸਾਡੇ ਖਿਲਾਫ ਸੀ। ਹਵਾਲਦਾਰ ਹਜੂਰਾ ਸਿੰਘ ਨੂੰ ਮਾਰਨ ਕਰਕੇ ਸਾਨੂੰ ਤੰਗ ਕਰਦਾ ਰਿਹਾ। ਥੋੜੇ ਦਿਨਾਂ ਬਾਅਦ ਫਿਰ ਸਾਡਾ ਚਲਾਨ ਕਰਕੇ ਗੁਰਦਾਸਪੁਰ ਜੇਲ੍ਹ ਵਿੱਚ ਭੇਜ ਦਿੱਤਾ। ਜੇਲ੍ਹ ਦੇ ਦਰਵਾਜੇ ਲਾਗੇ ਜਾ ਕੇ ਸਾਨੂੰ ਸੰਤਾਂ ਨੇ ਹੁਕਮ ਦਿੱਤਾ ਕਿ "ਜੇਲ੍ਹ ਦੀ ਰੋਟੀ ਨਾ ਖਾਇਓ, ਭਾਵੇਂ ਭੁੱਖੇ ਮਰਨਾਂ ਪਵੇ, ਚਾਹੇ ਤੁਹਾਨੂੰ ਕਿੰਨਾਂ ਵੀ ਜੇਲ੍ਹ ਦੇ ਹਾਕਮ ਕਹਿਣ ਪਰ ਤੁਸੀਂ ਰੋਟੀ ਨਾ ਖਾਇਓ।" ਸਾਨੂੰ ਜੇਲ੍ਹ ਵਿੱਚ ਲੈ ਗਏ, ਅਸਾਂ ਰੋਟੀ ਨਾ ਖਾਧੀ ਚਾਰ ਦਿਨ ਹੋ ਗਏ ਸਨ ਜੇਲ੍ਹ ਵਿੱਚ ਰੌਲਾ ਪੈ ਗਿਆ। ਉਧਰ ਸੰਤਾਂ ਨੇ ਡਿਪਟੀ ਪਾਸ ਦਰਖਾਸਤ ਲਿਖ ਕੇ ਦਿੱਤੀ ਕਿ, "ਅਸੀ ਨਾਮਧਾਰੀ ਪੰਥ ਦੇ ਬੰਦੇ ਹਾਂ ਅਸੀਂ ਅਪਣੇ ਹੱਥ ਦੀ ਰੋਟੀ ਪਕਾ ਕੇ ਖਾ ਸਕਦੇ ਹਾਂ ਜੀ, ਇਸ ਵਾਸਤੇ ਸਾਡੇ ਬੰਦੇ ਜਿਹਲ ਦੀ ਰੋਟੀ ਨਹੀਂ ਖਾਣਗੇ ਭਾਵੇਂ ਭੁੱਖੇ ਮਰ ਜਾਣ। ਡਿਪਟੀ ਦਾ ਨਾਮ ਉਦੈ ਚੰਦ ਸੀ ਬਹੁਤ ਚੰਗਾ ਸੀ, ਉਸਨੇ ਸਾਡੇ ਵਕੀਲ ਦਿਵਾਨ ਚੰਦ ਸੈਣੀ ਦੇ ਕਹਿਣ ਤੇ ਅਰਜ਼ੀ ਮਨਜੂਰ ਕਰ ਲਈ ਤੇ ਸਾਡੀ ਤਿੰਨਾਂ ਬੰਦਿਆਂ ਦੀ ਰੋਟੀ ਬਾਹਰੋਂ ਪੱਕ ਕੇ ਜਾਣੀ। ਸਾਡੇ ਵਾਸਤੇ ਅਪਣਾਂ ਵੱਖ ਲਾਂਗਰੀ ਲੱਗਾ ਸੀ, ਸਵੇਰੇ ੩ ਸੇਰ ਦੁੱਧ ਤੇ ਬਾਰਾਂ ਵਜੇ ਪਰਸ਼ਾਦੇ ਪਕਾ ਕੇ ਸਾਨੂੰ ਰੋਜ ਖੁਵਾਉਣੇ ਤੇ ਸ਼ਾਮ ਨੂੰ ਚਾਰ ਵਜੇ ਅੱਧ ਸੇਰ ਬਦਾਮਾਂ ਦੀ ਸ਼ਰਦਾਈ ਮਿਲਣੀ, ਪ੍ਰਸਾਦਾ ਅੱਠੀ ਪਹਿਰੀ ਛਕਦੇ ਸਾਂ। ਤਿੰਨ ਮਹੀਨੇ ਜੇਲ੍ਹ ਵਿੱਚ ਰਹੇ ਸੰਤਾਂ ਦਾ ਇਲਾਕੇ ਵਿੱਚ ਬਹੁਤ ਤਪ ਤੇਜ ਸੀ, ਉਹਨਾਂ ਤੋਂ ਡਰਕੇ ਕਿਸੇ ਗਵਾਹ ਨੇ ਚੰਗੀ ਤਰ੍ਹਾਂ ਗਵਾਹੀ ਹੀ ਨਾ ਦਿੱਤੀ, ਬਿਆਨ ਬਦਲ ਦਿੱਤੇ। ਸਾਡੀਆਂ ਜਮਾਨਤਾਂ ਹੋ ਗਈਆਂ ਤਿੰਨਾਂ ਮਹੀਨਿਆਂ ਪਿਛੋ, ਦਫਾ ਟੁੱਟ ਗਈ, ਫਿਰ ਕੁਝ ਚਿਰ ਮੁਕਦਮਾਂ ਚਲਿਆ, ਆਖਰ ਸੁਲ੍ਹਾ ਹੋ ਗਈ।

ਇੱਕ ਦਿਨ ਸਾਰੇ ਸਾਧਾਂ ਨੂੰ ਇੱਕੱਠਾ ਕਰਕੇ ਸੰਤਾਂ ਨੇ ਹੁਕਮ ਦਿੱਤਾ ਕਿ "ਸਾਜ ਵਜਾਉ ਤੇ ਪ੍ਰਮਾਤਮਾਂ ਦਾ ਹਰ ਜੱਸ ਗਾਉ।" ਮੈ ਢੋਲਕ ਵਜਾਉਣ ਲੱਗ ਪਿਆ ਤੇ ਬਾਕੀ ਸਾਜ ਸਾਧ ਵਜਾਉਣ ਲਗ ਪਏ ਤਕਰੀਬਨ ਦੋ ਘੰਟੇ ਕੀਰਤਨ ਹੁੰਦਾ ਰਿਹਾ। ਫਿਰ ਭੋਗ ਪਾਇਆ ਤੇ ਸੰਤਾਂ ਨੇ ਮੈਨੂੰ ਇੱਕ ਗੱਲ ਪੁੱਛੀ ਜੋ ਪਹਿਲਾਂ ਇੱਕ ਵਾਰ ਪੁੱਛੀ ਸੀ ਸੰਤ ਮੈਨੂੰ ਕਹਿਣ ਲਗੇ, "ਕਾਕਾ, ਜਦੋ ਤੂੰ ਸਾਡੇ ਨਾਲ ਆਇਆ ਸੀ, ਉਸ ਵਕਤ ਤੈਨੂੰ ਅਸਾਂ ਪੁੱਛਿਆ ਸੀ ਕਿ ਤੂੰ ਕਿੱਥੇ ਜਾਣਾਂ ਹੈ, ਤੂੰ ਕਿਹਾ ਸੀ, "ਜਿਥੇ ਤੁਸਾਂ ਜਾਣਾਂ ਹੈ ਉਥੋਂ ਹੀ ਜਾਣਾ ਹੈ।" ਫਿਰ ਅਸਾਂ ਪੁੱਛਿਆ ਸੀ ਕਿ "ਤੇਰੇ ਮਾਤਾ ਪਿਤਾ ਕਿੱਥੇ ਹਨ।" ਤੇ ਤੂੰ ਉੱਤਰ ਦਿੱਤਾ ਸੀ, "ਮੇਰੇ ਮਾਤਾ ਪਿਤਾ ਤੁਸੀ ਹੋ ਹੋਰ ਕੋਈ ਨਹੀ।" ਤੇ ਅਸਾਂ ਤੈਨੂੰ ਕਿਹਾ ਸੀ, "ਤੂੰ ਸਾਨੂੰ ਪੁੱਤਰ ਬਣ ਕੇ ਵਖਾਈਂ ਤੇ ਅਸੀ ਪਿਤਾ ਬਣ ਕੇ

ਵਿਖਾਵਾਂਗੇ, ਅੱਜ ਅਸੀ ਤੇਰੇ ਤੇ ਬੜੇ ਖੁਸ਼ ਹਾਂ ਸਾਡੇ ਪਾਸੋ ਇੱਕ ਚੀਜ਼ ਮੰਗ ਲੈ।" ਮੈ ਅਰਜ ਕੀਤੀ, "ਜੀ ਕਿਹੜੀ ਚੀਜ਼ ਮੰਗਾਂ।" ਉਹਨਾਂ ਹੁਕਮ ਕੀਤਾ, "ਦੇਖ, ਅਸੀ ਕਦੀ ਫਕੀਰ ਹੁੰਦੇ ਹਾਂ ਤੇ ਕਦੇ ਬਾਦਸ਼ਾਹ ਹੁੰਦੇ ਹਾਂ। ਰੱਬ ਮਾਇਆ ਬਹੁਤ ਦਿੰਦਾ ਹੈ, ਤੇਰੇ ਮੰਗਣ ਵਾਸਤੇ ਦੋ ਚੀਜਾਂ ਹਨ ਦੋਵਾਂ ਚੋ ਇੱਕ ਮੰਗ ਲੈ, ਜਾਂ ਤੇ ਕਪੜੇ ਚੰਗੇ ਮੰਗ ਲੈ, ਭਾਵੇ ਰੋਜ ਪਾੜੀ ਜਾਈ ਅਸੀ ਦੇਵਾਂਗੇ, ਤੇ ਜਾਂ ਖੁਰਾਕ, ਦੁੱਧ, ਘਿਉ, ਬਦਾਮ ਮੰਗ ਲੈ"। ਮੈਨੂੰ ਪੰਜ ਮਿੰਟ ਸੋਚਣ ਵਾਸਤੇ ਦਿੱਤੇ ਤੇ ਮੈ ਵਿੱਚਾਰ ਕੀਤੀ ਕੀ ਜੇ ਮੈ ਕਪੜੇ ਮੰਗਾਂ ਤੇ ਮੇਰੇ ਵਿੱਚ ਤਾਕਤ ਨਾ ਹੋਈ ਤੇ ਕਪੜੇ ਚੰਗੇ ਪਾ ਕੇ ਕਿਤੇ ਗਿਆ ਤੇ ਰਸਤੇ ਵਿੱਚ ਕੋਈ ਚਪੇੜ ਮਾਰ ਕੇ ਕਪੜੇ ਖੋਹ ਲਵੇਗਾ, ਮੈ ਕਪੜੇ ਚੰਗੇ ਨਾ ਮੰਗਾਂ ਤੇ ਖੁਰਾਕ ਮੰਗਾਂ, ਮੇਰੇ ਵਿੱਚ ਤਾਕਤ ਹੋਵੇਗੀ ਤੇ ਸਾਰੇ ਮੇਰੇ ਪਾਸੋ ਡਰਨਗੇ। ਕਿਉਂਕਿ ਇੱਕ ਸ਼ਾਇਰ ਨੇ ਲਿਖਿਆ ਹੈ

ਅਲਫ ਏਸ ਜਹਾਨ ਤੇ ਫਲ ਯਾਰੋ, ਪੁੱਤਰ ਫਲ ਵਰਗਾਂ ਹੋਰ ਫਲ ਨਾਹੀ,
ਭਾਵੈਂ ਸੈ ਭਰਾਵਾ ਦੀ ਬਾਂਹ ਹੋਵੇ, ਹਿੱਕ ਬਲ ਵਰਗਾਂ ਹੋਰ ਬਲ ਨਾਹੀ,
ਲੱਖਾਂ ਬਾਉਲੀਆਂ, ਖੂਹੇ, ਤਾਲਾਬ ਦੇਖੇ, ਇੰਦੱਰ ਜਲ ਵਰਗਾ ਹੋਰ ਜਲ ਨਾਹੀ,
ਬਰਦਾ ਚਾਰ ਕੂਟ ਤੇ ਫਿਰ ਆਇਆ, ਅਪਣੇ ਘਰ ਵਰਗਾਂ ਹੋਰ ਘਰ ਨਾਹੀ।

ਇਹ ਗੱਲ ਸੋਚਕੇ ਦੁੱਧ, ਘਿਉ, ਬਾਦਾਮ ਮੰਗ ਲਏ, ਸੰਤ ਬੜੇ ਖੁਸ਼ ਹੋਏ। ਉਸ ਦਿਨ ਤੋ ਮੈਂ ਮਾਲਸ਼ ਕਰਨੀ, ਡੰਡ ਬੈਠਕਾਂ ਸ਼ੁਰੂ ਕਰ ਦਿੱਤੀਆਂ ਤੇ ਕੁਸ਼ਤੀਆਂ ਅਪਣੇ ਹਾਣੀਆਂ ਨਾਲ ਕਰਨੀਆਂ, ਰੋਜ ਜੋਰ ਕਰਨਾਂ, ਸਵੇਰੇ ਅੰਮ੍ਰਿਤ ਵੇਲੇ ਉੱਠਕੇ ਇਸ਼ਨਾਨ ਕਰਕੇ ਵਰਜਿਸ਼ ਕਰਨੀ ਏਸੇ ਤਰਾਂ ਵਧਦਾ ਵਧਦਾ ੧੫੦੦ ਬੈਠਕ ਤੇ ੧੦੦੦ ਡੰਡ ਰੋਜ ਕੱਢਣਾ ਇਸ ਤੇ ਇਲਾਵਾ ਪਿਛਲੇ ਪਹਿਰ ਜ਼ੋਰ ਵੀ ਕਰਨਾਂ ਦੋ ਤਿੰਨਾਂ ਸਾਧਾਂ ਨਾਲ। ਮੇਰੀ ਰੋਜ ਦੀ ਖੁਰਾਕ ਇਹ ਸੀ,

ਅੱਧ ਸੇਰ ਘਿਉ, ਡੇਢ ਸੌ ਬਾਦਾਮ,
੫ ਸੇਰ ਦੁੱਧ, ਪ੍ਰਸਾਦਾ ਅੱਠੀ ਪਹਿਰੀ।

ਦਿਵਾਨ ਵਿੱਚ ਢੋਲਕ ਵਜਾਉਣੀ, ਕੀਰਤਨ ਰੋਜ ਹੁੰਦਾ ਸੀ, ਬਾਰਾਂ ਮਹੀਨੇ ਬਾਹਰ ਦੌਰੇ ਤੇ, ਰਹਿਣਾ ਤੇ ਹਰ ਇੱਕ ਜਿਲ੍ਹੇ ਵਿੱਚ ਪ੍ਰਚਾਰ ਕਰਨਾ। ਨਗਰਾਂ ਵਿੱਚ ਵਿੱਚਰਨਾਂ। ਜਿਸ ਨਗਹ ਜਾਣਾਂ ਉਸੇ ਨਗਰ ਸੰਤਾਂ ਨੇ ਮੇਰੀ ਕੁਸ਼ਤੀ ਦੇਖਣੀ ਮੇਰੇ ਹਾਣ ਦਾ ਜੁਵਾਨ ਲੱਭ ਕੇ ਇਸੇ ਤਰ੍ਹਾ ਦੌਰਾ ਕਰਦੇ ਕਰਦੇ ਅਸੀ ਗੁਜਰਾਂ ਵਾਲੇ ਜਿਲ੍ਹੇ ਵਿੱਚ ਗਏ ਤੇ ਉਸ ਇਲਾਕੇ ਵਿੱਚ ਬਹੁਤ ਵੱਡੀ ਨਹਿਰ ਵਗਦੀ ਸੀ। ਉਸ ਨਹਿਰ ਦੇ ਕਿਨਾਰੇ

ਤੇ ਬੈਠਕੇ ਸੰਤਾਂ ਨੇ ਮੇਰੇ ਪਾਸੋਂ ਇੱਕ ਵਾਅਦਾ ਕਰਵਾਇਆ ਤੇ ਕਿਹਾ, "ਦੇਖ ਅਮਰ ਸਿੰਘ ਤੂੰ ਇਸ ਵਕਤ ਭਰ ਜੋਬਨ ਵਿੱਚ ਹੋ ਗਿਆ ਹੈ, ਤੇਰੇ ਤੇ ਕਈ ਕਈ ਬਲਾਵਾਂ ਪੈਣੀਆਂ ਹਨ, ਤੂੰ ਅਪਣੇ ਆਪ ਨੂੰ ਸੰਭਾਲ ਕੇ ਰੱਖੀਂ, ਕਿਸੇ ਦੀ ਧੀ ਭੈਣ ਵੱਲ ਬੁਰੀ ਨਿਗਾਹ ਨਾਲ ਨਾ ਤੱਕੀਂ, ਸਾਨੂੰ ਤੇਰਾ ਕੋਈ ਉਲਾਮਾ ਨਾ ਆਵੇ, ਦੇਖ, ਅਤਰ ਸਿੰਘ ਨੇ ਤਿੰਨ ਚਾਰ ਜਗ੍ਹਾ ਤੋ ਬਦਨਾਮੀ ਖੱਟੀ ਹੈ, ਇਹ ਚੰਗਾਂ ਕੰਮ ਨਹੀ। ਉਸਨੇ ਕੀਤਾ ਪਰ ਤੂੰ ਇਸ ਰਸਤੇ ਨਹੀਂ ਜਾਣਾਂ, ਤੂੰ ਬਦਨਾਮੀ ਨਾ ਖੱਟੀਂ ਤੇ ਜੇ ਤੇਰਾ ਵਿਆਹ ਕਰਵਾਉਣ ਨੂੰ ਦਿਲ ਕਰੇ ਤੂੰ ਸੰਗੀ ਨਾ ਬਸ ਇੱਕ ਵਾਰ ਸਾਨੂੰ ਦੱਸ ਦੇਵੀ ਕਿ ਤੂੰ ਸ਼ਾਦੀ ਕਰਾਉਣੀ ਹੈ, ਅਸੀ ਤੇਰਾ ਵਿਆਹ ਚੰਗੇ ਘਰ ਵਿੱਚ ਕਰਾਵਾਂਗੇ ਪਰ ਬਦਨਾਮੀ ਵਾਲਾ ਕੰਮ ਕੋਈ ਸਾਰੀ ਉਮਰ ਨਹੀ ਕਰਨਾਂ।" ਮੈ ਆਖਿਆ "ਜੀ ਸਤਿ ਬਚਨ।"

# (੫) ਡੇਰੇ ਦੀ ਮੁਖਤਿਆਰੀ

ਜਿਸ ਗੁਰਦੁਵਾਰੇ ਤੇ ਸਾਡਾ ਕਬਜਾ ਸੀ ਉਸ ਗੁਰਦੁਵਾਰੇ ਦੇ ਨਾਲ ਦੋ ਮੁਰੱਬੇ ਜਮੀਨ ਸੀ ਸਾਧ ਕੋਈ ਵਾਹੀ ਨਹੀ ਸੀ ਕਰਦਾ ਸਾਰੀ ਪੈਲੀ ਹਿੱਸੇ ਤੇ ਦੇ ਛਡਦੇ ਸਾਂ। ਹਰ ਫਸਲ ਦਾ ਅੱਧ ਆਉਂਦਾ ਸੀ ਤੇ ਸਾਡਾ ਗੁਜਾਰਾ ਨਹੀ ਸੀ ਹੁੰਦਾ ਕਾਰਨ ਇਹ ਸੀ ਕਿ ਸਾਲ ਵਿੱਚ ਇੱਕ ਦੋ ਵਾਰ ਪਿੰਡ ਵਾਲਿਆਂ ਨਾਲ ਫੌਜਦਾਰੀ ਜਰੂਰ ਹੁੰਦੀ ਸੀ ਮੁਕਦਮੇ ਚਲਦੇ ਰਹਿਣੇ, ਦਾਣੇ ਸਾਰੇ ਸ਼ਾਹ ਨੇ ਲੈ ਜਾਣੇ, ਤੇ ਅਸਾਂ ਕਰਜਾ ਚੁੱਕ ਚੁੱਕ ਕੇ ਮੁਕੱਦਮੇ ਲੜਦੇ ਰਹਿਣਾ। ਏਸੇ ਤਰ੍ਹਾਂ ਸੰਤਾਂ ਦੇ ਸਿਰ ੧੪੦੦੦ ਰੁ: ਕਰਜਾ ਚੜ੍ਹ ਗਿਆ ਸੀ। ਸੰਤਾਂ ਨੂੰ ਦੋ ਸਾਧਾਂ ਨੇ ਕਿਹਾ, ''ਮਹਾਰਾਜ ਜੀ ਸਾਨੂੰ ੪ ਬਲਦ ਲੈ ਦਿਉ ਤੇ ਅਸੀ ਹਲ ਵਾਹ ਕੇ ਆਪਣਾ ਗੁਜਾਰਾ ਕਰਿਆ ਕਰੀਏ। ਦਾਣੇ ਵੀ ਘਰ ਦੇ ਹੋ ਜਾਇਆ ਕਰਨਗੇ। ਸਸਤਾ ਜਮਾਨਾ ਸੀ, ਸੰਤਾਂ ਨੇ ੪੦੦ ਰੁ: ਦੇ ੪ ਬਲਦ ਲੈ ਦਿੱਤੇ। ਉਸ ਵਕਤ ੧੦੦ ਰੁ: ਦੇ ਬੈਲ ਨੂੰ ਲੋਕ ਵੇਖਣ ਆਉਂਦੇ ਹੁੰਦੇ ਸੀ। ਬੜਾ ਸਸਤਾ ਜਮਾਨਾ ਸੀ ਕਣਕ, ਦਵਾੜ, ਸ਼ਕਰ ਡੇਢ ਜਾਂ ਦੋ ਰੁ: ਮਣ ਵਿਕਦਾ ਹੁੰਦਾ ਸੀ। ਘਿਉ ਦੇਸੀ ਵਧੀਆਂ ੧ ਰੁ: ਦਾ ਡੇਢ ਸੇਰ ਪੱਕਾ, ਬਦਾਮ ਵਧੀਆ ਅੱਠੀ ਆਨੀ ਸੇਰ ਤੇ ਖੰਡ ਇੱਕ ਰੁ: ਦੀ ਪੰਜ ਸੇਰ ਪੱਕੀ ਮਿਲਦੀ ਸੀ ਚਲੋ ਖੈਰ ਜੋ ਵੀ ਸੀ ਸਾਧਾਂ ਨੇ ਹੱਲ ਵਾਹੁਣਾਂ ਸ਼ੁਰੂ ਕਰ ਦਿੱਤਾ ੩ ਘੁਮਾਂ ਗਨਾਂ ਬੀਜਿਆ ਤੇ ਇਨਕਾਰ ਕਰ ਦਿੱਤਾ ਕਿ ਅਸਾਂ ਵਾਹੀ ਨਹੀ ਕਰਨੀ। ਸੰਤਾਂ ਨੇ ਗੁੱਸੇ ਵਿੱਚ ਆ ਕੇ ਚਾਰੇ ਬਲਦ ੩੦੦ ਰੁ: ਦੇ ਹੁਦਾਰ ਵੇ ਚ ਦਿੱਤੇ ਤੇ ਸੰਤਾਂ ਨਾਲ ਹੀ ਕਿਹਾ, ਕਿ ''ਅੱਗੇ ਵਾਸਤੇ ਜਿਸ ਸਾਧ ਨੇ ਆਖਿਆ ਮੈ ਵਾਹੀ ਕਰਨੀ ਹੈ ਉਸਦਾ ਮੂੰਹ ਕਾਲਾ ਕਰਕੇ ੫ ਪਿੰਡਾਂ ਵਿੱਚ ਫੇਰਾਂਗੇ।'' ਪੈਲੀ ਫਿਰ ਹਿੱਸੇ ਤੇ ਦੇ ਦਿੱਤੀ, ਪਰ-ਮੇਰਾ ਦਿਲ ਕਰਦਾ ਸੀ ਵਾਹੀ ਕਰਨ ਨੂੰ, ਡਰਦਾ ਨਾਂ ਨਾ ਲਵਾਂ ਕਿ ਮੇਰਾ ਮੂੰਹ ਕਾਲਾ ਕਰਨਗੇ। ਇੱਕ ਗੱਲ ਇਹ ਵੀ ਸੀ ਕਿ ਸੰਤਾਂ ਨੇ ਮੈਨੂੰ ਗੁਰਦੁਵਾਰੇ ਦਾ ਮੁਖਤਿਆਰ ਬਣਾ ਦਿੱਤਾ ਸੀ, ਇਸਤੋਂ ਥੋੜਾ ਚਿਰ ਪਿਛੋਂ ਹੀ ਸੰਤਾਂ ਨੇ ਮੈਨੂੰ ਸਭ ਮੁਕਦਮਿਆ ਦਾ ਮੁਖਤਿਆਰ ਵੀ ਬਣਾ ਦਿੱਤਾ। ਸੰਤਾਂ ਨੇ ਤਰੀਕ ਤੇ ਜਾਣਾਂ

ਛੱਡ ਦਿੱਤਾ। ਸਭ ਕੰਮ ਮੈ ਹੀ ਕਰਨੇ। ਜਿਣਸ ਵੇਚਾਂ ਮੈ, ਕਰਜਾ ਸ਼ਾਹੂਕਾਰਾਂ ਤੋ ਲਵਾਂ ਮੈ, ਦੇਵਾਂ ਤਾਂ ਮੈ, ਇਸ ਕਰਕੇ ਮੈ ਸੋਚਾਂ ਕਿ ਇੱਕ ਹਲ ਦੀ ਵਾਹੀ ਕਰ ਲਈ ਜਾਵੇ ਪਰ ਡਰ ਵੀ ਆਵੇ ਕਿ ਮੂੰਹ ਕਾਲਾ ਹੋਵੇਗਾ। ਸੋਚਦਿਆਂ ਸੋਚਦਿਆ ਸੁਾਲ ਬੀਤ ਗਿਆ ਪਰ ਮੈ ਸੋਚਾਂ ਵਾਹੀ ਜਰੂਰ ਕਰਨੀ ਹੈ ਇੱਕ ਹਲ ਦੀ, ਭਾਵੇ ਕੁਝ ਹੋ ਜਾਏ। ਮੈ ਇੱਕ ਝੋਟਾ ੪੦ ਰੁ: ਦਾ ਹੁਦਾਰ ਲਿਆ ਤੇ ਇੱਕ ਬਲਦ ੧੬ ਰੁ: ਦਾ ਹੁਦਾਰ ਲੈ ਲਿਆ ੫੬ ਰੁ: ਵਿੱਚ ਜੋਗ ਬਣਾ ਲਈ ਤੇ ਜੋਗ ਲੈ ਕੇ ਡੇਰੇ ਆ ਗਿਆ। ਸੰਤਾਂ ਮੈਨੂੰ ਪੁੱਛਿਆ, "ਝੋਟਾ ਤੇ ਬੈਲ ਕੀ ਕਰਨਾ ਹੈ?" ਆਟਾ ਪੀਹਣ ਵਾਸਤੇ ਜੋਗ ਮੰਗ ਕੇ ਲਿਆਇਆ ਹਾਂ ਜੀ।" ਝੂਠ ਬੋਲਿਆ ਪਰ ਝੂਠ ਦੇ ਪੈਰ ਨਹੀ ਹੁੰਦੇ, ਸੱਚ ਤਾਂ ਸੱਚ ਹੀ ਹੁੰਦਾ ਹੈ। ਇੱਕ ਹਫਤਾ ਬੀਤਿਆ ਜਦੋ ਜੋਗ ਵਾਪਿਸ ਨਾ ਕੀਤੀ ਤਾਂ ਸੰਤਾਂ ਮੈਨੂੰ ਫਿਰ ਪੁਛਿਆ, "ਡੰਗਰ ਵਾਪਿਸ ਕਿਉਂ ਨਹੀ ਕੀਤੇ?" ਮੈ ਅਰਜ ਕੀਤੀ, ਮਹਾਰਾਜ, ਮੈ ਡੰਗਰ ਵਾਪਿਸ ਕਰਨ ਨੂੰ ਨਹੀ ਸੀ ਲਿਆਂਦੇ, ਮੈਂ ਵਾਹੀ ਕਰਨ ਵਾਸਤੇ ਡੰਗਰ ਮੁੱਲ ਲਿਆਂਦੇ ਹਨ ਜੀ।", ਸੰਤਾਂ ਨੂੰ ਗੁੱਸਾ ਆ ਗਿਆ, ਝਿੜਕਾਂ ਦੇਣ ਲਗ ਪਏ ਮੈ ਚੁੱਪ ਕਰ ਰਿਹਾ। ਜਦੋ ਰਾਤ ਪਈ ਤੇ ਸੰਤਾਂ ਨੇ ਸਾਰੇ ਸਾਧਾਂ ਨੂੰ ਇੱਕੱਠਿਆ ਕਰਕੇ ਮੈਨੂੰ ਵੀ ਬੁਲੱਾ ਲਿਆ ਤੇ ਪੁਛਿਆ, "ਤੂੰ ਕਿਸ ਨੂੰ ਪੁੱਛ ਕੇ ਜੋਗ ਲਿਆਂਦੀ ਹੈ, ਹੁਣ ਤੇਰਾ ਮੂੰਹ ਕਾਲਾ ਕਰਕੇ ਪੰਜਾਂ ਪਿੰਡਾਂ ਵਿੱਚ ਫੇਰਨਾਂ ਹੈ ਤੂੰ ਬੋਲ ਕਿਉਂ ਲਿਆਂਦੇ ਹਨ।" ਮੈ ਬੜੇ ਹੌਂਸਲੇ ਨਾਲ ਗੱਲ ਕੀਤੀ, "ਸੰਤ ਜੀ, ਬੇਨਤੀ ਹੈ, ਕਿ ਮੈ ਕਾਸ਼ਤ ਕਰਨੀ ਹੈ, ਤੁਸੀ ਮੈਨੂੰ ਨਾ ਰੋਕੋ ਮੈ ਸਿਰਫ ੫੬ ਰੁ: ਦੀ ਜੋਗ ਬਣਾਈ ਹੈ ਜਿਆਦਾ ਰਕਮ ਨਹੀ ਖਰਚੀ ਫਿਰ ਨਕਦ ਰੁ: ਨਹੀ ਦਿੱਤੇ ੬ ਮਹੀਨਿਆਂ ਬਾਅਦ ਪੈਸੇ ਦੇਣੇ ਹਨ। ਬਾਕੀ ਗੁਰਦੁਵਾਰੇ ਦੇ ਕੁਲ ਮੁਖਤਿਆਰ ਨਾਮੇ ਤੁਸੀ ਮੇਰੇ ਨਾਮ ਕਰ ਦਿੱਤੇ ਹਨ ਫਿਕਰ ਸਾਰਾ ਮੈਨੂੰ ਹੈ, ਤੁਸੀ ਕਿਸੇ ਤੋ ਕਰਜਾ ਲਵੋ ਨਾ ਦਿਉ।" ਇਹ ਮੇਰੀ ਗੱਲ ਸੁਣਕੇ ਸੰਤ ਕਹਿਣ ਲਗੇ, "ਜਿਸ ਤਰ੍ਹਾਂ ਤੇਰੀ ਮਰਜੀ ਹੈ ਕਰੀ ਜਾ ਪਰ ਸਾਡੀਆਂ ਸ਼ਰਤਾਂ ਸੁਣ ਲੈ, ਤੇਰੀ ਮਦਦ ਕਿਸੇ ਸਾਧ ਨੇ ਨਹੀ ਕਰਨੀ, ਤੈਨੂੰ ਇੱਕੱਲੇ ਨੂੰ ਸਭ ਕੰਮ ਕਰਨੇ ਪੈਣਗੇ, ਤੇਰੇ ਬਲਦਾਂ ਨੂੰ ਕਿਸੇ ਪੱਠੇ ਨਹੀ ਪਾਉਣੇ, ਕਿਸੇ ਪਾਣੀ ਨਹੀ ਪਿਲਾਉਣਾ, ਨਾ ਤੇਰਾ ਸ਼ਾਹ ਵੇਲਾ ਲੈ ਕੇ ਕਿਸੇ ਨੇ ਆਉਣਾਂ ਹੀ, ਤੂੰ ਅਪਣੇ ਸਿਰ ਤੇ ਜੋ ਮਰਜੀ ਕਰੀ ਜਾ।" ਮੈ ਕਿਹਾ, "ਜੀ ਸਤਿ ਬਚਨ।" ਮੈ ਸਭ ਗੱਲਾਂ ਮਨਜ਼ੂਰ ਕਰ ਲਈਆਂ ਤੇ ਹਲ ਜੋੜਨਾ ਸ਼ੁਰੂ ਕਰ ਦਿੱਤਾ ਪਹਿਲੇ ਸਾਲ ੫੦ ਮਣ ਪੱਕੇ ਦਾਣੇ ਹੋਣੇ, ਅਸੀ ਘਰ ਦੇ ਦਾਣੇ ਖਾਣ ਲੱਗ ਪਏ। ਦੂਸਰੇ ਸਾਲ ਮੈ ਦੋ ਹਲ ਬਣਾ ਲਏ ਤੇ ਸਾਰੀ ਪੈਲੀ ਆਪ ਹੀ ਜੋਤ ਲਈ। ਇੱਕ ਚੂਹੜਾ ਨਾਲ ਰੱਖ ਲਿਆ ੧੦ ਰੁ: ਮਹੀਨਾ ਤੇ ਨਾਲ ਜੁੱਤੀ ਕਪੜੇ ਵੀ। ਪਰ ਰੱਬ ਨੇ ਮੇਰੀ ਮਦਦ ਕੀਤੀ ਸੰਤ ਖੁਦ ਨਾਲ ਕੰਮ ਕਰਨ ਲਗ ਪਏ। ਸ਼ਰਮੋ ਕੁਸ਼ਰਮੀ ਸਾਧਾਂ ਨੂੰ ਵੀ ਕੰਮ

ਕਰਨਾ ਪਿਆ। ਮੈ ਚੌਧਰੀ, ਜਾਣੋ ਨੰਬਰਦਾਰ ਬਣ ਗਿਆ। ਫੇਰ ਜੋਰ ਕਰਨਾ ਤੇ ਮੂੰਗਲੀ ਫੇਰਨੀ, ਕੰਮ ਧੰਨੇ ਵਾਂਗ ਰੱਬ ਕਰੇ ਇਸਤੋਂ ਅੱਗੇ ਮੈਂ ਹੋਰ ਕੰਮ ਸ਼ੁਰੂ ਕੀਤਾ ਕਿ ਦਿਵਾਲੀ ਤਕ ਕਣਕ ਦੀ ਬੀਜਾਈ ਕਰਕੇ ਸਭ ਡੰਗਰ ਵੇਚ ਦੇਣੇ ਵਾਹੁਣ ਵਾਲੇ। ਤੇ ਮਾਲਵੇ ਦੇ ਇਲਾਕੇ ਵਿੱਚ ਚਲੇ ਜਾਣਾ। ਲੁਧਿਆਣੇ, ਪਟਿਆਲੇ ਤੇ ਨਾਭੇ ਦੇ ਇਲਾਕੇ ਵਿੱਚ ਰਿਵਾਜ ਸੀ ਕਿ ਮਲਵਈ ਲੋਕ ਬਲਦਾਂ ਦੀ ਵਾਹੀ ਕਰਦੇ ਸਨ, ਝੋਟਾ ਕੋਈ ਨਹੀ ਸੀ ਜੋਤਦਾ, ਮੱਝ ਨੇ ਜਦੋ ਦੁੱਧ ਦੇਣੋਂ ਹੱਟ ਜਾਣਾ ਤੇ ਉਸੇ ਦਿਨ ਹੀ ਉਹਨਾਂ ਨੇ ਕੱਟਾ ਘਰੋ ਕੱਢ ਦੇਣਾ, ਵੱਛੇ ਤੇ ਗਊਆਂ ਵੀ ਬੜੀਆਂ ਹੀ ਆਵਾਰਾ ਪਿੰਡ ਵਿੱਚ ਫਿਰਦੀਆਂ ਸਨ। ਆਵਾਰਾ ਡੰਗਰਾਂ ਨੇ ਫਸਲਾਂ ਦਾ ਬੜਾ ਉਜਾੜਾ ਕਰਨਾ, ਲੋਕਾਂ ਇੱਕੱਠੇ ਹੋ ਕੇ ਘੇਰ ਕੇ ਡੰਗਰ ਦੂਜੇ ਪਿੰਡ ਵਾੜ ਆਉਣੇ ਉਸ ਪਿੰਡ ਵਾਲਿਆਂ ਅਗਾਂਹ ਕਢੱ ਦੇਣੇ। ਮੈ ਚਾਰ ਪੰਜ ਸਾਧ ਨਾਲ ਲੈ ਕੇ ਪਿੰਡ ਵਾਲਿਆ ਨਾਲ ਮਿਲ ਕੇ ੧੫-੧੫, ੨੦-੨੦ ਡੰਗਰ ਘੇਰ ਕੇ ਫੜ ਕੇ, ਨੱਥਾਂ ਪਾ ਕੇ ਆਪਣੇ ਇਲਾਕੇ ਵਿੱਚ ਲਿਆ ਕੇ ਵੇਚਣੇ, ਨਾਲੇ ਵਾਹੀ ਜਾਣੇ। ਇਸੇ ਤਰ੍ਹਾਂ ਸਾਲ ਵਿੱਚ ਦੋ ਤਿੰਨ ਫੇਰੇ ਲਾਉਣੇ।

# (੬) ਕਰਜਾ ਉਤਾਰਨਾਂ

ਇੱਕ ਵਾਰ ਅਸੀ ਮੁਕਤਸਰ ਮਾਘੀ ਤੇ ਸਾਰਾ ਜਥਾ ਸੰਤਾਂ ਸੁਮੇਤ ਗਏ ਤੇ ਸੰਤ ਮੁਕਤਸਰੋਂ ਵਾਪਿਸ ਡੇਰੇ ਨੂੰ ਆ ਗਏ ਤੇ ਕੁਝ ਸਾਧ ਵੀ ਸੰਤਾਂ ਨਾਲ ਵਾਪਿਸ ਆ ਗਏ। ਮੇਰੇ ਨਾਲ ਸੱਤ ਸਿੰਘ, ਤੇ ਸਾਜ ਵੀ ਸਾਡੇ ਕੋਲ, ਅਸੀ ਉਸ ਇਲਾਕੇ ਦੇ ਪਿੰਡਾਂ ਦਾ ਦੌਰਾ ਕਰਨਾਂ ਅਰੰਭ ਦਿੱਤਾ ਮੁਕਤਸਰ ਦੇ ਇਲਾਕੇ ਵਿੱਚ ਇੱਕ ਪਿੰਡ ਹੈ ਉਸਦਾ ਨਾਮ ਸ਼ੇਖ ਕਰਕੇ ਬੁਲਾਉਂਦੇ ਸਨ, ਇਸ ਪਿੰਡ ਵਿੱਚ ਅਸੀ ਦੋ ਦਿਨ ਕੀਰਤਨ ਕੀਤਾ ਇਸ ਪਿੰਡ ਦੇ ਸਿੱਖਾਂ ਨੇ ਇੱਕ ਵਹਿੜਕਾ ਚੰਗਾ ਤਗੜਾ ਤੇ ਦੋ ਝੋਟੇ ਸਾਨੂੰ ਜੰਗਲ ਵਿੱਚੋਂ ਫੜਕੇ ਦਿੱਤੇ। ਇਸੇ ਤਰਾਂ ਅਸੀ ਦੌਰਾ ਕਰਦੇ ਰਹੇ। ਕਰਦਿਆ ਕਰਦਿਆ ਸਾਡੇ ਕੋਲ ੧੨ ਡੰਗਰ ਹੋ ਗਏ ਅਸੀ ਫਿਰਦੇ ਫਿਰਦੇ ਰੋਡੇ ਪਿੰਡ ਆ ਗਏ ਇਹ ਨਗਰ ਕਾਫੀ ਵੱਡਾ ਹੈ। ਇੱਥੇ ਨਾਮਧਾਰੀ ਬਹੁਤ ਸਨ, ਇਥੇ ਵੀ ਅਸਾਂ ਦੀਵਾਨ ਲਗਾਏ ਤੇ ਇਥੋਂ ਦੇ ਸਿੱਖਾਂ ਨੇ ੨ ਬੈਲ ਤੇ ਇੱਕ ਝੋਟਾ ਸਾਨੂੰ ਦਿੱਤਾ ਤੇ ਅਸੀ ਨਗਰਂ ਚਲ ਪਏ। ਸਾਡਾ ਇਰਾਦਾ ਸੀ ਕਿ ਹਰੀ ਕੇ ਪੱਤਣ ਵਲ ਜਾਇਆ ਜਾਏ ਰਸਤੇ ਵਿੱਚੋਂ ਸਾਨੂੰ ਇੱਕ ਗਊ, ਦੋ ਵਹਿੜਕੇ, ਤੇ ਦੋ ਝੋਟੇ ਹੋਰ ਮਿਲ ਗਏ। ਅਸੀ ਇਹ ੫ ਡੰਗਰ ਵੀ ਨਾਲ ਹਿੱਕ ਲਏ। ਅੱਗੇ ਰਸਤੇ ਵਿੱਚ ਇੱਕ ਨਗਰ ਸੀ 'ਭੇਖਾ' ਇੱਥੇ ਕਾ ਇੱਕ ਸਿੰਘ ਸੀ ਬਘੇਲ ਸਿੰਘ ਇਹ ਕੱਟੜ ਅਕਾਲੀ ਸੀ। ਇਸਨੇ ਰੌਲਾ ਪਾ ਦਿੱਤਾ ਕਿ ਮਾਝੇ ਦੇ ਡਾਕੂ ਡੰਗਰ ਲਈ ਜਾ ਰਹੇ ਹਨ, ਪਿੰਡ ਦੇ ਲੋਕ ਇੱਕੱਠੇ ਹੋ ਗਏ, ਸਾਨੂੰ ਲੋਕਾਂ ਪੁਛਿਆ ਕਿ ''ਤੁਸੀ ਕੌਣ ਹੋ'' ਅਸਾਂ ਦੱਸਿਆ ਕਿ ਅਸੀ ਨਾਮਧਾਰੀਏ ਹਾਂ ਤੇ ਇਹ ਡੰਗਰ ਅਸਾਂ ਗੁਰਦੁਵਾਰੇ ਲੈ ਕੇ ਜਾਣੇ ਹਨ ਜਿਲ੍ਹਾ ਗੁਰਦਾਸਪੁਰ ਵਿੱਚ, ਪਰ ਉਹ ਸਾਡੀ ਕੋਈ ਗੱਲ ਨਾ ਮੰਨਣ ਤੇ ਸਾਨੂੰ ਕਹਿਣ ਲਗੇ, ''ਚਲੋ, ਡੰਗਰ ਹਿੱਕੋ, ਅਸੀ ਤੁਹਾਨੂੰ ਮੋਗੇ ਦੇ ਥਾਣੇ ਲੈ ਕੇ ਜਾਣਾਂ ਹੈ।''. ਮੈ ਉੱਤਰ ਦਿੱਤਾ, ''ਅਸੀ ਥਾਣੇ ਨਹੀ ਜਾਣਾ, ਤੁਸੀ ਪੁਲਸ ਨੂੰ ਇੱਥੇ ਲੈ.ਆਉ।'' ਏਨੇ ਚਿਰ ਨੂੰ ਇਸੇ ਪਿੰਡ ਦਾ ਇੱਕ ਸਿੱਖ ਹੋਰ ਆ ਗਿਆ ਉਸਨੇ ਲੋਕਾਂ ਨੂੰ ਚੁੱਪ ਕਰਾਕੇ ਮੇਰੇ ਪਾਸੋਂ ਸਾਰੀ ਗਲੱਬਾਤ ਪੁੱਛੀ ਤੇ ਮੈਂ ਉਸਨੂੰ ਸਾਰੀ ਗਲੱਬਾਤ ਸਮਝਾ ਦਿੱਤੀ ਤੇ ਫਿਰ

ਉਸ ਭਲੇ ਪੁਰਸ਼ ਨੇ ਲੋਕਾਂ ਨੂੰ ਸਮਝਾਇਆ ਤੇ ਸਾਨੂੰ ਆਖਿਆ, ''ਤੁਸੀ ਜਾਉ ਡੰਗਰ ਲੈ ਜਾਉ।'' ਲੋਕਾਂ ਨੂੰ ਕਿਹਾ ਕਿ ਇਹ ਚੋਰ ਨਹੀ ਹਨ ਇਹਨਾਂ ਦੇ ਅਪਣੇ ਡੰਗਰ ਹਨ। ਤੇ ਉਸਨੇ ਸਾਡੀ ਜ਼ਮਾਨਤ ਵੀ ਦਿੱਤੀ। ਅਸੀ ਡੰਗਰ ਲੈ ਕੇ ਚਲ ਪਏ। ਅਕਾਲੀ ਬਘੇਲ ਸਿੰਘ ਦਿਲੋਂ ਬੜਾ ਔਖਾ ਹੋਇਆ ਉਸਨੇ ਅਗਲੇ ਪਿੰਡ ਦਦਾਹੂਰ ਵਿੱਚ ਜਾ ਕੇ ਰੌਲਾ ਪਾ ਦਿੱਤਾ, ''ਲੋਕੋ, ਮਾਝੇ ਦੇ ਡਾਕੂ ਡੰਗਰ ਲਈ ਜਾਂਦੇ ਹਨ ਇਹਨਾਂ ਨੂੰ ਫੜ ਲਓ। ਇਹਨਾਂ ਨੂੰ ਫੜ ਕੇ ਮੋਗੇ ਪੁਲਸ ਦੇ ਹਵਾਲੇ ਕਰੋ।'' ਏਨੇ ਚਿਰ ਨੂੰ ਅਸੀ ਪਿੰਡ ਤੋਂ ਦੋ ਤਿੰਲ ਫਰਲਾਂਗ ਅੱਗੇ ਨਿਕਲ ਗਏ ਸਾਂ ਕਿ ਲੋਕ ਸਾਡੇ ਮਗਰ ਭੱਜੇ ਆਉਣ ਨਾਲੇ ਗਾਲ੍ਹਾਂ ਕੱਢਦੇ ਆਉਣ, ਅਸੀਂ ਵੀ ਅਗੋਂ ਤਗੜੇ ਹੋ ਕੇ ਖਲੋ ਗਏ ਤੇ ਮੈ ਆਖਿਆ, ''ਤਗੜੇ ਹੋ ਕੇ ਸਾਡੇ ਵੱਲ ਆਇਓ, ਅੱਜੋਂ ਤੁਹਾਨੂੰ ਵੀ ਪਤਾ ਲਗ ਜਾਏਗਾ ਕਿਸਤਰਾਂ ਰਸਤੇ ਜਾਂਦਿਆਂ ਨੂੰ ਰੋਕ ਕੇ ਗਾਲ੍ਹਾਂ ਕੱਢੀਦੀਆ ਹਨ।'' ਲੋਕ ਸਾਡੇ ਚਾਰ ਚੁਫੇਰੇ ਘੇਰਾ ਪਾ ਕੇ ਖੜੇ ਹੋ ਗਏ ਪਰ ਸਾਡੇ ਨੇੜੇ ਕੋਈ ਨਾ ਆਵੇ। ਅਸੀਂ ਸਿਰਫ ਸੱਤ ਬੰਦੇ ਸਾਂ ਅਸਾਂ ਸੋਚਿਆ ਕਿ ਅੱਜ ਮਰ ਤੇ ਭਾਂਵੇਂ ਜਾਈਏ ਪਰ ਪਕੜੇ ਨਹੀ ਜਾਣਾਂ ਅਸੀ ਸੋਟੇ ਲੈ ਕੇ ਡੱਟ ਗਏ। ਏਨੇ ਚਿਰ ਨੂੰ ਇਸ ਪਿੰਡ ਦਾ ਨੰਬਰਦਾਰ ਘੋੜੀ ਤੇ ਚੜ੍ਹ ਕੇ ਆ ਗਿਆ ਉਸਨੇ ਆਉਦਿਆਂ ਹੀ ਲੋਕਾਂ ਨੂੰ ਦੋ ਚਾਰ ਗਾਲ੍ਹਾਂ ਕੱਢੀਆਂ। ਤੇ ਕਹਿਣ ਲੱਗਾ, ''ਇਹ ਚੋਰ ਨਹੀ, ਇਹ ਤੇ ਨਾਮਧਾਰੀ ਸਿੱਖ ਹਨ। ਇਹਨਾਂ ਨੂੰ ਕੁਝ ਨਾ ਆਖੋ।'' ਲੋਕ ਪਿਛੇ ਹੱਟ ਗਏ ਤੇ ਫਿਰ ਉਹ ਸਾਨੂੰ ਕਹਿਣ ਲਗਾ, ''ਸੰਤ ਜੀ, ਸੂਰਜ ਛਿਪਣ ਵਾਲਾ ਹੈ, ਸਰਦੀ ਦੇ ਦਿਨ ਹਨ ਤੁਸੀ ਹੁਣ ਸਾਡੇ ਨਗਰ ਹੀ ਰਹਿ ਜਾਉ, ਸਵੇਰੇ ਚਲੇ ਜਾਣਾਂ ਲੰਗਰ ਬਣਾ ਕੇ ਛਕੋ ਨਾਲੇ ਡੰਗਰਾਂ ਨੂੰ ਪੱਠੇ ਪਾਵੋ। ਅਸੀ ਉਸਦੀਆਂ ਮਿੱਠੀਆ ਮਿੱਠੀਆ ਗੱਲਾਂ ਸੁਣ ਕੇ ਫਸ ਗਏ ਤੇ ਉਸਦੇ ਪਿੰਡ ਚਲੇ ਗਏ। ਉਸਨੇ ਸਾਨੂੰ ਡੰਗਰਾਂ ਸਮੇਤ ਇੱਕ ਅਹਾਤੇ ਵਿੱਚ ਦਾਖਲ ਕਰ ਦਿੱਤਾ ਤੇ ਸਾਡੇ ਉਤੇ ਪਹਿਰਾ ਲਾ ਦਿੱਤਾ ਕਿ ਨੱਸ ਨਾ ਜਾਈਏ। ਅਸੀ ਵੀ ਭੁੱਖੇ, ਡੰਗਰ ਵੀ ਭੁੱਖੇ, ਨਾ ਸਾਡੇ ਕੋਲ ਕੋਈ ਕਪੜਾ ਉਤੇ ਲੈਣ ਵਾਸਤੇ, ਮਾਮੂਲੀ ਖੱਦਰ ਦੀਆ ਚੱਦਰਾਂ ਸਨ। ਨੰਬਰਦਾਰ ਨੇ ਠੱਠੀ ਵਿੱਚੋਂ ੨੦ ਮਜ਼੍ਹਬੀ ਸੱਦ ਕੇ ਸਾਡੇ ਉਤੇ ਸਖਤ ਪਹਿਰਾ ਲਗਾ ਦਿੱਤਾ। ਰਾਤ ਦੇ ਅੱਠ ਕੁ ਵਜੇ ਤੇ ਠੰਢ ਵਧਦੀ ਜਾਵੇ ਮੈ ਸਾਥੀਆਂ ਨੂੰ ਆਖਿਆ, ''ਲਿਆਉ ਢੋਲਕੀ ਛੈਣੇ, ਸਾਜ ਵਜਾ ਕੇ ਪ੍ਰਮਾਤਮਾਂ ਦਾ ਹਰਜੱਸ ਕਰੀਏ ਜੋ ਕੁਝ ਹੋਵੇਗਾ ਸੁਬਹ ਵੇਖਿਆ ਜਾਵੇਗਾ।'' ਅਸੀ ਸਾਜ ਵਜਾ ਕੇ ਕੀਰਤਨ ਕਰਨ ਲਗ ਪਏ ਤੇ ਲੋਕੀ ਕੀਰਤਨ ਦੀ ਆਵਾਜ ਸੁਣ ਕੇ ਘਰਾਂ ਤੋਂ ਸੁੱਤੇ ਪਏ ਉੱਠ ਕੇ ਸਾਡੇ ਪਾਸ ਆ ਗਏ ਤੇ ਉਥੇ ਹੀ ਬੈਠਦੇ ਗਏ, ਤਕਰੀਬਨ ੨੦੦ ਬੰਦਾ ਇੱਕੱਠਾ ਹੋ ਗਿਆ ਸੀ ਮੈ ਉੱਠ ਕੇ ਲੈਕਚਰ ਕਰਨਾਂ ਅਰੰਭ ਦਿੱਤਾ ਕੀਰਤਨ ਦਾ ਐਸਾ ਆਨੰਦ ਬਣਿਆ ਕਿ ਲੋਕ ਸਾਰੇ ਸਾਡੇ ਸੇਵਕ ਬਣ ਗਏ। ਨੰਬਰਦਾਰ ਦਾ ਵੱਡਾ

ਪੁੱਤਰ ਵੀ ਸੰਗਤ ਵਿੱਚ ਬੈਠਾ ਕੀਰਤਨ ਸੁਣ ਰਿਹਾ ਸੀ। ਉਸਦੇ ਹਿਰਦੇ ਵਿੱਚ ਪ੍ਰਮਾਤਮਾਂ ਵੱਸਿਆ ਤੇ ਉਹ ਸੰਗਤ ਵਿੱਚੋ ਉੱਠ ਕੇ ਹੱਥ ਜੋੜ ਕੇ ਮੈਨੂੰ ਕਹਿਣ ਲਗਾ, "ਸੰਤ ਜੀ, ਸਾਡੇ ਪਿਓ ਦਾ ਬੇੜਾ ਗਰਕ ਹੋ ਜਾਣਾ ਹੈ ਉਸ ਮੁਖਬਰੀਆਂ ਕਰਕੇ ਗੌਰਮਿੰਟ ਤੋਂ ਚਿਠੀਆ ਲੈਂਦਾ ਹੈ ਤੇ ਸਾਡੇ ਵਾਸਤੇ ਬੁਰਾ ਬੀਜਦਾ ਫਿਰਦਾ ਹੈ। ਸੰਤ ਜੀ, ਸਾਡੇ ਪਿਓ ਨੇ ਸਵੇ ਰੇ ਆ ਕੇ ਤੁਹਾਨੂੰ ਕਹਿਣਾਂ ਹੈ, "ਥਾਣੇ ਚਲੋਂ" ਪਰ ਤੁਸੀ ਬਿਲਕੁਲ ਨਾ ਜਾਇਓ ਤੁਸੀ ਆਖਿਓ, "ਪੁਲਸ ਨੂੰ ਏਥੇ ਲੈ ਆ, ਅਸੀ ਨਹੀ ਜਾਣਾ।" ਜੇ ਪੁਲਸ ਸਾਡੇ ਪਿੰਡ ਆਵੇ ਗੀ ਤਾਂ ਅਸੀ ਆਪੇ ਵੇਖ ਲਵਾਂਗੇ। ਤੁਸੀ ਬਿਲਕੁਲ ਨਾ ਘਬਰਾਉਣਾ।" ਏਨੀ ਗੱਲ ਆਖਕੇ ਉਸਨੇ ਲੋਕਾਂ ਨੂੰ ਕਿਹਾ ਕਿ ਇਹਨਾਂ ਨੂੰ ਬਿਸਤਰੇ ਲਿਆ ਕੇ ਦੇਈਏ ਠੰਢ ਬੜੀ ਹੈ।" ਉਸੇ ਵਕਤ ਸੰਗਤ ਨੇ ਮੰਜੇ ਬਿਸਤਰੇ ਲਿਆ ਦਿੱਤੇ ਤੇ ਡੰਗਰਾਂ ਵਾਸਤੇ ਨੰਬਰਦਾਰ ਦੀ ਕਣਕ ਵੱਢ ਕੇ ਰਾਤ ਹੀ ਲਿਆਂਦੀ, ਤੇ ਡੰਗਰਾਂ ਨੂੰ ਪਾਈ ਸਵੇਰੇ ਉੱਠ ਕੇ ਅਸੀ ਸਾਰਿਆਂ ਨੇ ਇਸ਼ਨਾਨ ਕਰਕੇ ਨਿਤਨੇਮ ਕੀਤਾ, ਅਜੇ ਅਸੀਂ ਮੰਜਿਆਂ ਤੇ ਬੈਠੇ ਹੀ ਸਾਂ ਕਿ ਨੰਬਰਦਾਰ ਹੱਥ ਵਿੱਚ ਸੋਟੀ ਲੈ ਕੇ ਮੁੱਛਾਂ ਨੂੰ ਵੱਟ ਚਾੜ੍ਹਦਾ ਹੋਇਆ ਆਇਆ ਤੇ ਸਾਨੂੰ ਆ ਕੇ ਕਹਿਣ ਲਗਾ ਕਿ ਛੇਤੀ ਉੱਠੋ ਤੇ ਡੰਗਰ ਹਿੱਕੋ, ਮੋਗੇ ਥਾਣੇ ਪਹੁੰਚੋ। ਮੈ ਕਿਹਾ, "ਤੂੰ ਇੱਕੱਲਾ ਹੀ ਚਲਾ ਜਾ ਥਾਣੇ, ਅਸਾਂ ਤੇ ਨਹੀਉ ਜਾਣਾ।" ਨੰਬਰਦਾਰ ਨੇ ਸਾਨੂੰ ਗਾਲ੍ਹ ਕੱਢ ਦਿੱਤੀ ਮੈਂ ਵੀ ਗਾਲ੍ਹ ਦਾ ਉੱਤਰ ਗਾਲ੍ਹ ਵਿੱਚ ਦਿੱਤਾ ਨੰਬਰਦਾਰ ਨੇ ਬੜਾ ਰੌਲਾ ਪਾਇਆ ਪਰ ਪਿੰਡ ਵਿੱਚੋ ਕੋਈ ਬੰਦਾ ਨਾ ਆਇਆ ਤੇ ਉਸਦੇ ਪੁੱਤਰ ਨੇ ਆ ਕੇ ਪਿਉ ਦੀ ਬੜੀ ਬੇਇੱਜਤੀ ਕੀਤੀ ਫਿਰ ਰੌਲਾ ਸੁਣਕੇ ਲੋਕ ਵੀ ਇੱਕੱਠੇ ਹੋ ਗਏ, ਲੋਕਾਂ ਨੇ ਵੀ ਨੰਬਰਦਾਰ ਨੂੰ ਬਹੁਤ ਬੇ-ਇੱਜਤ ਕੀਤਾ। ਏਨੇ ਚਿਰ ਨੂੰ ਇੱਕ ਊਠ ਦਾ ਅਸਵਾਰ ਉਥੇ ਆ ਗਿਆ ਉਸਨੇ ਮੂੰਹ ਬੱਧਾ ਹੋਇਆ ਸੀ ਤੇ ਹਥੱ ਡਾਂਗ ਫੜੀ ਹੋਈ ਸੀ। ਊਠ ਬਠਾਲ ਕੇ ਉੱਤਰ ਕੇ ਉਹ ਵੀ ਹਵੇਲੀ ਵਿੱਚ ਆ ਗਿਆ ਤੇ ਮੂੰਹ ਖੋਲ ਦਿੱਤਾ। ਨੰਬਰਦਾਰ ਨੇ ਉਸਦੇ ਪੈਰੀ ਹੱਥ ਲਾ ਕੇ ਮੱਥਾ ਟੇਕਿਆ। ਊਠ ਵਾਲੇ ਨੇ ਨੰਬਰਦਾਰ ਤੋ ਪੁੱਛਿਆ ਕਿ ਇਹ ਡੰਗਰਾਂ ਵਾਲੇ ਕੌਣ ਹਨ? ਉਸ ਦਸਿਆ ਕਿ ਇਹ ਚੋਰ ਹਨ ਤੇ ਮੈ ਇਹਨਾਂ ਨੂੰ ਪੁਲਸ ਦੇ ਹਵਾਲੇ ਕਰਨਾ ਹੈ। ਇਹ ਗੱਲੱ ਸੁਣ ਕੇ ਊਠ ਵਾਲੇ ਨੇ ਨੰਬਰਦਾਰ ਨੂੰ ਬਹੁਤ ਗਾਲ੍ਹਾਂ ਕੱਢੀਆਂ ਤੇ ਕਿਹਾ, "ਬੇਸ਼ਰਮਾਂ, ਜਿਨਾਂ ਨੂੰ ਤੂੰ ਚੋਰ ਕਹਿ ਰਿਹਾ ਹੈ, ਇਹ ਸਾਧ ਹਨ। ਦੇਖ, ਮੈ ਇਹਨਾਂ ਦੇ ਪਿਛੇ ਪਿੱਛੇ ਊਠ ਭਜਾ ਕੇ ਇਹਨਾਂ ਨੂੰ ਲਭੱਦਾ ਲਭੱਦਾ ਆ ਰਿਹਾ ਸਾਂ ਤੇ ਰਾਤ ਨੂੰ ਦਸ ਕੋਹ ਅੱਗੇ ਚਲਾ ਗਿਆ ਸਾਂ ਤੇ ਹੁਣ ਵਾਪਿਸ ਆ ਰਿਹਾ ਸਾਂ ਤੇ ਤੇਰੇ ਪਿੰਡ ਦੇ ਬੰਦਿਆ ਨੇ ਮੈਨੂੰ ਦਸਿਆ ਕਿ ਇਸ ਪਿੰਡ ਦੇ ਨੰਬਰਦਾਰ ਨੇ ਰਾਤੀ ਸਾਧ ਘੇਰ ਕੇ ਲਿਆਂਦੇ ਹਨ ਕਿ ਇਹਨਾਂ ਨੂੰ ਪੁਲਸ ਦੇ ਹਵਾਲੇ ਕਰਨਾਂ ਹੈ ਤੇ ਚੋਰ ਸਾਬਿਤ ਕਰਨਾ ਹੈ ਤੇ ਇਹ ਗੱਲ ਸੁਣਕੇ ਮੈ

ਤੇਰੀ ਹਵੇਲੀ ਵਿੱਚੋ ਆਇਆ ਹਾਂ, ਬੇਸ਼ਰਮਾਂ ਤੂੰ ਸਾਧਾਂ ਨੂੰ ਚੋਰ ਬਣਾ ਰਿਹਾ ਹੈ।" ਇਹ ਊਠ ਵਾਲਾ ਨਾਮਧਾਰੀ ਪੰਥ ਵਲੋਂ ਜਿਲ੍ਹਾ ਫਿਰੋਜਪੁਰ ਦਾ ਸੂਬਾ ਸੀ ਤੇ ਇਹਨਾਂ ਦਾ ਨਾਮ ਸੀ ਸੂਬਾ ਇੰਦਰ ਸਿੰਘ ਸੀ ਤੇ ਇਹਨਾਂ ਦਾ ਪਿੰਡ ਰੋੜੇ ਲੰਡੇ ਸੀ। ਜਦੋ ਅਸੀ ਇਹਨਾਂ ਦੇ ਨਗਰ ਦੋ ਦਿਨ ਕੀਰਤਨ ਕੀਤਾ ਸੀ ਤਾਂ ਸੂਬਾ ਜੀ ਅਪਣੇ ਨਗਰ ਵਿੱਚ ਨਹੀ ਸਨ। ਅਸੀ ਕੀਰਤਨ ਕਰਕੇ ਆਏ ਤੇ ਇਹ ਬਾਅਦ ਵਿੱਚ ਨਗਰ ਪਹੁੰਚੇ ਤੇ ਜਦੋਂ ਇਹਨਾਂ ਨੂੰ ਪਤਾ ਲਗਾ ਕਿ ਅਸੀ ਦੋ ਦਿਨ ਰਹਿ ਕੇ ਚਲੇ ਗਏ ਹਾਂ ਹਰੀਕੇ ਪੱਤਣ ਨੂੰ ਤੇ ਇਹਨਾਂ ਨੇ ਵੀ ਜਲ ਪਾਣੀ ਛਕ ਕੇ ਉਸੇ ਵਕਤ ਸਾਡੇ ਮਗਰ ਊਠ ਭਜਾ ਲਿਆ ਇਹ ਅੱਗੇ ਨਿਕਲ ਗਏ ਤੇ ਅਸੀ ਏਥੇ ਘੇਰੇ ਗਏ ਸਾਂ। ਇਹ ਸੂਬਾ ਜੀ ਸਾਨੂੰ ਅੱਜ ਬੁੱਚੜ ਕੋਲੋ ਛੁਡਾ ਕੇ ਫਿਰ ਅਪਣੇ ਨਗਰ ਰੋਡੀ ਲੈ ਗਏ ਵਾਪਿਸ ਧੰਨ ਧੰਨ ਸੂਬਾ ਇੰਦਰ ਸਿੰਘ ਜੀ।

ਰੋਡੀ ਜਾ ਕੇ ਅਸੀ ਅੱਠ ਦਿਨ ਉਥੇ ਰਹੇ ਤੇ ਕੀਰਤਨ ਕਰਦੇ ਰਹੇ। ਕੁਝ ਸਿੱਖਾਂ ਨੇ ਭਜਨ ਪੁੱਛੇ ਤੇ ਅੰਮ੍ਰਿਤ ਵੀ ਛਕਿਆ। ਇੱਕੋ ਦੇ ਨਗਰ ਵਾਸੀਆਂ ਨੇ ਸਾਨੂੰ ਛੇ ਡੰਗਰ ਹੋਰ ਫੜਾ ਦਿੱਤੇ ਤਾਂ ਸਾਡੇ ਕੋਲ ੨੬ ਡੰਗਰ ਹੋ ਗਏ ਫਰੀਦ ਕੋਟ ਦੇ ਲਾਗੇ ਇੱਕ ਭਾਣਾਂ ਕਲਾਂ ਨਾਮੀ ਪਿੰਡ ਹੈ। ਇਸ ਨਗਰ ਦੇ ਲੋਕ ਰੋਡੀ ਸਾਡਾ ਕੀਰਤਨ ਸੁਣਦੇ ਰਹੇ ਸਨ। ਜਦੋਂ ਅਸੀ ਰੋਡੇ ਤੋ ਤਿਆਰ ਹੋ ਕੇ ਹਰੀ ਕੇ ਪੱਤਣ ਨੂੰ ਜਾਣ ਲਗੇ ਤਾਂ ਭਾਣੇ ਦੇ ਸਿੱਖਾਂ ਨੇ ਸਾਨੂੰ ਆਖਿਆ, "ਸੰਤ ਜੀ, ਅਸਾਂ ਤੁਹਾਨੂੰ ਅਪਣੇ ਪਿੰਡ ਲੈ ਕੇ ਜਾਣਾਂ ਹੈ ਕੀਰਤਨ ਸੁਣਨ ਵਾਸਤੇ।" ਮੈ ਉੱਤਰ ਦਿੱਤਾ, "ਸਾਧ ਸੰਗਤ ਜੀ, ਸਾਡੇ ਪਾਸ ੨੬ ਡੰਗਰ ਹਨ ਤੇ ਅਸਾਂ ਇਸ ਰਸਤੇ ਹਰੀ ਕੇ ਪੱਤਣ ਨੂੰ ਜਾਣਾ ਹੈ।" ਪਰ ਉਹ ਆਖਣ ਲਗੇ, "ਤੁਸੀ ਸਾਡੇ ਪਿੰਡ ਚਲੋ ਅਸੀ ਤੁਹਾਨੂੰ ਡੰਗਰਾਂ ਸਮੇਤ ਗੱਡੀ ਬਿਠਾ ਕੇ ਲਾਹੌਰ ਭੇਜ ਦਿਆਂਗੇ।" ਤੇ ਫਿਰ ਅਸੀ ਉਹਨਾ ਦੇ ਨਾਲ ਹੀ ਭਾਣੇ ਨਗਰ ਚਲੇ ਗਏ, ਰੋਜ ਕੀਰਤਨ ਕਰਨਾ, ਸੰਗਤ ਨੇ ਐਸਾ ਪ੍ਰੇਮ ਕੀਤਾ ਕਿ ੧੫ ਦਿਨ ਇਸ ਨਗਰ ਵਿੱਚ ਰਹੇ ਤੇ ਸੰਗਤ ਨੇ ਸਾਡੀ ਬੜੀ ਸੇਵਾ ਕੀਤੀ ਤੇ ਨਗਰ ਦੀ ਸੰਗਤ ਨੇ ੭ ਡੰਗਰ ਸਾਨੂੰ ਹੋਰ ਫੜ ਕੇ ਲਿਆ ਦਿੱਤੇ ਸਾਡੇ ਪਾਸ ੩੩ ਡੰਗਰ ਹੋ ਗਏ। ਤੇ ਨਗਰ ਨੇ ਮਾਇਆ ਇੱਕੱਠੀ ਕਰਕੇ ਸਾਡੇ ਨਾਲ ਦੋ ਸਿੱਖ ਭੇਜੇ ਉਹਨਾਂ ਨੇ ਫਰੀਦ ਕੋਟ ਸਟੇਸ਼ਨ ਤੇ ਬਾਬੂ ਨਾਲ ਗੱਲਬਾਤ ਕਰਕੇ ਚਾਰ ਡੱਬੇ ਬੁੱਕ ਕਰਵਾਕੇ ੮ ਡੰਗਰ ਇੱਕ ਡਬੇ ਵਿੱਚ ਚੜ੍ਹਾ ਕੇ ਲਾਹੌਰ ਬੁਕ ਕਰਾ ਕੇ ਮਾਲ ਗੱਡੀ ਨਾਲ ਡਬੇ ਲਵਾ ਕੇ ਤੋਰ ਦਿੱਤੇ ਤੇ ਉਹ ਦੋਵੇ ਸਿੱਖ ਵਾਪਿਸ ਆ ਗਏ ਫਰੀਦ ਕੋਟ ਤੋ ਇਸੇ ਤਰ੍ਹਾਂ ਕਈ ਵੇਰ ਜਿਲ੍ਹਾ ਲੁਧਿਆਣਾਂ ਚੋਂ ਤੇ ਰਿਆਸਤ ਨਾਭਾ, ਪਟਿਆਲਾ ਦੇ ਇਲਾਕੇ ਤੇ ਅੰਬਾਲੇ ਜਿਲ੍ਹੇ ਚੋਂ ਡੰਗਰ ਲਿਆ ਲਿਆ ਕੇ ਵੇਚ ਵੇਚ ਕੇ ਤੇ ਕੁਝ ਵਾਹੀ ਕਰ ਕਰ ਕੇ ਮੈ ਸੰਤਾਂ ਦੇ ਸਿਰ ਤੋ ੧੪੦੦੦ ਰੁ: ਦਾ ਕਰਜਾ

ਉਤਾਰਿਆ। ਜਦੋ ਸ਼ਾਹੂਕਾਰ ਦਾ ਸਾਰਾ ਕਰਜਾ ਅਦਾ ਹੋ ਗਿਆ ਤਾਂ ਸੰਤ ਮੇਰੇ ਤੇ ਬੜੇ ਖੁਸ਼ੀ ਸਨ। ਸੱਤ ਸਾਲ ਨਾਲ ਨਾਲ ਵਾਹੀ ਵੀ ਕਰਦਾ ਰਿਹਾ। ਫਿਰ ਸਭ ਮਾਲ ਡੰਗਰ ਵੇਚ ਕੇ ਮੈ ਸਭ ਕੰਮ ਛੱਡ ਦਿੱਤੇ ਤੇ ਇਸ ਦੌਰਾਨ ਸੰਨ ੧੯੨੭ ਵਿੱਚ ਜਾਂ ਸ਼ਾਇਦ ੧੯੨੮ ਵਿੱਚ ਲਾਹੌਰ ਵਿੱਚ **ਇੱਕ ਬੜੀ ਭਾਰੀ ਕਾਨਫਰੰਸ ਹੋਈ ਤੇ ਇਸ ਵਿੱਚ ਹਿੰਦੂ ਸਿੱਖ ਤੇ ਮੁਸਲਮਾਨ ਸਭ ਇੱਕਠੇ ਹੋਏ ਤੇ ਅੰਗਰੇਜਾਂ ਦੇ ਖਿਲਾਫ ਘੋੜਿਆਂ ਉਤੇ ਅਤੇ ਪੈਦਲ ਜਲੂਸ ਨਿਕਲਿਆ। ਲੱਖਾਂ ਦੀ ਗਿਣਤੀ ਵਿੱਚ ਦੁਨੀਆਂ ਸ਼ਾਮਲ ਹੋਈ ਸੀ ਉਸ ਜਲੂਸ ਵਿੱਚ ਮੈ ਵੀ ੫ ਘੋੜੇ ਲੈ ਕੇ ਸ਼ਾਮਲ ਹੋਇਆ ਸਾਂ। ਇਸ ਜਲੂਸ ਵਿੱਚ ਜਵਾਹਰ ਲਾਲ ਨਹਿਰੂ ਸਭ ਤੋ ਅੱਗੇ ਸੀ ਹੰਸ ਘੋੜੇ ਤੇ ਚੜ੍ਹਿਆ ਹੋਇਆ ਦੂਸਰੇ ਨੰਬਰ ਤੇ ਮੈ ਅਪਣੀਆਂ ਚਾਰ ਘੋੜੀਆਂ ਲੈਕੇ ਚਲ ਰਿਹਾ ਸਾਂ ਸ਼ਹਿਰ ਦੇ ਲੋਕਾਂ ਦੇ ਨੌਕਰਾਂ ਨੇ ਸਿਰਾਂ ਤੇ ਮਠਿਆਈ ਤੇ ਫਲਾਂ ਦੇ ਟੋਕਰੇ ਚੁੱਕੇ ਸਨ ਜਿੰਨੀ ਕੋਈ ਚਾਹੇ ਮਠਿਆਈ ਜਾਂ ਫਲ ਖਾ ਸਕਦਾ ਸੀ। ਰਾਤ ੬ ਵਜੇ ਜਲੂਸ ਖਤਮ ਹੋਇਆ ਸੀ। ਬਹੁਤ ਲੈਕਚਰ ਕੀਤੇ ਗਏ ਇੱਕ ਵਾਰ ਤਾਂ ਅੰਗਰੇਜ ਕੰਬ ਉੱਠੇ ਸਨ ਇਸ ਕਾਨਫਰੰਸ ਤੋ। ਉਸ ਵਕਤ ਮੇਰੀ ਉਮਰ ੧੯ ਸਾਲਾਂ ਦੀ ਸੀ। ਰਾਤ ਨੂੰ ਘੋੜੇ ਨੂਰ ਮਹਿਲ ਦੀ ਸਰਾਂ ਵਿੱਚ ਬੰਧੇ ਸਨ ਫਿਰ ਲਾਹੌਰ ਤੋ ਡੇਰੇ ਆਕੇ ਦੁਬਾਰਾ ਮਿੰਟਗੁਮਰੀ ਦਾ ਇੱਕ ਸਾਲ ਦੌਰਾ ਕੀਤਾ ਤੇ ਫਿਰ ਵਾਪਿਸ ਡੇਰੇ ਆ ਗਏ ਸਾਂ।**

# (੭) ਘੋੜੀ ਅਤੇ ਵਛੇਰੇ ਦੀ ਚੋਰੀ

ਇੱਕ ਵਾਰ ਦੀ ਗੱਲ ਹੈ ਕਿ ਸਿਆਲ ਦੇ ਦਿਨ ਸਨ ਤੇ ਮੇਰੇ ਪਾਸ ਤਸੀਲਦਾਰ ਦਾ ਚਪੜਾਸੀ ਆਇਆ ਤੇ ਕਹਿਣ ਲਗਾ ਕਿ ਤਸੀਲਦਾਰ ਦੀ ਘੋੜੀ ਬੀਮਾਰ ਹੈ ਤੇ ਤੈਨੂੰ ਸੁਨੇਹਾ ਭੇਜਿਆ ਹੈ ਕਿ ਉਸ ਵਾਸਤੇ ਘੋੜੀ ਲੈ ਕੇ ਆਵੈ ਉਸਨੇ ਅੱਜ ਸੁਬਾਹ ਦੌਰੇ ਤੇ ਜਾਣਾਂ ਹੈ। ਮੈ ਚਪੜਾਸੀ ਨੂੰ ਆਖਿਆ, "ਮੈ ਸੁਬਹ ਘੋੜੀ ਲੈ ਕੇ ਆਵਾਂਗਾ ਦੌਰੇ ਤੇ ਜਾਣ ਤੋ ਪਹਿਲਾ ਹੀ ਪਹੁੰਚ ਜਾਵਾਂਗਾ। ਰਾਤ ਨੂੰ ਮੈ ਸੰਤਾਂ ਨੂੰ ਸਾਰੀ ਗੱਲ ਦੱਸੀ ਸੰਤ ਕਹਿਣ ਲੱਗੇ, "ਅਸੀ ਵੀ ਤੇਰੇ ਨਾਲ ਤਸੀਲੇ ਜਾਵਾਂਗੇ।" ਸਵੇਰੇ ਉੱਠੇ ਤੇ ਘੋੜੀਆਂ ਤੇ ਕਾਠੀਆਂ ਪਾ ਕੇ ਦੋਵੇਂ ਜਣੇ ਤਸੀਲੇ ਪਹੁੰਚ ਗਏ ਅੱਗੇ ਤਸੀਲਦਾਰ ਉਡੀਕਦਾ ਸੀ, ਮੇਰੇ ਨਾਲ ਯਾਰਾਂ ਦੋਸਤਾਂ ਵਾਂਗ ਮਖੌਲ ਕਰ ਲੈਂਦਾ ਹੁੰਦਾ ਸੀ ਤੇ ਅੱਜ ਮੈਨੂੰ ਕਹਿਣ ਲਗਾ, "ਅੱਜ ਤੇਰੀ ਦੌੜ ਵੇਖਣੀ ਹੈ ਸੰਤ ਕਹਿੰਦੇ ਹੁੰਦੇ ਨੇ ਕਿ ਸਾਡਾ ਮੁੰਡਾ ਬੜੀ ਲੰਮੀ ਦੌੜ ਲਗਾ ਲੈਂਦਾ ਹੈ ਤੇ ਅੱਜ ਤੇਰੀ ਦੌੜ 'ਭੀਖੋ ਚੱਕ' ਤਕ ਵੇਖਣੀ ਹੈ। ਤਸੀਲ ਤੋਂ 'ਭੀਖੋ ਚੱਕ' ੧੩ ਮੀਲ ਸੀ। ਮੈ ਹੱਸ ਕੇ ਆਖਿਆ, "ਇਹ ਤੇ ਸਫਰ ਕੋਈ ਜ਼ਿਆਦਾ ਨਹੀ ਮੇਰੇ ਵਾਸਤੇ। ਮੈ ਰਾਮੇ ਹਲਵਾਈ ਦੀ ਦੁਕਾਨ ਤੇ ਜਾ ਕੇ ਦੋ ਸੇਰ ਦੁੱਧ ਪੀਤਾ ਤੇ ਖੂੰਡਾ ਫੜਕੇ ਘੋੜੀਆਂ ਦੇ ਅੱਗੇ ਦੌੜ ਪਿਆ, ਦੁੱਧ ਪੀਤਾ ਹੋਇਆ ਸੀ ਤੇ ਅੱਧਾ ਕੁ ਮੀਲ ਦੌੜ ਕੇ ਮੇਰੀ ਵੱਖੀ ਚੜ੍ਹ ਗਈ ਤੇ ਦਰਦ ਹੋਣ ਲਗ ਪਈ ਮੈ ਸਹਿਜੇ ਹੋ ਗਿਆ ਤੇ ਤਸੀਲ ਦਾਰ ਮਖੌਲ ਕਰਨ ਲਗ ਪਿਆ ਮੈ ਆਖਿਆ, "ਤੁਸੀ ਘੋੜੀਆਂ ਦੀ ਸਪੀਡ ਏਹੀ ਰੱਖੀ ਚਲੋ ਮੈ ਤੁਹਾਨੂੰ ਮਿਲ ਪਵਾਂਗਾ ਘੋੜੀਆਂ ਮੇਰੇ ਅੱਗੇ ਨਿਕਲ ਗਈਆਂ ਮੈ ਫਰਲਾਂਗ ਕੁ ਪਿਛੇ ਪਿਛੇ ਜਾ ਰਿਹਾ ਸਾਂ ਕਿ ਮੇਰੀ ਦਰਦ ਹਟ ਗਈ ਮੈ ਸਿੱਧਾ ਕਣਕਾਂ ਦੇ ਵਿੱਚੋਂ ਦੀ ਦੌੜ ਮੋੜ ਕੱਟਕੇ ਇੱਕ ਪੈਲੀ ਘੋੜੀਆਂ ਤੋਂ ਅੱਗੇ ਨਿਕਲ ਗਿਆ ਮੈ ਪਰਨੇ ਨਾਲ ਲੱਕ ਬੱਧਾ ਹੋਇਆ ਸੀ। ਤੇ ਹੱਥ ਵਿੱਚ ਖੂੰਡਾ ਸੀ; ਜਦੋ ਤੱਸੀਲਦਾਰ ਨੇ ਮੈਨੂੰ ਵੇਖਿਆ ਅੱਗੇ ਭੱਜੇ ਜਾਂਦੇ ਨੂੰ ਤੇ ਉਸਨੇ ਮਜ਼ਾਕ ਨਾਲ ਰੌਲਾ ਪਾ ਕੇ ਮੇਰੇ ਮਗਰ ਲੋਕਾਂ ਨੂੰ ਭਜਾ ਦਿੱਤਾ ਕਿ ਫੜੋ ਚੋਰ ਭੱਜਾ ਜਾਂਦਾ ਹੈ। ਡੋਗਰੇ ਲੋਕ ਮੇਰੇ ਮਗਰ ਪੈ ਗਏ ਕੁਝ ਬੰਦੇ ਅਗੋਂ ਦੀ ਪੈ ਗਏ ਮੈ ਬਥੇਰਾ ਦਸਿਆ ਕਿ 'ਮੈ ਚੋਰ ਨਹੀਂ' ਪਰ ਦੋ ਬੰਦੇ ਬਦੋ ਬਦੀ ਮੇਰੇ ਗੱਲ ਆ ਪਏ ਮੇਰੇ ਹਥੱ ਵਿੱਚ ਖੂੰਡਾ ਸੀ ਉਹ ਹੱਥੋ ਖਾਲੀ ਸਨ ਮੈ ਖੂੰਡਾ

ਚਲਾਇਆ ਉਹਨਾਂ ਨੂੰ ਸੱਟਾਂ ਲਗੀਆਂ ਤੇ ਤਸੀਲਦਾਰ ਦਾ ਹਾਸਾ ਹੋ ਗਿਆ। ਫਿਰ ਦੌੜ ਪਏ ਕੁਦਰਤ ਐਸੀ ਹੋਈ ਕਿ ਦੌੜੇ ਜਾਂਦਿਆ ਸੰਤਾਂ ਦੀ ਘੋੜੀ ਦੀਆਂ ਅਗਲੀਆਂ ਲਤਾਂ ਇੱਕ ਟੋਏ ਵਿੱਚ ਪੈ ਗਈਆਂ। ਟੋਇਆ ਉਪਰੋ ਪਧੱਰਾ ਸੀ ਤੇ ਥਲਿਓਂ ਪੋਲਾ ਸੀ ਇਸ ਕਰਕੇ ਪਤਾ ਨਾ ਲਗਾ ਤੇ ਇਹ ਹਾਦਸਾ ਵਾਪਰ ਗਿਆ ਘੋੜੀ ਦੀ ਬਾਜੀ ਪੈ ਗਈ ਸੰਤਾਂ ਦਾ ਸੱਜਾ ਪੈਰ ਘੋੜੀ ਦੇ ਹੇਠ ਆ ਗਿਆ, ਪੈਰ ਟੁੱਟ ਗਿਆ ਹੱਡੀ ਪੈਰ ਦੀ ਬਾਹਰ ਨਿਕਲ ਆਈ ਪਰ ਸੰਤ ਉਸੇ ਤਰਾਂ ਉੱਠ ਕੇ ਫਿਰ ਘੋੜੀ ਤੇ ਚੜ੍ਹ ਪਏ ਤੇ ਘੋੜੀ ਦੁੜਕੀ ਲਾ ਦਿੱਤੀ। ਭੀਖੋ ਚੱਕ ਪਹੁੰਚ ਕੇ ਸੰਤਾਂ ਨੂੰ ਜਿਆਦਾ ਤਕਲੀਫ ਹੋ ਗਈ। ਅਸੀਂ ਘੋੜੀਆਂ ਲੈ ਕੇ ਰਾਤ ਡੇਰੇ ਆ ਗਏ, ਆਕੇ ਸੰਤਾਂ ਦਾ ਪੈਰ ਬੱਧਾ। ਸਵੇਰੇ ਉੱਠੇ ਤੇ ਵੇਖਿਆ ਕਿ ਕੋਈ ਸਾਡੀ ਕਣਕ ਦੀਆਂ ਤਿੰਨ ਭਰੀਆਂ ਵੱਢ ਕੇ ਲੈ ਗਿਆ ਸੀ। ਮੈਂ ਜਦੋਂ ਕਣਕ ਵੱਢੀ ਹੋਈ ਵੇਖੀ ਤਾਂ ਮੈਨੂੰ ਬੜਾ ਗੁੱਸਾ ਆਇਆ ਤੇ ਮੈ ਆਖਿਆ, "ਅੱਜ ਰਾਤ ਮੈ ਵੀ ਲੋਕਾਂ ਦੀਆ ਕਣਕਾਂ ਵਿੱਚ ਘੋੜੀਆਂ ਚਾਰਾਂਗਾ।" ਇਸ ਗੱਲ ਦਾ ਪਤਾ ਜਦੋ ਸੰਤਾਂ ਨੂੰ ਲਗਾ ਤਾਂ ਉਹਨਾਂ ਨੇ ਮੈਨੂੰ ਰੋਕਿਆ ਤੇ ਕਿਹਾ, "ਕਿਸੇ ਦੀ ਕਣਕ ਨਹੀਂ ਚਾਰਨੀ, ਜੇ ਚਾਰੇਂਗਾ ਤੇ ਨਤੀਜਾ ਚੰਗਾ ਨਹੀ ਨਿਕਲੇਗਾ, ਔਖਾ ਹੋਵੇਗਾ।" ਮੈਂ ਕੋਈ ਜੁਵਾਬ ਨਾ ਦਿੱਤਾ ਸ਼ਾਮ ਦਾ ਵਕਤ ਸੀ ਸੰਤਾਂ ਦੇ ਕਹਿਣ ਤੇ ਮੈ ਰਹਿਰਾਸ ਦਾ ਪਾਠ ਕਰਨ ਲੱਗ ਪਿਆ। ਸਾਧ ਸਾਰੇ ਬੈਠ ਕੇ ਸੁਣਨ ਲੱਗ ਪਏ, ਪਾਠ ਕਰਕੇ ਅਰਦਾਸਾ ਕੀਤਾ। ਜੈ ਕਾਰਾ ਬੁਲਾਇਆ, ਤੇ ਸੰਤ ਮੈਨੂੰ ਕਹਿਣ ਲਗੇ, "ਦੱਸ ਤੇਰਾ ਮਨ ਕੀ ਕਹਿੰਦਾ ਹੈ, ਘੋੜੀਆਂ ਚਾਰੇਂਗਾ ਕਿ ਨਹੀਂ।" ਮੈ ਚੁੱਪ ਕਰ ਰਿਹਾ, ਸੰਤਾਂ ਦਾ ਮੰਜਾ ਅੰਦਰ ਕੀਤਾ ਤੇ ਸਾਧ ਪੈਰ ਤੇ ਟਕੋਰ ਕਰਨ ਲਗ ਪਏ ਮੈ ਚੁੱਪ ਕਰਕੇ ਘੋੜੀ ਤੇ ਚੜ੍ਹ ਕੇ ਬਾਹਰ ਨਿਕਲ ਗਿਆ ਤੇ ਇੱਕ ਵਛੇਰਾ ਸੀ ਵਲੈਤੀ ਘੋੜੀ ਦਾ ਉਸ ਜਮਾਨੇ ਵਿੱਚ ੭੫੦੦੦ ਦਾ ਘੋੜਾ ਆਇਆ ਸੀ ਸਰਗੋਧੇ ਜਿਲ੍ਹੇ ਵਿੱਚ ਇਹ ਘੋੜਾ ਅਸਤਬਲ ਵਿੱਚ ਇਹ ਸ਼ਾਮ ਘੋੜਾ ਅੰਗਰੇਜ਼ਾਂ ਨੇ ਰਖਿਆ ਸੀ ਤੇ ਇਸ ਸ਼ਾਨ ਦਾ ਇਹ ਬੱਚਾ ਸੀ, ਤੇ ਇਹ ੨੪ ਘੰਟੇ ਖੁੱਲਾ ਰਹਿੰਦਾ ਸੀ ਇਹ ਵਛੇਰਾ ਭੈਣੀ ਸਾਹਿਬ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਪਾਸ ਸੇਵਾ ਕਰਨ ਵਾਸਤੇ ਘੱਲਿਆ ਸੀ, ਹਾਂ ਜੀ ਤੇ ਇਹ ਵਛੇਰਾ ਵੀ ਮੇਰੇ ਪਿਛੇ ਪਿਛੇ ਆ ਗਿਆ ਮੈ ਦੋ ਚਾਰ ਮੀਲ ਵਿੱਚ ਘੋੜੀ ਤੇ ਚੜ੍ਹ ਕੇ ਚੱਕਰ ਲਾਇਆ ਪਰ ਘੋੜੀ ਨੇ ਕਿਸੇ ਦੀ ਕਣਕ ਨੂੰ ਮੂੰਹ ਤਕ ਨਹੀ ਲਾਇਆ। ਮੈ ਘੁੰਮ ਘੁਮਾ ਕੇ ਵਾਪਿਸ ਡੇਰੇ ਆ ਕੇ ਘੋੜੀ ਨੂੰ ਰੱਸੇ ਮਾਰ ਮਾਰ ਕੇ ਬੜਾ ਕੁੱਟਿਆ ਤੇ ਘੋੜੀ ਬਾਹਰ ਭਜਾ ਦਿੱਤੀ ਤੇ ਘੋੜੀ ਸਾਰੀ ਰਾਤ ਅਪਣੀ ਕਣਕ ਵਿੱਚ ਚੁਗਦੀ ਰਹੀ ਜਦੋਂ ਲੋਅ ਲਗੀ ਤੇ ਜਿਸ ਪਿੰਡੋ ਘੋੜੀ ਖਰੀਦੀ ਸੀ ਘੋੜੀ ਉਸੇ ਪਿੰਡ ਤੁਰ ਪਈ ਮਗਰੇ ਹੀ ਵਛੇਰਾ ਵੀ ਚਲਾ ਗਿਆ। ਅੱਗੇ ਰਸਤੇ ਵਿੱਚ ਉਮਰ ਬਦਮਾਸ਼ ਜੋ ਕਿ ਇਲਾਕੇ ਦਾ ਮੰਨਿਆ ਹੋਇਆ

ਬਦਮਾਸ਼ ਸੀ ਉਹ ਗੱਡੀ ਚੜ੍ਹਨ ਵਾਸਤੇ ਜਾ ਰਿਹਾ ਸੀ ਸਟੇਸ਼ਨ ਤੇ, ਜਦੋ ਉਸਨੇ ਇਹ ਘੋੜੀ ਤੇ ਵਛੇਰਾ ਸੁਏ ਜਾਂਦੇ ਵੇਖੇ ਤੇ ਉਸਨੇ ਫੜਕੇ ਲੁਕਾ ਲਏ। ਮੈ ਸੰਤਾਂ ਤੋਂ ਚੋਰੀ ਚੋਰੀ ਘੋੜੀ ਤੇ ਵਛੇਰਾ ਲੱਭਦਾ ਫਿਰਾਂ ਆਖਰ ਸੰਤਾਂ ਨੂੰ ਪਤਾ ਲਗ ਗਿਆ। ਸੰਤਾਂ ਨੇ ਮੈਨੂੰ ਅਪਣੇ ਕੋਲ ਬੁਲਾ ਕੇ ਬੜੀਆਂ ਝਿੜਕਾਂ ਦਿੱਤੀਆਂ ਮੈ ਚੁੱਪ ਰਿਹਾ ਸੰਤਾਂ ਆਖਿਆ ਹੁਣ ਲੱਭਣ ਦੀ ਕੋਸ਼ਿਸ਼ ਕਰੋ। ਮੈ ਉਸੇ ਵਕਤ ਸੰਤਾਂ ਦੇ ਭਤੀਜੇ ਬਹਾਦਰ ਸਿੰਘ ਨੂੰ ਤਿਆਰ ਕਰਕੇ ਕਿਆਂ ਪੁਰ ਭੇਜਿਆ ਕਿ ਕਿਤੇ ਘੋੜੀ ਨੰਬਰਦਾਰ ਬਹਾਦਰ ਸਿੰਘ ਦੇ ਘਰ ਤੇ ਨਹੀਂ ਚਲੀ ਗਈ। ਉਹ ਉਧਰ ਗਿਆ ਤੇ ਮੈ ਬੂੜੇ ਡਲੇ ਪਿੰਡ ਦਾ ਊਧਮ ਸਿੰਘ ਬੜਾ ਬਦਮਾਸ਼ ਸੀ ਉਸਦੇ ਕੋਲ ਜਾ ਕੇ ਕਿਹਾ "ਤੈਨੂੰ ਸੰਤ ਬੁਲਾਉਂਦੇ ਹਨ।" ਉਹ ਉਸੇ ਵੇਲੇ ਮੇਰੇ ਨਾਲ ਹੀ ਤੁਰ ਪਿਆ। ਸੰਤਾਂ ਕੋਲ ਆਉਣ ਤੇ ਸੰਤਾਂ ਆਖਿਆ, "ਅੱਜ ਸਾਡੀ ਘੋੜੀ ਤੇ ਵਛੇਰਾ ਕੋਈ ਲੈ ਗਿਆ ਹੈ ਉਸਦਾ ਪਤਾ ਕਰਨਾ ਹੈ।" ਉਸਨੇ ਹੱਥ ਜੋੜ ਕੇ ਆਖਿਆ "ਮਹਾਰਾਜ ਜੀ, ਮੈਨੂੰ ਹੁਕਮ ਕਰੋ ਮੈ ਹੁਣੇ ਹੀ ਦਰਬਾਰ ਸਾਹਿਬ ਦੇ ਅੱਗੇ ਖੜਾ ਹੋ ਕੇ ਸਹੁੰ ਖਾਣ ਵਾਸਤੇ ਤਿਆਰ ਹਾਂ, ਮੈਨੂੰ ਕੋਈ ਪਤਾ ਨਹੀ ਘੋੜੀ ਦਾ।" ਉਹ ਵਾਪਿਸ ਚਲਾ ਗਿਆ। ਮੈ ਇਲਾਕੇ ਦੇ ਮਾੜੇ ਚੰਗੇ ਸਾਰੇ ਬਦਮਾਸ਼ ਇੱਕੱਠੇ ਕਰ ਲਏ ਪਰ ਕੋਈ ਕੁਝ ਨਾ ਦਸੇ, ਦਸਦੇ ਵੀ ਕੀ ਇਹਨਾਂ ਨੂੰ ਤੇ ਪਤਾ ਹੀ ਨਹੀ ਸੀ। ਸ਼ਾਮ ਦੇ ਵਕਤ ਕਿਆਂ ਪੁਰ ਤੋਂ ਬਹਾਦਰ ਸਿੰਘ ਨੇ ਆਕੇ ਦਸਿਆ ਕਿ ਘੋੜੀ ਤੇ ਵਛੇਰਾ ਆਦੇਵਾਲੇ ਉਮਰ ਬਦਮਾਸ਼ ਨੇ ਫੜ ਲਏ ਹਨ। ਸੰਤ ਕਹਿਣ ਲਗੇ ਕਿ ਹੁਣ ਉਮੈਦ ਲਾਹ ਦਿਉ ਘੋੜੀ ਤੇ ਵਛੇਰੇ ਦੀ ਹੁਣ ਸਮਝੋ ਖੂਹ ਵਿੱਚ ਪੈ ਗਏ ਦੋਵੇਂ ਜਾਨਵਰ। ਅਸੀ ਛੇ ਆਦਮੀ ਹਥਿਆਰ ਲੈ ਕੇ, ਤਿਆਰ ਹੋ ਕੇ ਤੁਰ ਪਏ, ਸੰਤਾਂ ਨੇ ਮੈਨੂੰ ਅਵਾਜ ਦਿੱਤੀ, ਮੈ ਸੰਤਾਂ ਪਾਸ ਗਿਆ, ਸੰਤਾਂ ਹੁਕਮ ਕੀਤਾ ਕਿ ਘੋੜੀ ਤੇ ਕਾਠੀ ਪਾਉ ਮੈਂ ਵੀ ਤੁਹਾਡੇ ਨਾਲ ਚਲਦਾ ਹਾਂ। ਮੈ ਅਰਜ ਕੀਤੀ ਕਿ ਤੁਹਾਨੂੰ ਤਕਲੀਫ ਬਹੁਤ ਹੈ, ਪੈਰ ਦੁਖਦਾ ਹੈ ਤੁਸੀਂ ਨਾ ਜਾਉ। ਸੰਤ ਮੈਨੂੰ ਗੁੱਸੇ ਹੋਏ ਤੇ ਕਹਿਣ ਲਗੇ, "ਜੇ ਸਾਡੇ ਆਖੇ ਲਗ ਜਾਂਦੋਂ ਘੋੜੀ ਬਾਹਰ ਨਾ ਛਡਦੋਂ ਤੇ ਇਹ ਮੁਸੀਬਤ ਕਿਉਂ ਪੈਂਦੀ।" ਮੁੱਕੀ ਗੱਲੋਂ ਘੋੜੀ ਤੇ ਕਾਠੀ ਪਾਈ ਤੇ ਸੰਤਾਂ ਨੂੰ ਘੋੜੀ ਤੇ ਚੜ੍ਹਾ ਕੇ ਅਸੀ ਚਲ ਪਏ ਤੇ ਰਾਤ ਦੇ ਅੱਠ ਕੁ ਵਜੇ ਦੇ ਕਰੀਬ ਉਸ ਬਦਮਾਸ਼ ਦੇ ਪਿੰਡ 'ਆਦੇ' ਆ ਪਹੁੰਚੇ। ਇਹ 'ਆਦਾ' ਪਿੰਡ ਨੌ ਪੱਤੀਆਂ ਦਾ ਸੀ ਸਾਰਾ ਪਿੰਡ ਹੀ ਮੁਸਲਮਾਨਾਂ ਦਾ ਸੀ ਕੋਈ ਹੋਰ ਘਰ ਇਸ ਪਿੰਡ ਨਹੀ ਸੀ ਕੁਝ ਘਰ ਭੰਗੀਆਂ ਦੇ ਸਨ। ਜਦ ਅਸੀ ਇਸ ਪਿੰਡ ਪਹੁੰਚੇ ਤਾਂ ਸਾਨੂੰ ਇੱਕ ਬੰਦੇ ਨੇ ਦਸਿਆ ਕਿ ਤੁਹਾਡੀ ਘੋੜੀ ਐਸ ਵਕਤ ਬੂਪਾ ਪਿੰਡ ਹੈ। ਦਰਿਆ ਰਾਵੀ ਦੇ ਕਿਨਾਰੇ ਉਥੇ ਲਾਹੀ ਬਦਮਾਸ਼ ਦੇ ਘਰ ਹੈ। ਅਸੀ ਉਸੇ ਵਕਤ ਉਸ ਨਗਰ ਪਹੁੰਚ ਗਏ, ਜਾ ਉਸ ਬਦਮਾਸ਼ ਦੇ ਘਰ ਨੂੰ ਘੇਰਾ ਪਾਇਆ। ਉਹ ਸਮਝਿਆ ਪੁਲਸ ਆ

ਗਈ ਹੈ ਉਹ ਭਜੱਣ ਲਗਾ, ਕੁਦਰਤੀ ਜਿਸ ਬੰਨੇ ਉਹ ਨਿਕਲਿਆ ਉਸ ਬੰਨੇ ਮੈਂ ਤੇ ਚੈਨ ਸਿੰਘ ਖੜੇ ਸਾਂ, ਅਸਾਂ ਉਸਨੂੰ ਬਾਹੋਂ ਫੜ ਲਿਆ ਤੇ ਗਲਬਾਤ ਕੀਤੀ ਕਿ ਤੂੰ ਭੱਜ ਨਾ ਅਸੀ ਪੁਲਸ ਦੇ ਬੰਦੇ ਨਹੀ, ਉਹ ਕਹਿਣ ਲਗਾ, ''ਤੁਸੀ ਕੌਣ ਹੋ।'' ਅਸੀਂ ਦਸਿਆ, ''ਅਸੀ ਸੰਤ ਬੰਤਾ ਸਿੰਘ ਦੇ ਚੇਲੇ ਹਾਂ ਸਾਡੀ ਘੋੜੀ ਤੇ ਵਛੇਰਾ ਆਵਾਰਾ ਹੋ ਗਏ ਹਨ ਤੇ ਸਾਨੂੰ ਪਤਾ ਲਗਾ ਹੈ ਕਿ ਆਦੇ ਵਾਲੇ ਉਮਰ ਬਦਮਾਸ਼ ਨੇ ਫੜ ਲਏ ਹਨ ਜਦੋ ਅਸੀ 'ਆਦੇ' ਪਹੁੰਚੇ ਤਾਂ ਇੱਕ ਬੰਦੇ ਨੇ ਦਸਿਆ ਕਿ ਘੋੜੀ ਤੇ ਵਛੇਰਾ ਉਮਰ ਨੇ ਲਾਹੀ ਦੇ ਘਰ 'ਬੂਪੇ' ਪੁਚਾ ਦਿੱਤੇ ਹਨ। ਇਸ ਵਾਸਤੇ ਅਸੀ ਤੇਰੇ ਪਾਸ ਆਏ ਹਾਂ ਕਿ ਤੂੰ ਕਿਰਪਾ ਕਰਕੇ ਘੋੜੀ ਤੇ ਵਛੇਰਾ ਸਾਨੂੰ ਦੇ ਦੇ ਜੋ ਸੇਵਾ ਤੂੰ ਆਖੇਗਾਂ ਤੇਰੀ ਕਰ ਦਿਆਂਗੇ।'' ਉਸਨੇ ਬੜੇ ਪ੍ਰੇਮ ਨਾਲ ਹੱਥ ਜੋੜ ਕੇ ਸੰਤਾਂ ਨੂੰ ਆਖਿਆ ਕਿ ''ਬਾਬਾ ਜੀ, ਮੈਨੂੰ ਭਾਵੇਂ ਕਿਸੇ ਗੁਰੂ ਪੀਰ ਦੀ ਕਸਮ ਖਵਾ ਲਵੋ ਮੈ ਝੂਠ ਨਹੀ ਬੋਲਦਾ ਮੇਰੀ ਤੇ ਉਮਰ ਦੀ ਬੜੀ ਦੁਸ਼ਮਣੀ ਹੈ, ਸਾਡਾ ਆਪਸ ਵਿੱਚ ਕੋਈ ਕੂਣ ਬੋਲਣ ਵੀ ਨਹੀ ਤੇ ਨਾ ਹੀ ਤੁਹਾਡੀ ਘੋੜੀ ਮੇਰੇ ਪਾਸ ਆਈ ਹੈ। ਉਮਰ ਨੇ ਜਾਂ ਉਸਦੇ ਬੰਦੇ ਨੇ ਤੁਹਾਡੇ ਨਾਲ ਚਾਲ ਖੇਡੀ ਹੈ, ਤੁਹਾਨੂੰ ਮੇਰੇ ਵੱਲ ਘੱਲ ਦਿੱਤਾ ਤੇ ਆਪ ਘੋੜੀ ਵਛੇਰਾ ਕਿਸੇ ਹੋਰ ਥਾਂ ਲੈ ਗਏ ਹੋਣਗੇ। ਅਸੀਂ ਬੜੇ ਦੁਖੀ ਹੋਏ ਉਤੋ ਸਰਦੀ ਬੜੀ ਨਿੱਕੀ ਨਿੱਕੀ ਬਾਰਸ਼ ਵੀ ਸ਼ੁਰੂ ਹੋ ਗਈ ਰਾਤ ਨਾ ਮੁੱਕਣ ਚ ਆਵੇ ਕਿਸੇ ਤਰਾਂ ਰਾਤ ਲੰਘੀ ਦਿਨ ਚੜ੍ਹਿਆ ਤੇ ਅਸੀ ਫਿਰ 'ਆਦੇ' ਉਮਰ ਦੇ ਨਗਰ ਆ ਗਏ। ਉਮਰ ਬਦਮਾਸ਼ ਦੀ ਹਵੇਲੀ ਵਿੱਚ ਜਦੋਂ ਪਹੁੰਚੇ ਤੇ ਅੱਗੇ ਉਮਰ ਦੇ ਘਰ ੪ ਸਿੱਖ ਬੜੇ ਬੜੇ ਜੁਵਾਨ ਬੈਠੇ ਹੋਏ ਸਨ। ਅੱਗ ਬਾਲ ਕੇ ਸੇਕ ਰਹੇ ਸਨ। ਉਮਰ ਤੇ ਇਸਦੇ ਦੋ ਭਰਾ ਤਿੰਨ ਪੁੱਤਰ ੫ ਭਤੀਜੇ, ਇਹ ਸਾਰੇ ਉਥੇ ਅੱਗ ਸੇਕ ਰਹੇ ਸਨ। ਇਹ ਕੁਲ ੧੩ ਬੰਦੇ ਸਨ। ਅਸੀਂ ਅੰਦਰ ਗਲੇ ਗਏ ਇਹਨਾਂ ਨੇ ਸਾਨੂੰ ਦੋ ਮੰਜੇ ਡਾਹ ਦਿੱਤੇ ਅਸੀ ਬੈਠ ਗਏ ਅੱਗ ਸੇ ਕਣ ਲਗ ਪਏ ਤੇ ਉਮਰ ਨੇ ਪੁਛਿਆ, ''ਬਾਬਾ ਜੀ ਅੱਜ ਸੁਬਾਹ ਸੁਬਾਹ ਕਿਧਰੋਂ ਆਏ ਹੋ, ਅੱਜ ਤੇ ਸਰਦੀ ਬੜੀ ਹੈ।'' ਸੰਤਾਂ ਨੇ ਉੱਤਰ ਦਿੱਤਾ, ''ਚੌਧਰੀ ਸਾਹਿਬ ਤੇਰੇ ਪਾਸ ਇੱਕ ਕੰਮ ਆਏ ਹਾਂ।'' ਉਸ ਕਿਹਾ, ''ਦਸੋ ਕੀ ਕੰਮ ਆਏ ਹੋ।'' ਸੰਤਾ ਕਿਹਾ, ''ਪਰਸੋ ਅੱਧੀ ਕੁ ਰਾਤ ਨੂੰ ਸਾਡੀ ਘੋੜੀ ਤੇ ਵਛੇਰਾ ਅਵਾਰਾ ਹੋ ਗਏ ਸਨ ਤੇ ਸਾਨੂੰ ਪਤਾ ਲਗਾ ਹੈ ਕਿ ਤੂੰ ਉਸ ਵਕਤ ਸਟੇਸ਼ਨ ਤੇ ਗੱਡੀ ਚੜ੍ਹਨ ਵਾਸਤੇ ਜਾ ਰਿਹਾ ਸੈਂ ਤੇ ਤੈਨੂੰ ਘੋੜੀ ਵਛੇਰਾ ਚੁਗਦੇ ਮਿਲੇ ਹਨ ਤੇ ਤੂੰ ਫੜੇ ਹਨ, ਕਿਰਪਾ ਕਰਕੇ ਜੋ ਤੂੰ ਸਾਨੂੰ ਸੇਵਾ ਆਖੇ ਉਹ ਅਸੀ ਕਰ ਦਿੰਦੇ ਹਾਂ ਤੇ ਤੂੰ ਘੋੜੀ ਵਛੇਰਾ ਸਾਨੂੰ ਦੇ ਦੇ।'' ਉਸ ਉੱਤਰ ਦਿੱਤਾ, ''ਤੋਬਾ ਤੋਬਾ ਬਾਬਾ ਜੀ ਮੈ ਤੇ ਘੋੜੀ ਵਛੇਰਾ ਵੇਖਿਆ ਵੀ ਨਹੀ।'' ਸੰਤਾ ਕਿਹਾ, ''ਚੌਧਰੀ ਘੋੜੀ ਤੂੰ ਰੱਖ ਲੈ ਅਸੀ ਤੈਨੂੰ ਰਸੀਦ ਕਰ ਦਿੰਦੇ ਹਾਂ ਕਿ ਅਸੀ ਘੋੜੀ ਮੁੱਲ ਦਿੱਤੀ

ਹੈ ਪਰ ਤੂੰ ਕਿਰਪਾ ਕਰਕੇ ਵਛੇਰਾ ਸਾਨੂੰ ਦੇ ਦੇ, ਵਛੇਰਾ ਸਾਡਾ ਨਹੀ ਹੈ ਸਾਡੇ ਸਤਿਗੁਰਾਂ ਦਾ ਹੈ। ਉਹਨਾਂ ਨੇ ਸਾਡੇ ਪਾਸ ਸੇਵਾ ਕਰਨ ਵਾਸਤੇ ਘੱਲਿਆ ਹੈ। ਉਸ ਉੱਤਰ ਦਿੱਤਾ, ''ਭਾਈ ਜੀ, ਅਸਲੀ ਗੱਲ ਤਾਂ ਇਹ ਹੈ ਕਿ ਮੈਂ ਘੋੜੀ ਵਛੇਰਾ ਫੜੇ ਜਰੂਰ ਹਨ ਪਰ ਦੇਣੇ ਨਹੀ, ਜਿੰਨਾ ਤੁਹਾਡਾ ਜੋਰ ਲਗਦਾ ਹੈ ਲਾ ਲਵੋ।'' ਸੰਤਾਂ ਨੇ ਫਿਰ ਹੱਥ ਜੋੜੇ ਕਿ ਤੂੰ ਇਸਤਰਾਂ ਨਾ ਕਰ ਪਰ ਉਸਨੇ ਇੱਕ ਨਾ ਮੰਨੀ ਸਗੋਂ ਕਹਿਣ ਲਗਾ, ''ਮੇਰੀ ਹਵੇਲੀ ਵਿੱਚੋਂ ਉੱਠ ਕੇ ਬਾਹਰ ਚਲੇ ਜਾਉ ਨਹੀ ਤੇ ਮੈ ਤੁਹਾਡੀ ਬੇ-ਇੱਜਤੀ ਕਰਕੇ ਕੱਢਾਂਗਾ।'' ਅਸੀ ਹਵੇਲੀ ਵਿੱਚੋ ਬਾਹਰ ਆ ਕੇ ਮਸ਼ਵਰਾ ਕੀਤਾ ਕਿ ਅੱਜ ਇੱਕੇ ਹੱਥ ਵਿਖਾ ਕੇ ਹੀ ਜਾਣਾ ਹੈ। ਇਸੇ ਪਿੰਡ ਦਾ ਨਵਾਬ ਦੀਨ ਸਫੈਦ ਪੋਸ਼ ਸੀ। ਅਸੀਂ ਇੱਕ ਵਾਰ ਇਸਦੀ ਮਦਦ ਕੀਤੀ ਸੀ ਮੈਂਬਰੀ ਦੇ ਵੋਟਾਂ ਵਿੱਚ। ਸੰਤਾਂ ਨੇ ਮੈਨੂੰ ਉਸ ਵੱਲ ਘਲਿਆ ਕਿ ਸਾਰੀ ਗੱਲ ਉਸਨੂੰ ਦੱਸੀ ਜਾਵੇ ਤੇ ਨਾਲੇ ਪੁਛਿਆ ਜਾਵੇ ਕਿ ਉਹ ਸਾਡੀ ਮਦਦ ਕਰੇਗਾ? ਜਦੋ ਮੈ ਸਾਰੀ ਗੱਲ ਉਸਨੂੰ ਜਾ ਕੇ ਪੁੱਛੀ ਤੇ ਉਸ ਨੇ ਕਿਹਾ, ''ਮੈ ਤੁਹਾਡੀ ਮਦਦ ਪਿੰਡ ਵਿੱਚ ਨਹੀ ਕਰ ਸਕਦਾ ਕਿਉਂਕਿ ਇਹ ਬਦਮਾਸ਼ ਹੈ, ਰਾਤ ਨੂੰ ਹੀ ਸਾਡੇ ਡੰਗਰ ਖੋਲ੍ਹ ਕੇ ਲੈ ਜਾਊਗਾ ਇਹ ਤਾਂ ਅੱਗੇ ਹੀ ਸਾਰੇ ਪਿੰਡ ਨੂੰ ਤੰਗ ਕਰਦਾ ਹੈ। ਇਸਨੇ ਤਿੰਨ ਸੌ ਦੇ ਕਰੀਬ ਪਿੰਡ ਦੇ ਲੋਕਾਂ ਦੇ ਡੰਗਰ ਕਢਵਾਏ ਹਨ। ਸਭ ਲੋਕ ਦੁਖੀ ਹਨ। ਪਰ ਸਾਹਮਣੇ ਕੋਈ ਨਹੀ ਆਉਂਦਾ। ਏਨੇ ਚਿਰ ਨੂੰ ਪਿੰਡ ਦਾ ਨੰਬਰਦਾਰ ਆ ਗਿਆ ਉਸਨੇ ਸਾਰੀ ਗੱਲ ਸੁਣ ਕੇ ਕਿਹਾ, ''ਅਸੀ ਸਾਰਾ ਪਿੰਡ ਤੁਹਾਡੇ ਨਾਲ ਹਾਂ ਜੋ ਤੁਹਾਡੀ ਮਰਜੀ ਹੈ ਕਰੋ ਅਸੀ ਤੁਹਾਨੂੰ ਕੁਝ ਨਹੀ ਕਹਾਂਗੇ ਇਹੀ ਸਾਡੀ ਮਦਦ ਸਮਝ ਲਵੋ।''

ਅਸੀ ਸਾਰਿਆ ਨੇ ਸੰਤਾਂ ਨਾਲ ਸਲਾਹ ਕੀਤੀ ਕਿ ਹੁਣ ਕੀ ਕਰਨਾਂ ਚਾਹੀਦਾ ਹੈ। ਸੰਤਾਂ ਨੇ ਹੁਕਮ ਕੀਤਾ ਕਿ ਅੱਜ ਖਾਲੀ ਨਹੀ ਜਾਣਾ ਇਸ ਸੂਰ ਨੂੰ ਕੁਝ ਵਿਖਾ ਕੇ ਹੀ ਜਾਣਾ ਹੈ ਮੈ ਪੁਛਿਆ, ''ਕੀ ਕਰਨਾ ਚਾਹੀਦਾ ਹੈ।'' ਸੰਤਾਂ ਕਿਹਾ, ''ਇਸਦੀਆ ਮੱਝਾਂ ਖੋਹਲ ਕੇ ਲੈ ਚਲੋ ਜੇ ਰੋਕੇਗਾ ਤਾ ਇਸਨੂੰ ਵੱਢ ਦਿਉ ਜੋ ਇਸਦੀ ਮਦਦ ਕਰੇ ਗਾ ਸਭ ਨੂੰ ਵੱਢ ਦਿਉ ਇਸਦੇ ਭਰਾ, ਭਤੀਜੇ ਜਿਹੜਾ ਸਾਹਮਣੇ ਆਵੇ ਸੁੱਕਾ ਨਾ ਜਾਵੇ। ਜੋ ਹੋਵੇਗਾ ਮੈ ਝੱਲਾਂਗਾ ਤਗੜੇ ਹੋਕੇ ਜਾਉ ਸਵੇਰ ਦੇ ਨੌ ਸਾਢੇ ਨੌ ਦਾ ਵਕਤ ਸੀ ਅਸਾਂ ਅਰਦਾਸਾ ਕੀਤਾ ਜੈ ਕਾਰਾ ਬੁਲਾਇਆ ਤੇ ਉਮਰ ਦੀ ਹਵੇਲੀ ਵੱਲ ਨੂੰ ਆ ਗਏ। ਸੰਤ ਤੇ ਚਾਰ ਸਾਧ ਬਾਹਰ ਦਰਵਾਜੇ ਅੱਗੇ ਖੜੇ ਹੋ ਗਏ। ਮੈ ਸਾਧਾਂ ਨੂੰ ਕਿਹਾ, ''ਸੰਤਾਂ ਦੇ ਲਾਗੇ ਤਕੜੇ ਹੋ ਕੇ ਰਹਿਣਾ ਕੋਈ ਬੰਦਾ ਸੰਤਾਂ ਨੂੰ ਸੋਟਾ ਨਾ ਮਾਰੇ।'' ਸੰਤ ਘੋੜੀ ਤੇ ਸਨ ਤੇ ਉਹਨਾਂ ਦਾ ਪੈਰ ਟੁੱਟਾ ਹੋਇਆ ਸੀ ਵੈਸੇ ਤਾਂ ਸੰਤਾਂ ਦੇ ਹੱਥੋਂ ਵਿੱਚ ਕਿਰਪਾਨ ਸੀ ਤੇ ਮੇਰੇ ਪਾਸ ਛਵੀ ਸੀ ਬਾਕੀ ਸਾਧਾਂ ਕੋਲ ਟਕੂਏ ਸਨ। ਉਸ ਜ਼ਮਾਨੇ ਵਿੱਚ ਜਿਸ ਬੰਦੇ ਪਾਸੋਂ ਛਵੀ ਫੜੀ ਜਾਂਦੀ ਸੀ ਅੰਗਰੇਜ ਉਸਨੂੰ ੬ ਮਹੀਨੇ ਕੈਦ ਤੇ ੫੦

ਰੁ: ਜੁਰਮਾਨਾ ਲਾਉਂਦੇ ਸਨ। ਮੈਂ ਤੇ ਬਹਾਦਰ ਸਿੰਘ ਨੇ ਉਮਰ ਬਦਮਾਸ਼ ਦੀ ਹਵੇਲੀ ਦੇ ਅੰਦਰ ਜਾ ਕੇ ਤਿੰਨ ਮੱਝਾਂ ਤੇ ਤਿੰਨ ਕੱਟੀਆਂ ਖੋਲ੍ਹ ਲਈਆਂ ਤੇ ਲੈ ਤੁਰੇ. ਪ੍ਰਮਾਤਮਾਂ ਨੇ ਐਸੀ ਕਿਰਪਾ ਕੀਤੀ ਕਿ ਸਾਨੂੰ ਕਿਸੇ ਬੰਦੇ ਨੇ ਨਾ ਰੋਕਿਆ ਸਾਰੇ ਬਦਮਾਸ਼ ਸਾਹਮਣੇ ਬੈਠੇ ਸਨ ਉਮਰ ਖਲੋਤਾ ਸੀ ਜਦੋ ਅਸਾਂ ਤਿੰਨੇ ਮੱਝਾਂ ਕੱਟੀਆਂ ਸੁਮੇਤ ਬਾਹਰ ਕੱਢੀਆਂ ਤੇ ਪਿੰਡ ਵਿੱਚ ਰੌਲਾ ਪੈ ਗਿਆ। ਲੋਕ ਕੋਠਿਆਂ ਤੇ ਚੜ੍ਹ ਗਏ ਅਸੀ ਮੱਝਾਂ ਨੂੰ ਭਜਾਈ ਗਏ। ਪਿੰਡ ਦੇ ਅਗਲੇ ਸਿਰੇ ਤੇ ਸ਼ਫੈਦ ਪੋਸ਼ ਤੇ ਹੋਰ ਲੋਕ ਖੜੇ ਸਨ ਸਫੈਦ ਪੋਸ਼ ਕਹਿਣ ਲਗਾ, "ਤਗੜੇ ਹੋ ਕੇ ਭਜਾਈ ਚਲੋ।" ਏਨੇ ਚਿਰ ਨੂੰ ਉਮਰ ਨੇ ਰੌਲਾ ਪਾਇਆ ਤੇ ਸਾਡੇ ਮਗਰ ਡੇਢ ਕੁ ਸੌ ਦੇ ਕਰੀਬ ਬੰਦੇ ਸੋਟੇ ਲੈ ਕੇ ਪੈ ਗਏ ਅੱਗੇ ਸਫੈਦ ਪੋਸ਼ ਖੜਾ ਸੀ ਉਸਨੇ ਪੁਛਿਆ, "ਕਿਥੇ ਚਲੇ ਹੋ।" ਲੋਕਾਂ ਕਿਹਾ, "ਉਹ ਸਾਧ ਉਮਰ ਦੀਆ ਮੱਝਾਂ ਲੈ ਗਏ ਹਨ ਇਸ ਵਾਸਤੇ ਅਸੀ ਮੱਝਾਂ ਛਡਾਉਣ ਚਲੇ ਹਾਂ।" ਸਫੈਦ ਪੋਸ਼ ਨੇ ਲੋਕਾਂ ਕਿਹਾ, "ਤੁਹਾਨੂੰ ਕੀ ਪੀੜ ਹੈ ਮੱਝਾਂ ਦੀ, ਉਮਰ ਨੇ ਸਾਧਾਂ ਦੀ ਘੋੜੀ ਤੇ ਵਛੇਰਾ ਨਹੀ ਦਿੱਤਾ, ਸਾਧ ਮੱਝਾਂ ਲੈ ਗਏ ਹਨ ਤੁਸੀ ਕਿਉ ਮਰਨ ਲਗੇ ਹੋ, ਸਾਧਾਂ ਕੋਲ ਤੇ ਪਿਸਤੌਲ ਹਨ, ਜਿਹੜਾ ਉਹਨਾਂ ਦੇ ਲਾਗੇ ਆਵੇਗਾ ਬਚ ਨਹੀ ਸਕਦਾ।" ਇਹ ਗੱਲੈਂ ਸੁਣ ਕੇ ਸਭ ਲੋਕ ਵਾਪਿਸ ਘਰਾਂ ਨੂੰ ਮੁੜ ਗਏ ਇਹ ਮਦਦ ਸਫੈਦ ਪੋਸ਼ ਨੇ ਸਾਡੀ ਕੀਤੀ। ਅਸੀ ਮੱਝਾਂ ਕਿਸੇ ਰਾਹੇ ਨਾ ਪਾਈਆਂ। ਸਿੱਧੀਆਂ ਕਣਕਾਂ ਦੇ ਵਿੱਚੋਂ ਦੀ ਭਜਾਈ ਗਏ। ਸੰਤ ਘੋੜੀ ਤੇ ਸਨ, ਤਿੰਨ ਸਾਧ ਸੰਤਾਂ ਦੇ ਨਾਲ ਮੱਝਾਂ ਭਜਾਈ ਜਾਣ ਤੇ ਮੈਂ ਤੇ ਚੈਨ ਸਿੰਘ ਤੇ ਪਿਆਰਾ ਸਿੰਘ ਅਸੀਂ ਰਾਹੇ ਰਾਹ ਤਿੰਨੇ ਤੁਰੇ ਜਾ ਰਹੇ ਸਾਂ। ਰਸਤੇ ਵਿੱਚ ਇੱਕ ਪਿੰਡ ਆਇਆ ਮਦੋ ਗੋਲ, ਜਦੋਂ ਅਸੀ ਪਿੰਡ ਦੇ ਲਾਗੋਂ ਦੀ ਜਾ ਰਹੇ ਸਾਂ ਤੇ ਉਮਰ ਦੀ ਪਾਰਟੀ ਦੇ ਦੋ ਬਦਮਾਸ਼ ਸਨ ਇਸ ਪਿੰਡ ਵਿੱਚ ਰੀਗਾ ਸਿੰਘ ਤੇ ਆਲਾ ਸਿੰਘ। ਸਾਨੂੰ ਜਾਦਿਆਂ ਨੂੰ ਵੇਖ ਕੇ ਰੀਗਾ ਸਿੰਘ ਨੇ ਪੁਛਿਆ, "ਉਏ ਅਮਰ ਸਿਹਾਂ, ਉਮਰ ਕੋਲੋਂ ਲੈ ਆਏ ਹੋ ਘੋੜੀ ਤੇ ਵਛੇਰਾ?" ਮੈ ਉੱਤਰ ਦਿੱਤਾ, "ਰਾਤ ਦੀ ਜੰਞ ਉਮਰ ਦੇ ਘਰ ਢੁੱਕੀ ਸੀ ਤੇ ਉਮਰ ਦੀ ਕੁੜੀ ਵਿਆਹ ਕੇ ਲਿਆਏ ਹਾਂ ਤੇ ਤਿੰਨ ਮੱਝਾਂ ਉਸਨੇ ਦਾਜ ਵਿੱਚ ਦਿੱਤੀਆ ਨੇ ਉਹ ਵੇਖ ਮੱਝਾਂ ਜਾਂਦੀਆਂ ਤੇ ਘੋੜੀ ਤੇ ਲਾੜਾ ਜਾ ਰਿਹਾ ਏ ਤੇ ਅਸੀ ਬਾਰਾਤੀ ਰਾਹੇ ਰਾਹ ਜਾ ਰਹੇ ਹਾਂ।" ਉਮਰ ਦੀ ਤੇ ਇਹਨਾਂ ਸਿੱਖਾਂ ਦੀ ਪਾਰਟੀ ਵੀ ਸੀ ਤੇ ਇਹਨਾਂ ਦੀ ਜਾਤ ਵੀ ਇੱਕ ਸੀ 'ਹਾਰਾਏ' ਇਹਨਾਂ ਨੂੰ ਇਸ ਗੱਲ ਦਾ ਗੁੱਸਾ ਲਗਾ ਕਿ ਸਾਡੀ ਧੀ ਵਿਆਹ ਕੇ ਲੈ ਜਾ ਰਹੇ ਹਨ ਰੀਗਾ ਸਿੰਘ ਨੇ ਮੈਨੂੰ ਮਾਂ ਦੀ ਗਾਲ੍ਹ ਕੱਢ ਕੇ ਕਿਹਾ, "ਕੁੱਤਿਆ ਸਾਧਾ ਠਹਿਰ ਜਾ ਹੁਣ ਜਾਈ ਨਾ।" ਮੈਂ ਵੀ ਅਗੋਂ ਧੀ ਦੀ ਗਾਲ੍ਹ ਕੱਢ ਕੇ ਜੁਵਾਬ ਦਿੱਤਾ ਕਿ ਜੱਟਾ ਕੁੱਤਿਆ ਜਰਾ ਆ ਇਧਰ ਵੇ-'ਖ ਨਜ਼ਾਰਾ।" ਮੇਰੀ ਏਨੀ ਗੱਲ ਸੀ ਕਿ ਉਹ ਦੋਵੇਂ ਜਣੇ ਸੋਟੇ ਲੈਣ ਘਰ ਨੂੰ ਭੱਜੇ ਤੇ

ਨਾਲੇ ਉਹਨਾਂ ਪਿੰਡ ਵਿੱਚ ਰੌਲਾ ਪਾਇਆ ਕਿ "ਲੋਕੋ ਫੜ ਲਓ ਇਹਨਾਂ ਨੂੰ।" ਉਹਨਾਂ ਦੇ ਸੋਟੇ ਲੈ ਕੇ ਨਿਕਲਦਿਆਂ ਨੂੰ ਅਸੀ ਵੀ ਭੱਜੇ, ਅਸੀ ਕਮ ਸੇ ਕਮ ਡੇਢ ਫਰਲਾਂਗ ਅੱਗੇ ਨਿਕਲ ਗਏ ਪਰ ਬੰਦੇ ਸਾਡੇ ਮਗਰ ਲਲਕਾਰੇ ਮਾਰਦੇ ਆਉਣ ਕੋਈ ਸੌ ਸਵਾ ਸੌ ਬੰਦਾ ਸਾਡੇ ਪਿਛੇ ਆ ਰਿਹਾ ਸੀ। ਅਸੀ ਅੱਗੇ ਭੱਜੇ ਜਾਈਏ ਪਰ ਮੇਰੇ ਨਾਲਦੇ ਦੋਵੇਂ ਹੀ ਮੇਰੇ ਨਾਲੋਂ ਭੱਜਦੇ ਜਿਆਦਾ ਸਨ। ਸਾਡਾ ਡੇਰਾ ਉੱਥੋਂ ਇੱਕ ਮੀਲ ਸੀ ਸੰਤ ਪਹੁੰਚ ਗਏ ਸੀ ਡੇਰੇ। ਸੰਤਾਂ ਨੇ ੨੦ ਸਾਧ ਸਾਡੇ ਵੱਲ ਭਜਾਏ ਸਾਡੀ ਮਦਦ ਵਾਸਤੇ। ਅੱਗੇ ਰਸਤੇ ਵਿੱਚ ਇੱਕ ਨਦੀ ਸੀ ਮੈਂ ਨਾਲਦਿਆਂ ਨੂੰ ਆਖਿਆ ਕਿ ਜੇ ਅਸੀ ਨਦੀ ਦੀ ਢਾਹ ਤੇ ਚੜ੍ਹ ਗਏ ਤੇ ਫਿਰ ਸਾਨੂੰ ਕੋਈ ਫਿਕਰ ਨਹੀ। ਦੁਨੀਆਂ ਸਾਡੇ ਮਗਰ ਭੱਜੀ ਆਵੇ, ਰੇਤੇ ਵਿੱਚ ਦੌੜਨਾ ਬੜਾ ਮੁਸ਼ਕਿਲ ਸੀ ਪਰ ਸਤਿਗੁਰਾਂ ਦੀ ਕਿਰਪਾ ਨਾਲ ਅਸੀ ਨਦੀ ਦੇ ਅਗਲੇ ਉੱਚੇ ਕੰਢੇ ਤੇ ਚੜ੍ਹ ਗਏ ਤੇ ਡੇਰੇ ਵਲੋ ਸਾਧ ਭਜੇ ਆਉਂਦੇ ਅਸਾਂ ਵੇਖ ਲਏ, ਸਾਨੂੰ ਹੌਂਸਲਾ ਹੋ ਗਿਆ। ਅਸੀ ਤਿੰਨ ਜਣੇ ਨਦੀ ਦੇ ਕੰਢੇ ਤੇ ਖਲੋ ਗਏ ਤੇ ਪਿਛਲੀ ਵਾਰ੍ਹ ਵਿੱਚੋਂ ਵੀ ਚਾਰ ਮੁੰਡੇ ਚੰਗੇ ਗੱਭਰੂ ਸਾਨੂੰ ਆ ਮਿਲੇ ਤੇ ਅਸੀਂ ਅੱਗੇ ਉੱਚੇ ਥਾਂ ਖਲੋਤੇ ਸਾਂ ਅਸਾਂ ਉਹਨਾਂ ਨੂੰ ਸੋਟੇ ਮਾਰਨੇ ਸ਼ੁਰੂ ਕਰ ਦਿੱਤੇ ਤੇ ਉਨੇ ਚਿਰ ਨੂੰ ਸਾਡੇ ਸਾਧਾਂ ਨੇ ਆ ਜੈ ਕਾਰੇ ਬੁਲਾਏ ਇਹ ਵੇਖ ਕੇ ਸਭ ਦੁਨੀਆਂ ਪਿਛੇ ਨੂੰ ਭੱਜ ਗਈ ਤੇ ਅਸੀ ਆਪਣੇ ਡੇਰੇ ਨੂੰ ਮੁੜ ਆਏ।

ਆਉਂਦਿਆ ਹੀ ਸੰਤਾਂ ਨੇ ਆਖਿਆ, "ਬੱਚੂ, ਸੁਰਮਾਂ ਪਾਉਣਾਂ ਤੇ ਸੌਖਾ ਹੈ ਪਰ ਮਟਕਾਉਣਾਂ ਬੜਾ ਔਖਾ ਹੈ। ਕੰਮ ਤੇ ਬਹਾਦਰੀ ਦਾ ਕਰ ਲਿਆ ਹੈ ਹੁਣ ਤਗੜਾ ਹੋ ਕੇ ਸਾਂਭ ਲੈ, ਸਾਡੀ ਕੋਈ ਵਾਹ ਨਹੀ ਸਾਨੂੰ ਪੈਰ ਦੀ ਦਰਦ ਨੇ ਬੜਾ ਤੰਗ ਕੀਤਾ ਹੈ।" ਮੈਂ ਉਸੇ ਵੇਲੇ ਜਲ ਪਾਣੀ ਛਕ ਕੇ ਘੋੜੇ ਤੇ ਕਾਠੀ ਪਾਈ ਤੇ ੨੦੦ ਰੁ: ਜੇਬ ਵਿੱਚ ਪਾ ਕੇ; ਚੜ੍ਹਕੇ ਘੋੜੇ ਦੇ ਉਤੇ, ਘੋੜੇ ਨੂੰ ਦੌੜਾਇਆ ਬਸ ਡੇਢ ਘੰਟੇ ਵਿੱਚ ੧੧-੧੨ ਮੀਲ ਪੈਂਡਾ ਸੀ ਸ਼ਾਹ ਗਰੀਬ ਦਾ ਥਾਣਾ, ਮੈ ਥਾਣੇ ਪਹੁੰਚ ਕੇ ਸਾਰੀ ਕਹਾਣੀ ਥਾਣੇਦਾਰ ਨੂੰ ਜਾ ਦੱਸੀ, ਥਾਣੇਦਾਰ ਦਾ ਨਾਮ ਸੀ ਸ਼ੇਖ ਸ਼ਹਾਬ ਉਦ ਦੀਨ ਤੇ ਇਹ ਲਾਹੌਰ ਦਾ ਰਹਿਣ ਵਾਲਾ ਸੀ। ਮੈਂ ਇਸਦੇ ਅੱਗੇ ਦੋ ਸੌ ਰੁਪਏ ਰੱਖੇ ਤੇ ਕਿਹਾ, "ਤੁਸੀ ਸਾਡੀ ਮਦਦ ਕਰੋ, ਉਮਰ ਨੇ ਸਾਡੀ ਘੋੜੀ ਤੇ ਵਛੇਰਾ ਸਾਡੇ ਇੱਕ ਸਾਧ ਕੋਲੋ ਖੋਹ ਲਿਆ ਹੈ ਤੇ ਅਸਾਂ ਅੱਜ ਉਸਦੇ ਘਰੋਂ ਉਸਦੀਆਂ ਤਿੰਨ ਮੱਝਾਂ ਖੋਲ੍ਹ ਲਿਆਂਦੀਆਂ ਹਨ।" ਥਾਣੇਦਾਰ ਹੈਰਾਨ ਹੋ ਕੇ ਕਹਿਣ ਲਗਾ ਕਿ ਸੁਪਨੇ ਦੀਆ ਗੱਲਾਂ ਕਰਦਾ ਹੈ, ਸੁੱਤਾ ਹੈ, ਕਿ ਜਾਗਦਾ ਹੈ।" ਮੈ ਕਿਹਾ, "ਜੀ ਜਾਗਦਾ ਹਾਂ, ਸੁਪਨੇ ਦੀਆਂ ਗੱਲਾਂ ਵੀ ਨਹੀ ਕਰ ਰਿਹਾ, ਅਸਾਂ ਸੱਚ ਮੁੱਚ ਅੱਜ ਉਸਦੀਆਂ ਤਿੰਨ ਮੱਝਾਂ ਲੈ ਆਂਦੀਆਂ ਹਨ।" ਇਹ ਗੱਲ ਸੁਣਕੇ ਥਾਣੇਦਾਰ ਬਹੁਤ ਹੀ ਖੁਸ਼ ਹੋਇਆ ਤੇ ਉਸਨੇ ਦੋ ਸੌ ਰੁ: ਵਿੱਚੋਂ ੨੫ ਰੁ:

ਸਿਪਾਹੀਆਂ ਨੂੰ ਵੰਡ ਦਿੱਤੇ ਤੇ ੧੭੫ ਰੁ: ਮੈਨੂੰ ਵਾਪਿਸ ਕਰ ਦਿੱਤੇ ਤੇ ਕਹਿਣ ਲਗਾ, "ਮੈ ਤੇਰੇ ਤੇ ਬੜਾ ਖੁਸ਼ ਹਾਂ ਜੇ ਸਾਰੀ ਦੁਨੀਆ ਬਦਮਾਸ਼ਾਂ ਨਾਲ ਇਸ ਤਰ੍ਹਾਂ ਕਰੇ ਤੇ ਦੁਨੀਆ ਤੇ ਕੋਈ ਬਦਮਾਸ਼ ਰਹਿ ਹੀ ਨਾ ਜਾਏ।" ਤੇ ਨਾਲੇ ਕਹਿਣ ਲਗਾ, "ਜਾ ਤੂੰ ਮੇਰਾ ਪੁੱਤਰ ਹੀ ਹੈ ਘਿਉ ਖਾ ਲਵੀ ਮੈਂ ਤੇਰੀ ਪੂਰੀ ਮਦਦ ਕਰਾਂਗਾ, ਜੇ ਤੂੰ ਉਮਰ ਨੂੰ ਵੱਢ ਕੇ ਮੇਰੇ ਕੋਲ ਆਉਂਦਾ ਤਾਂ ਮੈ ਤੈਨੂੰ ਇਨਾਮ ਦਿੰਦਾ।" ਮੈ ਕਿਹਾ, "ਇਹ ਕੋਈ ਵੱਡੀ ਗੱਲ ਨਹੀ ਹੈ।" ਮੈ ਪੈਸੇ ਲੈ ਕੇ ਡੇਰੇ ਆ ਗਿਆ ਮੇਰੇ ਬਾਅਦ ਉਮਰ ਦਾ ਭਰਾ ਬਰਕਤ ਤੇ ਦੋ ਹੋਰ ਬੰਦੇ ਬਰਕਤ ਦੇ ਨਾਲ ਥਾਣੇ ਆਏ ਸਾਡੇ ਡਾਕੇ ਦਾ ਪਰਚਾ ਦੇਣ। ਥਾਣੇਦਾਰ ਨੇ ਇਹਨਾਂ ਕੋਲੋਂ ਸਾਰੀ ਗਲਬਾਤ ਪੁੱਛੀ ਪਰ ਪਰਚਾ ਨਾ ਲਿਖਿਆ ਤੇ ਕਹਿਣ ਲਗਾ, "ਤੁਸੀ ਤੇ ਖੁਦ ਡਾਕੂ ਹੋ ਤੁਹਾਡੇ ਘਰ ਡਾਕਾ ਕੌਣ ਮਾਰ ਸਕਦਾ ਹੈ ਤੇ ਉਹ ਵੀ ਦਿਨ ਵੇਲੇ, ਮੈ ਕੱਲ ਤੁਹਾਡੇ ਪਿੰਡ ਆਵਾਂਗਾ ਤੇ ਮੌਕਾ ਵੇਖ ਕੇ ਪਰਚਾ ਲਿਖਾਂਗਾ।" ਅਗਲੇ ਦਿਨ ਥਾਣੇਦਾਰ ਉਮਰ ਦੇ ਪਿੰਡ 'ਆਦੇ' ਗਿਆ। ਲੋਕਾਂ ਨੂੰ ਇੱਕਠਿਆਂ ਕਰਕੇ ਸਾਰੀ ਗੱਲਬਾਤ ਪੁਛੀ ਲੋਕਾਂ ਨੇ ਜੋ ਵੇਖਿਆ ਸੀ ਦੱਸਿਆ। ਥਾਣੇ ਦਾਰ ਨੇ ਤਾਂ ਵੀ ਪਰਚਾ ਨਾ ਲਿਖਿਆ ਤੇ ਕਹਿਣ ਲਗਾ, "ਤੂੰ ਕੁਲ ਦੁਨੀਆ ਨੂੰ ਲੁੱਟ ਲੁੱਟ ਕੇ ਖਾਈ ਜਾਨਾ ਹੈ ਤੇਰੇ ਘਰ ਡਾਕਾ ਕੌਣ ਮਾਰ ਸਕਦਾ ਹੈ? ਥਾਣੇਦਾਰ ਨੇ ਪਿੰਡ ਦੇ ਲੋਕਾਂ ਨੂੰ ਸਫੈਦ ਪੋਸ਼ ਦੀ ਬੈਠਕੇ ਬੁਲਾ ਕੇ ਹਦਾਇਤ ਕੀਤੀ ਕਿ ਏਥੇ ਡਿਪਟੀ ਸਾਹਿਬ ਮੌਕਿਆ ਵੇਖਣ ਅਉਣਗੇ ਤੇ ਤੁਹਾਡੇ ਕੋਲੋਂ ਵੀ ਪੁੱਛ ਗਿੱਛ ਕੀਤੀ ਜਾਵੇਗੀ ਪਰ ਤੁਸੀ ਸਭ ਨੇ ਇਹ ਗੱਲ ਕਹਿਣੀ ਹੈ ਕਿ ਮਹੰਤਾਂ ਦਾ ਇੱਕ ਸਾਧ ਜਾ ਰਿਹਾ ਸੀ ਰਸਤੇ ਰਸਤੇ ਅਤੇ ਉਮਰ ਨੇ ਉਸਨੂੰ ਮਾਰ ਕੇ ਉਸਦੀ ਘੋੜੀ ਖੋਹ ਲਈ ਹੈ ਮਗਰ ਵਛੇਰਾ ਵੀ ਸੀ ਤੇ ਜਦੋਂ ਮਹੰਤ ਬੰਤਾ ਸਿੰਘ ਸਾਡੇ ਪਿੰਡ ਆਏ ਅਪਣੀ ਘੋੜੀ ਲੈਣ ਤੇ ਉਮਰ ਨੇ ਮਹੰਤਾ ਨੂੰ ਗਾਲ੍ਹਾਂ ਕੱਢੀਆਂ ਤੇ ਉਹ ਚੁੱਪ ਕਰਕੇ ਚਲੇ ਗਏ ਹਨ ਸਭ ਲੋਕ ਇਹੋ ਹੀ ਬਿਆਨ ਦੇਣਾਂ, ਜਿਸ ਕਿਸੇ ਨੇ ਵੀ ਮੱਝਾਂ ਦਾ ਨਾਂ ਲਿਆ ਉਸੇ ਨੂੰ ਦਸ ਨੰਬਰ ਵਿੱਚ ਥਰ ਦਿਆਂਗਾ। ਯਾਦ ਰਖਿਉ, ਮੱਝਾਂ ਦਾ ਨਾਮ ਕਿਸੇ ਨੇ ਨਹੀ ਲੈਣਾਂ। ਇਹ ਹਦਾਇਤ ਕਰਕੇ ਪਿੰਡ ਵਾਲਿਆ ਨੂੰ ਥਾਣੇਦਾਰ ਚਲਾ ਗਿਆ।

ਉਮਰ ਨੇ ਸੋਚਿਆ ਕਿ ਥਾਣੇਦਾਰ ਨੇ ਮੇਰਾ ਕੰਮ ਬਣਨ ਨਹੀਂ ਦੇਣਾ ਤਾਂ ਉਮਰ ਗੁਰਦਾਸਪੁਰ ਜਿਲੇ ਦੇ ਡਿਪਟੀ ਪਾਸ ਚਲਾ ਗਿਆ ਤੇ ਉਸ ਨੂੰ ਆਪਣੀ ਸਾਰੀ ਕਹਾਣੀ ਕਹਿ ਦਿੱਤੀ ਕਿ ਜਨਾਬ ਮੇਰੇ ਘਰ ਦਿਨੇ ਨੌਂ ਵਜੇ ਡਾਕਾ ਪਿਆ ਹੈ ਪਰ ਪੁਲਸ ਨੇ ਮੇ ਰੀ ਰਪਟ ਨਹੀ ਲਿਖੀ ਮੈ ਲੁੱਟਿਆ ਗਿਆ ਹਾਂ ਮੇਰੇ ਕੇਸ ਦੀ ਤਫਤੀਸ਼ ਵਾਸਤੇ ਕਿਸੇ ਨੈਣੇ ਕੋਟ ਵਾਲੇ ਥਾਣੇਦਾਰ ਨੂੰ ਹੁਕਮ ਦਿਉ ਜੀ। ਸ਼ੇਖ ਸ਼ਾਹਬੁ ਦੀਨ ਸ਼ਾਹ ਥਾਣੇਦਾਰ ਉਹਨਾ ਡਾਕੂਆ ਨਾਲ ਹੀ ਰਲਿਆ ਹੋਇਆ ਹੈ। ਲਾਲਾ ਕੁਛਾਬੀਮਲ ਜੋ ਨੈਣੇ ਕੋਟ

ਵਾਲਾ ਹੈ। ਉਸ ਨੂੰ ਹੁਕਮ ਹੋਇਆ ਕਿ ਤੂੰ ਇਲਾਕੇ ਵਾਲੇ ਥਾਣੇਦਾਰ ਨੂੰ ਲੈ ਕੇ ਤਫਤੀਸ਼ ਕਰਨ ਲਈ ਜਾ ਪਰ ਕਛਾਬੀ ਮਲ ਨੂੰ ਸਾਡੇ ਸੰਤਾਂ ਨੇ ਛਿੱਤਰ ਮਾਰੇ ਹੋਏ ਸੀ। ਉਹ ਸਾਡੇ ਨਾਲ ਖਾਰ ਖਾਂਦਾ ਸੀ ਪਰ ਥਾਣੇਦਾਰ ਨੇ ਕਛਾਬੀਮਲ ਦੀ ਕੋਈ ਪੇਸ਼ ਨਾ ਜਾਣ ਦਿੱਤੀ ਆਖਰ ਡਿਪਟੀ ਸਾਹਿਬ ਮੌਕੇ ਤੇ ਆਏ ਅਤੇ ਅਸੀ ਵੀ ਸੰਤਾਂ ਨੂੰ ਘੋੜੀ ਤੇ ਬਿਠਾ ਕੇ ਨਾਲ ਲੈ ਕੇ ਗਏ। ਸੰਤਾਂ ਦੀ ਲੱਤ ਤੇ ਇੱਕ ਹੋਰ ਪੱਟੀ ਬੰਨ ਕੇ ਨਾਲ ੨੦ ਸਿੱਖ ਸੰਤਾਂ ਦੇ ਨਾਲ ਗਏ। ਡਿਪਟੀ ਸਾਹਿਬ ਦਾ ਮੁਕਾਮ ਦੋਧੇ ਪਿੰਡ ਵਿੱਚ ਸੀ। (ਇਹ ਪਿੰਡ ਜਿਥੇ ਗੁਰੂ ਨਾਨਕ ਦੇਵ ਜੀ ਨੂੰ ਦੋਧੇ ਨੇ ਦੁੱਧ ਪਿਆਇਆ ਸੀ। ਰਾਵੀ ਦੇ ਕੰਢੇ ਤੇ ।) ਜਦੋਂ ਅਸੀਂ ਗਏ ਤੇ ਸ਼ਾਹ ਗਰੀਬ ਜੋ ਥਾਣੇਦਾਰ ਸਾਡੇ ਵੱਲ ਸੀ। ਉਸ ਨੇ ਉੱਠ ਕੇ ਡਿਪਟੀ ਸਾਹਿਬ ਨੂੰ ਆਖਿਆ, "ਵੇਖੋ ਜਨਾਬ ਇਹ ਮਹੰਤ ਸਾਹਿਬ ਹਨ ਜਿਹਨਾਂ ਦੀ ਉਮਰ ਬਦਮਾਸ਼ ਨੇ ਘੋੜੀ ਖੋਹੀ ਹੈ ਤੇ ਹੁਣ ਝੂਠਾ ਇਹਨਾਂ ਤੇ ਡਾਕੇ ਦਾ ਪਰਚਾ ਦੇ ਰਿਹਾ ਹੈ ਮੁਲਖ ਲੁੱਟਕੇ ਇਸ ਬਦਮਾਸ਼ ਨੇ ਖਾ ਲਿਆ ਹੈ ਤੇ ਆਪਣੇ ਪਿੰਡ ਦੇ ਗਰੀਬ ਲੋਕਾਂ ਦੀਆ ਮੱਝਾਂ, ਗਾਵਾਂ ਕੱਢ ਕੇ ਵੇਚ ਲੈਂਦਾ ਹੈ ਤੇ ਲੋਕਾਂ ਕੋਲੋ ਹਾੜੀ-ਸਾਉਣੀ ਦੇ ਦਾਣੇ ਵੀ ਲੈਂਦਾ ਹੈ। ਕਛਾਬੀਮਲ ਥਾਣੇਦਾਰ ਨਾਲ ਮਿਲ ਕੇ ਨੈਣੇ ਕੋਟ ਇਲਾਕੇ ਵਿੱਚੋਂ ਗਰੀਬਾਂ ਨੂੰ ਲੁੱਟ ਲੁੱਟ ਕੇ ਖਾਂਦਾ ਹੈ ਤੇ ਕੁਝ ਹਿੱਸਾ ਕਛਾਬੀਮਲ ਉਮਰ ਕੋਲੋ ਲੈਂਦਾ ਹੈ। ਇਹ ਦੋਵੇ ਮਿਲ ਕੇ ਲੋਕਾਂ ਨੂੰ ਲੁੱਟਦੇ ਹਨ।" ਇਹ ਗੱਲਾਂ ਜਦੋ ਡਿਪਟੀ ਸਾਹਿਬ ਨੇ ਸੁਣੀਆਂ ਤਾਂ ਉਮਰ ਨੂੰ ਤੇ ਉਸ ਦੇ ਦੋ ਭਰਾਵਾਂ ਨੂੰ ਭਤੀਜਿਆਂ ਨੂੰ ਦਸ ਨੰਬਰ ਵਿੱਚ ਕਰ ਦਿੱਤਾ। ਡਿਪਟੀ ਸਾਹਿਬ ਨੈ ਪਿੰਡ ਦੇ ਗਰੀਬਾਂ ਲੋਕਾਂ ਕੋਲੋਂ ਪੁਛਿਆ ਕਿ ਉਮਰ ਦੇ ਡਾਕਾ ਵੱਜਿਆ ਹੈ ਤਾ ਸਫੈਦ ਪੋਸ਼ ਨਵਾਬ ਦੀਨ ਨੇ ਉੱਤਰ ਦਿੱਤਾ ਜਨਾਬ ਸਭ ਗਰੀਬ ਲੋਕ ਇਸ ਬਦਮਾਸ਼ ਕੋਲੋ ਡਰਦੇ ਹਨ ਕਿ ਜੇ ਅਸੀ ਸੱਚ ਦੱਸ ਦਿੱਤਾ ਤਾ ਕੱਲ ਸਾਡੇ ਡੰਗਰ ਇਸ ਨੇ ਕੱਢ ਕੇ ਲੈ ਜਾਣੇ ਹਨ ਦਰਅਸਲ ਮਹੰਤਾਂ ਦੀ ਘੋੜੀ ਵਛੇਰਾ ਇਸ ਨੇ ਖੋਹੇ ਹਨ। ਮਹੰਤਾਂ ਦਾ ਚੇਲਾ ਸਾਡੇ ਪਾਸ ਆਇਆ ਸੀ। ਜਿਸ ਦਾ ਨਾਮ ਅਮਰ ਸਿੰਘ ਹੈ ਪਰ ਪਿੰਡ ਵਿੱਚੋ ਕਿਸੇ ਵੀ ਬੰਦੇ ਨੇ ਮਦਦ ਨਹੀ ਕੀਤੀ। ਇਸ ਦੇ ਘਰ ਕੋਈ ਡਾਕਾ ਨਹੀ ਵੱਜਾ। ਡਿਪਟੀ ਸਾਹਿਬ ਪੁੱਛ ਪੜਤਾਲ ਕਰ ਕੇ ਚਲੇ ਗਏ।

# (੮) ਠਾਣੇਦਾਰ ਸੰਤਾਂ ਦਾ ਸੇਵਕ ਬਣਿਆ

ਇਸ ਤ ਬਾਅਦ ਉਮਰ ਬਦਮਾਸ਼ ਨੇ ਕਛਾਬੀ ਮਲ ਥਾਣੇਦਾਰ ਨਾਲ ਮਿਲ ਕੇ ਇੱਕ ਪਿੰਡ ਬੜੇ ਵੱਡੇ ਸ਼ਾਹੂਕਾਰ ਸਨ ਪਿੰਡ ਦਾ ਨਾਮ ਬਾਹਰਾ ਮੰਗਾ ਸੀ। ਇਹ ਛੋਟਾ ਜਿਹਾ ਕਸਬਾ ਸੀ ਏਥੋ ਭੋਡੂ ਸ਼ਾਹ ਦੇ ਘਰ ਛੱਬੀ-ਹਜ਼ਾਰ ਦਾ ਮਾਲ ਕੱਢ ਕੇ ਲੈ ਗਏ। ਅਗਲੇ ਦਿਨ ਇਸ ਬਦਮਾਸ਼ ਉਮਰ ਨੇ ਆਪਣੇ ਸਾਥੀ ਫੜਾ ਦਿੱਤੇ ਤੇ ਸਾਥੀਆਂ ਨੂੰ ਕਹਿਣ ਲੱਗਾ, "ਮੈਂ ਤੁਹਾਨੂੰ ਛੁਡਾ ਲਵਾਗਾਂ। ਕਛਾਬੀ ਮਲ ਥਾਣੇਦਾਰ ਨੇ ਆਖਿਆ ਕਿ ਤੁਸੀ ਸੰਤਾਂ ਦੇ ਚੇਲੇ ਅਮਰ ਸਿੰਘ ਤੇ ਚੈਨ ਸਿੰਘ ਦਾ ਨਾਮ ਲੈ ਦੇਵੋ ਕਿ ਉਹ ਵੀ ਸਾਡੇ ਨਾਲ ਹਨ। ਅਸੀ ਸਾਰਿਆਂ ਨੇ ਰਲ ਕੇ ਡਾਕਾ ਮਾਰਿਆ ਹੈ।" ਪਰ ਬਦਮਾਸ਼ਾਂ ਨੇ ਕਿਹਾ, "ਲੋਕੀ ਸਾਨੂੰ ਫਿਟਕਾਰਾਂ ਪਾਉਣਗੇ, ਅਸੀ ਉਹਨਾਂ ਦਾ ਨਾਮ ਨਹੀ ਲੈਣਾ।" ਫਿਰ ਉਹਨਾਂ ਬਦਮਾਸ਼ਾ ਨੇ ਸਾਨੂੰ ਸੁਨੇਹਾ ਭੇਜਿਆ ਕਿ ਉਮਰ ਤੇ ਥਾਣੇਦਾਰ ਸਾਥੋਂ ਅਮਰ ਸਿੰਘ ਅਤੇ ਚੈਨ ਸਿੰਘ ਦਾ ਨਾਮ ਚੋਰੀ ਵਿੱਚ ਲਿਖਵਾਉਣਾ ਚਾਹੁੰਦਾ ਹੈ। ਸੰਤਾਂ ਨੇ ਸੁਨੇਹਾ ਭੇਜਿਆ ਕਿ ਤੁਸੀ ਮਾਰ ਨਾ ਖਾਉ ਤੇ ਨਾਮ ਲਿਖਵਾ ਦਿਉ। ਉਹਨਾਂ ਬਦਮਾਸ਼ਾ ਨੇ ਨਾਮ ਲਿਖਵਾ ਦਿੱਤਾ ਤੇ ਅਗਲੇ ਦਿਨ ਸਵੇਰੇ ਹੀ ਦੋ ਸਿਪਾਹੀ ਸਾਡੇ ਡੇਰੇ ਆ ਗਏ ਤੇ ਉਹਨਾਂ ਨੇ ਆ ਕੇ ਕਿਹਾ ਅਮਰ ਸਿੰਘ ਕੌਣ ਹੈ ਮੈ ਕਿਹਾ ਮੇਰਾ ਨਾਮ ਅਮਰ ਸਿੰਘ ਹੈ ਤੇ ਉਹ ਮੈਨੂੰ ਤੇ ਚੈਨ ਸਿੰਘ ਨੂੰ ਥਾਣੇ ਜਾਣ ਲਈ ਕਹਿਣ ਲੱਗ ਪਿਆ ਮੈ ਪੁਛਿਆ ਕਿ ਥਾਣੇਦਾਰ ਨੂੰ ਸਾਡੇ ਨਾਲ ਕੀ ਕੰਮ ਹੈ ਤਾਂ ਉਹਨਾਂ ਨੇ ਕਿਹਾ ਕਿ ਭੋਡੂਸ਼ਾਹ ਦੇ ਘਰ ਡਾਕਾ ਵਜਿਆ ਹੈ ਉਸ ਡਾਕੇ ਮਾਰਨ ਵਾਲਿਆ ਵਿੱਚ ਤੁਹਾਡਾ ਨਾਮ ਵੀ ਹੈ ਮੈਂ ਉੱਤਰ ਦਿੱਤਾ, "ਚੁੱਪ ਕਰਕੇ ਚੱਲੇ ਜਾਓ ਤੇ ਸਵੇਰੇ ਥਾਣੇਦਾਰ ਕਛਾਬੀ ਮਲ ਨੂੰ ਘੱਲ ਦਿਉ, ਆਪੇ ਸਾਨੂੰ ਲੈ ਜਾਊਗਾ। ਤੁਹਾਡੇ ਨਾਲ ਅਸੀ ਨਹੀ ਜਾਣਾਂ ਇਸ ਵਕਤ ਸੰਤ ਡੇਰੇ ਵਿੱਚ ਨਹੀ ਹਨ ਉਹਨਾਂ ਨੂੰ ਦਸੇ ਬਿਨਾਂ ਅਸੀ ਨਹੀ ਜਾਣਾਂ।" ਗੱਲ ਕੀ, ਅਸੀ ਨਾਂ ਗਏ।

ਅਗਲੇ ਦਿਨ ਸਵੇਰੇ ਸਵੇਰੇ ਤਿੰਨ ਸਿਪਾਹੀਆ ਗਏ ਤੇ ਸਾਨੂੰ ਕਹਿਣ ਲਗੇ, "ਜਲਦੀ ਚਲੋ! ਠਾਣੇਦਾਰ ਸਾਹਿਬ ਬੁਲਾ ਰਹੇ ਹਨ।" ਸੰਤਾਂ ਨੇ ਸਾਨੂੰ ਹੁਕਮ ਦਿੱਤਾ ਕਿ ਫੜ ਕੇ ਪੰਜ ਪੰਜ ਛਿੱਤਰ ਮਾਰੋ ਪੁਲਸ ਦੇ ਸਿਰ ਵਿੱਚ ਸੰਤਾਂ ਦੇ ਕਹਿਣ ਦੀ ਦੇਰ ਸੀ ਕਿ ਅਸੀਂ ਸਿਪਾਹੀਆਂ ਨੂੰ ਛਿੱਤਰ ਮਾਰਨੇ ਸ਼ੁਰੂ ਕਰ ਦਿੱਤੇ ਤੇ ਪੁਲਸ ਭੱਜ ਗਈ।

ਅਗਲੇ ਦਿਨ ਇੱਕ ਗੈਰ ਬੰਦੇ ਦੇ ਹੱਥ ਠਾਣੇਦਾਰ ਨੇ ਰੁੱਕਾ ਘੱਲਿਆ ਜਿਸ ਵਿੱਚ ਲਿਖਿਆ ਸੀ ਕਿ ਜੇਕਰ ਆਪ ਠਾਣੇ ਆ ਜਾਉ ਤਾਂ ਠੀਕ ਹੈ ਨਹੀ ਤੇ ਪੁਠੀਆਂ ਹਥਕੜੀਆਂ ਲਗਾ ਕੇ ਖੜਾਂਗਾ, ਛਿੱਤਰ ਮਾਰਾਂਗਾ।" ਅਸਾਂ ਅੱਗੇ ਲਿਖ ਘੱਲਿਆ ਕਿ ਜੇ ਖੱਤਰੀ ਦਾ ਪੁੱਤਰ ਹੈ ਤਾਂ ਸਾਨੂੰ ਆ ਕੇ ਫੜ ਕੇ ਲੈ ਜਾਏ ਜੇ ਨਾ ਆਇਆ ਤਾਂ ਕੁੱਤੇ ਦਾ ਪੁੱਤ ਆਖਾਂਗੇ, ਹਰਾਮ ਦਾ ਹੋਵੇਗਾ ਜੇ ਸਾਡੇ ਪੁਠੀਆ ਹੱਥਕੜੀਆ ਲਾ ਕੇ ਨਾ ਖੜੇਗਾ। ਉਸਨੇ ਸਾਨੂੰ ਫਿਰ ਘੱਲ ਦਿੱਤਾ ਕਿ ਤਗੜੇ ਹੋ ਜਾਉ ਭਲਕੇ ਰਾਤ ਨੂੰ ਤੁਹਾਨੂੰ ਫੜਨਾਂ ਹੈ। ਅਗਲੇ ਦਿਨ ਸਾਡੇ ਪਾਸ ਦੋ ਸਿੱਖ ਆਏ ਉਹਨਾਂ ਸਾਨੂੰ ਆਖਿਆ, "ਸੰਤ ਜੀ ਸਾਨੂੰ ਥਾਣੇਦਾਰ ਨੇ ਬੁਲਾ ਕੇ ਕਿਹਾ ਹੈ ਕਿ ਮੇਰੀ ਮਦਦ ਕਰੋ ਹੋਰ ਵੀ ਬੰਦੇ ਇੱਕਠੇ ਕੀਤੇ ਹਨ ਕਿ ਅੱਜ ਸੰਤ ਬੰਤਾ ਸਿੰਘ ਦੇ ਡੇਰੇ ਜਾ ਕੇ ਸੰਤਾਂ ਦੇ ਚੇਲੇ ਫੜਨੇ ਹਨ। ਅਸੀ ਇਸ ਵਾਸਤੇ ਤੁਹਾਡੇ ਪਾਸ ਆਏ ਹਾਂ ਕਿ ਤੁਸੀ ਤਗੜੇ ਹੋ ਕੇ ਰਹਿਣਾਂ ਸਾਨੂੰ ਦੋ ਦੋ ਸੋਟੇ ਮਾਰ ਦਿਓ ਅਸੀ ਭੱਜ ਜਾਵਾਂਗੇ ਅਤੇ ਤੁਸੀ ਪੁਲਸ ਨੂੰ ਕੁੱਟ ਲੈਣਾ।" ਇਹ ਗੱਲ ਕਰਕੇ ਉਹ ਬੰਦੇ ਚਲੇ ਗਏ ਸਾਡੇ ਪਾਸ ਚਾਰ ਘੋੜੇ ਸਨ ਅਸਾਂ ਚੋਹਾਂ ਘੋੜਿਆਂ ਤੇ ਕਾਠੀਆਂ ਪਾ ਕੇ ਨੇਜੇ ਤੇ ਬਰਛੇ ਲੈ ਕੇ ਛਵੀਆਂ, ਟਕੂਏ, ਡਾਂਗਾਂ ਲੈ ਕੇ ਸ਼ਾਮ ਨੂੰ ਤਿਆਰ ਬਰ ਤਿਆਰ ਹੋ ਗਏ ਪੁਲਸ ਆਈ ਤੇ ਡੇਰੇ ਤੋਂ ਦੋ ਦੋ ਫਰਲਾਂਗ ਦੂਰ ਫਿਰਦੇ ਰਹੇ ਪਰ ਸਾਡੇ ਡੇਰੇ ਕੋਈ ਨਾ ਆਇਆ ਫਿਰ ਵਾਪਿਸ ਚਲੇ ਗਏ। ਅਸੀ ਦਿਨ ਚੜ੍ਹੇ ਘੋੜਿਆਂ ਤੋਂ ਕਾਠੀਆਂ ਲਾਹ ਦਿੱਤੀਆਂ ਤੇ ਕੋਠੇ ਤੇ ਇੱਕ ਪਹਿਰੂ ਖੜਾ ਕਰ ਦਿੱਤਾ ਦਿਨ ਰਾਤ ਕੋਠੇ ਤੇ ਪਹਿਰਾ ਰਹਿਣਾ। ਇਸੇ ਤਰ੍ਹਾਂ ਇੱਕ ਮਹੀਨਾਂ ਬੀਤ ਗਿਆ ਸਾਡੇ ਡੇਰੇ ਪੁਲਸ ਨਾ ਆਈ। ਅਸੀ ਰੋਜ ਘੋੜਿਆਂ ਤੇ ਚੜ੍ਹ ਕੇ ਲਾਗੇ ਲਾਗੇ ਦੇ ਪਿੰਡਾਂ ਵਿੱਚ ਨੇ ਜ਼ੇਬਾਜੀ ਕਰਨੀ ਤੇ ਪਰਾਪੇ ਰੀਡਾ ਕਰਨਾ। ਅਸੀ ਸਾਰਾ ਇੰਤਜਾਮ ਕਰ ਛਡਿਆ। ਵੀਹ ਗੱਡੇ ਬਾਲਣ ਇੱਕਠਾ ਕੀਤਾ। ਵੀਹ ਪੀਪੇ ਮਿੱਟੀ ਦਾ ਤੇਲ ਲਿਆਂਦਾ, ਕਿ ਜਿੰਨੇ ਪੁਲਸ ਤੇ ਜਿੰਨੇ ਬੰਦੇ ਆਏ ਸਭ ਫੂਕ ਦਿਆਂਗੇ। ਇਹ ਗੱਲਾਂ ਵੀ ਪੁਲਸ ਕੋਲ ਪੁੱਜ ਗਈਆ ਉਹਨਾਂ ਨੇ ਸਾਡੇ ਖਿਲਾਫ ਦਰਖਾਸਤਾਂ ਕੀਤੀਆਂ ਕਿ ਇਸ ਡੇਰੇ ਵਿੱਚ ਸਭ ਬਦਮਾਸ਼ ਰਹਿੰਦੇ ਹਨ ਤੇ ਇਹਨਾਂ ਕੋਲ ਨਾਜਾਇਜ ਅਸਲਾ ਬਹੁਤ ਹੈ ਤੇ ਗੌਰਮਿੰਟ ਨੂੰ ਇੰਤਜਾਮ ਕਰਨਾ ਚਾਹੀਦਾ ਹੈ। ਇਹ ਉਹ ਨਾਮਧਾਰੀਏ ਹਨ ਜਿਹਨਾ ਨੇ ਅੰਮ੍ਰਿਤਸਰ ਅਤੇ

ਮਲੇਰ ਕੋਟਲੇ ਬੁੱਚੜ ਵੱਢੇ ਸਨ ਤੇ ਇਹ ਤਾ ਗੌਰਮਿੰਟ ਕੋਲੋ ਵੀ ਨਹੀ ਡਰਦੇ ਇਹ ਵੱਡੇ ਬਦਮਾਸ਼ ਹਨ। ਮੈਨੂੰ ਸੰਤਾ ਹੁਕਮ ਦਿੱਤਾ ਕਿ ਅਮਰ ਸਿੰਘ ਕੰਮ ਬਹੁਤ ਵਿਗੜ ਗਿਆ ਹੈ ਤੂੰ ਹੀ ਕੋਈ ਇੰਤਜਾਮ ਕਰ ਮੈ ਅਗਲੇ ਦਿਨ ਹੀ ਗੱਡੀ ਚੜ੍ਹ ਕੇ ਲਾਹੌਰ ਗਿਆ ਤੇ ਲੁਹਾਰੀ ਦਰਵਾਜੇ ਲਾਲਾ ਨਿਆਮਤ ਰਾਏ ਵਕੀਲ ਰਹਿੰਦਾ ਸੀ। ਮੈ ਉਸ ਵਕੀਲ ਕੋਲੋ ਜਾ ਕੇ ਸਾਰੀ ਗੱਲ ਬਾਤ ਦੱਸੀ। ਉਸ ਵਕੀਲ ਨੇ ਛੇ ਦਰਖਾਸਤਾਂ ਆਜੰਦ ਕੋਲੋ ਲਿਖਵਾਈਆਂ ਤੇ ਉਹਨਾਂ ਦਾ ਮਜਬੂਨ ਇਹ ਸੀ। ਅਸੀ ਜੰਗਲ ਵਿੱਚ ਰਹਿੰਦੇ ਹਾਂ, ਸਾਧਾਂ ਦਾ ਜਥਾ ਹੈ ਸਾਡਾ, ਹਰ ਵਕਤ ਲੰਗਰ ਗੁਰੂ ਕਾ ਚਲਦਾ ਹੈ ਭਾਵੇ ਕੋਈ ਖਾਵੇ ਕਿਸੇ ਨੂੰ ਮਨਾਹੀ ਨਹੀ ਸਾਡਾ ਇਹ ਕੰਮ ਵੇਖ ਕੇ ਬਦਮਾਸ਼ ਉਮਰ ਦੇ ਆਖੇ ਲਗ ਕੇ ਜਨਾਬ ਤੇਰੀ ਪੁਲਸ ਸਾਡੇ ਤੇ ਨਜਾਇਜ ਰੋਅਬ ਪਾਉਂਦੀ ਹੈ ਅਸੀ ਸਾਧੂ ਹਾਂ ਪੁਲਸ ਦਾ ਰੋਅਬ ਨਹੀਂ ਝਲਾਂਗੇ ਮਰਨ ਤਕ ਜਾਵਾਂਗੇ ਪਰ ਪੁਲਸ ਦੀ ਖਿਦਮਤ ਨਹੀ ਕਰਾਂਗੇ। ਅਸੀ ਬਦਮਾਸ਼ ਨਹੀ ਹਾਂ ਕਿ ਪੁਲਸ ਅੱਗੇ ਹੱਥ ਜੋੜਾਂਗੇ। ਸਰਕਾਰ ਸਾਡੀ ਫਰਿਆਦ ਸੁਣਕੇ ਮੌਕਾ ਵੇਖੇ, ਜੇ ਸਾਡੇ ਵਿੱਚ ਗੁਨਾਹ ਹੋਵੇ ਤੇ ਜੋ ਮਰਜੀ ਸਜਾ ਦੇਵੇ ਅਸੀ ਮੰਨਾਂਗੇ।

ਵਕੀਲ ਨੇ ਇਹ ਮਜਬੂਨ ਲਿਖਕੇ ਮੇਰੇ ਦਸਖਤ ਕਰਵਾ ਕੇ ਉਸੇ ਵਕਤ ਇਹ ਦਰਖਾਸਤ ਲਾਹੌਰ ਗਵਰਨਰ ਪੰਜਾਬ ਨੂੰ ਤੇ ਇੱਕ ਡਿਪਟੀ ਕਮਿਸ਼ਨਰ ਨੂੰ ਇੱਕ ਵਾਇਸਰਾਇ ਨੂੰ, ਇੱਕ ਸੈਸ਼ਨ ਜੱਜ ਨੂੰ, ਤੇ ਇੱਕ ਗੁਰਦਾਸਪੁਰ ਡਿਪਟੀ ਕਮਿਸ਼ਨਰ ਨੂੰ ਤੇ ਇੱਕ ਸ਼ੇਸਕ ਵਲ ਰਜਿਸਟਰੀ ਕਰ ਦਿੱਤੀ ਤੇ ਮੈਨੂੰ ਕਿਹਾ, "ਹੁਣ ਤੂੰ ਜਾ ਕੋਈ ਫਿਕਰ ਨਾ ਕਰੀਂ ਗੌਰਮਿੰਟ ਖੁਦ ਇੰਤਜਾਮ ਕਰੇਗੀ।"

ਮੈ ਵਾਪਿਸ ਡੇਰੇ ਆ ਕੇ ਸੰਤਾਂ ਨੂੰ ਦਸਿਆ ਕਿ ਇਸ ਤਰ੍ਹਾਂ ਦਰਖਾਸਤਾਂ ਲਿਖ ਕੇ ਰਜਿਟਰੀ ਕਰਵਾ ਆਇਆ ਹਾਂ। ਉਸ ਦਿਨ ਤੋ ਛੇਵੇਂ ਦਿਨ ਸਾਡੇ ਪਾਸ ਰਸੀਦਾਂ ਆ ਗਈਆਂ ਕਿ ਪੁਲਸ ਮੁਕਾਬਲਾ ਮਤ ਕਰਨਾ ਤੇ ਡਿਪਟੀ ਸਾਹਿਬ ਮੌਕੇ ਤੇ ਆ ਰਹੇ ਹਨ। ਅਠਵੇਂ ਦਿਨ ਇੱਕ ਸਿੱਖ ਸਿਪਾਹੀ ਸਾਡੇ ਡੇਰੇ ਆਇਆ ਅਤੇ ਰੁੱਕਾ ਦਿੱਤਾ ਤੇ ਨਾਲੇ ਜੁਬਾਨੀ ਸੁਨੇਹਾ ਦਿੱਤਾ ਕਿ ਅੱਜ ਬਾਬਾ ਜੀ ਨੈਣੇ ਕੋਣ ਥਾਣੇ ਪਹੁੰਚੋ ਡਿਪਟੀ ਸਾਹਿਬ ਆਏ ਹਨ। ਸੰਤਾਂ ਨੇ ਪੁਛਿਆ, "ਸੱਚ ਆਖਨਾਂ ਏ ਕਿ ਝੂਠ ਬੋਲਦਾ ਏ।" ਉਸਨੇ ਕਿਹਾ, "ਜੀ ਮੇਰੀ ਕੋਈ ਤੁਹਾਡੇ ਨਾਲ ਦੁਸ਼ਮਣੀ ਹੈ?"

ਸੰਤਾਂ ਨੇ ਸਾਨੂੰ ਦੋ ਘੋੜੇ ਤਿਆਰ ਕਰਨ ਨੂੰ ਕਿਹਾ ਨੱਥਾ ਸਿੰਘ ਘੋੜਿਆ ਦਾ ਸੇਵਕ ਘੋੜਿਆ ਤੇ ਕਾਠੀਆ ਪਾਉਣ ਲਗ ਪਿਆ ਤੇ ਸੰਤਾਂ ਨੇ ਫਿਰ ਸਿਪਾਹੀ ਨੂੰ ਆਖਿਆ, "ਸਾਨੂੰ ਜਾਪਦਾ ਹੈ ਕਛਾਬੀ ਮਲ ਧੋਖੇ ਨਾਲ ਸਾਨੂੰ ਥਾਣੇ ਬੁਲਾ ਰਿਹਾ ਹੈ।"

ਸਿਪਾਹੀ ਨੇ ਕਿਹਾ, "ਮੇਰੇ ਤੇ ਇਤਬਾਰ ਕਰੋ, ਮੈਂ ਝੂਠ ਨਹੀ ਬੋਲਦਾ।" ਸੰਤਾਂ ਕਿਹਾ ਕਿ ਜੇ ਕਰ ਤੂੰ ਝੂਠ ਨਹੀ ਬੋਲਦਾ ਤਾਂ ਤੂੰ ਏਥੇ ਡੇਰੇ ਰਹਿ ਜਦੋਂ ਅਸੀ ਅਵਾਂਗੇ ਤੂੰ ਚਲਾ ਜਾਉਂ ਅਸੀ ਡਿਪਟੀ ਸਾਹਿਬ ਨੂੰ ਕਹਿ ਦਿਆਂਗੇ ਕਿ ਸਿਪਾਹੀ ਨੂੰ ਬੁਖਾਰ ਹੋ ਗਿਆ ਹੈ ਇਸ ਕਰਕੇ ਸਾਡੇ ਨਾਲ ਨਹੀ ਆ ਸਕਿਆ।" ਇਹ ਸੁਣ ਕੇ ਸਿਪਾਹੀ ਹੱਸ ਕੇ ਕਹਿਣ ਲਗਾ, "ਆਹ ਲਓ ਜੀ ਮੇਰੀ ਪੇਟੀ ਤੇ ਤੁਸੀ ਆਵੋਂਗੇ ਤਾਂ ਮੈ ਜਾਵਾਂਗਾ।" ਅਸੀ ਚਲੇ ਗਏ।

ਜਦੋਂ ਅਸੀ ਜਾ ਕੇ ਘੋੜਿਆਂ ਤੋ ਉੱਤਰੇ ਤਾਂ ਹਨੇਰਾ ਹੋ ਚੁੱਕਾ ਸੀ ਡਿਪਟੀ ਸਾਹਿਬ ਵੀ ਆ ਗਏ ਪਰ ਅਸੀ ਉਥੇ ਹੀ ਖੜੇ ਸਾਂ ਸਾਨੂੰ ਕਿਸੇ ਨੇ ਨਾ ਵੇਖਿਆ ਡਿਪਟੀ ਸਾਹਿਬ ਨੇ ਸਾਡੇ ਘੋੜੇ ਵੇਖੇ ਤਾਂ ਕਹਿਣ ਲਗੇ ਕਿ ਇਹ ਘੋੜੇ ਕਿਸਦੇ ਹਨ। ਇੱਕ ਸਿੱਖ ਨੇ ਉੱਤਰ ਦਿੱਤਾ ਕਿ ਸੰਤ ਬੰਤਾ ਸਿੰਘ ਦੇ ਘੋੜੇ ਹਨ। ਡਿਪਟੀ ਨੇ ਪੁਛਿਆ ਸੰਤ ਬੰਤਾ ਸਿੰਘ ਆ ਗਏ ਹਨ? ਸਿੱਖ ਨੇ ਕਿਹਾ ਹਾਂ ਜੀ ਸੰਤ ਆ ਗਏ ਹਨ। ਏਨੇ ਚਿਰ ਨੂੰ ਥਾਣੇਦਾਰ ਨੇ ਆ ਕੇ ਸਲੂਟ ਮਾਰਿਆ ਤੇ ਡਿਪਟੀ ਨੇ ਥਾਣੇਦਾਰ ਨੂੰ ਕਿਹਾ, "ਤੂੰ ਕਹਿੰਦਾ ਸੀ ਬੰਤਾ ਸਿੰਘ ਆਕੀ ਹੈ ਨਹੀ ਆਵੇਗਾ ਉਹ ਤੇ ਸਾਥੋਂ ਪਹਿਲਾਂ ਆ ਗਏ ਹਨ।" ਇਹ ਗੱਲ ਅਸਾਂ ਸੁਣ ਲਈ ਸੰਤਾਂ ਨੇ ਮੈਨੂੰ ਕਿਹਾ, "ਬੰਦਾ ਤਾਂ ਚੰਗਾ ਜਾਪਦਾ ਹੈ।" ਪੰਜਾਂ ਕੁ ਮਿੰਟਾਂ ਬਾਅਦ ਡਿਪਟੀ ਨੇ ਸੰਤਾਂ ਨੂੰ ਅੰਦਰ ਬੁਲਾ ਲਿਆ। ਮੈ ਆਖਿਆ, "ਸੰਤ ਜੀ ਕਿਤੇ ਧੋਖਾ ਹੀ ਨਾ ਹੋ ਜਾਵੇ ਮਤੇ ਤੁਹਾਨੂੰ ਇੱਕੱਲਿਆ ਨੂੰ ਬੁਲਾ ਕੇ ਹੱਥਕੜੀ ਨਾ ਲਾ ਲੈਣ।" ਸੰਤਾਂ ਕਿਹਾ ਜੇ ਇਹ ਗੱਲ ਹੋਈ ਤਾਂ ਮੈ ਜੈਕਾਰਾ ਬੁਲਾ ਦਿਆਂਗਾ ਤੁਸੀ ਫਿਰ ਤਗੜੇ ਹੋ ਕੇ ਪੈ ਜਾਇਓ, ਇੰਨੀ ਗੱਲ ਕਰਕੇ ਸੰਤ ਚਲੇ ਗਏ ਡਿਪਟੀ ਨੂੰ ਮਿਲੇ ਤੇ ਕੁਰਸੀ ਤੇ ਬੈਠ ਗਏ। ਦਸਾਂ ਕੁ ਮਿੰਟਾਂ ਬਾਅਦ ਮੈਨੂੰ ਤੇ ਚੈਨ ਸਿੰਘ ਨੂੰ ਬੁਲਾ ਲਿਆ ਅਸੀ ਵੀ ਅੰਦਰ ਚਲੇ ਗਏ ਜਾ ਕੇ ਸਤਿ ਸ੍ਰੀ ਅਕਾਲ ਬੁਲਾ ਕੇ ਦਰੀ ਤੇ ਬੈਠ ਗਏ। ਡਿਪਟੀ ਨੇ ਠਾਣੇਦਾਰ ਨੂੰ ਕਿਹਾ ਕਿ ਉਹ ਦੂਸਰੇ ਕਮਰੇ ਵਿੱਚ ਚਲਾ ਜਾਏ ਉਹ ਚਲਾ ਗਿਆ ਤੇ ਡਿਪਟੀ ਨੇ ਸੰਤਾਂ ਨੂੰ ਆਖਿਆ, "ਸੰਤ ਜੀ ਜੋ ਤੁਸਾਂ ਪੁਲਸ ਤੇ ਦਰਖਾਸਤਾਂ ਦਿੱਤੀਆ ਹਨ ਕੋਈ ਸਬੂਤ ਦਿਉਗੇ।" ਸੰਤਾਂ ਕਿਹਾ, "ਅਸੀ ਪਿੰਡਾਂ ਦੇ ਪਿੰਡ ਭੁਗਤਾ ਦਿਆਂਗੇ।" ਡਿਪਟੀ ਕਹਿਣ ਲਗਾ, "ਸੰਤ ਜੀ ਤੁਸੀ ਮਹਾਂਪੁਰਸ਼ ਹੋ, ਤੁਹਾਡੀਆਂ ਦਰਖਾਸਤਾਂ ਦਾ ਬੜਾ ਅਸਰ ਪਿਆ ਹੈ, ਥਾਣੇਦਾਰ ਨੂੰ ਤੁਹਾਡੇ ਪੈਰੀ ਪੁਵਾ ਦੇਂਦੇ ਹਾਂ ਤੁਸੀ ਮੁਆਫੀ ਦੇ ਦਿਓ ਨਹੀ ਤੇ ਇਸਦੀ ਥਾਣੇਦਾਰੀ ਟੁੱਟ ਰਹੀ ਹੈ, ਵਿਚਾਰਾ ਮਾਰਿਆ ਜਾਵੇਗਾ, ਬਾਲ ਬੱਚੜਦਾਰ ਹੈ।" ਸੰਤਾਂ ਕਿਹਾ, "ਜੀ ਮੁਆਫੀ ਤਾਂ ਦੇ ਦੇਂਦੇ ਹਾਂ ਸਾਡੇ ਇਲਾਕੇ ਦੇ ਸਭ ਲੋਕ ਇੱਕਠੇ ਕਰਕੇ ਸਭ ਦੇ ਸਾਹਮਣੇ ਮੁਆਫੀ ਮੰਗੇ।" ਡਿਪਟੀ ਨੇ ਕਿਹਾ, "ਫਿਰ ਤੇ ਸਾਰੇ ਲੋਕ ਇਸਨੂੰ ਛਿੱਤਰ ਮਾਰਨਗੇ ਪਰ ਸੰਤ ਜੀ ਤੁਸੀ ਮੇਰੇ ਆਖੇ

ਲਗ ਕੇ ਇਸਨੂੰ ਮੁਆਫੀ ਦੇ ਦਿਓ।'' ਸੰਤਾਂ ਆਖਿਆ ਕਿ ਅਸੀ ਆਪਣੇ ਮੈਬਰਾਂ ਨਾਲ ਸਲਾਹ ਕਰਕੇ ਫਿਰ ਸੁਲ੍ਹਾ ਕਰਾਂਗੇ ਜੀ।'' ਡਿਪਟੀ ਨੇ ਕਿਹਾ, ''ਤੁਹਾਡੇ ਮੈਂਬਰ ਕੌਣ ਕੌਣ ਹਨ।'' ਸੰਤਾਂ ਦਸਿਆ, ''ਸਾਡਾ ਵੱਡਾ ਮੈਂਬਰ ਤਾਂ ਸਰਦਾਰ ਆਤਮਾਂ ਸਿੰਘ ਹੈ ਰਾਵਲ ਪਿੰਡੀ ਵਾਲੇ।'' ਡਿਪਟੀ ਨੇ ਕਿਹਾ, ''ਸੰਤ ਜੀ ਤੁਹਾਡਾ ਇੱਕੋ ਮੈਂਬਰ ਹੀ ਠੀਕ ਹੈ ਮੈ ਵੀ ਰਾਵਲ ਪਿੰਡੀ ਦਾ ਹੀ ਹਾਂ ਉਸੇ ਵੇਲੇ ਥਾਣੇਦਾਰ ਨੂੰ ਬੁਲਾ ਕੇ ਕਹਿਣ ਲਗਾ ਕਿ ਬੰਦਾ ਬਣਕੇ ਸੰਤਾਂ ਦੇ ਚਰਨ ਫੜ ਲੈ ਨਹੀ ਤੇ ਬਿਸਤਰਾ ਬੰਨ੍ਹ ਕੇ ਘਰ ਜਾ ਕੇ ਤੇਲ ਤੇ ਲੂਣ ਦੀ ਦੁਕਾਨ ਪਾ ਲੈ। ਬਸ ਇਹ ਗੱਲ ਕਹਿਣ ਦੀ ਦੇਰ ਸੀ ਕਿ ਥਾਣੇ ਦਾਰ ਨੇ ਸੰਤਾਂ ਦੇ ਚਰਨ ਫੜ ਲਏ ਸੰਤਾਂ ਨੇ ਮੁਆਫੀ ਦੇ ਦਿੱਤੀ ਤੇ ਡਿਪਟੀ ਨੇ ਇੱਕ ਦਰਖਾਸਤ ਮੁਨਸ਼ੀ ਕੋਲੋਂ ਲਿਖਵਾਈ ਸੁਲ੍ਹਾ ਦੀ ਤੇ ਸੰਤਾਂ ਨੂੰ ਕਹਿਣ ਲੱਗਾ ਕਿ ਸੰਤ ਜੀ ਤੁਸੀ ਦਸਖਤ ਕਰੋ ''ਮੈ ਅਰਜ਼ ਕੀਤੀ,'' ਜੀ ਦਸਖਤ ਤੇ ਅਸੀਂ ਕਰ ਦਿੰਦੇ ਹਾਂ ਪਰ ਸਾਡੇ ਦਸ ਨੰਬਰ ਦੇ ਕਾਗਜ ਬਣੇ ਹੋਏ ਹਨ ਮਨਸੂਖ ਕੀਤੇ ਜਾਣ ਤੇ ਇੱਕ ਸੁਲ੍ਹਾ ਨਾਮਾਂ ਲਿਖ ਕੇ ਸਾਨੂੰ ਵੀ ਦਿਓ।'' ਡਿਪਟੀ ਨੇ ਕਿਹਾ ਸੁਲ੍ਹਾ ਨਾਮੇ ਦੇ ਕਾਗਜ ਭਾਵੇ ਹੁਣੇ ਲੈ ਲਓ ਤੇ ਜੋ ਤੁਹਾਡੇ ਕਾਗਜ ਦਸ ਨੰਬਰ ਦੇ ਹਨ ਇਹ ਮੇਰੇ ਤੇ ਇਤਬਾਰ ਕਰੋ ਕਿ ਸਾਰਿਆ ਤੇ ਮੈ ਲੀਕ ਫੇਰਕੇ ਮਨਸੂਖ ਕਰਾਂਗਾ।'' ਰਾਤ ਦੇ ਬਾਰਾਂ ਵਜੇ ਸੁਲ੍ਹਾ ਹੋਈ ਤੇ ਕਛਾਬੀ ਮੱਲ ਥਾਣੇਦਾਰ ਸੰਤਾਂ ਦਾ ਸੇਵਕ ਬਣਿਆ ਤੇ ਅਸੀਂ ਰਾਤ ਦੇ ਤਿੰਨ ਵਜੇ ਡੇਰੇ ਵਾਪਿਸ ਆਏ ਘੋੜੀ ਵਛੇਰਾ ਵਾਪਿਸ ਲੈਕੇ ਸਵੇਰੇ ਸਿਪਾਹੀ ਨੂੰ ਦੋ ਰੁਪਏ ਖੁਸ਼ੀ ਨਾਲ ਦਿੱਤੇ ਤੇ ਉਹ ਵੀ ਸੰਤਾਂ ਨੂੰ ਮੱਥਾ ਟੇਕ ਕੇ ਚਲਾ ਗਿਆ।

# (੯) ਨਨਕਾਣੇ ਸਾਹਿਬ ਦਾ ਦੌਰਾ

ਇਸ ਤੋਂ ਬਾਅਦ ਅਸੀ ਸਾਰਾ ਜਥਾ ਸੰਨ ੩੦ ਵਿੱਚ ਸ੍ਰੀ ਗੁਰੂ ਨਾਨਕ ਦੇ ਵ ਜੀ ਦੇ ਗੁਰਪੁਰਬ ਦੇ ਮੇਲੇ ਤੇ ਨਨਕਾਣੇ ਸਾਹਿਬ ਗਏ। ਸੰਗਤਾਂ ਦੇ ਦਰਸ਼ਨ ਤੇ ਗੁਰਦੁਵਾਰਿਆਂ ਦੇ ਦਰਸ਼ਨ ਕਰਕੇ ਫਿਰ ਅਸੀ ਸ਼ਾਹ ਕੋਟ ਦੇ ਇਲਾਕੇ ਵਿੱਚ ਇੱਕ ਪਿੰਡ ਸੀ ਜਰਮੀਆਂ ਇਸ ਪਿੰਡ ਦੇ ਸਿੰਘ ਸਾਨੂੰ ਲੈ ਗਏ ਇੱਥੇ ਅਸੀ ਅੱਠ ਦਿਨ ਰਹੇ। ਕੀਰਤਨ ਕਰਦੇ ਰਹੇ। ਕੁਝ ਸਿੱਖਾਂ ਨੂੰ ਤੇ ਬੀਬੀਆਂ ਨੂੰ ਅੰਮ੍ਰਿਤ ਵੀ ਛਕਾਇਆ ਤੇ ਫਿਰ ਇਸ ਨਗਰ ਤੋਂ ਚਲਕੇ ਅੱਗੇ ਚੂਹੇ ਝਾੜ ਨਗਰ ਸੀ ਅਸੀ ਉਥੇ ਗਏ ਇਹ ਸਾਰਾ ਨਗਰ ਕੰਬੋਆਂ ਸਿੱਖਾਂ ਦਾ ਸੀ ਇਹ ਸਿੱਖ ਬੜੇ ਪ੍ਰੇਮੀ ਸਨ ਸਾਨੂੰ ਜਾਣ ਨਾ ਦੇਣ ਅਸੀ ਇੱਥੇ ੧੫ ਦਿਨ ਰਹੇ ਤੇ ਕੀਰਤਨ ਕਰਦੇ ਰਹੇ। ਫਿਰ ਚਾਲੇ ਪਾ ਦਿੱਤੇ ਬਾਗਲੇ ਦੇ ਇਲਾਕੇ ਦੀ ਤਿਆਰੀ ਕੀਤੀ ਤੇ ਰਸਤੇ ਵਿੱਚ ਇੱਕ ਪਾਣੀ ਦੀ ਨਹਿਰ ਵਗਦੀ ਸੀ ਦਸ ਕਰੂੰ ਚੋੜੀ ਸੀ, (ਕਿ ੫੫ ਫੁੱਟ ਚੋੜੀ ਸੀ ਤੇ ੫੧/੨ ਫੁਟ ਡੂੰਘੀ ਸੀ) ਦੋਹਾਂ ਪਾਸਿਆਂ ਦੇ ਪੁਲ ਡੇਢ ਡੇਢ ਮੀਲ ਤੇ ਸਨ ਸੰਤਾਂ ਨੇ ਹੁਕਮ ਦਿੱਤਾ ਕਿ ਘੋੜੀਆਂ ਦੋ ਸਿੰਘ ਪੁਲ ਦੇ ਉੱਤੋਂ ਦੀ ਲੈ ਆਓ ਤੇ ਕੋਈ ਪ੍ਰੇਮੀ ਸਿੰਘ ਸਾਰੇ ਸਾਧਾਂ ਨੂੰ ਚੁੱਕ ਚੁੱਕ ਕੇ ਨਹਿਰ ਤੋਂ ਪਾਰ ਕਰੇ। ਸਰਦੀ ਬੜੀ ਸੀ ਸਭ ਸਾਧ ਚੁੱਪ ਕਰ ਗਏ ਮੈਨੂੰ ਸੰਤਾਂ ਨੇ ਹੁਕਮ ਦਿੱਤਾ, "ਅਮਰ ਸਿੰਘਾਂ ਤੂੰ ਸਾਰੇ ਸਾਧਾਂ ਨੂੰ ਚੁੱਕ ਕੇ ਪਾਰ ਕਰ ਨਹਿਰ ਤੋਂ।" ਮੈ ਹੁਕਮ ਮੰਨ ਕੇ ਉਸੇ ਵੇਲੇ ਕਪੜੇ ਲਾਹ ਕੇ ਨਹਿਰ ਵਿੱਚ ਵੜ ਗਿਆ ਤੇ ਵੇਖਿਆ ਕਿ ਪਾਣੀ ਤੇ ਮੇਰੇ ਮੋਢਿਆਂ ਤਕ ਆਵੇ। ਸਭ ਤੋ ਪਹਿਲਾਂ ਮੈ ਸੰਤਾਂ ਨੂੰ ਸਿਰ ਤੇ ਬਿਠਾ ਕੇ ਨਹਿਰ ਤੋ ਪਾਰ ਕੀਤਾ। ਸਾਰੇ ਸਾਧ ਗਿਣਤੀ ਦੇ ੨੩ ਸਨ। ਵਾਰੀ ਵਾਰੀ ਸਾਰਿਆਂ ਨੂੰ ਪਾਰ ਕੀਤਾ ਸੰਤਾਂ ਨੇ ਮੈਨੂੰ ਅਸ਼ੀਰਵਾਦ ਦਿੱਤਾ ਕਿ ਅਮਰ ਸਿੰਘ ਦੀ ਸ਼ਾਦੀ ਚੰਗੇ ਘਰ ਵਿੱਚ ਹੋਵੇ। ਸਾਰੇ ਸਾਧ ਜਦੋ, ਪਾਰ ਹੋ ਗਏ ਤਾਂ ਉਥੋ ਸੰਤਾਂ ਸਮੇਤ ਤੁਰ ਪਏ ਮੈ ਇੱਕੱਲਾ ਰਹਿ ਗਿਆ। ਮੈ ਨਹਿਰ ਤੋ ਬਾਹਰ ਨਿਕਲ਼ ਕੇ ਤੇਲ ਦੀ ਮਾਲਿਸ਼ ਕੀਤੀ ਤੇ ਫਿਰ ਨਹਿਰ ਵਿੱਚ ਇਸ਼ਨਾਨ ਕੀਤਾ ਬਾਹਰ ਨਿਕਲ ਕੇ ਡੰਡ ਬੈਠਕਾਂ ਕੱਢਣੀਆ ਸ਼ੁਰੂ ਕਰ

ਦਿੱਤੀਆ ਕਿ ਪਾਲਾ ਉੱਤਰ ਜਾਏ ਤੇ ਸ਼ਰੀਰ ਗਰਮ ਹੋ ਜਾਏ। ਅੱਜੇ ਮੈ ਕਪੜੇ ਪਾਉਣ ਹੀ ਲਗਾ ਸਾਂ ਕਿ ਇੱਕ ੫੦-੬੦ ਸਾਲ ਦੀ ਉਮਰ ਦਾ ਬੁੱਢਾ ਮੁਸਲਮਾਨ ਆ ਕੇ ਮੇਰੇ ਕੋਲ ਖੜਾ ਹੋ ਗਿਆ ਤੇ ਕਹਿਣ ਲਗਾ, "ਕਾਕਾ, ਤੂੰ ਕਿਸ ਚੀਜ਼ ਦਾ ਬਣਿਆ ਹੋਇਆ ਏ ੨੩-੨੪ ਬੰਦੇ ਚੁੱਕ ਕੇ ਪਾਣੀ ਤੋਂ ਪਾਰ ਕੀਤੇ ਫਿਰ ਤੂੰ ਤੇਲ ਮਲ੍ਹ ਕੇ ਦੁਬਾਰਾ ਪਾਣੀ ਵਿੱਚ ਵੜ ਕੇ ਨਹਾ ਕੇ ਵਰਜਿਸ਼ ਕਰਦਾ ਹੈ।" ਮੈ ਆਖਿਆ, "ਬਾਬਾ ਜੀ ਤੁਹਾਡੀ ਬਜੁਰਗਾਂ ਦੀ ਕਿਰਪਾ ਹੈ।" ਫਿਰ ਬਾਬੇ ਨੇ ਪੁਛਿਆ, "ਤੁਸੀ ਕਿਥੋਂ ਆਏ ਹੋ ਤੇ ਕਿਥੇ ਜਾਣਾਂ ਹੈ?" ਮੈ ਉੱਤਰ ਦਿੱਤਾ, "ਬਾਬਾ ਜੀ ਅਸੀ ਸਾਰੇ ਫਕੀਰ ਸਾਧੂ ਹਾਂ ਤੇ ਹੁਣ ਜਿਸ ਪਿੰਡ ਅਸੀ ਜਾ ਰਹੇ ਹਾਂ ਉੱਥੇ ਮੇਰੇ ਸਹੁਰੇ ਹਨ।" ਬਜੁਰਗ ਬੜਾ ਖੁਸ਼ ਹੋਇਆ ਤੇ ਮੇਰੇ ਸਿਰ ਤੇ ਪਿਆਰ ਦੇ ਕੇ ਕਹਿਣ ਲਗਾ, "ਬੇਟਾ, ਖੁਦਾ ਤੈਨੂੰ ਸਦਾ ਖੁਸ਼ ਤੇ ਸੁਖੀ ਰਖੇ।" ਬਾਬੇ ਦੇ ਜਾਣ ਤੋ ਬਾਅਦ ਮੈ ਸੋਚਿਆ ਕਿ ਜੇ ਬਾਬਾ ਮੈਨੂੰ ਪੁੱਛ ਲੈਂਦਾ ਕਿ ਕਿਨ੍ਹਾਂ ਦੇ ਘਰ ਜਾਣਾਂ ਹੈ ਤਾਂ ਮੈ ਕੀ ਜੁਵਾਬ ਦਿੰਦਾ। (ਬਾਅਦ ਵਿੱਚ ਇਸੇ ਹੀ ਪਿੰਡ ਮੇਰੇ ਸਹੁਰੇ ਬਣੇ।)

ਮੇਰੇ ਪਾਸ ਇੱਕ ਧੋਤੀ ਸੀ ਚੌੜੀ ਕੰਨੀ ਵਾਲੀ ਉਹ ਧੋਤੀ ਮੈਨੂੰ ਕਿਸੇ ਸੱਜਣ ਨੇ ਦਿੱਤੀ ਸੀ। ਅੱਜ ਇਹੀ ਧੋਤੀ ਮੈਂ ਤੇੜ ਬੰਨ ਲਈ ਤੇ ਜੁਰਾਬਾਂ ਪਾ ਕੇ ਗੁਰਗਾਬੀ ਪਾ ਲਈ। ਲੜ ਛੱਡ ਕੇ ਟੇਡੀ ਪੱਗ ਬੰਨ ਲਈ। ਹੱਥ ਵਿੱਚ ਫੜ ਕੇ ਡਾਂਗ ਤੇ ਸੰਤਾਂ ਦੇ ਪਿਛੇ ਦੌੜ ਗਿਆ। ਅੱਗੇ ਸੰਤ ਨਗਰ ਦੇ ਲਾਗੇ ਜਾ ਕੇ ਡੇਢ ਕੁ ਫਰਲਾਂਗ ਪਿਛੇ ਖੜੇ ਸਨ ਜਥੇ ਸਮੇਤ। ਜਦੋਂ ਸੰਤਾਂ ਨੇ ਮੈਨੂੰ ਆਉਦਿਆ ਵੇਖਿਆ ਮੇਰਾ ਹੁਲੀਆ ਵੇਖ ਕੇ ਸੰਤਾਂ ਨੂੰ ਚੜ੍ਹ ਗੁੱਸਾ ਗਿਆ, ਸੰਤਾਂ ਦੇ ਹੱਥ ਵਿੱਚ ਖੂੰਡਾ ਸੀ ਜਦ ਮੈ ਲਾਗੇ ਗਿਆ ਤੇ ਸੰਤਾਂ ਨੇ ਖੂੰਡੇ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਮੈ ਹੱਥ ਜੋੜ ਕੇ ਖੜਾ ਰਿਹਾ। ਸੰਤ ਛੇ ਸੱਤ ਸੋਟੇ ਮਾਰ ਕੇ ਕਹਿਣ ਲਗੇ, "ਤੂੰ ਬਦਮਾਸ਼ਾਂ ਵਾਲੀ ਸ਼ਕਲ ਕਿਉਂ ਬਣਾਈ ਹੈ।" ਮੈਂ ਹੱਥ ਜੋੜ ਕੇ ਮਾਫੀ ਮੰਗੀ ਤੇ ਕਿਹਾ, "ਗਲਤੀ ਹੋ ਗਈ ਹੈ ਜੀ ਫਿਰ ਐਸੀ ਗਲਤੀ ਨਹੀ ਕਰਦਾ।" ਫਿਰ ਮੈ ਧੋਤੀ ਲਾਹ ਕੇ ਮੋਢੇ ਤੇ ਰੱਖ ਲਈ ਤੇ ਢੋਲਕੀ ਗਲ ਵਿੱਚ ਪਾ ਲਈ। ਸਾਧਾਂ ਨੇ ਸਾਜ ਫੜ ਲਏ ਤੇ ਜੈ ਕਾਰਾ ਬੁਲਾਇਆ ਤੇ ਸਾਜ ਵਜਾਉਣ ਲਗ ਪਏ ਤੇ ਪਿੰਡ ਦੇ ਸਭ ਮਾਈ ਭਾਈ ਇੱਕਠੇ ਹੋ ਗਏ ਤੇ ਆ ਕੇ ਤੇ ਆ ਕੇ ਸੰਤਾਂ ਨੂੰ ਮੱਥਾ ਟੇਕੀ ਜਾਣ। ਅਸੀ ਸਾਰੇ ਕੀਰਤਨ ਕਰਦੇ ਕਰਦੇ ਨਗਰ ਵਿੱਚ ਚਲੇ ਗਏ। ਅੱਗੇ ਬਾਬਾ ਜਵੰ ਸਿੰਘ ਦਾ ਘਰ ਆ ਗਿਆ। ਬਾਬੇ ਹੁਰੀ ਸੰਤਾਂ ਨੂੰ ਆਪਣੇ ਘਰ ਲੈ ਗਏ ਕੀਰਤਨ ਦੀ ਸਮਾਪਤੀ ਕੀਤੀ ਤੇ ਜੈ ਕਾਰਾ ਬੁਲਾਇਆ ਤੇ ਬਾਬੇ ਦੇ ਘਰ ਡੇ ਰਾ ਲਾ ਦਿੱਤਾ। ਨਗਰ ਦੇ ਲੋਕ ਚਲੇ ਗਏ। ਅਸੀ ਲੰਗਰ ਆਪ ਤਿਆਰ ਕਰਕੇ ਛਕਦੇ ਸਾਂ ਘਰ ਵਾਲਿਆਂ ਨੇ ਰਸਦ ਦੇ ਦਿੱਤੀ ਤੇ ਲਾਂਗਰੀ ਸਿੰਘ ਸ਼ਰਦਾਈ ਰਗੜਨ ਲਗ

ਪਏ ਤੇ ਦੂਸਰੇ ਲਾਂਗਰੀ ਖੂਹ ਤੇ ਇਸ਼ਨਾਨ ਕਰਨ ਚਲੇ ਗਏ ਤੇ ਆ ਕੇ ਲੰਗਰ ਦੀ ਤਿਆਰੀ ਵਿੱਚ ਲਗ ਪਏ। ਪਿੰਡ ਤੋਂ ਬਾਹਰ ਖੇਤਾਂ ਵਿੱਚ ਜਿੰਮੀਦਾਰਾਂ ਦੇ ਮੁੱਰਬੇ ਇੱਕ ਖੂਹੀ ਲਗੀ ਸੀ। ਸੰਤ ਸਾਰੇ ਸਾਧਾਂ ਨੂੰ ਨਾਲ ਲੈ ਕੇ ਉਸ ਮੁਰੱਬੇ ਬਾਹਰ ਚਲੇ ਗਏ। ਨਗਰ ਦੇ ਲੋਕ ਵੀ ਸੰਤਾਂ ਦੇ ਬਚਨ ਸੁਣਨ ਵਾਸਤੇ ਸੰਤਾਂ ਪਾਸ ਚਲੇ ਗਏ ਮਹੀਨਾਂ ਮੱਘਰ ਦਾ ਸੀ। ਸੰਤਾਂ ਨੇ ਧੁੱਪੇ ਬੈਠ ਕੇ ਸੰਗਤਾਂ ਨੂੰ ਦਰਸ਼ਨ ਦਿੱਤੇ ਤੇ ਰੱਬ ਦੀਆਂ ਗੱਲਾਂ ਕਰਦੇ ਰਹੇ ਭਗਤਾਂ ਦੀਆਂ ਸਾਖੀਆਂ ਸੁਣਦੇ ਸੁਣਾਉਂਦੇ ਰਹੇ। ਲੋਕ ਬੜੇ ਖੁਸ਼ ਹੋਏ। ਇਧਰ ਲਾਂਗਰੀ ਸ਼ਰਦਾਈ ਰਗੜ ਕੇ ੨੫-੩੦ ਬੰਦਿਆਂ ਵਾਸਤੇ ਖੂਹ ਤੇ ਲੈ ਗਏ ਤੇ ਸਭ ਨੂੰ ਛਕਾਈ। ਦੂਸਰੇ ਲਾਂਗਰੀ ਲੰਗਰ ਤਿਆਰ ਕਰਦੇ ਰਹੇ ਤੇ ਮੈਂ ਅੰਦਰ ਵੜ ਕੇ ਰਜਾਈ ਲੈ ਕੇ ਲੰਮਾਂ ਪੈ ਗਿਆ। ਸੰਤ ਬਾਹਰ ਮੁਰੱਬੇ ਤੇ ਕਥਾ ਕਰਦੇ ਰਹੇ। ਜਿਹਨਾਂ ਸਿੱਖਾ ਦੇ ਮੁੱਰਬੇ ਬੈਠ ਕੇ ਸੰਤ ਕਥਾ ਕਰਦੇ ਸਨ। ਉਹਨਾਂ ਵਿੱਚੋਂ ਵੱਡੇ ਦਾ ਨਾਮ ਕਿਸ਼ਨ ਸਿੰਘ ਤੇ ਛੋਟੇ ਦਾ ਨਾਮ ਬਿਸ਼ਨ ਸਿੰਘ ਸੀ। ਇਹਨਾਂ ਦੋਹਾਂ ਦੇ ਪੁੱਤਰ ਘੁਲਦੇ ਸਨ। ਜਾਣੇ ਕੁਸ਼ਤੀ ਲੜਦੇ ਸੀ। ਦੋ ਮੁੰਡੇ ਪਿੰਡ ਦੇ ਹੋਰ ਇਹਨਾਂ ਨਾਲ ਜੋਰ ਕਰਦੇ ਸੀ। ਜਦੋ ਪਿਛਲੇ ਪਹਿਰ ਉਹ ਚਾਰੇ ਪਹਿਲਵਾਨ ਜੋਰ ਕਰਨ ਲਗੇ ਤਾਂ ਸੰਤਾਂ ਨੇ ਵੇਖਿਆ ਤੇ ਉਸੇ ਵਕਤ ਸੰਤਾਂ ਨੇ ਮੇਰੇ ਵੱਲ ਇੱਕ ਸਿੰਘ ਨੂੰ ਘੱਲ ਕੇ ਮੈਨੂੰ ਬੁਲਾ ਲਿਆ। ਮੈ ਝੁਕ ਕੇ ਸੰਤਾਂ ਨੂੰ ਮੱਥਾ ਟੇਕਿਆ ਤੇ ਸੰਤਾਂ ਨੇ ਮੈਨੂੰ ਹੁਕਮ ਕੀਤਾ ਕਿ ਕਪੜੇ ਉਤਾਰ ਕੇ ਕੁਸ਼ਤੀ ਵਿਖਾਈ ਜਾਵੇ। ਮੈਂ ਸਤਿ ਬਚਨ ਕਹਿ ਕੇ ਕਪੜੇ ਉਤਾਰਨੇ ਸ਼ੁਰੂ ਕੀਤੇ - ਉਹ ਚਾਰੇ ਜੁਵਾਨ ਮੈਨੂੰ ਮਖੌਲ ਕਰਨ। ਕਹਿਣ ਖਤਰੀਆਂ ਦੀ ਪੋਲੋ ਆਈ ਹੈ। ਮੈਂ ਚੁੱਪ ਕਰ ਰਿਹਾ। ਤੇਲ ਮਲ੍ਹ ਕੇ ਤੇ ਕੁਝ ਸਰੀਰ ਨੂੰ ਗਰਮ ਕਰਨ ਦੀ ਖਾਤਰ ਬੈਠਕਾਂ ਕੱਢੀਆਂ ਤੇ ਪੱਟਾਂ ਤੇ ਥਾਪੀ ਮਾਰੀ ਤੇ ਸੰਤਾਂ ਨੂੰ ਮੱਥਾ ਟੇਕਿਆ ਤੇ ਅਖਾੜੇ ਵਿੱਚ ਆ ਕੇ ਮੈਂ ਲਲਕਾਰਾ ਮਾਰਿਆ ਮੈਂ ਆਖਿਆ ਕਿ ਤੁਸੀ ਮੈਨੂੰ ਖੱਤਰੀਆ ਦੀ ਪੋਲੋ ਆਖਿਆ ਹੈ। ਪਰ ਤੁਹਾਡੇ ਚੋਹਾਂ ਵਿੱਚੋ ਜਿਹੜਾ ਤਗੜਾ ਹੈ ਉਹ ਮੇਰੇ ਵਲ ਆਵੇ ਕੁਸ਼ਤੀ ਲੜਨ।" ਉਹਨਾਂ ਨੇ ਬੜਾ ਗੁੱਸਾ ਮਨਾਇਆ ਤੇ ਚੋਹਾਂ ਵਿੱਚੋਂ ਜਿਹੜਾ ਚੰਗਾ ਸੀ ਉਹ ਮੇਰੇ ਨਾਲ ਘੋਲ ਕਰਨ ਆ ਗਿਆ ਮੈ ਸ਼ਹਿਰੀਆਂ ਦੀ ਮਾਰ ਖਾਧੀ ਹੋਈ ਸੀ ਤੇ ਉਹ ਵਿਚਾਰੇ ਪੇਂਡੂ ਸਨ ਵੈਸੇ ਜੋਰੋਂ ਉਹ ਮੈਥੋਂ ਤਕੜਾ ਸੀ ਪਰ ਮੇਰੇ ਪਾਸ ਕਸਬ ਜਿਆਦਾ ਸੀ। ਉਹ ਤਿੰਨਾਂ ਕੁ ਮਿੰਟਾਂ ਵਿੱਚ ਢਹਿ ਪਿਆ ਤੇ ਮੈਂ ਸੰਤਾਂ ਨੂੰ ਮੱਥਾ ਟੇਕਿਆ ਤੇ ਮੈ ਅਰਜ ਕੀਤੀ ਕਿ ਮੇਰਾ ਤੇ ਜ਼ੋਰ ਵੀ ਨਹੀ ਲਗਾ ਜੀ, ਸੰਤਾਂ ਨੇ ਹੁਕਮ ਕੀਤਾ। "ਦੂਸਰੇ ਨਾਲ ਕੁਸ਼ਤੀ ਵਿਖਾ।" ਮੈ ਆਖਿਆ 'ਸਤਿ ਬਚਨ ਜੀ'। ਦੂਸਰਾ ਉਸ ਨਾਲੋਂ ਵੀ ਕਮਜੋਰ ਸੀ ਮੈ ਉਸਦੀ ਵੀ ਕੰਡ ਲਾ ਦਿੱਤੀ। ਪ੍ਰਮਾਤਮਾਂ ਨੇ ਕਿਰਪਾ ਕੀਤੀ ਪਿੰਡ ਵਿੱਚ ਜੈਂ ਜੈ ਕਾਰ ਹੋ ਗਈ। ਇਸ ਪਿੰਡ ਦੇ ਨਾਲ ਤਿੰਨ ਪਿੰਡ ਹੋਰ ਸਨ। ਬਰਨਾਲਾ, ਚਵੀਚੱਕ ਤੇ ਰਾੜੇ

ਵਾਲ ਇਨਾਂ ਪਿੰਡਾਂ ਦੇ ਵੀ ਦੋ ਦੋ ਚਾਰ ਚਾਰ ਬੰਦੇ ਸੰਤਾਂ ਦੇ ਦਰਸ਼ਨਾਂ ਨੂੰ ਆਏ ਹੋਏ ਸਨ। ਇਹਨਾਂ ਤਿੰਨਾਂ ਪਿੰਡਾਂ ਵਿੱਚ ਵੀ ਪਤਾ ਲਗ ਗਿਆ ਕਿ ਸੰਤਾਂ ਦੇ ਚੇਲੇ ਨੇ ਤੇ ਜੂ ਤੇ ਇੰਦਰ ਨੂੰ ਇੱਕੋ ਲੰਗੋਟੇ ਵਿੱਚ ਢਾਹ ਲਿਆ ਹੈ। ਪਿੰਡ ਵਿੱਚ ਰੌਲਾ ਪੈ ਗਿਆ ਮਾਰ ਬੁੱਢੀਆ ਬੰਦੇ ਗੱਲਾਂ ਕਰ ਕਰ ਹੈਰਾਨ ਹੋਈ ਜਾਣ।

ਰਾਤ ਨੂੰ ਦੀਵਾਨ ਲੱਗਾ ਮੈਂ ਢੋਲਕੀ ਵਜਾਉਂਦਾ ਸਾਂ ਤੇ ੧੬ ਜੋੜੀਆ ਛੈਣਿਆਂ ਦੀਆਂ ਵੱਜਦੀਆਂ ਸਨ। ਦੋ ਜੋੜੇ ਖੜਤਾਲਾਂ ਦੇ ਸਨ। ਰਾਤ ਦੇ ਦੋ ਵਜੇ ਤਕ ਕੀਰਤਨ ਹੁੰਦਾ ਰਿਹਾ। ਲੋਕ ਵਾਹ ਵਾਹ ਕਰ ਉੱਠੇ/ ਇਸ ਪਿੰਡ ਦਾ ਨਾਮ ਬੁੱਟਰ ਤੇਈ ਚੱਕ ਸੀ। ਇਸ ਪਿੰਡ ਦੇ ਨਾਲ ਚਵੀਚੱਕ ਦਾ ਇੱਕ ਮੁੰਡਾ ਚੰਗਾ ਘੁਲਦਾ ਸੀ। ਉਸਦਾ ਨਾਮ ਮੇਲੂ ਸੀ। ਚਵੀਚੱਕ ਦੇ ਲੋਕ ਮੇਲੂ ਨੂੰ ਨਾਲ ਲੈ ਕੇ ਆਏ ਤੇ ਸੰਤਾਂ ਨੂੰ ਕਹਿਣ ਲਗੇ ਤੁਹਾਡੇ ਚੇਲੇ ਨਾਲ ਇਸ ਮੁੰਡੇ ਦੀ ਕੁਸ਼ਤੀ ਵੇਖਣੀ ਹੈ। ਸੰਤਾਂ ਕਿਹਾ, "ਸਾਡਾ ਮੁੰਡਾ ਇਸ ਪਹਿਲਵਾਨ ਨਾਲੋਂ ਮਾੜਾ ਹੈ। ਨਾਲੇ ਉਹ ਇਹਦੇ ਨਾਲੋਂ ਉਮਰੋਂ ਵੀ ਛੋਟਾ ਹੈ।" ਪਰ ਪਿੰਡਾਂ ਦੇ ਲੋਕ ਬੜੇ ਖਹਿੜੇ ਪਏ ਪਰ ਬੰਤ ਨਾ ਮੰਨਣ। ਮੈਂ ਸੰਤਾਂ ਪਾਸ ਅਰਜ ਕੀਤੀ ਕਿ, "ਮਹਾਰਾਜ ਜੀ, ਤੁਹਾਡੀ ਕਿਰਪਾ ਚਾਹੀਦੀ ਹੈ ਮੈਂ ਇਸ ਨਾਲ ਕੁਸ਼ਤੀ ਲੜਾਂਗਾ।" ਸੰਤਾਂ ਮਨਜ਼ੂਰ ਕਰ ਲਿਆ ਤਿੰਨ ਚਾਰ ਪਿੰਡ ਇੱਕਠੇ ਹੋਏ ਮੈਂ ਕਪੜੇ ਉਤਾਰੇ , ਸੰਤਾਂ ਨੂੰ ਨਮਸਕਾਰ ਕੀਤੀ ਤੇ ਅਖਾੜੇ ਵਿੱਚ ਜਾ ਕੇ ਪਹਿਲਵਾਨ ਨਾਲ ਦਸਤ ਪੰਜਾ ਲਿਆ ਤੇ ਕੁਸ਼ਤੀ ਸ਼ੁਰੂ ਹੋ ਗਈ। ਮੇਲੂ ਨੇ ਮੈਨੂੰ ਮੋੜਾ ਕਰਕੇ ਅੱਗੇ ਰੱਖ ਲਿਆ ਚਾਰ ਪੰਜ ਮਿੰਟ ਤਾਂ ਉਸ ਨੇ ਮੈਨੂੰ ਚੰਗਾ ਮਾਰਿਆ ਤੇ ਫਿਰ ਕੁਦਰਤ ਮਾਲਕ ਦੀ ਫਿਰ ਆਮੋ ਸਾਹਮਣੇ ਹੋਏ ਤੇ ਮੇਲੂ ਮੇਰੀ ਪੱਟੀ ਪੈ ਗਿਆ ਮੈਂ ਬੈਠ ਕੇ ਝੋਲੀ ਮਾਰੀ ਮੇਲੂ ਦੇ ਦੋਵੇ ਮੋਢੇ ਲੱਗ ਗਏ ਪ੍ਰਮਾਤਮਾਂ ਨੇ ਫਤਹਿ ਦਿੱਤੀ। ਤੇ ਲੋਕਾਂ ਨੇ ਵੀ ਮੈਨੂੰ ੩੫ ਰੁ: ਦਿੱਤੇ ਰਾਤ ਨੂੰ ਫਿਰ ਕੀਰਤਨ ਹੋਇਆ ੧੫ ਦਿਨ ਸੰਗਤਾਂ ਨੇ ਸਾਨੂੰ ਜਾਣ ਨਾ ਦਿੱਤਾ।

ਜਿਸ ਘਰ ਸਾਡਾ ਡੇਰਾ ਸੀ ਇਸ ਬਾਬੇ ਦਾ ਨਾਮ ਸੀ ਜੁਵੰ ਸਿੰਘ। ਇਸਦੇ ਚਾਰ ਪੁੱਤਰ ਤੇ ਦੋ ਧੀਆਂ ਸਨ। ਇਸ ਦਾ ਇੱਕ ਪੁੱਤਰ ਕਰਤਾਰ ਸਿੰਘ ਲਾਇਲ ਪੁਰ ਵਿਆਹਿਆ ਹੋਇਆ ਸੀ ਤੇ ਇੱਕ ਵਡੀ ਲੜਕੀ ਕਰਤਾਰ ਕੌਰ ਪਿੰਡੀਦਾਸ ਵਿਆਹੀ ਹੋਈ ਸੀ। ਇਹ ਰਾਮ ਗੜ੍ਹੀਏ ਸਨ। ਬਾਬਾ ਜਵੰ ਸਿੰਘ ਦੇ ਘਰਵਾਲੀ ਨੇ ਮੈਨੂੰ ਪੁਛਿਆ, "ਅਮਰ ਸਿੰਘ, ਕਾਕਾ ਤੂੰ ਕਿਨ੍ਹਾ ਦਾ ਪੁੱਤਰ ਹੈ ਤੇ ਕਿਸ ਘਰ ਦਾ ਤੇਰਾ ਜਨਮ ਹੈ।" ਮੈ ਉੱਤਰ ਦਿੱਤਾ, "ਜੀ ਜਨਮ ਮੇਰਾ ਰਾਮਗੜ੍ਹੀਆਂ ਦੇ ਘਰ ਦਾ ਹੈ," ਤੇ ਫਿਰ ਮੈਨੂੰ ਮਾਤਾ ਨੇ ਮੇਰੀ ਜਾਤ ਗੋਤ ਪੁੱਛੀ ਮੈਂ ਸਭ ਕੁਝ ਦੱਸ ਦਿੱਤਾ। ਫਿਰ ਮੈਨੂੰ ਮਾਤਾ ਨੇ ਆਖਿਆ, "ਅਸਾਂ ਛੋਟੀ ਲੜਕੀ ਦਾ ਰਿਸ਼ਤਾ ਕਰਨਾਂ ਹੈ ਪਤਾ ਨਹੀ ਕਿਥੇ ਸੰਜੋਗ ਲਿਖੇ ਹਨ ਪ੍ਰਮਾਤਮਾ ਨੇ। ਬਸ ਇੰਨੀ ਗੱਲ ਕਰਕੇ ਮਾਤਾ ਚਲੀ ਗਈ।

ਇਸ ਪਿੰਡ ੧੫ ਦਿਨ ਰਹਿਣ ਕਾਰਨ ਲੋਕ ਮੇਰੇ ਨਾਲ ਬਹੁਤ ਪਿਆਰ ਕਰਨ ਲਗ ਪਏ। ਪਿੰਡ ਦੇ ਮੁੰਡੇ ਬਜ਼ੁਰਗ ਮਭ ਮੇਰੇ ਨਾਲ ਮੁਹੱਬਤ ਕਰਨ ਤੇ ਮੇਰੇ ਦਿਲ ਵਿੱਚ ਉਹ ਗੱਲ ਆ ਗਈ ਜੋ ਮੈਂ ਕੁਜਰਾਂ ਵਾਲੇ ਵਾਲੀ ਨਹਿਰ ਤੇ ਸੰਤਾਂ ਨਾਲ ਵਾਅਦਾ ਕੀਤਾ ਸੀ। ਉਹ ਇਹ ਕਿ ਸੰਤਾਂ ਮੈਨੂੰ ਕਿਹਾ ਸੀ ਕਿ ਤੇਰਾ ਸਾਨੂੰ ਉਲਾਂਭਾ ਕੋਈ ਨਾ ਆਏ। ਜਦੋ ਤੇਰਾ ਦਿਲ ਸ਼ਾਦੀ ਕਰਵਾਉਣ ਨੂੰ ਕਰੇ ਦੱਸ ਦੇਵੀਂ ਤੇ ਹੁਣ ਮੇਰਾ ਮਨ ਮੰਨ ਗਿਆ ਸੀ ਕਿ ਇਸ ਘਰ ਵਿੱਚ ਮੇਰੀ ਸ਼ਾਦੀ ਹੋਣੀ ਚਾਹੀਦੀ ਹੈ। ਪਰ ਮੈ ਸੰਤਾਂ ਨਾਲ ਇਹ ਬਚਨ ਤੇ ਨਾ ਕਰ ਸਕਿਆ ਪਰ ਜੋ ਸਾਡੇ ਜੱਥੇ ਦਾ ਮਹੰਤ ਸੀ ਮੈ ਉਸ ਨਾਲ ਗੱਲ ਕੀਤੀ ਕਿ ਮਾਈ ਘਰ ਵਾਲੀ ਕਹਿੰਦੀ ਹੈ ਕਿ ਅਸਾਂ ਅਪਣੀ ਲੜਕੀ ਦਾ ਸਾਕ ਕਰਨਾਂ ਹੈ ਤੂੰ ਸੰਤਾਂ ਨੂੰ ਕਹਿ ਕਿ ਮੇਰੀ ਸ਼ਾਦੀ ਇਸ ਘਰ ਕਰ ਦੇਣ, ਮਾਈ ਦੀ ਪੱਕੀ ਦਲੀਲ ਹੈ। ਮੇਰੀ ਇਹ ਗੱਲ ਸੁਣ ਕੇ ਮਹੰਤ ਨੇ ਸੰਤਾਂ ਨਾਲ ਬਚਨ ਕੀਤਾ, "ਕਿ ਮਾਈ ਨੇ ਅਮਰ ਸਿੰਘ ਨਾਲ ਇਹ ਗੱਲਾਂ ਬਾਤਾਂ ਕੀਤੀਆਂ ਹਨ ਤੇ ਤੁਸੀ ਮਾਈ ਨੂੰ ਪੁਛੋ ਤੇ ਅਮਰ ਸਿੰਘ ਨੂੰ ਇਸ ਘਰ ਵਿਆਹ ਦੇਈਏ।" ਸੰਤਾਂ ਨੇ ਜਦੋਂ ਮਾਈ ਨੂੰ ਪੁਛਿਆ ਕਿ ਤੂੰ ਸਾਡੇ ਢੋਲਕੀ ਵਜਾਉਣ ਵਾਲੇ ਮੁੰਡੇ ਨਾਲ ਕੋਈ ਗੱਲ ਕੀਤੀ ਹੈ, ਕਿ ਤੇਰੇ ਨਾਲ ਅਪਣੀ ਲੜਕੀ ਦੀ ਸ਼ਾਦੀ ਕਰਨਾਂ ਚਾਹੁੰਦੇ ਹਾਂ।" ਸੰਤਾਂ ਨੂੰ ਮਾਈ ਨੇ ਉੱਤਰ ਦਿੱਤਾ, "ਮੈ ਤੇ ਅਮਰ ਸਿੰਘ ਨਾਲ ਕੋਈ ਗੱਲ ਨਹੀ ਕੀਤੀ ਉਹ ਝੂਠ ਬੋਲਦਾ ਹੈ, ਇਹ ਗੱਲ ਸੁਣ ਕੇ ਸੰਤਾਂ ਨੂੰ ਚੜ੍ਹ ਗੁੱਸਾ ਗਿਆ ਤੇ ਉੱਹ ਮੈਨੂੰ ਬਾਹਰ ਬੁਲਾ ਕੇ ਲੈ ਗਏ। ਪਿੰਡ ਤੋਂ ਦੂਰ ਜਾ ਕੇ ਮੈਨੂੰ ਦੋ ਸੋਟੇ ਸੰਤਾਂ ਨੇ ਮਾਰੇ ਤੇ ਕਹਿਣ ਲਗੇ ਕਿ ਤੂੰ ਝੂਠ ਬੋਲਦਾ ਏ? ਅਸਾਂ ਮਾਈ ਨੂੰ ਪੁਛਿਆ ਤੇ ਮਾਈ ਤੇ ਕੋਈ ਗੱਲ ਨਹੀ ਮੰਨਦੀ। ਮੈ ਸੰਤਾਂ ਅੱਗੇ ਹੱਥ ਜੋੜ ਕੇ ਅਰਜ ਕੀਤੀ ਕਿ ਮੇਰੇ ਨਾਲ ਮਾਈ ਨੇ ਗੱਲਾਂ ਤਾਂ ਬਹੁਤ ਕੀਤੀਆਂ ਹਨ ਪਰ ਮਰ ਗਏ ਤੇ ਮੁੱਕਰ ਗਏ ਦਾ ਕੋਈ ਇਲਾਜ ਨਹੀ ਹੈ ਜੀ।

ਅਗਲੇ ਦਿਨ ਸੰਤਾਂ ਹੁਕਮ ਕੀਤਾ ਕਿ ਤਿਆਰ ਹੋਵੋ ਕਿਸੇ ਹੋਰ ਨਗਰ ਚਲੀਏ। ਅਸੀ ਸਾਰਾ ਜਥਾ ਇਸ ਨਗਰ ਤੋਂ ਤੁਰ ਪਏ ਨਗਰ ਦੇ ਸਭ ਲੋਕ ਇੱਕੱਠੇ ਹੋ ਗਏ। ਸਭਨੇ ਫਤਹਿ ਬੁਲਾਈ ਤੇ ਤੁਰ ਪਏ। ਚਲਦੇ ਚਲਦੇ ਸਾਂਗਲੇ ਸ਼ਹਿਰ ਦੇ ਲਾਗੇ ਇੱਕ ਪਿੰਡ ਸੀ 'ਗਿੱਲ'। ਰਾਤ ਨੂੰ ਇਸ ਪਿੰਡ ਆ ਗਏ ਇੱਕੇ ਅੱਠ ਦਿਨ ਰਹੇ ਇਸ ਤੋਂ ਕੋਈ ਤਿੰਨ ਕੁ ਮੀਲ ਦੇ ਫਾਸਲੇ ਤੇ ਕਿਸ਼ਨਗੜ੍ਹ ਨਗਰ ਸੀ ਇਹ ਨਗਰ ਇੱਕਲੇ ਸ੍ਰ: ਆਤਮਾ ਸਿੰਘ ਰਾਵਲ ਪਿੰਡੀ ਵਾਲੇ ਦਾ ਸੀ। ਇਹ ੩੦੦ ਮੁਰੱਬੇ ਦਾ ਮਾਲਕ ਸੀ ਸ੍ਰ: ਆਤਮਾਂ ਸਿੰਘ। ਸ੍ਰ: ਬਹਾਦਰ ਬੂਟਾ ਸਿੰਘ ਜੀ ਦਾ ਸਪੁੱਤਰ ਸੀ। ਇਸ ਸ੍ਰਦਾਰ ਨੂੰ ਅੰਗਰੇਜਾਂ ਦੇ ਵਕਤ ਵਿੱਚ ਸਭ ਤੋਂ ਪਹਿਲਾਂ ਸਰ ਦਾ ਖਿਤਾਬ ਤੇ ਸਰਦਾਰ ਸਾਹਿਬ ਦਾ ਖਿਤਾਬ ਤੇ ਰਾਏ ਸਾਹਿਬ ਦਾ ਖਿਤਾਬ ਇਸ ਸਰਦਾਰ ਬੂਟਾ ਸਿੰਘ ਨੂੰ ਮਿਲਿਆ

ਸੀ। ਇਹ ਰਾਵਲ ਪਿੰਡੀ ਸ਼ਹਿਰ ਦੇ ਰਹਿਣ ਵਾਲੇ ਸਨ, ਵੱਡੇ ਰਈਸ ਸਨ। ਇਹ ਸਰਦਾਰ ਆਤਮਾਂ ਸਿੰਘ ਜੀ ਆ ਕੇ ਸਾਡੇ ਸਾਰੇ ਜਥੇ ਨੂੰ ਆਪਣੇ ਚੱਕ ਕਿਸ਼ਨ ਗੜ੍ਹ ਲੈ ਗਏ। ਇਸ ਨਗਰ ਜਾ ਕੇ ਅਸੀ ਲੰਗਰ ਪਾਣੀ ਕੀਤਾ ਤੇ ਬਾਅਦ ਵਿੱਚ ਸਰਦਾਰ ਨੇ ਸੰਤਾਂ ਪਾਸ ਅਰਜ਼ ਕੀਤੀ ਕਿ "ਸੰਤ ਜੀ, ਮੈ ਇੱਕੋ ਲਗਾਤਾਰ ੧੦ ਅਖੰਡ ਪਾਠ ਕਰਾਉਣੇ ਹਨ ਜੀ।" ਸੰਤਾਂ ਨੇ ਮਨਜ਼ੂਰ ਕਰ ਲਏ। ਪਾਠ ਅਰੰਭ ਕੀਤੇ, ਸਾਡੇ ਜਥੇ ਦੀ ਰੋਜ ਦੀ ਖੁਰਾਕ, ਤਿੰਨ ਸੇਰ ਘਿਉ ਦੇਸੀ ਲੰਗਰ ਵਾਸਤੇ, ਤਿੰਨ ਸੇਰ ਬਾਦਾਮ, ਅੱਧ ਸੇ ਰ ਖਸਖਾਸ ਤੇ ਮਗਜ ਤੇ ਕਾਲੀ ਮਿਰਚ ਤੇ ਖੰਡ ਵਗੈਰਾ ਇਹ ਸਾਡੀ ਦੋ ਵਕਤ ਦੀ ਸ਼ਰਦਾਈ ੧੫ ਸੇਰ ਦੁੱਧ ਅੱਠੀਂ ਪਹਿਰੀ ਛਕਦੇ ਸੀ। ਅਸੀ ਇੱਥੇ ਇੱਕ ਮਹੀਨਾਂ ਰਹੇ । ਤੇ ਇੱਥੇ ਇਸ ਨਗਰ ਵਿੱਚ ਸਰਦਾਰ ਜੀ ਨੇ ਰੋਜ ਮੇਰੀ ਕੁਸ਼ਤੀ ਵੇਖਣੀ ਪਰ ਕੁਦਰਤੀ ਘੁਲਦੇ ਹੋਏ ਇੱਕ ਦਿਨ ਮੇਰੀ ਸੱਜੀ ਬਾਂਹ ਟੁੱਟ ਗਈ। ਸਰਦਾਰ ਆਤਮਾਂ ਸਿੰਘ ਜੀ ਨੇ ਉਸੇ ਵੇਲੇ ਬਾਜੀਗਰ ਬੁਲਾ ਕੇ ਮੇਰੀ ਬਾਂਹ ਠੀਕ ਕਰਵਾ ਕੇ ਬੰਨਵਾਈ। ਪਾਠ ਹੁੰਦੇ ਰਹੇ ਤੇ ਅਖੀਰਲੇ ਪਾਠ ਵਾਲੇ ਦਿਨ ਭੈਣੀ ਸਾਹਿਬ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਏ ਤੇ ਉਹਨਾਂ ਦੇ ਦਰਸ਼ਨਾਂ ਨੂੰ ੨੦-੨੦ ਕੋਹਾਂ ਤੋ ਸੰਗਤਾਂ ਆਈਆਂ ਬੁੱਟਰ ਪਿੰਡ ਜਿਥੇ ਕਿ ਮੈ ਕਿਹਾ ਸੀ ਮੇਰੀ ਸ਼ਾਦੀ ਹੋਣੀ ਚਾਹੀਦੀ ਹੈ ਉਸ ਪਿੰਡ ਦੇ ਆਮ ਸਿੱਖ ਵੀ ਸੱਚੇ ਪਾਤਸ਼ਾਹ ਦੇ ਦਰਸ਼ਨਾਂ ਨੂੰ ਆਏ। ਉਹਨਾਂ ਵਿੱਚ ਬਾਬਾ ਜੁਵੰ ਸਿੰਘ ਵੀ ਸੀ ਜਿਹਨਾਂ ਦੇ ਘਰ ਸਾਡਾ ਡੇਰਾ ਸੀ।. ਜਿੰਨਾਂ ਦੀ ਲੜਕੀ ਦਾ ਸਾਕ ਸੰਤਾਂ ਮੇਰੇ ਲਈ ਮੰਗਿਆ ਸੀ। ਉਸ ਬਾਬੇ ਨੇ ਆ ਕੇ ਸੰਤਾਂ ਨੂੰ ਮੱਥਾ ਟੇਕਿਆ ਤੇ ਸੰਤਾਂ ਪਾਸ ਮੰਜੇ ਤੇ ਮੈਂ ਵੀ ਬੈਠਾ ਸਾਂ ਤੇ ਬਾਬਾ ਜੀ ਨੇ ਮੇਰੀ ਬਾਂਹ ਗੱਲ ਵਿੱਚ ਪਈ ਵੇਖਕੇ ਸੰਤਾਂ ਨੂੰ ਪੁਛਿਆ, "ਸੰਤ ਜੀ, ਅਮਰ ਸਿੰਘ ਦੀ ਬਾਂਹ ਨੂੰ ਕੀ ਹੋਇਆ ਹੈ।" ਸੰਤਾਂ ਕਿਹਾ, "ਬਾਬਾ ਜੀ, ਪਰਸੋਂ ਘੁਲਦੇ ਘੁਲਦੇ ਦੀ ਬਾਂਹ ਉੱਤਰ ਗਈ ਹੈ। ਬਾਜੀਗਰ ਨੇ ਠੀਕ ਕਰਕੇ ਬਾਂਹ ਬੰਨ ਦਿੱਤੀ ਹੈ। ਹੁਣ ਠੀਕ ਹੈ ਕੋਈ ਫਿਕਰ ਵਾਲੀ ਗੱਲ ਨਹੀਂ।" ਫਿਰ ਬਾਬਾ ਜੁਵੰ ਸਿੰਘ ਨੇ ਹੱਥ ਜੋੜ ਕੇ ਆਖਿਆ ਕਿ, "ਸੰਤ ਜੀ, ਸਾਡੇ ਘਰ ਦਿਆਂ ਨੇ ਫੈਸਲਾ ਕੀਤਾ ਹੈ ਕਿ ਛੋਟੀ ਲੜਕੀ ਦਾ ਰਿਸ਼ਤਾ ਅਮਰ ਸਿੰਘ ਨੂੰ ਕਰ ਦੇਈਏ ਜੀ।" ਸੰਤਾਂ ਆਖਿਆ ਕਿ ਬਾਬਾ ਜੀ ਬੜੀ ਖੁਸ਼ੀ ਦੀ ਗੱਲ ਹੈ।" ਬਾਬਾ ਜੀ ਨੇ ਸੰਤਾਂ ਨੂੰ ਕਿਹਾ, "ਅਸੀ ਅਮਰ ਸਿੰਘ ਦਾ ਪਿੰਡ, ਬਰਾਦਰੀ ਤੇ ਚਾਚੇ ਤਾਏ ਵੇਖਣੇ ਹਨ।" ਸੰਤਾਂ ਨੇ ਮੈਨੂੰ ਹੁਕਮ ਕੀਤਾ ਕਿ ਬਾਬਾ ਜੀ ਨੂੰ ਆਪਣਾਂ ਪਿੰਡ ਤੇ ਬਰਾਦਰੀ ਵਿਖਾ ਕੇ ਲਿਆਵਾਂ। ਮੈ ਸੰਤਾਂ ਦਾ ਹੁਕਮ ਮੰਨ ਕੇ ਬਾਬਾ ਜੀ ਦੇ ਨਾਲ ਚਲ ਪਿਆ। ਅਸੀ ਦੋਵੇ ਚਲਕੇ ਸਾਂਗਲੇ ਸ਼ਹਿਰ ਦੇ ਸਟੇਸ਼ਨ ਤੇ ਆਏ। ਦਿਨ ਦੇ ੧੨ ਵਜੇ ਗੱਡੀ ਚੜ੍ਹੇ ਰਾਤ ਦੇ ੧੨ ਵਜੇ ਗੱਡੀ ਅੰਮ੍ਰਿਤਸਰ ਪਹੁੰਚੀ। ਅੰਮ੍ਰਿਤਸਰ ਵਿੱਚ ਸਾਡੀ ਨਾਨੀ ਦਾ ਮਕਾਨ ਸੀ ਕਟੜਾ

ਰਾਮਗੜ੍ਹੀਆ, ਗਲੀ ਵਧਾਊ ਵਾਲੀ। ਸਾਡੇ ਇਸ ਮਕਾਨ ਵਿੱਚ ਕਿਰਾਏਦਾਰ ਰਹਿੰਦੇ ਸਨ। ਮੈ ਰਾਤ ਹੀ ਬਾਬਾ ਜੀ ਨੂੰ ਨਾਲ ਲੈ ਕੇ ਉਸ ਘਰ ਚਲਾ ਗਿਆ ਜਾ ਕੇ ਕਿਰਾਏ ਦਾਰਾਂ ਨੂੰ ਜਗਾ ਕੇ, ਦੋ ਮੰਜੇ ਲੈ ਕੇ ਸੌ ਗਏ ਤੇ ਦਿਨ ਚੜ੍ਹੇ ਵੇਰਕੇ ਚਲੇ ਗਏ। ਟਾਂਗੇ ਤੇ ਬੈਠਕੇ। ਅਸੀ ਘਰ ਗਏ ਮੇਰੇ ਚਾਚੇ ਨੇ ਫਤਹਿ ਬੁਲਾਈ, ਛੋਟੇ ਚਾਚੇ ਨੇ ਪ੍ਰਸਾਦਾ ਛਕਾਇਆ ਗੱਲਾਂ ਬਾਤਾਂ ਸ਼ੁਰੂ ਹੋਈਆਂ। ਮੈ ਅਪਣੇ ਚਾਚਿਆਂ ਨੂੰ ਦਸਿਆ ਕਿ ਇਹ ਬਾਬਾ ਜੀ ਮੈਨੂੰ ਅਪਣੀ ਲੜਕੀ ਦਾ ਰਿਸ਼ਤਾ ਕਰਨਾਂ ਚਾਹੁੰਦੇ ਹਨ। ਇਹ ਗੱਲ ਸੁਣਕੇ ਮੇਰੇ ਵੱਡੇ ਚਾਚੇ ਫੂਲਾ ਸਿੰਘ ਨੇ ਬਾਬਾ ਜੀ ਨੂੰ ਆਖਿਆ, "ਸਰਦਾਰ ਜੀ ਤੁਹਾਡੀ ਕਿਉਂ ਮੱਤ ਮਾਰੀ ਗਈ ਹੈ ਤੁਸੀ ਮੁੰਡੇ ਨੂੰ ਸਾਕ ਕਰਨ ਲਗੇ ਹੋ? ਨਾ ਇਸਦਾ ਕੋਈ ਘਰ ਨਾ ਘਾਟ, ਛੋਟੇ ਹੁੰਦੇ ਦਾ ਪਿਉ ਮਰ ਗਿਆ ਸੀ ਤੇ ਇਹ ਸਾਧਾਂ ਨਾਲ ਚਲਾ ਗਿਆ। ਆਪ ਕਮਾਈ ਕਰ ਨਹੀਂ ਸਕਦਾ। ਤੇਰੀ ਕੁੜੀ ਨੂੰ ਕਿਥੇ ਖਵਾਊ। ਤੁਸੀ ਹੋਸ਼ ਕਰੋ ਤੇ ਇਸਨੂੰ ਰਿਸ਼ਤਾ ਨਾ ਕਰੋ ਨਹੀ ਤੇ ਪਛਤਾਉਗੇ।" ਇਹ ਗੱਲ ਸੁਣ ਕੇ ਬਾਬੇ ਨੇ ਆਖਿਆ, "ਚੰਗਾ ਸਰਦਾਰ ਜੀ ਮੈ ਇਸਨੂੰ ਰਿਸ਼ਤਾ ਨਹੀ ਕਰਦਾ।" ਫਿਰ ਮੈ ਤੇ ਬਾਬਾ ਜੀ ਦੋਵੇਂ ਅੰਮ੍ਰਿਤਸਰ ਆ ਗਏ ਮੈਨੂੰ ਬਾਬਾ ਜੀ ਨੇ ਚਾਚੇ ਦੀਆਂ ਸਾਰੀਆਂ ਗੱਲਾਂ ਦੱਸੀਆਂ, ਮੈ ਸੁਣ ਕੇ ਚੁੱਪ ਕਰ ਰਿਹਾ। ਮੈਨੂੰ ਬਾਬਾ ਜੀ ਨੇ ਕਿਹਾ ਕਿ ਮੈ ਹੁਣ ਜਾ ਰਿਹਾ ਹਾਂ ਤੂੰ ਸੰਤਾਂ ਨੂੰ ਮੇਰਾ ਸੁਨੇਹਾ ਦੇ ਦੇਵੀ ਕਿ ਬਾਬਾ ਜੀ ਕਹਿੰਦੇ ਸਨ ਕਿ ਅਸੀ ਫਿਰ ਲਾਇਲ ਪੁਰ ਦੇ ਇਲਾਕੇ ਵਿੱਚ ਮਿਲਾਂਗੇ ਤੇ ਸਾਰੀ ਗਲਬਾਤ ਮਿਲਕੇ ਕਰਾਂਗੇ।" ਮੈ ਕਿਹਾ, "ਬਹੁਤ ਅੱਛਾ ਜੀ।" ਬਾਬਾ ਜੀ ਅੰਮ੍ਰਿਤਸਰੋਂ ਗੱਡੀ ਬੈਠ ਗਏ ਤੇ ਲਾਹੌਰ ਤੋ ਅੱਗੇ, ਕਿਲਾ ਸਤਾਰ ਸ਼ਾਹ ਦਾ ਸਟੇਸ਼ਨ ਸੀ ਉਥੋਂ ਉੱਤਰ ਕੇ ਪਿੰਡੀ ਦਾਸ ਨਗਰ ਵਿੱਚ ਬਾਬਾ ਜੀ ਦੀ ਵੱਡੀ ਲੜਕੀ ਕਰਤਾਰ ਕੌਰ ਵਿਆਹੀ ਹੋਈ ਸੀ। ਉਸਦਾ ਛੇ ਸਾਲ ਦਾ ਪੁੱਤਰ ਗੁਜਰ ਗਿਆ ਸੀ ਇਸ ਲਈ ਬਾਬਾ ਜੀ ਨੇ ਪਿੰਡੀ ਦਾਸ ਜਾਣਾਂ ਸੀ। ਬਾਬਾ ਜੀ ਦੇ ਘਰੋਂ ਮਾਈ ਅੱਗੇ ਪਿੰਡੀ ਦਾਸ ਗਈ ਹੋਈ ਸੀ। ਤੇ ਬਾਬਾ ਜੀ ਵੀ ਉਥੇ ਹੀ ਚਲੇ ਗਏ। ਮੈ ਰਾਤ ਦੇ ਨੌ ਵਜੇ ਅੰਮ੍ਰਿਤਸਰ ਤੋ ਗੱਡੀ ਬੈਠ ਕੇ ਲਾਇਲ ਪੁਰ ਨੂੰ ਚਲ ਪਿਆ। ਟਿਕਟ ਮੈ ਲਾਇਲ ਪੁਰ ਦੀ ਲਈ ਸੀ ਪਰ ਰਾਤ ਦੇ ਤਿੰਨ ਵਜੇ ਗੱਡੀ ਮੋਸਨ ਦੇ ਸਟੇਸ਼ਨ ਤੇ ਪਹੁੰਚੀ ਤੇ ਮੈ ਇੱਥੇ ਹੀ ਉੱਤਰ ਗਿਆ। ਇਸ ਸਟੇਸ਼ਨ ਤੋਂ ਤਿੰਨ ਮੀਲ ਦੇ ਫਾਸਲੇ ਤੇ ਬਾਬਾ ਜੀ ਦਾ ਪਿੰਡ ਸੀ। ਦਿਨ ਮਾਘ ਦੇ ਸਨ ਪਰ ਸਰਦੀ ਬੜੀ ਪੈ ਰਹੀ ਹੈ। ਮੈ ਰਾਤ ਰਾਤ ਬਾਬਾ ਜੀ ਦੇ ਘਰ ਚਲਾ ਗਿਆ। ਜਾ ਕੇ ਸ੍ਰ: ਗੁਰਦਿੱਤ ਸਿੰਘ ਨੂੰ ਆਵਾਜ ਮਾਰੀ ਇਹ ਬਾਬਾ ਜੀ ਦਾ ਸਭ ਤੋਂ ਵੱਡਾ ਪੁੱਤਰ ਸੀ। ਉਸਨੇ ਦਰਵਾਜਾ ਖੋਹਲਿਆ ਤੇ ਸਤਿ ਸ੍ਰੀ ਅਕਾਲ ਬੁਲਾਈ ਤੇ ਮੈਨੂੰ ਉਸਨੇ ਅਪਣੇ ਬਿਸਤਰੇ ਤੇ ਬਿਠਾ ਦਿੱਤਾ ਤੇ ਕਹਿਣ ਲਗਾ ਕਿ ਤੂੰ ਸੌਂ ਜਾ ਮੈ ਇਸ਼ਨਾਨ ਕਰਕੇ ਆਉਂਦਾ ਹਾਂ ਮੈ ਉਸਦੇ

ਬਿਸਤਰੇ ਤੇ ਸੌ ਗਿਆ। ਸ੍ਰ: ਗੁਰਦਿੱਤ ਸਿੰਘ ਦਾ ਛੋਟਾ ਭਰਾ ਸੋਹਣ ਸਿੰਘ ਤੇ ਇਸਦੀ ਭੈਣ ਪਰੀਤੋ ਤੇ ਇਹਨਾਂ ਦਾ ਮਾਮਾਂ ਸ੍ਰ: ਨਰੈਣ ਸਿੰਘ ਇਹ ਤਿੰਨੇ ਦੂਸਰੇ ਕਮਰੇ ਵਿੱਚ ਸੁੱਤੇ ਸਨ। ਦਿਨ ਚੜ੍ਹੇ ਮਾਮਾਂ ਜੀ ਵੀ ਖੂਹ ਤੇ ਨਹਾਉਣ ਚਲੇ ਗਏ। ਸੋਹਣ ਸਿੰਘ ਤੇ ਪਰੀਤੋ ਘਰ ਰਹੇ ਦਿਨ ਚੜ੍ਹੇ ਪਰੀਤੋ ਨੇ ਦੁੱਧ ਰਿੜਕਣਾਂ ਸ਼ੁਰੂ ਕੀਤਾ ਤੇ ਨਾਲ ਦੇ ਗੁਵਾਂਢੀਆਂ ਦੀ ਕੁੜੀ ਜਿਸਦਾ ਨਾਮ ਗੁਰੋ ਸੀ ਉਹ ਇਹਨਾਂ ਦੇ ਘਰ ਆਈ ਤੇ ਮੈ ਅੱਜੇ ਸੁੱਤਾ ਪਿਆ ਸਾਂ ਤੇ ਮੇਰਾ ਮੂੰਹ ਰਜਾਈ ਵਿੱਚ ਢੱਕਿਆ ਸੀ। ਗੁਰੋ ਨੇ ਪਰੀਤੋ ਨੂੰ ਪੁਛਿਆ, "ਇਹ ਕੌਣ ਸੁੱਤਾ ਹੈ।" ਪਰੀਤੋ ਨੇ ਕਿਹਾ, "ਵੱਡਾ ਭਾਜੀ ਸੁੱਤਾ ਹੈ।" ਤੇ ਗੁਰੋ ਕਹਿਣ ਲਗੀ, "ਤੂੰ ਝੂਠ ਬੋਲਦੀ ਹੈਂ ਇਹ ਤੇ ਸੰਤਾਂ ਦਾ ਚੇਲਾ ਅਮਰ ਸਿੰਘ ਸੁੱਤਾ ਹੈ।" ਇਹ ਦੋਵੇ ਆਪਸ ਵਿੱਚ ਗੱਲਾਂ ਕਰਨ ਤੇ ਮੈ ਮਚਲਾ ਹੋ ਕੇ ਗੱਲਾਂ ਸੁਣਦਾ ਰਿਹਾ। ਲਾਗਲਾ ਘਰ ਪਟਵਾਰੀ ਦਾ ਸੀ। ਉਸਦੀਆਂ ਦੋ ਲੜਕੀਆਂ ਸਨ। ਇੱਕ ਦਾ ਨਾਮ ਸਮਿਤਰੀ ਤੇ ਦੂਜੀ ਦਾ ਰਾਧੇ ਸੀ, ਤੇ ਗੁਰੋ ਇਹਨਾਂ ਦੋਹਾਂ ਨੂੰ ਸਦ ਲਿਆਈ ਤੇ ਪੁੱਛਣ ਲਗੀ ਕਿ ਤੁਸੀ ਦਸੋ ਖਾਂ ਨੀ ਭਲਾ ਪਛਾਣ ਕਰਕੇ ਇਹ ਗੁਰਗਾਬੀ ਕਿਸੀ ਦੀ ਹੈ। ਤੇ ਕੌਣ ਸੁੱਤਾ ਹੈ?" ਉਹਨਾਂ ਦੋਹਾਂ ਭੈਣਾ ਨੇ ਆਖਿਆ ਕਿ, "ਇਹ ਗੁਰਗਾਬੀ ਤੇ ਸੰਤਾਂ ਦੇ ਚੇਲੇ ਦੀ ਹੈ ਤੇ ਸੁੱਤਾ ਵੀ ਉਹੋ ਹੀ ਹੈ।" ਪਰੀਤੋ ਨੇ ਆਖਿਆ, "ਨਹੀ, ਮੇਰਾ ਵੱਡਾ ਵੀਰ ਸੁੱਤਾ ਹੈ।" ਪਰੀਤੋ ਵੀ ਸੱਚੀ ਸੀ ਉਸਨੂੰ ਮੇਰੇ ਆਏ ਦਾ ਪਤਾ ਹੀ ਨਹੀ ਸੀ ਤੇ ਇਸ ਮੰਜੇ ਤੇ ਰੋਜ ਉਸਦਾ ਭਰਾ ਸੌਂਦਾ ਸੀ। ਆਖਿਰ ਗੁਰੋ ਨੇ ਮੇਰਾ ਨਾਮ ਲੈ ਕੇ ਅਵਾਜਾਂ ਮਾਰੀਆਂ ਮੈ ਚੁੱਪ ਕਰਕੇ ਦੜ੍ਹ ਵੱਟ ਛੱਡੀ, ਬੋਲਿਆ ਨਾ, ਅੱਖਾ ਮੀਟ ਛੱਡੀਆਂ ਜਾਣ ਕੇ, ਆਖਰ ਗੁਰੋ ਨੇ ਉੱਠਕੇ ਮੇਰੇ ਮੂੰਹ ਤੋ ਕਪੜਾ ਲਾਹ ਦਿੱਤਾ ਤੇ ਮੈਨੂੰ ਹਿਲਾ ਕੇ ਕਹਿਣ ਲਗੀ ਬੜੀ ਨੀਂਦ ਆਈ ਏ? ਮੈ ਉੱਠ ਕੇ ਬੈਠ ਗਿਆ ਤੇ ਪਰੀਤੋ ਭੱਜ ਕੇ ਅੰਦਰ ਵੱੜ ਗਈ। ਉਸਨੂੰ ਪਤਾ ਸੀ ਕਿ ਉਸਦੇ ਮਾਤਾ ਪਿਤਾ ਮੇਰਾ ਰਿਸ਼ਤਾ ਮੈਨੂੰ ਰਿਸ਼ਤਾ ਕਰਨਾ ਚਾਹੁੰਦੇ ਹਨ ਤੇ ਦੂਜੀਆ ਕੁੜੀਆਂ ਪੰਜ ਛੇ ਮੈਨੂੰ ਮਖੌਲ ਕਰਨ ਲਗ ਪਈਆਂ ਮੈ ਚੁੱਪ ਕਰ ਰਿਹਾ ਤੇ ਇੰਨੇ ਚਿਰ ਨੂੰ ਮਾਮਾਂ ਨਰੈਣ ਸਿੰਘ ਜੀ ਬਾਹਰੋਂ ਆ ਗਏ ਤੇ ਕੁੜੀਆਂ ਆਪੋ ਆਪਣੇ ਘਰਾਂ ਨੂੰ ਚਲੀਆਂ ਗਈਆਂ ਤੇ ਮੈਨੂੰ ਮਾਮੇ ਨੇ ਆਖਿਆ ਚਲ ਤੇਰਾ ਇਸ਼ਨਾਨ ਕਰਾਵਾਂ। ਮੈ ਉਸਦੇ ਨਾਲ ਖੂਹ ਤੇ ਗਿਆ ਤੇ ਉਸਨੇ ਮੇਰਾ ਇਸ਼ਨਾਨ ਕਰਾਇਆ ਤੇ ਮੇਰਾ ਕਛਿਹਰਾ ਵੀ ਧੋਤਾ ਕਿਉਕਿ ਮੇਰੀ ਬਾਂਹ ਦੁਖਦੀ ਸੀ। ਸੂਰਜ ਕਾਫੀ ਉੱਚਾ ਨਿਕਲ ਆਇਆ ਸੀ। ਨੌ ਦਸ ਦਾ ਵਕਤ ਹੋਵੇਗਾ ਮੈ ਇਸ਼ਨਾਨ ਕਰਕੇ ਅੱਜੇ ਖੂਹ ਤੇ ਸਾਂ ਤੇ ਉਧਰੋਂ ਇੰਦਰ ਪਹਿਲਵਾਨ ਆਪਣੇ ਘਰੋਂ ਆ ਗਿਆ। ਉਹ ਮੈਨੂੰ ਆਪਣੇ ਘਰ ਲੈ ਗਿਆ ਇਹ ਉਹ ਪਹਿਲਵਾਨ ਸੀ ਜਿਸਨੂੰ ਮੈਂ ਪਹਿਲੇ ਦਿਨ ਦੋਹਾਂ ਭਰਾਵਾਂ ਨੂੰ ਢਾਹਿਆ ਸੀ। ਮੈ ਇਸਦੇ ਘਰੋਂ ਰੋਟੀ ਖਾਧੀ ਤੇ ਹੋਰ ਕਈ ਸੱਜਣ ਪਿੰਡ

ਦੇ ਮਿਲੇ। ਮੈ ਇੱਥੋਂ ਹੀ ਚਲਕੇ ਮੋਸਨ ਦੇ ਸਟੇਸ਼ਨ ਤੇ ਆ ਗਿਆ ਤੇ ਬਾਰਾਂ ਵਜੇ ਗੱਡੀ ਆਈ ਤੇ ਇਸ ਗੱਡੀ ਵਿੱਚੋਂ ਬਾਬਾ ਜੁਵੰ ਸਿੰਘ ਜੀ ਉੱਤਰੇ ਤੇ ਮੈਨੂੰ ਮਿਲੇ ਉਹਨਾਂ ਮੈਨੂੰ ਪੁਛਿਆ ਕਿ ਤੂੰ ਕਿਥੋਂ ਆਇਆ ਹੈ ਤੇ ਮੈ ਆਖਿਆ ਮੈ ਤੁਹਾਡੇ ਪਿੰਡੋਂ ਆਇਆ ਹਾਂ। ਏਨੇ ਚਿਰ ਨੂੰ ਗੱਡੀ ਚਲ ਪਈ ਤੇ ਮੈ ਛੇਤੀ ਨਾਲ ਗੱਡੀ ਚੜ੍ਹ ਕੇ ਲਾਇਲਪੁਰ ਚਾਰ ਵਜੇ ਦਿਨ ਦੇ ਪਹੁੰਚ ਗਿਆ ਤੇ ਟਾਂਗੇ ਵਿੱਚ ਬੈਠ ਕੇ ਗੁਰ ਨਾਨਕ ਪੁਰ ਮਹੱਲੇ ਨਾਮਧਾਰੀ ਗੁਰਦਵਾਰੇ ਪਹੁੰਚ ਕੇ ਸੰਤਾਂ ਨੂੰ ਜਾ ਮੱਥਾ ਟੇਕਿਆ ਤੇ ਸੰਤਾਂ ਨੇ ਮੈਨੂੰ ਪੁਛਿਆ ਕਿ ਸੁਣਾਂ ਕੋਈ ਗੱਲ, ਬਾਬੇ ਨੇ ਕੀ ਆਖਿਆ ਹੈ। ਮੈ ਅਰਜ ਕੀਤੀ ਕਿ ਬਾਬੇ ਨੇ ਕਿਹਾ ਸੀ ਕਿ ਸੰਤਾਂ ਨੂੰ ਆਖੀਂ ਜੇ ਸਾਡੀ ਸਲਾਹ ਬਣੀ ਤਾਂ ਅਸੀ ਫਿਰ ਸੰਤਾਂ ਨੂੰ ਲੱਭ ਲਵਾਂਗੇ ਤੇ ਸਾਡੇ ਕੋਲ ਸਾਡੇ ਜਥੇ ਦਾ ਮਹੰਤ ਬੈਠਾ ਸੀ, ਗੱਲਾਂ ਸੁਣ ਰਿਹਾ ਸੀ। ਮਹੰਤ ਨੇ ਸੰਤਾਂ ਨੂੰ ਆਖਿਆ ਕਿ ਸੰਤ ਜੀ ਤੁਸੀ ਸਵੇਰ ਦੀ ਗੱਡੀ ਬੈਠ ਕੇ ਆਪ ਜਾਉ ਤੇ ਬਾਬਾ ਜੀ ਨੂੰ ਜਾ ਕੇ ਮਿਲੋ ਤੇ ਜੋਰ ਲਾ ਕੇ ਮੁੰਡਾ ਵਿਆਹ ਲਵੋ। ਸੰਤ ਸਵੇਰੇ ਉੱਠਕੇ ਅਗਲੇ ਦਿਨ ਸੱਤ ਵਜੇ ਦੀ ਗੱਡੀ ਬੈਠਕੇ ਮੋਮਨ ਜਾ ਉੱਤਰੇ ਨਾਲ ਇੱਕ ਸਿੱਖ ਨੂੰ ਲੈ ਗਏ। ਜਦ ਸੰਤ ਬਾਬਾ ਜੁਵੰ ਸਿੰਘ ਦੇ ਘਰ ਗਏ ਤੇ ਜਾ ਕੇ ਬੈਠ ਗਏ ਤੇ ਬਾਬਾ ਤੇ ਮਾਈ ਮੂੰਹ ਸਿੱਧਾ ਨਾ ਕਰਨ। ਸੰਤਾਂ ਨੇ ਆਖਿਆ ਬਾਬਾ ਜੀ ਕੀ ਕਾਰਨ ਹੈ ਤੁਸੀ ਕੋਈ ਗੱਲ ਤੇ ਕਰੋ। ਮਾਈ ਤੇ ਬਾਬਾ ਜੀ ਨੇ ਆਖਿਆ, "ਸੰਤ ਜੀ, ਗੱਲ ਕੀ ਕਰਨੀ ਹੈ ਅਸਾਂ ਹੁਣ ਰਿਸ਼ਤਾ ਨਹੀ ਕਰਨਾਂ।" ਸੰਤਾਂ ਪੁਛਿਆ, "ਕੀ ਵਜਾਹ ਹੈ? ਸਾਨੂੰ ਦਸੋ।" ਬਾਬੇ ਨੇ ਕਿਹਾ, "ਸੰਤ ਜੀ ਤੁਹਾਡਾ ਚੇਲਾ ਬਦਮਾਸ਼ ਹੈ, ਸੰਤਾਂ ਨੇ ਆਖਿਆ ਕੀ ਬਦਮਾਸ਼ੀ ਕੀਤੀ ਹੈ ਸਾਨੂੰ ਦਸੋ।" ਬਾਬੇ ਨੇ ਦਸਿਆ ਕਿ ਅਸੀ ਤੇ ਘਰ ਨਹੀ ਸਾਂ, ਅਮਰ ਸਿੰਘ ਸਾਡੇ ਘਰ ਆਇਆ ਤੇ ਛੇ ਸੱਤ ਪਿੰਡ ਦੀਆਂ ਕੁੜੀਆਂ ਨੂੰ ਲੈ ਕੇ ਤੁਰ ਗਿਆ ਸੀ ਪਰ ਨਰੈਣ ਸਿੰਘ ਨੇ ਵੇਖ ਲਿਆ ਤੇ ਅਮਰ ਸਿੰਘ ਭੱਜ ਗਿਆ ਤੇ ਕੁੜੀਆਂ ਨੂੰ ਨਰੈਣ ਸਿੰਘ ਵਾਪਿਸ ਲੈ ਆਇਆ।" ਤੇ ਸੰਤਾਂ ਨੇ ਕਿਹਾ, "ਬਾਬਾ ਜੀ ਪਿੰਡ ਦੇ ਕਈ ਬੰਦੇ ਸਾਨੂੰ ਮਿਲੇ ਹਨ ਕਿਸੇ ਬੰਦੇ ਨੇ ਇਹ ਗੱਲ ਨਹੀ ਦੱਸੀ।" ਬਾਬਾ ਕਹਿਣ ਲਗਾ, ਇਸ ਗੱਲ ਦਾ ਪਤਾ ਸਿਰਫ ਇੱਕੱਲੇ ਨਰੈਣ ਸਿੰਘ ਨੂੰ ਹੀ ਹੈ।" ਸੰਤਾਂ ਕਿਹਾ, "ਸਾਡੇ ਮੰਨਣ ਵਿੱਚ ਇਹ ਗੱਲ ਨਹੀ ਆਉਂਦੀ।"

ਸੰਤਾਂ ਨੇ ਉਸੇ ਵੇਲੇ ਕੁਝ ਬੰਦੇ ਪਿੰਡ ਦੇ ਮੁਹਤਬਰ ਇੱਕੱਠੇ ਕੀਤੇ ਤੇ ਪੁੱਛਿਆ ਕਿ ਏਥੇ ਅਮਰ ਸਿੰਘ ਆਇਆ ਸੀ? ਪਹਿਲਵਾਨ ਇੰਦਰ ਸਿੰਘ ਨੇ ਆਖਿਆ ਕਿ ਆਇਆ ਸੀ ਮੇਰੇ ਘਰ ਰਿਹਾ ਸੀ ਤੇ ਮੈਂ ਰੋਟੀ ਖਵਾਈ ਸੀ ਤੇ ਮੈਨੂੰ ਮਿਲਕੇ ੧੨ ਵਜੇ ਦੀ ਗੱਡੀ ਲਾਇਲਪੁਰ ਨੂੰ ਚਲਾ ਗਿਆ ਸੀ। ਮੈ ਉਸਨੂੰ ਕਾਫੀ ਦੂਰ ਤਕ ਤੋਰਨ ਗਿਆਂ ਸੀ।" ਨਗਰ ਦੀਆਂ ਇਹ ਗੱਲਾਂ ਸੁਣਕੇ ਸੰਤ ਚਾਰ ਵਜੇ ਦੀ ਗੱਡੀ ਚੜ੍ਹ ਕੇ

ਸੱਤ ਵਜੇ ਲਾਇਲ ਪੁਰ ਪੁੱਜ ਗਏ। ਮੈਨੂੰ ਅਪਣਾਂ ਡਰ ਸੀ ਕਿ ਅੱਜ ਮੈਨੂੰ ਸੰਤਾਂ ਨੇ ਮਾਰਨਾਂ ਹੈ ਕਿ ਤੂੰ ਉਸ ਪਿੰਡ ਕਿਉ ਗਿਆ। ਮੈ ਡਰਦਾ ਮਾਰਾ ਕਿਸੇ ਸਾਧ ਨੂੰ ਪਤਾ ਨਾ ਲੱਗਣ ਦਿੱਤਾ ਤੇ ਸੰਤਾਂ ਦੇ ਮੰਜੇ ਹੇਠਾਂ ਵੜ ਕੇ ਕੰਬਲ ਲੈ ਕੇ ਲੰਮਾਂ ਪੈ ਰਿਹਾ। ਸੰਤ ਆਏ ਹਨੇਰਾ ਬੜਾ ਸੀ ਦੋ ਘੰਟੇ ਦਿਨ ਛਿਪੇ ਨੂੰ ਹੋ ਗਏ ਸਨ। ਸਾਢੇ ਪੰਜ ਵਜੇ ਦਿਨ ਛੁਪਦਾ ਸੀ।

ਸੰਤ ਆ ਗਏ ਤੇ ਸਾਧਾਂ ਨੇ ਮੱਥਾ ਟੇਕਿਆ ਪਰ ਸੰਤਾਂ ਨੂੰ ਮੇਰੇ ਤੇ ਗੁੱਸਾ ਬਹੁਤ ਸੀ। ਸੰਤ ਆਪਣੇ ਮੰਜੇ ਤੇ ਆ ਕੇ ਬੈਠ ਗਏ ਤੇ ਸੰਤਾਂ ਨੇ ਪੁਛਿਆ "ਅਮਰ ਸਿੰਘ ਕਿੱਥੇ ਹੈ।" ਸਾਧਾਂ ਨੇ ਕਿਹਾ, "ਥੋੜਾ ਚਿਰ ਹੋਇਆ ਹੈ ਗੜਵਾ ਪਾਣੀ ਦਾ ਲੈ ਕੇ ਜੰਗਲ ਗਿਆ ਹੈ ਜੀ।" ਕਾਫੀ ਚਿਰ ਉਡੀਕਦੇ ਰਹੇ। ਮਹੰਤ ਨੇ ਅਰਜ ਕੀਤੀ, "ਸੰਤ ਜੀ, ਜਿੱਥੇ ਗਏ ਸੋ, ਕੀ ਕਰ ਆਏ ਹੋ।" ਸੰਤਾਂ ਨੇ ਕਿਹਾ, "ਅਮਰ ਸਿੰਘ ਨੇ ਸਾਨੂੰ ਆ ਕੇ ਇਹ ਨਹੀ ਦਸਿਆ ਕਿ ਉਹ ਬੁਟਰੀ ਵੀ ਗਿਆ ਸੀ। ਉਸਦੇ ਉਥੇ ਜਾਣ ਕਰਕੇ ਬਹੁਤ ਕੰਮ ਵਿਗੜ ਗਿਆ ਹੈ। ਅੱਜ ਅਸੀ ਅਮਰ ਸਿੰਘ ਦੀ ਲੱਤ ਵੱਢ ਦੇਣੀ ਹੈ, ਤੁਸੀ ਲੱਭੋ ਉਹ ਕਿਥੇ ਗਿਆ ਹੈ।" ਮਹੰਤ ਨੇ ਕਿਹਾ, "ਉਸ ਨੇ ਉਥੇ ਜਾ ਕੇ ਕੋਈ ਗਲਤੀ ਕੀਤੀ ਹੈ।" ਸੰਤਾਂ ਕਿਹਾ, "ਨਰੈਣ ਸਿੰਘ ਨੇ ਕਿਹਾ ਹੈ ਕਿ ਅਮਰ ਸਿੰਘ ਛੇ -ਸੱਤ ਕੁੜੀਆਂ ਕੱਢ ਕੇ ਲੈ ਗਿਆ ਸੀ ਤੇ ਉਸਨੇ ਕੁੜੀਆਂ ਨੂੰ ਛੁਡਾਇਆ ਤੇ ਅਮਰ ਸਿੰਘ ਭੱਜ ਗਿਆ। ਪਰ ਜਦੋਂ ਅਸਾਂ ਇਹ ਗੱਲ ਸੁਣਕੇ ਪਿੰਡ ਦੇ ਲੋਕ ਇੱਕੱਠੇ ਕਰਕੇ ਪੁਛਿਆ ਕਿ ਅਮਰ ਸਿੰਘ ਏਥੇ ਆਇਆ ਸੀ?, ਤੇ ਪਹਿਲਵਾਨ ਇੰਦਰ ਸਿੰਘ ਨੇ ਦਸਿਆ ਕਿ "ਅਮਰ ਸਿੰਘ ਮੇਰੇ ਪਾਸ ਆਇਆ ਸੀ ਤੇ ਮੈਨੂੰ ਮਿਲ ਕੇ ਰੋਟੀ ਖਾ ਕੇ ਸਟੇਸ਼ਨ ਤਕ ਮੈ ਉਸਦੇ ਨਾਲ ਇੱਕ ਮੀਲ ਗਿਆ ਸਾਂ। ਉਹ ਸਟੇਸ਼ਨ ਨੂੰ ਚਲਾ ਗਿਆ ਤੇ ਮੈ ਵਾਪਿਸ ਆ ਗਿਆ।" ਇਹ ਗੱਲ ਸੁਣਕੇ ਮਹੰਤ ਬੋਲਿਆ, "ਫਿਰ ਤੇ ਨਰੈਣ ਸਿੰਘ ਝੂਠ ਬੋਲਦਾ ਹੈ, ਪਰ ਅਮਰ ਸਿੰਘ ਨੇ ਉੱਥੇ ਜਾ ਕੇ ਗਲਤੀ ਕੀਤੀ ਹੈ, ਜਾਣਾਂ ਨਹੀ ਸੀ ਚਾਹੀਦਾ, ਪਰ ਜੇ ਉਸਨੇ ਉਥੇ ਜਾ ਕੇ ਕੋਈ ਗਲਤੀ ਨਹੀ ਕੀਤੀ ਤੇ ਕੋਈ ਗੱਲ ਨਹੀ। ਸੰਤ ਕਹਿਣ ਲਗੇ "ਗਿਆ ਹੀ ਕਿਉਂ, ਕੀ ਕੰਮ ਸੀ ਇਹਨੂੰ, ਉਥੇ ਜਾਣਾਂ ਨਹੀ ਸੀ ਚਾਹੀਦਾ।" ਮਹੰਤ ਨੇ ਆਖਿਆ, "ਬੇਸਮਝ ਹੈ, ਮੂਰਖਪੁਣਾਂ ਕੀਤਾ ਹੈ।" ਸੰਤਾਂ ਕਿਹਾ, "ਮੂਰਖਪੁਣੇ ਦੀ ਸਜਾ ਹੁਣ ਦੇਣੀ ਹੈ ਕਿ ਲੱਤ ਵੱਢਣੀ ਹੈ ਤੇ ਸਾਧਾਂ ਆਖਿਆ, "ਮਹਾਰਾਜ ਖਿਮਾ ਕਰ ਦਿਓ।" ਮੈਂ ਸਭ ਗੱਲਾਂ ਸੁਣਦਾ ਰਿਹਾ ਤੇ ਦੜ ਵੱਟੀ ਪਿਆ ਰਿਹਾ। ਸਾਧ ਮੈਨੂੰ ਲਭਦੇ ਰਹੇ ਮੈ ਨਾ ਲੱਭਾ। ਸੰਤ ਕਹਿਣ ਲਗੇ, "ਕਿਧਰ ਚਲਾ ਗਿਆ ਹੈ ਪਤਾ ਕਰੋ ਕਿਤੇ ਭੱਜ ਹੀ ਨਾ ਜਾਏ।" ਇਸੇ ਤਰ੍ਹਾਂ ਗੱਲਾਂ ਕਰਦਿਆਂ ਰਾਤ ਦੇ ੧੨ ਵੱਜ ਗਏ। ਮੇਰੇ ਨਾਲ ਸਾਧਾਂ ਦਾ ਪਿਆਰ ਬਹੁਤ ਸੀ। ਚੈਨ ਸਿੰਘ ਰੋਣ ਲਗ ਪਿਆ

ਹੋਰ ਵੀ ਤਿੰਨ ਚਾਰ ਸਾਧ ਰੋਣ ਲਗ ਪਏ ਤੇ ਸੰਤਾਂ ਦਾ ਗੁੱਸਾ ਦੂਰ ਹੋ ਗਿਆ ਤੇ ਆਖਰ ਸੰਤਾਂ ਨੇ ਆਖਿਆ, ''ਮਸਾਂ ਮੁੰਡਾ ਪਾਲਿਆ ਸੀ, ਪਤਾ ਨਹੀ ਕਿਧਰ ਚਲਾ ਗਿਆ ਹੈ, ਅਸਾਂ ਉਸਨੂੰ ਕੀ ਆਖਣਾਂ ਸੀ ਉਸਤੋਂ ਬਿਨਾਂ ਤੇ ਸਾਰੇ ਸਾਧ ਹੀ ਨਿਕੰਮੇ ਹਨ।'' ਏਨੀ ਗੱਲ ਕਰਕੇ ਸੰਤ ਵੀ ਰੋ ਪਏ, ਸਾਧ ਵੀ ਸਾਰੇ ਰੋਈ ਜਾਣ ਫਿਰ ਕੁਝ ਸੌਂ ਗਏ। ਸੰਤ ਅੱਜੇ ਜਾਗਦੇ ਸਨ ਮੈ ਸੋਚਿਆ ਕਿ ਗੁੱਸਾ ਹੁਣ ਢਲ੍ਹ ਗਿਆ ਹੈ। ਮੈਂ ਸਹਿਜੇ ਸਹਿਜੇ ਮੰਜੇ ਹੇਠੋਂ ਨਿਕਲ ਕੇ ਤੇ ਸੰਤਾਂ ਦੀ ਰਜਾਈ ਚੁੱਕ ਕੇ ਵਿੱਚ ਵੜ ਗਿਆ ਤੇ ਸੰਤਾਂ ਨੂੰ ਜੱਫੀ ਪਾ ਲਈ। ਸਾਧ ਸਾਰੇ ਜਾਗ ਪਏ ਤੇ ਪੁੱਛਣ ਲਗੇ ਤੂੰ ਕਿਥੇ ਗਿਆ ਸੈਂ।'' ਮੈ ਦੱਸਿਆ ਕਿ ਮੈ ਸੰਤਾਂ ਦੇ ਮੰਜੇ ਦੇ ਹੇਠ ਸਾਂ ਮੈ ਸੰਤਾਂ ਨੂੰ ਜੱਫੀ ਪਾ ਛੱਡੀ, ਉੱਠਣ ਨਾ ਦਿਆਂ, ਮੈ ਜੋਰੋਂ ਤਗੜਾ ਸਾਂ ਸੰਤ ਗੁੱਸੇ ਹੁੰਦੇ ਰਹੇ ਪਰ ਮੈ ਮਾਰ ਤੋ ਬਚ ਗਿਆ। ਸੰਤਾਂ ਮੈਨੂੰ ਪੁਛਿਆ; ''ਤੂੰ ਉਥੇ ਕੀ ਲੈਣ ਉਸ ਪਿੰਡ ਵਿੱਚ ਗਿਆ ਸੈਂ। ਮੈ ਆਖਿਆ, ''ਜੀਂ ਮੇਰੀ ਗਲਤੀ ਮੁਆਫ ਕਰ ਦਿਓ ਸੰਤ ਖੁਸ਼ ਹੋ ਗਏ।

# (੧੦) ਅਨੰਦ ਕਾਰਜ

ਲਾਇਲ ਪੁਰ ਤੋ ਸੁਬਾਹ ਸੰਤਾਂ ਨੇ ਹੁਕਮ ਕੀਤਾ ਕਿ ਗੋਜਰੇ ਦੇ ਤੇ ਜਜਕੋਟ ਵੱਲ ਦਾ ਦੌਰਾ ਕਰਨਾ ਹੈ। ਕਮਰ ਕੱਸੇ ਲਾ ਕੇ ਤਿਆਰ ਹੋ ਕੇ ਤੁਰ ਪਏ ਤੇ ਅੱਗੇ ਰਸਤੇ ਰਸਤੇ ਤੁਰੇ ਜਾਂਦੇ ਸਾਂ। ਕੋਲ ਇੱਕ ਨਗਰ ਲਾਇਲਪੁਰ ਤੋ ਬਾਰਾਂ ਮੀਲ ਤੇ ਸੀ ਜਿਸ ਦਾ ਨਾਮ ਰੰਗਾ ਸਿੰਘ ਵਾਲਾ ਕਰਕੇ ਬੁਲਾਉਂਦੇ ਸਨ। ਇਸ ਨਗਰ ਦੇ ਨਾਮਧਾਰੀਏ ਸਿੰਘਾਂ ਨੇ ਰੋਕ ਲਿਆ ਇਸ ਨਗਰ ਅੱਠ ਦਿਨ ਤਕ ਕੀਰਤਨ ਕਰਦੇ ਰਹੇ। ਇਸ ਤੋਂ ਅੱਗੇ ਗੋਜਰੇ ਦੇ ਇਲਾਕੇ ਵਿੱਚ ਇੱਕ ਬਹੁਤ ਵੱਡਾ ਪਿੰਡ ਸੀ, ਕੱਕੜ। ਕਕੜਾਂ ਦੇ ਸਿੱਖ ਸਾਨੂੰ ਆ ਕੇ ਰੰਗਾ ਸਿੰਘ ਵਾਲੇ ਚੱਕ ਤੋ ਕੱਕੜੀ ਲੈ ਗਏ ਮਹੀਨਾਂ ਫੱਗਣ ਦਾ ਕੱਕੜੀ ਜਾ ਕੇ ਚੜਿਆ ਤੇ ਲੋਕ ਬੜਾ ਪ੍ਰੇਮ ਕਰਨ ਇਸ ਨਗਰ ਸਾਨੂੰ ੧੨ ਦਿਨ ਹੋਏ ਸੀ ਆਇਆ ਨੂੰ ਤੇ ਇਸ ਨਗਰ ਇੱਕ ਥਾਣੇਦਾਰ ਸੀ ਜੋ ਛੁੱਟੀ ਆਇਆ ਹੋਇਆ ਸੀ। ਥਾਣੇਦਾਰ ਨੇ ਸੰਤਾਂ ਪਾਸ ਲੰਗਰ ਕਰਨ ਲਈ ਅਰਜ ਕੀਤੀ ਪਰ ਸੰਤਾਂ ਆਖਿਆ ਸਰਦਾਰ ਜੀ ਤੇਰਾ ਲੰਗਰ ਅਸਾਂ ਨਹੀ ਕਰਨਾਂ ਤੂੰ ਲੋਕਾਂ ਪਾਸੋ ਰਿਸ਼ਵਤ ਬਹੁਤ ਲੈਂਦਾ ਹੈ। ਸਾਡੀ ਸ਼ਰਤ ਮੰਨ ਲੈ ਵੱਢੀ ਖਾਣੀ ਲੋਕਾਂ ਪਾਸੋ ਬੰਦ ਕਰਦੇ ਤਾਂ ਤੇਰੇ ਘਰੋ ਪ੍ਰਸਾਦਾ ਛਕਾਂਗੇ ਉਸਨੇ ਆਖਿਆ, "ਜੀ ਮੈ ਰਿਸ਼ਵਤ ਬਿਲਕੁਲ ਨਹੀ ਲੈਂਦਾ ਤੁਹਾਨੂੰ ਕਿਸੇਨੇ ਗਲਤ ਆਖਿਆ ਹੈ।" ਸੰਤਾਂ ਨੂੰ ਥਾਣੇਦਾਰ ਦੀ ਘਰਵਾਲੀ ਨੇ ਦੱਸਿਆ ਸੀ ਕਿ ਸੰਤ ਜੀ ਇਹ ਬਹੁਤ ਜੁਲਮ ਕਰਦਾ ਹੈ ਸੱਚੇ ਕੋਲੋਂ ਵੀ ਤੇ ਝੂਠੇ ਕੋਲੋਂ ਵੀ ਰਿਸ਼ਵਤ ਲੈਂਦਾ ਹੈ, ਬੜਾ ਪਾਪ ਕਰਦਾ ਹੈ ਜੀ। ਸੰਤਾਂ ਕਿਹਾ ਅਸੀ ਇਸਦਾ ਲੰਗਰ ਨਹੀ ਕਰਨਾਂ। ਉਸਦੀ ਅੱਠ ਦਿਨ ਛੁੱਟੀ ਰਹਿੰਦੀ ਸੀ। ਰਾਤ ਨੂੰ ਦਿਵਾਨ ਵਿੱਚ ਥਾਣੇਦਾਰ ਨੇ ਸਭ ਸੰਗਤ ਵਿੱਚ ਫਿਰ ਲੰਗਰ ਦੀ ਅਰਜ ਕੀਤੀ। ਸੰਤਾਂ ਨੇ ਆਖਿਆ, "ਪਰਸੋਂ ਤੇਰੇ ਘਰ ਲੰਗਰ ਛਕਾਂਗੇ। ਅੱਜ ਸੰਤਾਂ ਨੇ ਇੱਕ ਬੈਠਕ ਵਿੱਚ ਵੜ੍ਹ ਕੇ ਅੰਦਰੋਂ ਕੁੰਡਾ ਮਾਰ ਲਿਆ। ਮੈ ਤੇ ਦਸ ਸਾਧ ਇਸ ਬੈਠਕ ਵਿੱਚ ਪਹਿਲਾਂ ਹੀ ਬੈਠੇ ਸਾਂ ਸੰਤਾਂ ਨੇ ਦਰਵਾਜੇ ਅੱਗੇ ਮੰਜਾਂ ਡਾਹ ਲਿਆ ਤੇ ਮਾਲਾ ਫੜ ਕੇ ਸਮਾਧੀ ਲਾ ਕੇ ਬੈਠ ਗਏ। ਕਹਿਣ ਲਗੇ ਅਸੀ ਥਾਣੇਦਾਰ ਦਾ ਭੋਜਨ

ਨਹੀਂ ਛਕਣਾਂ ਅਸੀ ਸੰਤਾਂ ਸੁਮੇਤ ੧੨ ਜਣੇ ਅੰਦਰ ਤੇ ੧੩ ਸਾਧ ਬਾਹਰ ਬੈਠੇ ਭਜਨ ਕਰਦੇ ਰਹੇ। ਰਾਤ ਨੂੰ ੨ ਵਜੇ ਉੱਠਕੇ ਇਸ਼ਨਾਨ ਕਰ ਲੈਣਾ ਤੇ ਫਿਰ ਅੰਦਰ ਕਮਰੇ ਵਿੱਚ ਬੈਠ ਜਾਣਾਂ ਤੇ ਲੋਕਾਂ ਨੇ ਇੱਕੱਠੇ ਹੋ ਕੇ ਅਰਜਾਂ ਕਰਨੀਆਂ ਕਿ ਸੰਤ ਬਾਹਰ ਨਿਕਲਕੇ ਦਰਸ਼ਨ ਦੇਣ। ਦਸ ਦਿਨ ਅੰਦਰ ਰਹੇ ਕੋਈ ਚੀਜ ਨਾ ਖਾਧੀ ਬਗੈਰ ਫੋਕੇ ਪਾਣੀ ਦੇ। ਇੱਕ ਦਿਨ ਲੋਕਾਂ ਨੇ ਦੱਸਿਆ ਕਿ ਥਾਣੇਦਾਰ ਚਲਾ ਗਿਆ ਹੈ ਸੰਤ ਚੁੱਪ ਕਰ ਰਹੇ ਬੋਲਣ ਨਾ ਲੋਕ ਬੜੇ ਤਰਲੇ ਕਰਨ। ਮੈਂ ਅਡੋਲ ਸੰਤਾਂ ਦੇ ਮੰਜੇ ਤੇ ਬੈਠ ਕੇ ਦਰਵਾਜੇ ਦਾ ਕੁੰਡਾ ਲਾਹ ਦਿੱਤਾ। ਸੰਗਤ ਅੰਦਰ ਆ ਕੇ ਸੰਤਾਂ ਦੇ ਚਰਨਾਂ ਤੇ ਮੱਥਾ ਟੇਕੀ ਜਾਵੇ ਆਖੀਰ ਸੰਤਾਂ ਨੇ ਬਾਹਰ ਬੈਠ ਕੇ ਲੋਕਾਂ ਨੂੰ ਦਰਸ਼ਨ ਦਿੱਤੇ ਇੱਕ ਸਿੱਖ ਨੇ ਅਰਜ਼ ਕੀਤੀ ਸੰਤ ਜੀ, ਲਾਂਗਰੀ ਘੱਲੋ ਲੰਗਰ ਤਿਆਰ ਕਰਨ ਵਾਸਤੇ ਸੰਤਾਂ ਨੇ ਹੁਕਮ ਕੀਤਾ, ਲਾਂਗਰੀ ਲੰਗਰ ਕਰਨ ਵਾਸਤੇ ਚਲੇ ਗਏ ਲੰਗਰ ਤਿਆਰ ਹੋ ਗਿਆ ਸਾਰੇ ਸਾਧਾਂ ਨੇ ਤੇ ਸੰਤਾਂ ਨੇ ਵੀ ਪਰਸਾਦਾ ਛਕਿਆ ਤੇ ਰਾਤ ਨੂੰ ਕੀਰਤਨ ਕੀਤਾ ਫੱਗਣ ਦੀ ਪੁੰਨਿਆ ਨੇੜੇ ਸੀ। ਹੋਲੀਆਂ ਸ਼ੁਰੂ ਸੀ ਇਸ ਸਾਲ ਨਾਮਧਾਰੀਆਂ ਦਾ ਹੋਲੇ ਦਾ ਮੇਲਾ ਸੀ ਫਗਵਾੜੇ ਦੇ ਇਲਾਕੇ ਵਿੱਚ ਸੰਧਵ ਕਲਾਂ ਪਿੰਡ ਸੀ। ਇਸ ਪਿੰਡ ਵਿੱਚ ਹੋਲੇ ਦਾ ਮੇਲਾ ਸੀ। ਕੁਲ ਨਾਮਧਾਰੀਏ ਹੋਲੇ ਦੇ ਮੇਲੇ ਤੇ ਇੱਕੱਠੇ ਹੁੰਦੇ ਹਨ। ਜਿਲ੍ਹਾ ਲੁਧਿਆਣੇ ਵਿੱਚ। ਭੈਣੀ ਸਾਹਿਬ ਬੜਾ ਭਾਰੀ ਗੁਰਦੁਵਾਰਾ ਹੈ ਇੱਥੋ ਸਤਿਜੁਗ ਅਖਬਾਰ ਨਿਕਲਦਾ ਹੁੰਦਾ ਸੀ। ਅੱਜ ਅਖਬਾਰ ਕੱਕੜੀ ਪਹੁੰਚੀ ਤੇ ਸੰਤਾਂ ਨੇ ਅਖਬਾਰ ਪੜ੍ਹੀ ਤੇ ਲਿਖਿਆ ਸੀ ਕਿ ਇਸ ਸਾਲ ਹੋਲਾ ਮਹੱਲਾ ਪਿੰਡ ਸੰਧਵਾਂ ਕਲਾਂ ਵਿੱਚ ਬੜੇ ਜੋਰ ਸ਼ੋਰ ਨਾਲ ਮਨਾਇਆ ਜਾ ਰਿਹਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਹੈ ਕਿ ਕੁਲ ਨਾਮਧਾਰੀ ਹੋਲੇ ਤੇ ਪੁੱਜਣ ਤੇ ਸੰਤਾਂ ਨੇ ਨਗਰ ਦੇ ਸਿੱਖਾਂ ਨੂੰ ਕਿਹਾ ਕਿ ਚਲੋ ਹੋਲੇ ਤੇ ਚਲੋ, ਅਸੀ ਜਾ ਰਹੇ ਹਾਂ। ਨਗਰ ਦੇ ੨੦ ਕੁ ਸਿੰਘ ਤੇ ੫ ਮਾਈਆਂ ਸਾਡੇ ਨਾਲ ਹੋਲਾ ਮੇਲਾ ਵੇਖਣ ਚਲ ਪਏ ਜਥੇ ਸੁਮੇਤ ੫੦ ਸਵਾਰੀਆਂ ਹੋ ਗਈਆਂ ਸਨ। ਜਦੋ ਲਾਇਲਪੁਰ ਸਟੇਸ਼ਨ ਤੇ ਪਹੁੰਚੇ ਤਾਂ ਸੰਤਾਂ ਹੁਕਮ ਕੀਤਾ ਕਿ ਸਭ ਗੱਡੀ ਚੜ੍ਹ ਜਾਓ। ਸੰਤਾਂ ਕਿਹਾ ਸਾਜ ਵਜਾਉ ਤੇ ਸਬਦ ਪੜ੍ਹੋ ਤੇ ਤੁਰੇ ਚਲੋ। ਜਦ ਸਾਜ ਵਜੇ ਸ਼ਬਦ ਸ਼ੁਰੂ ਹੋਏ ਭੀੜ ਵੀ ਬਹੁਤ ਸੀ। ਟਿਕਟਾਂ ਚੈਕ ਕਰਨ ਵਾਲੇ ਦੀ ਕੋਈ ਪੇਸ਼ ਨਾ ਗਈ ਕੁਝ ਸੰਗਤਾਂ ਦੂਜੀ ਗੱਡੀ ਚੜ੍ਹ ਗਈਆਂ। ਸਵੇਰੇ ਚਾਰ ਵਜੇ ਗੱਡੀ ਫਗਵਾੜੇ ਸਟੇਸ਼ਨ ਤੇ ਪਹੁੰਚੀ। ਸਭ ਸੰਗਤਾਂ ਉੱਤਰ ਗਈਆਂ ਸਾਜ ਵਜਾਉਂਦੇ ਤੇ ਸ਼ਬਦ ਪੜ੍ਹਦੇ ਪੜ੍ਹਦੇ ਅਸੀ ਸੰਗਤ ਸਮੇਤ ਬਾਹਰ ਨਿਕਲ ਗਏ ਫਗਵਾੜੇ ਦੇ ਪਲੇਟਫਾਰਮ ਤੇ। ਸੰਧਵਾਂ ਪਿੰਡ ਪੰਜ ਛੇ ਮੀਲ ਸੀ। ਅਸੀ ਤੁਰਦੇ ਤੁਰਦੇ ਸੰਧਵੀ ਪੁੱਜੇ। ਨਿੱਕੀ ਨਿੱਕੀ ਬਾਰਸ਼ ਵੀ ਹੋ ਰਹੀ ਸੀ ਤੇ ਸੰਤਾਂ ਨੇ ਹੁਕਮ ਕੀਤਾ ਕਿ ਅਮਰ ਸਿੰਘ ਢੋਲਕੀ ਵਜਾਵੇ ਤੇ ਮੈ ਬਚਨ ਮੰਨ ਕੇ ਢੋਲਕੀ ਕੱਸ ਕੇ ਗੱਲ ਵਿੱਚ ਪਾ

ਲਈ ਤੇ ਸਾਧਾਂ ਨੇ ਛੈਣੇ ਫੜੇ ਤੇ ਜੈਕਾਰਾ ਬੁਲਾਇਆ ਤੇ ਸਾਜ ਵਜਣੇ ਸ਼ੁਰੂ ਹੋ ਗਏ। ਸੰਤਾਂ ਨੇ ਸ਼ਬਦ ਸ਼ੁਰੂ ਕਰ ਦਿੱਤਾ। ਸਾਡੇ ਜਥੇ ਦੀ ਨਾਮਧਾਰੀਆਂ ਵਿੱਚ ਤੇ ਆਮ ਲੋਕਾਂ ਵਿੱਚ ਬੜੀ ਮਸ਼ਹੂਰੀ ਸੀ। ਮੇਰਾ ਰੀਕਾਰਡ ਸੀ ਢੋਲਕ ਵਜਾਉਣ ਦਾ। ਜਦ ਤੁਰੇ ਜਾਂਦਿਆ ਸ਼ਬਦ ਪੜ੍ਹਨੇ ਤੇ ਮੈ ਢੋਲਕੀ ਵਜਾਉਣੀ ਤੇ ਸੰਤਾਂ ਨੇ ਦੌੜ ਕੇ, ਛਾਲ ਮਾਰ ਕੇ ਇੱਕ ਪੈਰ ਢੋਲਕੀ ਤੇ ਧਰ ਕੇ ਦੂਜਾ ਪੈਰ ਮੋਢੇ ਤੇ ਰੱਖ ਲੈਣਾਂ ਤੇ ਢੋਲਕ ਉਸੇ ਤਾਰੇ ਵਜਾਈ ਜਾਣੀ ਤੇ ਸੰਤਾਂ ਨੇ ਉਪਰ ਖੜੇ ਰਹਿਣਾਂ। ਇਹ ਨਜਾਰਾ ਸੰਧਵਾਂ ਵਿੱਚ ਬਣਿਆ ਤੇ ਅੱਜੋਂ ਮੇਰੇ ਗੱਲ ਕੁੜਤਾ ਵੀ ਕੋਈ ਨਾ, ਗੱਲੋਂ ਨੰਗਾ ਤੇ ਪੈਰਾਂ ਤੋਂ ਵੀ ਨੰਗਾ ਸਿਰ ਤੇ ਡੇਢ ਗਜ ਦਾ ਖੱਦਰ ਦਾ ਪਰਨਾ ਤੇ ਤੇੜ ਕਛਿਹਰਾ। ਇਸੇ ਹਾਲਤ ਵਿੱਚ ਮੈਂ ਢੋਲਕੀ ਵਜਾ ਰਿਹਾ ਸਾਂ। ਕੁਦਰਤ ਐਸੀ ਬਣੀ ਕਿ ਜਿਹੜੇ ਮੈਨੂੰ ਰਿਸ਼ਤਾ ਕਰਦੇ ਸਨ ਬਾਬਾ ਜੁਵੰ ਸਿੰਘ ਜੀ, ਇਹ ਬਾਬਾ ਤੇ ਇਸਦਾ ਵੱਡਾ ਜੁਵਾਈ ਹਰਨਾਮ ਸਿੰਘ ਤੇ ਇਸਦੀ ਘਰਵਾਲੀ ਬਾਬੇ ਦੀ ਵੱਡੀ ਲੜਕੀ ਕਰਤਾਰੋ, ਇਹ ਸੰਧਵੀ ਆਏ ਹੋਏ ਸਨ, ਸਿਰਫ ਮੈਨੂੰ ਵੇਖਣ ਕਿ ਕਿਹੜਾ ਅਮਰ ਸਿੰਘ ਹੈ ਜਿਸਨੂੰ ਸਾਡੇ ਮਾਤਾ ਪਿਤਾ ਰਿਸ਼ਤਾ ਕਰ ਰਹੇ ਹਨ। ਇਹਨਾਂ ਨੇ ਮੈਨੂੰ ਢੋਲਕੀ ਵਜਾਉਂਦੇ ਨੂੰ ਵੇਖਿਆ ਤੇ ਸਾਡੇ ਨਾਲ ਨਾਲ ਹੀ ਤੁਰੇ ਗਏ। ਸਾਡਾ ਡੇਰਾ ਸੰਧਵਾਂ ਦੇ ਸਿੱਖਾਂ ਨੇ ਇੱਕ ਮਕਾਨ ਵਿੱਚ ਲਵਾ ਦਿੱਤਾ ਤੇ ਅਸੀ ਇਸ ਮਕਾਨ ਵਿੱਚ ਬੈਠ ਗਏ ਜਲ ਪਾਣੀ ਛਕਿਆ ਤੇ ਰਾਤ ਪੈ ਗਈ।

ਅਗੱਲੇ ਦਿਨ ਮੈਂ ਸੰਤਾਂ ਪਾਸ ਬੈਠਾ ਸਾਂ ਕਿ ਇੱਕ ਸਿੱਖ ਮੱਲ ਸਿੰਘ ਨੇ ਸੰਤਾਂ ਨੂੰ ਆ ਕੇ ਮੱਥਾ ਟੇਕਿਆ ਤੇ ਕੋਲ ਬੈਠ ਗਿਆ ਤੇ ਮੇਰੇ ਵਲ ਵੇਖਕੇ ਕਹਿਣ ਲਗਾ, "ਸੰਤ ਜੀ ਅਮਰ ਸਿੰਘ ਨੰਗਾ ਬੈਠਾ ਹੈ ਕੀ ਕਾਰਨ ਇਸਦਾ ਕੁੜਤਾ ਕੋਈ ਨਹੀਂ ਹੈ, ਗਲ ਪਾਉਣ ਵਾਸਤੇ?" ਸੰਤਾਂ ਨੇ ਉੱਤਰ ਦਿੱਤਾ, "ਮੱਲ ਸਿੰਘ ਜੀ, ਫਕੀਰਾਂ ਨੂੰ ਜੇ ਕੋਈ ਚੀਜ਼ ਮਿਲ ਗਈ ਤੇ ਵਰਤ ਲਈ ਨਹੀਂ ਤੇ ਰੱਬ ਹਾਲੀ ਇਸਦਾ ਕੋਈ ਕੁੜਤਾ ਨਹੀ ਹੈ।" ਮੱਲ ਸਿੰਘ ਮੈਨੂੰ ਬਾਹੋਂ ਪਕੜ ਕੇ ਕਹਿਣ ਲਗਾ, "ਸੰਤ ਜੀ, ਅਮਰ ਸਿੰਘ ਨੂੰ ਮੇਰੇ ਨਾਲ ਭੇਜੋ ਮੈਂ ਇਸਨੂੰ ਕੁੜਤਾ ਦਿੰਦਾ ਹਾਂ, ਨੰਗਾ ਬੁਰਾ ਲਗਦਾ ਹੈ।" ਸੰਤਾਂ ਮੈਨੂੰ ਕਿਹਾ, "ਮੱਲ ਸਿੰਘ ਦੇ ਨਾਲ ਜਾਹ।" ਮੈਂ ਸਤਿ ਬਚਨ ਕਹਿ ਕੇ ਮੱਲ ਸਿੰਘ ਦੇ ਨਾਲ ਉਸਦੇ ਡੇਰੇ ਚਲਾ ਗਿਆ। ਉਸਦੀ ਸਿੱਖਣੀ ਵੀ ਉਸਦੇ ਨਾਲ ਆਈ ਹੋਈ ਸੀ ਹੋਲਾ ਵੇਖਣ ਵਾਸਤੇ। ਇਹ ਮੱਲ ਸਿੰਘ ਰਿਆਸਤ ਪਟਿਆਲੇ ਵਿੱਚ ਰਹਿੰਦਾ ਸੀ। ਇਸਨੇ ਅਪਣੀ ਸਿੱਖਣੀ ਨੂੰ ਆਖਿਆ ਕਿ ਅਮਰ ਸਿੰਘ ਨੂੰ ਕਪੜੇ ਦੇਹ। ਉਸਨੇ ਮੈਨੂੰ ਕੁੜਤਾ, ਪਜਾਮਾਂ, ਪੱਗ ਤੇ ਪਰ੍ਹਨਾ ਮੋਢਿਆ ਤੇ ਰੱਖਣ ਵਾਸਤੇ ਸਭ ਕਪੜੇ ਨਵੇਂ ਸੂਟਕੇਸ ਵਿੱਚੋਂ ਕੱਢ ਕੇ ਦਿੱਤੇ। ਮੈਂ ਕਪੜੇ ਪਾ ਲਏ ਉਸ ਦੀ ਘਰਦੀ ਨੇ ਕਿਹਾ, "ਸਰਦਾਰ ਜੀ, ਇਹ ਤੇ ਪੈਰੋਂ ਵੀ ਨੰਗਾ ਹੈ ਇਸ ਨੂੰ ਜੁੱਤੀ ਵੀ ਲੈ ਦਿਓ ਜੀ।" ਮੱਲ ਸਿੰਘ ਨੇ ਪੈਰੀ ਜੁੱਤੀ

ਨਵੀ ਸੀ ਤਿੱਲੇ ਵਾਲੀ। ਉਸਨੇ ਉਹੋ ਜੁੱਤੀ ਮੈਨੂੰ ਦੇ ਦਿੱਤੀ। ਮੈ ਕਿਹਾ, "ਮੈਂ ਇਹ ਜੁੱਤੀ ਨਹੀ ਪਾਉਣੀ ਤੁਸੀ ਕੀ ਪਾਉਗੇ।" ਪਰ ਉਸਨੇ ਮੇਰੀ ਇੱਕ ਨਾ ਮੰਨੀ ਤੇ ਜੁੱਤੀ ਮੇਰੇ ਪੈਰੀ ਪੁਵਾ ਦਿੱਤੀ। ਤੇ ਕਿਹਾ, ਹੁਣ ਤੂੰ ਫੱਬ ਗਿਆ ਏਂ। ਮੈ ਫਿਰ ਸੰਤਾਂ ਵਲ ਤੁਰ ਪਿਆ ਤੇ ਅੱਗੇ ਗੱਲੀ ਦੇ ਵਿੱਚ ਤੁਰੇ ਜਾਂਦੇ ਨੂੰ ਸ: ਹਰਨਾਮ ਸਿੰਘ ਤੇ ਉਸਦੇ ਘਰ ਦੀ ਕਰਤਾਰ ਕੌਰ ਮੈਨੂੰ ਦੋਵੇਂ ਗੱਲੀ ਵਿੱਚ ਮਿਲੇ ਤੇ ਇਹਨਾਂ ਦੋਹਾਂ ਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਮੈ ਵੀ ਉੱਤਰ ਦਿੱਤਾ ਤੇ ਮੈਂ ਫਿਰ ਤੁਰ ਪਿਆ। ਕਰਤਾਰ ਕੌਰ ਨੇ ਹਰਨਾਮ ਸਿੰਘ ਨੂੰ ਪੁਛਿਆ ਕਿ ਇਹ ਉਹ ਅਮਰ ਸਿੰਘ ਹੈ ਜਿਹੜਾ ਕਲ ਨੰਗਾ ਢੋਲਕੀ ਵਜਾਉਂਦਾ ਸੀ। ਉਸਨੇ ਕਿਹਾ, "ਇਹੋ ਹੀ ਹੈ।" ਇਹਨਾਂ ਨੇ ਮੈਨੂੰ ਆਵਾਜ ਮਾਰੀ ਤੇ ਮੈਂ ਖੜਾ ਹੋ ਗਿਆ ਤੇ ਇਹਨਾਂ ਨੇ ਮੈਨੂੰ ਆਖਿਆ ਕਿ ਅਸਾਂ ਤੇਰੇ ਨਾਲ ਇੱਕ ਗੱਲ ਕਰਨੀ ਹੈ ਤੂੰ ਸਾਡੇ ਨਾਲ ਸਾਡੇ ਡੇਰੇ ਆ। ਮੈਂ ਇਹਨਾਂ ਦੇ ਨਾਲ ਇੱਕ ਚੁਬਾਰੇ ਵਿੱਚ ਚਲਾ ਗਿਆ। ਤੇ ਅਸੀ ਤਿੰਨੇ ਜਣੇ ਬੈਠ ਗਏ ਤੇ ਕਰਤਾਰ ਕੌਰ ਕਹਿਣ ਲਗੀ ਕਿ ਤੂੰ ਮੈਨੂੰ ਨਹੀ ਪਛਾਣਿਆ? ਮੈ ਆਖਿਆ, "ਮੈਨੂੰ ਨਹੀਂ ਪਤਾ ਤੁਸੀ ਕੌਣ ਹੋ ਤੇ ਕਰਤਾਰ ਕੌਰ ਨੇ ਆਖਿਆ, "ਮੈਂ ਪਰੀਤੋ ਦੀ ਭੈਣ ਹਾਂ ਪਿੰਡੀ ਦਾਸ ਮੇਰੇ ਸਹੁਰੇ ਹਨ ਤੇ ਮੇਰੇ ਪੇਕੇ ਬੁਟਰੀਂ ਹਨ ਤੇਈ ਚੱਕ ਵਿੱਚ ਤੇ ਮੈ ਮਿਸਤਰੀ ਜੁਵੈ ਸਿੰਘ ਦੀ ਲੜਕੀ ਹਾਂ, ਮੈ ਸਿਰਫ ਤੈਨੂੰ ਵੇਖਣ ਆਈ ਹਾਂ ਤੇ ਅਸਾਂ ਤੈਨੂੰ ਰਿਸ਼ਤਾ ਕਰਨਾਂ ਹੈ, ਪਰ ਤੂੰ ਦੱਸ ਜੇ ਤੈਨੂੰ ਰਿਸ਼ਤਾ ਕਰ ਦੇਈਏ ਤੇ ਫਿਰ ਤੂੰ ਅਪਣੇ ਘਰ ਚਲਾ ਜਾਏਂਗਾ ਸੰਤਾਂ ਨੂੰ ਛੱਡ ਕੇ।" ਮੈਂ ਉੱਤਰ ਦਿੱਤਾ, "ਜੈਸਾ ਸਮਾਂ ਬਣੇਗਾ ਤੈਸਾ ਹੀ ਕੰਮ ਕਰਾਂਗਾ।" ਉਹ ਕਹਿਣ ਲਗੀ, "ਤੂੰ ਸੰਤਾਂ ਨੂੰ ਹੁਣੇ ਹੀ ਛੱਡ ਕੇ ਅਪਣੇ ਘਰ ਜਾ ਕੇ ਕੰਮ ਸਿੱਖ ਅਸਾਂ ਤੈਨੂੰ ਰਿਸ਼ਤਾ ਜਰੂਰ ਕਰ ਦੇਣਾਂ ਹੈ।" ਮੈ ਫਿਰ ਉੱਤਰ ਦਿੱਤਾ, ਕਿ ਤੁਹਾਡੇ ਇਸ ਤਰ੍ਹਾਂ ਕਹਿਣ ਤੇ ਸੰਤਾਂ ਨੂੰ ਨਹੀ ਛੱਡਾਂਗਾ, ਜਿਨਾਂ ਚਿਰ ਮੇਰੀ ਸ਼ਾਦੀ ਨਹੀ ਹੋਵੇਗੀ। ਮੈਂ ਸੰਤਾਂ ਕੋਲੋਂ ਵੀ ਚਲਾ ਜਾਵਾਂ ਤੁਸੀ ਰਿਸ਼ਤਾ ਵੀ ਨਾ ਕਰੋ, ਫਿਰ ਮੈਂ ਕਿਸੇ ਪਾਸੇ ਜੋਗਾ ਵੀ ਨਾ ਰਿਹਾ। ਜਦੋ ਮੇਰੀ ਸ਼ਾਦੀ ਹੋ ਜਾਏਗੀ ਮੈ ਆਖਣ ਤੋਂ ਬਿਨਾਂ ਹੀ ਘਰ ਚਲਾ ਜਾਵਾਂਗਾ ਤੇ ਅਪਣੇ ਵੱਡੇ ਭਰਾ ਜੀ ਤੋਂ ਕੰਮ ਸਿੱਖ ਲਵਾਂਗਾ ਤੇ ਅਪਣੀ ਦਸਾਂ ਨਹੁੰਆਂ ਦੀ ਕਮਾਈ ਕਰਕੇ ਗੁਜਾਰਾ ਕਰਾਂਗਾ।" ਮੇਰੀ ਇਹ ਗੱਲ ਸੁਣ ਕੇ ਹਰਨਾਮ ਸਿੰਘ ਤੇ ਕਰਤਾਰ ਕੌਰ ਕਹਿਣ ਲਗੇ, "ਤੂੰ ਕੋਈ ਫਿਕਰ ਨਾ ਕਰ ਤੂੰ ਅੱਜ ਤੋਂ ਸਮਝ ਕਿ ਤੈਨੂੰ ਮੈ ਅਪਣੀ ਭੈਣ ਪਰੀਤੋ ਦਾ ਰਿਸ਼ਤਾ ਕਰ ਦਿੱਤਾ, ਸਿਰਫ ਇੰਨੀ ਦੇਰੀ ਸੀ ਕਿ ਮੈਂ ਤੈਨੂੰ ਅੱਜੇ ਤਕ ਵੇਖਿਆ ਨਹੀ ਸੀ, ਹੁਣ ਅਸੀ ਬੁਟਰੀ ਜਾ ਕੇ ਮਾਤਾ ਜੀ ਤੇ ਪਿਤਾ ਜੀ ਨਾਲ ਗੱਲ ਬਾਤ ਕਰਕੇ ਤੇ ਦਿਨ ਮੁਕੱਰਰ ਕਰਕੇ ਤੇਰਾ ਵਿਆਹ ਕਰ ਦਿਆਂਗੇ। ਇਹ ਸਾਰੀ ਗੱਲ ਮੈ ਸੰਤਾਂ ਨੂੰ ਜਾਕੇ ਦੱਸੀ ਸੰਤਾਂ ਨੇ ਉਸੇ ਵੇਲੇ ਹਰਨਾਮ ਸਿੰਘ ਤੇ ਕਰਤਾਰ ਕੌਰ ਤੇ ਉਹਨਾਂ

ਦੇ ਪਿਤਾ ਬਾਬਾ ਜੁਵੰ ਸਿੰਘ ਪਾਸ ਇੱਕ ਸਿੱਖ ਨੂੰ ਘੱਲ ਕੇ ਬੁਲਾ ਲਿਆ ਤੇ ਸੰਤਾਂ ਨੇ ਕਿਹਾ, "ਬੀਬੀ ਤੁਸਾਂ ਅਮਰ ਸਿੰਘ ਨਾਲ ਕੋਈ ਗੱਲ ਬਾਤ ਕੀਤੀ ਹੈ?" ਤੇ ਬਾਬਾ ਜੀ ਨੇ ਉੱਤਰ ਦਿੱਤਾ, "ਸੰਤ ਜੀ, ਇਹ ਮੇਰੀ ਵੱਡੀ ਲੜਕੀ ਹੈ ਤੇ ਸਿਰਫ ਇਸਦੀ ਸਲਾਹ ਲੈਣੀ ਸੀ ਤੇ ਇਸ ਨੇ ਕਿਹਾ ਹੈ ਕਿ ਪਰੀਤੋ ਦਾ ਸਾਕ ਜਰੂਰ ਅਮਰ ਸਿੰਘ ਨੂੰ ਕਰਨਾ ਹੈ, ਹੁਣ ਘਰ ਜਾ ਕੇ ਤੁਹਾਨੂੰ ਫਿਰ ਪਤਾ ਦਿਆਂਗੇ ਜਿਸ ਦਿਨ ਵਿਆਹ ਕਰਨਾ ਹੋਇਆ ਤੇ ਆਹ ਲਓ ਸ਼ਗਨ ਤੇ ਅਰਦਾਸਾ ਕਰੋ ਜੀ।" ਸੰਤਾਂ ਨੇ ਉਸੇ ਵੇਲੇ ਅਰਦਾਸਾ ਕਰਕੇ ਜੈ ਕਾਰੇ ਬੁਲਾ ਕੇ ਪ੍ਰਸਾਦ ਵੰਡ ਦਿੱਤਾ ਤੇ ਬਾਬਾ ਜੀ ਘਰ ਨੂੰ ਵਿਦਿਆ ਹੋ ਗਏ ਤੇ ਅਸੀ ਮਾਲਵੇ ਦਾ ਦੌਰਾ ਕਰਨ ਜਾਣਾ ਸੀ।

ਬਾਬਾ ਜੀ ਤੇ ਉਹਨਾਂ ਦੀ ਲੜਕੀ ਅਪਣੇ ਅਪਣੇ ਘਰ ਪਹੁੰਚੇ ਬੁਟਰੀ ਤੇ ਉਹਨਾਂ ਨੇ ਸਾਰੀ ਗੱਲਬਾਤ ਘਰ ਜਾ ਕੇ ਦੱਸੀ ਤੇ ਉਥੇ ਹੀ ਬਾਬਾ ਜੀ ਦਾ ਸਾਲਾ ਨਰਾਇਣ ਸਿੰਘ ਇਹਨਾ ਦੇ ਪਾਸ ਹੀ ਰਹਿੰਦਾ ਸੀ। ਨਿੱਕੇ ਹੁੰਦੇ ਦਾ ਮਾਂ ਪਿਉ ਮਰ ਗਿਆ ਸੀ ਤੇ ਇਹਨਾਂ ਪਾਸ ਹੀ ਪਲਿਆ ਸੀ। ਇਸ ਘਰ ਵਿੱਚ ਨਰਾਇਣ ਸਿੰਘ ਹੀ ਮੁਖਤਾਰ ਜੀ। ਜਦ ਇਸਨੇ ਇਹ ਗੱਲ ਸੁਣੀ ਤੇ ਕਹਿਣ ਲਗਾ, "ਇਹ ਗੱਲ ਬਿਲਕੁਲ ਨਹੀ ਹੋ ਸਕਦੀ ਤੇ ਨਾ ਮੈਂ ਇਹ ਸਾਕ ਹੋਣ ਦਿਆਂਗਾ ਭਾਵੇ ਕੁੜੀ ਮਾਰਨੀ ਪਵੇ, ਅਮਰ ਸਿੰਘ ਨਾਲ ਵਿਆਹ ਨਹੀ ਹੋਣ ਦਿਆਂਗਾ। ਨਾ ਉਹ ਕੰਮ ਜਾਣਦਾ ਹੈ ਨਾ ਉਸਦਾ ਕੋਈ ਘਰ ਘਾਟ ਹੈ ਤੇ ਪਿੰਡੋ ਪਿੰਡ ਢੋਲਕੀ ਵਜਾਉਂਦਾ ਫਿਰਦਾ ਹੈ ਤੇ ਭੁੱਖਾ ਮਰਦਾ ਹੈ ਤੇ ਪਤਾ ਨਹੀ ਕੌਣ ਹੈ ਜੱਟ ਹੈ ਕਿ ਤਰਖਾਣਾਂ ਦਾ ਮੁੰਡਾ ਹੈ। ਮੈ ਉਸਨੂੰ ਸਾਕ ਨਹੀ ਕਰਨ ਦੇਣਾਂ ਭਾਵੇ ਤੁਸੀ ਸਾਰੇ ਨਾਰਾਜ ਹੋ ਜਾਉ। ਮੇਰੇ ਦੋ ਮੁਰੱਬੇ ਜਮੀਨ ਤੇ ਰੌਲ ਪਿੰਡੀ ਵਿੱਚ ਮੈ ਇੰਨਾ ਵੱਡਾ ਠੇਕੇਦਾਰ ਤੇ ਸਭ ਦੁਨੀਆ ਮੈਨੂੰ ਜਾਣਦੀ ਹੈ ਤੇ ਮੇਰੀ ਭਣੇਵੀ ਮੰਗਤੇ ਨਾਲ ਵਿਆਹੀ ਜਾਵੇ ਤੇ ਮੈ ਜਿਊਂਦਾ ਹੀ ਮਰ ਗਿਆ ਲੋਕ ਮੈਨੂੰ ਕੀ ਕਹਿਣਗੇ, ਮੈਂ ਇਹ ਗੱਲ ਨਹੀ ਹੋਣ ਦੇਣੀ। ਮੈਂ ਚੰਗਾ ਘਰ ਤੇ ਚੰਗਾ ਲੜਕਾ ਦੇਖਾਂਗਾ ਜਿਹੜਾ ਕੰਮਕਾਰ ਸਿਖਿਆ ਹੋਵੇ, ਅਸੀ ਕਾਰੀਗਰ ਹੋ ਕੇ ਫਕੀਰਾਂ ਨਾਲ ਕੁੜੀ ਵਿਆਹ ਦੇਈਏ, ਸਾਰੀ ਜਿੰਦਗੀ ਕੁੜੀ ਰੋਂਦੀ ਰਹੇਗੀ। ਬਾਬੇ ਜੁਵੰ ਸਿੰਘ ਤੇ ਨਰਾਇਣ ਸਿੰਘ ਦੀ ਭੈਣ ਨੇ ਉੱਤਰ ਦਿੱਤਾ, "ਅਮਰ ਸਿੰਘ ਲੜਕਾ ਰਾਮਗੜ੍ਹੀਆਂ ਦਾ ਹੈ। ਕੋਈ ਗੈਰ ਕੌਮ ਦਾ ਨਹੀ ਹੈ। ਉਸਦਾ ਵੱਡਾ ਭਰਾ ਲਾਇਲਪੁਰ ਪਾਵਰ ਹਾਊਸ ਵਿੱਚ ਇਨੰਜੀਨੀਅਰ ਹੈ। ਬਾਕੀ ਅਸੀ ਸ਼ਗਨ ਵੀ ਦੇ ਚੁੱਕੇ ਹਾਂ ਤੂੰ ਇਸ ਕੰਮ ਵਿੱਚ ਰੁਕਾਵਟ ਨਾ ਪਾ। ਸਾਡੀ ਧੀ ਹੈ ਸਾਨੂੰ ਤੇਰੇ ਨਾਲੋਂ ਜਿਆਦਾ ਫਿਕਰ ਹੈ ਪਰ ਨਰਾਇਣ ਸਿੰਘ ਕਹਿਣ ਲਗਾ ਕਿ ਮੈ ਮਰ ਜਾਵਾਂਗਾ ਪਰ ਅਮਰ ਸਿੰਘ ਨਾਲ ਕੁੜੀ ਦਾ ਵਿਆਹ ਨਹੀ ਹੋਣ ਦਿਆਂਗਾ ਪਰ ਇਸਦੀ ਭੈਣ ਨੇ ਸੰਤਾਂ ਵਲ ਇੱਕ ਬੰਦਾ ਭੇਜ ਦਿੱਤਾ ਕਿ ਅੱਸੂ ਦੇ ਚੌਥੇ ਨਰਾਤੇ

ਵਾਲੇ ਦਿਨ ਅਮਰ ਸਿੰਘ ਦਾ ਅਨੰਦ ਕਰਨ ਵਾਸਤੇ ਤੁਸਾਂ ਤਿਆਰ ਰਹਿਣਾਂ। ਤੀਸਰੇ ਨਰਾਤੇ ਵਾਲੇ ਦਿਨ ਸ਼ਾਮ ਨੂੰ ਚਾਰ ਵਜੇ ਸਾਡੇ ਘਰ ਪੁੱਜ ਜਾਣਾਂ ਜੀ। ਇਹ ਬੰਦਾ ਸੰਤਾਂ ਕੋਲ ਪੰਜ ਭਾਦਰੋਂ ਵਾਲੇ ਦਿਨ ਪੁੱਜਾ ਤੇ ਇਧਰ ਨਰਾਇਣ ਸਿੰਘ ਨੇ ਜਿਲ੍ਹਾ ਸ਼ੇਖੂਪੁਰਾ ਵਿੱਚ ਸੰਤੀ ਚੂਹੜ ਕਾਣੇ ਦੇ ਲਾਗੇ ਇੱਕ ਪਿੰਡ ਕੁਜਰੀ ਸੀ। ਇਹ ਸਾਰਾ ਪਿੰਡ ਹੀ ਤਰਖਾਣਾਂ ਦਾ ਸੀ ਸਾਰੇ ਜ਼ਮੀਨ ਦੇ ਮਾਲਕ ਸਨ। ਇਸ ਪਿੰਡ ਵਿੱਚ ਹੋਰ ਕੋਈ ਕੌਮ ਨਹੀ ਸੀ। ਇਸ ਪਿੰਡ ਵਿੱਚ ਨਰਾਇਣ ਸਿੰਘ ਨੇ ਅਪਣੀ ਭਣੇਵੀ ਦਾ ਰਿਸ਼ਤਾ ਕਰ ਦਿੱਤਾ। ਮੁੰਡੇ ਦਾ ਨਾਮ ਕਿਰਪਾਲ ਸਿੰਘ ਸੀ ੪੦ ਬੰਦੇ ਘਰ ਦੇ ਸਨ ਤੇ ਚੰਗੇ ਮਾਲਦਾਰ ਵੀ ਸਨ। ਲੜਨ ਨੂੰ ਵੀ ਚੰਗੇ ਦਲੇਰ ਸਨ। ਨਾਰਾਇਣ ਸਿੰਘ ਨੇ ਇਹਨਾਂ ਨੂੰ ਸਾਰੀ ਗੱਲ ਦੱਸੀ ਕਿ ਮੁਕਾਬਲਾ ਕਰਨਾਂ ਪੈਣਾ ਹੈ। ਇਹਨਾਂ ਨੇ ਆਖਿਆ, "ਕੋਈ ਫ਼ਿਕਰ ਵਾਲੀ ਗੱਲ ਨਹੀ ਅਸੀਂ ਅਮਰ ਸਿੰਘ ਨੂੰ ਵਿਆਹ ਤੋਂ ਪਹਿਲਾਂ ਹੀ ਮਾਰ ਦਿਆਂਗੇ।

ਨਰਾਇਣ ਸਿੰਘ ਤੇ ਕਿਰਪਾਲ ਸਿੰਘ ਦਾ ਭਰਾ ਭਗਤ ਸਿੰਘ ਇਹਨਾਂ ਦੋਹਾਂ ਨੇ ਸ਼ੇਖੂਪੁਰ ਦੇ ਜਿਲ੍ਹੇ ਵਿੱਚ ਘੁੰਮ ਕੇ ਇਲਾਕੇ ਦੇ ਚੰਗੇ ਚੰਗੇ ਬੰਦੇ ਇੱਕਠੇ ਕੀਤੇ ਤੇ ਆਖਿਆ ਕਿ ਸ਼ੇਖੂਪੁਰੇ ਜਿਲ੍ਹੇ ਦੀ ਕੁੜੀ ਅੰਮ੍ਰਿਤਸਰ ਜਿਲ੍ਹੇ ਵਿੱਚ ਕਿਉਂ ਵਿਆਹੀ ਜਾਵੇ ਇੱਕ ਪੰਚਾਇਤ ਇੱਕਠੀ ਕਰਕੇ ਨਰਾਇਣ ਸਿੰਘ ਅਪਣੀ ਭੈਣ ਦੇ ਘਰ ਲੈ ਗਿਆ। ਪੰਚਾਇਤ ਨੇ ਬਾਬੇ ਜੁਵੰ ਸਿੰਘ ਨੂੰ ਤੇ ਉਸਦੀ ਘਰ ਦੀ ਨੂੰ ਆਖਿਆ ਕਿ ਤੁਸੀ ਕਿਉਂ ਗਲਤੀ ਕਰਦੇ ਹੋ। ਅਮਰ ਸਿੰਘ ਤੇ ਤਰਖਾਣਾਂ ਦਾ ਪੁਤੱਰ ਹੀ ਨਹੀ ਹੈ। ਜੱਟਾ ਦਾ ਪੁੱਤ ਹੈ ਤੁਸੀਂ ਉਸਨੂੰ ਸਾਕ ਨਾ ਕਰੋ ਜੀ। ਅਗੋ ਉਹਨਾਂ ਦੋਹਾਂ ਨੇ ਉੱਤਰ ਦਿੱਤਾ ਕਿ ਭਾਵੇ ਅਮਰ ਸਿੰਘ ਮਜ਼ਬੀਆਂ ਦਾ ਪੁੱਤ ਹੋਵੇ ਅਸੀ ਸਾਕ ਕਰ ਦਿੱਤਾ ਹੈ ਤੇ ਅਸੀ ਕੁੜੀ ਅਮਰ ਸਿੰਘ ਨਾਲ ਹੀ ਵਿਆਹਵਾਂਗੇ। ਨਰਾਇਣ ਸਿੰਘ ਦੀ ਮਰਜੀ ਹੋਵੇ ਵਿਆਹ ਤੇ ਆਵੇ ਮਰਜੀ ਹੋਵੇ ਨਾ ਆਵੇ, ਸਾਨੂੰ ਇਸਦੀ ਕੋਈ ਲੋੜ ਨਹੀਂ ਹੈ ਜੀ ਪੰਚਾਇਤ ਕੰਨ ਝਾੜਕੇ ਤੁਰ ਗਈ।

ਵਿਆਹ ਵਿੱਚ ਦਿਨ ੧੨-੧੩ ਰਹਿੰਦੇ ਸਨ ਤੇ ਸੰਤਾਂ ਨੇ ਮੈਨੂੰ ਹੁਕਮ ਕੀਤਾ ਕਿ, "ਅਮਰ ਸਿੰਘ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਤੇ ਭਰਾਵਾਂ ਨੂੰ ਖਬਰ ਕਰ ਦੇ।" ਮੈ ਹੁਕਮ ਮੰਨ ਕੇ ਤੁਰ ਪਿਆ ਤੇ ਨਾਰੋਵਾਲ ਸਟੇਸ਼ਨ ਤੇ ਆਕੇ ਟਿਕਟ ਲੈ ਕੇ ਲਾਹੌਰ ਪਹੁੰਚਿਆ ਤੇ ਮੈ ਸੋਚਿਆ ਕਿ ਪਹਿਲਾਂ ਮੈ ਵੱਡੇ ਭਰਾ ਜੀ ਪਾਸ ਲਾਇਲਪੁਰ ਪਹੁੰਚ ਕੇ ਸਾਰੀ ਗੱਲ ਬਾਤ ਦੱਸਾਂ ਤੇ ਜਿਸ ਤਰਾਂ ਭਰਾ ਜੀ ਹੁਕਮ ਕਰਨਗੇ ਉਸੇ ਤਰ੍ਹਾਂ ਕਰਾਂਗਾ। ਇਹ ਗੱਲ ਸੋਚਕੇ ਲਾਹੌਰੋਂ ਲਾਰੀ ਵਿੱਚ ਬੈਠ ਕੇ ਸ਼ੇਖੂਪੁਰਾ ਜਿਲ੍ਹੇ ਵਿੱਚ ਪਹੁੰਚ ਗਿਆ। ਸ਼ੇਖੂਪੁਰੇ ਤੋ ਗੱਡੀ ਵਿੱਚ ਬੈਠ ਕੇ ਲਾਇਲ ਪੁਰ ਜਾਣਾ ਸੀ। ਗੱਡੀ ਆਉਣ ਵਿੱਚ ਅੰਜੇ ਇੱਕ ਘੰਟਾ ਬਾਕੀ ਸੀ। ਮੈਨੂੰ ਭੁੱਖ ਲਗ ਗਈ ਤੇ ਮੈ ਸ਼ੇਖੂਪੁਰਾ ਨਾਮਧਾਰੀ ਗੁਰਦੁਵਾਰੇ

ਚਲਾ ਗਿਆ ਕਿ ਪ੍ਰਸਾਦਾ ਛਕ ਕੇ ਗੱਡੀ ਚੜ੍ਹਾਂਗਾ। ਅੱਜੇ ਮੈ ਗੁਰਦੁਵਾਰੇ ਦਾ ਦਰਵਾਜਾ ਹੀ ਲੰਘਿਆ ਸਾਂ ਕਿ ਮੈਨੂੰ ਇੱਕ ਸਿੰਘ ਜਿਸਦਾ ਨਾਮ ਉਜਾਗਰ ਸਿੰਘ ਸੀ, ਮਿਲਿਆ ਤੇ ਕਹਿਣ ਲਗਾ, "ਅਮਰ ਸਿੰਘ ਤੂੰ ਅੰਦਰ ਨਾ ਜਾ ਤੇ ਛੇਤੀ ਇੱਕੋਂ ਦੌੜ ਜਾ ਤੇਰੇ ਮਾਰਨ ਵਾਸਤੇ ਗੁਰਦੁਵਾਰੇ ਬੰਦੇ ਇੱਕੱਠੇ ਹੋਏ ਹਨ ਤੇ ਮਸ਼ਵਰਾ ਕਰ ਰਹੇ ਹਨ ਕਿ ਵਿਆਹ ਤੋਂ ਪਹਿਲਾ ਹੀ ਅਮਰ ਸਿੰਘ ਕਾਬੂ ਆ ਜਾਵੇ ਤੇ ਉਸਦੀਆਂ ਲੱਤਾਂ ਵੱਢ ਦਿੱਤੀਆ ਜਾਣ ਤੇ ਤੂੰ ਛੇਤੀ ਨਾਲ ਇੱਥੋ ਨਿਕਲ ਜਾ। ਅਸੀ ਅਜੇ ਗੱਲਾਂ ਹੀ ਕਰਦੇ ਸਾਂ ਕਿ ਉਹਨਾਂ ਵਿੱਚੋ ਇੱਕ ਬੰਦੇ ਨੇ ਮੈਨੂੰ ਵੇਖ ਲਿਆ ਤੇ ਉਹ ਸਾਰੇ ਮੇਰੇ ਮਗਰ ਆ ਪਏ। ਮੈ ਉਥੋਂ ਬਚਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਮੈਨੂੰ ਘੇਰ ਲਿਆ। ਮੇਰੇ ਹੱਥ ਵਿੱਚ ਖੂੰਡਾ ਸੀ, ਉਹਨਾਂ ਵਿੱਚੋ ਵੀ ਤਿੰਨਾਂ ਚਾਰਾਂ ਕੋਲ ਸੋਟੇ ਸੀ ਬਾਕੀ ਸਭ ਖਾਲੀ ਹੱਥ ਸਨ। ਮੈਨੂੰ ਉਜਾਗਰ ਸਿੰਘ ਨੇ ਕਿਹਾ, "ਤਗੜਾ ਹੋ ਜਾ ਘਾਬਰੀ ਨਾ। ਸਟੇਸ਼ਨ ਵੱਲ ਦੌੜ ਜਾ।" ਮੇਰੇ ਦਿਲ ਵਿੱਚ ਹੌਂਸਲਾ ਸੀ ਕਿ ਮੈ ਗਤਕਾ ਜਾਣਦਾ ਹਾਂ, ਮੈ ਇਹਨਾਂ ਦੇ ਕਾਬੂ ਨਹੀ ਆਉਂਦਾ ਪਰ ਉਹਨਾਂ ਨੇ ਮੇਰੇ ਤੇ ਹਮਲਾ ਕਰ ਦਿੱਤਾ। ਮੈ ਸਟੇਸ਼ਨ ਵੱਲ ਨੂੰ ਦੌੜਿਆ ਪਰ ਰਸਤੇ ਵਿੱਚ ਉਹਨਾਂ ਦਾ ਇੱਕ ਬੰਦਾ ਡਾਂਗ ਵਾਲਾ ਮੈਨੂੰ ਮਿਲ ਪਿਆ ਉਸਨੇ ਮੇਰੇ ਸਿਰ ਵਿੱਚ ਡਾਂਗ ਮਾਰੀ ਤੇ ਮੈ ਖੂੰਡੇ ਤੇ ਰੋਕ ਕੇ ਉਸੀ ਡਾਂਗ ਤੇ ਪੈਂਤੜਾ ਬਦਲ ਕੇ ਉਸਦੇ ਕੰਨ ਤੇ ਖੂੰਡਾ ਮਾਰਿਆ। ਖੂੰਡਾ ਉਸਦੀ ਪੁੜਪੁੜੀ ਵਿੱਚ ਵੱਜਾ ਤੇ ਉਹ ਡਿੱਗ ਪਿਆ ਤੇ ਮੈਂ ਭੱਜਕੇ ਸਟੇਸ਼ਨ ਤੇ ਪਹੁੰਚ ਗਿਆ। ਉਹ ਸਾਰੇ ਪਿੱਛੇ ਭੱਜੇ ਆਉਣ ਪਰ ਰੱਬ ਨੇ ਮੇਰੀ ਮਦਦ ਕੀਤੀ ਗੱਡੀ ਆ ਗਈ ਤੇ ਰੌਲਾ ਪੈ ਗਿਆ ਤੇ ਲੋਕ ਗੱਡੀ ਚੜ੍ਹਨ ਵਾਸਤੇ ਖੜੇ ਹੋ ਗਏ ਮੈ ਭੱਜ ਕੇ ਬੇ ਟਿਕਟਾ ਹੀ ਗੱਡੀ ਵਿੱਚ ਚੜ੍ਹ ਗਿਆ ਤੇ ਸੁਵਾਰੀਆਂ ਨੇ ਦਰਵਾਜਾ ਰੋਕ ਲਿਆ, ਗੱਡੀ ਚਲ ਪਈ ਤੇਂ ਮੇਰੀ ਜਾਨ ਬਚੀ ਤੇ ਮੈ ਲਾਇਲ ਪੁਰ ਪਹੁੰਚ ਗਿਆ। ਮੈ ਭਰਾ ਕਰਤਾਰ ਸਿੰਘ ਜੀ ਨੂੰ ਸਾਰੀ ਗਲੱਬਾਤ ਜਾ ਕੇ ਦਸੀ ਭਰਾ ਜੀ ਬੜੇ ਹੈਰਾਨ ਹੋਏ। ਫਿਰ ਮੈਂ ਵਿਆਹ ਦੀ ਸਾਰੀ ਗੱਲ ਦਸੀ ਤੇ ਭਰਾ ਜੀ ਬੜੇ ਖੁਸ਼ ਹੋਏ ਤੇ ਲਾਇਲ ਪੁਰ ਤੋਂ ਅੱਗੇ ੧੦-੧੨ ਮੀਲ ਦੇ ਫਾਸਲੇ ਤੇ ਰੰਗਾ ਸਿੰਘ ਵਾਲਾ ਚੱਕ ਸੀ ਤੇ ਇਸ ਪਿੰਡ ਦੇ ਨਾਮਧਾਰੀ ਸਿੱਖਾਂ ਨੇ ਮੇਲਾ ਕੀਤਾ ਤੇ ਭੈਣੀ ਸਾਹਿਬ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਨਗਰ ਵਿੱਚ ਆਏ ਹੋਏ ਸਨ। ਨਰਾਇਣ ਸਿੰਘ ਪਰੀਤੋ ਦਾ ਮਾਮਾ ਪੰਚਾਇਤ ਨੂੰ ਨਾਲ ਲੈ ਕੇ ਸਤਿਗੁਰਾਂ ਪਾਸ ਅਰਜ ਕਰਨ ਵਾਸਤੇ ਗਿਆ। ਸਾਰੀ ਪੰਚਾਇਤ ਨੇ ਝੂਠ ਬੋਲਿਆ, "ਦੀਨ ਦਿਆਲ ਜੀ ਅਰਜ ਹੈ ਕਿ ਨਰਾਇਣ ਸਿੰਘ ਨੇ ਸਾਡੇ ਲੜਕੇ ਕਿਰਪਾਲ ਸਿੰਘ ਨੂੰ ਆਪਣੀ ਭਣੇਵੀ ਦਾ ਰਿਸ਼ਤਾ ਕੀਤਾ ਸੀ ਤੇ ਹੁਣ ਜੁਵੰ ਸਿੰਘ ਸਾਕ ਨਹੀਂ ਦਿੰਦਾ। ਸਾਡੇ ਤੇ ਕਿਰਪਾ ਕਰੋ ਤੇ ਰਿਸ਼ਤਾ ਸਾਨੂੰ ਲੈ ਦਿਉ ਜੀ।" ਸੱਚੇ ਪਾਤਸ਼ਾਹ ਜੀ ਨੇ ਪੁਛਿਆ, "ਸੱਚ ਦਸੋ, ਸਾਕ

ਕਰਨ ਕੌਣ ਆਇਆ ਸੀ ਤੇ ਲੜਕੀ ਕਿਸਦੀ ਹੈ।'' ਪੰਚਾਇਤ ਨੇ ਦਸਿਆ ਕਿ ਲੜਕੀ ਜੁਵੰ ਸਿੰਘ ਦੀ ਹੈ ਪਰ ਉਹ ਆਪ ਸਾਡੇ ਘਰ ਨਹੀ ਆਏ ਸਾਕ ਨਰਾਇਣ ਸਿੰਘ ਹੀ ਕਰ ਗਿਆ ਸੀ ਜੀ।'' ਸਤਿਗੁਰਾਂ ਫੈਸਲਾ ਕੀਤਾ ਕਿ ਨਰਾਇਣ ਸਿੰਘ ਦਾ ਕੋਈ ਹੱਕ ਨਹੀ ਸਾਕ ਕਰਨ ਦਾ, ਲੜਕੀ ਜੁਵੰ ਸਿੰਘ ਦੀ ਹੈ ਉਸਦੀ ਜਿਥੇ ਮਰਜੀ ਹੈ ਅਪਣੀ ਲੜਕੀ ਵਿਆਹਵੇ ਕੋਈ ਰੋਕ ਨਹੀਂ ਸਕਦਾ।

ਰੱਬ ਦੀ ਕੁਦਰਤ ਐਸੀ ਵਰਤੀ ਕਿ ਭਰਾ ਜੀ ਨੇ ਮੈਨੂੰ ਦਸਿਆ ਕਿ ਰੀਗਾ ਸਿੰਘ ਵਾਲੇ ਬੜਾ ਭਾਰੀ ਮੇਲਾ ਹੈ ਤੇ ਸਤਿਗੁਰ ਪ੍ਰਤਾਪ ਸਿੰਘ ਜੀ ਆਏ ਹੋਏ ਹਨ। ਮੈ ਉਸੇ ਵੇਲੇ ਭਰਾ ਜੀ ਦਾ ਸਾਈਕਲ ਲੈ ਕੇ ਲਾਇਲਪੁਰ ਤੋਂ ਰੀਗਾ ਸਿੰਘ ਵਾਲੇ ਚੱਕ ਵਿੱਚ ਪਹੁੰਚ ਗਿਆ ਤੇ ਅੱਗੇ ਉਹ ਪੰਚਾਇਤ ਬੈਠੀ ਸੀ ਸਤਿਗੁਰਾਂ ਪਾਸ। ਮੈਂ ਵੀ ਜਾ ਮੱਥਾ ਟੇਕਿਆ ਤੇ ਇਸ ਪਿੰਡ ਮੈ ਅੱਗੇ ਵੀ ਕਈ ਵਾਰ ਸੰਤਾਂ ਨਾਲ ਆਉਂਦਾ ਰਿਹਾ ਸਾਂ, ਮੈਨੂੰ ਸਭ ਲੋਕ ਜਾਣਦੇ ਸਨ। ਇਸ ਨਗਰ ਮੇਰੀ ਧਰਮ ਦੀ ਮਾਤਾ ਬਣੀ ਹੋਈ ਸੀ। ਤੇ ਮੈਂ ਮੱਥਾ ਟੇਕ ਕੇ ਮਾਤਾ ਪਾਸ ਜਾ ਬੈਠਾ ਤੇ ਮਾਤਾ ਨੇ ਮੈਨੂੰ ਦੁੱਧ ਲਿਆ ਕੇ ਦਿੱਤਾ ਤੇ ਮੈ ਦੁੱਧ ਪੀ ਹੀ ਰਿਹਾ ਸੀ ਕਿ ਸਾਰੀ ਪੰਚਾਇਤ ਗੁਰਦੁਵਾਰੇ ਆ ਗਈ ਤੇ ਆਉਂਦਿਆ ਹੀ ਮੇਰੇ ਤੇ ਹਮਲਾ ਕਰ ਦਿੱਤਾ। ਪੰਜ ਸੱਤ ਡਾਂਗਾਂ ਉਧਰੋਂ ਉਧਰੀ ਵੱਜੀਆ ਕਿ ਮਾਤਾ ਨੇ ਕੋਠੇ ਚੜ੍ਹ ਕੇ ਰੌਲਾ ਪਾ ਦਿੱਤਾ। ਨਗਰ ਵਿੱਚੋਂ ਬਖਸ਼ੀਸ਼ ਸਿੰਘ ਤੇ ਦੇਸਾ ਸਿੰਘ ਹੁਰੀਂ ਚਾਰੇ ਭਰਾ ਮੇਰੀ ਮਦਦ ਵਾਸਤੇ ਡਾਂਗਾਂ ਲੈ ਕੇ ਆ ਕੇ ਲੜਨ ਲਗ ਪਏ। ਹੋਰ ਨਗਰ ਦੇ ਲੋਕਾਂ ਨੇ ਵੀ ਮੇਰੀ ਮਦਦ ਕੀਤੀ। ਅਸੀ ਰਲਕੇ ਖੂਬ ਲੜਾਈ ਕੀਤੀ ਮੈਨੂੰ ਦੇਸਾ ਸਿੰਘ ਨੇ ਦੌੜ ਜਾਣ ਵਾਸਤੇ ਕਿਹਾ। ਮੈ ਸਾਈਕਲ ਲੈ ਕੇ ਲਾਇਲਪੁਰ ਆ ਗਿਆ, ਰਾਤ ਭਰਾ ਜੀ ਕੋਲ ਰਿਹਾ ਤੇ ਸਵੇਰੇ ਸੱਤ ਵਜੇ ਦੀ ਗੱਡੀ ਚਲਦੀ ਸੀ ਲਾਹੌਰ ਨੂੰ। ਭਰਾ ਜੀ ਨੇ ਮੈਨੂੰ ਹੁਕਮ ਕੀਤਾ ਕਿ ਤੂੰ ਇਸ ਗੱਡੀ ਬੈਠ ਕੇ ਅਪਣੇ ਪਿੰਡ ਵੇਰਕੇ ਜਾ ਕੇ ਵਿਆਹ ਦਾ ਸੁਨੇਹਾ ਅਪਣੀ ਬਰਾਦਰੀ ਨੂੰ ਦੇ ਆ, ਨਾਲੇ ਭੈਣ ਨੂੰ ਦੱਸ ਕੇ ਆਵੀਂ।

ਮੈ ਸੱਤ ਵਜੇ ਦੀ ਗੱਡੀ ਲਾਇਲਪੁਰ ਤੋ ਅੰਮ੍ਰਿਤਸਰ ਨੂੰ ਚੱਲ ਪਿਆ ਤੇ ਉਹ ਪੰਚਾਇਤ ਵੀ ਏਸੇ ਗੱਡੀ ਆਣ ਚੜ੍ਹੀ। ਪਰ ਨਾ ਮੈਨੂੰ ਪੰਚਾਇਤ ਦਾ ਪਤਾ ਲੱਗਾ ਤੇ ਨਾ ਉਹਨਾ ਨੂੰ ਮੇਰਾ। ਲਾਇਲ ਪੁਰ ਤੋਂ ਗੱਡੀ ਚਲ ਕੇ ਦੂਸਰੇ ਸਲਾਰ ਵਾਲੇ ਸਟੇਸ਼ਨ ਤੇ ਆਈ ਤੇ ਮੈ ਉੱਤਰ ਕੇ ਸਟੇਸ਼ਨ ਤੇ ਟਹਿਲ ਰਿਹਾ ਸਾਂ ਕਿ ਉਹਨਾ ਨੇ ਮੈਨੂੰ ਵੇ ਖ ਲਿਆ ਪਰ ਗੱਡੀ ਚਲ ਪਈ ਤੇ ਮੈ ਗੱਡੀ ਵਿੱਚ ਬੈਠ ਗਿਆ ਸਾਂ। ਫਿਰ ਗੱਡੀ ਸਾਂਗੱਲੇ ਰੁਕੀ ਮੈ ਫਿਰ ਉੱਤਰ ਪਿਆ ਤੇ ਮੈਨੂੰ ਟਹਿਲਦੇ ਨੂੰ ਵੇਖਕੇ ਉਹਨਾਂ ਮੋਕਾ ਤਾੜ ਕੇ ਮੈਨੂੰ ਇੱਕ ਸੋਟਾ ਮਾਰਿਆ। ਸੋਟਾ ਮੇਰੇ ਮੋਢੇ ਤੇ ਵੱਜਾ ਤੇ ਮੈ ਡਿੱਗ ਪਿਆ। ਉਹਨਾਂ

ਦੇ ਦੂਸਰੇ ਵਾਰ ਤੋਂ ਪਹਿਲਾਂ ਮੈ ਉੱਠ ਕੇ ਖੜਾ ਹੋ ਗਿਆ। ਡਾਂਗਾਂ ਚੱਲਣ ਲਗ ਪਈਆਂ ਲੋਕ ਲਾਂਭੇ ਹੋ ਗਏ। ਪਲੇਟ ਫਾਰਮ ਖਾਲੀ ਹੋ ਗਿਆ ਰੌਲਾ ਪੈ ਗਿਆ। ਮੈ ਇੱਕੱਲਾ ਸਾਂ ਉਹ ੨੦-੨੫ ਜਣੇ ਮੇਰੀ ਪੇਸ਼ ਕੋਈ ਨਾ ਜਾਵੇ ਮੈਂ ਪੁਠੀ ਪੈਰੀ ਸੋਟੇ ਖਾਂਦਾ, ਰੋਕਦਾ ਰੋਕਦਾ ਭੱਜ ਕੇ ਸਟੇਸ਼ਨ ਮਾਸਟਰ ਦੇ ਕਮਰੇ ਵਿੱਚ ਜਾ ਵੜਿਆ ਤੇ ਸਟੇਸ਼ਨ ਵਾਲੀ ਪੁਲਸ ਨੇ ਮੈਨੂੰ ਫੜ ਲਿਆ ਤੇ ਉਹਨਾਂ ਨੂੰ ਪਿਛੇ ਹਟਾ ਦਿੱਤਾ ਤੇ ਮੈਨੂੰ ਪੁਛਣ ਲਗੇ ਕਿ ਮੈ ਕਿੱਥੋ ਆਇਆ ਹਾਂ ਮੈ ਸਾਰੀ ਗੱਲ ਦੱਸੀ ਕਿ ਮੇਰਾ ਭਰਾ ਇੰਜੀਨਿਅਰ ਹੈ ਮੈ ਉਹਨਾਂ ਕੋਲੋ ਲਾਇਲ ਪੁਰ ਤੋ ਆਇਆ ਹਾਂ। ਲਾਇਲਪੁਰ ਤੋ ਗੱਡੀ ਨਾਲ ਦੇ ਸਿਪਾਹੀ ਤੇ ਮੇਰੇ ਵੱਡੇ ਭਰਾ ਜੀ ਦੀ ਚੰਗੀ ਵਾਕਫੀ ਸੀ ਉਸਨੇ ਮੈਨੂੰ ਸਾਰੀ ਗੱਲ ਪੁੱਛੀ। ਮੈ ਦਸਿਆ ਕਿ ਇਹਨਾਂ ਦੀ ਜਿਹੜੀ ਮੰਗ ਹੈ ਉਹੋ ਮੇਰੀ ਮੰਗ ਹੈ। ਚੌਥੇ ਦਿਨ ਨੂੰ ਮੇਰਾ ਵਿਆਹ ਹੋਣਾ ਹੈ ਇਸੇ ਕਰਕੇ ਮੇਰੇ ਗੱਲ ਪੈ ਰਹੇ ਹਨ। ਇਸ ਸਿਪਾਹੀ ਦਾ ਨਾਂ ਵੀ ਅਮਰ ਸਿੰਘ ਸੀ ਉਸਨੇ ਮੈਨੂੰ ਅਪਣੇ ਡੱਬੇ ਵਿੱਚ ਬਿਠਾ ਲਿਆ ਤੇ ਉਸ ਪਾਰਟੀ ਦੀਆ ਟਿਕਟਾ ਖੋਹ ਲਈਆਂ ਤੇ ਇੰਨੇ ਚਿਰ ਨੂੰ ਇੰਵਣ ਵੀ ਗੱਡੀ ਨਾਲ ਆ ਲੱਗਾ। ਗੱਡੀ ਏਥੇ ੧੫ ਮਿੰਟ ਠਹਿਰੀ ਇੰਵਣ ਵਿੱਚ ਪਾਣੀ ਪਾਉਣ ਵਾਸਤੇ। ਗੱਡੀ ਸਾਂਗਲੇ ਤੋਂ ਚਲ ਕੇ ਨੰਬਰ ਵਾਰ ਚੂਹੜਕਾਣੇ ਸਟੇਸ਼ਨ ਤੇ ਆ ਖੜੀ ਹੋਈ ਤੇ ਉਹ ਪਾਰਟੀ ਉੱਤਰੀ ਤੇ ਮੈਨੂੰ ਗਾਲ੍ਹਾਂ ਕੱਢਣ ਲਗ ਪਏ। ਮੈਂ ਵੀ ਗਾਲ੍ਹਾਂ ਕੱਢਦਾ ਰਿਹਾ। ਉਹਨਾਂ ਨੇ ਕਿਹਾ, "ਤਗੜਾ ਹੋ ਕੇ ਚੌਥੇ ਦਿਨ ਨੂੰ ਵਿਆਹੁਣ ਆ ਜਾਵੀ. ਤੇਰਾ ਸਿਰ ਉਥੇ ਹੀ ਵੱਢਾਂਗੇ।" ਏਨੇ ਚਿਰ ਨੂੰ ਗੱਡੀ ਚਲ ਪਈ ਮੈ ਸ਼ਾਮ ਚਾਰ ਵਜੇ ਨੂੰ ਅੰਮ੍ਰਿਤਸਰ ਪਹੁੰਚ ਗਿਆ। ਤੇ ਟਾਂਗੇ ਤੇ ਬੈਠ ਕੇ ਅਪਣੇ ਪਿੰਡ ਵੇਰਕੇ ਜਾ ਕੇ ਚਾਚਿਆਂ ਤਾਇਆਂ ਦੇ ਪੁੱਤਾਂ ਨੂੰ ਆਖਿਆ ਕਿ ਅੱਜ ਤੋਂ ਚੌਥੇ ਦਿਨ ਨੂੰ ਮੇਰਾ ਵਿਆਹ ਹੋਣਾਂ ਹੈ। ਤੁਸੀਂ ਸਾਰੇ ਜਣੇ ਦਰਸ਼ਨ ਦਿਓ ਜੀ। ਬਰਾਦਰੀ ਹੱਕੀ ਬੱਕੀ ਰਹਿ ਗਈ, ਕਿ ਇਸਦਾ ਵਿਆਹ ਹੋਵੇਗਾ? ਇੱਥੋ ਜਾ ਕੇ ਮੈ ਭੈਣ ਦੇ ਪਿੰਡ ਦੱਸਿਆ ਕਿਸੇ ਨੂੰ ਵੀ ਮੇਰੀ ਗੱਲ ਦਾ ਪੂਰਾ ਭਰੋਸਾ ਨਾ ਹੋਇਆ। ਜਦ ਮੈ ਵੱਡੀ ਭੈਣ ਦੇ ਪਿੰਡੋਂ ਨਿਰਾਸਾ ਹੋ ਕੇ ਤੁਰਿਆ ਤੇ ਮੇਰੇ ਮੂੰਹੋ ਨਿਕਲਿਆ ਕਿ ਜੇ ਅੱਜ ਮੇਰੀ ਭੈਣ ਜਿਊਂਦੀ ਹੁੰਦੀ ਤਾਂ ਭਾਈਆਂ ਜੀ, ਤੈਨੂੰ ਜਰੂਰ ਮੇਰੀ ਜੰਵੇਂ ਘਲਦੀ ਪਰ ਤੇ ਰੀ ਮਰਜੀ ਹੈ ਮੇਰਾ ਕੋਈ ਜੋਰ ਨਹੀ ਹੈ। ਕੋਲ ਹੀ ਭਾਈਏ ਦੀ ਮਾਤਾ ਖੜੀ ਸੀ ਉਸਨੇ ਮੈਨੂੰ ਬਾਹੋਂ ਫੜਕੇ ਬਠਾਲਿਆ ਉਸਨੇ ਆਖਿਆ, "ਸੁਰੈਣ ਸਿੰਘਾਂ, ਪੁਤਰਾਂ ਤੇਰਾ ਫਰਜ ਬਣਦਾ ਹੈ ਕਿ ਤੂੰ ਇਸਦੇ ਨਾਲ ਜਰੂਰ ਜਾ।" ਅਪਣੀ ਮਾਤਾ ਦੇ ਆਖੇ ਉਹ ਮੇਲੇ ਨਾਲ ਤਿਆਰ ਹੋ ਪਿਆ ਤੇ ਅਸੀ ਦੋਵੇਂ ਸ਼ਾਮ ਦੀ ਗੱਡੀ ਸੱਤ ਵਜੇ ਅੰਮ੍ਰਿਤਸਰੋਂ ਚਲਕੇ ਰਾਤ ਇੱਕ ਵਜੇ ਢਾਬਾ ਦੇ ਸਟੇਸ਼ਨ ਤੇ ਆ ਉੱਤਰੇ। ਤੇ ਉਸੇ ਵੇਲੇ ਤੁਰ ਕੇ ਰਾਤ ਰਾਤ ਪੰਜ ਮੀਲ ਪੈਂਡਾ ਕਰਕੇ ਚੂਹੇ ਝਾੜ ਨਗਰ ਪਹੁੰਚੇ। ਸਾਡਾ ਸਾਰਾ ਜਥਾ ਇਸ ਪਿੰਡ ਸੀ ਤੇ

ਸੰਤ ਕੁਝ ਸਿੰਘਾਂ ਸਮੇਤ ਅੱਗੇ ਇੱਕ ਨਗਰ ਸੀ ਜਰਮੀਆਂ ਏਥੇ ਸਨ। ਮੈਂ ਭਾਈਆਂ ਜੀ ਨੂੰ ਚੂਹੇਸ਼ਾੜ ਛਡਕੇ ਆਪ ਇੱਕੱਲਾ ਹੀ ਜਰਮੀਆ ਜਾ ਕੇ ਸੰਤਾਂ ਨੂੰ ਮਿਲਿਆ ਤੇ ਮੱਥਾ ਟੇਕਿਆ ਤੇ ਸੰਤਾਂ ਨੇ ਮੈਨੂੰ ਪੁਛਿਆ, "ਦੱਸ ਕਿੰਨੇ ਰੁਪਏ ਲੈ ਕੇ ਆਇਆਂ ਹੈ।" ਮੈ ਉੱਤਰ ਦਿੱਤਾ, "ਮੈਂ ਕਿਥੋਂ ਰੁਪਏ ਲਿਆਉਣੇ ਸਨ, ਸਾਰੀਂ ਜ਼ਿੰਦਗੀ ਤੇ ਤੁਹਾਡੇ ਨਾਲ ਕੱਟੀ ਹੈ ਤੇ ਮੈ ਕਿਥੋਂ ਰੁਪਏ ਲਿਆਉਂਦਾ।" ਸੰਤ ਕਹਿਣ ਲਗੇ, "ਅਪਣੇ ਭਰਾ ਪਾਸੋਂ।" ਮੈ ਕਿਹਾ, "ਕੀ ਪਤਾ ਭਰਾ ਆਪ ਵੀ ਵਿਆਹ ਤੇ ਆਉਂਦਾ ਹੈ ਕਿ ਨਹੀ।" ਸੰਤਾਂ ਨੇ ਸਾਫ ਜੁਵਾਬ ਦੇ ਦਿੱਤਾ ਕਿ, "ਸਾਡੇ ਕੋਈ ਕੋਈ ਪੈਸਾ ਨਹੀਂ ਉਧਰ ਮੁਕਾਬਲਾ ਹੈ ਤੇ ਲੜਾਈ ਵੀ ਜਰੂਰ ਹੋਵੇਗੀ।" ਮੈਂ ਕਿਹਾ, "ਤੁਸੀਂ ਅਪਣੇ ਕੋਲੋ ਖਰਚ ਕਰੋ ਮੈਂ ਰੁਪਏ ਕਿਥੋਂ ਲਿਆਵਾਂ।" ਸੰਤਾਂ ਕਿਹਾ, "ਪੰਜ ਸੌ ਰੁਪਏ ਦਾ ਖਰਚ ਹੈ ਜੇ ਤੂੰ ਰੁਪਏ ਲੈ ਆਵੇਂ ਤਾਂ ਅਸੀ ਤੇਰੇ ਨਾਂਲ ਚਲਦੇ ਹਾਂ ਨਹੀ ਤੇ ਅਸੀ ਨਹੀ ਜਾਵਾਂਗੇ " ਮੈਂ ਸੰਤਾਂ ਨੂੰ ਤਾਹਨਾਂ ਮਾਰਿਆ, "ਸੰਤ ਜੀ ਜੇ ਅੱਜ ਮੇਰਾ ਸਕਾ ਪਿਉ ਹੁੰਦਾ ਤੇ ਇਹ ਗੱਲ ਮੈਨੂੰ ਨਾ ਆਖਦਾ, ਮੈ ਤੁਹਾਡਾ ੧੪,੦੦੦ ਰੁ: ਕਰਜਾ ਉਤਾਰਿਆ ਹੈ। ਤੁਸੀ ਮੇਰਾ ਕੀ ਗੁਣ ਜਾਣਿਆ ਹੈ, ਇਹ ਗੱਲ ਕਹਿ ਕੇ ਮੈ ਰੋਂਦਾ ਰੋਂਦਾ ਉਥੋਂ ਤੁਰ ਗਿਆ। 'ਮੇਰੇ ਦਿਲ ਵਿੱਚ ਇਹ ਗੱਲ ਆਈ ਕਿ ਮੈ ਇੱਕੱਲਾ ਹੀ ਚਲਾ ਜਾਵਾਂ ਤੇ ਲੜਕੀ ਵਾਲਿਆਂ ਦੀ ਜੇ ਦਲੀਲ ਹੋਈ ਤਾਂ ਵਿਆਹ ਕਰ ਦੇਣਗੇ ਨਹੀ ਤੇ ਜਿਧਰ ਮੇਰਾ ਦਿਲ ਕਰੇਗਾ ਚਲਿਆ ਜਾਵਾਂਗਾ। ਪਰ ਮੈਂ ਹੁਣ ਸੰਤਾਂ ਕੋਲ ਨਹੀ ਰਹਿਣਾ। ਪਰ ਸੰਤਾਂ ਨੇ ਮੇਰੇ ਪਿਛੇ ਸਾਧ ਭਜਾਏ ਤੇ ਉਹਨਾਂ ਨੇ ਮੈਨੂੰ ਰੋਕ ਲਿਆ ਤੇਂ ਮੈਂ ਉਥੇ ਹੀ ਬੈਠ ਗਿਆ ਤੇ ਕੁਝ ਚਿਰ ਬਾਅਦ ਸੰਤ ਵੀ ੧੦੦ ਕੁ ਬੰਦਾ ਨਾਲ ਲੈ ਕੇ ਮੇਰੇ ਪਾਸ ਆ ਗਏ। ਇਸ ਪਿੰਡ ਤੋਂ ਛੇ ਕੁ ਮੀਲ ਤੇ ਬੁੱਟਰ ਪਿੰਡ ਸੀ ਜਿਥੇ ਅਸਾਂ ਵਿਆਹੁਣ ਜਾਣਾਂ ਸੀ। ਸਾਨੂੰ ਏਥੇ ਹੀ ਦਿਨ ਛਿਪ ਗਿਆ ਤੇ ਉਧਰ ਤਿੰਨ ਵਜੇ ਦੇ ਟਾਈਮ ਤੇ ਨਰਾਇਣ ਸਿੰਘ ਦੂਸਰੀ ਜੰਵ ਲੈ ਕੇ ਪਹੁੰਚ ਗਿਆ ਤੇ ਪਿੰਡ ਵਾਲਿਆ ਨੇ ਉਸ ਜੰਵ ਨੂੰ ਤੇ ਵਿੱਚੇ ਨਰਾਇਣ ਸਿੰਘ ਨੂੰ ਮਾਰ ਮਾਰ ਕੇ ਡਾਂਗਾਂ ਪਿੰਡੋਂ ਭਜਾ ਦਿੱਤਾ। ਪੰਜ ਵਜੇ ਦੀ ਗੱਡੀ ਤੇ ਮੇਰੇ ਚਾਚੇ ਤੇ ਭਰਾਜੀ ਵੀ ਆ ਗਏ ਤੇ ਲੋਕਾਂ ਪੁਛਿਆ, "ਤੁਸੀ ਕੌਣ ਹੋ?" ਉਹਨਾਂ ਦਸਿਆ ਕਿ ਅਮਰ ਸਿੰਘ ਦੇ ਚਾਚੇ ਹਾਂ ਤੇ ਇਹ ਅਮਰ ਸਿੰਘ ਦਾ ਵੱਡਾ ਭਰਾ ਲਾਇਲਪੁਰ ਤੋਂ ਆਇਆ ਹੈ। ਉਧਰੋਂ ਦਿਨ ਛਿਪੇ ਮਗਰੋਂ ਅਸੀ ਵੀ ਪਹੁੰਚ ਗਏ ਤੇ ਢੋਲਕੀ ਮੇਰੇ ਗੱਲ ਵਿੱਚ ਪਾਈ; ਜੈਕਾਰਾ ਬੁਲਾਇਆ ਤੇ ਸਾਜ ਵੱਜਣ ਲੱਗ ਪਏ ਸ਼ਬਦ ਪੜ੍ਹਦੇ ਪੜ੍ਹਦੇ ਪਿੰਡ ਵਿੱਚ ਚਲੇ ਗਏ। ਲੋਕਾਂ ਬੜੇ ਪ੍ਰੇਮ ਨਾਲ ਸੇਵਾ ਕੀਤੀ ਪਰਸਾਦੇ ਛਕਾਏ। ਅਸੀ ਪ੍ਰਸਾਦਾ ਪਾਣੀ ਛਕ ਕੇ ਰਾਤ ਨੂੰ ਦਿਵਾਨ ਲਾ ਦਿੱਤਾ। ਰਾਤ ਦੋ ਵਜੇ ਤਕ ਕੀਰਤਨ ਹੁੰਦਾ ਰਿਹਾ ਤੇ ਸਵੇਰੇ ਆਨੰਦ ਕਾਰਜ ਹੋ ਗਿਆ। ਅੱਜ ਦਾ ਦਿਨ ਫਿਰ ਲੋਕਾਂ ਨੇ ਰੱਖ ਲਿਆ ਤੇ ਤੀਸਰੇ

ਦਿਨ ਸਾਨੂੰ ਵਿਦਿਆ ਕੀਤਾ ਗਿਆ ਤੇ ਅਸੀ ਗੱਡੀ ਚੜ੍ਹ ਕੇ ਸੰਤਾਂ ਦੇ ਪਿੰਡ ਬੂੜੇ ਡੱਲੇ ਆ ਗਏ. ਜ਼ਿਲ੍ਹਾ ਗੁਰਦਾਸਪੁਰ ਵਿੱਚ। ਸੰਤਾਂ ਦੀ ਜੋ ਘਰਵਾਲੀ ਸੀ ਉਹ ਸੀ ਮਾਈ ਤਾਰੋ। ਉਸਨੇ ਮੇਰੇ ਤੇ ਮੇਰੀ ਸਿੱਖਣੀ ਉੱਤੇ ਪਾਣੀ ਵਾਰ ਕੇ ਸਾਰੇ ਮਾਵਾਂ ਵਾਲੇ ਸ਼ਗਨ ਕੀਤੇ ਪਰ ਸੰਤਾਂ ਦੀ ਮਾਤਾ ਸ਼ੁਰੂ ਤੋਂ ਹੀ ਮੇਰੇ ਖਿਲਾਫ ਰਹਿੰਦੀ ਸੀ ਤੇ ਉਹ ਹੁਣ ਵੀ ਬੜੀ ਦੁਖੀ ਹੋਈ ਕਿ ਅਮਰ ਸਿੰਘ ਦਾ ਵਿਆਹ ਕਿਉਂ ਕੀਤਾ ਹੈ। ਅਮਰ ਸਿੰਘ ਸਾਡਾ ਕੀ ਲਗਦਾ ਹੈ ਅਸੀ ਜੱਟ ਤੇ ਇਹ ਤਰਖਾਣਾਂ ਦਾ ਮੁੰਡਾ ਹੈ।

# (੧੧) ਸੰਤਾਂ ਕੋਲੋਂ ਵਿਦਾਇਗੀ

ਜਦੋ ਕੁਝ ਦਿਨ ਰਹਿ ਕੇ ਪਰੀਤੋ ਨੇ ਵਾਪਿਸ ਜਾਣਾਂ ਸੀ ਤਾਂ ਸੰਤਾਂ ਨੇ ਅਪਣੀ ਮਾਤਾ ਨੂੰ ਆਖਿਆ ਕਿ ਲੜਕੀ ਨੂੰ ਵਾਪਿਸ ਭੇਜਣਾ ਹੈ ਤੇ ਕਪੜੇ ਬਣਾ ਦਿਓ। ਮਾਈ ਨੇ ਬੜਾ ਨੱਕ ਮੂੰਹ ਵੱਟਿਆ ਤੇ ਸੜੀ ਬਲੀ ਜਾ ਕੇ ਦੁਕਾਨ ਤੋਂ ਖੱਦਰ ਦਾ ਇੱਕ ਸੂਟ ਲੈ ਕੇ ਆਈ. ਮੈਂ ਵੇਖ ਕੇ ਚੁੱਪ ਕਰ ਰਿਹਾ, ਪਰ ਮੇਰੀ ਵੱਡੀ ਸਾਲੀ ਨੇ ਸੂਟ ਵੇਖਕੇ ਬੜਾ ਗੁੱਸਾ ਕੀਤਾ ਤੇ ਮੈਂ ਉਸਨੂੰ ਕਿਹਾ, "ਤੁਸੀ ਚੁੱਪ ਕਰ ਰਹੋ ਤੇ ਮੈਂ ਆਪ ਜਾ ਕੇ ਕਪੜੇ ਲੈ ਆਵਾਂਗਾ। ਤੁਸੀਂ ਕੋਈ ਫਿਕਰ ਨਾ ਕਰੋ।" ਮੈਂ ਇਹਨਾਂ ਦੋਹਾਂ ਭੈਣਾ ਨੂੰ ਮਾਈ ਦੇ ਘਰੋਂ ਗੁਰਦੁਵਾਰੇ ਲੈ ਗਿਆ ਤੇ ਹੱਟੀ ਤੋਂ 'ਦਿਲ ਦੀ ਪਿਆਸ' ਦੇ ਤਿੰਨ ਸੂਟ ਵਧੀਆ ਬਣਾਏ, ਇੱਕ ਸੂਟ ਸਾਲੀ ਦਾ ਤੇ ਦੋ ਪਰੀਤੋ ਵਾਸਤੇ। ਸੰਤਾਂ ਨੇ ਦੋ ਦਿਨ ਸਾਨੂੰ ਗੁਰਦੁਵਾਰੇ ਰਖਿਆ ਤੇ ਇਲਾਕੇ ਦੀ ਸੰਗਤ ਨੂੰ ਸੱਦ ਕੇ ਬਰਾਦਰੀ ਤੌਰ ਤੇ ਰੋਟੀ ਕੀਤੀ।

ਤੀਸਰੇ ਦਿਨ ਦੋਹਾਂ ਭੈਣਾ ਨੂੰ ਨਾਲ ਲੈ ਕੇ ਮੈਂ ਬੁੱਟਰੀ ਛੱਡ ਆਇਆ। ਮਾਘ ਦੇ ਮਹੀਨੇ ਦੁਬਾਰਾ ਮੈਨੂੰ ਸੱਦ ਕੇ ਮੇਰੇ ਸਹੁਰਿਆਂ ਨੇ ਮੁਕਲਾਵਾ ਤੋਰ ਦਿੱਤਾ ਤੇ ਮੈਂ ਫਿਰ ਪਰੀਤੋ ਨੂੰ ਸੰਤਾਂ ਦੇ ਪਿੰਡ ਬੂੜੇ ਡੱਲੇ ਲੈ ਆਂਦਾ। ਬੇਬੇ ਤਾਰੋ ਇਸ ਗੱਲ ਵਿੱਚ ਬੜੀ ਖੁਸ਼ ਸੀ ਤੇ ਸੰਤਾਂ ਦੀ ਮਾਂ ਬੜੀ ਦੁਖੀ ਹੋਈ। ਉਸਨੇ ਪਰੀਤੋ ਨੂੰ ਕਹਿਣਾਂ, "ਕੁੜੀਏ, ਤੇਰੇ ਮਾਪਿਆਂ ਨੇ ਤੇਰੇ ਨਾਲ ਬੜਾ ਜ਼ੁਲਮ ਕੀਤਾ ਹੈ, ਇਹ ਮੁੰਡਾ ਤੇ ਫਕੀਰ ਹੈ ਨਾ ਇਸਦੀ ਕੋਈ ਜਾਇਦਾਦ ਨਾ ਅਪਣਾ ਕੋਈ ਘਰ ਨਾ ਘਾਟ। ਮਾਂ ਪਿਉ ਮਰ ਗਿਆ ਸੀ, ਮੇਰੇ ਪੁੱਤਰ ਨੇ ਤਰਸ ਕਰਕੇ ਇਹਨੂੰ ਪਾਲਿਆ ਤੇ ਨਾ ਇਹਨੂੰ ਕੋਈ ਤਰਖਾਣਾਂ ਵਾਲਾ ਕੰਮ ਆਉਂਦਾ ਹੈ। ਤੇਰੇ ਮਾਪਿਆਂ ਨੇ ਖਰ੍ਹੇ ਕੀ ਵੇਖਕੇ ਤੇਰਾ ਵਿਆਹ ਇ.ਦੇ ਨਾਲ ਕਰ ਦਿੱਤਾ ਹੈ।"

ਇਹ ਗੱਲਾਂ ਸੁਣ ਸੁਣ ਕੇ ਪਰੀਤੋ ਨੇ ਰੋਣਾਂ ਤੇ ਬੇਬੇ ਤਾਰੋ ਨੇ ਮਾਤਾ ਤੋ ਚੋਰੀ ਚੋਰੀ ਪਰੀਤੋ ਨੂੰ ਹੌਸਲਾ ਦੇਣਾਂ। ਜਦੋਂ ਰਾਤ ਨੂੰ ਮੈ ਡੇਰੇ ਤੋ ਘਰ ਆਉਣਾਂ ਤੇ ਪਰੀਤੋ

ਨੇ ਮਾਈ ਦੀਆਂ ਕੀਤੀਆਂ ਸਾਰੀਆਂ ਗੱਲਾਂ ਮੈਨੂੰ ਦਸੱਣੀਆਂ ਤੇ ਮੈ ਉਸਨੂੰ ਆਖਣਾਂ, "ਤੂੰ ਕੋਈ ਫਿਕਰ ਨਾ ਕਰ, ਜੋ ਪ੍ਰਮਾਤਮਾਂ ਨੇ ਸਾਡੇ ਕਰਮਾਂ ਵਿੱਚ ਲਿਖਿਆ ਹੈ ਉਹ ਸਾਨੂੰ ਜਰੂਰ ਮਿਲ ਜਾਣਾਂ ਹੈ। ਫਿਕਰ ਕਰਨ ਦੀ ਕੋਈ ਲੋੜ ਨਹੀ। ਇਸੇ ਤਰ੍ਹਾਂ ਇੱਕ ਮਹੀਨਾਂ ਬੀਤ ਗਿਆ ਤੇ ਫਿਰ ਪਰੀਤੋ ਦਾ ਛੋਟਾ ਭਰਾ ਉਸ ਨੂੰ ਆ ਕੇ ਲੈ ਗਿਆ। ਫੱਗਣ ਵਿੱਚ ਤੇ ਚੇਤਰ ਤੋਂ ਬਾਅਦ ਵਿਸਾਖ ਵਿੱਚ ਜਦੋਂ ਕਣਕ ਦੀ ਵਾਢੀ ਪਈ ਤੇ ਕਣਕ ਗਾਹ ਕੇ ਦਾਣੇ ਘਰ ਲੈ ਆਂਦੇ ਤਾਂ ਮੈ ਸੰਤਾਂ ਪਾਸ ਇੱਕ ਅਰਜ ਕੀਤੀ ਕਿ ਮਹਾਰਾਜ ਜੀ, ਜੇ ਮੈਨੂੰ ਆਪ ਜੀ ਨੇ ਅਪਣੇ ਪਾਸ ਰੱਖਣਾਂ ਹੈ ਤਾਂ ਮੈਨੂੰ ਕੁਝ ਜ਼ਮੀਨ ਹਿੱਸੇ ਤੇ ਦੇ ਦਿਓ ਤੇ ਇੱਕ ਕੋਠਾ ਪਿੰਡ ਵਿੱਚ ਪਾ ਦਿਓ ਜਿਸ ਵਿੱਚ ਮੈ ਅਪਣਾਂ ਗੁਜਾਰਾ ਕਰਨਾ ਹੈ ਜੀ। ਮੈਨੂੰ ਸੰਤ ਕਹਿਣ ਲਗੇ, "ਜ਼ਮੀਨ ਜਿੰਨੀ ਤੇਰਾ ਜੀ ਕਰੇ ਵਾਹ ਲੈ ਪਰ ਤੈਨੂੰ ਸਾਰੀ ਜਿੰਦਗੀ ਮਾਈ ਦੇ ਹੁਕਮ ਵਿੱਚ ਰਹਿਣਾਂ ਪਵੇਗਾ ਤੇ ਉਸੇ ਕੋਠੇ ਵਿੱਚ ਗੁਜਾਰਾ ਕਰਨਾ ਪਵੇਗਾ। ਮੈਂ ਉੱਤਰ ਦਿੱਤਾ, "ਸੰਤ ਜੀ, ਨਾ ਮੈਂ ਉਸ ਕੋਠੇ ਵਿੱਚ ਰਵਾਂਗਾਂ ਤੇ ਨਾ ਮਾਈ ਦੇ ਐਂਟਰ ਵਿੱਚ ਰਵਾਂਗਾ ਜੀ।" ਸੰਤ ਕਹਿਣ ਲਗੇ, "ਜੇ ਤੂੰ ਮਾਈ ਦੇ ਐਂਟਰ ਵਿੱਚ ਨਹੀ ਰਹਿਣਾਂ ਤੇ ਤੂੰ ਅਪਣੇ ਪਿੰਡ, ਅਪਣੇ ਘਰ ਚਲਾ ਜਾ ਸ਼ਾਨੂੰ ਤੇਰੀ ਕੋਈ ਲੋੜ ਨਹੀਂ ਹੈ। ਮੈ ਕਿਹਾ, "ਮੈ ਸਵੇਰੇ ਚਲਾ ਜਾਵਾਂਗਾ।" ਰਾਤ ਕੱਟੀ, ਸ਼ਵੇਰੇ ਉੱਠਕੇ ਇਸ਼ਨਾਨ ਕੀਤਾ ਤੇ ਦਿਨ ਚੜ੍ਹ ਪਿਆ ਤੇ ਸਾਰੇ ਸਾਧਾਂ ਨੂੰ ਆਖਰੀ ਫਤਹਿ ਬੁਲਾ ਦਿੱਤੀ ਤੇ ਸਾਰੇ ਸਾਧ ਰੋਣ, ਮੈ ਵੀ ਰੋਵਾਂ ਆਖਿਰ ਰੋ ਰਾ ਕੇ, ਅੱਖਾਂ ਪੂੰਝ ਕੇ ਪਾਣੀ ਨਾਲ ਮੂੰਹ ਧੋਤਾ ਤੇ ਸੰਤਾਂ ਪਾਸ ਜਾ ਕੇ ਅਰਜ ਕੀਤੀ ਕਿ ਸੰਤ ਜੀ, ਉਹ ਕਛਹਿਰਾ ਡੋਰੀ ਤੇ ਪਿਆ ਹੈ ਤੇ ਅੰਦਰ ਜੁੱਤੀ ਪਈ ਹੈ ਜਿਸ ਨੂੰ ਤੁਹਾਡਾ ਚਿੱਤ ਕਰੇ ਦੇ ਦਿਓ। ਮੈ ਹੁਣ ਜਾ ਰਿਹਾ ਹਾਂ ਤੇ ਸੰਤਾਂ ਨੂੰ ਮੱਥਾ ਟੇਕਕੇ ਮੈ ਤੁਰ ਪਿਆ ਤੇ ਸੰਤਾਂ ਨੇ ਮੈਨੂੰ ਆਵਾਜ ਮਾਰੀ, ਤੇ ਸਾਰੇ ਸਾਧ ਇੱਕੱਠੇ ਕਰ ਲਏ ਤੇ ਸਭ ਦੇ ਸਾਹਮਣੇਂ ਮੈਨੂੰ ਕਹਿਣ ਲਗੇ, "ਦੇਖ, ਸਾਡੇ ਵੱਲ।" ਮੈ ਸੰਤਾਂ ਵਲ ਵੇਖਿਆ ਤੇ ਸੰਤਾਂ ਨੇ ਅਪਣੇ ਮੂੰਹ ਤੇ ਹੱਥ ਫੇਰ ਕੇ ਬੜੇ ਰੋਆਬ ਨਾਲ ਆਖਿਆ, "ਤੂੰ ਏਥੇ ਬੜੀਆਂ ਮੌਜਾਂ ਲਈਆਂ ਹਨ, ਤੇ ਇਸ ਵਕਤ ਨੂੰ ਯਾਦ ਕਰਕੇ ਰੋਵੇਂਗਾ ਕਿਉਂਕਿ ਤੈਨੂੰ ਤਰਖਾਣਾਂ ਕੰਮ ਕਰਨਾਂ ਨਹੀ ਆਉਂਦਾ। ਜ਼ਮੀਨ ਕੋਈ ਤੇਰੀ ਨਹੀ, ਤੂੰ ਫਿਰ ਸਾਡੇ ਕੋਲ ਹੀ ਭੁੱਖੇ ਮਰਦੇ ਨੇ ਆਉਣਾਂ ਹੈ ਤੇ ਅਸਾਂ ਫਿਰ ਤੈਨੂੰ ਇਸ ਨਿਗਾਹ ਨਾਲ ਨਹੀ ਦੇਖਣਾਂ ਜਿਸ ਨਾਲ ਅੱਜ ਦੇਖ ਰਹੇ ਹਾਂ।" ਮੈ ਵੀ ਅਰਜ ਕੀਤੀ, "ਸੰਤ ਜੀ ਮੈਂ ਮੌਜਾਂ ਵਾਲੇ ਦਿਨ ਹੀ ਯਾਦ ਨਹੀ ਰੱਖਣੇ ਸਗੋਂ ਦੁੱਖਾਂ ਵਾਲੇ ਦਿਨ ਯਾਦ ਰੱਖਾਂਗਾ। ਮੈ ਵੀ ਮੂੰਹ ਤੇ ਹੱਥ ਫੇਰਕੇ ਉੱਤਰ ਦਿੱਤਾ ਕਿ ਸੰਤ ਜੀ ਮੈ ਤੁਹਾਡੇ ਪਾਸ ਦਰਸ਼ਨ ਕਰਨ ਵਾਸਤੇ ਭਾਵੇਂ ਕਦੀ ਆ ਜਾਵਾਂ ਪਰ ਰਹਿਣ ਵਾਸਤੇ ਕਦੀ ਨਹੀ ਆਂਵਾਂਗਾ ਜੀ, ਜੇ ਕਰ ਮੈ ਸੁੱਖਾਂ ਦੇ ਦਿਨ ਯਾਦ ਕਰਕੇ ਰੋਵਾਂਗਾ ਤੇ ਤੁਸੀ ਵੀ ਆਖਰ ਦੇ ਦਿਨਾਂ ਤੱਕ ਅਮਰ

ਸਿੰਘ ਨੂੰ ਯਾਦ ਕਰ ਕਰਕੇ ਰੋਂਦੇ ਮਰੋਗੇ, ਮੇਰੇ ਵਰਗਾ ਚੇਲਾ ਤੁਹਾਨੂੰ ਨਹੀ ਲੱਭੇਗਾ।'' ਇਹ ਆਖਰੀ ਗੱਲ ਕਹਿ ਕੇ, ਮੱਥਾ ਟੇਕ ਕੇ ਸਾਧਾਂ ਨੂੰ ਰੋਂਦੇ ਛਡਕੇ ਨੰਗੀ ਪੈਰੀ ਮੈ ਤੁਰ ਪਿਆ। ਕੁਦਰਤੀਂ ਨਾ ਮੇਰੇ ਕੋਲ ਕੋਈ ਪੈਸਾ ਸੀ ਤੇ ਨਾ ਹੀ ਕਪੜਾ ਰੱਬ ਦੀ ਰਜ਼ਾ ਨਾਲ ਪਰਨਾ ਸਿਰਤੇ ਬੰਨ ਕੇ ਚਲ ਪਿਆ ਪੈਦਲ ਹੀ ਗੁਜਰ ਪੁਰੇ ਵਲ ਨੂੰ ਧਾਈ ਕਰ ਲਈ ਨਾਲੇ ਰੋਂਵਾਂ ਤੇ ਨਾਲੇ ਅੱਖਾਂ ਪੂੰਝ ਲਵਾਂ ਦਿਲ ਨਾਲ ਗੱਲਾਂ ਕਰੀ ਜਾਵਾਂ ਨਾਲੇ ਸੋਚਾ, ''ਅਮਰ ਸਿੰਘਾਂ ੧੪,੦੦੦ ਰੁ: ਕਰਜਾਂ ਸੰਤਾਂ ਦਾ ਤੂੰ ਉਤਾਰਿਆ, ਠੱਗੀਆਂ, ਚੋਰੀਆਂ ਕਰਕੇ ਤੇ ਤੈਨੂੰ ਅੱਜ ਇਹ ਇਨਾਮ ਮਿਲਿਆ। ੧੮ ਸਾਲਾਂ ਪਿਛੋਂ ਏਸੇ ਤਰ੍ਹਾਂ ਮਨ ਨਾਲ ਗੱਲਾਂ ਕਰਦਾ ਕਰਦਾ ੧੨ ਕੋਹ ਪੈਂਡਾ ਕਰ ਲਿਆ ਤੇ ਗੁਜਰਪੁਰੇ ਪਹੁੰਚ ਗਿਆ ਪਹਿਲਵਾਨ ਵੀਰ ਸਿੰਘ ਦੇ ਕੋਲ ਇਹ ਮੇਰਾ ਘੁਲਣ ਦਾ ਉਸਤਾਦ ਸੀ। ਮੈਂ ਉਸਨੂੰ ਜਾ ਕੇ ਫਤਹਿ ਬੁਲਾਈ ਤੇ ਉਸਨੇ ਮੇਰੇ ਵਲ ਤਕ਼ਿਆ ਮੈਂ ਪੈਰੋਂ ਨੰਗਾ ਤੇ ਕੋਲ ਕੋਈ ਕਪੜਾ ਵੀ ਨਹੀਂ ਇਹ ਸਭ ਵੇਖ ਕੇ ਮੈਨੂੰ ਪੁੱਛਣ ਲਗਾ, ''ਕੀ ਗੱਲ, ਤੇਰੀ ਇਹ ਹਾਲਤ ਕਿਉਂ ਹੈ।'' ਮੈ ਚੁੱਪ ਕਰਕੇ ਮੰਜੇ ਤੇ ਬੈਠ ਗਿਆ ਤੇ ਪਹਿਲਵਾਨ ਦੀ ਮਾਤਾ ਮਿੱਠਾ ਪਾਣੀ ਬਣਾਂ ਕੇ ਲਿਆਈ। ਮੈ ਜਲ ਛਕਿਆ ਤੇ ਪਹਿਲਵਾਨ ਮੇਰੇ ਪਾਸ ਬੈਠਕੇ ਕਹਿਣ ਲਗਾ, ''ਸੱਚ ਦੱਸ ਕੀ ਗੱਲ ਹੈ।'' ਮੈਂ ਸਾਰੀ ਕਹਾਣੀ ਜੋ ਮੇਰੇ ਨਾਲ ਬੀਤੀ ਸੀ ਦੱਸ ਦਿੱਤੀ। ਉਹ ਸੁਣ ਕੇ ਡਾਢਾ ਦੁਖੀ ਹੋਇਆ ਫਿਰ ਮੈਨੂੰ ਜੱਫੀ ਵਿੱਚ ਲੈ ਕੇ ਹੌਸਲਾ ਦਿੱਤਾ ਤੇ ਕਿਹਾ, ''ਤੂੰ ਕੋਈ ਫਿਕਰ ਨਾ ਕਰ ਜਿੰਦਗੀ ਵਿੱਚ ਕਈ ਦਿਨ ਆਉਂਦੇ ਹਠ ਮਰਦ ਨਹੀ ਘਬਰਾਉਂਦੇ ਹੁੰਦੇ, ਨੂੰ ਫਿਕਰ ਨਾ ਕਰ ਤੇਰੀ ਮਦਦ ਖੁਦ ਪ੍ਰਮਾਤਮਾ ਕਰੇਗਾ। ਤੂੰ ਸੰਤਾਂ ਦੀ ਸੇਵਾ ਬੜੀ ਕੀਤੀ ਹੈ ਰੱਬ ਤੇਰੀ ਮਦਦ ਕਰੇਗਾ ਪਰ ਸੰਤਾਂ ਨੂੰ ਤੇਰੇ ਵਰਗਾ ਹੋਰ ਚੇਲਾ ਨਹੀਂ ਮਿਲਣਾਂ ਤੇ ਨਾ ਅੱਗੇ ਤੋਂ ਤੇਰੇ ਵਰਗਾ ਸੰਤਾਂ ਪਾਸ ਆਵੇਗਾ ਤੇ ਨਾ ਐਸਾ ਆਗਿਆਕਾਰੀ ਚੇਲਾ ਪਹਿਲਾਂ ਉਹਨਾਂ ਕੋਲ ਆਇਆ ਹੈ। ਇਹ ਤੇਰਾ ਹੀ ਕੰਮ ਸੀ ਕਿ ਸੰਤਾਂ ਦਾ ਐਨਾ ਕਰਜਾ ਉਤਾਰ ਦਿੱਤਾ ਹੈ, ਵਾਹੀ ਕਰਕੇ ਤੇ ਮਾਲਵੇ ਵਲੋਂ ਡੰਗਰ ਲਿਆ ਲਿਆ ਕੇ, ਝੂਠ ਸੱਚ ਬੋਲ ਬੋਲ ਕੇ, ਭੁੱਖੇ ਰਹਿ ਰਹਿ ਕੇ, ਕਈ ਮੁਸੀਬਤਾਂ ਕੱਟਕੇ ਕਰਜਾ ਉਤਾਰਿਆ ਪਰ ਸੰਤਾਂ ਤੇਰੀ ਕਦਰ ਨਹੀਂ ਪਾਈ ਚਲੋ ਖੈਰ, ਜੋ ਦਾਤੇ ਦਾ ਹੁਕਮ ਪਰ ਤੂੰ ਘਾਬਰੀ ਨਾਂ ਐਹੋ ਜਿਹੀਆਂ ਗੱਲਾਂ ਕਰਦਿਆ ਕਰਦਿਆਂ ਰਾਤ ਬੀਤ ਗਈ।

ਸਵੇਰੇ ਉੱਠਕੇ ਇਸ਼ਨਾਨ ਕੀਤਾ ਨਿਤਨੇਮ ਕੀਤਾ ਤੇ ਪਰਸਾਦਾ ਪਕਾ ਕੇ ਮਾਤਾ ਨੇ ਮੈਨੂੰ ਦਿੱਤਾ ਮੈ ਪ੍ਰਸਾਦਾ ਛਕ ਕੇ ਤੁਰਨ ਲਗਾ ਤੇ ਵੀਰ ਸਿੰਘ ਨੇ ਆਖਿਆ ਕਿ ਚਾਰ ਪੰਜ ਦਿਨ ਰਹਾਂ ਪਰ ਮੈਂ ਨਾ ਰੁਕਿਆ ਉਸਨੇ ਮੈਨੂੰ ਪੰਜ ਰੁਪਏ ਦਿੱਤੇ ਕਿ ਰਸਤੇ ਵਿੱਚ ਕਿਤੇ ਕੰਮ ਆਉਣਗੇ। ਮੈ ਉਥੇ ਚਲਕੇ ਜੈਤੀਪੁਰ ਸਟੇਸ਼ਨ ਤੇ ਆ ਕੇ ਅੰਮ੍ਰਿਤਸਰ ਦੀ ਗੱਡੀ ਫੜੀ ਤੇ ਸਿੱਧਾ ਅੰਮ੍ਰਿਤਸਰ ਆ ਗਿਆ। ਮੈ ੧੩ ਆਨਿਆਂ ਦੀ ਕਪੜੇ ਦੀ

ਗੁਰਗਾਬੀ ਖਰੀਦ ਕੇ ਪੈਰੀ ਪਾਈ ਤੇ ੯ ਆਨਿਆਂ ਦਾ ਪਜਾਮਾਂ ਸੁਵਾਂ ਕੇ ਤੇੜ ਪਾ ਲਿਆ। ਕੁੜਤਾ ਧੋ ਲਿਆ ਤੇ ਤਿੰਨ ਗਜ ਮਲਮਲ ਲੈ ਲਈ ੧੨ ਆਨਿਆਂ ਦੀ। ਸ਼ਾਮ ਨੂੰ ਟਿਕਟ ਲੈ ਕੇ ਮੋਮਨ ਦੇ ਸਟੇਸ਼ਨ ਤੇ ਜਾ ਉੱਤਰਿਆ ਰਾਤ ਦੇ ਦੋ ਵਜੇ, ਉਸੇ ਵੇਲੇ ਤੁਰ ਕੇ ਬੁੱਟਰੀਂ ਸਹੁਰਿਆਂ ਦੇ ਘਰ ਚਲਾ ਗਿਆ। ਉਹ ਸਾਰਾ ਟੱਬਰ ਮਿਲਿਆ ਤੇ ਰਾਜੀ ਖੁਸ਼ੀ ਪੁੱਛੀ ਫਿਰ ਇਸ਼ਨਾਨ ਕੀਤਾ ਦਿਨ ਚੜ੍ਹਿਆ ਪ੍ਰਸਾਦਾ ਛਕਿਆ ਤੇ ਮੈਨੂੰ ਚਾਚੀ ਨੇ ਪੁਛਿਆ, "ਅਮਰ ਸਿੰਘਾਂ ਅੱਜ ਕਿਧਰੋਂ ਆਇਆ ਏਂ।" ਮੈਂ ਉੱਤਰ ਦਿੱਤਾ, "ਚਾਚੀ ਜੀ, ਲਾਇਲਪੁਰ ਦੇ ਇਲਾਕੇ ਵਿੱਚੋਂ ਘੋੜੀਆਂ ਖਰੀਦੀਆਂ ਹਨ ਤੇ ਵਾਪਿਸ ਡੇਰੇ ਜਾਣਾਂ ਸੀ ਤੇ ਮੇਰਾ ਦਿਲ ਕੀਤਾ ਕਿ ਹੁਣ ਲਾਗੇ ਆਇਆ ਹਾਂ ਮਿਲਦਾ ਜਾਵਾਂ।" ਚਾਚੀ ਕਹਿਣ ਲਗੀ, "ਪੁੱਤਰ ਮੈ ਤੈਨੂੰ ਇੱਕ ਗੱਲ ਆਖਾਂ ਜੇ ਤੂੰ ਗੁੱਸਾ ਨਾ ਕਰੇ ਤਾਂ।" ਮੈਂ ਹੱਸਕੇ ਆਖਿਆ, "ਚਾਚੀ ਜੀ ਜੋ ਤੁਹਾਡੀ ਮਰਜੀ ਹੈ ਆਖੋ ਜੀ।" ਚਾਚੀ ਨੇ ਆਖਿਆ, "ਦੇਖ ਪੁੱਤਰ ਤੇਰੇ ਵਾਸਤੇ ਮੈਂ ਆਪਣਾਂ ਸਕਾ ਭਰਾ ਛੱਡ ਦਿੱਤਾ ਹੈ ਤੇ ਤੈਨੂੰ ਸਾਕ ਦੇ ਦਿੱਤਾ, ਹੁਣ ਮੇਰੀ ਇੱਜਤ ਤੇਰੇ ਹੱਥ ਹੈ ਤੇ ਮੇਰੇ ਆਖੇ ਲਗ ਕੇ ਕੰਮ ਸਿੱਖ, ਸੰਤਾਂ ਕੋਲੋਂ ਘਰ ਆ ਜਾ।" ਮੈਂ ਆਖਿਆ ਕਿ ਚਾਚੀ ਜੀ ਜੇ ਤੁਸੀ ਖੁਸ਼ ਹੋ ਮੇਰੇ ਸੰਤਾਂ ਕੋਲੋਂ ਆ ਜਾਣ ਵਿੱਚ ਤਾਂ ਮੈਂ ਹੁਣੇ ਹੀ ਨਹੀਂ ਜਾਂਦਾ।" ਚਾਚੀ ਨੇ ਜੁਵਾਬ ਦਿੱਤਾ, "ਪੁੱਤਰ, ਜੇ ਤੂੰ ਰਹਿ ਜਾਵੇਂ ਤੇ ਮੈਂ ਪ੍ਰਸ਼ਾਦ ਵੰਡਾਗੀ।" ਮੈਂ ਕਿਹਾ ਕਿ ਤੁਸੀ ਪ੍ਰਸ਼ਾਦ ਵੰਡੋ ਮੈਂ ਨਹੀ ਜਾਂਦਾ ਸੰਤਾਂ ਕੋਲ ਹੁਣ। ਉਸੇ ਵੇਲੇ ਪ੍ਰਸਾਦ ਵੰਡਿਆ ਗਿਆ, ਸਾਰਾ ਦਿਨ ਲੰਘ ਗਿਆ, ਰਾਤ ਪਈ, ਮੈਂ ਪ੍ਰਸਾਦਾ ਛਕ ਕੇ ਕੋਠੇ ਤੇ ਜਾ ਕੇ, ਮੰਜੇ ਤੇ ਬੈਠ ਕੇ, ਪਰੀਤੋ ਨੂੰ ਆਵਾਜ ਮਾਰੀ ਉਹ ਮੇਰੇ ਪਾਸ ਆਈ ਤੇ ਮੈਂ ਪਰੀਤੋਂ ਨੂੰ ਸਾਰੀ ਕਹਾਣੀ ਸੁਣਾਈ ਕਿ ਮੈਂ ਕਿਸ ਤਰ੍ਹਾਂ ਸੰਤਾਂ ਕੋਲੋ ਆਇਆ ਹਾਂ, ਗੁੱਸੇ ਹੋ ਕੇ। ਇਹ ਗੱਲ ਸੁਣਕੇ ਪਰੀਤੋ ਬੜੀ ਖੁਸ਼ ਹੋਈ ਉਸਨੇ ਉਸੇ ਵੇਲੇ ਅਪਣੀ ਮਾਂ ਨੂੰ ਆਵਾਜ ਮਾਰੀ ਕਿ ਚਾਚੀ ਜੀ ਛੇਤੀ ਸਾਡੇ ਕੋਲ ਆਉ ਤੁਹਾਨੂੰ ਖੁਸ਼ੀ ਦੀ ਗੱਲ ਦੱਸਾਂ। ਚਾਚੀ ਜੀ ਸਾਡੇ ਕੋਲ ਆ ਕੇ ਬੈਠ ਗਏ ਤੇ ਪਰੀਤੋ ਨੇ ਆਖਿਆ, "ਚਾਚੀ ਜੀ, ਵਧਾਈ ਜੇ ਤੁਹਾਨੂੰ, ਤੁਹਾਡਾ ਜਵਾਈ ਸੰਤਾਂ ਨਾਲ ਗੁੱਸੇ ਹੋ ਕੇ ਆ ਗਿਆ ਹੈ ਤੇ ਹੁਣ ਸੰਤਾਂ ਕੋਲ ਨਹੀ ਜਾਣਾਂ।" ਚਾਚੀ ਨੇ ਮੇਰੇ ਸਿਰ ਤੇ ਪਿਆਰ ਦਿੱਤਾ ਤੇ ਕਹਿਣ ਲਗੀ, "ਮੇਰੀ ਫਰਿਆਦ ਰੱਬ ਨੇ ਸੁਣ ਲਈ ਹੈ।" ਉਸੇ ਵੇਲੇ ਇੱਹ ਗੱਲ ਚਾਚੀ ਨੇ ਚਾਚਾ ਜੀ ਨੂੰ ਦੱਸੀ। ਚਾਚਾ ਜੀ ਵੀ ਬੜੇ ਖੁਸ਼ ਹੋਏ ਸਾਰੇ ਪ੍ਰੀਵਾਰ ਨੂੰ ਖੁਸ਼ੀ ਚੜ੍ਹ ਗਈ ਸਾਰੇ ਆ ਕੇ ਮੇਰੇ ਕੋਲ ਬੈਠ ਗਏ ਤੇ ਮੈਨੂੰ ਪੁੱਛਣ ਕਿ ਸੱਚੀ ਆ ਗਿਆ ਹਾਂ ਕਿ ਮਖੌਲ ਕਰ ਰਿਹਾਂ ਹਾਂ? ਜਦੋਂ ਮੈਂ ਸਾਰੀ ਗੱਲ ਦਸੀ ਤਾਂ ਸਾਰਾ ਪ੍ਰੀਵਾਰ ਖੁਸ਼ ਹੋ ਗਏ। ਰਾਤ ਸੁੱਤੇ, ਸਵੇਰੇ ਉੱਠ ਕੇ ਇਸ਼ਨਾਨ ਕੀਤਾ, ਨਿਤਨੇਮ ਕੀਤਾ, ਤੇ ਬਾਅਦ ਵਿੱਚ ਚਾਚੀ ਮੇਰੇ ਕੋਲ ਆ ਕੇ ਕਹਿਣ ਲਗੀ ਕਿ ਅਮਰ ਸਿੰਘ ਤੂੰ ਆਪਣੇ

ਚਾਚੇ ਕੋਲੋਂ ਕੰਮ ਸਿੱਖ ਲੈ ਤੇ ਸਾਡੇ ਪਾਸ ਇੱਕ ਸਾਲ ਰਹੋ। ਮੈ ਉੱਤਰ ਦਿੱਤਾ, "ਚਾਚੀ ਜੀ ਕੋਲ ਰਹਿਣ ਨਾਲ ਇੱਜਤ ਨਹੀ ਰਹਿੰਦੀ, ਕਦਰ ਘਟ ਜਾਂਦੀ ਹੈ, ਪਿਆਰ ਨਹੀ ਰਹਿੰਦਾ, ਇਸ ਵਾਸਤੇ ਮੈ ਤੁਹਾਡੇ ਪਾਸ ਦਰਸ਼ਨ ਮੇਲਾ ਕਰਨ ਤੇ ਭਾਵੇਂ ਆ ਜਾਵਾਂ ਦਸ ਵੀਹ ਦਿਨਾਂ ਬਾਅਦ ਜਾਂ ਮਹੀਨੇ ਬਾਅਦ ਪਰ ਤੁਹਾਡੇ ਪਾਸ ਨਹੀ ਰਹਿਣਾ।

ਮੈ ੧੫ ਦਿਨ ਇੱਥੇ ਰਹਿ ਕੇ ਅਪਣੇ ਪਿੰਡ ਵੇਰਕੇ ਆਉਣ ਦੀ ਤਿਆਰੀ ਕੀਤੀ ਪਰ ਮੇਰੇ ਕੋਲ ਪੈਸਾ ਕੋਈ ਨਹੀ ਸੀ। ਮੈ ਪ੍ਰੀਤਮ ਕੌਰ ਨੂੰ ਪੁਛਿਆ ਕਿ ਉਸ ਕੋਲ ਕੁਝ ਰੁ: ਹੈਨ ਕਿ ਨਹੀ, ਉਸਨੇ ਦਸਿਆ ਕਿ ਉਸ ਕੋਲ ੫੦ ਰੁ: ਹਨ। ਮੈਨੂੰ ਬੜੀ ਖੁਸ਼ੀ ਹੋਈ। ਉਸ ਵਕਤ ਜਿਸ ਕੋਲ ੧੦੦ ਰੁ: ਹੁੰਦਾ ਸੀ ਉਸ ਨੂੰ ਬੜਾ ਅਮੀਰ ਸਮਝਿਆ ਜਾਂਦਾ ਸੀ। ਐਡਾ ਸਸਤਾ ਜਮਾਨਾ ਸੀ। ਮੈ ਤੇ ਪ੍ਰੀਤਮ ਕੌਰ ਤਿਆਰ ਹੋ ਕੇ ਤੁਰ ਪਏ ਚਾਚੀ ਜੀ ਕੋਲੋ ਇਜਾਜਤ ਲੈ ਲਈ। ਤੁਰਨ ਲਗਿਆ ਚਾਚੀ ਨੇ ਮੈਨੂੰ ਅਲਗ ਕਰਕੇ ਸਾਰੇ ਪ੍ਰੀਵਾਰ ਤੋ ਚੋਰੀ ੧੦੦ ਰੁ: ਦਿੱਤਾ ਤੇ ਕਹਿਣ ਲਗੀ ਕਿ ਕਿਤੇ ਕੰਮ ਆ ਜਾਵੇਗਾ। ਸਾਨੂੰ ਬੜੀ ਖੁਸ਼ੀ ਹੋਈ ਕਿ ਸਾਡੇ ਕੋਲ ੧੫੦ ਰੁ: ਹੋ ਗਏ ਹਨ। ਅਸੀ ਅਪਣੇ ਨਗਰ ਵੇਰਕੇ ਆ ਗਏ। ਥੋੜੇ ਦਿਨਾਂ ਬਾਅਦ ਸਾਡੀ ਭੈਣ ਦੀ ਲੜਕੀ ਦੀ ਸ਼ਾਦੀ ਸੀ। ਵੱਡੇ ਭਰਾ ਜੀ ਵੀ ਲਾਇਲਪੁਰ ਤੋਂ ਆ ਗਏ ਕਰਤਾਰ ਸਿੰਘ ਜੀ (ਵੱਡੇ ਭਰਾ ਜੀ) ਨੇ ਬੀਬੀ ਦੀ ਲੜਕੀ ਵਾਸਤੇ ਲਾਇਲਪੁਰ ਤੋ ਹੀ ਬਰਤਨ ਤੇ ਕਪੜੇ ਵਗੈਰਾ ਲੈ ਆਂਦੇ ਸੀ। ਜਿਹਨਾਂ ਵਿੱਚ ਮੈਂ ਸਿਰਫ ੨੧ ਰੁ: ਦਿੱਤੇ ਸੀ ਬਦੋ ਬਦੀ ਜ਼ੋਰ ਨਾਲ। ਚਲੋ ਜੀ ਬੀਬੀ ਦੀ ਲੜਕੀ ਦਾ ਵਿਆਹ ਹੋ ਗਿਆ। ਅਸੀ ਦੋਵੇ ਭਰਾ ਵਾਪਿਸ ਵੇਰਕੇ ਚਲੇ ਗਏ ਸੁਮੇਤ ਪਰਿਵਾਰ। ਇਸ ਵਕਤ ਭਰਾ ਜੀ ਦੇ ਘਰ ਦੋ ਲੜਕੀਆਂ ਸਨ ਤੇ ਲੜਕਾ ਅੱਜੇ ਕੋਈ ਨਹੀ ਸੀ। ਵੇਰਕੇ ਆ ਕੇ ਦੋ ਤਿੰਨ ਦਿਨ ਦੇ ਬਾਅਦ ਭਰਾ ਜੀ ਮੈਨੂੰ ਕਹਿਣ ਲਗੇ ਕਿ ਅਮਰ ਸਿੰਘ ਇੱਕ ਸਲਾਹ ਕਰੀਏ। ਮੈ ਆਖਿਆ, "ਸਤਿ ਬਚਨ ਜੀ।" ਦਿਨ ਜੇਠ ਦੇ ਸਨ, ਭਰਾ ਜੀ ਨੇ ਕਿਹਾ, "ਪ੍ਰੀਤਮ ਕੌਰ ਨੂੰ ਵੀ ਬੁਲਾ ਲੈ।" ਮੈ ਤੇ ਪ੍ਰੀਤਮ ਕੌਰ, ਭਰਾ ਜੀ ਤੇ ਭਾਬੀ ਕੇਸਰ ਕੌਰ ਅਸੀ ਚਾਰੇ ਹੀ ਆਪਣੇ ਮਕਾਨ ਅੰਦਰ ਬੈਠ ਗਏ ਤੇ ਦਰਵਾਜਾ ਬੰਦ ਕਰ ਲਿਆ ਤੇ ਭਰਾ ਜੀ ਨੇ ਮੈਨੂੰ ਪੁਛਿਆ, "ਸੰਤ ਜੀ, ਹੁਣ ਤੁਸੀ ਦਸੋ ਕਿ ਕਿੱਥੇ ਰਹਿਣਾਂ ਹੈ, ਫਿਰ ਸੰਤਾਂ ਪਾਸ ਜਾਣਾਂ ਹੈ ਜਾ ਘਰ ਕੰਮ ਕਾਰ ਕਰਨਾਂ ਹੈ?" ਮੈ ਕਿਹਾ, "ਮੈ ਕਿਧਰੇ ਨਹੀ ਜਾਣਾ ਹੁਣ ਕੰਮ ਸਿੱਖਣਾ ਹੈ।" ਭਰਾ ਜੀ ਬੜੇ ਖੁਸ਼ ਹੋਏ ਤੇ ਕਹਿਣ ਲਗੇ, "ਅਸੀ ਇੱਕੱਠੇ ਰਹਾਂਗੇ ਤੇ ਪ੍ਰਸਾਦਾ ਵੀ ਇੱਕੋ ਥਾਂ ਪੱਕੇ ਗਾ ਕਪੜਿਆਂ ਦਾ ਵੀ ਕੋਈ ਵਿਤਕਰਾ ਨਹੀ ਹੋਵੇਗਾ। ਮੇਰ ਤੇਰ ਕੋਈ ਨਾ ਹੋਵੇ।" ਇਹ ਸਭ ਗੱਲਾਂ ਅਸਾਂ ਦੋਵਾਂ ਨੇ ਮਨਜ਼ੂਰ ਕਰ ਲਈਆਂ ਤੇ ਭਰਾ ਜੀ ਕਹਿਣ ਲਗੇ, "ਇੱਕ ਗੱਲ ਹੈ ਕਿ ਜਿੰਨਾਂ ਚਿਰ ਮੈ ਦੋਵੇ ਲੜਕੀਆਂ ਨਾ ਵਿਆਹ ਲਵਾਂ ਉਨਾਂ

ਚਿਰ ਤੂੰ ਅੱਡ ਨਹੀ ਹੋ ਸਕਦਾ, ਲੜਕੀਆਂ ਦੇ ਵਿਆਹ ਤੋ ਬਾਅਦ ਜਦੋਂ ਜੀ ਕਰੇ ਤੂੰ ਅੱਡ ਹੋ ਜਾਵੀਂ।'' ਮੈ ਕਿਹਾ, '' ਜੇ ਉਨੇ ਚਿਰ ਵਿੱਚ ਮੇਰੇ ਘਰ ਕੋਈ ਬੱਚਾ ਪੈਦਾ ਹੋ ਗਿਆ ਤਾਂ।'' ਭਰਾ ਜੀ ਕਹਿਣ ਲਗੇ ਉਸਦੀ ਸ਼ਾਦੀ ਤੇ ਵੀ ਖਰਚ ਸਾਂਝਾ ਹੀ ਕਰਾਂਗੇ। ਮੈ ਕਿਹਾ, ''ਜੀ ਬਿਲਕੁਲ ਠੀਕ ਹੈ। ਮੈਨੂੰ ਸਭ ਮਨਜ਼ੂਰ ਹੈ ਪੱਕੀ ਗੱਲ ਹੋ ਗਈ, ਬੜੀ ਖੁਸ਼ੀ ਹੋਈ।'' ਭਰਾ ਜੀ ਕਹਿਣ ਲਗੇ ਕਿ ਚੌਥੇ ਦਿਨ ਨੂੰ ਲਾਇਲਪੁਰ ਚਲਾਂਗੇ ਮੈ ਕਿਹਾ ਠੀਕ ਹੈ ਬਹੁਤ ਅੱਛਾ ਜੀ ਸਭ ਗੱਲਬਾਤ ਪੱਕੀ ਕਰ ਲਈ ਤੇ ਰਾਤ ਨੂੰ ਸਾਰੇ ਸੌ ਗਏ।

# (੧੨) ਵੇਰਕੇ ਆ ਕੇ ਕਿਰਤ ਕਰਨੀ

ਸਵੇਰੇ ਉੱਠੇ ਇਸ਼ਨਾਨ ਕੀਤਾ ਤੇ ਨਿਤਨੇਮ ਵੀ ਕਰ ਲਿਆ ਦਿਨ ਚੜ੍ਹਿਆ, ਪ੍ਰਸਾਦੇ ਪੱਕੇ, ਸਾਰਿਆਂ ਬੈਠ ਕੇ ਛਕੇ। ਮੈ ਬਾਹਰ ਫਿਰਨ ਤੁਰਨ ਚਲਾ ਗਿਆ ਜਦੋ ੧੨ ਕੁ ਵਜੇ ਮੈ ਘਰ ਆਇਆ ਤਾਂ ਭਰਾ ਜੀ ਕਰਤਾਰ ਸਿੰਘ ਜੀ ਨੇ ਮੈਨੂੰ ਆਵਾਜ ਮਾਰੀ ਤੇ ਮੈ ਉਹਨਾਂ ਕੋਲ ਗਿਆ ਤੇ ਪੁਛਿਆ ਕਿ ਕੀ ਹੁਕਮ ਹੈ ਤੇ ਭਰਾ ਜੀ ਕਹਿਣ ਲਗੇ, "ਇੱਕਠਿਆ ਰਹਿਣ ਵਾਲੀ ਸਲਾਹ ਤੇਰੀ ਭਰਜਾਈ ਕੇਸਰੀ ਨਹੀ ਮੰਨਦੀ। ਉਹ ਕਹਿੰਦੀ ਹੈ ਕਿ ਅਸਾਂ ਮਸ੍ਹਾਂ ਘਰ ਬਣਾਇਆ ਹੈ ਤੇ ਅਸੀ ਅਮਰ ਸਿੰਘ ਨੂੰ ਨਾਲ ਨਹੀ ਰੱਖਣਾਂ। ਉਹਦਾ ਕੋਈ ਇਤਬਾਰ ਨਹੀ ਕਿਤੇ ਫਿਰ ਸੰਤਾਂ ਨਾਲ ਚਲਿਆ ਜਾਏ, ਇਸ ਵਾਸਤੇ ਅਸੀਂ ਇੱਕੱਠੇ ਨਹੀ ਰਹਿਣਾ। ਇਸ ਕਰਕੇ ਉਹ ਅਪਣੀ ਕਮਾਵੇ ਤੇ ਅਪਣੀ ਖਾਵੇ।" ਮੈ ਜੁਵਾਬ ਦਿੱਤਾ, "ਕੋਈ ਫਿਕਰ ਵਾਲੀ ਗੱਲ ਨਹੀ ਭਰਾ ਜੀ, ਜਿਸ ਨੇ ਮੈਨੂੰ ਪੈਦਾ ਕੀਤਾ ਹੈ ਉਸਨੂੰ ਮੇਰੀ ਫਿਕਰ ਵੀ ਹੈ ਜੋ ਮੇਰੇ ਕਰਮਾ ਵਿੱਚ ਲਿਖਿਆ ਹੈ ਉਹ ਮੈਨੂੰ ਜਰੂਰ ਮਿਲ ਜਾਣਾਂ ਹੈ। ਤੁਸੀ ਆਪਣੇ ਘਰ ਰਾਜੀ ਖੁਸ਼ੀ ਰਹੋ।" ਤੀਸਰੇ ਦਿਨ ਨੂੰ ਭਰਾ ਹੋਰਾਂ ਨੇ ਲਾਇਲ ਪੁਰ ਜਾਣਾਂ ਸੀ। ਜਾਣ ਲਗਿਆ ਮੈਨੂੰ ਪੁਛਿਆ, "ਤੂੰ ਹੁਣ ਕਿੱਥੇ ਰਹਿਣਾਂ ਹੈ।" ਮੈ ਜੁਵਾਬ ਦਿੱਤਾ, "ਮੈ ਤਾਂ ਹੁਣ ਵੇਰਕੇ ਹੀ ਰਹਾਂਗਾਂ ਜੀ।" ਇਹ ਗੱਲ ਸੁਣ ਕੇ ਭਰਾ ਜੀ ਉਸੇ ਵੇਲੇ ਅੰਮ੍ਰਿਤਸਰੋ ਜਾ ਕੇ ਲੱਕੜ ਦੀਆਂ ਫੱਟੀਆਂ ਚਿਰਾ ਕੇ ਲੈ ਆਏ ਰਾਤ ਪੈ ਗਈ ਸਵੇਰੇ ਉੱਠ ਕੇ ਸੁਬਾਹ ਹੀ ਮੈਨੂੰ ਕਹਿਣ ਲਗੇ ਕਿ ਮੇਰੇ ਕੋਲ ਆ, ਮੈ ਉਹਨਾਂ ਪਾਸ ਗਿਆ ਤੇ ਉਹ ਕਹਿਣ ਲਗੇ, "ਜੇਕਰ ਤੂੰ ਪਿੰਡ ਰਹਿਣਾਂ ਹੈ ਤਾਂ ਮੇਰੇ ਨਾਲ ਘਰ ਵੰਡ ਲੈ।" ਮੈ ਕਿਹਾ ਸਤਿ ਬਚਨ ਜੀ।" ਭਰਾ ਜੀ ਨੇ ਮੈਨੂੰ ਮਕਾਨ ਦਾ ਤੀਸਰਾ ਹਿੱਸਾ ਵੰਡ ਦਿੱਤਾ ਤੇ ਵਿੱਚ ਲਕੜ ਦੇ ਫੱਟੇ ਲਗਾ ਦਿੱਤੇ ਮੈ ਕੋਈ ਗੱਲ ਨਾ ਕੀਤੀ, ਚੁੱਪ ਕਰ ਰਿਹਾ, ਤੇ ਭਰਾ ਭਰਜਾਈ ਸੁਮੇਤ ਪਰਿਵਾਰ ਜੰਦਰੇ ਮਾਰ ਕੇ ਲਾਇਲਪੁਰ ਨੂੰ ਚਲੇ ਗਏ। ਰਾਤ ਪਈ ਪਰੀਤੋ ਨੇ ਪ੍ਰਸਾਦੇ ਪਕਾ ਕੇ ਮੈਨੂੰ ਪਰਸਾਦਾ ਛਕਣ ਨੂੰ ਕਿਹਾ ਪਰ ਪਰਸਾਦਾ ਛਕਣ ਨੂੰ ਜੀ ਨਾ ਕਰੇ। ਮੈ ਮੰਜੇ ਤੇ ਲੰਮਾਂ ਪੈ ਗਿਆ

। ਪਰਸਾਦੇ ਪੱਕੇ ਹੀ ਪਏ ਰਹੇ, ਕਿਸੇ ਨੇ ਵੀ ਨਾ ਖਾਧੇ ਮੇਰੇ ਦਿਲ ਵਿੱਚ ਇਹ ਖਿਆਲ ਆਇਆ ਕਿ ਮੈ ਤਾਂ ਸੈਤਾਂ ਕੋਲੋ ਰੁੱਸ ਕੇ ਆ ਗਿਆ ਸਾਂ, ਇਸ ਹੌਸਲੇ ਵਿੱਚ ਕਿ ਮੈ ਅਪਣੇ ਵੱਡੇ ਭਰਾ ਜੀ ਕੋਲੋਂ ਕੰਮ ਸਿੱਖ ਲਵਾਂਗਾ, ਮੈਨੂੰ ਕਿਸ ਚੀਜ ਦਾ ਫਿਕਰ ਹੈ, ਪਰ ਉਹ ਭਰਾ ਜਨਾਨੀ ਦੇ ਆਖੇ ਲੱਗ ਕੇ ਮੈਨੂੰ ਇੱਕਲਿਆ ਛੱਡ ਕੇ ਚਲਾ ਗਿਆ ਹੈ। ਇਹਨਾਂ ਸੋਚਾਂ ਵਿੱਚ ਹੀ ਮੇਰੀ ਸਾਰੀ ਰਾਤ ਲੰਘ ਗਈ। ਸਵੇਰੇ ਉੱਠ ਕੇ, ਇਸ਼ਨਾਨ ਕਰਕੇ, ਨਿਤਨੇਮ ਕੀਤਾ ਤੇ ਬਾਅਦ ਵਿੱਚ ਪ੍ਰੀਤਮ ਕੌਰ ਮੈਨੂੰ ਕਹਿਣ ਲਗੀ, "ਤੁਸੀ ਕਿਉਂ ਘਾਬਰਦੇ ਹੋ ਸਾਡੀ ਕਿਸਮਤ ਵਿੱਚ ਜੋ ਲਿਖਿਆ ਹੈ ਉਹ ਸਾਨੂੰ ਜਰੂਰ ਮਿਲ ਜਾਣਾਂ ਹੈ।

ਮੈ ਉੱਠਕੇ ਪ੍ਰਸਾਦਾ ਛਕ ਕੇ ਘਰੋਂ ਬਾਹਰ ਗਿਆ। ਬਾਹਰ ਮੈਨੂੰ ਨਿੱਕੇ ਹੁੰਦੇ ਦਾ ਇੱਕ ਮਿੱਤਰ ਮਿਲ ਗਿਆ ਉਸਨੇ ਮੈਨੂੰ ਪਛਾਣ ਕੇ ਆਵਾਜ ਮਾਰੀ ਉਹ ਉਮਰੋਂ ਮੈਥੋਂ ਵੱਡਾ ਸੀ। ਉਹ ਮੈਨੂੰ ਕਹਿਣ ਲੱਗਾ, "ਅਮਰ ਸਿੰਘਾਂ ਜੇ ਤੂੰ ਕੰਮ ਸਿੱਖਣਾ ਹੈ ਤੇ ਸਵੇਰੇ ਮੇਰੇ ਨਾਲ ਪਾਵਰ ਹਾਊਸ ਤੇ ਚਲੀ, ਮੈਂ ਤੈਨੂੰ ਕੰਮ ਤੇ ਲਵਾ ਦਿਆਂਗਾ।" ਮੈ ਉੱਤਰ ਦਿੱਤਾ ਕਿ ਮੇਲਾ ਸਿੰਘ ਜੀ ਨਾ ਤੇ ਮੇਰੇ ਕੋਲ ਕੋਈ ਔਜਾਰ ਹੈ ਤੇ ਨਾ ਮੈਨੂੰ ਕੋਈ ਕੰਮ ਕਰਨਾ ਆਉਂਦਾ ਹੈ।" ਉਸਨੇ ਕਿਹਾ, "ਤੂੰ ਕੋਈ ਫਿਕਰ ਨਾ ਕਰ, ਔਜਾਰ ਮੈ ਦੇਵਾਂਗਾ ਤੇ ਕੰਮ ਵੀ ਸਮਝਾਈ ਜਾਵਾਂਗਾ।" ਮੈਂ ਸਵੇਰੇ ਪ੍ਰਸਾਦਾ ਛਕ ਕੇ ਉਸਦੇ ਨਾਲ ਕੰਮ ਤੇ ਚਲਾ ਗਿਆ ਤੇ ਮੇਲਾ ਸਿੰਘ ਮੈਨੂੰ ਪਾਵਰ ਹਾਊਸ ਨਾਲ ਲੈ ਗਿਆ ਤੇ ਜਾ ਕੇ ਠੇਕੇਦਾਰ ਨੂੰ ਕਹਿਣ ਲਗਾ ਕਿ ਇਹ ਮੇਰਾ ਛੋਟਾ ਭਰਾ ਹੈ। ਇਸਨੂੰ ਕੰਮ ਤੇ ਲਗਾਉਣਾ ਹੈ। ਉਸੇ ਵਕਤ ਠੇਕੇਦਾਰ ਨੇ ਮੈਨੂੰ ਕੰਮ ਤੇ ਲਗਾ ਦਿੱਤਾ। ਮੈਨੂੰ ਮੇਲਾ ਸਿੰਘ ਨੇ ਕੰਮ ਸਮਝਾ ਦਿੱਤਾ ਤੇ ਮੈ ਸਾਰਾ ਦਿਨ ਉਸਦੇ ਨਾਲ ਕੰਮ ਕਰਦਾ ਰਿਹਾ ਤੇ ਇੱਕ ਹਫਤਾ ਮੈਂ ਮੇਲਾ ਸਿੰਘ ਨਾਲ ਕੰਮ ਕਰਦਾ ਰਿਹਾ ਤੇ ਐਤਵਾਰ ਛੁੱਟੀ ਸੀ। ਮੈਂ ਤੇ ਮੇਲਾ ਸਿੰਘ ਦੋਵੇਂ ਅੰਮ੍ਰਿਤਸਰ ਗਏ, ਅਤੇ ਔਜਾਰ ਖਰੀਦੇ ਤੇਸਾ, ਆਰੀ, ਗੁਣੀਆਂ, ਵਰਮਾਂ, ਚੌਰਸੀ, ਪੇਚਕਸ, ਹਥੌੜੀ ਤੇ ਦੋ ਰੰਦੇ। ਔਜਾਰਾਂ ਨੂੰ ਤਿੱਖੇ ਕਰਨ ਵਾਸਤੇ ਇੱਕ ਪੱਥਰੀ ਵੀ ਲਈ ਤੇ ਆਰੀ ਤਿੱਖੀ ਕਰਨ ਵਾਸਤੇ ਇੱਕ ਟਕੋਰਾ ਵੀ ਲੈ ਲਿਆ। ਤੇ ਸਾਨੂੰ ਦੋਹਾਂ ਨੂੰ ਠੇਕੇਦਾਰ ਨੇ ਸਵਾ, ਸਵਾ ਰੁ: ਰੋਜ ਦਾ ਦੇਣਾਂ। ਦੋ ਕੁ ਹਫਤੇ ਕੰਮ ਕੀਤਾ ਤੇ ਠੇਕੇਦਾਰ ਨੇ ਮੇਰਾ ਕੱਦ ਕਾਠ ਦੇਖ ਕੇ ਸਮਝਿਆ ਕਿ ਖਵਰੇ ਕਿੱਡਾ ਕੁ ਕਾਰੀਗਰ ਹੈ।

ਠੇਕੇਦਾਰ ਨੂੰ ਸਾਹਬ ਨੇ ਆਖਿਆ ਕਿ ਕੋਈ ਚੰਗਾ ਜਿਹਾ ਕਾਰੀਗਰ ਮੇਰੀ ਕੋਠੀ ਭੇਜ ਦਿਓ ਜੋ ਕਿ ਦੋ ਚਾਰ ਦਿਨ ਲਾ ਕੇ ਮੇਰਾ ਫਰਨੀਚਰ ਠੀਕ ਕਰ ਆਵੇ। ਮੈਨੂੰ ਠੇਕੇਦਾਰ .ਤਰਲੋਕ ਸਿੰਘ ਨੇ ਬੁਲਾ ਕੇ ਆਖਿਆ ਕਿ ਅਮਰ ਸਿੰਘ ਤੂੰ ਸਵੇਰੇ ਮਜੀਠਾ ਰੋਡ, ੫੫ ਨੰਬਰ ਕੋਠੀ ਜਾ ਕੇ ਜੋ ਵੀ ਕੰਮ ਹੈ ਕਰ ਆਵੀ ਦੋ ਤਿੰਨ ਦਿਨ ਦਾ ਕੰਮ ਹੈ। ਮੈਨੂੰ ਸਾਹਬ ਦੇ ਹੱਥ ਦਾ ਰੁੱਕਾ ਲਿਆ ਦਿੱਤਾ ਲਿਖਵਾ ਕੇ, ਤੇ ਮੈਨੂੰ ਸਮਝਾ ਦਿੱਤਾ

ਕਿ ਕੋਠੀ ਦੇ ਬਰਾਂਡੇ ਵਿੱਚ ਇੱਕ ਸੁੱਚ ਲਗਾ ਹੈ। ਉਸਨੂੰ ਦਬਾ ਦੇਵੀ ਤੇ ਆਵਾਜ ਨਾ ਕਿਸੇ ਨੂੰ ਮਾਰੀ। ਮੈ ਅਗਲੇ ਦਿਨ ਔਜਾਰ ਲੈ ਕੇ ਸਾਈਕਲ ਤੇ ਚੜ੍ਹ ਕੇ ਪੂਰੇ ਸਾਡੇ ਸੱਤ ਵਜੇ ਸਿਨਹਾਂ ਸਾਹਬ ਦੀ ਕੋਠੀ ਪਹੁੰਚ ਗਿਆ। ਸਾਈਕਲ ਖੜਾ ਕਰਕੇ ਤੇ ਬਿਜਲੀ ਦਾ ਸੁੱਚ ਦਬਾਇਆ ਤੇ ਕੋਠੀ ਵਿੱਚੋਂ ਮੇਮ ਸਾਹਬ ਬਾਹਰ ਆਈ। ਮੈ ਸਾਹਬ ਦੇ ਹੱਥ ਦਾ ਲਿਖਿਆ ਰੁੱਕਾ ਮੇਮ ਨੂੰ ਫੜਾ ਦਿੱਤਾ ਤੇ ਉਸਨੇ ਰੁੱਕਾ ਪੜ੍ਹਕੇ ਚੰਗੀ ਤਰ੍ਹਾਂ ਮੇਰੇ ਵੱਲ ਵੇਖਿਆ ਤੇ ਮੈਨੂੰ ਇੱਕ ਬੈਂਚ ਤੇ ਬਿਠਾ ਦਿੱਤਾ ਤੇ ਆਪ ਅੰਦਰ ਕਮਰੇ ਵਿੱਚ ਚਲੀ ਗਈ। ਮੈਨੂੰ ਬੈਠੇ ਨੂੰ ਸਾਡੇ ਤਿੰਨ ਘੰਟੇ ਬੀਤ ਗਏ ਦਿਨ ਦੇ ੧੧ ਵੱਜ ਗਏ ਮੈ ਫਿਰ ਘੰਟੀ ਵਜਾਈ ਤੇ ਮੇਮ ਫਿਰ ਬਾਹਰ ਆਈ ਤੇ ਮੈ ਕਿਹਾ "ਵਕਤ ਗਿਆਰਾਂ ਦਾ ਹੋ ਗਿਆ ਹੈ ਤੁਸਾਂ ਅੱਜੇ ਤਕ ਮੈਨੂੰ ਕੋਈ ਕੰਮ ਨਹੀ ਦੱਸਿਆ, ਕੀ ਕੰਮ ਕਰਨਾ ਹੈ, ਮੈ ਸ਼ਾਮ ਨੂੰ ਸਾਹਬ ਨੂੰ ਕੀ ਦੱਸਾਂਗਾ ਕਿ ਮੈਂ ਕੀ ਕੰਮ ਕਰਕੇ ਆਇਆ ਹਾਂ।" ਮੇਮ ਨੇ ਮੈਨੂੰ ਉੱਤਰ ਦਿੱਤਾ, "ਸਰਦਾਰ ਜੀ ਅਗਰ ਤੁਮਨੇ ਖਾਣਾਂ ਖਾਣਾਂ ਹੈ ਤੋ ਮੈ ਲਾ ਦੇਤੀ ਹੂੰ ਕਾਮ ਕਾ ਤੁਮ ਕੋਈ ਫਿਕਰ ਨਹੀ ਕਰੋ ਮੈ ਖੁਦ ਸਾਹਬ ਸੇ ਬਾਤ ਕਰ ਲੂੰਗੀ।" ਮੈਂ ਉੱਤਰ ਦਿੱਤਾ, "ਮੈਂ ਆਪਣੇ ਘਰ ਜਾ ਕੇ ਖਾਣਾਂ ਖਾਵਾਂਗਾ ੧੨ ਵਜੇ।" ਮੇਮ ਕਹਿਣ ਲਗੀ, "ਯਹ ਭੀ ਆਪਕਾ ਹੀ ਘਰ ਹੈ।" ਮੈਂ ਫਿਰ ਕਿਹਾ, "ਮੈਂ ਵੈਸ਼ਨੋ ਭੋਜਨ ਖਾਂਦਾ ਹਾਂ, ਮਾਸ ਸ਼ਰਾਬ ਨਹੀਂ ਪੀਂਦਾ ਖਾਂਦਾ, ਪਰ ਤੁਸੀ ਮਾਸ ਖਾਂਦੇ ਹੋ ਇਸ ਵਾਸਤੇ ਮੈ ਆਪਦਾ ਖਾਣਾਂ ਨਹੀਂ ਖਾ ਸਕਦਾ।"

ਮੇਮ ਕਹਿਣ ਲਗੀ "ਹਮ ਬੰਗਾਲੀ ਬ੍ਰਾਹਮਣ ਹੋਤੇ ਹੈਂ ਆਪਕੋ ਹਮਾਰੇ ਹਾਥ ਕਾ ਖਾਣਾਂ ਖਾ ਲੇਨਾ ਚਾਹੀਏ।"

ਮੈ ਫਿਰ ਕਿਹਾ, "ਆਜ ਤੋ ਮੈਂ ਅਪਣੇ ਘਰ ਜਰੂਰ ਜਾਵਾਂਗਾ।"

ਮੇਮ ਨੇ ਕਿਹਾ, "ਜਾਓ।"

ਮੈ ਸਾਈਕਲ ਲੈ ਕੇ ੩ ਮੀਲ ਦੇ ਫਾਸਲੇ ਤੇ ਅਪਣੇ ਘਰ ਪੁੱਜਾ ਤੇ ਆ ਕੇ ਖਾਣਾਂ ਖਾਧਾ ਦੋ ਘੰਟੇ ਆਰਾਮ ਕੀਤਾ ਤੇ ੨ ਵਜੇ ਫਿਰ ਕੋਠੀ ਪੁੱਜ ਗਿਆ ਬਾਹਰ ਬੈਂਚ ਤੇ ਬੈਠਾ ਰਿਹਾ ਅੱਧੇ ਘੰਟੇ ਬਾਅਦ ਘੰਟੀ ਵਜਾਈ ਤੇ ਫਿਰ ਅੰਦਰੋ ਇੱਕ ਬਿਰਧ ਜਿਹੀ ਮਾਈ ਆਈ ਤੇ ਮੇਰੇ ਪਾਸ ਬੈਠ ਕੇ ਮਾਈ ਨੇ ਮੇਰੇ ਵੱਲ ਚੰਗੀ ਤਰ੍ਹਾਂ ਵੇਖਿਆ ਤੇ ਮੁਸਕੁਰਾਕੇ ਕਹਿਣ ਲਗੀ, "ਤੂੰ ਅੰਦਰ ਕਿਉਂ ਨਹੀ ਬੈਠ ਜਾਂਦਾ ਬਾਹਰ ਕਿਉਂ ਬੈਠਾ ਹੈ। ਅੰਦਰ ਆ ਜਾ।" ਮੈਂ ਮਾਈ ਨਾਲ ਕੋਠੀ ਦੇ ਕਮਰੇ ਵਿੱਚ ਚਲਾ ਗਿਆ ਤੇ ਮਾਈ ਨੇ ਮੈਨੂੰ ਕਿਹਾ, "ਵੇ ਪੁਤੱਰ ਤੂੰ ਤੇ ਬੜਾ ਭਾਗਾਂ ਵਾਲਾ ਹੈ, ਮੇਮ ਤੇਰੇ ਤੇ ਹੱਦ ਤੋ ਜ਼ਿਆਦਾ ਖੁਸ਼ ਹੈ ਤੇ ਜਦੋ ਦਾ ਤੂੰ ਗਿਆ ਹੈ ਤੇਰੀਆਂ ਗੱਲਾਂ ਹੀ ਮੇਰੇ ਨਾਲ ਕਰਦੀ ਰਹੀ ਹੈ

ਤੇ ਨਾਲੇ ਰੋਂਦੀ ਵੀ ਰਹੀ ਹੈ ਮੈ ਪੁਛਿਆ - ਮਾਤਾ ਜੀ, ਮੈਂ ਤੇ ਅੱਜ ਹੀ ਇਸਦੀ ਕੋਠੀ ਵਿੱਚ ਆਇਆ ਹਾਂ ਤੇ ਮੇਰੀਆਂ ਕੀ ਗੱਲਾਂ ਕਰਦੀ ਹੈ, ਮੈਂ ਤੇ ਕੋਈ ਗੱਲ ਨਹੀ ਕੀਤੀ ਨਾਲੇ ਮੇਰੀ ਤੇ ਵਾਕਫ ਵੀ ਨਹੀ ਅਜੇ।" ਮਾਈ ਨੇ ਕਿਹਾ, "ਮੈਂ ਕੀ ਦੱਸਾਂ ਪੁੱਤਰ ਮੇਮ ਆਪੇ ਹੀ ਆਕੇ ਤੈਨੂੰ ਦੱਸੇਗੀ ਤੂੰ ਚੁੱਪ ਕਰਕੇ ਬੈਂਚ ਤੇ ਬੈਠ ਜਾ।" ਮੈਂ ਬੈਂਚ ਤੇ ਬੈਠ ਗਿਆ। ਬੈਂਚ ਦਾ ਗਦੇਲਾ ਬੜਾ ਪੋਲਾ ਸੀ ਮੈ ਲੇਟ ਗਿਆ, ਪੱਖਾ ਚਲਦਾ ਸੀ। ਮੈਂ ਸੌਂ ਗਿਆ ਤੇ ਸਾਡੇ ਤਿੰਨ ਵਜੇ ਮੈਨੂੰ ਸੁੱਤੇ ਪਏ ਨੂੰ ਮੇਮ ਨੇ ਆ ਕੇ ਜਗਾਇਆ, ਬਾਹੋਂ ਫੜਕੇ ਕਹਿਣ ਲਗੀ - ਆਪਕੋ ਕਾਮ ਕਰਨੇ ਕੋ ਬੁਲਾਇਆ ਹੈ, ਆਪ ਕਾਮ ਕਰਨੇ ਆਏ ਹੋ ਯਾ ਸੋਨੇ ਕੇ ਲਿਏ। ਮੈਂ ਉੱਤਰ ਦਿੱਤਾ - ਮੈ ਆਪ ਨੂੰ ਕੰਮ ਦੀ ਬਾਬਤ ਦੋ ਵੇਰ ਪੁੱਛਿਆ ਆਪਨੇ ਮੈਨੂੰ ਕੋਈ ਕੰਮ ਦੱਸਿਆ ਹੀ ਨਹੀਂ ਤੇ ਮੈਂ ਆਪਣੇ ਆਪ ਕੀ ਕੰਮ ਕਰਦਾ ਏਨੇ ਚਿਰ ਨੂੰ ਸਾਡੇ ਚਾਰ ਵੱਜ ਗਏ ਤੇ ਸਾਹਬ ਦੀ ਕਾਰ ਦਾ ਹਾਰਨ ਵਜਾ ਤੇ ਮੇਮ ਉੱਠਕੇ ਸਾਹਬ ਵੱਲ ਚਲੀ ਗਈ। ਮੈ ਬਰਾਂਡੇ ਵਿੱਚ ਜਾ ਖੜਾ ਹੋਇਆ। ਸਾਹਬ ਨੇ ਮੇਮ ਨੂੰ ਪੁੱਛਿਆ - ਅੱਜ ਮਿਸਤਰੀ ਆਇਆ ਹੈ? ਮੇਮ ਕਹਿਣ ਲਗੀ, "ਮਿਸਤਰੀ ਤੋ ਆਇਆ ਹੈ ਪਰ ਮੁਝੇ ਆਰਾਮ ਨਹੀ ਕਰਨੇ ਦਿਆ ਸਾਰਾ ਦਿਨ ਠੁੱਕ ਠੁੱਕ ਲਗਾ ਛੋੜੀ, ਮੈਂ ਤੋ ਬੜੀ ਪਰੇਸ਼ਾਨ ਰਹੀ ਹੂੰ। ਆਪ ਮਿਸਤਰੀ ਕੋ ਬੋਲੋ ਕਿ ਕਾਮ ਥੋੜਾ ਕਰੇ, ਤਨਖਾਹ ਤੋ ਠੇਕੇਦਾਰ ਨੇ ਦੇਨੀ ਹੈ। ਉਸੇ ਵੇਲੇ ਸਾਹਬ ਨੇ ਮੈਨੂੰ ਕਿਹਾ - ਅਮਰ ਸਿੰਘ ਜਿਸ ਤਰ੍ਹਾਂ ਮੇਮ ਕਹਿਤੀ ਹੈ ਉਸੀ ਤਰ੍ਹਾਂ ਕਾਮ ਕਰੋ। ਮੈਂ ਕਿਹਾ - ਬਹੁਤ ਅੱਛਾ।" ਅਸਲ ਵਿੱਚ ਮੇਮ ਤੋ ਸਾਹਬ ਡਰਦਾ ਸੀ। ਸਾਹਬ ਦਾ ਰੰਗ ਤੇ ਬਹੁਤ ਵਧੀਆ ਸੀ ਕਾਲੇ ਇੰਵਣ ਤੋ ਵੀ ਕਾਲਾ ਤੇ ਮੇਮ ਦਾ ਰੰਗ ੫੦੦ ਵਾਟ ਦੇ ਬਲਬ ਵਰਗਾ ਸੀ। ਸਾਹਬ ਦਾ ਕਦ ੫ ਫੁੱਟ ਤੇ ਮੇਮ ੫ ਫੁੱਟ ੬ ਇੰਚ ਲੰਬੀ ਸੀ। ਮੇਮ ਦੀ ਸ਼ਕਲ ਪ੍ਰਭੂ ਨੇ ਨਵੇਕਲੇ ਬੈਠ ਕੇ ਸੋਚ ਕੇ ਬਣਾਈ ਸੀ। ਮੈਂ ਰਾਤ ਨੂੰ ਆਪਣੇ ਘਰ ਆ ਗਿਆ। ਸਵੇਰੇ ਉੱਠਕੇ ਇਸ਼ਨਾਨ ਕਰਕੇ, ਨਿਤਨੇਮ ਕਰਕੇ ਤੇ ਪ੍ਰਸਾਦਾ ਛਕ ਕੇ ਕੰਮ ਤੇ ਪੁੱਜਾ। ਜਾਕੇ ਕੋਠੀ ਦੀ ਘੰਟੀ ਵਜਾਈ ਤੇ ਮੇਮ ਨੇ ਆ ਕੇ ਮੇਰੇ ਵਲ ਬੜੀ ਅਜੀਬ ਦਲੀਲ ਨਾਲ ਤਕਿਆ ਤੇ ਕਹਿਣ ਲਗੀ - ਤੁਮ ਬਾਹਰ ਕਿਉ ਖੜੇ ਹੋ, ਅੰਦਰ ਆ ਜਾਓ। ਮੈਂ ਕਮਰੇ ਵਿੱਚ ਗਿਆ ਤੇ ਉਸੇ ਦਿਵਾਨ ਤੇ ਬੈਠ ਗਿਆ ਜਿਸ ਤੇ ਕੱਲ ਬੈਠਾ ਸਾਂ। ਮੇਮ ਜਾ ਕੇ ਇੱਕ ਪਲੇਟ ਵਿੱਚ ਮਠਿਆਈ ਤੇ ਦੂਸਰੀ ਪਲੇਟ ਵਿੱਚ ਕੇਲੇ, ਸੰਤਰੇ, ਅੰਗੂਰ ਲਿਆਈ ਤੇ ਮੇਰੇ ਅੱਗੇ ਮੇਜ ਤੇ ਰੱਖ ਕੇ ਮੇਰੇ ਪਾਸ ਬੈਠ ਗਈ ਤੇ ਕਹਿਣ ਲਗੀ - 'ਖਾਓ'। ਮੈ ਬੜਾ ਹੈਰਾਨ ਹੋ ਗਿਆ ਕਿ ਇਹ ਕੀ ਕਰ ਰਹੀ ਹੈ ਆਖਿਰ ਮੈ ਮਠਿਆਈ ਖਾਧੀ, ਤੇ ਫਰੂਟ ਵੀ ਖਾਧਾ, ਤੇ ਮੈ ਆਖਿਆ - ਕੱਲ ਦਾ ਮੈਂ ਆਇਆ ਹਾਂ, ਕੰਮ ਦਸੋ ਕੀ ਕਰਨਾਂ ਹੈ। ਮੇਮ ਉੱਠ ਕੇ ਚਲੀ ਗਈ। ਦੂਸਰੇ ਕਮਰੇ ਵਿੱਚ ਮੇਮ ਨੇ ਮੈਨੂੰ ਬੁਲਾਇਆ

ਤੇ ਮੈਂ ਗਿਆ ਮੇਮ ਕੁਰਸੀ ਤੇ ਬੈਠੀ ਸੀ ਤੇ ਅੱਗੇ ਹਰਮੋਨੀਅਮ ਰੱਖਿਆ ਹੋਇਆ ਸੀ। ਮੈਨੂੰ ਕਹਿਣ ਲਗੀ - 'ਕੋਈ ਗਾਨਾ ਸੁਨਾਉ।'

ਮੈਂ ਕ੍ਰਿਸ਼ਨ ਭਗਵਾਨ ਜੀ ਦੀ ਬੰਸਰੀ ਦਾ ਭਜਨ ਸੂਰਦਾਸ ਦਾ ਉਚਾਰਿਆ ਹੋਇਆ ਸੁਣਾਇਆ ਤੇ ਮੇਮ ਬੜੀ ਖੁਸ਼ ਹੋਈ ਤੇ ਕਹਿਣ ਲਗੀ ਕਿ ਆਪ ਤੋ ਗਾਨਾ ਭੀ ਅੱਛਾ ਗਾ ਸਕਤੇ ਹੋ। ਮੈਂ ਉੱਤਰ ਦਿੱਤਾ - ਮੈ ੧੮ ਸਾਲ ਸਾਧੂ ਰਿਹਾ ਹਾਂ ਕੀਰਤਨ ਹੀ ਕਰਦਾ ਰਿਹਾ ਹਾਂ। ਭਜਨ ਸੁਣਕੇ ਮੇਮ ਬੜੀ ਖੁਸ਼ ਹੋਈ ਤੇ ਮੈਨੂੰ ੧੦੦ ਰੁ: ਦਿੱਤਾ ਤੇ ਕਹਿਣ ਲਗੀ - ਆਪ ਦੋ ਤੀਨ ਅੱਛੇ ਅੱਛੇ ਸੂਟ ਸਿਲਵਾਓ ਜੋ ਮੁਝੇ ਅੱਛੇ ਲਗੇਂ। ਮੈਂ ਕਿਹਾ - ਮੈਂ ਗਰੀਬ ਬੰਦਾ ਅੱਛੇ ਸੂਟ ਕਿਸ ਤਰ੍ਹਾਂ ਪਾ ਸਕਦਾ ਹਾਂ ਤੇ ਮੇਮ ਨੇ ਉੱਤਰ ਦਿੱਤਾ - "ਮੈਂ ਆਪ ਕੇ ਸੂਟੋ ਕੀ ਕੀਮਤ ਸਾਰੀ ਜ਼ਿੰਦਗੀ ਦੇਤੀ ਰਹੂੰਗੀ ਸਾਰੀ ਉਮਰ ਆਪਕੀ ਦਾਸੀ ਰਹੂੰਗੀ ਆਪਕੋ ਫਿਕਰ ਕਰਨੇ ਕੀ ਜਰੂਰਤ ਨਹੀਂ।" ਪਰ ਮੇਮ ਦੀ ਨੀਯਤ ਪ੍ਰਭੂ ਨੇ ਪੂਰੀ ਨਾ ਹੋਣ ਦਿੱਤੀ, ਮੇਰੀ ਵੀ ਇੱਜਤ ਰੱਖੀ।

# (੧੩) ਬ੍ਰਾਹਮਣਾਂ ਨੂੰ ਅੰਮ੍ਰਿਤ ਛਕਾਉਣਾ

ਅੱਜ ਦਿਨ ਭਾਗਾਂ ਵਾਲਾ ਸੀ ਜਦ ਮੈਂ ਮੇਮ ਪਾਸੋਂ ੧੦੦ ਰੁ: ਲੈ ਕੇ ਘਰ ਨੂੰ ਆ ਰਿਹਾ ਸਾਂ ਤੇ ਰਸਤੇ ਵਿੱਚ ਅਗੋਂ ਇੱਕ ਲਾਰੀ ਆ ਰਹੀ ਸੀ ਤੇ ਉਸ ਲਾਰੀ ਵਿੱਚ ਸਾਡੇ ਸੰਤ ਬੈਠੇ ਸਨ ਜਿਹਨਾਂ ਨਾਲ ਮੈਂ ੧੮ ਸਾਲ ਰਿਹਾ ਸਾਂ ਤੇ ਸੰਤਾਂ ਨੇ ਲਾਰੀ ਖਲ੍ਹਾਰ ਕੇ ਮੈਨੂੰ ਆਵਾਰ ਮਾਰੀ। ਮੈਂ ਸਾਈਕਲ ਤੋਂ ਉੱਤਰ ਕੇ ਜ਼ਾ ਕੇ ਮੱਥਾ ਟੇਕਿਆ ਤੇ ਸੰਤਾਂ ਨੇ ਹੁਕਮ ਕੀਤਾ, "ਅਮਰ ਸਿੰਘ ਤੂੰ ਛੇਤੀ ਅੰਮ੍ਰਿਤਸਰ ਆ ਕੇ ਸਾਨੂੰ ਮਿਲ, ਇੱਕ ਖਾਸ ਗੱਲ ਤੇਰੇ ਨਾਲ ਕਰਨੀ ਹੈ।" ਮੈਂ ਕਿਹਾ, "ਸਤਿ ਬਚਨ ਜੀ।" ਲਾਰੀ ਚਲ ਪਈ ਤੇ ਮੈ ਘਰ ਆ ਗਿਆ ਕਪੜੇ ਬਦਲ ਕੇ ਅੰਮ੍ਰਿਤਸਰ ਨਾਮਧਾਰੀ ਗੁਰਦੁਵਾਰੇ ਸੰਤਾਂ ਨੂੰ ਜਾ ਮਿਲਿਆ। ਸ਼ਾਮ ਦੇ ਸੱਤ ਵਜੇ ਸੰਤਾਂ ਨੇ ਮੈਨੂੰ ਹੁਕਮ ਦਿੱਤਾ ਕਿ ਤੈਨੂੰ ਇਸ ਵਾਸਤੇ ਬੁਲਾਇਆ ਹੈ ਕਿ ਸਾਨੂੰ ਪੰਜ ਵਜੇ ਤੋਂ ਪਹਿਲਾਂ ਪਹਿਲਾਂ ਸਾਨੂੰ ਨਾਰੋਵਾਲ ਸਟੇਸ਼ਨ ਤੇ ਪੁਚਾ ਦੇ। ਮੈਂ ਅਰਜ ਕੀਤੀ ਕਿ ਸ਼ਾਮ ਦਾ ਵਕਤ ਹੈ ਰਾਤ ਹਨੇਰੀ ਹੈ ੫੦ ਮੀਲ ਸਫਰ ਹੈਂ ਸੜਕ ਕੱਚੀ ਹੈ ਕਿਸ ਤਰ੍ਹਾਂ ਪਹੁੰਚਾਂਗੇ। ਗੱਡੀ ਜਾਣ ਦਾ ਕੋਈ ਸਮਾਂ ਨਹੀਂ ਹੈ ਤੇ ਰਾਤ ਕੋਈ ਲਾਰੀ ਵੀ ਨਹੀ ਸੀ ਜਾਂਦੀ, ਬੜੀ ਮੁਸ਼ਕਲ ਬਣੀ ਜਾਣਾਂ ਵੀ ਜਰੂਰ ਸੀ। ਆਖਿਰ ਦੋ ਸੈੱਲ ਦੀ ਬੈਟਰੀ ਲਈ, ਚਾਨਣ ਕਰਨ ਵਾਸਤੇ ਤੇ ਸੰਤਾਂ ਨੂੰ ਸਾਈਕਲ ਤੇ ਬਿਠਾਇਆ ਤੇ ਸ਼ਾਮ ਦੇ ੮ ਵਜੇ ਅੰਮ੍ਰਿਤਸਰੋਂ ਚਲ ਪਏ ਕਈ ਵੇਰ ਰਸਤੇ ਵਿੱਚ ਡਿੱਗੇ ਪਰ ਫਿਰ ਵੀ ਬੜੀ ਮੁਸ਼ਕਲ ਨਾਲ ਸਵੇਰੇ ੫ ਵਜੇ ਨਾਰੋਵਾਲ ਸਟੇਸ਼ਨ ਤੇ ਸੰਤਾਂ ਨੂੰ ਪੁਚਾ ਦਿੱਤਾ ਪਰ ਜਿਸ ਕੰਮ ਵਾਸਤੇ ਅਸੀ ਦੌੜ ਭੱਜ ਕੀਤੀ ਉਹ ਕੰਮ ਨਾ ਬਣਿਆ ਉਹ ਕੰਮ ਹੇਠ ਲਿਖਿਆ ਹੈ।

ਸਾਡਾ ਜੋ ਡੇਰਾ ਸੀ ਇਸਦੇ ਲਾਗੇ ਇੱਕ ਨਗਰ ਸੀ ਝੰਡੇ ਜਰਮੀਆਂ ਪਿੰਡ ਵਿੱਚ ਉਜਾਗਰ ਸਿੰਘ ਨੰਬਰਦਾਰ ਵੱਸਦਾ ਸੀ। ਇਸਨੇ ਸੰਤਾਂ ਪਾਸ ਇੱਕ ਦਿਨ ਅਰਜ ਕੀਤੀ ਸੀ ਕਿ ਮੇਰੇ ਘਰ ਲੰਗਰ ਕਰੋ ਤੇ ਨਾਲੇ ਸਾਨੂੰ ਸਾਰੇ ਪਰਿਵਾਰ ਨੂੰ ਅੰਮ੍ਰਿਤ ਛਕਾਉ। ਸੰਤਾਂ ਇਸਦਾ ਲੰਗਰ ਮੰਨ ਲਿਆ ਤੇ ਅਗਲੇ ਦਿਨ ਸਵੇਰੇ ਲਾਂਗਰੀ ਨੰਬਰਦਾਰ ਦੇ ਘਰ

ਭੇਜ ਦਿੱਤੇ ਤੇ ਮੈਨੂੰ ਸੰਤਾਂ ਨੇ ਹੁਕਮ ਦਿੱਤਾ ਕਿ ਅਮਰ ਸਿੰਘ ਤੂੰ ਕੁਝ ਸਿੱਖਾਂ ਨੂੰ ਨਾਲ ਲੈ ਜਾ ਤੇ ਚਲਕੇ ਅੰਮ੍ਰਿਤ ਤਿਆਰ ਕਰ ਮੈ ਕੁਝ ਸਿੱਖ ਨਾਲ ਲੈ ਕੇ ਝੰਡੇ ਜਰਮੀਆਂ ਉਜਾਗਰ ਸਿੰਘ ਦੇ ਘਰ ਪਹੁੰਚ ਕੇ ਅੰਮ੍ਰਿਤ ਤਿਆਰ ਕੀਤਾ, ਪੰਜ ਬਾਣੀਆਂ ਪੜ੍ਹਕੇ, ਨਗਰੋਂ ਲੋਕ ਹੋਰ ਵੀ ਅੰਮ੍ਰਿਤ ਛਕਣ ਵਾਸਤੇ ਆ ਗਏ। ੪੦ ਕੁ ਬੰਦੇ ਤੇ ੫੦ ਕੁ ਬੀਬੀਆਂ ਨੂੰ ਮੈਂ ਅੰਮ੍ਰਿਤ ਛਕਾ ਦਿੱਤਾ ਤੇ ਭਜਨ ਵੀ ਸਭ ਨੂੰ ਦੱਸ ਦਿੱਤਾ। ਇਸ ਪਿੰਡ ਵਿੱਚ ਤਿੰਨ ਚਾਰ ਘਰ ਬ੍ਰਾਹਮਣਾਂ ਦੇ ਸਨ ਇਹ ਸਾਰੇ ਦੇ ਸਾਰੇ ਕੇਸਾਧਾਰੀ ਸਨ, ਤੇ ਸਾਰੇ ਅਖੰਡਪਾਠੀ ਸਨ। ਇਹਨਾਂ ਵਿੱਚੋਂ ਵੱਡਾ ਦੌਲਤਰਾਮ ਸੀ ਇਸ ਦੀਆਂ ਤਿੰਨਾਂ ਲੜਕੀਆਂ ਨੇ ਵੀ ਅੰਮ੍ਰਿਤਪਾਨ ਕੀਤਾ ਤੇ ਜਦ ਇਸ ਨੂੰ ਪਤਾ ਲਗਾ ਕਿ ਮੇਰੀਆ ਤਿੰਨਾ ਲੜਕੀਆਂ ਨੇ ਅੰਮ੍ਰਿਤ ਛਕਿਆ ਹੈ ਤਾਂ ਇਸਨੇ ਕੁੜੀਆ ਨੂੰ ਬੜਾ ਮਾਰਿਆ ਤੇ ਦੋ ਕੁੜੀਆਂ ਨੇ ਪਿਉ ਦੀ ਮਾਰ ਤੋਂ ਡਰ ਕੇ ਕਛਹਿਰੇ ਉਤਾਰ ਦਿੱਤੇ ਤੇ ਜਿਹੜੀ ਵਿਚਲੀ ਸੀ ਉਸਨੇ ਪਿਓ ਨੂੰ ਆਖਿਆ ਕਿ ਮੈਂ ਗੁਰੂ ਦਾ ਅੰਮ੍ਰਿਤ ਛਕਿਆ ਹੈ ਕੋਈ ਬੁਰਾ ਕੰਮ ਨਹੀ ਕੀਤਾ ਤੂੰ ਮੈਨੂੰ ਕਿਉਂ ਮਾਰਦਾ ਹੈ। ਪਰ ਦੌਲਤ ਰਾਮ ਕਹਿਣ ਲਗਾ, "ਮੈਂ ਤੈਨੂੰ ਹੁੱਕਾ ਪੀਣ ਵਾਲਿਆਂ ਦੇ ਘਰ ਵਿਆਹਾਂਗਾਂ। ਲੜਕੀ ਨੇ ਕਿਹਾ, "ਮੈ ਸ਼ਾਦੀ ਨਹੀ ਕਰਵਾਉਣੀ ਹੁੱਕੇ ਵਾਲਿਆਂ ਦੇ ਨਾਲ ਭਾਵੇ ਮੈਂ ਮਰ ਜਾਵਾਂ। ਮੈਂ ਗੁਰੂ ਦਾ ਅੰਮ੍ਰਿਤ ਛਕਿਆ ਹੈ।"

ਨੋਟ - ਜਦ ਮੈਂ ਅੰਮ੍ਰਿਤ ਛਕਾਇਆ ਸੀ ਉਸ ਵਕਤ ਮੈਂ ਸੰਤਾਂ ਪਾਸ ਰਹਿੰਦਾ ਸਾਂ ਮੇ ਰੀ ਸ਼ਾਦੀ ਨਹੀਂ ਹੋਈ ਸੀ। ਜਦ ਰਾਮੋ ਦੇ ਪਿਉ ਨੇ ਉਸਨੂੰ ਜਿਆਦਾ ਤੰਗ ਕੀਤਾ ਤਾਂ ਉਸਨੇ ਇੱਕ ਚਿੱਠੀ ਸੰਤਾਂ ਨੂੰ ਲਿਖ ਕੇ ਭੇਜੀ ਸੀ ਕਿ ਮੇਰਾ ਬਾਪ ਮੈਨੂੰ ਬਹੁਤ ਤੰਗ ਕਰਦਾ ਹੈ ਸੰਤ ਜੀ ਮੇਰੀ ਸਹਾਇਤਾ ਕਰੋ। ਮੈਂ ਹੁੱਕੇ ਵਾਲਿਆ ਦੇ ਘਰ ਵਿਆਹ ਨਹੀ ਕਰਵਾਉਣਾ ਭਾਵੇ ਮੇਰਾ ਬਾਪ ਮੇਰਾ ਪੁਰਜਾ ਪੁਰਜਾ ਕਰ ਦੇਵੇ। ਮੈਂ ਇਹ ਚਿੱਠੀ ਪੜ੍ਹੀ ਤੇ ਮੈ ਸੰਤਾਂ ਨੂੰ ਆਖਿਆ ਕਿ ਮਹਾਰਾਜ ਜੀ ਜੇ ਰਾਮੋ ਕਿਸੇ ਨਾਲ ਚਲੀ ਗਈ ਤਾਂ ਬਦਨਾਮੀ ਸਾਡੀ ਹੋਵੇਗੀ। ਅਸੀ ਇਹ ਚਿੱਠੀ ਉਹਨਾਂ ਦੇ ਪਿੰਡ ਜਾ ਕੇ ਲੋਕਾਂ ਨੂੰ ਇੱਕੱਠੇ ਕਰਕੇ ਪੰਚਾਇਤ ਨੂੰ ਵਿਖਾ ਦੇਈਏ ਮੇਰੀ ਗੱਲ ਸੰਤਾਂ ਦੇ ਦਿਲ ਵਿੱਚ ਬੈਠ ਗਈ ਉਹ ਉਸੇ ਵੇਲੇ ਸਾਧਾਂ ਸਮੇਤ ਸੰਤ ਇਸ ਨਗਰ ਪਹੁੰਚੇ। ਜਾ ਕੇ ਨੰਬਰਦਾਰ ਉਜਾਗਰ ਸਿੰਘ ਤੇ ਹੋਰ ਪਿੰਡ ਦੇ ਲੋਕ ਇੱਕੱਠੇ ਕਰਕੇ ਸਾਰੀ ਗੱਲਬਾਤ ਦੱਸੀ ਤੇ ਨੰਬਰਦਾਰ ਨੇ ਦੌਲਤ ਰਾਮ ਨੂੰ ਪੰਚਾਇਤ ਵਿੱਚ ਸੱਦ ਕੇ ਸਾਰੀ ਗੱਲਬਾਤ ਪੁੱਛੀ ਕਿ ਕੁੜੀ ਨੂੰ ਕਿਉਂ ਮਾਰਦਾ ਹੈ। ਉਸਨੇ ਅਗੋਂ ਜੁਵਾਬ ਦਿੱਤਾ ਤੁਸੀ ਕੌਣ ਹੋ ਰੋਕਣ ਵਾਲੇ ਮੇਰੀ ਕੁੜੀ ਹੈ ਮੈ ਜੋ ਮਰਜੀ ਕਰਾਂ। ਨੰਬਰਦਾਰ ਨੇ ਕਿਹਾ, "ਬੰਦਾ ਬਣ ਜਾ ਕੁੜੀ ਨੂੰ ਤੰਗ ਨਾ ਕਰ ਤੇ ਕੁੜੀ ਨੂੰ ਕਿਸੇ ਸਿੱਖ ਬ੍ਰਾਹਮਣ ਦੇ ਘਰ ਵਿਆਹ ਦੇ, ਹੁੱਕੇ ਵਾਲਿਆ ਦੇ ਘਰ ਨਾ ਵਿਆਹ। ਜੇ ਕਿਤੇ ਤੁਰ ਗਈ ਤੇ ਫਿਰ ਰੋਂਦਾ ਫਿਰੇਗਾਂ ਪਰ ਉਹ ਨਾ ਮੰਨਿਆ। ਉਸਨੂੰ ਪੰਚਾਇਤ

ਵਿੱਚ ਚਿੱਠੀ ਪੜ੍ਹ ਕੇ ਸੁਣਾਈ ਪਰ ਉਹ ਆਖੇ ਇਹ ਸਭ ਝੂਠ ਹੈ ਮੇਰੀ ਕੁੜੀ ਨੇ ਇੰਹ ਚਿੱਠੀ ਨਹੀ ਲਿਖੀ, ਇਹਨਾਂ ਨੇ ਆਪ ਲਿਖੀ ਹੈ। ਜਦੋਂ ਕੁੜੀ ਨੂੰ ਪੰਚਾਇਤ ਵਿੱਚ ਬੁਲਾਇਆ ਗਿਆ ਤੇ ਉਹ ਮੰਨ ਗਈ। ਸਾਰਿਆ ਸਾਹਮਣੇ ਉਹ ਕਹਿਣ ਲਗੀ, "ਮੈਨੂੰ ਮੇਰਾ ਪਿਓ ਨਾ ਤੰਗ ਕਰੇ ਨਹੀ ਤੇ ਮੈ ਕੁਝ ਖਾ ਕੇ ਮਰ ਜਾਵਾਂਗੀ। ਜਾਂ ਕਿਤੇ ਤੁਰ ਜਾਵਾਂਗੀ। ਮੈ ਕਛਹਿਰਾ ਪਾਵਾਂਗੀ ਰਹਿਤ ਰਖਾਂਗੀ ਤੇ ਹੁੱਕੇ ਵਾਲਿਆਂ ਦੇ ਘਰ ਵਿਆਹ ਨਹੀ ਕਰਾਂਗੀ।" ਕੁਝ ਸਮਾਂ ਪਾ ਕੇ ਇਹ ਰਾਮੋ ਸੰਤਾਂ ਦੇ ਡੇਰੇ ਆ ਗਈ ਤੇ ਸੰਤਾਂ ਨੇ ਇੱਕ ਸਿੱਖ ਨਾਲ ਇਸਨੂੰ ਭੈਣੀ ਸਾਹਿਬ ਘੱਲ ਦਿੱਤਾ ਉਥੇ ਸਤਿਗੁਰਾਂ ਦੇ ਪਾਸ ਜਾ ਕੇ ਰਾਮੋ ਨੇ ਆਪਣੀ ਸਾਰੀ ਕਹਾਣੀ ਸੁਣਾਈ ਤੇ ਸਤਿਗੁਰਾਂ ਨੇ ਇੱਕ ਸਿੱਖ ਨੂੰ ਘੱਲ ਕੇ ਸੰਤਾਂ ਨੂੰ ਕੋਲ ਸੱਦ ਕੇ ਸੰਤਾਂ ਨੂੰ ਹੁਕਮ ਕੀਤਾ ਕਿ ਤੁਸੀ ਇਸ ਬੀਬੀ ਨਾਲ ਅਨੰਦ ਕਰਵਾ ਲਓ ਸੰਤਾਂ ਨੇ ਉੱਤਰ ਦਿੱਤਾ - ਗਰੀਬ ਨਿਵਾਜ ਮੈ ਤੇ ਅੱਗੇ ਅਪਣਾ ਟੱਬਰ ਛੱਡੀ ਬੈਠਾ ਹਾਂ ਮੈਨੂੰ ਇਸ ਚੀਜ ਦੀ ਕੋਈ ਲੋੜ ਨਹੀ ਹੈ ਜੀ। ਪਰ ਸੰਤਾਂ ਨੇ ਸਤਿਗੁਰਾਂ ਦੇ ਕਹਿਣ ਤੇ ਅਨੰਦ ਕਰਵਾ ਲਿਆ। ਇੱਧਰ ਪਿਛੇ ਵਰੰਟ ਨਿਕਲੇ ਕਿ ਸਾਡੀ ਕੁੜੀ ਸੰਤ ਬੈਤਾ ਸਿੰਘ ਕੱਢ ਕੇ ਲੈ ਗਿਆ ਹੈ ਸੰਤਾਂ ਨੇ ਰਾਮੋ ਦੇ ਬਿਆਨ ਲੁਧਿਆਣੇ ਡਿਪਟੀ ਕਮਿਸ਼ਨਰ ਪਾਸ ਕਰਵਾ ਲਏ, ਫਿਰ ਸੰਤ ਰਾਮੋ ਨੂੰ ਨਾਲ ਲੈ ਕੇ ਮੇਰੇ ਪਿੰਡ ਵੇਰਕੇ ਆਏ ਤੇ ਮੈਨੂੰ ਸਾਰੀ ਗੱਲ ਦੱਸੀ ਤੇ ਮੈ ਸੰਤਾਂ ਨਾਲ ਲੜਿਆ ਕਿ ਤੁਸੀ ਇਹ ਕੰਮ ਕਿਉਂ ਕੀਤਾ ਤੁਹਾਡੀ ਗੁੱਡੀ ਆਕਾਸ਼ ਵਿੱਚ ਚੜ੍ਹੀ ਹੋਈ ਸੀ ਤੇ ਹੁਣ ਬੜੀ ਬਦਨਾਮੀ ਹੋਵੇਗੀ, ਹੁਣ ਤੁਸੀ ਡੇਰੇ ਨਾ ਜਾਇਓ ਪਰ ਸੰਤ ਮੇਰੀ ਗੱਲ ਨਾ ਮੰਨੇ। ਉਹ ਰਾਮੋ ਨੂੰ ਨਾਲ ਲੈ ਕੇ ਸਿੱਧੇ ਗੁਰਦਾਸਪੁਰ ਜਾ ਕੇ ਜਿਲ੍ਹੇ ਵਿੱਚ ਵਕੀਲ ਦੇ ਰਾਹੀ ਡਿਪਟੀ ਨੂੰ ਦਰਖਾਸਤ ਦੇ ਕੇ ਰਾਮੋ ਦੇ ਫਿਰ ਬਿਆਨ ਕਰਾ ਕੇ ਫਿਰ ਸਿੱਧੇ ਡੇਰੇ ਲੈ ਗਏ ਤੇ ਕੁਝ ਚਿਰ ਡੇਰੇ ਰਹਿ ਕੇ ਫਿਰ ਜਥਾ ਲੈ ਕੇ ਦੌਰਾ ਕਰਨ ਵਾਸਤੇ ਸਿਆਲ ਕੋਟ ਦੀ ਤਸੀਲੇ ਨਾਰੋਵਾਲ ਦੇ ਇਲਾਕੇ ਵਿੱਚ ਪਹੁੰਚੇ 'ਚੰਦੋਵਾਲ'। ਰਾਮੋ ਵੀ ਨਾਲ ਹੀ ਸੀ। ਸੰਤਾਂ ਦੀ ਗੁਰਦਾਸਪੁਰ ਤਰੀਕ ਸੀ ਤੇ ਸੰਤ ਜੱਥੇ ਨੂੰ ਚੰਦੋਵਾਲ ਛੱਡ ਕੇ ਆਪ ਗੁਰਦਾਸਪੁਰ ਤਰੀਕੇ ਚਲੇ ਗਏ। ਪਿਛੋਂ ਕਿਸੇ ਸੂਹੀਏ ਨੇ ਪੁਲਸ ਨੂੰ ਦੱਸ ਦਿੱਤਾ ਕਿ ਰਾਮੋ ਨੂੰ ਫੜ ਲਿਆ ਜਾਉ ਤੇ ਪਿਛੋਂ ਪੁਲਸ ਰਾਮੋ ਨੂੰ ਤੇ ਚਾਰ ਸਾਧਾਂ ਨੂੰ ਫੜ ਕੇ ਲੈ ਆਈ ਤੇ ਹਵਾਲਾਤ ਵਿੱਚ ਬੰਦ ਕਰ ਦਿੱਤਾ ਰਾਮੋ ਦੇ ਵਾਰਸਾਂ ਵੱਲ ਸਿਪਾਹੀ ਭੇਜ ਦਿੱਤਾ ਕਿ ਤੁਹਾਡੀ ਲੜਕੀ ਫੜੀ ਗਈ ਹੈ, ਤੇ ਤੁਸੀ ਅਪਣੇ ਨਾਲ ਇਲਾਕੇ ਦੀ ਪੁਲਸ ਲੈ ਕੇ ਜਲਦੀ ਪੁੱਜ ਜਾਉ ਨਾਰੋਵਾਲ। ਇੱਧਰ ਜਦੋਂ ਪੁਲਸ ਨੇ ਛਾਪਾ ਮਾਰਕੇ ਇਹਨਾਂ ਨੂੰ ਫੜਿਆ ਤੇ ਉਸੇ ਵਕਤ ਇੱਕ ਸਾਧ ਸੰਤਾਂ ਵੱਲ ਭੱਜ ਗਿਆ ਤੇ ਉਸ ਨੇ ਜਾ ਕੇ ਸੰਤਾਂ ਨੂੰ ਵਾਕਿਆ ਦਸਿਆ ਤਾਂ ਹੀ ਮੈਨੂੰ ਸੰਤਾਂ ਨੇ ਅੰਮ੍ਰਿਤਸਰੋਂ ਬੁਲਾਇਆ ਸੀ, ਕਿ ਮੈ ਸੰਤਾਂ ਨੂੰ ਨਾਰੋਵਾਲ ਸਟੇ

ਸ਼ਨ ਤੇ ਪੰਜ ਵਜੇ ਤੋਂ ਪਹਿਲਾਂ ਪਹੁੰਚਾ ਦੇਵਾਂ। (ਇੱਹੀ ਕੰਮ ਸੀ ਜੋ ਕਿ ਨਾ ਬਣਿਆ।) ਮੈ ਚਾਰ ਵਜੇ ਸੰਤਾਂ ਨੂੰ ਨਾਰੋਵਾਲ ਸਟੇਸ਼ਨ ਤੇ ਲੈ ਕੇ ਪਹੁੰਚ ਗਿਆ ਸੰਤ ਤੇ ਗੁਰਦੁਵਾਰੇ ਬੈਠ ਗਏ ਪਰ ਮੈ ਸਿੱਧਾ ਥਾਣੇ ਗਿਆ। ਮੈਂ ਬਾਹਰ ਨਲਕੇ ਤੋਂ ਹੱਥ ਪੈਰ ਧੋ ਰਿਹਾ ਸਾਂ ਕਿ ਮੈਨੂੰ ਇੱਕ ਸਿਪਾਹੀ ਨੇ ਪੁਛਿਆ ਕਿ ਮੈ ਕਿਥੋਂ ਆਇਆ ਹਾਂ ਕਿਉਂਕਿ ਮੇਰੇ ਤੇ ਮਿੱਟੀ ਘੱਟਾ ਬੜਾ ਪਿਆ ਹੋਇਆ ਸੀ। ਤੇ ਮੈ ਦੱਸਿਆ ਕਿ ਮੈ ਸਾਈਕਲ ਤੇ ਅੰਮ੍ਰਿਤਸਰ ਤੋ ਨਾਰੋਵਾਲ ਆਇਆ ਹਾਂ ਤੇ ਮੈ ਸੰਤ ਬੰਤਾ ਸਿੰਘ ਜੀ ਦਾ ਚੇਲਾ ਹਾਂ। ਮੈ ਥਾਣੇ ਦਾਰ ਨੂੰ ਮਿਲਣਾ ਹੈ। ਸਿਪਾਹੀ ਨੇ ਕਿਹਾ, "ਅੰਦਰ ਚਲਾ ਜਾ ਜਦ ਮੈ ਦਰਵਾਜਾ ਲੰਘਿਆ ਤਾਂ ਦੇਖਿਆ ਕਿ ਇੱਕ ਹਵਾਲਾਤ ਵਿੱਚ ਇੱਕੱਲੀ ਰਾਮੋ ਤੇ ਦੂਜੀ ਵਿੱਚ ਚਾਰੇ ਸਾਧ। ਮੈਨੂੰ ਵੇਖ ਕੇ ਉਹਨਾਂ ਦੀ ਜਾਨ ਵਿੱਚ ਜਾਨ ਆਈ। ਥਾਣੇਦਾਰ ਦੇ ਪੁੱਛਣ ਤੇ ਮੈ ਦੱਸਿਆ ਕਿ ਮੈਂ ਸੰਤ ਬੰਤਾ ਸਿੰਘ ਦਾ ਚੇਲਾ ਹਾਂ ਤੇ ਅੰਮ੍ਰਿਤਸਰੋ ਸਾਈਕਲ ਤੇ ਆਇਆ ਹਾਂ। ਜਦੋ ਉਸਨੇ ਸੰਤਾਂ ਬਾਰੇ ਪੁਛਿਆ ਤੇ ਮੈ ਕਿਹਾ ਕਿ ਮੈਨੂੰ ਨਹੀ ਪਤਾ ਸੰਤ ਕਿਥੇ ਹਨ, ਪਰ ਮੈ ਤੁਹਾਡੇ ਨਾਲ ਇੱਕ ਗੱਲ ਕਰਨੀ ਹੈ, ਉਹ ਇੱਹ ਹੈ ਕਿ ਜੇ ਹੁਕਮ ਕਰੋ ਤਾਂ ਮੈਂ ਜ਼ਮਾਨਤੀ ਲਿਆਵਾਂ ਤੇ ਰਾਮੋ ਦੀ ਜਮਾਨਤ ਕਰ ਦਿਓ ਸਿਰਫ ਅੱਜ ਦੀ ਰਾਤ ਵਾਸਤੇ ਸਵੇਰੇ ਮੈ ਫਿਰ ਇਸਨੂੰ ਪੇਸ਼ ਕਰ ਦਿਆਂਗਾ। ਪਰ ਥਾਣੇਦਾਰ ਨੇ ਉੱਤਰ ਦਿੱਤਾ, "ਸਿੱਖਾਂ ਨੂੰ ਤੇ ਭਾਵੇ ਬਗੈਰ ਜਮਾਨਤ ਤੋਂ ਹੀ ਲੈ ਜਾ ਪਰ ਜਨਾਨੀ ਦੀ ਜਮਾਨਤ ਕਰਨ ਦਾ ਮੈਨੂੰ ਆਡਰ ਨਹੀ ਹੈ। ਮੈ ਫਿਰ ਦੁਬਾਰਾ ਕੋਸ਼ਿਸ਼ ਕੀਤੀ। ਸ਼ਹਿਰ ਵਿੱਚੋਂ ਜਾ ਕੇ ਸਰਦਾਰ ਬੰਤਾ ਸਿੰਘ ਨੂੰ ਲਿਆਇਆ ਇਹ ਸ਼ਹਿਰ ਦਾ ਨੰਬਰਦਾਰ ਸੀ। ਉਸਨੇ ਆ ਕੇ ਥਾਣੇਦਾਰ ਨੂੰ ੨੦੦ ਰੁ: ਦੇ ਦਿੱਤਾ ਤੇ ਇੱਕ ਰਾਤ ਦੀ ਜਮਾਨਤ ਰਾਮੋ ਦੀ ਕਰਵਾ ਕੇ ਲੈ ਆਂਦਾ। ਮੈ ਸੰਤਾਂ ਨੂੰ ਕਿਹਾ ਪੁਲਸ ਦੀ ਜਮਾਨਤ ਨਹੀ ਪੈਂਦੀ ਰਾਮੋ ਨੂੰ ਹੁਣ ਪੇਸ਼ ਨਾ ਕਰੀਏ ਪਰ ਨੰਬਰਦਾਰ ਨਾ ਮੰਨਿਆ। ਸਵੇਰੇ ਮੈ ਰਾਮੋ ਨੂੰ ਨਾਲ ਲੈ ਕੇ ਥਾਣੇ ਗਿਆ ਉਧਰੋ ਨੌ ਵਜੇ ਦੀ ਗੱਡੀ ਆ ਗਈ। ਇਸ ਗੱਡੀ ਤੇ ਸਾਡੇ ਇਲਾਕੇ ਦਾ ਥਾਣੇਦਾਰ ਤੇ ਰਾਮੋ ਦੇ ਮਾਂ ਪਿਉ, ਚਾਚੇ ਚਾਚੀਆਂ ਸਭ ਆ ਗਏ। ਮੈ ਰਾਮੋ ਨੂੰ ਪੇਸ਼ ਕੀਤਾ ਤੇ ਥਾਣੇਦਾਰ ਨੇ ਫਿਰ ਹਵਾਲਾਤ ਵਿਚ ਬੰਦ ਕਰ ਦਿੱਤਾ ਜਦ ਮੈ ਥਾਣੇ ਤੋ ਬਾਹਰ ਨਿਕਲਿਆ ਤੇ ਮੈਨੂੰ ਵੇਖ ਕੇ ਰਾਮੋ ਦੇ ਪਿਉ ਨੇ ਉੱਚੀ ਉੱਚੀ ਰੌਲਾ ਪਾ ਦਿੱਤਾ ਕਿ ਜ਼ਨਾਬ ਇਹ ਉਹੋ ਹੀ ਮੁੰਡਾ ਹੈ ਜਿਸਨੇ ਸਾਡੀ ਧੀ ਨੂੰ ਸ਼ਰਬਤ ਪਿਆਲ ਕੇ ਤੇ ਕੰਨ ਵਿੱਚ ਪਤਾ ਨਹੀ ਕੀ ਫੂਕ ਮਾਰੀ ਹੈ ਕਿ ਉਦੋ ਦੀ ਵਿਗੜ ਗਈ ਹੈ ਤੇ ਸਾਡੇ ਆਖੇ ਹੀ ਨਹੀ ਲਗਦੀ। ਜਦੋਂ ਥਾਣੇਦਾਰ ਨੇ ਮੈਨੂੰ ਪੁੱਛਿਆ ਤੇ ਮੈ ਦਸਿਆ ਕਿ, "ਮੈ ਤਾਂ ਅੰਮ੍ਰਿਤ ਛਕਾਇਆ ਸੀ ਗੁਰੂ ਦਾ, ਤੇ ਕੰਨ ਵਿੱਚ ਭਜਨ ਦੱਸਿਆ ਸੀ। ਸੰਤਾਂ ਬਾਰੇ ਥਾਣੇਦਾਰ ਨੇ ਪੁੱਛਿਆ ਤਾਂ ਮੈ ਕਿਹਾ ਕਿ ਮੈਨੂੰ ਨਹੀ ਪਤਾ। ਫਿਰ ਮੈਨੂੰ ਥਾਣੇਦਾਰ ਨੇ

ਕਿਹਾ, "ਇੱਥੇ ਦੌੜ ਜਾ। ਮੈ ਸਾਰੀ ਗੱਲ ਆ ਕੇ ਸੰਤਾਂ ਨੂੰ ਦੱਸੀ ਤੇ ਸੰਤਾਂ ਨੂੰ ਆਖਿਆ ਕਿ ਤੁਸੀ ਹੁਣ ਡੇਰੇ ਚਲੋ। ਅਸੀ ੧੨ ਕੋਹ ਤੁਰ ਤੇ ਡੇਰੇ ਪੁੱਜੇ। ਇੱਕ ਸਿੱਖ ਇੱਥੇ ਛੱਡ ਗਏ ਸਾਂ ਕਿ ਪਤਾ ਰਖੇ ਕਿ ਪੁਲਸ ਰਾਮੋ ਨੂੰ ਕਿੱਧਰ ਲੈ ਕੇ ਜਾਂਦੀ ਹੈ।. ਮੈ ਸੰਤਾਂ ਪਾਸੋਂ ਛੁੱਟੀ ਲੈ ਕੇ ੧੦ ਦਿਨਾਂ ਬਾਅਦ ਘਰ ਆਇਆ। ਮੇਰੀ ਘਰਦੀ ਬੜੀ ਫਿਕਰਮੰਦ ਸੀ ਕਿ ਪਤਾ ਨਹੀ ਕਿੱਧਰ ਤੁਰ ਗਿਆ ਹਾਂ।

ਉਧਰ ਮੇਮ ਨੇ ਤਿੰਨ ਵਾਰ ਨੌਕਰ ਘਰ ਭੇਜਿਆ ਕਿ ਅਮਰ ਸਿੰਘ ਕੰਮ ਤੇ ਕਿਉ ਨਹੀ ਆਉਂਦਾ। ਇੱਧਰ ਰਾਮੋ ਨੂੰ ਜਿਲ੍ਹਾ ਗੁਰਦਾਸਪੁਰ ਥਾਣੇਦਾਰ ਨੇ ਡਿਪਟੀ ਦੇ ਪੇਸ਼ ਕੀਤਾ ਤੇ ਰਾਮੋ ਨੇ ਬਿਆਨ ਦਿੱਤੇ ਕਿ ਮੈਂ ਬ੍ਰਾਹਮਣੀ ਨਹੀ ਸਿੱਖਣੀ ਹਾਂ ਮੈਂ ਅੰਮ੍ਰਿਤ ਛਕਿਆ ਹੈ। ਮੈ ਬ੍ਰਾਹਮਣਾਂ ਦੇ ਘਰ ਨਹੀ ਜਾਣਾਂ। ਡਿਪਟੀ ਨੇ ਦੌਲਤ ਰਾਮ ਨੂੰ ਕਿਹਾ ਜੇ ਇਹ ਤੁਹਾਡੀ ਬੇਟੀ ਹੈ ਤਾਂ ਤੁਸੀ ਇਸਨੂੰ ਲੈ ਜਾਓ ਤੇ ਉਹ ਉਸੇ ਵਕਤ ਇੱਕ ਟੈਕਸੀ ਕਰਕੇ ਰਾਮੋ ਨੂੰ ਜਿਲ੍ਹਾ ਸਿਆਲਕੋਟ ਵਿੱਚ ਇੱਕ ਪਿੰਡ ਸੀ 'ਲਿਦੋ ਕੇ' ਉਥੇ ਲੈ ਗਏ। ਉਥੇ ਬ੍ਰਾਹਮਣਾਂ ਦੇ ਘਰ ਬਹੁਤ ਸਨ, ਤੇ ਬੜੇ ਬੜੇ ਸ਼ਾਹੂਕਾਰ ਸਨ। ਦੌਲਤ ਰਾਮ ਦੇ ਰਿਸ਼ਤੇਦਾਰ ਇਹਨਾਂ ਦੇ ਤਿੰਨ ਤਿੰਨ ਮਜਲੇ ਮਾਕਾਨ ਸਨ। ਰਾਮੋ ਨੂੰ ਉਥੇ ਲੈ ਗਏ। ਜਦੋਂ ਸੰਤਾਂ ਨੂੰ ਪਤਾ ਲਗਿਆ ਤਾਂ ਉਹਨਾਂ ਨੇ ਮੈਨੂੰ ਸੁਨੇਹਾ ਭੇਜਿਆ, "ਮੈਂ ਉਸੇ ਦਿਨ ਜਾ ਕੇ ਸੰਤਾਂ ਨੂੰ ਮਿਲਿਆ। ਅਸੀ ਫਿਰ ਨਾਰੋਵਾਲ ਪਹੁੰਚੇ ਤੇ ਉਥੇ ਦੇ ਕੁਝ ਹੋਰ ਬੰਦੇ ਨਾਲ ਲਏ ਤੇ ਅਸੀ ਲਿਦੋ ਕੇ ਪਿੰਡ ਪਹੁੰਚੇ ਜਾਕੇ ਪੁਲਸ ਨਾਲ ਗੱਲਬਾਤ ਕੀਤੀ ਤੇ ੨੦੦ ਰੁ: ਥਾਣੇਦਾਰ ਨੂੰ ਦਿੱਤਾ ਕਿ ਤੂੰ ਸਾਡੇ ਤੇ ਹਮਲਾ ਨਾ ਕਰੀ ਤੇ ਅਸੀ ੫੦ ਕੁ ਬੰਦੇ ਪਿੰਡ ਵਿੱਚ ਜਾ ਵੱੜੇ। ਅਗੋਂ ਬ੍ਰਾਹਮਣਾਂ ਦੇ ਦਰਵਾਜੇ ਬੰਦ ਸੀ ਅਸੀ ਕਾਫੀ ਸਿੱਖਾਂ ਨੇ ਰਲ ਕੇ ਦਰਵਾਜੇਂ ਨੂੰ ਧੱਕਿਆਂ ਤੇ ਕੱਧ ਡਿੱਗ ਪਈ ਬ੍ਰਾਹਮਣ ਵੀ ਅਗੋਂ ਤਗੜੇਂ ਸਨ। ਸਾਡੀ ਬੜੀ ਲੜਾਈ ਹੋਈ ਤੇ ਇਸੇ ਝਗੜੇ ਵਿੱਚ ਕਈ ਬ੍ਰਾਹਮਣ ਜਖਮੀ ਹੋਏ ਬਾਕੀ ਭੱਜ ਗਏ ਪਰ ਰਾਮੋ ਸਾਨੂੰ ਨਾਂ ਮਿਲੀ। ਪਿੰਡ ਦੇ ਲੋਕ ਇੱਕੱਠੇ ਹੋ ਕੇ ਸਾਡੇ ਨਾਲ ਲੜਨ ਨੂੰ ਤਿਆਰ ਹੋਏ ਪਰ ਸੰਤਾਂ ਨੇ ਕੋਠੇ ਤੇ ਚੜ੍ਹ ਕੇ ਸਭ ਨੂੰ ਰੋਕ ਦਿੱਤਾ ਤੇ ਕਿਹਾ, "ਸਾਡੀ ਲੜਾਈ ਬ੍ਰਾਹਮਣਾਂ ਨਾਲ ਹੈ ਅਸੀ ਡਾਕੂ ਨਹੀ ਹਾਂ, ਤੁਸੀ ਸਭ ਮੇਰੇ ਜੱਟ ਭਰਾ ਹੋ ਤੁਸੀ ਪਿੱਛੇ ਹਟ ਜਾਉ ਮੈ ਬੂੜੇ ਡੱਲੇ ਵਾਲਾ ਸੰਤ ਬੰਤਾ ਸਿੰਘ ਹਾਂ।" ਇਹ ਗੱਲ ਸੁਣ ਕੇ ਸਭ ਲੋਕ ਪਿੱਛੇ ਹਟ ਗਏ। ਪੁਲਸ ਨੇ ਹਵਾਈ ਫਾਇਰ ਕੀਤੇ ਤੇ ਅਸੀ ਪਿੰਡੋ ਬਾਹਰ ਆ ਗਏ ਤੇ ਸੰਤਾਂ ਨੇ ਸਾਨੂੰ ਦੌੜ ਜਾਣ ਲਈ ਕਿਹਾ। ਮੈ ਤੇ ਕੁਝ ਹੋਰ ਸਾਧ ਸੰਤਾਂ ਦੇ ਨਾਲ ਨਾਰੋਵਾਲ ਤੱਕ ਇੱਕੱਠੇ ਆਏ ਤੇ ਮੈ ਉਥੋਂ ਆਪਣਾਂ ਸਾਈਕਲ ਲੈ ਕੇ, ਸੰਤਾਂ ਨੂੰ ਮੱਥਾਂ ਟੇਕ ਕੇ ਅਪਣੇ ਪਿੰਡ ਵੇਰਕੇ ਰਾਤੋ ਰਾਤ ੫੦ ਮੀਲ ਪੈਡਾ ਕਰਕੇ ਪਹੁੰਚਿਆ।

# (੧੪) ਸਤਿਗੁਰਾਂ ਪਾਸੋਂ ਵਰ ਦੀ ਪ੍ਰਾਪਤੀ

ਘਰ ਗਏ ਨੂੰ ਪ੍ਰੀਤਮ ਕੌਰ ਨੇ ਪੁਛਿਆ, "ਤੁਸੀ ਕਿਥੇ ਗਏ ਸੀ। ਕੁਝ ਦਸਿਆ ਨਾ ਪੁਛਿਆ ਪਹਿਲਾਂ ੧੦ ਦਿਨਾਂ ਬਾਅਦ ਆਏ ਅੱਜ ਫੇਰ ਚਲੇ ਗਏ। ਤੁਹਾਡੇ ਪਿੱਛੋ ਸਾਹਬ ਦੀ ਕੋਠੀਓ ਤਿੰਨ ਚਾਰ ਵਾਰ ਨੌਕਰ ਆਇਆ ਬਈ ਕੰਮ ਤੇ ਆਵੇ।" ਮੈ ਕਿਹਾ, "ਸਵੇਰੇ ਕੰਮ ਤੇ ਜਾਵਾਂਗਾ।" ਪ੍ਰਸਾਦਾ ਛਕ ਕੇ ਮੈ ਸੌ ਗਿਆ। ਜਦੋਂ ਰਾਤ ਨੂੰ ਜਾਗ ਆਈ ਤਾਂ ਸੋਚਿਆ ਕਿ ਮਨਾਂ ਹੁਣ ਪਿੰਡ ਨਹੀ ਰਹਿਣਾਂ। ਇਹ ਗੱਲ ਸੋਚ ਕੇ ਜਦੋ ਮੈ ਸਵੇਰੇ ਉਠਿਆ, ਨਿਤਨੇਮ ਕੀਤਾ ਤੇ ਪ੍ਰਸਾਦਾ ਛਕ ਕੇ ਪ੍ਰੀਤਮ ਕੌਰ ਨਾਲ ਸਲਾਹ ਮਸ਼ਵਰਾ ਕੀਤਾ ਤੇ ਕਿਸੇ ਨੂੰ ਨਾ ਦੱਸਿਆ ਕਿ ਅਸੀ ਕਿੱਧਰ ਨੂੰ ਜਾ ਰਹੇ ਹਾਂ ਸੂਟਕੇਸ ਲਿਆ ਤੇ ਅੰਮ੍ਰਿਤਸਰ ਆ ਗਏ। ਟਿਕਟਾਂ ਲੈ ਕੇ ਜਿਲਾ ਸ਼ੇਖੂਪੁਰੇ ਵਿੱਚ ਕਿਲੇ ਸੱਤਾਰ ਸ਼ਾਹ ਦਾ ਸਟੇਸ਼ਨ ਸੀ। ਏਥੇ ਆ ਕੇ ਉੱਤਰੇ ਅੱਗੇ ਦੋ ਮੀਲ ਦੇ ਫਾਸਲੇ ਤੇ ਲੁਬਾਣੇ ਸਿੱਖਾਂ ਦਾ ਪਿੰਡ ਸੀ, 'ਪਿੰਡੀਦਾਸ', ਇਸ ਪਿੰਡ ਮੇਰੀ ਵੱਡੀ ਸਾਲੀ ਵਿਆਹੀ ਹੋਈ ਸੀ ਕਰਤਾਰ ਕੌਰ। ਅਸੀ ਦੋਵੇ ਇਹਨਾਂ ਦੇ ਪਾਸ ਚਲੇ ਗਏ। ਮੇਰੇ ਸਾਂਢੂ ਦਾ ਨਾਮ ਹਰਨਾਮ ਸਿੰਘ ਸੀ। ਅਸੀ ਪਹਿਲੀ ਵਾਰ ਇਹਨਾ ਪਾਸ ਆਏ ਸਾਂ। ਉਹਨਾਂ ਨੂੰ ਬੜਾ ਚਾਅ ਚੜ੍ਹਿਆ ਸੁਖ ਸਾਂਦ ਪੁਛੀ ਰਾਤ ਨੂੰ ਪ੍ਰਸਾਦੇ ਛਕ ਕੇ ਸਾਰੇ ਬੈਠ ਕੇ ਗੱਲਾਂ ਬਾਤਾਂ ਕਰਦੇ ਰਹੇ। ਹਰਨਾਮ ਸਿੰਘ ਜੀ ਦੇ ਪੁੱਛਣ ਤੇ ਮੈ ਦਸਿਆ ਕਿ ਮੈ ਹੁਣ ਸੰਤਾਂ ਪਾਸੋ ਆ ਗਿਆ ਹਾਂ ਤੇ ਹੁਣ ਕੰਮ ਕਾਰ ਸਿੱਖਣਾਂ ਹੈ ਜੀ। ਉਹਨਾਂ ਨੇ ਆਖਿਆ, "ਹੁਣ ਤੂੰ ਮੇਰੇ ਪਾਸ ਰਹਿ ਮੈ ਤੈਨੂੰ ਕੰਮ ਸਿਖਾਵਾਂਗਾ।" ਮੈ ਆਖਿਆ, "ਜੀ ਬੜੀ ਚੰਗੀ ਗੱਲ ਹੈ।"

ਸਵੇਰੇ ਹਰਨਾਮ ਸਿੰਘ ਮੈਨੂੰ ਆਪਣੇ ਨਾਲ ਲੈ ਗਿਆ। ਉਹ ਇੱਟਾਂ ਦਾ ਕੰਮ ਕਰਦੇ ਸੀ। ਮੈਨੂੰ ਤੇਸੀ ਕਾਂਡੀ ਦੇ ਕੇ ਆਪਣੇ ਨਾਲ ਕੰਮ ਤੇ ਲਾ ਲਿਆ। ਮੈ ਕਦੇ ਕੰਮ ਨਹੀ ਸੀ ਕੀਤਾ। ਮੇਰੇ ਹੱਥ ਵੱਢੇ ਗਏ ਚੂਨੇ ਨਾਲ, ਪਰ ਮੈ ਹਠ ਨਾ ਛੱਡਿਆ। ਰੋਜ ਰਾਤ ਨੂੰ ਉਂਗਲਾਂ ਸੇਕਿਆਂ ਕਰਾਂ ਤੇ ਦਿਨੇ ਫਿਰ ਕੰਮ ਤੇ ਬਰਾਬਰ ਇੱਟਾਂ

ਲਾਉਣੀਆਂ। ਉੱਧਰ ਮੇਰੀ ਸੱਸ ਤੇ ਸਹੁਰੇ ਨੂੰ ਪਤਾ ਲਗਾ ਕਿ ਅਮਰ ਸਿੰਘ ਹਰਨਾਮ ਸਿੰਘ ਪਾਸ ਆ ਕੇ ਕੰਮ ਕਰਨ ਲਗ ਪਿਆ ਹੈ। ਇਸੇ ਖੁਸ਼ੀ ਵਿੱਚ ਮੇਰੀ ਸੱਸ ਮੇਰੇ ਵਾਸਤੇ ਇੱਕ ਪੀਪਾ ਘਿਉ ਦਾ ਲੈ ਕੇ ਆਈ ਤੇ ਮੈਨੂੰ ਕਹਿਣ ਲਗੀ, "ਪੁੱਤਰ, ਤੂੰ ਤਗੜਾ ਹੋ ਕੇ ਕੰਮ ਕਰ ਜਿਨਾਂ ਘਿਉ ਤੂੰ ਖਾਵੇ ਮੈ ਉਨਾਂ ਹੀ ਪੁਚਾਈ ਜਾਵਾਂਗੀ।" ਚਾਚੀ ਸਾਡੇ ਕੋਲ ਤਿੰਨ ਦਿਨ ਰਹਿ ਕੇ ਪਰੀਤੋ ਨੂੰ ਨਾਲ ਲੈ ਕੇ ਬੁਟਰੀ ਗਈ। ਮੈ ਇੱਥੇ ਤਿੰਨ ਮਹੀਨੇ ਕੰਮ ਕੀਤਾ ਤੇ ਫਿਰ ਕੰਮ ਬੰਦ ਹੋ ਗਏ। ਬਰਸਾਤਾਂ ਦੇ ਕਾਰਨ। ਜਦੋਂ ਮੈ ਇੱਥੋਂ ਤੁਰਨ ਲਗਾ ਤਾਂ ਹਰਨਾਮ ਸਿੰਘ ਨੇ ਮੈਨੂੰ ੯੦ ਰੁ: ਦਿੱਤੇ ਇੱਕ ਰੁ: ਰੋਜ ਦੇ ਹਿਸਾਬ ਨਾਲ। ਮੈ ਪੰਜ ਰੁ: ਉਸਦੇ ਮੁੰਡੇ ਨੂੰ ਮੋੜ ਦਿੱਤੇ ਤੇ ੮੫ ਰੁ: ਲੈ ਕੇ ਮੈਂ ਸ਼ੇਖੂਪੁਰੇ ਆ ਗਿਆ। ਉਥੋਂ ਮੈ ਢਾਈਆਂ ਰੁ: ਦਾ ਸੂਟਕੇਸ ਖਰੀਦਿਆ ਕਪੜੇ ਪਾਉਣ ਵਾਸਤੇ (ਉਹ ਸੂਟਕੇਸ ਮੇਰੇ ਕੋਲ ਅਜੇ ਵੀ ਹੈ।) ਤੇ ਮੈ ਇੱਥੋ ਗੱਡੀ ਚੜ੍ਹ ਕੇ ਬੁੱਟਰੀ ਪਹੁੰਚ ਗਿਆ ਤੇ ੮੦ ਰੁ: ਮੈਂ ਜਾ ਕੇ ਅਪਣੀ ਸੱਸ ਨੂੰ ਦਿੱਤੇ ਚਾਚੀ ਬੜੀ ਖੁਸ਼ ਹੋਈ। ਚਾਚੀ ਨੇ ਮੇਰੇ ਕੋਲੋ ਰੁਪਏ ਲੈ ਕੇ ਆਪਣੀ ਧੀ ਨੂੰ ਦਿੱਤੇ ਤੇ ਕਹਿਣ ਲਗੀ, "ਪਰੀਤੋ ਇਹ ਲੈ ੮੦ ਰੁ: ਇਹ ਅਮਰ ਸਿੰਘ ਕੰਮ ਕਰਕੇ ਲਿਆਇਆ ਹੈ।" ਪਰੀਤੋਂ ਨੇ ਰੁਪਏ ਲੈਂ ਲਏ। ਮੈ ਇੱਥੇ ਆਪਣੇ ਸਹੁਰੇ ਇੱਕ ਮਹੀਨਾਂ ਰਿਹਾ ਫਿਰ ਮੈਨੂੰ ਪਤਾ ਲਗਾ ਕਿ ਲਾਹੌਰ ਭਾਈਏ ਸੁਰੈਣ ਸਿੰਘ ਨੇ ਇੱਕ ਕੋਠੀ ਦਾ ਠੇਕਾ ਲਿਆ ਹੋਇਆ ਹੈ। ਮੈ ਲਾਹੌਰ ਭਾਈਆ ਜੀ ਪਾਸ ਪਹੁੰਚਿਆ (ਇਹ ਮੇਰਾ ਵੱਡਾ ਭਣਵਈਆ ਸੀ, ਇਹਨਾਂ ਦਾ ਪਿੰਡ ਸ਼ਾਮ ਨਗਰ ਸੀ ਜਿਲ੍ਹਾ ਅੰਮ੍ਰਿਤਸਰ ਵਿੱਚ। ਅੱਜ ਕਲ ਇਹ ਟਾਟਾ ਨਗਰ ਰਹਿੰਦੇ ਹਨ। ਇਹਨਾਂ ਦੇ ਲੜਕੇ ਸਰਦਾਰ ਰਘਬੀਰ ਸਿੰਘ ਦੀਆਂ ਦੋ ਵਰਕਸ਼ਾਪਾ ਚਲ ਰਹੀਆਂ ਹਨ। ਗਰਾਈਂਡਰ ਮਸ਼ੀਨ ਵੀ ਲਗਾਈ ਹੋਈ ਹੈ। ਢਲਾਈ ਦਾ ਕੰਮ ਵੀ ਚਲਦਾ ਹੈ। ਬੜੀ ਸਤਿਗੁਰੂ ਦੀ ਕਿਰਪਾ ਹੈ। ਇਸ ਵਕਤ ਲਖਾਂਪਤੀ ਹਨ।) ਸੰਨ ੧੯੩੪ ਵਿੱਚ ਮੈ ਇਹਨਾਂ ਕੋਲ ਲਾਹੌਰ ਦੋ ਮਹੀਨੇ ਕੰਮ ਕੀਤਾ ਇਹਨਾ ਨੇ ਮੈਨੂੰ ੭੦ ਰੁ: ਦਿੱਤੇ ਕੋਠੀ ਤਿਆਰ ਹੋ ਗਈ ਤੇ ਫਿਰ ਮੈ ਆਪਣੇ ਸਹੁਰੇ ਵਾਪਿਸ ਆ ਗਿਆ ਤੇ ੫੦ ਰੁ: ਮੈ ਆ ਕੇ ਘਰਵਾਲੀ ਨੂੰ ਦੇ ਦਿੱਤੇ ਤੇ ੩੦ ਰੁ: ਮੈ ਆਪਣੇ ਕੋਲ ਰਖੇ। ਕਿਉਂਕਿ ਮੇਰੀ ਸਲਾਹ ਲਾਇਲ ਪੁਰ ਜਾਣ ਦੀ ਸੀ।

ਮੈ ਅੱਜ ਲਾਇਲ ਪੁਰ ਆ ਗਿਆ ਏਥੇ ਮੈਥੋ ਵਡਾ ਭਰਾ ਸ: ਕਰਤਾਰ ਸਿੰਘ ਜੀ ਪਾਵਰ ਹਾਊਸ ਵਿੱਚ ਇੰਨਜੀਨੀਅਰ ਸੀ। ਮੈ ਇਹਨਾਂ ਦੀ ਕੋਠੀ ਪਹੁੰਚਾ ਜਾਂ ਕੇ ਭਰਜਾਈ ਕੇਸਰੀ ਨੂੰ ਸਤਿ ਸ੍ਰੀ ਅਕਾਲ ਬੁਲਾਈ ਉਸਨੇ ਮੈਨੂੰ ਪੁਛਿਆ ਕਿ, "ਅਮਰ ਸਿੰਘ ਤੂੰ ਸੰਤਾਂ ਕੋਲੋਂ ਆ ਗਿਆ ਹੈ?" ਫਿਰ ਉਸਨੇ ਪੁਛਿਆ, "ਅੱਜ ਸਾਡੇ ਕੋਲ ਕਿਸ ਤਰ੍ਹਾਂ ਆਇਆ ਹੈ? ਮੈਂ ਦਸਿਆ ਕਿ ਕੰਮ ਸਿੱਖਣ ਵਾਸਤੇ ਆਇਆ ਹਾਂ ਤੇ ਉਸਨੇ ਕਿਹਾ,

"ਕੰਮ ਤੇ ਤੈਨੂੰ ਅਸੀ ਸਿਖਾਂਵਾਂਗੇ ਜੇ ਤੂੰ ਸਿੱਖੇਗਾ ਤਾਂ।" ਤਾਂ ਮੈ ਕਿਹਾ, "ਉਹ ਕਿਸ ਤਰ੍ਹਾਂ ਸਿਖਾਉਗੇ?" ਉਸ ਆਖਿਆ, "ਤੂੰ ਸਾਡੇ ਐਵਾਣੇ ਖਿਡਾਇਆ ਕਰੀ ਨਲਕੇ ਤੋਂ ਵਰਤਣ ਨੂੰ ਪਾਣੀ ਭਰ ਲਿਆਇਆ ਕਰੀ ਤੇ ਪਰੀਤੋ ਸਾਡੇ ਕਪੜੇ ਧੋਇਆ ਕਰੇਗੀ। ਨਾਲੇ ਰੋਟੀਆਂ ਪਕਾਇਆ ਕਰੇਗੀ ਤਾਂ ਤੈਨੂੰ ਕੰਮ ਸਿਖਾਵਾਂਗੇ।"

ਭਰਾ ਜੀ ਅਜੇ ਪਾਵਰ ਹਾਊਸ ਤੋਂ ਘਰ ਨਹੀ ਸਨ ਆਏ ਕਿ ਮੈ ਇਹ ਗੱਲਾਂ ਸੁਣ ਕੇ ਉੱਠਕੇ ਬਾਹਰ ਆ ਗਿਆ ਤੇ ਲਾਇਲ ਪੁਰ ਸ਼ਹਿਰ ਨੂੰ ਤੁਰ ਪਿਆ। ਦਿਲ ਬੜਾ ਦੁਖੀ ਹੋਇਆ ਤੇ ਮੇਰਾ ਰੋਣ ਨਿਕਲ ਗਿਆ। ਅਗੋ ਭਰਾ ਜੀ ਤੇ ਹੋਰ ਅਫਸਰ ਆ ਰਹੇ ਸਨ, ਮੈ ਦੇਖ ਕੇ ਅੱਖਾਂ ਪੂੰਝ ਲਈਆਂ ਤੇ ਏਨੇ ਚਿਰ ਨੂੰ ਭਰਾ ਜੀ ਤੇ ਉਹ ਅਫਸਰ ਮੇਰੇ ਕੋਲ ਆ ਗਏ। ਮੈਂ ਫਤਹਿ ਬੁਲਾਈ ਤੇ ਭਰਾ ਜੀ ਨੇ ਮੈਨੂੰ ਜੱਫੀ ਵਿੱਚ ਲੈ ਲਿਆ, "ਘੁੱਟ ਕੇ ਮਿਲੇ ਤੇ ਕਹਿਣ ਲਗੇ, "ਅਮਰ ਸਿੰਘ ਕੋਠੀ ਤਾਂ ਪਿੱਛੇ ਹੈ ਤੂੰ ਕਿਧਰ ਜਾ ਰਿਹਾ ਹੈ, ਘਰ ਚਲ।" ਮੈ ਉੱਤਰ ਦਿੱਤਾ, "ਮੈਂ ਕੋਠੀ ਤੋਂ ਹੀ ਆ ਰਿਹਾ ਹਾਂ ਭਾਜੀ, ਜਰਾ ਕੁ ਬਾਹਰ ਚਲਿਆ ਹਾਂ, ਫਿਰ ਵਾਪਿਸ ਆਵਾਂਗਾ, ਫਿਰ ਭਰਾ ਜੀ ਉਸ ਅੰਗਰੇਜ ਅਫਸਰ ਨਾਲ ਗੱਲਾਂ ਬਾਤਾਂ ਕਰਦੇ ਕਰਦੇ ਸਾਹਬ ਦੀ ਕੋਠੀ ਚਲੇ ਗਏ ਤੇ ਲਾਇਲਪੁਰ ਦੇ ਸਟੇਸ਼ਨ ਤੇ ਆ ਕੇ ਉਥੋ ਟਾਂਗਾ ਫੜ ਕੇ ਗੁਰ ਨਾਨਕ ਪੁਰੇ ਨਾਮਧਾਰੀਆਂ ਦੇ ਗੁਰਦੁਵਾਰੇ ਪਹੁੰਚ ਗਿਆ। ਅੱਗੇ ਜਾਂਦਿਆਂ ਨੂੰ ਗੁਰਦੁਵਾਰੇ ਦੇ ਮਹੰਤ ਸੋਹਣ ਸਿੰਘ ਜੀ ਬੈਠੇ ਸਨ। ਮੈਂ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ ਉਹ ਬੜੇ ਖੁਸ਼ ਹੋਏ ਤੇ ਕਹਿਣ ਲਗੇ, "ਚੰਗਾ ਹੋਇਆ ਹੈ ਕਿ ਅੱਜ ਤੂੰ ਆ ਗਿਆ ਹੈ। ਕਲ ਲਾਇਲਪੁਰ ਵਿੱਚ ਜਲੂਸ ਨਿਕਲਨਾਂ ਹੈ, ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਹੈ। ਅਗਲੇ ਦਿਨ ਨੌ ਵਜੇ ਹੋਰ ਸਿੱਖਾਂ ਨੂੰ ਤੇ ਮੈਨੂੰ ਨਾਲ ਲੈ ਕੇ ਸੰਤ ਸੋਹਣ ਸਿੰਘ ਜੀ ਜਲੂਸ ਵਿੱਚ ਸ਼ਾਮਿਲ ਹੋਏ। ਮੈਨੂੰ ਹੁਕਮ ਦਿੱਤਾ ਕਿ ਤੂੰ ਸ਼ਬਦ ਵੀ ਪੜ੍ਹ ਤੇ ਲੈਕਚਰ ਵੀ ਕਰ ਮੈ ਹੁਕਮ ਮੰਨ ਕੇ ਲੈਕਚਰ ਸ਼ੁਰੂ ਕਰ ਦਿੱਤਾ, ਮੈਨੂੰ ਦਸਵੇਂ ਪਾਤਸ਼ਾਹ ਜੀ ਦੀ ਬਾਣੀ ਬੜੀ ਕੰਠ ਸੀ। ਸਤਿਗੁਰਾਂ ਦੀ ਕਿਰਪਾ ਸੀ ਉਸ ਵਕਤ, ਜਵਾਨੀ ਵੀ ਜੋਬਨ ਤੇ ਸੀ, ਤੇ ਆਵਾਜ ਵੀ ਬੜੀ ਸੀ ਜੋ ਸਿੱਖ ਨਾਲ ਬੋਲਦੇ ਬੜੇ ਜੋਰ ਸ਼ੋਰ ਨਾਲ ਬੋਲਦੇ ਤੇ ਪ੍ਰੇਮ ਨਾਲ ਬੋਲਦੇ ਸਨ। ਨਾਲੇ ਕੁਝ ਰੱਬ ਨੇ ਮੇਰੇ ਤੇ ਕਿਰਪਾ ਕਰਨੀ ਸੀ। ੧੦ ਵਜੇ ਜਲੂਸ ਚਾਲੂ ਹੋਇਆ ਸ਼ਾਮ ਦੇ ਪੰਜ ਵਜੇ ਵਾਪਿਸ ਗੁਰਦੁਵਾਰੇ ਪੁਜੇ, ੭ ਘੰਟੇ ਮੈਂ ਨਾਲੇ ਕੀਰਤਨ ਕਰਦਾ ਰਿਹਾ ਨਾਲੇ ਲੈਕਚਰ ਕਰਦਾ ਰਿਹਾ। ਦੁਨੀਆਂ ਦੰਗ ਰਹਿ ਗਈ। ਰਾਤ ਫਿਰ ਗੁਰਦੁਵਾਰੇ ਸਿੰਘ ਸਭਾ ਇੱਕ ਘੰਟਾ ਕੀਰਤਨ ਕੀਤਾ ਤੇ ਅਗਲੇ ਦਿਨ ਮੈਂ ਪਿਛਲੇ ਪਹਿਰ ਚਾਰ ਕੁ ਵਜੇ ਦੇ ਕਰੀਬ ਲਾਇਲ ਪੁਰ ਦੇ ਘੰਟਾ ਘਰ ਦੇ ਕੋਲ ਬਾਜਾਰ ਵਿੱਚ ਖੜਾ ਸਾਂ ਤੇ ਮੇਰਾ ਧਿਆਨ ਘੰਟਾ ਘਰ ਵੱਲ ਸੀ ਤੇ ਦੂਸਰੇ

ਪਾਸਿਓ ਸਤਿਗੁਰੂ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਵਾਲਿਆ ਦੀ ਕਾਰ ਆਈ ਤੇ ਡਰਾਈਵਰ ਸੀ ਲਾਲ ਸਿੰਘ। ਉਸਨੇ ਕਾਰ ਮੇਰੇ ਨਾਲ ਆ ਕੇ ਖੜੀ ਕੀਤੀ ਤੇ ਮੈ ਤਰਭਕ ਕੇ ਪਿਛੇ ਵੇਖਿਆ ਤੇ ਕਾਰ ਵਿੱਚ ਸੱਚੇ ਪਾਤਸ਼ਾਹ ਬੈਠੇ ਸਨ। ਮੈ ਝੱਟ ਨਮਸਕਾਰ ਕੀਤੀ ਤੇ ਉਹਨਾਂ ਨੇ ਮੈਨੂੰ ਕਾਰ ਵਿੱਚ ਨਾਲ ਹੀ ਬਿਠਾ ਲਿਆ ਤੇ ਨਾਮਧਾਰੀਆਂ ਦੇ ਗੁਰਦੁਵਾਰੇ ਆ ਗਏ। ਮੈਨੂੰ ਸਤਿਗੁਰਾਂ ਪੁਛਿਆ, "ਅਮਰ ਸਿੰਘ ਤੇਰੀ ਸ਼ਾਦੀ ਕੀਤੀ ਸੀ, ਤੂੰ ਅੱਜੇ ਸੰਤਾਂ ਪਾਸ ਹੀ ਹੈ ਕਿ ਅਪਣੇ ਘਰ ਆ ਗਿਆ ਹੈ?"

ਮੈਂ ਅਰਜ ਕੀਤੀ, "ਜੀ ਸੰਤਾਂ ਪਾਸੋਂ ਆਏ ਨੂੰ ਤੇ ਮੈਨੂੰ ਨੌ ਕੁ ਮਹੀਨੇ ਹੋ ਗਏ ਹਨ।"

ਉਹਨਾ ਪੁਛਿਆ, "ਹੁਣ ਕੀ ਕੰਮ ਕਰਦਾ ਹੁੰਨਾ ਹੈ?"

ਮੈਂ ਦਸਿਆ, "ਜੀ ਕੰਮ ਕੀ ਕਰਨਾ ਹੈ, ਕੰਮ ਤੇ ਮੈਨੂੰ ਕੋਈ ਨਹੀ ਆਉਂਦਾ।"

ਸਤਿਗੁਰ ਕਹਿਣ ਲਗੇ "ਘਾਬਰੀ ਨਾ, ਜਿਸ ਕੰਮ ਨੂੰ ਤੂੰ ਹੱਥ ਪਾਵੇਂਗਾ ਤੇਰੇ ਅੱਗੇ ਕੋਈ ਕੰਮ ਨਹੀ ਅੜੇਗਾ, ਤੇਰੀ ਸਹਾਇਤਾ ਪ੍ਰਮਾਤਮਾਂ ਆਪ ਕਰੇਗਾ, ਤੇ ਰੀ ਠਿਘਤ ਮੁੱਢ ਤੇ ਹੀ ਚੰਗੀ ਹੈ। ਤੂੰ ਸੰਤਾਂ ਦੀ ਬੜੀ ਸੇਵਾ ਕੀਤੀ ਹੈ।" ਇਹ ਵਰ ਦੇ ਕੇ ਸਤਿਗੁਰ ਉਸੇ ਵੇਲੇ ਲਾਹੌਰ ਨੂੰ ਚਲੇ ਗਏ। ਤੇ ਇੱਕ ਘੰਟੇ ਬਾਅਦ ਲਾਇਲਪੁਰ ਤੋਂ ਪੰਜ ਕੁ ਮੀਲ ਦੇ ਫਾਸਲੇ ਤੇ ਇੱਕ ਪਿੰਡ ਸੀ ਜਿਸਦਾ ਨਾਮ ਸੀ ਮਲਖਾ ਵਾਲਾ ਲੋਕ ਇਸ ਨੂੰ ਚੱਕ ਨੰ ੨੨੫ ਵੀ ਕਹਿੰਦੇ ਸਨ। ਇੱਥੇ ਦੇ ਦੋ ਸਿੱਖ ਮੈਨੂੰ ਆ ਕੇ ਲੈ ਗਏ ਕੀਰਤਨ ਕਰਨ ਵਾਸਤੇ। ਮੈ ਇਸ ਨਗਰ ਅੱਠ ਦਿਨ ਕੀਰਤਨ ਕਰਦਾ ਰਿਹਾ। ਇਸ ਪਿੰਡ ਦੇ ਲੋਕਾਂ ਨੇ ਸਲਾਹ ਕਰਕੇ ਅੱਜ ਰਾਤ ਨੂੰ ਕੀਰਤਨ ਤੋ ਬਾਅਦ ਮੈਨੂੰ ਆਖਿਆ, "ਸੰਤ ਜੀ ਸਾਡੀ ਇੱਕ ਅਰਜ ਹੈ ਜੇਕਰ ਤੁਸੀ ਮਨਜ਼ੂਰ ਕਰੋ ਤਾਂ ਦਸਦੇ ਹਾਂ। ਮੈਂ ਆਖਿਆ ਜੋ ਤੁਸੀ ਹੁਕਮ ਕਰੋ ਜੇ ਮੇਰੀ ਸਮਝ ਵਿੱਚ ਆਈ ਤੇ ਜਰੂਰ ਮਨਜ਼ੂਰ ਕਰਾਂਗਾ ਜੀ।" ਇਸ ਪਿੰਡ ਦਾ ਮੁਖੀ ਨੰਬਰਦਾਰ ਲਾਭ ਸਿੰਘ ਸੀ ਕੱਟੜ ਅਕਾਲੀ ਤੇ ਵਿਦਵਾਨ ਵੀ ਚੋਟੀ ਦਾ ਸੀ। ਨੰਬਰਦਾਰ ਸੰਗਤ ਵਿੱਚ ਖੜਾ ਹੋ ਕੇ ਕਹਿਣ ਲਗਾ, "ਸੰਤ ਜੀ ਸਾਡੀ ਸਾਰੇ ਨਗਰ ਦੀ ਅਰਜ ਹੈ ਕਿ ਤੁਸੀ ਸਾਡੇ ਗੁਰਦੁਵਾਰੇ ਰਹੋ ਤੇ ਪੰਜ ਏਕੜ ਜਮੀਨ ਗੁਰਦੁਵਾਰੇ ਦੀ ਤੁਸੀ ਸੰਭਾਲੋਂ ਅਸੀ ਵਾਹਵਾਂਗੇ। ਆਪਣੇ ਹੱਲਾਂ ਨਾਲ ਤੇ ਹਿੱਸਾ ਨਹੀ ਲਵਾਂਗੇ। ਜੋ ਆਮਦਨ ਹੋਵੇਗੀ ਸਭ ਤੁਹਾਡੀ ਹੋਵੇਗੀ ਤੇ ਹੋਰ ਇੱਕ ਮੱਝ ਤੁਹਾਨੂੰ ਦੁੱਧ ਪੀਣ ਵਾਸਤੇ ਦੇਂਦੇ ਹਾਂ ਜੀ ਬਾਰਾਂ ਮਹੀਨੇ ਪੱਠੇ ਅਸੀ ਪਾਵਾਂਗੇ ਤੇ ਦੁੱਧ ਤੁਸੀ ਪੀਉ ਤੇ ਸਾਡੇ ਬੱਚਿਆਂ ਨੂੰ ਤੇ ਲੜਕੀਆਂ ਨੂੰ ਵਿਦਿਆ ਪੜ੍ਹਾਉ। ਬੱਸ ਇਹੋ

ਹੀ ਅਰਜ ਹੈ ਜੀ।'' ਮੈ ਹੱਥ ਜੋੜ ਕੇ ਉੱਤਰ ਦਿੱਤਾ, ''ਸਾਧ ਸੰਗਤ ਜੀ, ਤੁਸੀ ਮੇਰੇ ਉਤੇ ਬੜਾ ਪਰਉਪਕਾਰ ਕਰ ਰਹੇ ਹੋ ਮੈ ਤੁਹਾਡਾ ਅਤਿ ਧੰਨਾਵਾਦੀ ਹਾਂ ਮੈ ਕੱਲ ਦੇ ਦਿਨ ਸੋਚਕੇ ਉੱਤਰ ਦਿਆਂਗਾ ਜੀ, ਰਾਤ ਕੀਰਤਨ ਦਾ ਭੋਗ ਪਾ ਕੇ ਅਸੀ ਘਰ ਆਏ। ਇਹ ਚਾਰ ਸਕੇ ਭਰਾ ਸਨ ਇਹਨਾਂ ਦੇ ਘਰ ਮੇਰਾ ਡੇਰਾ ਸੀ ਅੱਜ ਘਰ ਆ ਕੇ ਮੈਨੂੰ ਭਗ ਸਿੰਘ ਕਹਿਣ ਲਗਾ ਕਿ ਸੰਤ ਜੀ ਜੇਕਰ ਤੁਸੀ ਸਾਡੇ ਪਾਸ ਰਹੋ ਅਤੇ ਅਸੀ ਵੀ ਸ਼ਬਦ ਪੜ੍ਹਨ ਦੀ ਜਾਚ ਸਿੱਖ ਲਈਏ। ਮੈ ਉੱਤਰ ਦਿੱਤਾ, ''ਭਗ ਸਿੰਘ ਜੀ, ਮੇਰੇ ਨਾਲ ਸੌਦਾ ਕਰ ਲਵੋ ਤੁਸੀ ਮੇਰੇ ਪਾਸੋਂ ਕੀਰਤਨ ਕਰਨਾ ਤੇ ਢੋਲਕੀ ਵਜਾਉਣੀ ਸਿਖੋ ਤੇ ਤੁਸੀ ਮੈਨੂੰ ਲਕੜੀ ਦਾ ਕੰਮ ਸਿਖਾ ਦਿਓ।'' ਪਰ ਉਹ ਮੈਨੂੰ ਅਗੋਂ ਕਹਿਣ ਲਗਾ, ''ਸੰਤ ਜੀ ਤੁਹਾਡੇ ਕੋਲ ਤਾਂ ਬਹੁਤ ਗੁਣ ਹੈ, ਤੁਸੀ ਵਿਦਿਆ ਬੜੀ ਜਾਣਦੇ ਹੋ ਤੇ ਤੁਹਾਨੂੰ ਲੋਕ ਮੱਥੇ ਟੇਕਦੇ ਹਨ। ਤੁਸੀ ਕੀ ਕਰਨਾ ਹੈ ਲਕੜੀ ਦਾ ਕੰਮ ਸਿੱਖ ਕੇ। ਮੈ ਉੱਤਰ ਦਿੱਤਾ, ''ਭਾਈ, ਮੈਂ ਜਰੂਰ ਸਿਖਣਾਂ ਹੈ ਇਹ ਕੰਮ।'' ਉਹ ਕਹਿਣ ਲਗਾ, ''ਸੰਤ ਜੀ ਤੁਸੀਂ ਕੌਣ ਹੁੰਦੇ ਹੋ।'' ਮੈ ਕਿਹਾ, ''ਰਾਮਗੜ੍ਹੀਆ ਹਾਂ ਜੀ।'' ਉਹ ਮੰਨਣ ਹੀ ਨਾ ਉਹ ਮੈਨੂੰ ਜੱਟ ਸਮਝਦੇ ਸਨ। ਉਹ ਕਹਿਣ ਅਸੀ ਮੰਨ ਹੀ ਨਹੀ ਸਕਦੇ, ਸਾਨੂੰ ਇਤਬਾਰ ਹੀ ਨਹੀ ਆਉਂਦਾ ਕਿ ਤੁਸੀ ਰਾਮਗੜ੍ਹੀਏ ਹੋ। ਅੱਛਾ ਜੇ ਤੁਸੀ ਰਾਮਗੜ੍ਹੀਏ ਹੋ ਤਾਂ ਔਜਾਰਾਂ ਦੇ ਨਾਮ ਦਸੋ। ਉਹਨਾ ਨੇ ਮੇਰੇ ਸਾਹਮਣੇ ਔਜਾਰ ਲਿਆ ਕੇ ਰੱਖ ਦਿੱਤੇ ਮੈ ਦੱਸਿਆ ਕਿ ਆਹ ਗੁਣੀਆ ਹੈ, ਆਹ ਝਰੀ ਰੰਦਾ, ਆਹ ਦਰਾਜ ਹੈ ਇਸ ਤਰ੍ਹਾਂ ਮੈ ਸਾਰੇ ਔਜਾਰਾਂ ਦੇ ਨਾਮ ਦੱਸ ਦਿੱਤੇ। ਫਿਰ ਮੈ ਦਸਿੱਆ ਕਿ ਲਾਇਲਪੁਰ ਪਾਵਰ ਹਾਊਸ ਵਿੱਚ ਸਰਦਾਰ ਕਰਤਾਰ ਸਿੰਘ ਇੰਨਜੀਨੀਅਰ ਹੈ ਉਹ ਮੇਰਾ ਭਰਾ ਹੈ। ਉਹ ਮੈਥੋ ਵੱਡਾ ਹੈ। ਉਹਨਾਂ ਕਿਹਾ, '' ਕਿ ਉਹ ਉਸਨੂੰ ਚੰਗੀ ਤਰ੍ਹਾਂ ਜਾਣਦੇ ਹਨ।'' ਫਿਰ ਉਹਨਾਂ ਨੂੰ ਇਤਬਾਰ ਆਇਆ। ਫਿਰ ਰਾਤ ਨੂੰ ਅਸੀ ਸਭ ਸੌ ਗਏ।

ਸਵੇਰੇ ਉੱਠ ਕੇ ਮੈਨੂੰ ਅਪਣੇ ਨਾਲ ਸਾਈਕਲ ਤੇ ਬਿਠਾ ਕੇ ਲਾਇਲਪੁਰ ਕੰਮ ਤੇ ਲੈ ਗਏ ਤੇ ਸਾਰਾ ਦਿਨ ਕੰਮ ਕਰਕੇ ਰਾਤ ਨੂੰ ਘਰ ਆਏ ਤੇ ਪ੍ਰਸਾਦਾ ਛਕਿਆ, ਗੁਰਦੁਵਾਰੇਜਾ ਕੇ ਕੀਰਤਨ ਕੀਤਾ ਤੇ ਬਾਅਦ ਵਿੱਚ ਸੰਗਤ ਨੇ ਮੇਰੇ ਕੋਲੋਂ ਕੱਲ ਵਾਲੀ ਗੱਲ ਦਾ ਉੱਤਰ ਪੁਛਿਆ ਤੇ ਮੈ ਉੱਤਰ ਦਿੱਤਾ ਕਿ ਮੈ ਕੰਮ ਕਰਕੇ ਗੁਜਾਰਾ ਕਰਾਂਗਾ ਜੀ, ਗੁਰਦੁਵਾਰੇ ਨਹੀ ਬੈਠਣਾਂ, ਵੈਸੇ ਮੈ ਰਹਾਂਗਾ ਤੁਹਾਡੇ ਪਿੰਡ ਹੀ ਜੇ ਕਰ ਮੇਰਾ ਐਨ ਜਲ ਹੋਇਆ ਅਤੇ ਗੱਲ ਕੀ ਮੈ ਤਿੰਨ ਮਹੀਨੇ ਉਹਨਾਂ ਦੇ ਪਾਸ ਰਿਹਾ। ਲਗਾਤਾਰ ਕੰਮ ਤੇ ਜਾਂਦਾ ਰਿਹਾ ਪਰ ਪੈਸਾ ਕੋਈ ਨਾ ਮੰਗਿਆ ਅਤੇ ਨਾ ਹੀ ਉਹਨਾਂ ਨੇ ਮੈਨੂੰ ਕੋਈ ਪੈਸਾ ਦਿੱਤਾ। ਤਿੰਨ ਮਹੀਨੇ ਬਾਅਦ ਮੈ ਵੱਡੇ ਭਾਈ ਸੰਤਾ ਸਿੰਘ ਨੂੰ ਆਖਿਆ ਕਿ ਭਰਾ ਜੀ ਜੇ ਹੁਕਮ ਕਰੋ ਤਾਂ ਮੈ ਆਪਣਾਂ ਟੱਬਰ ਲੈ ਆਵਾਂ ਜੀ। ਉਸਨੇ ਉੱਤਰ

ਦਿੱਤਾ, ''ਸਵੇਰੇ ਦੱਸਾਂਗੇ।'' ਮੈ ਗੁਰਦੁਵਾਰੇ ਚਲਾ ਗਿਆ ਕੀਰਤਨ ਕਰਨ ਮੈ ਰਾਤ ਦੇ ੧੨ ਵਜੇ ਘਰ ਆਇਆ ਤੇ ਮੇਰੇ ਆਉਂਦਿਆ ਨੂੰ ਚਾਰੇ ਭਰਾ ਬੈਠਕ ਵਿੱਚ ਬੈਠੇ ਸਨ। ਕੋਲ ਹੀ ਸੰਤਾ ਸਿੰਘ ਦੀ ਘਰਵਾਲੀ ਵੀ ਬੈਠੀ ਸੀ ਜਦ ਮੈਂ ਆਇਆ ਤਾਂ ਸਾਰੇ ਜਣੇ ਅਪਣੇ ਅਪਣੇ ਮੰਜਿਆਂ ਤੇ ਜਾ ਕੇ ਸੌ ਗਏ।

ਸਵੇਰੇ ਉੱਠੇ ਇਸ਼ਨਾਨ ਕੀਤਾ ਨਿਤਨੇਮ ਕੀਤਾ ਤੇ ਮੈਂ ਸਾਈਕਲ ਬਾਹਰ ਕੱਢਿਆ ਕੰਮ ਤੇ ਜਾਣ ਵਾਸਤੇ ਤੇ ਸੰਤਾ ਸਿੰਘ ਨੇ ਆਖਿਆ, ''ਸੰਤ ਜੀ ਅੱਜ ਕੰਮ ਤੇ ਨਹੀ ਜਾਣਾਂ।'' ਮੈ ਸਾਈਕਲ ਅੰਦਰ ਰੱਖ ਦਿੱਤਾ ਤੇ ਜਗ ਸਿੰਘ ਨੂੰ ਕਹਿਣ ਲਗਾ ਕਿ ਚੂੜ੍ਹਿਆਂ ਦੀ ਠੱਠੀ ਜਾ ਕੇ ਚਾਰ ਬੰਦੇ ਲੈ ਆ। ਉਹ ਚਲਾ ਗਿਆ ਤੇ ਭਗ ਸਿੰਘ ਨੂੰ ਉਸਨੇ ਹੁਕਮ ਦਿੱਤਾ ਕਿ ਇੱਟਾਂ ਵਾਲੇ ਭੱਠੇ ਤੇ ਜਾ ਕੇ ਘੁਮਿਆਰਾਂ ਨੂੰ ਕਹੇ ਕਿ ਅੱਜ ਸਾਡੇ ਘਰ ੫੦੦੦ ਇੱਟ ਪੁਚਾ ਦੇਣ। ਜਗ ਸਿੰਘ ਦੇ ਨਾਲ ਚਾਰ ਬੰਦੇ ਆ ਗਏ ਕਹੀਆਂ ਲੈ ਕੇ। ਸੰਤਾ ਸਿੰਘ ਨੇ ਨਿਸ਼ਾਨ ਲਗਾ ਦਿੱਤੇ ਤੇ ਚਾਰੇ ਕੰਮ ਕਰਨ ਵਾਲੇ ਬੰਦੇ ਨੀਹਾਂ ਪੁਟੱਣ ਲਗ ਪਏ ਤੇ ਉਧਰੋ ਘੁਮਿਆਰ ਇੱਟਾਂ ਲੈ ਕੇ ਆ ਗਏ ਤੇ ਕੰਮ ਸ਼ੁਰੂ ਹੋ ਗਿਆ। ਤਿੰਨਾਂ ਚੋਹਾਂ ਦਿਨਾਂ ਵਿੱਚ ਇੱਕ ਕਮਰਾ ਬਾਰਾਂ, ਚੋਦਾਂ ਫੁੱਟ ਦਾ ਤੇ ਇੱਕ ਬਰਾਂਡਾ ਤੇ ਇੱਕ ਰਸੋਈ ਅੱਠ ਦਸ ਫੁੱਟ ਦੀ ਤਿਆਰ ਕੀਤੀ ਤੇ ਰਾਤ ਨੂੰ ਜਦੋਂ ਪ੍ਰਸਾਦੇ ਛਕ ਕੇ ਹਟੇ ਤਾਂ ਭਰਾ ਸੰਤਾ ਸਿੰਘ ਸਮੇਤ ਪਰਿਵਾਰ ਸਾਰੇ ਇੱਕੱਠੇ ਹੋ ਕੇ ਬੈਠੇ, ਤੇ ਮੈਨੂੰ ਵੀ ਆਵਾਜ ਮਾਰੀ। ਮੈ ਵੀ ਉਹਨਾਂ ਦੇ ਪਾਸ ਜਾ ਕੇ ਬੈਠ ਗਿਆ ਤੇ ਮੈਨੂੰ ਉਹ ਕਹਿਣ ਲਗਾ, ''ਸੰਤ ਜੀ, ਤੁਸਾਂ ਉਸ ਦਿਨ ਪੁਛਿਆ ਸੀ ਕਿ ਮੈ ਆਪਣਾਂ ਟੱਬਰ ਲੈ ਆਵਾਂ ਤੇ ਮੈ ਕੋਈ ਉੱਤਰ ਨਹੀ ਸੀ ਦਿੱਤਾ ਕਿਉਂਕਿ ਮੈ ਆਪਣੇ ਟੱਬਰ ਨਾਲ ਸਲਾਹ ਨਹੀ ਸੀ ਕੀਤੀ ਪਰ ਮੈ ਹੁਣ ਸਾਰੇ ਪਰਿਵਾਰ ਨਾਲ ਮਸ਼ਵਰਾ ਕਰਕੇ ਇਹ ਮਕਾਨ ਸਿਰਫ ਤੁਹਾਡੇ ਵਾਸਤੇ ਹੀ ਤਿਆਰ ਕੀਤਾ ਹੈ ਜੀ, ਤੁਸੀ ਸਵੇਰੇ ਜਾ ਕੇ ਅਪਣਾਂ ਪਰਿਵਾਰ ਲੈ ਆਵੋ। ਅਸੀ ਤੁਹਾਨੂੰ ਅਹਾਤੇ ਵਿੱਚੋਂ ਪੰਜਵਾਂ ਹਿੱਸਾ ਵੰਡ ਕੇ ਥਾਂ ਦੇ ਦਿੱਤਾ ਹੈ ਤੁਸੀ ਸਾਡੇ ਪੰਜਵੇ ਭਰਾ ਹੋ।''

# (੧੫) ਡੀ.ਸੀ.ਐਮ ਵਿੱਚ ਨੌਕਰੀ ਕਰਨੀ

ਮੈ ਸਵੇਰੇ ਅਪਣੇ ਸਹੁਰਿਆਂ ਨੂੰ ਤਿਆਰੀ ਕੀਤੀ ਤੇ ਮੈਨੂੰ ਭਰਾ ਸੰਤਾ ਸਿੰਘ ਨੇ ੨੦ ਰੁ: ਦਿੱਤੇ ਮੈਂ ਲਾਇਲਪੁਰ ਤੋਂ ਗੱਡੀ ਚੜ੍ਹ ਕੇ ਜਿਲ੍ਹਾ ਸੇਖੂਪੁਰ ਪਿੰਡ ਬੁੱਟਰ ਸਨ। ਮੋਮਨ ਸਟੇਸ਼ਨ ਤੋਂ ਉੱਤਰ ਕੇ ਘਰ ਪਹੁੰਚਿਆ ਦੋ ਰਾਤਾਂ ਰਹਿ ਕੇ ਪ੍ਰੀਤਮ ਕੌਰ ਨੂੰ ਨਾਲ ਲੈ ਕੇ ਲਾਇਲਪੁਰ ਜਾ ਕੇ ਬਾਜਾਰ ਵਿੱਚੋਂ ਕੁਝ ਬਰਤਨ ਖਰੀਦੇ। (ਦੋ ਥਾਲ, ਦੋ ਗਿਲਾਸ, ਚਾਰ ਕੌਲ, ਇੱਕ ਪਤੀਲਾ, ਇੱਕ ਕੜਛੀ, ਇੱਕ ਪਰਾਤ ਵਗੈਰਾ ਲੈ ਕੇ ਉਪਰ ਨਾਮ ਲਿਖਾ ਕੇ ਤੇ ਸਭ ਕੁਝ ਬੰਨ ਕੇ ਸ਼ਹਿਰ ਤੋਂ ਬਾਹਰ ਨਿਕਲੇ ਤੇ ਅੱਗੇ ਜਗ ਸਿੰਘ ਘੋੜੀ ਲੈ ਕੇ ਖੜਾ ਸੀ। ਸਮਾਨ ਘੋੜੀ ਤੇ ਲੱਦ ਕੇ ਤੇ ਪ੍ਰੀਤਮ ਕੌਰ ਨੂੰ ਵੀ ਘੋੜੀ ਤੇ ਬਿਠਾ ਕੇ ਤੁਰ ਪਏ ਤੇ ਰਸਤੇ ਵਿੱਚ ਬਾਰਸ਼ ਪੈਣ ਲਗ ਪਈ। ਕਪੜੇ ਭਿੱਜ ਗਏ ਅਤੇ ਅਸੀ ਘਰ ਪਹੁੰਚੇ ਤੇ ਸਾਰੇ ਪਰਿਵਾਰ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਭਰਾ ਸੰਤਾ ਸਿੰਘ ਦੇ ਘਰ ਵਾਲੀ ਕਰਤਾਰ ਕੌਰ ਨੇ ਅੰਦਰ ਜਾ ਕੇ ਪ੍ਰੀਤਮ ਕੌਰ ਵਾਸਤੇ ਨਵੇਂ ਕਪੜੇ ਲਿਆਈ ਤੇ ਕਹਿਣ ਲਗੀ, ''ਭੈਣ ਜੀ ਕਪੜੇ ਬਦਲੋ।'' ਉਸਨੇ ਆਖਿਆ, ''ਭੈਣ ਜੀ, ਕਪੜੇ ਮੇ ਰੇ ਪਾਸ ਹੈਨ ਤੁਸੀ ਰਖੋ'' ਤੇ ਉਸਨੇ ਕਿਹਾ, ''ਭੈਣ ਜੀ, ਅੱਜ ਤੇ ਇਹੀ ਕਪੜੇ ਪਾਉਣੇ ਪੈਣਗੇ।'' ਪ੍ਰੀਤਮ ਕੌਰ ਨੇ ਕਪੜੇ ਬਦਲੇ ਤੇ ਰਾਤ ਨੂੰ ਸੰਤਾ ਸਿੰਘ ਤੇ ਭਗ ਸਿੰਘ ਕੰਮ ਤੋਂ ਆਏ, ਮਿਲੇ ਤੇ ਬੜੇ ਖੁਸ਼ ਹੋਏ ਤੇ ਮੈ ਜੋ ਬਰਤਨ ਖਰੀਦੇ ਸਨ, ਜਦੋ ਉਹਨਾਂ ਨੂੰ ਬਰਤਨਾਂ ਦਾ ਪਤਾ ਲਗਾ ਤੇ ਬਹੁਤ ਗੁੱਸੇ ਹੋਇਆ, ਤੇ ਕਹਿਣ ਲਗਾ ''ਅਸੀ ਮਕਾਨ ਦਾ ਹਿੱਸਾ ਦੇ ਸਕਦੇ ਹਾਂ ਤੇ ਬਰਤਨ ਨਹੀ ਸੀ ਦੇ ਸਕਦੇ ਤੂੰ ਭਾਂਡੇ ਕਿਉਂ ਖਰੀਦੇ ਹਨ।'' ਮੈ ਹੱਥ ਜੋੜ ਕੇ ਆਖਿਆ, ''ਜੀ ਮੈਥੋਂ ਗਲਤੀ ਹੋ ਗਈ ਹੈ ਮੈਨੂੰ ਮੁਆਫੀ ਦੇ ਦਿਓ।'' ਤੇ ਸੰਤਾ ਸਿੰਘ ਹੱਸ ਪਿਆ ਤੇ ਉੱਠਕੇ ਮੈਨੂੰ ਜੱਫੀ ਪਾ ਲਈ। ਰਾਤ ਬੀਤੀ ਤੇ ਸਵੇ ਰੇ ਅਸੀ ਸਾਰੇ ਕੰਮ ਤੇ ਚਲੇ ਗਏ ਤੇ ਰਾਤ ਨੂੰ ਜਦੋਂ ਅਸੀ ਘਰ ਆਏ ਤਾਂ ਸੰਤਾ ਸਿੰਘ ਦੇ ਘਰਵਾਲੀ ਬੜਾ ਹੱਸੀ ਤੇ ਕਹਿਣ ਲਗੀ, ''ਸਰਦਾਰ ਜੀ, ਰਿਸ਼ਤਾ ਤਾਂ ਬਦਲ ਗਿਆ ਤੁਸੀ ਸੰਤਾਂ ਨੂੰ ਭਰਾ ਬਣਾਇਆ ਸੀ ਪਰ ਪ੍ਰੀਤਮ ਕੌਰ ਦੀ ਤੇ ਤੁਹਾਡੀ ਇੱਕੋ ਜਾਤ ਹੈ

ਜੀ ਪ੍ਰੀਤਮ ਕੌਰ ਤੇ ਤੁਹਾਡੀ ਭੈਣ ਲਗੀ।'' ਇਹ ਗੱਲ ਸੁਣਕੇ ਸੰਤਾ ਸਿੰਘ ਕਹਿਣ ਲਗਾ, ''ਇਹ ਤੇ ਮੌਜ ਬਣ ਗਈ, ਸਾਡੀ ਕੋਈ ਭੈਣ ਨਹੀ ਸੀ ਰੱਬ ਨੇ ਸਾਨੂੰ ਭੈਣ ਦੇ ਦਿੱਤੀ।''

ਅਗਲੇ ਦਿਨ ਸੰਤਾ ਸਿੰਘ ਨੇ ਤਿੰਨ ਮਹੀਨਿਆਂ ਦੇ ਪੈਸੇ ਜੋ ਮੈ ਤਿੰਨ ਮਹੀਨੇ ਕੰਮ ਕਰਦਾ ਰਿਹਾ ਸਾਂ। ਉਹ ਰਕਮ ਜੋੜ ਕੇ ਮੇਰੇ ਪਿਛੋਂ ਪ੍ਰੀਤਮ ਕੌਰ ਨੂੰ ਦੇ ਦਿੱਤੀ ਜਦੋ ਮੈਨੂੰ ਪਤਾ ਲਗਾ ਤਾਂ ਮੈ ਸੰਤਾ ਸਿੰਘ ਨੂੰ ਕਿਹਾ, ''ਭਰਾ ਜੀ, ਸਾਡਾ ਅੰਨ ਪਾਣੀ ਵੀ ਵੱਖਰਾ ਕਰ ਦਿਓ। ਅਸੀ ਆਪੇ ਪਕਾ ਕੇ ਖਾਵਾਂਗੇ। ਉਸਨੇ ਮੈਨੂੰ ਉੱਤਰ ਦਿੱਤਾ, ''ਜਿੰਨਾ ਚਿਰ ਮੈ ਜਿਊਂਦਾ ਹਾਂ ਉਨਾਂ ਚਿਰ ਮੈ ਨਾ ਤਾਂ ਭਰਾਵਾਂ ਨੂੰ ਰੋਟੀ ਅੱਡ ਪਕਾਉਣ ਦੇਣੀ ਹੈ ਤੇ ਨਾ ਹੀ ਤੈਨੂੰ।'' ਫਿਰ ਮੈ ਕਿਹਾ, ''ਜੇ ਰੋਟੀ ਨਹੀ ਸੀ ਅੱਡ ਕਰਨੀ ਤੇ ਸਾਨੂੰ ਪੈਸੇ ਗਿਣਕੇ ਕਿਉਂ ਦਿੱਤੇ ਹਨ। ਤੇ ਫਿਰ ਉਸਨੇ ਕਿਹਾ, ''ਇਹ ਪੈਸੇ ਮੈ ਤੈਨੂੰ ਨਹੀ ਦਿੱਤੇ ਆਪਣੀ ਭੈਣ ਨੂੰ ਦਿੱਤੇ ਹਨ।'' ਮੈ ਚੁੱਪ ਹੋ ਗਿਆ। ਕੰਮ ਕਰਦਿਆਂ ਨੂੰ ਦੋ ਮਹੀਨੇ ਗੁਜਰ ਗਏ। ਪ੍ਰਸਾਦੇ ਇੱਕੋ ਥਾਂ ਪੱਕਦੇ ਰਹੇ ਤੇ ਜੋ ਕੰਮ ਦੇ ਪੈਸੇ ਹੋਣੇ ਉਹ ਉਸਨੇ ਸਾਡੇ ਘਰ ਦੇ ਦੇਣੇ। ਇੱਕ ਦਿਨ ਮੈ ਫਿਰ ਕਿਹਾ ਕਿ ਜਾਂ ਤੇ ਸਾਨੂੰ ਪੈਸੇ ਨਾ ਦਿਓ ਤੇ ਜਾਂ ਸਾਡੀ ਰੋਟੀ ਅੱਡ ਕਰ ਦਿਓ ਨਹੀ ਤੇ ਮੈ ਇੱਥੋ ਚਲਾ ਜਾਵਾਂਗਾ। ਇਹ ਗੱਲ ਸੁਣਕੇ ਸੰਤਾ ਸਿੰਘ ਨੇ ਕਿਹਾ, ''ਸਵੇਰੇ ਅੱਡ ਕਰ ਦਿਆਂਗੇ।''

ਸਵੇਰੇ ਉੱਠਕੇ ਪਿੰਡ ਵਿੱਚੋਂ ਦੁੱਧ ਇੱਕੱਠਾ ਕੀਤਾ ਖੀਰ ਧਰੀ ਦਾਲ ਰਿੱਧੀ ਕੋਈ ਵੀਹ ਕੁ ਸੇਰ। ਮਣ ਪੱਕਾ ਆਟਾ ਗੁੰਨਿਆ ਤੇ ਕੀਰਤਨ ਸ਼ੁਰੂ ਹੋ ਗਿਆ ਲੋਕਾਂ ਨੂੰ ਸੱਦ ਕੇ ਗਰੀਬਾਂ ਨੂੰ ਪ੍ਰਸਾਦੇ ਵੰਡੇ ਤੇ ਨਾਲੇ ਅੱਜ ਸ਼ਾਨੂੰ ਅੱਡ ਕੀਤਾ। ਇੱਕ ਬੋਰੀ ਕਣਕ, ਵੀਹ ਸੇਰ ਮਾਂਹ, ਵੀਹ ਸੇਰ ਛੋਲੇ, ਵੀਰ ਸੇਰ ਚਾਵਲ, ਪੰਜ ਸੇਰ ਘਿਉ ਤੇ ਇੱਕ ਮੱਝ ਸਾਨੂੰ ਦਿੱਤੀ ਤੇ ਹੱਥ ਜੋੜ ਕੇ ਰੋ ਪਿਆ ਤੇ ਕਹਿਣ ਲਗਾ, ''ਅਸੀ ਗਰੀਬ ਹਾਂ ਭੈਣ ਨੂੰ ਕੁਝ ਦੇ ਨਹੀ ਸਕੇ, ਇਹ ਚੀਜਾਂ ਮਨਜ਼ੂਰ ਕਰਕੇ ਸਾਡਾ ਮਾਣ ਰਖ ਲਓ।'' ਮੈ ਆਖਿਆ, ''ਭਰਾ ਜੀ ਮੈਨੂੰ ਸਭ ਮਨਜ਼ੂਰ ਹੈ ਪਰ ਮੈ ਮੱਝ ਨਹੀ ਲੈਣੀ।'' ਪਰ ਸੰਤਾ ਸਿੰਘ ਨੇ ਕਿਹਾ, ''ਮੈ ਥੁੱਕ ਕੇ ਨਹੀ ਚੱਟਣਾਂ ਮੱਝ ਤੁਹਾਡੀ ਹੈ।'' ਮੈ ਫੜ ਕੇ ਬੰਨ ਲਈ। ਪੱਠੇ ਜਗ ਸਿੰਘ ਪਾਉਂਦਾ ਰਿਹਾ ਤੇ ਦੁੱਧ ਅਸੀ ਚੋ ਲਿਆ ਕਰਨਾ। ਦੂਸਰੇ ਸਾਲ ਸੰਤਾ ਸਿੰਘ ਦੀ ਲੜਕੀ ਦੀ ਸ਼ਾਦੀ ਹੋਈ ਤੇ ਅਸੀ ਮੱਝ ਲੜਕੀ ਨੂੰ ਦੇ ਦਿੱਤੀ। ਜਥਾ ਸ਼ਕਤ ਕੁੜੀ ਨੂੰ ਅਸਾਂ ਸੂਟ ਵੀ ਬਣਾ ਦਿੱਤੇ। ਤਿੰਨ ਸਾਲ ਅਸੀ ਇਹਨਾ ਕੋਲ ਰਹੇ . ਰੋਜ ਕੀਰਤਨ ਕਰਨਾਂ ਤੇ ਨਗਰ ਵਾਸੀਆਂ ਨਾਲ ਬੜਾ ਪ੍ਰੇਮ .ਵਧਿਆ ਕੰਮ ਵੀ ਮੈ ਚੰਗਾ ਕਰਨ ਲ਼ਗ ਪਿਆ ਸਾਂ।

ਤਿੰਨ ਸਾਲਾਂ ਦੇ ਬਾਅਦ ਮੈ ਲਾਇਲਪੁਰ ਸ਼ਹਿਰ ਵਿੱਚ ਮਕਾਨ ਕਿਰਾਏ ਤੇ ਲੈ ਲਿਆ ਕਾਰਨ ਇਹ ਬਣਿਆ ਕਿ 'ਦੇਹਲੀ ਕਲਾਥ ਮਿੱਲ' ਵਿੱਚ ਮੈਨੂੰ ਪੱਕੀ ਨੌਕਰੀ ਮਿਲ ਗਈ ਸੀ ਪੈਟਰਨ ਮੇਕਰ ਦੀ ਜਗਾ ਉਤੇ। ੪੫ ਰੁ: ਬੱਧੀ ਤਨਖਾਹ ਮਿਲਣੀ। ਇੱਕ ਸਾਲ ਬਾਅਦ ਸਤਿਗੁਰਾਂ ਦੀ ਕਿਰਪਾ ਹੋਈ ਤੇ ਤਿੰਨ ਸੌ ਕਾਰੀਗਰ ਉੱਤੇ ਮੈ ਮਿਸਤਰੀ ਲਗ ਗਿਆ। ਤੇ ੭੫ ਰੁ: ਤਨਖਾਹ ਮਿਲਣ ਲਗ ਪਈ। ਇਸ ਮਿਲ ਵਿੱਚ ਮੈ ੩ ਸਾਲ ਕੰਮ ਕੀਤਾ ਤੇ ਕੁਦਰਤ ਦੀ ਐਸੀ ਖੇਡ ਬਣੀ ਕਿ ਮਿਲ ਦਾ ਚੀਫ ਇਨੰਜੀਨੀਅਰ ਸੀ, ਮੇਰਾ ਉਸਦੇ ਨਾਲ ਝਗੜਾ ਹੋ ਗਿਆ। ਛੋਟਾ ਸਾਹਬ ਬੰਗਾਲੀ ਸੀ ਇਸ ਦੇ ਅੰਡਰ ਮੈਂ ਕੰਮ ਕਰਦਾ ਸਾਂ, ਵੱਡੇ ਸਾਹਬ ਦੀ ਤੇ ਛੋਟੇ ਸਾਹਬ ਦੀ ਆਪਸ ਵਿੱਚ ਬੜੀ ਲਗਦੀ ਸੀ ਮੈਂ ਛੋਟੇ ਸਾਹਬ ਨੂੰ ਦਸਿਆ ਕਿ ਅੱਜ ਖੋਸਲਾ ਸਾਹਬ ਮੇਰੇ ਨਾਲ ਲੜ ਪਿਆ ਹੈ। ਨਿੱਕੇ ਸਾਹਬ ਨੇ ਆਖਿਆ, "ਸੰਤ ਜੀ, ਜੇਕਰ ਖੋਸਲੇ ਕੋ ਜੂਤੇ ਮਾਰ ਦੋ ਤਾਂ ਆਨੰਦ ਆ ਜਾਏ, ਮੈਂ ਤੁਮਾਰੀ ਪੂਰੀ ਮਦਦ ਕਰੂੰਗਾ। ਮੈ ਉੱਤਰ ਦਿੱਤਾ, "ਕਿ ਸਵੇਰੇ ਹੀ ਖੋਸਲੇ ਨੂੰ ਜੁੱਤੇ ਮਾਰ ਦਿਆਂਗਾ, ਇਹ ਕੋਈ ਵੱਡੀ ਗੱਲ ਨਹੀ। ਜੋ ਕੁਦਰਤ ਨੂੰ ਮਨਜ਼ੂਰ ਹੋਵੇ ਉਹ ਹੋ ਕੇ ਹੀ ਰਹਿੰਦਾ ਹੈ। ਮੈ ਸਵੇਰੇ ਜਦੋ ਕੰਮ ਤੇ ਗਿਆ ਤਾਂ ਖੋਸਲਾ ਸਾਹਬ ਮੇਰੇ ਅੱਡੇ ਤੇ ਆ ਗਿਆ। ਮੈ ਖੋਸਲੇ ਨੂੰ ਸਤਿ ਸ੍ਰੀ ਅਕਾਲ ਨਾ ਬੁਲਾਈ ਤੇ ਕੋਈ ਆਦਰ ਨਾ ਕੀਤਾ। ਉਸਨੂੰ ਗੁੱਸਾ ਚੜ੍ਹ ਗਿਆ ਤੇ ਉਹ ਮੈਨੂੰ ਕਹਿਣ ਲਗਾ, "ਤੂੰ ਬੜਾ ਬੇਵਕੂਫ ਹੈ ਮੇਰੇ ਆਇਆ ਖੜਾ ਨਹੀ ਹੋਇਆ।" ਮੈ ਕਿਹਾ, "ਤੂੰ ਮੇਰੇ ਅੱਡੇ ਤੇ ਸਵੇਰੇ ਸਵੇਰੇ ਕਿਉਂ ਆਇਆ ਹੈ, ਤੇਰਾ ਕੀ ਕੰਮ ਹੈ? ਮੇਰੇ ਇਹ ਗੱਲ ਕਹਿਣ ਦੀ ਦੇਰ ਸੀ ਕਿ ਉਸਨੇ ਮੈਨੂੰ ਮਾਂ ਦੀ ਗਾਲ੍ਹ ਕੱਢ ਦਿੱਤੀ। ਤੇ ਮੈ ਉਸ ਨੂੰ ਫੜ ਕੇ ਢਾਹ ਲਿਆ ਤੇ ਉਸਦੇ ਉਤੇ ਚੜ੍ਹਕੇ ਉਸਨੂੰ ਬਹੁਤ ਕੁਟਿਆ ਉਧਰ ਛੋਟਾ ਸਾਹਬ ਪਰੇ ਖੜਾ ਵੇਖ ਰਿਹਾ ਸੀ। ਜਦੋਂ ਮੈ ਚੰਗਾ ਫੈਂਟਾ ਲਾ ਲਿਆ ਤੇ ਸਾਡੇ ਸਾਹਬ ਨੇ ਆ ਕੇ ਛੁਡਾ ਦਿੱਤਾ ਤੇ ਖੋਸਲਾ ਸਾਹਬ ਆਪਣਾਂ ਟੋਪ ਲੈ ਕੇ ਦਫਤਰ ਨੂੰ ਦੌੜ ਗਿਆ ਤੇ ਸਾਰੀ ਮਿਲ ਵਿੱਚ ਰੌਲਾ ਪੈ ਗਿਆ ਕਿ ਅੱਜ ਸੰਤ ਅਮਰ ਸਿੰਘ ਨੇ ਖੋਸਲੇ ਸਾਹਬ ਨੂੰ ਕੁੱਟਿਆ ਹੈ ਲੋਕ ਬੜੇ ਖੁਸ਼ ਹੋਏ। ਲੋਕ ਇਸਤੋ ਤੰਗ ਸਨ। ਗਾਲ੍ਹ ਤੋ ਸਿਵਾ ਬੋਲਦਾ ਹੀ ਨਹੀ ਸੀ, ਪੰਜਾਂ ਮਿੰਟਾਂ ਬਾਅਦ ਮੈਨੂੰ ਦਫਤਰੋਂ ਚਪੜਾਸੀ ਬੁਲਾਉਣ ਆ ਗਿਆ ਤੇ ਮੈਨੂੰ ਸਾਡੇ ਰਤਨਮ ਸਾਹਬ ਨੇ ਆਖਿਆ ਕਿ ਸੰਤ ਜੀ, ਨੌਕਰੀ ਛੱਡ ਦੇਣੀ ਪਰ ਜੁਰਮਾਨਾਂ ਨਹੀ ਮੰਨਣਾਂ। ਮੈ ਕਿਹਾ, "ਚੰਗਾ ਜੀ," ਮੈ ਦਫਤਰ ਵਿੱਚ ਗਿਆ ਤੇ ਅੱਗੇ ਮੈਨੇਜਰ ਸਾਹਬ ਤੇ ਖੋਸਲਾ ਸਾਹਬ ਦੋਵੇਂ ਬੈਠੇ ਸਨ। ਮੈ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ ਪਰ ਸਾਹਬ ਨੇ ਮੇਰੇ ਵੱਲ ਬੜੇ ਕਰੋਧ ਨਾਲ ਵੇਖਿਆ ਤੇ ਮੈਨੇਜਰ ਨੇ ਮੈਨੂੰ ਪੁੱਛਿਆ, "ਅਮਰ ਸਿੰਘ ਤੂੰ ਸਾਹਬ ਨੂੰ ਕਿਉ ਮਾਰਿਆ ਹੈ ਤੇ ਮੈ ਕਿਹਾ, "ਇਸਨੇ ਮੈਨੂੰ ਗਾਲ੍ਹਾਂ ਕੱਢੀਆਂ ਸਨ

ਤੇ ਮੈ ਮਾਰਿਆ ਹੈ ਏਨੇ ਚਿਰ ਨੂੰ ਛੋਟਾ ਸਾਹਬ ਵੀ ਆ ਕੇ ਕੁਰਸੀ ਤੇ ਬੈਠ ਗਿਆ ਤੇ ਮੈ ਉਸ ਵੱਲ ਤਕਿਆ ਉਸਨੇ ਮੈਨੂੰ ਇਸ਼ਾਰਾ ਕੀਤਾ ਕਿ ਘਬਰਾਉਣਾਂ ਨਹੀਂ। ਮੈਨੇ ਜਰ ਨੇ ਮੈਨੂੰ ੨੫ ਰੁ: ਜੁਰਮਾਨਾ ਸੁਣਾਇਆ ਤੇ ਮੈਂ ਮੈਨੇਜਰ ਨੂੰ ਉੱਤਰ ਦਿੱਤਾ, ''ਮੇ ਰੀ ਤਨਖਾਹ ੭੫ ਰੁ: ਹੈ ਤੇ ਆਪਨੇ ਮੈਨੂੰ ੨੫ ਰੁ: ਜੁਰਮਾਨਾ ਕਰ ਦਿੱਤਾ ਹੈ। ਇਸੇ ਹਿਸਾਬ ਨਾਲ ਖੋਸਲਾ ਸਾਹਬ ਨੂੰ ਵੀ ਜੁਰਮਾਨਾਂ ਹੋਣਾਂ ਚਾਹੀਦਾ ਹੈ ਇਸਦੀ ਤਨਖਾਹ ੯੫੦ ਹੈ ਇਸਨੇ ਮੈਨੂੰ ਪਹਿਲਾਂ ਗਾਲ੍ਹਾਂ ਦਿੱਤੀਆਂ ਹਨ ਤਾਂ ਮੈ ਇਸਨੂੰ ਕੁੱਟਿਆ ਹੈ। ਮੇਰੀ ਇਹ ਗੱਲ ਸੁਣ ਕੇ ਮੈਨੇਜਰ ਨੇ ਮੈਨੂੰ ਡਿਸਚਾਰਜ ਕਰ ਦਿੱਤਾ। ਜਾਨੀ ਕਿ ਨੌਕਰੀ ਤੋਂ ਜੁਵਾਬ ਦੇ ਦਿੱਤਾ ਤੇ ਉਸੇ ਵਕਤ ਰਤਨਮ ਸਾਹਬ ਨੇ ੧੫੦ ਬੰਦੇ ਸਮੇਤ ਕੰਮ ਬੰਦ ਕਰ ਦਿੱਤਾ ਤੇ ਨੌਕਰੀ ਸਭ ਨੇ ਛੱਡ ਦਿੱਤੀ ਤੇ ਮੈਨੇਜਰ ਨੇ ਰਤਨਮ ਸਾਹਬ ਨੂੰ ਬਹੁਤ ਜੋਰ ਲਾਇਆ ਕਿ ਤੁਮ ਕਾਮ ਕਰੋ, ਅਮਰ ਸਿੰਘ ਦੇ ਪਿੱਛੇ ਤੁਮ ਕਿਉਂ ਨੌਕਰੀ ਛੋੜ ਰਹੇ ਹੋ। ਰਤਨਮ ਸਾਹਬ ਨੇ ਉੱਤਰ ਦਿੱਤਾ, ''ਹਮਾਰੇ ਕਹਿਨੇ ਪਰ ਸੰਤ ਜੀ ਨੇ ਖੋਸਲਾ ਸਾਹਬ ਕੋ ਜੂਤੇ ਮਾਰੇ ਹੈਂ। ਔਰ ਆਪ ਸੰਤ ਜੀ ਕੋ ਨਿਕਾਲ ਰਹੇ ਹੋ ਤੋ ਹਮ ਸਭ ਲੋਗ ਕੈਸੇ ਨੌਕਰੀ ਕਰ ਸਕਤੇ ਹੈ ਹਮ ਨਹੀਂ ਰੁਕ ਸਕਤੇ ਔਰ ਕਾਮ ਭੀ ਨਹੀ ਕਰੇਂਗੇ।'' ਸਭ ਬੰਦੇ ਮਿਲ ਵਿੱਚੋ ਬਾਹਰ ਆ ਗਏ ਅਤੇ ਲਾਇਲਪੁਰ ਵਿੱਚ ਆ ਕੇ ਕੰਪਨੀ ਬਾਗ ਵਿੱਚ ਜਾ ਬੈਠੇ। ਫਿਰ ਫੋਟੋਗ੍ਰਾਫਰ ਨੂੰ ਸੱਦ ਕੇ ਸਾਰਿਆ ਨੇ ਬੈਠ ਕੇ ਫੋਟੋ ਖਿਚਾਈ ਜੀਵਨ ਦਾਸ ਫੋਟੋਗ੍ਰਾਫਰ ਕੋਲੋ। ਰਤਨਮ ਸਾਹਿਬ ਕਲਕੱਤੇ ਚਲਾ ਗਿਆ ·ਬਾਕੀ ਜਿਥੇ ਕਿਸੇ ਨੂੰ ਨੌਕਰੀ ਮਿਲੀ ਸਭ ਬੰਦੇ ਕੰਮ ਤੇ ਲਗ ਗਏ ਮੈਂ ਆਪਣੇ ਮਨ ਵਿੱਚ ਪੱਕੀ ਦਲੀਲ ਧਾਰ ਲਈ ਕੀ ਮੈਂ ਅੱਜ ਤੋ ਬਾਅਦ ਲੱਕੜੀ ਦਾ ਕੰਮ ਨਹੀਂ ਕਰਨਾ ਕਿਉਂਕਿ ਔਜਾਰ ਬੜੇ ਚੁੱਕਣੇ ਪੈਂਦੇ ਹਨ।

# (੧੬) ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸੋ ਇੱਕ ਹੋਰ ਵਰ ਮਿਲਣਾਂ

ਇੱਕ ਮੇਰਾ ਮਿੱਤਰ ਮੈਨੂੰ ਕਹਿਣ ਲਗਾ, "ਸੰਤ ਜੀ, ਤੁਸੀ ਵਿਹਲੇ ਰਹਿੰਦੇ ਹੋ ਕੰਮ ਕਿਉ ਨਹੀ ਕਰਦੇ।" ਮੈ ਕਿਹਾ, "ਮੈਂ ਲੱਕੜ ਦਾ ਕੰਮ ਨਹੀ ਕਰਨਾਂ ਔਜਾਰ ਬੜੇ ਚੁੱਕਣੇ ਪੈਂਦੇ ਹਨ।" ਉਨ੍ਹੇ ਆਖਿਆ ਕਿ ਸੰਤ ਜੀ ਤੁਸੀਂ ਮੇਰੇ ਨਾਲ ਚਲੋ ਓਅੰਕਾਰ ਫੈਕਟਰੀ ਵਿੱਚ, ਮੈਂ ਤੁਹਾਨੂੰ ਉਸ ਕਾਰਖਾਨੇ ਅਸਟੀਮ ਇੰਞਣ ਦਾ ਡਰਾਈਵਰ ਲਗਵਾ ਦੇਂਦਾ ਹਾਂ ਜੀ ਉਸ ਕਾਰਖਾਨੇ ਜੋ ਇੰਨਜੀਨੀਅਰ ਹੈ ਉਹ ਮੇਰਾ ਮਿੱਤਰ ਹੈ।" ਅਸੀ ਦੋਵੇਂ ਜਣੇ (ਮੈ ਤੇ ਸੁੰਦਰ ਸਿੰਘ) ਉਸ ਕਾਰਖਾਨੇ ਚਲੇ ਗਏ ਅਤੇ ਇੰਨਜੀਨੀਅਰ ਨਾਲ ਸਾਰੀ ਗੱਲਬਾਤ ਕੀਤੀ ਤੇ ਉਹ ਕਹਿਣ ਲਗਾ, "ਮੈ ਸੰਤਾਂ ਨੂੰ ਫਿਟਰਾਂ ਵਿੱਚ ਲਵਾ ਦਿੰਦਾ ਹਾਂ ਪਰ ਦੋ ਤਿੰਨ ਮਹੀਨੇ ਐਲ ਮੈਨਾਂ ਵਿੱਚ ਲਗਾਣਾ ਪਵੇਗਾ।" ਮੈ ਆਖਿਆ, "ਠੀਕ ਹੈ।" ਇਨੰਜੀਨੀਅਰ ਨੇ ਇੱਕ ਹੋਰ ਸਲਾਹ ਦਿੱਤੀ ਕਿ ਸੰਤ ਜੀ ਜੇ ਤੁਸੀ ਸਾਧੂ ਸਿੰਘ ਫਿਟਰ ਦੇ ਸ਼ਗਿਰਦ ਬਣ ਜਾਉ ਤਾਂ ਜਲਦੀ ਕੰਮ ਸਿੱਖ ਲਵੋਗੇ ਜੀ।" ਮੈ ਕਿਹਾ, "ਠੀਕ ਹੈ।" ਉਹਨਾਂ ਨੇ ਕਿਹਾ, "ਪਰਸੋਂ ਐਤਵਾਰ ਹੈ ਤੁਸੀ ਲੱਡੂ ਤੇ ਪੱਗ ਲੈ ਕੇ ਮੇਰੇ ਪਾਸ ਆ ਜਾਣਾਂ ਚਾਰ ਕੁ ਵਜੇ, ਮੈਂ ਆਪੇ ਸਾਰਾ ਕੰਮ ਕਰ ਲਵਾਂਗਾ ਜੀ। ਮੈ ਐਤਵਾਰ ਵਾਲੇ ਦਿਨ ੨੦ ਸੇਰ ਲੱਡੂ ਤੇ ਇੱਕ ਪੱਗ ਤੇ ਸਾਧੂ ਸਿੰਘ ਦੀ ਘਰਦੀ ਦਾ ਸੂਟ ਲੈ ਕੇ ਦੋ ਵਜੇ ਦੇ ਕਰੀਬ ਕਾਰਖਾਨੇ ਪਹੁੰਚ ਗਿਆ ਤੇ ਇਨੰਜੀਨੀਅਰ ਸ੍ਰ ਆਇਆ ਸਿੰਘ ਨੂੰ ਮਿਲਿਆ ਤੇ ਉਸੇ ਵੇਲੇ ਉਸਨੇ ਸਾਰੇ ਕਾਰਖਾਨੇ ਦੇ ਬੰਦੇ ਇਕੱਠੇ ਕਰ ਲਏ ਤੇ ਚੌਕੀਦਾਰ ਨੂੰ ਹੁਕਮ ਦਿੱਤਾ ਕਿ ਦਫਤਰ ਵਿੱਚੋ ਦਰੀ ਲਿਆਵੇ।

ਦਰੀ ਲਿਆ ਕੇ ਵਿਛਾ ਦਿੱਤੀ ਗਈ ਤੇ ਇਨੰਜੀਨੀਅਰ ਨੇ ਦਫਤਰੋ ਕੁਰਸੀਆਂ ਮੰਗਵਾ ਲਈਆਂ ਸਭ ਕੁਝ ਤਿਆਰ ਹੋ ਗਿਆ ਤੇ ਕੁਝ ਬੰਦੇ ਕੁਰਸੀਆਂ ਤੇ ਬੈਠ ਗਏ ਤੇ ਐਲ ਮੈਨ ਤੇ ਮਜਦੂਰ ਦਰੀ ਤੇ ਬੈਠ ਗਏ। ਮੈਨੂੰ ਇਨੰਜੀਨੀਅਰ ਨੇ ਆਖਿਆ, "ਸੰਤ

ਜੀ ਲਿਆਓ ਲੱਡੂ ਵਗੈਰਾ ਰਖੋ ਜਿਸਦੇ ਅੱਗੇ ਰਖਣੇ ਹਨ। ਮੈ ਲੱਡੂ ਤੇ ਕਪੜੇ ਚੁੱਕ ਕੇ ਸਾਧੂ ਸਿੰਘ ਦੇ ਅੱਗੇ ਰੱਖ ਦਿੱਤੇ ਤੇ ਮੱਥਾ ਟੇਕਿਆ ਤੇ ਉਹ ਕਹਿਣ ਲਗਾ, "ਮੈ ਤੇ ਤੈਨੂੰ ਨਹੀ ਜਾਣਦਾ ਤੂੰ ਕੌਣ ਹੁੰਦਾ ਹੈ ਤੇ ਨਾ ਮੈ ਤੈਨੂੰ ਸ਼ਗਿਰਦ ਬਣਾਉਣਾ ਹੈ। ਮੈ ਅਰਜ ਕੀਤੀ, "ਤੁਸੀ ਘਾਬਰੋ ਨਾ ਮੈਂ ਵੀ ਰਾਮਗੜ੍ਹੀਆ ਹਾਂ ਜੀ। ਪਰ ਉਹ ਤੇ ਬਿਲਕੁਲ ਨਾ ਹੀ ਮੰਨੇ ਤੇ ਮੈ ਬੈਠਾ ਰਿਹਾ ਪੈਰ ਫੜ ਕੇ ਪਰ ਉਹ ਤੇ ਲੱਤ ਹੀ ਨਾ ਲਾਵੇ। ਇਨੰਜੀਨੀਅਰ ਨੇ ਵੀ ਬਹੁਤ ਜੋਰ ਲਾਇਆ ਕਿ ਸੰਤ ਰਾਮਗੜ੍ਹੀਆਂ ਦੇ ਪੁਤੱਰ ਹਨ। ਪਰ ਉਹ ਤੇ ਕਿਸੇ ਕੁਲ ਤੇ ਆਵੇ ਹੀ ਨਾ। ਕੁਦਰਤ ਨੇ ਮੇਰੀ ਮਦਦ ਕੀਤੀ ਕਾਰਖਾਨੇ ਦਾ ਮਾਲਕ ਪੰਡਿਤ ਜਨਕ ਰਾਜ ਜੀ ਆ ਗਏ। ਮੈਨੂੰ ਪੰਡਿਤ ਜੀ ਚੰਗੀ ਤਰ੍ਹਾਂ ਜਾਣਦੇ ਸਨ। ਮੈ ਉਹਨਾਂ ਦੇ ਘਰ ਤਿੰਨ ਚਾਰ ਵਾਰ ਕੀਰਤਨ ਕੀਤਾ ਸੀ ਤੇ ਜਦ ਪੰਡਿਤ ਜੀ ਸਾਡੇ ਪਾਸ ਆਏ ਤੇ ਉਹ ਸਾਰੇ ਉੱਠ ਕੇ ਖੜੇ ਹੋ ਗਏ ਪਰ ਮੈ ਬੈਠਾ ਰਿਹਾ। ਉਹਨਾਂ ਨੇ ਇਨੰਜੀਨੀਅਰ ਨੂੰ ਪੁਛਿਆ ਕਿ ਕੀ ਗੱਲ ਹੈ। ਕਿਸ ਕਾਰਨ ਸੰਤ ਅਮਰ ਸਿੰਘ ਜੀ ਨੇ ਸਾਧੂ ਸਿੰਘ ਦੇ ਪੈਰ ਫੜੇ ਹਨ। ਉਸਨੇ ਸਾਰੀ ਗੱਲ ਪੰਡਿਤ ਨੂੰ ਦੱਸੀ ਕਿ ਸੰਤ ਫਿਟਰਾਂ ਦਾ ਕੰਮ ਸਿੱਖਣਾਂ ਚਾਹੁੰਦੇ ਹਨ ਤੇ ਇਹ ਸਾਰੀ ਗੱਲ ਸੁਣਕੇ ਪੰਡਿਤ ਜੀ ਨੇ ਕੁਰਸੀ ਤੋਂ ਉੱਠਕੇ ਅਪਣੇ ਹੱਥਾਂ ਨਾਲ ਸਾਧੂ ਸਿੰਘ ਦੇ ਸਿਰ ਤੇ ਪੱਗ ਰਖੀ ਤੇ ਸਾਧੂ ਸਿੰਘ ਨੂੰ ਪੰਡਿਤ ਜੀ ਨੇ ਆਖਿਆ ਕਿ ਇਸ ਸੰਤ ਅਮਰ ਸਿੰਘ ਨੂੰ ਲਾਇਲਪੁਰ ਸ਼ਹਿਰ ਦੇ ਵਾਸੀ ਤੇ ਇਲਾਕੇ ਦੇ ਸਭ ਲੋਕ ਸੰਤ ਸਮਝ ਕੇ ਮੱਥੇ ਟੇਕਦੇ ਹਨ ਤੇ ਤੂੰ ਹੋਰ ਕੀ ਲੈਣਾ ਹੈ ਜਿਸਦਾ ਐਸਾ ਸ਼ਾਗਿਰਦ ਬਣੇ। ਪੰਡਿਤ ਜੀ ਦੇ ਸਾਹਮਣੇ ਸਾਧੂ ਸਿੰਘ ਨੂੰ ਕੋਈ ਉੱਤਰ ਨਾ ਆਇਆ ਤੇ ਪੱਗ ਬਨੵਵਾ ਲਈ ਤੇ ਲੱਡੂ ਵੰਡੇ ਗਏ।

ਸਵੇਰੇ ਮੈ ਕੰਮ ਤੇ ਆਇਆ ਤੇ ਮੈਨੂੰ ਕੁਵਾਟਰ ਮਿਲ ਗਿਆ ਤੇ ਮੈ ਘਰ ਦਾ ਸਾਰਾ ਸਮਾਨ ਗੱਡੇ ਤੇ ਲੱਦ ਕੇ ਸਮੇਤ ਪਰਿਵਾਰ ਕਾਰਖਾਨੇ ਆਣ ਡੇਰੇ ਲਾਏ ਤੇ ਮਸ਼ੀਨਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ। ਮੈਨੂੰ ਸ੍ਰ: ਸਾਧੂ ਸਿੰਘ ਜੀ ਨੇ ਆਪਣੇ ਵੱਡੇ ਭਰਾ ਭਾਈ ਭਾਗ ਸਿੰਘ ਨਾਲ ਐਲ ਮੈਨਾਂ ਵਿੱਚ ਲਾ ਦਿੱਤਾ। ਐਲ ਮੈਨ ਦੀ ਤਨਖਾਹ ਸਿਰਫ ੧੮ ਰੁ: ਮਹੀਨਾ ਹੁੰਦੀ ਸੀ ਤੇ ਡਿਊਟੀ ੧੨ ਘੰਟੇ। ਪਰ ਮੈ ਕੁਝ ਪ੍ਰਵਾਹ ਨਾ ਕਰਨੀ। ਮੈਨੂੰ ਕੰਮ ਸਿੱਖਣ ਦਾ ਬੜਾ ਸ਼ੌਕ ਸੀ ਪਰ ਕਾਰਖਾਨੇ ਦੇ ਕੰਮ ਤੋਂ ਇਲਾਵਾ ਰੋਜ ੧੨ ਪੀਪੇ ਪਾਣੀ ਦੇ ਲਿਆਉਣੇ ਤੇ ਉਸਤਾਦ ਦੇ ਘਰ ਦੇਣੇ। ਘਰ ਵਾਟਰ ਬਕਸ ਤੋਂ ਤਕਰੀਬਨ ੩ ਫਰਲਾਂਗਾਂ ਸੀ ਤੇ ਰੋਜ ਉਸਤਾਦ ਦੀਆਂ ਤਿੰਨ ਤਿੰਨ ਘੰਟੇ ਮੁੱਠੀਆਂ ਭਰਨੀਆਂ। ਸੱਤ ਮਹੀਨੇ ਕਾਰਖਾਨਾਂ ਚਲਿਆ ਫਿਰ ਬੰਦ ਹੋ ਗਿਆ ਤੇ ਅਗਲੇ ਸਾਲ ਮੈ ਰਾਮ ਨਾਰਾਇਣ ਦੇ ਕਾਰਖਾਨੇ ਜਾ ਲਗਾ ੫੫ ਰੁ: ਮਹੀਨਾਂ ਤਨਖਾਹ ਤੇ ਜਗ੍ਹਾ ਵੀ ਮੈਨੂੰ ਚੰਗੀ ਮਿਲ ਗਈ ਸੀ ਪਰ ਮੈਨੂੰ ਕੰਮ ਦਾ ਪੂਰਾ ਤਜਰਬਾ ਨਾ ਹੋਣ ਕਰਕੇ ਮੈ

ਰਾ ਕੰਮ ਸਹੀ ਨਾ ਚੱਲਿਆ। ਮਸ਼ੀਨਾਂ ਪੂਰਾ ਕੰਮ ਨਾ ਕਰਨ। ਪਰ ਮੈ ਹਠ ਨਾ ਛੱਡਾਂ। ਮੈਨੂੰ ਫਿਟਰਾਂ ਨੇ ਬਹੁਤ ਤੰਗ ਕੀਤਾ ਤੇ ਮੈਂ ਰਾਤ ਨੂੰ ਆਪਣੇ ਉਸਤਾਦ ਦੇ ਪਾਸ ਗਿਆ ਤੇ ਜਾ ਕੇ ਸਾਰੀ ਗੱਲ ਦੱਸੀ ਉਸ ਮੈਨੂੰ ਵਾਹਵਾ ਝਿੜਕਿਆ ਤੇ ਕਿਹਾ ਕਿ ਤੂੰ ਕਿਸਨੂੰ ਪੁੱਛ ਕੇ ਨੌਕਰੀ ਕੀਤੀ ਹੈ ਅਜੇ ਤੈਨੂੰ ਕੰਮ ਦਾ ਪੂਰਾ ਤਜਰਬਾ ਨਹੀ ਤੂੰ ਕੰਮ ਨਹੀ ਕਰ ਸਕਦਾ।" ਮੈ ਚੁੱਪ ਕਰ ਰਿਹਾ ਆਖਿਰ ਕਲ ਬਾਰਾਂ ਵਜੇ ਆਉਣ ਦਾ ਇਕਰਾਰ ਕੀਤਾ ਮੈ ਘਰ ਚਲਾ ਗਿਆ ਤੇ ਸਵੇਰੇ ਪੰਜ ਵਜੇ ਕਾਰਖਾਨਾ ਚਾਲੂ ਹੋਇਆ ਤੇ ੧੨ ਵਜੇ ਉਸਤਾਦ ਜੀ ਆਏ। ਉਹਨਾਂ ਨੇ ਆ ਕੇ ਮੇਰੀਆਂ ਮਸ਼ੀਨਾਂ ਵੇਖੀਆਂ। ਪੰਜ ਮਸ਼ੀਨਾਂ ਉਹਨਾਂ ਆਪ ਠੀਕ ਕੀਤੀਆਂ ਤੇ ਬਾਕੀ ਮੈਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ। ਬਾਕੀ ਪੰਜ ਮਸ਼ੀਨਾਂ ਮੈ ਠੀਕ ਕਰ ਲਈਆਂ ਤੇ ਰਾਤ ਨੂੰ ਮਸ਼ੀਨਾਂ ਦਾ ਮਾਲ ਪੂਰਾ ਹੋ ਗਿਆ। ਅਗਲੇ ਦਿਨ ਮੇਰੀਆਂ ਮਸ਼ੀਨਾਂ ਨੇ ਪੂਰਾ ੧੦੦ ਮਣ ਰੂੰ ਕੱਢਿਆ। ਸਭ ਫਿਟਰ ਹੈਰਾਨ ਰਹਿ ਗਏ ਤੇ ਪ੍ਰਮਾਤਮਾਂ ਦੀ ਕਿਰਪਾ ਨਾਲ ਅਗਲੇ ਸਾਲ ਨਨਕਾਣੇ ਸਾਹਿਬ ਮੰਗਤ ਸ਼ਾਹ ਦੇ ਕਾਰਖਾਨੇ ਜਾ ਕੇ ਨੌਕਰੀ ਕੀਤੀ। ਤਿੰਨ ਸਾਲ ਇੱਥੇ ਇੱਕ ਕਾਰਖਾਨੇ ਕੰਮ ਕੀਤਾ। ਸੰਨ ੧੯੪੨ ਵਿੱਚ ਮੇਰੀ ਸਿੰਘਣੀ ਗੁਜਰ ਗਈ। ਉਸ ਵਿੱਚੋ ਮੇਰੀਆਂ ਦੋ ਲੜਕੀਆਂ ਸਨ ਕਿਰਪਾਸ਼ ਤੇ ਵਿਦਿਆ। ਮਾਂ ਦੇ ਗੁਜਰ ਜਾਣ ਦੇ ਬਾਅਦ ਕੁਝ ਮਹੀਨੇ ਇਹ ਦੋਵੇਂ ਨਾਨਕੇ ਹੀ ਰਹੀਆਂ। ਮੈਨੂੰ ਸੰਨ ੪੨ ਵਿੱਚ ਹੀ ਨਨਕਾਣੇ ਸਾਹਿਬ ਤੋਂ ਚਿੱਠੀ ਆਈ ਕਿ ਐਸ ਸਾਲ ਫਿਰ ਨਨਕਾਣੇ ਸਾਹਿਬ ਆ ਕੇ ਨੌਕਰੀ ਤੇ ਹਾਜਰ ਹੋਵਾਂ। ਫਿਰ ਮੈ ਕੰਮ ਤੇ ਜਾ ਹਾਜਰ ਹੋਇਆ ਅਤੇ ਕੱਤਕ ਦੀ ਪੂਰਨਮਾਸ਼ੀ ਤੇ ਬਹੁਤ ਭਾਰੀ ਮੇਲਾ ਲਗਦਾ ਹੁੰਦਾ ਸੀ ਨਨਕਾਣੇ ਸਾਹਿਬ। ਸਤਿਗੁਰੂ ਨਾਨਕ ਦੇ ਅਵਤਾਰ ਦਿਨ ਦਾ ਅੱਠ ਦਿਨ ਮੇਲਾ ਰਹਿੰਦਾ ਸੀ। ਇਸ ਮੇਲੇ ਤੇ ਲੱਖਾਂ ਦੁਨੀਆਂ ਆਉਂਦੀ ਹੁੰਦੀ ਸੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਹਰ ਸਾਲ ਜਾਂਦੇ ਹੁੰਦੇ ਸਨ। ਇਸ ਸਾਲ ਵੀ ਆਏ ਸਨ। ਨਨਕਾਣੇ ਦੀ ਸੰਗਤ ਜੋ ਨਾਮਧਾਰੀ ਤੇ ਕੁਝ ਦੂਸਰੇ ਲੋਕ ਵੀ ਸਭ ਇੱਕੱਠੇ ਹੋ ਕੇ ਸਤਿਗੁਰੂਪ੍ਰਤਾਪ ਸਿੰਘ ਜੀ ਪਾਸ ਜਾ ਕੇ ਸਾਰਿਆਂ ਨੇ ਹੱਥ ਜੋੜ ਕੇ ਅਰਜ ਕੀਤੀ ਕਿ ਸੱਚੇ ਪਾਤਸ਼ਾਹ ਜੀ ਅੱਜ ਰਾਤ ਸੰਤ ਅਮਰ ਸਿੰਘ ਦਾ ਹੱਲੇ ਦਾ ਦਿਵਾਨ ਲਗਵਾਓ ਜੀ। **ਸਤਿਗੁਰਾਂ ਨੇ ਸੰਗਤ ਦੀ ਅਰਜ ਮੰਨ ਕੇ ਮੈਨੂੰ ਅਪਣੇ ਪਾਸ ਬੁਲਾ ਕੇ ਹੁਕਮ ਕੀਤਾ ਕਿ ਅਮਰ ਸਿੰਘ ਅੱਜ ਰਾਤ ਨੂੰ ਤੂੰ ਅਪਣਾ ਜੱਥਾ ਲੈ ਕੇ ਕੀਰਤਨ ਕਰਨਾਂ ਹੈ ਮੈਂ ਆਖਿਆ, "ਜੀ ਸਤਿ ਬਚਨ।" ਅਸਾਂ ਉਸੇ ਵੇਲੇ ਚਾਨਣੀ ਹੇਠ ਜਾ ਕੇ ਸਾਜ ਵਜਾ ਦਿੱਤੇ ਸਭ ਸੰਗਤਾਂ ਬੈਠੀਆਂ ਸੀ ਹਜਾਰਾਂ ਦੀ ਗਿਣਤੀ ਵਿੱਚ। ਸਾਰੀ ਰਾਤ ਹੱਲੇ ਦਾ ਦਿਵਾਨ ਲਗਾ ਰਿਹਾ ਸੁਬਾਹ ਚਾਰ ਵਜੇ ਤਕ। ਸਾਰੀ ਰਾਤ ਲੰਘ ਗਈ ਤੇ ਸਵੇਰੇ ਸਤਿਗੁਰਾਂ ਨੇ ਮੈਨੂੰ ਬੁਲਾ ਕੇ ਪੁਛਿਆ, "ਤੂੰ ਹੁਣ ਕਿਥੇ ਰਹਿੰਦਾ ਹੈ।" ਮੈ ਅਰਜ**

**ਕੀਤੀ, "ਸੱਚੇ ਪਾਤਸ਼ਾਹ ਜੀ ਮੈ ਹੁਣ ਇੱਕੋ ਨਨਕਾਣੇ ਸਾਹਿਬ ਹੀ ਮੰਗਤ ਸ਼ਾਹ ਦੇ ਕਾਰਖਾਨੇ ਕੰਮ ਕਰਦਾ ਹਾਂ ਜੀ ਕਪਾਹ ਦੀਆ ਮਸ਼ੀਨਾਂ ਦਾ ਕੰਮ ਹੈ।" ਸੱਚੇ ਪਾਤਸ਼ਾਹ ਜੀ ਦੇ ਪੁੱਛਣ ਤੇ ਮੈਂ ਦਸਿਆ ਕਿ ਮੇਰੀ ਤਨਖਾਹ ੬੦ ਰੁ: ਮਹੀਨਾ ਹੈ। ਇਹ ਸੁਣ ਕੇ ਸਤਿਗੁਰੂ ਬੜੇ ਖੁਸ਼ ਹੋਏ ਤੇ ਕਹਿਣ ਲਗੇ, "ਸ਼ਾਬਾਸ਼ ਤੇਰੇ, ਅਸੀਂ ਤੇਰੇ ਉਪਰ ਬੜੇ ਖੁਸ਼ ਹਾਂ ਕਿਉਂਕਿ ਤੂੰ ੧੮ ਸਾਲ ਫਕੀਰੀ ਵੀ ਚੰਗੀ ਕੀਤੀ ਹੈ ਤੇ ਸ਼ਾਦੀ ਕਰਵਾ ਕੇ ਕੰਮਕਾਰ ਵੀ ਚੰਗਾ ਦਿਲ ਲਗਾ ਕੇ ਕੀਤਾ ਹੈ। ਕੀਰਤਨ ਵੀ ਚੰਗਾ ਕਰਦਾ ਹੈ।" ਮੈ ਕਿਹਾ, "ਹਜ਼ੂਰ ਸਭ ਆਪ ਦੀ ਹੀ ਕਿਰਪਾ ਹੈ। ਮੈਂ ਤੇ ਕੁਝ ਵੀ ਨਹੀ ਕਰਨ ਜੋਗਾ, ਸਭ ਤੁਹਾਡੀ ਦਇਆ ਹੈ।" ਏਨੇ ਬਚਨ ਕਰਕੇ ਮੈਂ ਕਾਰਖਾਨੇ ਜਾ ਹਾਜ਼ਿਰ ਹੋਇਆ।**

ਮੇਲਾ ਖਤਮ ਹੋ ਗਿਆ ਸੰਗਤਾਂ ਅਪਣੇ ਨਗਰ ਨੂੰ ਚਲੀਆਂ ਗਈਆਂ। ਮੈਂ ਕਾਰਖਾਨੇ ਫੇਰਾ ਮਾਰ ਕੇ ਫਿਰ ਗੁਰਦੁਵਾਰੇ ਗਿਆ ਅੱਗੇ ਸਤਿਗੁਰੂ ਬੈਠੇ ਸਨ, ਮੈ ਮੱਥਾ ਟੇਕ ਕੇ ਬੈਠ ਗਿਆ ਤੇ ਬਚਨ ਬਿਲਾਸ ਸੁਣਦਾ ਰਿਹਾ। ਫਿਰ ਸੱਚੇ ਪਾਤਸ਼ਾਹ ਲਾਹੌਰ ਨੂੰ ਤਿਆਰ ਹੋਏ, ਮੈ ਮੱਥਾ ਟੇਕਿਆ ਸਤਿਗੁਰ ਬੜੇ ਖੁਸ਼ ਹੋਏ ਤੇ ਮੈਨੂੰ ਕਹਿਣ ਲਗੇ, "**ਤਗੜਾ ਹੋ ਕੇ ਕੰਮ ਕਰੀ ਜਾ, ਨੇਕ ਨਿਯਤ ਨਾਲ ਤੈਨੂੰ ਕਿਸੇ ਵੀ ਚੀਜ ਦੀ ਕਮੀਂ ਨਹੀ ਰਹੇਗੀ।**" ਮੈ ਨਮਸਕਾਰ ਕਰਕੇ ਪਿਛੇ ਹਟ ਗਿਆ ਮੇਰੇ ਜਥੇ ਵਿੱਚ ਇੱਕ ਸਿੱਖ ਸੀ ਜਿਸਦਾ ਨਾਮ ਕਰਤਾਰ ਸਿੰਘ ਸੀ। ਇਸਦਾ ਜਨਮ ਅਰੋੜਿਆ ਦੇ ਘਰ ਦਾ ਸੀ। ਇਹਨਾਂ ਦੇ ਪਰਿਵਾਰ ਦੇ ੬੦ ਘਰ ਸਨ ਤੇ ਇਹ ਮਹੰਤ ਨਰਾਇਣ ਦਾਸ ਦੇ ਵਕਤ ਬਾਲ ਲੀਲਾ ਦੇ ਗੁਰਦੁਵਾਰੇ ਦੇ ਮਹੰਤ ਹੁੰਦੇ ਸੀ। ਇਸ ਸਾਰਾ ਪਰਿਵਾਰ ਦੇ ਤਕਰੀਬਨ ੩੦੦ ਦੇ ਕਰੀਬ ਮੈਂਬਰ ਸਨ। ਇਹਨਾਂ ਸਾਰਿਆਂ ਨੇ ਮੇਰੇ ਪਾਸੋਂ ਭਜਨ ਪੁਛਿਆ ਸੀ ਤੇ ਨਾਮਧਾਰੀ ਪੰਥ ਵਿੱਚ ਸ਼ਾਮਲ ਹੋਏ ਸਨ। ਤੇ ਸਤਿਗੁਰ ਰਾਮ ਸਿੰਘ ਜੀ ਦੇ ਘਰ ਦੇ ਪੂਰਨ ਸੇਵਕ ਬਣੇ ਸਨ। ਮੇਰੇ ਤੇ ਵੀ ਬੜੀ ਸ਼ਰਧਾ ਰਖਦੇ ਸਨ। ਮੈਂ ਹੀ ਇਸ ਪ੍ਰੀਵਾਰ ਨੂੰ ਪਰੇਰ ਕੇ ਇਹਨਾਂ ਕੋਲੋਂ ਉਗਰਾਹੀ ਕਰਕੇ ਗੁਰਦੁਵਾਰੇ ਵਿੱਚ ਬਿਜਲੀ ਲਗਵਾਈ ਸੀ।

# (੧੭) ਪ੍ਰੀਤਮ ਕੌਰ ਦਾ ਸੁਵਰਗਵਾਸ

ਜਦੋ ਮੇਰੇ ਘਰ ਪਹਿਲੀ ਲੜਕੀ ਪੈਦਾ ਹੋਈ (ਜੋ ਕਿ ਅੱਜ ਕਲ ਅੰਮ੍ਰਿਤਸਰ ਵਿੱਚ ਰਹਿੰਦੀ ਹੈ। ਉਸਦਾ ਪ੍ਰੀਵਾਰ ਵੀ ਬੜਾ ਚੰਗਾ ਹੈ। ਉਹ ਅਪਣੇ ਘਰ ਠੀਕ ਠਾਕ ਰਾਜੀ ਖੁਸ਼ੀ ਹੈ।) ਮੈ ਲਾਹੌਰ ਕੰਮ ਕਰਦਾ ਸਾਂ ਮਾਡਲ ਟਾਊਨ ਤੇ ਇਸੇ ਸਾਲ ਭੈਣੀ ਸਾਹਿਬ ਹੋਲੇ ਦਾ ਬੜਾ ਭਾਰੀ ਮੇਲਾ ਸੀ। ਮੇਰਾ ਦਿਲ ਕੀਤਾ ਕਿ ਹੋਲੇ ਤੇ ਜਾ ਕੇ ਸਾਧ ਸੰਗਤ ਦਾ ਤੇ ਸਤਿਗੁਰਾਂ ਦਾ ਦਰਸ਼ਨ ਕਰਾਂ। ਲਾਹੌਰ ਮਾਡਲ ਟਾਊਨ ਤੋਂ ਭੈਣੀ ਸਾਹਿਬ ੧੫੦ ਮੀਲ ਸੀ। ਤੇ ਮੈ ਅੱਜ ਦੋ ਵਜੇ ਸਾਈਕਲ ਤੇ ਚੜ੍ਹ ਕੇ ੫ ਵਜੇ ਅੰਮ੍ਰਿਤਸਰ ਆ ਪੁੱਜਾ। ਆ ਕੇ ਨਾਮਧਾਰੀ ਗੁਰਦੁਵਾਰੇ ਵਿੱਚ ਪ੍ਰਸਾਦਾ ਛਕਿਆ ਏਥੇ ੫-੬ ਸਿੱਖ ਹੋਰ ਵੀ ਮੇਲੇ ਵਾਸਤੇ ਤਿਆਰ ਸਨ। ਅਸੀ ਸਾਰੇ ਇਕੱਠੇ ਹੋ ਕੇ ਸਾਈਕਲਾਂ ਤੇ ਚੜ੍ਹ ਕੇ ਤੁਰ ਪਏ ਕੋਈ ਸ਼ਾਮ ਦੇ ੭ ਕੁ ਵਜੇ, ਤੇ ਸਵੇਰੇ ੬ ਵਜੇ ਅਸੀ ਲੁਧਿਆਣੇ ਪੁੱਜ ਗਏ। ਏਥੇ ਅਸੀ ਜਲ ਪਾਣੀ ਛਕਿਆ ਤੇ ਅੱਠ ਕੁ ਵਜੇ ਚਲ ਕੇ ਸਾਢੇ ਨੌ ਵਜੇ ਭੈਣੀ ਸਾਹਿਬ ਪੁੱਜ ਗਏ। ਅਗੇ ਜਾਂਦਿਆਂ ਨੂੰ ਜਿਹੜੇ ਸੰਤਾਂ ਨਾਲ ਮੈਂ ੧੮ ਬਰਸ ਸਾਧੂ ਰਿਹਾ ਸਾਂ ਉਹ ਸੰਤ ਜਥੇ ਸਮੇਤ ਪਿੰਡ ਤੋਂ ਬਾਹਰ ਬੈਠੇ ਸਨ। ਜਦ ਅਸੀ ਗਏ ਤਾਂ ਮੈ ਸਾਈਕਲ ਤੋਂ ਉੱਤਰ ਕੇ ਸੰਤਾਂ ਨੂੰ ਮੱਥਾ ਟੇਕਿਆ, ਜੱਫੀ ਪਾਈ ਤੇ ਬਾਕੀ ਸਾਰੇ ਜਥੇ ਨੂੰ ਫਤਹਿ ਬੁਲਾਈ ਤੇ ਸ਼ਬਦ ਪੜ੍ਹਦੇ ਪੜ੍ਹਦੇ ਗੁਰਦੁਵਾਰੇ ਜਾਣਾਂ ਸੀ। ਸੰਤਾਂ ਨੇ ਮੈਨੂੰ ਹੁਕਮ ਕੀਤਾ ਕਿ ਅੱਜ ਤੂੰ ਢੋਲਕੀ ਵਜਾ। ਮੈ ਸਤਿ ਬਚਨ ਕਹਿ ਕੇ ਢੋਲਕੀ ਤਾਲ ਪਾ ਲਈ ਤੇ ਸਾਰੇ ਜਥੇ ਨੇ ਬਾਕੀ ਸਾਜ ਫੜ ਲਏ ਤੇ ਜੈ ਕਾਰਾ ਬੁਲਾ ਕੇ ਸਾਜ ਵਜਾਉਣੇ ਸ਼ੁਰੂ ਕਰ ਦਿੱਤੇ। ਤੇ ਸ਼ਬਦ ਪੜ੍ਹਦੇ ਪੜ੍ਹਦੇ ਸਤਿਗੁਰਾਂ ਦੀ ਕੋਠੀ ਪੁੱਜ ਗਏ ਤੇ ਅੱਗੇ ਮੀਟਿੰਗ ਹੋ ਰਹੀ ਸੀ। ਅੰਦਰੋਂ ਇੱਕ ਸਿੱਖ ਆਇਆ ਤੇ ਉਸਨੇ ਆ ਕੇ ਆਖਿਆ, ''ਸੰਤ ਜੀ, ਸ਼ਬਦਾਂ ਦਾ ਭੋਗ ਪਾ ਦਿਓ ਅੰਦਰ ਮੀਟਿੰਗ ਹੋ ਰਹੀ ਹੈ ਤੇ ਸੰਤਾਂ ਨੇ ਉੱਤਰ ਦਿੱਤਾ, ''ਜਿੰਨੀ ਦੇਰ ਸਤਿਗੁਰ ਬਾਹਰ ਆ ਕੇ ਦਰਸ਼ਨ ਨਾ ਦੇਣਗੇ ਅਸਾਂ ਸ਼ਬਦ ਪੜ੍ਹਨੋਂ ਨਹੀ ਹਟਣਾਂ।'' ਉਸ ਸਿੱਖ ਨੇ ਅੰਦਰ ਜਾ ਕੇ ਸਾਰੀ ਗੱਲ ਦੱਸੀ ਇਹ ਗੱਲ ਸੁਣ ਕੇ ਸਤਿਗੁਰ

ਬਾਹਰ ਆ ਗਏ ਤੇ ਸੰਤਾਂ ਨੇ ਸ਼ਬਦ ਦਾ ਭੋਗ ਪਾਇਆ ਤੇ ਜੈ ਕਾਰਾ ਬੁਲਾਇਆ ਤੇ ਸਤਿਗੁਰਾਂ ਨੂੰ ਮੱਥਾਂ ਟੇਕਿਆ ਜਦ ਮੈ ਸਤਿਗੁਰਾਂ ਨੂੰ ਮੱਥਾਂ ਟੇਕਿਆ ਤੇ ਸਤਿਗੁਰਾਂ ਨੇ ਮੈਨੂੰ ਬਾਹੋਂ ਫੜ ਕੇ ਕਿਹਾ, **"ਤੇਰਾ ਵਿਆਹ ਕੀਤਾ ਸੀ ਤੇ ਤੂੰ ਫਿਰ ਸੰਡਾਂ ਦੀ ਢੋਲਕੀ ਵਜਾਉਂਦਾ ਹੈ ਘਰ ਜਾ ਕੇ ਕੰਮ ਕਿਉਂ ਨਹੀ ਕਰਦਾ।"** ਇਸ ਗੱਲ ਦਾ ਸੰਤਾਂ ਨੇ ਉੱਤਰ ਦਿੱਤਾ, **"ਸੱਚੇ ਪਾਤਸ਼ਾਹ ਜੀ ਸਾਡੇ ਕੋਲ ਇਹ ਹੁਣ ਨਹੀ ਰਹਿੰਦਾ। ਸਵਾ ਸਾਲ ਹੋਇਆ ਹੈ ਸਾਡੇ ਕੋਲੋਂ ਅਪਣੇ ਘਰ ਚਲਾ ਗਿਆ ਹੈ ਸਾਨੂੰ ਤੇ ਅੱਜ ਏਥੇ ਆ ਕੇ ਮਿਲਿਆ ਹੈ ਜੀ, ਬਾਕੀ ਹੁਣ ਤੇ ਇਸ ਦੇ ਘਰ ਲੜਕੀ ਹੋਈ ਹੈ।" ਸੱਚੇ ਪਾਤਸ਼ਾਹ ਗੱਲ ਸੁਣ ਕੇ ਹੱਸ ਪਏ ਤੇ ਕਹਿਣ ਲਗੇ, "ਸ਼ਰਦਾਈਆਂ ਪੀਣ ਵਾਲੇ ਦੇ ਘਰ ਕਿਹੜੇ ਮੁੰਡੇ ਜੰਮਣੇ ਸਨ ਕੁੜੀਆਂ ਹੀ ਜੰਮਣੀਆਂ ਨੇ। ਮੈਨੂੰ ਹਾਸੇ ਹਾਸੇ ਵਿੱਚ ਸ਼ਰਾਪ ਮਿਲ ਗਿਆ** ਪਰ ਮੈਨੂੰ ਕੀ ਪਤਾ ਸੀ ਮੈ ਕੋਈ ਵਿੱਚਾਰ ਨਾ ਕੀਤੀ ਤੇ ਕੁਝ ਸਮਾਂ ਪਾ ਕੇ ਮੇਰੇ ਘਰ ਫਿਰ ਲੜਕੀ ਹੋਈ (ਇਸਦਾ ਨਾਮ ਵਿਦਿਆ ਸੀ, ਸੰਨ ੧੯੬੬ ਵਿੱਚ ਗੁਜਰ ਗਈ ਸੀ ਇਸਦੇ ਦੋ ਬੱਚੇ ਹਨ। ਜੁਵਾਨ ਹਨ।) ਫਿਰ ਦੋ ਸਾਲਾਂ ਬਾਅਦ ਲੜਕੀ ਹੋਈ ਤੇ ਤਿੰਨ ਮਹੀਨੇ ਦੀ ਹੋ ਕੇ ਗੁਜਰ ਗਈ। ਤੇ ਫਿਰ ਮੇਰੀ ਸਿੰਘਣੀ ਬੀਮਾਰ ਹੋ ਗਈ। ਉਸਨੂੰ ਤਪਦਿਕ ਦੀ ਬੀਮਾਰੀ ਲਗ ਗਈ। ਬਹੁਤ ਇਲਾਜ ਕਰਵਾਇਆ। ਹੱਦੋ ਬਾਹਰਾ ਇਲਾਜ ਕਰਵਾਇਆ ਪਰ ਕੋਈ ਫਰਕ ਨਾ ਪਿਆ।


ਸੰਤ ਭੂਰੀ ਵਾਲੇ ਜੋ ਮਾਨਾਂ ਵਾਲੇ ਸਰਦਾਰਾਂ ਦੇ ਪਿੰਡ ਜਿਲਾ ਸ਼ੇਖੂਪੁਰਾ ਵਿੱਚ ਰਹਿੰਦੇ ਸਨ। ਬੜੇ ਮਹਾਂਪੁਰਸ਼ ਸਨ। ਇਹਨਾਂ ਨਾਲ ਹਮੇਸ਼ਾਂ ੪੫ ਸਿੱਖਾਂ ਦਾ ਜਥਾ ਹੁੰਦਾ ਸੀ। ਇਹਨਾਂ ਨੂੰ ਜਥੇ ਸੁਮੇਤ ਬੁਲਾ ਕੇ ਦੋ ਅਖੰਡ ਪਾਠ ਕਰਵਾਏ ਲਗਾਤਾਰ ਪਰ ਕੋਈ ਆਰਾਮ ਨਾ ਆਇਆ। ਸੰਤ ਦਲੀਪ ਸਿੰਘ ਜੀ ਵੈਦ ਜਿਲ੍ਹਾ ਲਾਇਲਪੁਰ ਵਿੱਚ ਪਿੰਡ ਸਦੋ ਵਾਲ ਵਿੱਚ ਰਹਿੰਦੇ ਸਨ। ਮੈ ਇਹਨਾਂ ਪਾਸ ਜਾ ਕੇ ਸਾਰੀ ਹਾਲਤ ਦੱਸੀ ਇਹ ਮੇਰੇ ਬੜੇ ਮਿੱਤਰ ਸਨ। ਇਹ ਉਸੇ ਵੇਲੇ ਮੇਰੇ ਨਾਲ ਆ ਗਏ। ਮੇਰੇ ਸਹੁਰੇ ਬੁੱਟਰੀ ਆਏ ਤੇ ਵੇਖ ਕੇ ਪ੍ਰੀਤਮ ਕੌਰ ਦਾ ਇਲ਼ਾਜ ਸ਼ੁਰੂ ਕੀਤਾ ਇਹ ਮੇਰੇ ਪਾਸ ੨੦ ਦਿਨ ਰਹੇ। ਤੇ ਆਖਰ ਮੈਨੂੰ ਇਹਨਾਂ ਨੇ ਆਖਿਆ, "ਅਮਰ ਸਿੰਘ, ਤੈਨੂੰ ਅਸੀ ਇੱਕ ਗੱਲ ਦਸਦੇ ਹਾਂ ਕਿ ਅੱਜ ਮਹੀਨਾ ਹੈ ਵਸਾਖ ਦਾ ਤੇ ਤੂੰ ਇਹ ਗੱਲ ਯਾਦ ਰੱਖੀ, ੨੫ ਤਾਰੀਕ ਸਾਵਣ ਤੋਂ ਪਹਿਲਾਂ ਪਹਿਲਾਂ ਪ੍ਰੀਤਮ ਕੌਰ ਨੇ ਗੁਜਰ ਜਾਣਾ ਹੈ ਤੇ ਤੂੰ ਇਸਦੀ ਸੇਵਾ ਕਰਨੀ ਹੈ, ਜਿੰਨੀ ਤੈਥੋਂ ਹੋ ਸਕੇ, ਜੋ ਚੀਜ ਖਾਣ ਨੂੰ ਇਹ ਮੰਗੇ ਇਸਨੂੰ ਦੇਈ ਜਾਉ ਇਹ ਤੇਰਾ ਫਰਜ ਹੈ। ਇੰਨੀ ਗੱਲ ਦੱਸ ਕੇ ਦਵਾਈ ਦੇ ਕੇ ਉਹ ਤੁਰ ਗਏ ਪਰ ਮੈ ਬੜਾ ਦੁਖੀ ਹੋਇਆ। ਮੈ ਅਪਣੇ ਹੱਥੀ ਆਪ ਰੋਟੀ ਪਕਾਉਣੀ, ਥਾਂ ਹੂੰਝਣਾਂ, ਤੇ ਕਪੜੇ ਧੋਣੇ ਨਾਲੇ ਬੱਚਿਆਂ ਨੂੰ ਸੰਭਾਲਣਾਂ, ਕੰਮ ਵੀ ਕਰਨਾ। ਜਿਸ ਅੰਦਰ ਪ੍ਰੀਤੋ ਦਾ ਮੰਜਾ

ਸੀ ਇਸ ਅੰਦਰ ਪਿੰਡ ਦੇ ਲੋਕ ਤੇ ਆਕੇ ਖਬਰ ਸੁਰਤ ਪਰੀਤੋ ਨੂੰ ਪੁੱਛ ਜਾਂਦੇ ਸਨ ਪਰ ਇਸਦੀ ਮਾਂ ਤੇ ਭਰਾ ਨਹੀ ਸਨ ਅੰਦਰ ਵੜਦੇ ਕਹਿੰਦੇ ਸਨ ਸਾਨੂੰ ਬੀਮਾਰੀ ਲਗ ਜਾਵੇਗੀ ਪ੍ਰੀਤੋ ਦਾ ਬਾਪ ਜਰੂਰ ਇਸ ਦੇ ਪਾਸ ਆਉਂਦਾ ਰਹਿੰਦਾ ਸੀ।

ਅੱਜ ਜੇਠ ਸੁਦੀ ਚੌਥ ਦਾ ਦਿਨ ਸੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਸੀ। ਮੈ ਅੱਜ ਇਸ ਪਿੰਡ ਤੋਂ ਪਰੀਤੋ ਨੂੰ ਡੋਲੀ ਵਿੱਚ ਪਾ ਕੇ ਚਾਰ ਬੰਦੇ ਪਿੰਡ ਵਿੱਚੋ ਬੁਲਾ ਲਏ ਤੇ ਮੰਜੇ ਤੇ ਪਾ ਕੇ ਮੋਮਨ ਦੇ ਸਟੇਸ਼ਨ ਤੋਂ ਆ ਕੇ ਗੱਡੀ ਬੈਠ ਕੇ ਲਾਹੌਰ ਆ ਕੇ ਪਰੀਤੋ ਨੂੰ ਚੁੱਕ ਕੇ ਗੱਡੀ ਬਦਲੀ ਤੇ ਅੰਮ੍ਰਿਤਸਰ ਸ਼ਾਮ ਦੇ ੬ ਵਜੇ ਗੱਡੀ ਪਹੁੰਚੀ ਸਟੇਸ਼ਨ ਤੋਂ ਟਾਂਗਾ ਕਰਕੇ ਸੁਲਤਾਨ ਵਿੰਡ ਦਰਵਾਜੇ ਨਾਮਧਾਰੀ ਗੁਰਦੁਵਾਰੇ ਪੁੱਜ ਗਿਆ ਤੇ ਮਹੰਤ ਜੀਊਣ ਸਿੰਘ ਜੀ ਨੇ ਮੈਨੂੰ ਇੱਕ ਕਮਰਾ ਦੇ ਦਿੱਤਾ ਤੇ ਸਵੇਰੇ ਮਹੰਤ ਜੀ ਮੇਰੇ ਨਾਲ ਇੱਕ ਡਾਕਟਰ ਕੋਲ ਗਏ। ਪ੍ਰੀਤੋ ਨੂੰ ਵੀ ਲਿਜਾ ਕੇ ਦਿਖਾਇਆ ਉਸਨੇ ਦਵਾਈ ਦਿੱਤੀ ਤੇ ਫਿਰ ਮੈਨੂੰ ਤੇ ਸੰਤਾਂ ਨੂੰ ਪ੍ਰੀਤੋ ਤੋ ਅਡੱ ਕਰਕੇ ਕਹਿਣ ਲਗਾ। "ਐਵੇਂ ਪੈਸੇ ਨਾ ਉਜਾੜੋ ਇਸਨੇ ਨਹੀ ਬਚਣਾ।" ਮੈ ੧੫ ਦਿਨ ਅੰਮ੍ਰਿਤਸਰ ਰਿਹਾ ਤੇ ਮਹੰਤ ਜੀ ਨੇ ਸਾਡੀ ਬੜੀ ਸੰਭਾਲ ਰੱਖੀ। ਕੁਦਰਤ ਨਾਲ ਅੱਜ ਸਤਿਗੁਰ ਪ੍ਰਤਾਪ ਸਿੰਘ ਜੀ ਅਤੇ ਮਾਤਾ ਜੀ ਲਾਹੋਰੋਂ ਅੰਮ੍ਰਿਤਸਰ ਆ ਗਏ। ਮੈਂ ਜਾ ਕੇ ਮਾਤਾ ਜੀ ਨੂੰ ਮੱਥਾ ਟੇਕਿਆ ਤੇ ਅਪਣੀ ਹਾਲਤ ਦੱਸੀ ਤੇ ਮਾਤਾ ਜੀ ਪ੍ਰੀਤੋ ਦੇ ਪਾਸ ਆਏ ਤੇ ਦੇਖ ਕੇ ਕਹਿਣ ਲਗੇ, "ਕਾਕਾ ਜਿਲ੍ਹਾ ਜਲੰਧਰ ਵਿੱਚ ਨਕੋਦਰ ਦੇ ਲਾਗੇ ਇੱਕ ਹਕੀਮ ਰਹਿੰਦਾ ਹੈ ਉਸਨੂੰ ਲਿਆ ਕੇ ਵਿਖਾ ਮੈ ਅਰਜ ਕੀਤੀ ਕਿ ਮਾਤਾ ਜੀ ਮੈ ਇੱਕੱਲਾ ਹਾਂ, ਦੋ ਲੜਕੀਆਂ ਹਨ, ਤੇ ਪ੍ਰੀਤੋ ਦੀ ਸੇਵਾ ਵੀ ਕਰਨੀ ਹੈ। ਮੈ ਕਿਸ ਤਰ੍ਹਾਂ ਜਾਵਾਂ ਜੀ। ਮਾਤਾ ਜੀ ਨੇ ਉਸੇ ਵੇਲੇ ਇੱਕ ਸਿੱਖ ਨੂੰ ਹੁਕਮ ਕੀਤਾ ਕਿ ਛੇਤੀ ਹਕੀਮ ਨੂੰ ਲੈ ਕੇ ਆਵੇ ਤੇ ਕਹੇ ਕਿ ਮਾਤਾ ਜੀ ਨੇ ਬੁਲਾਇਆ ਹੈ। ਉਹ ਉਸੇ ਵੇਲੇ ਗਿਆ ਤੇ ਅਗਲੇ ਦਿਨ ਸਵੇਰੇ ੯ ਵਜੇ ਤੋਂ ਪਹਿਲਾਂ ਸਾਡੇ ਕੋਲ ਪਹੁੰਚ ਗਿਆ। ਮਾਤਾ ਜੀ ਨੇ ਹਕੀਮ ਨੂੰ ਹੁਕਮ ਦਿੱਤਾ, "ਹਕੀਮ ਜੀ ਉਸ ਲੜਕੀ ਨੂੰ ਵੇਖੋ, ਬੀਮਾਰ ਹੈ। ਇਸ ਨੂੰ ਓਪਰੀ ਨਾ ਸਮਝਣਾਂ ਇਹ ਸਾਡੀ ਅਪਣੀ ਲੜਕੀ ਹੈ। ਅਮਰ ਸਿੰਘ ਦੇ ਘਰੋਂ ਹੈ। ਹਕੀਮ ਕਹਿਣ ਲਗਾ, "ਮਾਤਾ ਜੀ ਮੈ ਅਮਰ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਜੀ ਇਹ ਸਾਡੇ ਪਿੰਡ ਸੰਤਾਂ ਨਾਲ ਕਈ ਵਾਰ ਗਿਆ ਸੀ ਫਿਰ ਸੰਤਾਂ ਨੇ ਸਾਡੇ ਪਿੰਡ ਇਸਦੀ ਕੁਸ਼ਤੀ ਵੀ ਵੇਖੀ ਸੀ। ਇਸਨੇ ਚੰਗੇ ਜਵਾਨ ਨੂੰ ਢਾਹਿਆ ਸੀ।" ਹਕੀਮ ਨੇ ਪ੍ਰੀਤੋ ਨੂੰ ਵੇਖਿਆ ਦਵਾਈ ਸ਼ੁਰੂ ਕਰ ਦਿੱਤੀ। ਮਾਤਾ ਜੀ ਭੈਣੀ ਸਾਹਿਬ ਨੂੰ ਚਲੇ ਗਏ ਤੇ ਅਸੀ ਅਪਣੇ ਪਿੰਡ ਵੇਰਕੇ ਚਲੇ ਗਏ। ਇਸ ਹਕੀਮ ਨੇ ਅਪਣੀ ਪੂਰੀ ਵਾਹ ਲਾ ਲਈ ਪਰ ਕੋਈ ਆਰਾਮ ਨਾ ਆਇਆ। ਅੱਠ ਦਿਨਾਂ ਬਾਅਦ ਹਕੀਮ ਵਾਪਿਸ ਚਲਾ ਗਿਆ। ਮੈ ਇੱਕ ਬੰਦਾ ੩੦

ਰੁ: ਮਹੀਨੇ ਤੇ ਪ੍ਰਸਾਦੇ ਪਕਾਉਣ ਵਾਸਤੇ ਅਤੇ ਪੱਖੇ ਦੀ ਰੱਸੀ ਖਿੱਚਣ ਵਾਸਤੇ ਰੱਖਿਆ ਸੀ। ਕਿਸੇ ਚਾਚੀ, ਤਾਈ, ਭਰਜਾਈ, ਭੈਣ ਤੋਂ ਮੈਂ ਕੋਈ ਕੰਮ ਨਾ ਕਰਵਾਇਆ ਕਿ ਕੱਲ ਨੂੰ ਮੈਨੂੰ ਮਿਹਣੇ ਮਾਰਨਗੀਆਂ ਕਿ ਅਸੀਂ ਤੇਰੀਆਂ ਰੋਟੀਆਂ ਪਕਾਉਂਦੇ ਰਹੇ।

ਰੋਜ ਸੁਖਮਨੀ ਸਾਹਿਬ ਦਾ ਇੱਕ ਪਾਠ ਮੈ ਪਰੀਤੋ ਨੂੰ ਸੁਣਾਉਣਾ ਤੇ ਇੱਕ ਦਿਨ ਛੱਡ ਕੇ ਕਪੜੇ ਬਦਲਾਉਣੇ। ਹਰ ਬੁੱਧਵਾਰ ਕੇਸੀ ਇਸ਼ਨਾਨ ਕਰਵਾ ਦੇਣਾ। ਖਾਣ ਵਾਸਤੇ ਜੋ ਮੰਗੇ ਦਿੰਦੇ ਜਾਣਾਂ। ਜਿੰਨਾਂ ਚਿਰ ਸ਼ਾਸ ਉਨਾਂ ਚਿਰ ਆਸ ਵੀ ਹੁੰਦੀ ਹੈ ਇਨਸਾਨ ਨੂੰ। ਮੇਰਾ ਇੱਕ ਮਿੱਤਰ ਹੁੰਦਾ ਸੀ ਸੰਨਿਆਸੀ। ਇਹ ਰਹਿੰਦਾ ਸੀ ਵਟਾਲੇ ਤਸੀਲ ਵਿੱਚ ਮੈ ਇਸ ਕੋਲ ਜਾ ਕੇ ਸਾਰੀ ਹਕੀਕਤ ਦੱਸੀ ਇਸ ਨੇ ਅਪਣੇ ਚੇਲੇ ਨੂੰ ਮੇਰੇ ਨਾਲ ਭੇਜਿਆ ਦਵਾ ਦਾਰੂ ਕਰਨ ਵਾਸਤੇ। ਇਸਦਾ ਨਾਮ ਹਰਨਾਮ ਸਿੰਘ ਸੀ ਪਿੰਡ ਇਸਦਾ ਸੰਘੇੜੇ ਸੀ। ਇਹ ਮੇਰੇ ਕੋਲ ੧੪ ਦਿਨ ਰਿਹਾ ਪਰ ਕੋਈ ਆਰਾਮ ਨਾ ਆਇਆ ਆਖਿਰ ਇਹ ਵੀ ਚਲਾ ਗਿਆ। ਅੱਜ ਸੌਣ ਦੀ ੧੨ ਤਾਰੀਕ ਹੋ ਗਈ ਸੀ। ਰਾਤ ਨੂੰ ਕੋਠੇ ਤੇ ਬੈਠੇ ਸਾਂ ਤੇ ਪਰੀਤੋ ਨੇ ਮੈਨੂੰ ਕਿਹਾ, "ਤੁਸਾਂ ਮੇਰੇ ਤੇ ਬੜੀ ਘਾਲਣਾਂ ਘਾਲੀ ਹੈ ਪਰ ਤੁਸੀ ਇੱਕ ਵਾਰ ਹਕੀਮ ਪਾਲ ਸਿੰਘ ਵਲ ਜਾਓ। ਅਗਲੇ ਦਿਨ ਗੱਡੀ ਚੜ੍ਹ ਕੇ ਮੈ ਬੀਕਾਨੇਰ ਨੂੰ ਗਿਆ। ਡੂਗੇ ਬੂੰਗੇ ਦੇ ਸਟੇਸ਼ਲ ਤੋਂ ਉੱਤਰ ਕੇ ੩ ਰੁ: ਦਾ ਊਠ ਕਿਰਾਏ ਤੇ ਕੀਤਾ ਆਉਣ ਜਾਣ ਦਾ ਤੇ ਪਾਲ ਸਿੰਘ ਹਕੀਮ ਦੇ ਘਰ ਪੁੱਜ ਕੇ ਉਸਨੂੰ ਸਾਰੀ ਗੱਲ ਦੱਸੀ। ਉਸਨੇ ਮੈਨੂੰ ਦਵਾਈ ਦਿੱਤੀ ਤੇ ਕਿਹਾ, "ਕਿੱਕਰ ਦੇ ਵਿੱਚ ਜੋ ਪਿੱਪਲ ਉੱਗਿਆ ਹੋਵੇ ਉਸਦੇ ਪੱਤੇ ਵਿੱਚ ਪਾ ਕੇ ਦਵਾਈ ਦੇਵੀਂ। ਜੇਕਰ ੨੪ ਤਾਰੀਕ ਸਾਵਣ ਦੀ ਲੰਘ ਜਾਵੇ ਤਾਂ ਮੈਨੂੰ ੨੫ ਤਾਰੀਕ ਨੂੰ ਤਾਰ ਪਾ ਦੇਵੀਂ ਫਿਰ ਮੈ ਤੇਰੇ ਪਾਸ ਆ ਜਾਵਾਂਗਾ। ੧੮ ਤਾਰੀਕ ਨੂੰ ਮੈ ਵਾਪਿਸ ਆ ਗਿਆ ਤੇ ਉਸੇ ਵਕਤ ਮੈ ਸਾਈਕਲ ਲੈ ਕੇ ਪਿੱਪਲ ਦੀ ਤਲਾਸ਼ ਕਰਨ ਚਲਾ ਗਿਆ। ਰਾਤ ਨੂੰ ਪੱਤੇ ਲੱਭ ਕੇ ਲੈ ਆਂਦੇ ਸਵੇਰੇ ੧੯ ਤਾਰੀਕ ਤੋ ਦਵਾਈ ਸ਼ੁਰੂ ਕਰ ਦਿੱਤੀ ਤੇ ੨੦ ਤਾਰੀਕ ਰਾਤ ਨੂੰ ਮੈਨੂੰ ਪਰੀਤੋ ਨੇ ਆਖਿਆ ਕਿ ਸਰਦਾਰ ਜੀ ਬੁੱਚੜਾਂ ਤੋ ਇੱਕ ਗਊ ਛੁਡਾ ਦਿਓ ਤੇ ਸਵੇਰੇ ਮੇਰਾ ਸ਼ਰੀਰ ਤੰਦਰੁਸਤ ਹੋ ਜਾਵੇਗਾ ਜਾਂ ਮੇਰਾ ਕਲਿਆਣ ਹੋ ਜਾਵੇਗਾ। ਮੈ ਸਵੇਰੇ ਹੀ ੨੨ ਤਾਰੀਕ ਵਾਲੇ ਦਿਨ ਅੰਮ੍ਰਿਤਸਰ ਦੇ ਬੁਚੱੜ ਖਾਨਿਉਂ ਇੱਕ ਵਹਿੜ ਬੁਚੜਾਂ ਦੇ ਹੱਥੋਂ ਖਰੀਦੀ ੮੦ ਰੁ: ਵਿੱਚ ਤੇ ਮਹੰਤਾਂ ਵੱਲ ਇੱਕ ਬੰਦਾ ਘੱਲ ਦਿੱਤਾ ਤੇ ਹੋਰ ਚਾਵਲ, ਕਣਕ, ਮਾਂਹ ਵਗੈਰਾ ਲੈ ਕੇ ਤੇ ਉਹ ਗਊ ਨੂੰ ਪ੍ਰੀਤੋ ਦਾ ਹੱਥ ਲਵਾ ਕੇ ਸਭ ਚੀਜਾਂ ਗਊ ਸਮੇਤ ਮਹੰਤਾਂ ਨੂੰ ਦਾਨ ਕਰ ਦਿੱਤਾ। ਮਹੰਤਾਂ ਨੇ ਅਰਦਾਸਾ ਕੀਤਾ ਤੇ ਸਭ ਵਸਤਾਂ ਤੇ ਗਊ ਲੈ ਕੇ ਅੰਮ੍ਰਿਤਸਰ ਨੂੰ ਤੁਰ ਗਏ। ਮੈ ਦੂਸਰੇ ਕਮਰੇ ਵਿੱਚ ਜਾ ਕੇ ਲੰਮੇ ਪੈ ਗਿਆ। ਮੈਨੂੰ ਕੁਝ ਨੀਂਦਰ ਆਈ ਪਰ ਮੈ ਚੰਗੀ ਤਰ੍ਹਾਂ ਸੁੱਤਾ ਨਹੀ ਸਾਂ ਤੇ ਮੇਰੇ ਪਾਸ ਸੰਤ ਦਿਆਲ ਸਿੰਘ



ਸੰਤ ਅਮਰ ਸਿੰਘ ਜੀ ਆਪਣੀ ਸੁਪਤਨੀ ਪ੍ਰੀਤਮ ਕੌਰ
ਅਤੇ ਬੇਟੀ ਕਿਰਪਾਸ਼ ਕੌਰ ਨਾਲ



ਸੰਤ ਅਮਰ ਸਿੰਘ ਜੀ ਆਪਣੇ ਜਵਾਈ ਸੰਤ ਸੰਤਾ ਸਿੰਘ ਜੀ ਨਾਲ



ਸੰਤ ਅਮਰ ਸਿੰਘ ਜੀ - 1996

ਜੀ ਆ ਖੜੇ ਹੋਏ ਸਫੈਦ ਬਸਤਰ ਤੇ ਸਿੱਧਾ ਦਸਤਾਰਾ ਤੇ ਗਲ ਵਿੱਚ ਮਾਲਾ ਤੇ ਸੱਜੇ ਹੱਥ ਵਿੱਚ ਸਿਮਰਨਾਂ। ਮੇਰੇ ਪਾਸ ਖੜੇ ਹਨ ਤੇ ਮੈ ਮੱਥਾਂ ਟੇਕਿਆ ਤੇ ਇਹਨਾਂ ਨੇ ਮੈਨੂੰ ਕਿਹਾ, "ਤੂੰ ਸਾਨੂੰ ਪਛਾਣਿਆ ਨਹੀ।"

ਮੈਂ ਉੱਤਰ ਦਿੱਤਾ, "ਸੰਤ ਜੀ ਮੈ ਨਹੀ ਤੁਹਾਨੂੰ ਪਛਾਣਿਆ।"

ਸੰਤਾਂ ਕਿਹਾ, "ਮੈ ਤੇਰਾ ਸਕਾ ਭਰਾ ਹਾਂ। ਮੇਰਾ ਨਾਮ ਦਿਆਲ ਸਿੰਘ ਹੈ ਤੂੰ ਅਜੇ ਛੋਟਾ ਜਿਹਾ ਸੈਂ, ਜਦ ਮੈ ਇਸ ਸੰਸਾਰ ਨੂੰ ਛੱਡ ਗਿਆ ਸਾਂ। ਮੈ ਫਿਰ ਦੁਬਾਰਾ ਮੱਥਾ ਟੇਕਿਆ ਤੇ ਸੰਤਾਂ ਨੇ ਮੈਨੂੰ ਕਿਹਾ, "ਅਮਰ ਸਿੰਘ, ਤੇਰਾ ਤੇ ਇਸ ਬੀਬੀ ਪਰੀਤੋ ਦਾ ਏਨਾਂ ਹੀ ਸਬੰਧ ਸੀ ਤੂੰ ਇਸਦਾ ਪਿਛਲੇ ਜਨਮ ਦਾ ਕਰਜਾ ਦੇਣਾਂ ਸੀ ਤੇ ਹੁਣ ਇਹ ਲੇਖਾ ਮੁੱਕ ਗਿਆ ਹੈ। ਪਰਸੋਂ ਸ਼ਾਮ ਦੇ ੭ ਵਜੇ ਇਸਨੇ ਗੁਜਰ ਜਾਣਾਂ ਹੈ ਤੇ ਤੂੰ ਦਿਲ ਵਿੱਚ ਕੋਈ ਅਵਸੋਸ ਨਹੀ ਕਰਨਾਂ, ਤੇਰੇ ਉੱਤੇ ਪਰੀਤੋ ਦੀ ਆਤਮਾਂ ਬੜੀ ਖੁਸ਼ ਹੈ ਤੂੰ ਇਸਦੀ ਬੜੀ ਸੇਵਾ ਕੀਤੀ ਹੈ ਤੇ ਨਾਲੇ ਸੁਖਮਨੀ ਸਾਹਿਬ ਦਾ ਪਾਠ ਸੁਣਾਉਂਦਾ ਰਿਹਾ ਹੈ। ਪਰਸੋ ਤੱਕ ਇਸਨੂੰ ਪੰਜ ਪਾਠ ਸੁਖਮਨੀ ਸਾਹਿਬ ਦੇ ਹੋਰ ਸੁਣਾਵੀ ਤੇ ਨਾਂ ਆਪ ਰੋਵੀ ਨਾ ਕਿਸੇ ਨੂੰ ਰੋਣ ਦੇਵੀਂ ਜਦ ਮੜ੍ਹੀਆਂ ਨੂੰ ਲੈ ਕੇ ਜਾਉਗੇਂ ਤਾਂ ਢੋਲਕੀ ਛੈਣੇ ਵਜਾ ਕੇ ਸ਼ਬਦ ਆਪ ਪੜ੍ਹਦਾ ਜਾਵੀਂ ਤੇ ਪਾਠ ਕਿਸੇ ਚੰਗੇ ਮਹਾਤਮਾਂ ਪਾਸੋਂ ਰਖਾਵੀ ਜਿਹੜਾ ਅੱਧਾ ਘੰਟਾ ਰੋਜ ਕਥਾ ਕਰਿਆ ਕਰੇ ਅਸੀਂ ਵੀ ਕਥਾ ਸੁਣਿਆ ਕਰਾਂਗੇ ਜਿਹੜੀ ਤੂੰ ਗਊ ਪੁੰਨ ਕੀਤੀ ਹੈ ਇਹ ਬਹੁਤ ਚੰਗਾ ਕੀਤਾ ਹੈ। ਪਰੀਤੋ ਦਾ ਜਨਮ ਮਰਨ ਕੱਟਿਆ ਗਿਆ ਹੈ ਤੇ ਜਾ ਹੁਣ ਉੱਠ ਕੇ ਬੀਬੀ ਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾ।"

ਏਨੇ ਬਚਨ ਸੁਣਾ ਕੇ ਸੰਤ ਅਲੋਪ ਹੋ ਗਏ। ਮੈ ਉਸੇ ਵੇਲੇ ਉੱਠਕੇ ਜੰਗਲ ਗਿਆ ਫਿਰ ਇਸ਼ਨਾਨ ਕੀਤਾ ਤੇ ਗੁਟਕਾ ਲੈ ਕੇ ਕੁਰਸੀ ਤੇ ਬੈਠ ਕੇ ਪਾਠ ਕਰਨ ਲੱਗ ਪਿਆ, ਪ੍ਰੀਤੋ ਢੋਹ ਲਗਾ ਕੇ ਬੈਠ ਗਈ ਉਹ ਵੀ ਮਾਲਾ ਫੇਰਦੀ ਰਹੀ, ਮੈ ਪਾਠ ਕਰਦਾ ਰਿਹਾ। ਸਵਾ ਘੰਟੇ ਵਿੱਚ ਪਾਠ ਦਾ ਭੋਗ ਪਾਇਆ ਤੇ ਅਰਦਾਸਾ ਕੀਤਾ ਤੇ ਪਰੀਤੋ ਨੇ ਮੈਨੂੰ ਕਿਹਾ, "ਜੀ ਅੱਜ ਤੇ ਪਾਠ ਦਾ ਬੜਾ ਆਨੰਦ ਆਇਆ ਹੈ ਤੇ ਇੱਕ ਹੋਰ ਸੁਣਾ ਦਿਓ। ਮੈ ਫਿਰ ਪਾਠ ਸ਼ੁਰੂ ਕਰ ਦਿੱਤਾ ਤੇ ਦੋ ਤਿੰਨ ਜਨਾਨੀਆਂ ਹੋਰ ਆ ਕੇ ਸੁਣਦੀਆਂ ਰਹੀਆਂ ਭੋਗ ਪਾ ਕੇ ਫਿਰ ਬਚਨ ਬਿਲਾਸ ਕਰਦੇ ਰਹੇ। ਰਾਤ ਪੈ ਗਈ, ਅਸੀ ਸਭ ਸੌ ਗਏ।

ਅਗਲਾ ਦਿਨ ਚੜ੍ਹਿਆ ਮੈ ਇਸ਼ਨਾਨ ਕਰਕੇ ਨਿਤਨੇਮ ਕੀਤਾ ਫਿਰ ਇੱਕ ਪਾਠ ਸੁਖਮਨੀ ਸਾਹਿਬ ਦਾ ਕੀਤਾ ਅੱਜ ਸਾਰਾ ਦਿੰਨ ਮੈ ਘਰ ਹੀ ਰਿਹਾ ਕਈ ਪ੍ਰਕਾਰ ਦੇ ਬਚਨ ਬਿਲਾਸ ਕਰਦੇ ਰਹੇ। ਇਸ ਬੀਮਾਰੀ ਵਾਲੇ ਦਾ ਚਿਹਰਾ ਬਿਲਕੁਲ ਠੀਕ ਰਹਿੰਦਾ

ਹੈ। ਤੇ ਸ਼ਰੀਰ ਕਮਜੋਰ ਹੋ ਜਾਂਦਾ ਹੈ ਬੋਲਚਾਲ ਵੀ ਠੀਕ ਰਹਿੰਦਾ ਹੈ। ਜੇ ਖੁਰਾਕ ਮਿਲਦੀ ਰਹੇ ਤੇ ਓਪਰਾ ਬੰਦਾ ਪਛਾਣ ਨਹੀ ਸਕਦਾ ਕਿ ਇਹ ਬੀਮਾਰ ਹੈ ਕਿ ਨਹੀਂ। ਅੱਜ ਦਾ ਦਿਨ ਵੀ ਕਿਸੇ ਤਰਾਂ ਬੀਤ ਗਿਆ।

ਅਗਲਾ ਦਿਨ ਚੜ੍ਹਿਆ ਕਰਮਾਂ ਵਾਲਾ। ਅੱਜ ਸਾਵਣ ਦੀ '੨੩' ਤਾਰੀਕ ਆ ਗਈ ਅੱਜ ਸ਼ਾਮ ਨੂੰ ੭ ਵਜੇ ਮੇਰੀ ਪਰੀਤੋ ਨੇ ਇਸ ਸੰਸਾਰ ਤੋ ਸਦਾ ਲਈ ਕੂਚ ਕਰ ਜਾਣਾਂ ਹੈ, ਸਾਡੇ ਕੋਲੋਂ ਸਦਾ ਲਈ ਵਿਦਿਆ ਹੋ ਜਾਣਾ ਹੈ। ਦਿਨ ਬੁਧੱਵਾਰ ਦਾ ਸੀ ਮੈ ਆਪਣਾ ਨਿਤਨੇਮ ਕੀਤਾ ਤੇ ਇਸਤੋਂ ਬਾਅਦ ਮੈਂ ਸੁਖਮਨੀ ਸਾਹਿਬ ਦਾ ਪਾਠ ਕਰਕੇ ਭੋਗ ਪਾਇਆ। ਭਾਈ ਸੰਤੋਖ ਸਿੰਘ ਲੰਗਰ ਦੀ ਤਿਆਰੀ ਕਰ ਰਿਹਾ ਸੀ, ਤੇ ਪਰੀਤੋ ਨੇ ਆਖਿਆ, "ਅੱਜ ਵੇਸਣ ਪਾ ਕੇ ਖੂਬ ਲੂਣ ਮਿਰਚ ਪਾ ਕੇ ਪਰਸਾਦੇ ਪਕਾਓ ਤੇ ਬਰਫ ਪਾ ਕੇ ਲੱਸੀ ਵੀ ਨਾਲ ਚਾਹੀਦੀ ਹੈ।" ਮੈਂ ਸੰਤੋਖ ਸਿੰਘ ਨੂੰ ਕਿਹਾ ਕਿ ਰਾਮ ਸਿੰਘ ਹਲਵਾਈ ਪਾਸੋਂ ਜਾ ਕੇ ਅੱਧ ਸੇਰ ਦਹੀਂ ਦੀ ਲੱਸੀ ਬਣਵਾ ਕੇ ਲਿਆ ਬਰਫ ਤੇ ਖੰਡ ਪਵਾ ਕੇ, ਫਿਰ ਆ ਕੇ ਪਰਸਾਦੇ ਪਕਾਵੀ।" ਮੇਰੀ ਗੱਲ ਸੁਣ ਕੇ ਸੰਤੋਖ ਸਿੰਘ ਲੱਸੀ ਬਣਵਾ ਲਿਆਇਆ ਅਤੇ ਮੈਂ ਇਸਦੇ ਆਉਦਿਆਂ ਨੂੰ ਆਟਾ ਗੁੰਨ ਦਿੱਤਾ ਤੇ ਵੇਸਣ ਵੀ ਘੋਲ ਦਿੱਤਾ ਲੂਣ ਮਿਰਚ ਪਾ ਕੇ। ਪਰੀਤੋ ਉੱਠੀ ਤੇ ਕਹਿਣ ਲਗੀ, "ਭਰਾ ਸੰਤੋਖ ਸਿੰਘ, ਤੂੰ ਜਰਾ ਪਰੇ ਹੋ ਅੱਜ ਮੈਂ ਤੈਨੂੰ ਵੇਸਣ ਵਾਲੇ ਪਰਸਾਦੇ ਪਕਾ ਕੇ ਦੱਸਾਂ।" ਉਹ ਪਰੇ ਹੋ ਗਿਆ ਤੇ ਪਰੀਤੋ ਨੇ ਪੰਜ ਪਰਸਾਦੇ ਪਕਾਏ ਵੇਸਣ ਪਾ ਕੇ ਫਿਰ ਸੰਤੋਖ ਸਿੰਘ ਪਰਸਾਦੇ ਪਕਾਉਣ ਲੱਗ ਪਿਆ ਤੇ ਪਰੀਤੋ ਮੰਜੇ ਤੇ ਬਹਿ ਗਈ। ਮੈਂ ਪਰੀਤੋ ਨੂੰ ਇੱਕ ਪਰਸਾਦਾ ਤੇ ਲੱਸੀ ਦਾ ਗਿਲਾਸ ਦੇ ਦਿੱਤਾ ਪਰੀਤੋ ਨੇ ਇਹ ਪ੍ਰਸਾਦਾ ਛਕ ਕੇ ਕਿਹਾ, "ਇੱਕ ਪ੍ਰਸਾਦਾ ਤੇ ਲੱਸੀ ਹੋਰ ਦੇ ਦਿਓ ਖਵਰੇ ਮੁੜਕੇ ਪੀਣੀ ਹੈ ਕਿ ਨਹੀ।" ਦੋ ਪਰਸਾਦੇ ਤੇ ਦੋ ਲੱਸੀ ਦੇ ਗਿਲਾਸ ਛਕ ਕੇ ਇਹ ਲੰਮੀ ਪੈ ਗਈ। ਤੇ ਅੱਜ ਆਖਿਰੀ ਵਾਰੀ ਪਰੀਤੋ ਦੇ ਹੱਥ ਦੇ ਦੋ ਪਰਸਾਦੇ ਮੈਂ ਵੀ ਛਕ ਲਏ। ਫਿਰ ਪਰੀਤੋ ਲੰਮੀ ਪਈ ਪਈ ਸੌ ਗਈ, ਮੈਂ ਕੁਰਸੀ ਤੇ ਬੈਠਾ ਸਾਂ। ਸੰਤੋਖ ਸਿੰਘ ਅੱਜੇ ਪਰਸਾਦੇ ਪਕਾਉਦਾ ਸੀ ਤੇ ਨਿੱਕੀ ਗੁੱਡੀ ਪ੍ਰਸਾਦਾ ਛਕਦੀ ਸੀ। ਵੱਡੀ ਗੁੱਡੀ ਨਾਨਕੇ ਹੀ ਸੀ। ਮੈ ਤਿੰਨ ਦਿਨ ਪਹਿਲਾਂ ਸਭ ਨੂੰ ਚਿੱਠੀਆਂ ਪਾ ਦਿੱਤੀਆ ਸਨ। ਪਰ ਅਜੇ ਕੋਈ ਨਾ ਆਇਆ।

ਪਰੀਤੋ ਮਸਾਂ ਅੱਧਾ ਘੰਟਾ ਹੀ ਸੁੱਤੀ ਸੀ ਕਿ ਫਿਰ ਛੇਤੀ ਨਾਲ ਉੱਠ ਕੇ ਮੈਨੂੰ ਕਹਿਣ ਲਗੀ, "ਇੱਥੇ ਸੰਤ ਆਏ ਸਨ, ਕਿਧਰ ਗਏ ਹਨ।" ਮੈ ਕਿਹਾ, "ਮੈਂ ਇੱਥੇ ਹੀ ਬੈਠਾ ਹਾਂ, ਜੇ ਕੋਈ ਆਉਂਦਾ ਤੇ ਮੈਨੂੰ ਨਾ ਦਿਸਦਾ।" ਪਰ ਉਹ ਕਹਿਣ ਲਗੀ, "ਮੇਰੇ ਨਾਲ ਸੰਤਾਂ ਨੇ ਬੜੇ ਬਚਨ ਕੀਤੇ ਹਨ।" ਮੈਂ ਕਿਹਾ, "ਕੀ ਗੱਲਾਂ ਕਰਦੇ ਸਨ।"

ਉਸਨੇ ਕਿਹਾ, "ਸੰਤਾਂ ਨੇ ਆਖਿਆ ਹੈ ਕਿ ਬੀਬੀ ਅੱਜ ਸ਼ਾਮ ਦੇ ਪੂਰੇ ਸੱਤ ਵਜੇ ਤੂੰ ਮਰ ਜਾਣਾ ਹੈ ਤੇਰੀ ਚੁਰਾਸੀ ਕੱਟੀ ਗਈ ਹੈ, ਤੇ ਪਤੀ ਤੇਰੇ ਨੇ ਸੰਤਾਂ ਨੂੰ ਗਊ ਅਰਦਾਸ ਕਰਾਈ ਹੈ ਜੋ ਬੁੱਚੜਾਂ ਪਾਸੋ ਛੁਡਾ ਕੇ ਉਹ ਤੇਰੇ ਭਲੇ ਵਾਸਤੇ ਹੈ। ਇਹੀ ਗੱਲਾਂ ਸੰਤ ਦੱਸ ਗਏ ਹਨ।

ਮੈ ਫਿਰ ਕਿਹਾ, "ਪਰੀਤੋ, ਹੁਣ ਤੂੰ ਦੱਸ ਤੇਰਾ ਕਿਸੇ ਚੀਜ ਨੂੰ ਦਿਲ ਕਰਦਾ ਹੈ? ਅੱਜ ਸਾਡਾ ਆਖਰੀ ਮੇਲਾ ਹੈ ਜੋ ਜੀ ਕਰਦਾ ਹੈ ਮੰਗ ਲੈ।" ਪਰੀਤੋ ਨੇ ਉੱਤਰ ਦਿੱਤਾ, "ਜਦੋਂ ਮੈਨੂੰ ਬੁੱਢੀਆਂ ਨਵ੍ਹਾਉਣਗੀਆਂ ਤੇ ਰੋਣ ਨਾ, ਸਗੋਂ ਸ਼ਬਦ ਪੜ੍ਹਨ, ਤੇ ਜਦੋ ਮੈਨੂੰ ਮੜ੍ਹੀਆਂ ਵੱਲ ਲੈ ਕੇ ਜਾਉਗੇ ਸ਼ਬਦ ਆਪ ਪੜ੍ਹਦੇ ਜਾਇਓ ਤੇ ਕੋਈ ਜੀਅ ਨਾ ਰੋਵੇ ਤੇ ਸਿੜੀ ਤੇ ਰੱਖ ਕੇ ਅਰਦਾਸਾ ਵੀ ਆਪ ਕਰਿਓ, ਫਿਰ ਘੜੀ ਕੀਰਤਨ ਕਰਕੇ ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਕਰਕੇ ਘਰ ਆਇਓ ਜੀ, ਤੁਹਾਡਾ ਮੇਰਾ ਸੰਬੰਧ ਇੰਨਾ ਹੀ ਸੀ ਬਾਕੀ ਮੈ ਤੁਹਾਡੀ ਸੇਵਾ ਨਹੀ ਕਰ ਸਕੀ ਪਰ ਤੁਸੀ ਮੇਰੀ ਬੜੀ ਸੇਵਾ ਕੀਤੀ ਹੈ। ਮੇਰੇ ਜੰਮਣ ਵਾਲੇ ਵੀ ਪਿੱਛੇ ਹਟ ਗਏ, ਕੋਈ ਲਾਗੇ ਨਾ ਲੱਗਾ, ਤੇ ਤੁਸਾਂ ਜਰਾ ਵੀ ਕੁਰਹਿਤ ਨਾ ਕੀਤੀ। ਮੈਨੂੰ ਚੁੱਕ ਕੇ ਕੋਠੇ ਚਾੜ੍ਹਦੇ ਰਹੇ ਹੋ। ਹਰ ਤਰ੍ਹਾਂ ਤੁਸੀ ਮੈਨੂੰ ਸੁਖ ਹੀ ਦਿੱਤਾ ਹੈ ਕਦੀ ਕੋਈ ਤਕਲੀਫ ਨਹੀ ਦਿੱਤੀ। ਮੇਰੀ ਆਤਮਾਂ ਤੁਹਾਡੇ ਉਤੇ ਬੜੀ ਖੁਸ਼ ਹੈ। ਪ੍ਰਮਾਤਮਾਂ ਤੁਹਾਨੂੰ ਇਸਦਾ ਬਦਲਾ ਦੇਵੇ, ਤੁਹਾਨੂੰ ਕੋਈ ਤਕਲੀਫ ਪ੍ਰਮਾਤਮਾਂ ਨਾ ਵਖਾਵੇ ਸੁਖੀ ਰਹੋ। ਮੇਰੇ ਬੱਚਿਆ ਦਾ ਖਿਆਲ ਰੱਖਣਾਂ।"

ਇਹੋ ਗੱਲਾਂ ਕਰਦਿਆਂ ਨੂੰ ਦੋ ਵੱਜ ਗਏ। ਏਨੇ ਨੂੰ ਮੇਰੀ ਵੱਡੀ ਚਾਚੀ ਆ ਗਈ ਤੇ ਮੈ ਚਾਚੀ ਨੂੰ ਆਖਿਆ, "ਮੈ ਜਰਾ ਬਾਹਰ ਚਲਿਆ ਹਾਂ ਤੁਸੀ ਇਹਦੇ ਪਾਸ ਬੈਠੋ।" ਮੈ ਬਾਹਰ ਚਲਾ ਗਿਆ ਤੇ ਪਿਛੋਂ ਪਰੀਤੋ ਨੇ ਚਾਚੀ ਨਾਲ ਗੱਲ ਕਰ ਦਿੱਤੀ ਕਿ ਅੱਜ ਉਸਨੇ ਮਰ ਜਾਣਾ ਹੈ। ਮੈ ਬਾਹਰੋ ਛੇਤੀ ਹੀ ਆ ਗਿਆ ਤੇ ਸਾਡਾ ਸਾਰਾ ਘਰ ਬੁੱਢੀਆਂ ਨਾਲ ਭਰਿਆ ਪਿਆ ਸੀ। ਮੈਨੂੰ ਚਾਚੀ ਨੇ ਆਖਿਆ, "ਅਮਰ ਸਿੰਘ ਪ੍ਰੀਤਮ ਕੌਰ ਨੇ ਆਹ ਗੱਲ ਦੱਸੀ ਹੈ।" ਮੈ ਆਖਿਆ, "ਚਾਚੀ ਜੀ ਰੱਬ ਦੀ ਕੁਦਰਤ ਨੂੰ ਕੋਈ ਨਹੀ ਜਾਣਦਾ ਪਰ ਜੋ ਪ੍ਰਮਾਤਮਾਂ ਦਾ ਹੁਕਮ ਹੈ ਉਸਨੂੰ ਕੋਈ ਟਾਲ ਨਹੀ ਸਕਦਾ ਫਿਕਰ ਕਰਨ ਦੀ ਕੋਈ ਲੋੜ ਨਹੀ ਹੈ, ਨਾਮ ਜਪੋ ਸਤਿਗੁਰ ਦਾ। ਸਾਢੇ ਤਿੰਨ ਦਾ ਵਕਤ ਹੋ ਗਿਆ। ਮੈਂ ਕੰਧ ਦੇ ਨਾਲ ਸਤਿਗੁਰਾਂ ਦੀਆ ਫੋਟੋਆਂ ਲਗਾ ਦਿੱਤੀਆਂ ਪਰੀਤੋ ਦੇ ਸਾਹਮਣੇ। ਉਧਰ ਲੋਕਾਂ ਨੂੰ ਬਾਹਰ ਇਹ ਪਤਾ ਲੱਗ ਗਿਆ ਕਿ ਅਮਰ ਸਿੰਘ ਦੀ ਘਰਵਾਲੀ ਨੇ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਅੱਜ ਸੱਤ ਵਜੇ ਉਸਨੇ ਮਰ ਜਾਣਾ ਹੈ। ਕੁਲ ਲੋਕ ਇਕੱਠੇ ਹੋ ਕੇ ਸਾਡੇ ਘਰ ਆ ਗਏ, ਬਹਿਣ ਨੂੰ ਥਾਂ ਨਾ ਲੱਭੇ। ਸਾਢੇ ਪੰਜ ਵਜੇ ਮੈਂ ਸੁਖਮਨੀ ਸਾਹਿਬ ਦਾ ਪਾਠ ਕਰਨਾਂ ਆਰੰਭ ਕੀਤਾ। ਲੋਕ ਚੁੱਪ ਕਰਕੇ ਬੈਠੇ

ਰਹੇ। ਪਰੀਤੋ ਦੇ ਹੱਥ ਵਿੱਚ ਸਿਮਰਨਾਂ ਸੀ। ਇਹ ਮੰਜੇ ਤੇ ਲੰਮੇ ਪਈ ਹੋਈ ਸੀ, ਤੇ ਪ੍ਰਭੂ ਨੂੰ ਯਾਦ ਕਰ ਰਹੀ ਸੀ। ਨਾਲ ਸਾਹਮਣੇ ਪਈਆਂ ਸਤਿਗੁਰਾਂ ਦੀਆ ਫੋਟੋਆਂ ਵੱਲ ਵੇਖੀ ਜਾਵੇ। ਮੈ ਉੱਚੀ ਉੱਚੀ ਪਾਠ ਕਰ ਰਿਹਾ ਸਾਂ। 'ਟਾਈਮ ਪੀਸ' ਕੋਲ ਰਖਿਆ ਹੋਇਆ ਸੀ। ਪੌਣੇ ਸੱਤ ਵਜੇ ਮੈ ਪਾਠ ਦਾ ਭੋਗ ਪਾਇਆ ਤੇ ਫਿਰ ਦੂਸਰਾ ਪਾਠ ਆਰੰਭ ਕੀਤਾ। ਬੜੇ ਪ੍ਰੇਮ ਨਾਲ ਦੋ ਅਸਟਪਦੀਆ ਪੜ੍ਹੀਆਂ ਤੇ ਪੂਰੇ ਸੱਤ ਵਜੇ ਪ੍ਰੀਤਮ ਕੌਰ ਗੁਰਪੁਰੀ ਨੂੰ ਚਲੀ ਗਈ। ਮੈ ਪਾਠ ਕਰਦਾ ਰਿਹਾ ਪੂਰਾ ਪਾਠ ਕਰਕੇ ਅੱਠ ਵਜੇ ਅਰਦਾਸਾ ਕੀਤਾ। ਦੁਨੀਆਂ ਬੈਠੀ ਰਹੀ। ਚਾਚੀ ਨੇ ਮੈਨੂੰ ਪੁੱਛਿਆ, 'ਪੁੱਤਰ ਵੇਖ ਖਾਂ ਜਰਾ।' ਮੈ ਆਖਿਆ, "ਚਾਚੀ ਜੀ, ਪਰੀਤੋ ਤੇ ਪੂਰੇ ਸੱਤ ਵਜੇ ਦੀ ਤੁਰ ਗਈ ਹੈ, ਵੇਖਣਾਂ ਕੀ ਹੈ।" ਬੁੱਢੀਆਂ ਲਗੀਆ ਰੋਣ, ਮੈਂ ਆਖਿਆ, "ਜਿਸਨੇ ਰੋਣਾ ਹੈ ਆਪਣੇ ਘਰ ਚਲੀਆਂ ਜਾਓ ਇਸ ਅੰਦਰ ਕਿਸੇ ਨਹੀਂ ਰੋਣਾ ਸੰਤਾਂ ਦਾ ਹੁਕਮ ਹੈ। ਫਿਰ ਮੈਂ ਕਿਹਾ, "ਮੇਰਾ ਘਰ ਬਰਬਾਦ ਹੋ ਗਿਆ ਹੈ, ਮੈਂ ਨਹੀ ਰੋਂਦਾ, ਤੇ ਤੁਸੀ ਕਿਉ ਰੋਂਦੀਆਂ ਹੋ। ਜਿਸਨੇ ਜਾਣਾ ਹੈ ਜਾਓ ਜਿਸਨੇ ਕਥਾ ਸੁਣਨੀ ਹੈ ਬੜੀ ਖੁਸ਼ੀ ਨਾਲ ਬੈਠੋ, ਭਜਨ ਕਰੋ। ਸਾਰੀ ਰਾਤ ਕਥਾ ਵਾਰਤਾ ਕਰਦਿਆ ਗੁਜਰੀ।

ਸਵੇਰੇ ਚਾਰ ਵਜੇ ਭਾਈ ਸੰਤੋਖ ਸਿੰਘ ਨੂੰ ਅੰਮ੍ਰਿਤਸਰ ਭੇਜਿਆ ਕਿ ਉਹ ਮਹੰਤ ਜੀਊਣ ਸਿੰਘ ਦੇ ਪਾਸ ਜਾ ਕੇ ਕਹੇ ਕਿ ਕਿਰਪਾ ਕਰਕੇ ਸਾਜਾਂ ਸਮੇਤ ਜਥਾ ਭੇਜੋ। ਉਹਨਾਂ ਨੇ ਸੁਨੇਹਾ ਸੁਣ ਕੇ ਜਥੇ ਨੂੰ ਭੇਜਿਆ ਜਥੇਦਾਰ ਸੇਵਾ ਸਿੰਘ ਜੀ ਸੀ। ਏਨੇ ਨੂੰ ਵੱਡੀ ਗੁੱਡੀ ਵੀ ਅਪਣੇ ਨਾਨੇ ਨਾਲ ਆ ਗਈ ਸੀ ਹੋਰ ਵੀ ਸੰਗਤ ਕਾਫੀ ਆ ਗਈ ਸੀ। ਜਨਾਨੀਆਂ ਪ੍ਰੀਤਮ ਕੌਰ ਦਾ ਇਸ਼ਨਾਨ ਕਰਵਾ ਰਹੀਆਂ ਸਨ ਤੇ ਨਾਲ ਨਾਲ ਸ਼ਬਦ ਪੜ੍ਹ ਰਹੀਆਂ ਸਨ। ਮੈਂ ਸੇਵਾ ਸਿੰਘ ਨੂੰ ਆਖਿਆ, "ਸਾਜ ਖੋਲੋ ਅਤੇ ਸ਼ਬਦ ਪੜ੍ਹੋ।" ਸਾਜ ਵੱਜਣੇ ਸ਼ੁਰੂ ਹੋ ਗਏ ਸੇਵਾ ਸਿੰਘ ਸ਼ਬਦ ਪੜ੍ਹਨ ਲਗ ਪਿਆ ਪਰੀਤੋ ਨੂੰ ਅਰਥੀ ਤੇ ਪਾ ਕੇ ਚੁੱਕ ਕੇ ਤੁਰ ਪਏ ਦੁਨੀਆ ਬਹੁਤ ਇੱਕਠੀ ਹੋ ਗਈ ਸੀ ਸਾਡਾ ਪਿੰਡ 'ਵੇਰਕਾ' ਬਹੁਤ ਵੱਡਾ ਹੈ। ਨੌ ਹਜਾਰ ਦੀ ਆਬਾਦੀ ਸੀ। ਤਕਰੀਬਨ ਕੁਲ ਪਿੰਡ ਨਾਲ ਜਾ ਰਿਹਾ ਸੀ, ਸ਼ਬਦ ਪੜ੍ਹਦੇ ਪੜ੍ਹਦੇ ਜਦ ਬਾਜਾਰ ਵਿੱਚ ਪੁੱਜੇ ਤਾਂ ਸੇਵਾ ਸਿੰਘ ਦੀ ਆਵਾਜ ਬੰਦ ਹੋ ਗਈ। ਉਸੇ ਵੇਲੇ ਮੈਨੂੰ ਸੰਤਾਂ ਦੀ ਤੇ ਪ੍ਰੀਤਮ ਕੌਰ ਦੀ ਗੱਲ ਯਾਦ ਆਈ ਕਿ ਸ਼ਬਦ ਆਪ ਪੜ੍ਹਨੇ। ਮੈਂ ਉਸੇ ਵੇਲੇ ਆਪ ਸ਼ਬਦ ਸ਼ੁਰੂ ਕੀਤਾ ਧਾਰਨਾ ਪੜੀ "ਕਰਕੇ ਰੈਨ ਬਸੇਰਾ ਕੂੰਜਾਂ ਉੱਡ ਚਲੀਆਂ।" ਮੈਂ ਸ਼ਬਦ ਪੜ੍ਹਦਾ ਪੜ੍ਹਦਾ ਮੜ੍ਹੀਆਂ ਵਿੱਚ ਪੁੱਜਾ। ਲੋਕ ਬੜੇ ਹੈਰਾਨ ਤੇ ਕਹਿਣ ਕਿ ਇਸਦਾ ਟੱਬਰ ਮਰ ਗਿਆ ਹੈ ਤੇ ਇਹ ਸ਼ਬਦ ਪੜ੍ਹ ਰਿਹਾ ਹੈ। ਪਰ ਇਹ ਤਾਂ ਪ੍ਰਮਾਤਮਾਂ ਦੀ ਕਿਰਪਾ ਸੀ ਮੇਰੀ ਭਲਾ ਕੀ ਵਡਿਆਈ ਸੀ ਅਰਦਾਸਾ ਕੀਤਾ ਲੰਬੂ ਲਾਇਆ ਫਿਰ ਇੱਕ ਘੰਟਾ ਕੀਰਤਨ ਕੀਤਾ। ਉਥੇ ਹੀ ਫਿਰ ਕੀਰਤਨ ਸੋਹਿਲੇ ਦਾ ਪਾਠ ਕੀਤਾ, ਅਰਦਾਸਾ ਕੀਤਾ। ਗੁਰਦੁਵਾਰੇ ਵਾਲੇ ਭਾਈ ਨੂੰ ਰਸਦ ਦੇ ਗਿਆ ਸਾਂ ਕਿ ਕੜਾਹ ਪ੍ਰਸਾਦ ਕਰਕੇ ਮੜ੍ਹੀਆਂ ਵਿੱਚ ਲੈ ਆਏ। ਬਾਬਾ ਜੀ ਪ੍ਰਸਾਦ

ਬਣਾ ਕੇ ਲੈ ਆਏ ਫਿਰ ਮੈਂ ਪ੍ਰਸਾਦ ਦਾ ਅਰਦਾਸਾ ਕੀਤਾ ਤੇ ਸੰਗਤ ਨੂੰ ਪ੍ਰਸਾਦ ਵੰਡ ਕੇ ਘਰ ਆਏ ਫਿਰ ਚੌਥੇ ਦਿਨ ਫੁੱਲ ਚੁਣ ਕੇ ਮੈਂ ਕਰਤਾਰ ਪੁਰ ਸਾਹਿਬ ਲੈ ਗਿਆ ਰਾਵੀ ਦੇ ਕੰਢੇ, ਜਿਥੇ ਗੁਰੂ ਨਾਨਕ ਦੇਵ ਜੀ ਨੇ ਵਾਹੀ ਕੀਤੀ ਸੀ। ਏਥੇ ਜਾ ਕੇ ਫੁੱਲ ਤਾਰ ਕੇ ਸਿੱਧਾ ਅੰਮ੍ਰਿਤਸਰ ਮਹੰਤਾਂ ਪਾਸ ਗਿਆ ਤੇ ਅਰਜ ਕੀਤੀ ਕਿ ਪਾਠ ਕਰਾਉਣਾ ਹੈ ਤੇ ਕੋਈ ਐਸਾ ਪਾਠੀ ਹੋਵੇ ਜੋ ਰੋਜ ਅੱਧਾ ਘੰਟਾ ਕਥਾ ਕਰਿਆ ਕਰੇ। ਉਹਨਾਂ ਨੇ ਮੇਰੇ ਨਾਲ ਸੰਤ ਲਾਭ ਸਿੰਘ ਜੀ ਗਿਆਨੀ ਨੂੰ ਭੇਜਿਆ, ਉਹਨਾਂ ਨੇ ਆ ਕੇ ਪਾਠ ਅਰੰਭ ਕੀਤਾ ਤੇ ਸੰਤਾਂ ਨੇ ਰੋਜ ਕਥਾ ਕਰਨੀ ਅੱਧਾ ਘੰਟਾ ਤੇ ਮੈਂ ਆਪ ਸੰਤਾਂ ਵਾਸਤੇ ਲੰਗਰ ਤਿਆਰ ਕਰਨਾਂ ਤੇ ਭੋਗ ਪਾਉਣ ਦੇ ਟਾਈਮ ਤੇ ਤਿੰਨ ਜਥੇ ਸੱਦੇ ਕੀਰਤਨ ਵਾਸਤੇ।

ਇੱਕ ਸੰਤ ਅਜਾਇਬ ਸਿੰਘ ਵਡਾਲੇ ਵਾਲੇ।

ਦੂਜਾ ਸੰਤ ਅਮਰ ਸਿੰਘ ਚੰਦੋਂਵਾਲੀ ਦੇ ਇਹ ਜਿਲ੍ਹਾ ਸਿਆਲ ਕੋਟ ਤਸੀਲ ਨਾਰੋਵਾਲ ਦੇ ਸਨ।

ਤੀਜਾ ਸੰਤ ਕਾਲਾ ਸਿੰਘ 'ਮਜ੍ਹਬੀ'।

ਤਿੰਨੇ ਬੜੇ ਵਿਦਵਾਨ ਸਨ ਭੋਗ ਪਾਉਣ ਤੋਂ ਦੋ ਦਿਨ ਪਹਿਲਾਂ ਸੱਦੇ ਸਨ। ਤਿੰਨ ਦਿਨ ਕੀਰਤਨ ਹੁੰਦਾ ਰਿਹਾ ਰਾਤ ਦਿਨੇ ਭੋਗ ਵਾਲੇ ਦਿਨ ਤੇ ਗੁਰਦੁਆਰੇ ਵਿੱਚ ਬੈਠਣ ਨੂੰ ਜਗ੍ਹਾ ਨਾ ਮਿਲੇ ਇੰਨੀ ਜਿਆਦਾ ਸੰਗਤ ਆਈ। ਪੰਜ ਸੇਰ ਘਿਓ ਦਾ ਪ੍ਰਸਾਦ ਕੀਤਾ ਤੇ ਮੇਰਾ ਖਿਆਲ ਹੈ ਕਿ ਦੋ ਦੋ ਤੋਲੇ ਜੀ ਪ੍ਰਤੀ ਆਇਆ ਹੋਵੇਗਾ। ਅਗਲੇ ਦਿਨ ਦੋ ਜਥੇ ਤੁਰ ਗਏ ਤੇ ਸੰਤ ਅਮਰ ਸਿੰਘ ਚੰਦੋਂਵਾਲ ਵਾਲੇ ਦਾ ਜਥਾ ਚਾਰ ਦਿਨ ਹੋਰ ਰਖਿਆ ਤੇ ਮੈਂ ਆਖਿਆ ਕਿ ਰਸਦ ਮੁਕਾ ਕੇ ਜਾਉ ਪਰ ਫਿਰ ਬਦੋ ਬਦੀ ਛੇ ਦਿਨਾਂ ਬਾਅਦ ਚਲੇ ਗਏ। ਮੈਂ ਜਿੰਦਰਾ ਮਾਰਕੇ ਸੰਤਾਂ ਨੂੰ ਵਿਦਿਆ ਕਰਕੇ ਜਦ ਮੈਂ ਘਰ ਆਇਆ ਤੇ ਫਿਰ ਅੱਜ ਮੇਰਾ ਦਿਲ ਡੋਲ ਗਿਆ, ਤੇ ਮੈਂ ਦਰਵਾਜਾ ਨਾ ਖੋਲਿਆ, ਤੇ ਉਸੇ ਵੇਲੇ ਗੁਰਦੁਵਾਰੇ ਚਲਾ ਗਿਆ ਤੇ ਦਰਸ਼ਨ ਮੇਲਾ ਕਰਕੇ ਰਾਤ ਦੇ ੧੦ ਵਜੇ ਘਰ ਆਇਆ ਤੇ ਚਾਚਾ ਜੀ ਮੇਰੇ ਪਾਸ ਬੈਠੇ ਸਨ ਗੱਲਾਂ ਕਰਦਿਆਂ ਨੂੰ ਰਾਤ ਦੇ ੧੨ ਵੱਜ ਗਏ। ਫਿਰ ਸੁੱਤੇ ਤੇ ਸਾਢੇ ਤਿੰਨ ਵਜੇ ਉੱਠ ਕੇ ਇਸ਼ਨਾਨ ਕਰਕੇ ਫਿਰ ਗੁਰਦੁਵਾਰੇ ਚਲਾ ਗਿਆ ਆਸਾ ਦੀ ਵਾਰ ਦਾ ਕੀਰਤਨ ਰਾਗੀਆਂ ਪਾਸੋ ਸੁਣਿਆ ਤੇ ਸੰਗਤ ਦੇ ਕਹਿਣ ਤੇ ਮੈਂ ਅੱਧਾ ਘੰਟਾ ਕਥਾ ਕੀਤੀ ਤੇ ਫਿਰ ਘਰ ਆਇਆ। ਸੰਤੋਖ ਸਿੰਘ ਨੇ ਪ੍ਰਸਾਦੇ ਪਕਾਏ, ਛਕੇ, ਪਰ ਦਿਲ ਉਦਾਸ ਹੋ ਗਿਆ। ਫਿਰ ਇੱਕ ਮੇਰਾ ਮਿੱਤਰ ਆ ਗਿਆ ਉਹ ਦੋ ਦਿਨ ਮੇਰੇ ਪਾਸ ਰਿਹਾ ਤੇ ਉਸਨੇ ਮੈਨੂੰ ਅਪਣੇ ਨਾਲ ਜਾਣ ਲਈ ਤਿਆਰ ਕਰ ਲਿਆ। ਫਿਰ ਮੈਂ ਭਾਈ ਸੰਤੋਖ ਸਿੰਘ ਨੂੰ ਛੁੱਟੀ ਦੇ ਦਿੱਤੀ ਤੇ ਕਰਤਾਰ ਸਿੰਘ ਦੇ ਨਾਲ ਰਿਆਸਤ ਜੰਮੂ ਚ ਚਲੇ ਗਏ। ਉਥੇ ਉਸਦੇ ਭਾਈ ਰਹਿੰਦੇ ਸਨ ਉਹਨਾਂ ਨੇ ਮੈਨੂੰ ਰਿਸ਼ਤੇ ਵਲੋ ਬੜਾ ਜੋਰ ਲਾਇਆ ਪਰ ਮੈਂ ਉਥੇ ਇਨਕਾਰ ਕਰਕੇ ਆ ਗਿਆ। ਮੈਂ ਉਹਨਾਂ ਨੂੰ ਕਿਹਾ, "ਕਿ ਸੋਚ ਕੇ ਦਸਾਂਗਾ ਮੇਰੀਆਂ ਪਹਿਲਾਂ ਵੀ ਦੋ ਲੜਕੀਆਂ ਹਨ।"

# ੧੮ ਬੀਬੀ ਦਲਜੀਤ ਕੌਰ ਨਾਲ ਅਨੰਦ ਕਾਰਜ

ਨਨਕਾਣੇ ਸਾਹਿਬ ਦੇ ਇਲਾਕੇ ਵਿੱਚ ਜੜ੍ਹਾਂ ਵਾਲੇ ਦੀ ਤਾਸੀਲ ਸੀ। ਇਸ ਤਾਸੀਲ ਵਿੱਚ ਇੱਕ ਪਿੰਡ ਸੀ ਜਿਸਦਾ ਨਾਮ 'ਝੱਬਰ' ਸੀ। ਇਸ ਪਿੰਡ ਵਿੱਚ ਨਾਮਧਾਰੀ ਸਿੱਖਾਂ ਨੇ ਬੜਾ ਭਾਰੀ ਮੇਲਾ ਕੀਤਾ ਤੇ ਬੜੇ ਜਥੇ ਸੱਦੇ। ਮੈਨੂੰ ਵੀ ਚਿੱਠੀ ਆਈ ਮੈਂ ਵੀ ਜਥੇ ਸਮੇਤ ਇਸ ਨਗਰ ਵਿੱਚ ਪਹੁੰਚ ਗਿਆ ਤੇ ਮੇਰੇ ਜਾਣ ਤੋਂ ਪਹਿਲਾਂ ੬ ਜੱਥੇ ਪੁਜੇ ਸਨ। ਦਿਨ ਫਗੱਣ ਦੇ ਸੀ ਅੱਜ ਦੁਪਹਿਰ ੧੨ ਵਜੇ ਤੋ ਲੈ ਕੇ ੩ ਵਜੇ ਤਕ ਸੰਗਤ ਨੇ ਮੈਨੂੰ ਹੁਕਮ ਕੀਤਾ ਕਿ ਮੈ ਕੀਰਤਨ ਕਰਾਂ। ਅਸਾਂ ਕੀਰਤਨ ਸ਼ੁਰੂ ਕਰ ਦਿੱਤਾ ਤੇ ਸਾਜ ਵੱਜ ਰਹੇ ਸਨ, ਮੈਂ ਲੈਕਚਰ ਕਰ ਰਿਹਾ ਸਾਂ, ਰਾਤ ਦੇ ੨ ਵੱਜ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸਿੱਧੇ ਉਥੇ ਹੀ ਆਏ ਜਿਥੇ ਮੈ ਕੀਰਤਨ ਕਰਦਾ ਸਾਂ। ਮੈਂ ਜੈ ਕਾਰਾ ਬੁਲਾਇਆ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। ਸਤਿਗੁਰੂ ਕਾਰ ਵਿੱਚੋ ਉੱਤਰਕੇ ਆਕੇ ਦਿਵਾਨ ਵਿੱਚ ਬੈਠਕੇ ਅੱਧਾ ਘੰਟਾ ਸੰਗਤਾਂ ਨੂੰ ਦਰਸ਼ਨ ਦਿੱਤਾ। ਮੈਂ ਲੈਕਚਰ ਕਰਦਾ ਰਿਹਾ ਫਿਰ ਸਤਿਗੁਰੂ ਜੀ ਅਪਣੇ ਡੇਰੇ ਚਲੇ ਗਏ ਮੈਂ ਤਿੰਨ ਵਜੇ ਭੋਗ ਪਾ ਕੇ ਡੇਰੇ ਜਾ ਕੇ ਸਤਿਗੁਰਾਂ ਦੇ ਖੁੱਲੇ ਦਰਸ਼ਨ ਕੀਤੇ।

ਮੇਰੇ ਤੋਂ ਬਾਅਦ ਜਥੇਦਾਰ ਵਰਿਆਮ ਸਿੰਘ ਜੀ ਨੇ ਕੀਰਤਨ ਸ਼ੁਰੂ ਕੀਤਾ ਇਹ ਬੜੇ ਵਿਦਵਾਨ ਸਨ। ਨਾਮ ਦੇ ਰਸੀਏ ਸਨ। ਇਹਨਾਂ ਤੋਂ ਬਾਅਦ ਜੋ ਸਤਿਗੁਰਾਂ ਦੇ ਹਜੂਰੀ ਰਾਗੀ ਸਨ। ਭਾਈ ਕਾਲੂ ਕੇ ਉਹਨਾਂ ਨੇ ਅੱਧਾ ਘੰਟਾ ਕੀਰਤਨ ਕੀਤਾ ਤੇ ਰਾਤ ਨੂੰ ਹੋਰ ਜਥੇਦਾਰਾਂ ਨੇ ਕੀਰਤਨ ਕੀਤਾ ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਰਾਗੀਆਂ ਨੇ ਕੀਤਾ ਅਤੇ ੧੦ ਵਜੇ ਮੇਲੇ ਦੀ ਸਮਾਪਤੀ ਹੋਈ। ਸਤਿਗੁਰੂ ਚਲੇ ਗਏ ਤੇ ਜਥੇ ਦਾਰ ਅੱਜੇ ਸਾਰੇ ਏਥੇ ਹੀ ਸਨ। ਨਗਰਵਾਲੀ ਸੰਗਤ ਨੇ ਅਰਜ ਕੀਤੀ ਕਿ ਅੱਜ ਏਥੋ ਕੋਈ ਜਥੇਦਾਰ ਨਾ ਜਾਵੇ ਰਾਤ ਨੂੰ ਕੀਰਤਨ ਸੁਣਨਾ ਹੈ। ਜਥੇਦਾਰਾਂ ਨੇ ਪਿੰਡ ਵਾਲਿਆਂ

ਦੀ ਅਰਜ ਮੰਨ ਲਈ ਅਤੇ ਸਾਰੇ ਜਥੇਦਾਰ ਰਹਿ ਪਏ। ਮੇਰੇ ਜਥੇ ਵਿੱਚ ਕਰਤਾਰ ਸਿੰਘ ਅਰੋੜਾ ਸਿੱਖ ਸੀ। ਜਿਸਦਾ ਜ਼ਿਕਰ ਮੈ ਪਿੱਛੇ ਵੀ ਕੀਤਾ ਹੈ। ਇਹ ੬੦ ਘਰ ਸਨ, ਤੇ ਬਾਲ ਲੀਲਾ ਗੁਰਦੁਵਾਰੇ ਦੇ ਪੁਜਾਰੀ ਸਨ। ਇਸ ਕਰਤਾਰ ਸਿੰਘ ਨੇ ਅੱਜ ਸਾਰੇ ਜਥੇਦਾਰਾਂ ਪਾਸ ਅਰਜ ਕੀਤੀ ਕਿ ਸੰਤ ਅਮਰ ਸਿੰਘ ਜਥੇਦਾਰ ਦੀ ਸਿੰਘਣੀ ਗੁਜਰ ਗਈ ਹੈ ਤੇ ਇਹਨਾ ਵਾਸਤੇ ਰਿਸ਼ਤੇ ਦਾ ਇੰਤਜਾਮ ਕਰਨਾ ਚਾਹੀਦਾ ਹੈ। ਅੱਜ ਇੱਥੇ ੧੮ ਚੱਕ ਦੁਗੈਚਾ ਦਾ ਮਹੰਤ ਈਸਰ ਸਿੰਘ ਵੀ ਬੈਠਾ ਸੁਣਦਾ ਸੀ। ਉਸਨੇ ਕਰਤਾਰ ਸਿੰਘ ਨੂੰ ਆਖਿਆ ਕਿ ਕਿਤੇ ਵੀ ਰਿਸ਼ਤੇ ਦੀ ਦੱਸ ਪਾਓ ਅਸੀ ਸਾਰੇ ਇੱਕੱਠੇ ਹੋ ਕੇ ਲੜਕੀ ਵਾਲੇ ਪਾਸ ਜਾ ਕੇ ਤਰਲਾ ਮਿਨੰਤ ਕਰਾਂਗੇ। ਕਰਤਾਰ ਸਿੰਘ ਨੇ ਆਖਿਆ ਕਿ ਸੰਤ ਅੱਛਰ ਸਿੰਘ ਜੋ ਖਾਸ ਨਨਕਾਣੇ ਸਾਹਿਬ ਰਹਿੰਦੇ ਹਨ। ਉਹਨਾਂ ਦੀਆਂ ਦੋ ਲੜਕੀਆਂ ਹਨ। ਇੱਕ ਤੇ ਲੜਕੀ ਕੁਵਾਰੀ ਹੈ ਤੇ ਵੱਡੀ ਦਾ ਮੁਕਦਮਾਂ ਸਤਿਗੁਰਾਂ ਪਾਸ ਚਲਦਾ ਹੈ। ਇਹ ਲੜਕੀ ਖਾਸ ਨਨਕਾਣੇ ਸਾਹਿਬ ਹੀ ਵਿਆਹੀ ਹੈ। ਸੰਤਾ ਸਿੰਘ ਦੇ ਪੁੱਤਰ ਕਰਤਾਰ ਸਿੰਘ ਨਾਲ ਇਸਦੀ ਸ਼ਾਦੀ ਹੋਈ ਸੀ। ਕਰਤਾਰ ਸਿੰਘ ੧੪ ਜਮਾਤਾਂ ਪਾਸ ਹੈ ਅਜੇ ਲਾਹੌਰ ਪੜ੍ਹਦਾ ਵੀ ਸੀ ਤੇ ਕੈਰੇਜ ਸ਼ਾਪ ਰੇਲਵੇ ਵਿੱਚ ਫੋਰ ਮੈਨ ਦੀ ਡਿਊਟੀ ਵੀ ਦਿੰਦਾ ਹੈ। ੧੫੦ ਰੁ: ਤਨਖਾਹ ਵੀ ਲੈਂਦਾ ਸੀ। ਸਿੰਘ ਪੁਰੇ ਦੇ ਮੁਹੱਲੇ ਵਿੱਚ ਮਕਾਨ ਕਿਰਾਏ ਤੇ ਲੈ ਕੇ ਰਹਿੰਦਾ ਸੀ। ਪੁੱਤਰ ਨਾਮਧਾਰੀਆਂ ਦਾ ਸੀ, ਪਰ ਇਸਨੂੰ ਆਦਤ ਚੰਦਰੀ ਸੀ। ਮਾਸ ਸ਼ਰਾਬ ਖਾਣ ਪੀਣ ਲਗ ਪਿਆ ਸੀ। ਜਵਾਨ ਚੰਗਾ ਸੀ ਪਰ ਕੰਮ ਮਾੜੇ ਕਰਨ ਲਗ ਪਿਆ ਸੀ। ਇੱਕ ਤੇ ਉਸਨੇ ਇੱਕ ਬਦਮਾਸ਼, ਪਿਛੌਰਨ ਜਨਾਨੀ ਘਰ ਰੱਖੀ ਹੋਈ ਸੀ ਉਹ ਦੋਵੇ ਖੂਬ ਮਾਸ ਸ਼ਰਾਬ ਵਰਤਦੇ ਸਨ। ਇਸ ਜਨਾਨੀ ਦੇ ਮਗਰ ਲਗ ਕੇ ਅਪਣੀ ਘਰਦੀ ਦੀ ਪ੍ਰਵਾਹ ਨਾ ਕਰਨੀ ਤੇ ਲੜਕੀ ਦੇ ਮਾਤਾ ਪਿਤਾ ਨੇ ਚਿੱਠੀਆਂ ਭੇਜਣੀਆਂ ਤੇ ਇਸ ਨੇ ਕੋਈ ਜਵਾਬ ਹੀ ਨਾ ਦੇਣਾ। ਇਸਦਾ ਬਾਪ ਸੰਤਾ ਸਿੰਘ ਤੇ ਮਾਤਾ ਹਰਨਾਮ ਕੋਰ ਦੋਵੇ ਇਸਦੇ ਪਾਸ ਲਾਹੌਰ ਗਏ ਤੇ ਇਸਦੇ ਚਾਲ ਚਲਣ ਵੇਖਕੇ ਬੜੇ ਦੁਖੀ ਹੋਏ ਤੇ ਕਰਤਾਰ ਸਿੰਘ ਨੂੰ ਬਹੁਤ ਸਮਝਾਇਆ ਪਰ ਇਹਨਾਂ ਦੀ ਗੱਲ ਦਾ ਉਸਤੇ ਕੋਈ ਅਸਰ ਨਾ ਹੋਇਆ। ਆਖਰ ਮਾਤਾ ਪਿਤਾ ਨੂੰ ਜੁਵਾਬ ਦੇ ਦਿੱਤਾ ਕਿ ਮੈ ਇਸ ਜਨਾਨੀ ਨੂੰ ਨਹੀ ਛੱਡ ਸਕਦਾ ਤੇ ਨਾ ਹੀ ਛਡਾਂਗਾ ਚਾਹੇ ਤੁਸੀ ਮੈਨੂੰ ਮਿਲੋ ਜਾਂ ਨਾ ਮਿਲੋ ਕਰਤਾਰ ਸਿੰਘ ਦੇ ਮਾਤਾ ਪਿਤਾ ਨਿਰਾਸ਼ ਹੋ ਕੇ ਵਾਪਸ ਨਨਕਾਣੇ ਸਾਹਿਬ ਆ ਗਏ ਤੇ ਫਿਰ ਇਸਦੀ ਅਸਲੀ ਘਰਵਾਲੀ ਨੂੰ ਨਾਲ ਲੈ ਕੇ ਕਰਤਾਰ ਸਿੰਘ ਦੀ ਮਾਤਾ ਫਿਰ ਲਾਹੌਰ ਪੁੱਜੀ ਤੇ ਇਸਦੇ ਕੁਛੜ ੬ ਮਹੀਨੇ ਦੀ ਲੜਕੀ ਸੀ। ਕਰਤਾਰ ਸਿੰਘ ਅਪਣੀ ਮਾਂ ਨਾਲ ਬਹੁਤ ਲੜਿਆ ਕਿ ਤੂੰ ਇਸਨੂੰ ਇੱਥੇ ਕਿਉਂ ਲਿਆਈ ਹੈ। ਇਸਨੂੰ ਵਾਪਿਸ ਲੈ ਜਾ ਪਰ ਉਸਦੀ ਮਾਂ ਪ੍ਰੀਤਮ ਕੌਰ ਨੂੰ ਲਾਹੌਰ ਛੱਡ ਆਈ ਤੇ ਕੁਝ ਦਿਨਾਂ

ਬਾਅਦ ਕਰਤਾਰ ਸਿੰਘ ਤੇ ਉਸ ਪਿਛੌਰਨ ਜਨਾਨੀ ਨੇ ਮਸ਼ਵਰਾ ਕਰਕੇ ਦੋਹਾਂ ਨੇ ਪ੍ਰੀਤਮ ਕੌਰ ਨੂੰ ਸੰਖੀਆ ਦੇ ਦਿੱਤਾ ਤੇ ਪ੍ਰੀਤਮ ਕੌਰ ਮਰਨ ਦੇ ਕਿਨਾਂਰੇ ਪਹੁੰਚ ਗਈ ਪਰ ਜਿਸਨੂੰ ਪ੍ਰਮਾਤਮਾਂ ਨਾ ਮਾਰੇ ਉਸਨੂੰ ਕੌਣ ਮਾਰ ਸਕਦਾ ਹੈ। ਇਸਨੂੰ ਉਲਟੀ ਆਈ ਤੇ ਬਿਮਾਰ ਜ਼ਿਆਦਾ ਹੋ ਗਈ ਦੋ ਦਿਨ ਬੇਹੋਸ਼ ਰਹੀ। ਇਸਦੀ ਹਿਫਾਜਤ ਕਰਤਾਰ ਸਿੰਘ ਤੋਂ ਚੋਰੀ ਮਾਲਕ ਮਕਾਨ ਵਾਲੀ ਕਰਦੀ ਰਹੀ, ਜਿਸਦੇ ਮਕਾਨ ਵਿੱਚ ਕਿਰਾਏ ਤੇ ਰਹਿੰਦਾ ਸੀ। ਇਸ ਜਨਾਨੀ ਨੇ ਪ੍ਰੀਤਮ ਕੌਰ ਨੂੰ ਪੁੱਛ ਕੇ ਉਸਦੇ ਮਾਤਾ ਪਿਤਾ ਨੂੰ ਤਾਰ ਭੇਜ ਦਿੱਤੀ ਕਿ ਤੁਹਾਡੀ ਲੜਕੀ ਪਰੀਤੋ ਨੂੰ ਕਰਤਾਰ ਸਿੰਘ ਨੇ ਸੰਖੀਆ ਦੇ ਦਿੱਤਾ ਹੈ, ਮਰਨ ਤੋਂ ਬਚ ਗਈ ਹੈ, ਪਰ ਬੀਮਾਰ ਬਹੁਤ ਹੈ, ਆਪ ਆ ਕੇ ਦੇਖ ਲਵੋ। ਤਾਰ ਮਿਲਦੇ ਸਾਰ ਪ੍ਰੀਤਮ ਕੌਰ ਦਾ ਪਿਤਾ ਅੱਛਰ ਸਿੰਘ ਚਾਰ ਵਜੇ ਦੀ ਗੱਡੀ ਬੈਠ ਕੇ ਸੱਤ ਵਜੇ ਪ੍ਰੀਤਮ ਕੌਰ ਦੇ ਕੋਲ ਪਹੁੰਚ ਗਿਆ। ਭਾਦਰੋਂ ਦਾ ਮਹੀਨਾ ਸੀ, ਰਾਤ ਘਰ ਆ ਗਏ ਤੇ ਘਰ ਆ ਕੇ ਇਲਾਜ ਕੀਤਾ ਤੇ ਬਚ ਗਈ। ਇਸਦੇ ਸੱਸ ਸਹੁਰਾ ਵੀ ਆਉਂਦੇ ਜਾਂਦੇ ਰਹੇ। ਪਰੀਤੋ ਨੇ ਬੜੀ ਤਕਲੀਫ ਕੱਟੀ। ਕੱਤਕ ਦਾ ਮਹੀਨਾ ਆ ਗਿਆ ਇਸ ਮਹੀਨੇ ਦੀ ਪੂਰਨਮਾਸ਼ੀ ਤੇ ਬਹੁਤ ਭਾਰੀ ਮੇਲਾ ਹਰ ਸਾਲ ਹੁੰਦਾ ਹੈ। ਸਭ ਤੋਂ ਵੱਡਾ ਗੁਰਪੁਰਬ ਸਤਿਗੁਰੂ ਨਾਨਕ ਦੇਵ ਜੀ ਦਾ ਇਸ ਪੁੰਨਿਆ ਤੇ ਮਨਾਇਆ ਜਾਂਦਾ ਹੈ। ਇਸ ਮੇਲੇ ਤੇ ਸਤਿਗੁਰ ਪ੍ਰਤਾਪ ਸਿੰਘ ਜੀ ਹਰ ਸਾਲ ਆਉਂਦੇ ਸਨ ਭੈਣੀ ਸਾਹਿਬ ਤੋਂ, ਹੁਣ ਫਿਰ ਐਤਕਾ ਸੰਗਤਾਂ ਸੁਮੇਤ ਆਏ ਤੇ ਪ੍ਰੀਤਮ ਕੌਰ ਨੇ ਆਪ ਚਿੱਠੀ ਲਿਖ ਕੇ ਸਤਿਗੁਰਾਂ ਪਾਸ ਪੇਸ਼ ਕੀਤੀ ਕਿ "ਗਰੀਬ ਨਵਾਜ ਮੇਰੇ ਪਤੀ ਨੇ ਇੱਕ ਗੈਰ ਜਨਾਨੀ ਰੱਖੀ ਹੈ, ਤੇ ਨਾਲੇ ਮਾਸ ਸ਼ਰਾਬ ਵਰਤਦਾ ਹੈ, ਤੇ ਉਸ ਜਨਾਨੀ ਦੇ ਕਹਿਣ ਤੇ ਮੈਨੂੰ ਮਾਰਨ ਵਾਸਤੇ ਜਹਿਰ ਦੇ ਦਿੱਤਾ ਸੀ। ਆਪ ਕਿਰਪਾ ਕਰਕੇ ਮੇਰੀ ਫਰਿਆਦ ਸੁਣੋ ਜੀ ਤੇ ਮੇਰਾ ਫੈਸਲਾ ਕਰੋ ਮੈਂ ਕੀ ਗੁਨਾਹ ਕੀਤਾ ਹੈ ਮੈਨੂੰ ਕਿਉਂ ਜਹਿਰ ਦਿੱਤਾ ਗਿਆ ਹੈ ਜੀ।" ਸਤਿਗੁਰਾਂ ਨੇ ਪ੍ਰੀਤਮ ਕੌਰ ਦੀ ਚਿੱਠੀ ਪੜ੍ਹ ਕੇ ਕਰਤਾਰ ਸਿੰਘ ਦੇ ਮਾਤਾ ਪਿਤਾ ਨੂੰ ਬੁਲਾ ਕੇ ਪੁਛਿਆ ਕਿ ਕੀ ਕਾਰਨ ਹੈ ਤੁਹਾਡੇ ਪੁੱਤਰ ਨੇ ਇਸ ਲੜਕੀ ਨੂੰ ਜ਼ਹਿਰ ਕਿਉਂ ਖੁਵਾਇਆ ਹੈ। ਲੜਕੀ ਨੇ ਕੀ ਗੁਨਾਹ ਕੀਤਾ ਹੈ। ਉਹਨਾਂ ਨੇ ਉੱਤਰ ਦਿੱਤਾ ਕਿ ਸੱਚੇ ਪਾਤਸ਼ਾਹ ਜੀ ਕਰਤਾਰ ਸਿੰਘ ਏਥੇ ਆਇਆ ਹੈ ਸਦਕੇ ਪੁੱਛ ਲਵੋ। ਸਤਿਗੁਰਾਂ ਹੁਕਮ ਦਿੱਤਾ ਕਿ ਉਸਦੇ ਬਾਪ ਨੂੰ ਹੁਣੇ ਬੁਲਾ ਕੇ ਲਿਆਓ। ਕਰਤਾਰ ਸਿੰਘ ਆਪਣੇ ਬਾਪ ਦੇ ਨਾਲ ਸਤਿਗੁਰਾਂ ਦੇ ਪਾਸ ਆ ਗਿਆ ਤੇ ਸਤਿਗੁਰਾਂ ਨੇ ਪੁੱਛਿਆ ਕਿ, "ਕਰਤਾਰ ਸਿੰਘ ਕੀ ਗੱਲ ਹੈ ਤੂੰ ਅਪਣੇ ਟੱਬਰ ਨੂੰ ਜ਼ਹਿਰ ਕਿਉਂ ਦਿੱਤਾ ਹੈ। ਉਸਨੇ ਉੱਤਰ ਦਿੱਤਾ ਕੀ ਜ਼ਹਿਰ ਤਾਂ ਨਹੀ ਦਿੱਤਾ ਵੈਸੇ ਹੀ ਬੀਮਾਰ ਹੋ ਗਈ ਹੈ।" ਸਤਿਗੁਰਾਂ ਨੇ ਪ੍ਰੀਤਮ ਕੌਰ ਨੂੰ ਬੁਲਾ ਕੇ ਸਾਰੀ ਕਹਾਣੀ ਪੁੱਛੀ। ਪ੍ਰੀਤਮ ਕੌਰ ਨੇ ਆਖਿਆ, "ਸੱਚੇ ਪਾਤਸ਼ਾਹ ਜੀ ਇਸ ਨੇ

ਇੱਕ ਪਸ਼ੌਰਨ ਜਨਾਨੀ ਘਰ ਰੱਖੀ ਹੋਈ ਹੈ ਉਸਦੇ ਕਹਿਣ ਤੇ ਮੈਨੂੰ ਜ਼ਹਿਰ ਦੇ ਦਿੱਤਾ ਤੇ ਨਾਲੇ ਇਸਨੇ ਮੈਨੂੰ ਖੁਦ ਆਖਿਆ ਹੈ ਕਿ ਮੈ ਤੈਨੂੰ ਘਰ ਨਹੀ ਰੱਖਣਾ ਤੂੰ ਮੇਰੀ ਕੁਝ ਨਹੀ ਲਗਦੀਂ। ਤੇਰਾ ਜਿਥੇ ਜੀ ਕਰਦਾ ਈ ਚਲੀ ਜਾ। ਪਰ ਕਰਤਾਰ ਸਿੰਘ ਕਹਿਣ ਲੱਗਾ, "ਮੈ ਇਸਨੂੰ ਲਾਹੌਰ ਲਿਜਾਣ ਵਾਸਤੇ ਆਇਆ ਹਾਂ।" ਪਰ ਸਤਿਗੁਰ ਕਹਿਣ ਲਗੇ ਇਹ ਲੜਕੀ ਅੱਛਰ ਸਿੰਘ ਦੀ ਨਹੀ ਸਾਡੀ ਹੈ। ਜਿੰਨੀ ਦੇਰ ਅਸੀ ਨਹੀ ਅਖਾਂਗੇ ਇਹ ਤੇਰੇ ਨਾਲ ਨਹੀ ਜਾਵੇਗੀ। ਜਦੋ ਉਸਨੇ ਲੈ ਜਾਣ ਦੀ ਜਿੱਦ ਕੀਤੀ ਤੇ ਸਤਿਗੁਰਾਂ ਕਿਹਾ ਜੇਕਰ ਤੂੰ ਉਸ ਗੈਰ ਜਨਾਨੀ ਨੂੰ ਸਾਡੇ ਸਾਹਮਣੇ ਲਿਆ ਕੇ ਮਾਤਾ ਕਹਿ ਕੇ ਛੱਡ ਦੇਵੇ ਤਾਂ ਅਸੀ ਇਸਨੂੰ ਤੇਰੇ ਨਾਲ ਭੇਜਾਂਗੇ ਨਾਲੇ ਇਸ ਦੇ ਨਾਮ ੨੦੦੦ ਰੁ: ਬੈਂਕ ਵਿੱਚ ਜਮਾਂ ਕਰਵਾ ਤੇ ਤੇਰੇ ਮਾਤਾ ਪਿਤਾ ਇਸਦੇ ਜਾਮਨ ਹੋਣ ਕਿ ਅਗੋਂ ਤੋਂ ਤੂੰ ਇਸ ਕੁੜੀ ਨੂੰ ਜਹਿਰ ਵਗੈਰਾ ਦੇਣ ਦੀ ਕੋਈ ਹਰਕਤ ਨਹੀ ਕਰੇਗਾ ਤੇ ਗੈਰ ਜਨਾਨੀ ਨੂੰ ਘਰ ਨਹੀ ਲਿਆਵੇਗਾ ਨਹੀ ਤੇ ਤੇਰੇ ਮਾਤਾ ਪਿਤਾ ਇਸਦੇ ਜਿੰਮੇਵਾਰ ਹੋਣਗੇ, ਬਸ ਇਹੀ ਸ਼ਰਤ ਹੈ ਸਾਡੀ। ਅਗੋ ਕਰਤਾਰ ਸਿੰਘ ਕਹਿਣ ਲਗਾ ਕਿ ਇਹ ਮੇਰੀ ਜਨਾਨੀ ਹੈ ਇਸਨੂੰ ਮੇਰੇ ਨਾਲ ਜਾਣ ਤੋ ਕੋਈ ਨਹੀ ਰੋਕ ਸਕਦਾ। ਸਤਿਗੁਰਾਂ ਕਿਹਾ ਤੂੰ ਇਸ ਲੜਕੀ ਵਲ ਨਿਗਾਹ ਵੀ ਨਹੀ ਕਰ ਸਕਦਾ। ਤੇ ਅਗੋਂ ਉਹ ਕਹਿਣ ਲਗਾ, "ਤੁਸਾਂ ਤੇ ਮੇਲੇ ਤੋਂ ਬਾਅਦ ਚਲੇ ਜਾਣਾ ਹੈ ਫਿਰ ਵੇਖਾਂਗਾ ਕੌਣ ਜੰਮਿਆ ਏ ਮੈਨੂੰ ਰੋਕਣ ਵਾਲਾ।" ਇੰਨੀ ਗੱਲ ਕਰਕੇ ਉਹ ਉੱਠਕੇ ਚਲਾ ਗਿਆ।

ਉਸੇ ਵਕਤ ਸਤਿਗੁਰਾਂ ਨੇ ਮੈਨੂੰ ਬੁਲਾ ਕੇ ਆਖਿਆ, "ਅਮਰ ਸਿੰਘ ਸੰਤ ਅੱਛਰ ਸਿੰਘ ਦੀ ਲੜਕੀ ਦੀ ਹਿਫਾਜਤ ਤੂੰ ਪੂਰੀ ਤਰ੍ਹਾਂ ਕਰਨੀ ਹੈ। ਅਗਰ ਕਰਤਾਰ ਸਿੰਘ ਇਸ ਕੁੜੀ ਨੂੰ ਜਬਰਦਸਤੀ ਲਿਜਾਣਾਂ ਚਾਹੇ ਤਾਂ ਤੂੰ ਪੂਰਾ ਮੁਕਾਬਲਾ ਕਰਨਾ ਹੈ ਬੇਸ਼ਕ ਕੋਈ ਬੰਦਾ ਮਾਰਨਾ ਪਵੇ ਤਾਂ ਮਾਰ ਦੇਵੀ ਪਰ ਕੁੜੀ ਕਰਤਾਰ ਸਿੰਘ ਦੇ ਘਰ ਨਹੀ ਜਾਣੀ ਚਾਹੀਦੀ ਹਰ ਗੱਲ ਦੇ ਜਿੰਮੇਵਾਰ ਅਸੀ ਹੋਵਾਂਗੇ ਤੂੰ ਬਿਲਕੁਲ ਨਹੀਂ ਘਬਰਾਉਣਾ।" ਇਹ ਗੱਲਾਂ ਮੈਨੂੰ ਸਤਿਗੁਰਾਂ ਨੇ ਸਾਰੀ ਸਾਧ ਸੰਗਤ ਦੇ ਸਾਹਮਣੇ ਕਹੀਆਂ। ਕਰਤਾਰ ਸਿੰਘ ਦੇ ਮਾਤਾ ਪਿਤਾ ਚਾਚੇ ਤਾਏ ਸਭ ਬੈਠੇ ਸੁਣ ਰਹੇ ਸਨ। ਮੈ 'ਸਤਿ ਬਚਨ' ਕਹਿ ਕੇ ਹੱਥ ਜੋੜ ਕੇ ਮੱਥਾ ਟੇਕਿਆ ਤੇ ਸੰਤ ਅੱਛਰ ਸਿੰਘ ਜੀ ਨੂੰ ਸਤਿਗੁਰਾਂ ਹੁਕਮ ਕੀਤਾ ਕਿ ਜੇ ਤੈਨੂੰ ਕੋਈ ਆ ਕੇ ਤੰਗ ਕਰੇ ਜਾਂ ਜਬਰਦਸਤੀ ਲੜਕੀ ਨੂੰ ਲਿਜਾਣ ਦੀ ਕੋਸ਼ਿਸ਼ ਕਰੇ ਤਾਂ ਤੂੰ ਅਮਰ ਸਿੰਘ ਜਥੇਦਾਰ ਨੂੰ ਝਟਪਟ ਖਬਦ ਦੇ ਦੇ ਣੀ। ਉਹ ਆਪੇ ਸੰਭਾਲ ਲਵੇਗਾ। ਇਸ ਤੋ ਬਾਅਦ ਸਤਿਗੁਰ ਤੁਰ ਗਏ ਮੇਲੇ ਦੀ ਸਮਾਪਤੀ ਹੋ ਗਈ।

ਮੈ ਨਨਕਾਣੇ ਸਾਹਿਬ ਨੌਕਰੀ ਕਰਦਾ ਸਾਂ। ਮੰਗਤਸ਼ਾਹ ਦੇ ਕਾਰਖਾਨੇ। ਇੱਕ

ਦਿਨ ਕਰਤਾਰ ਸਿੰਘ ਦੇ ਮਾਤਾ ਪਿਤਾ ਮੇਰੇ ਪਾਸ ਆਏ ਤੇ ਕਹਿਣ ਲਗੇ ਕਿ ਤੂੰ ਹੁਣ ਸਾਡੇ ਘਰ ਕਿਉਂ ਨਹੀ ਆਉਂਦਾ। ਮੈ ਕਿਹਾ, "ਅੱਜ ਕੱਲ ਵਿਹਲ ਨਹੀ ਮਿਲਦਾ।" ਉਹਨਾਂ ਦੇ ਕਹਿਣ ਤੇ ਮੈ ਫਿਰ ਆਉਣ ਜਾਣ ਲਗ ਪਿਆ। ਮੈ ਪਹਿਲਾਂ ਵੀ ਆਉਂਦਾ ਜਾਂਦਾ ਸਾਂ ਸਾਰਾ ਪਰਿਵਾਰ ਮੇਰਾ ਬੜਾ ਪ੍ਰੇਮੀ ਮਿੱਤਰ ਸੀ। ਇੱਕ ਦਿਨ ਮੇਰੇ ਕੋਲ ਕਰਤਾਰ ਸਿੰਘ ਦਾ ਪਿਤਾ ਤੇ ਉਸਦਾ ਇੱਕ ਮਿੱਤਰ ਭਾਈ ਭੋਲਾ ਸਿੰਘ ਆਏ ਤੇ ਕਹਿਣ ਲਗੇ . "ਜਥੇਦਾਰ ਜੀ ਸਾਡੀ ਇੱਕ ਅਰਜ਼ ਹੈ ਜੇ ਮਨਜੂਰ ਕਰ ਲਉ ਤਾਂ।" ਮੈਂ ਕਿਹਾ, "ਹੁਕਮ ਕਰੋ।" ਤੇ ਕਹਿਣ ਲਗੇ, "ਤੁਸੀ ਸਾਡੀ ਗੱਲ ਮੰਨ ਕੇ ਪ੍ਰੀਤਮ ਕੌਰ ਨੂੰ ਸਾਡੇ ਘਰ ਭੇਜ ਦਿਓ ਅਸੀ ਤੁਹਾਨੂੰ ਆਪਣੀ ਛੋਟੀ ਲੜਕੀ ਅਮਰੋ ਦਾ ਸਾਕ ਕਰ ਦੇਵਾਂਗੇ। ਮੈਂ ਹੱਸ ਕੇ ਆਖਿਆ, "ਇਹ ਕੰਮ ਮੇਰੇ ਅਖਤਿਆਰ ਨਹੀ ਹੈ ਜੀ ਤੁਸੀ ਸਤਿਗੁਰਾਂ ਪਾਸ ਜਾ ਕੇ ਅਰਜ ਕਰੋ ਤੇ ਮੈਂ ਇਸ ਲਾਲਚ ਵਿੱਚ ਨਹੀਂ ਫਸ ਸਕਦਾ ਚਾਹੇ ਇੱਕ ਵੇਰ ਸੁਣ ਲਓ ਤੇ ਭਾਵੇਂ ਹਜਾਰ ਵੇਰ ਸੁਣੋ ਜੀ ਹੋਰ ਕੋਈ ਸੇਵਾ ਦਸੋਂ, ਮੈਂ ਕਰਨ ਨੂੰ ਤਿਆਰ ਹਾਂ ਪਰ ਇੰਹ ਗੱਲ ਮੇਰੇ ਵੱਸ ਦੀ ਨਹੀਂ ਹੈ ਜੀ ਉਹਨਾਂ ਆਖਿਆ ਕਿ ਕਿਸੇ ਵੀ ਸ਼ਰਤ ਤੇ ਤੂੰ ਇਹ ਕੰਮ ਕਰਦੇ ਪਰ ਮੈਂ ਕਿਹਾ ਕਿ ਮੈਂ ਸਿਰਫ ਸਤਿਗੁਰਾਂ ਵਾਲੀ ਸ਼ਰਤ ਤੇ ਹੀ ਕੰਮ ਕਰ ਸਕਦਾਂ ਹਾਂ ਅਤੇ ਉਹ ਨਰਾਜ਼ੇ ਹੋ ਕੇ ਚਲੇ ਗਏ।

ਮੇਰਾ ਇੱਕ ਮਿੱਤਰ ਸੀ ਜਿਲਾ ਹੁਸ਼ਿਆਰਪੁਰ ਵਿੱਚ, ਉਸਦੇ ਪਿੰਡ ਦਾ ਨਾਮ ਸੀ ਜਾਗੀਰਦਾਰਾਂ ਦਾ ਨੰਗਲ ਤੇ ਉਸਦਾ ਨਾਮ ਸੀ ਕਰਤਾਰ ਸਿੰਘ। ਇਸਨੇ ਮੈਨੂੰ ਚਿੱਠੀ ਪਾਈ ਜਿਸ ਵਿੱਚ ਲਿਖਿਆ ਸੀ, "ਮੈਨੂੰ ਪਤਾ ਲਗਾ ਹੈ ਕਿ ਤੁਹਾਡੀ ਘਰਵਾਲੀ ਗੁਜਰ ਗਈ ਹੈ ਤੇ ਤੁਸੀ ਚਿੱਠੀ ਪੜ੍ਹਦੇ ਸਾਰ ਜਲਦੀ ਮੇਰੇ ਪਾਸ ਪਹੁੰਚੋ, ਮੈਂ ਤੁਹਾਡੇ ਵਾਸਤੇ ਰਿਸ਼ਤੇ ਦਾ ਪੂਰਾ ਬੰਦੋਬਸਤ ਕੀਤਾ ਹੈ ਤੁਸੀ ਜਲਦੀ ਮੇਰੇ ਪਾਸ ਆਵੋ ਜੀ। ਮੈ ਚਿੱਠੀ ਪੜ੍ਹ ਕੇ ਕਾਰਖਾਨੇ ਦੇ ਮੈਨੇਜਰ ਦੌਲਤ ਰਾਮ ਪਾਸ ਜਾ ਕੇ ਉਸ ਨਾਲ ਗੱਲਬਾਤ ਕਰਕੇ ਸੱਤ ਦਿਨ ਦੀ ਛੁੱਟੀ ਲੈ ਕੇ ਹੁਸ਼ਿਆਰਪੁਰ ਜਾਣ ਦੀ ਤਿਆਰੀ ਕੀਤੀ ਤੇ ਕਰਤਾਰ ਸਿੰਘ ਬਾਲ ਲੀਲਾ ਵਾਲੇ ਪਾਸ ਜਾ ਕੇ ਸਾਰੀ ਗੱਲਬਾਤ ਉਸ ਨਾਲ ਪੱਕੀ ਕਰਕੇ ਉਸਨੂੰ ਪੱਕੀ ਕੀਤੀ ਕਿ ਸੰਤ ਅੱਛਰ ਸਿੰਘ ਦੇ ਘਰ ਦਾ ਖਿਆਲ ਰਖਣਾਂ, ਇਹ ਸਾਰਾ ਕੰਮ ਉਸਦੇ ਸਪੁਰਦ ਕਰਕੇ ਮੈ ਸ਼ਾਮ ਦੇ ੭ ਵਜੇ ਗੱਡੀ ਬੈਠ ਕੇ ਅਗਲੇ ਦਿਨ ਸ਼ਾਮ ਦੇ ਤਿੰਨ ਵੱਜੇ ਦੇ ਕਰੀਬ ਹੁਸਿਆਰਪੁਰ ਪਹੁੰਚਿਆ ਕਰਤਾਰ ਸਿੰਘ ਦੇ ਪਿੰਡ ਜਾ ਕੇ ਉਸਨੂੰ ਮਿਲਿਆ ਤੇ ਉਸਨੇ ਉਸੇ ਵੇਲੇ ਮੇਰੇ ਨਾਲ ਅਪਣੇ ਛੋਟੇ ਭਰਾ ਨੂੰ ਭੇਜਿਆ ਕਿ ਹੁਣੇ ਹੀ ਸੰਤਾਂ ਨੂੰ ਲੜਕੀ ਵਾਲਿਆਂ ਦੇ ਘਰ ਲੈ ਜਾ। ਮੈਂ ਤੇ ਕਰਤਾਰ ਸਿੰਘ ਦਾ ਭਰਾ ਅਸੀ ਦੋਵੇ ਇੱਕ ਘੰਟੇ ਦੇ ਅੰਦਰ ਅੰਦਰ ਉਸ ਨਗਰ ਪੁੱਜੇ ਇਹ ਮੈਨੂੰ ਲੜਕੀ ਵਾਲਿਆਂ ਦੇ ਘਰ ਹੀ ਲੈ ਗਿਆ ਅਤੇ ਅਸਾਂ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਮਾਈ ਨੇ ਮੰਜਾ ਡਾਹ

ਦਿੱਤਾ ਅਤੇ ਕਰਤਾਰ ਸਿੰਘ ਦਾ ਭਰਾ ਉਸੇ ਵਕਤ ਮਾਈ ਨਾਲ ਗੱਲਬਾਤ ਕਰਕੇ ਵਾਪਿਸ ਅਪਣੇ ਪਿੰਡ ਨੂੰ ਆ ਗਿਆ ਅਤੇ ਇਸ ਮਾਈ ਨੇ ਅੰਦਰ ਕਮਰੇ ਵਿੱਚ ਮੰਜਾ ਡਾਹ ਕੇ ਲੀੜਾ ਵਛਾ ਕੇ ਮੈਨੂੰ ਆਖਿਆ, "ਪੁੱਤਰ ਅੰਦਰ ਆ ਕੇ ਬੈਠ।" ਮੈਂ ਅੰਦਰ ਜਾ ਕੇ ਮੰਜੇ ਤੇ ਬੈਠ ਗਿਆ। ਇਸ ਮਾਈ ਦੀ ਲੜਕੀ ਰਸੋਈ ਵਿੱਚ ਪ੍ਰਸਾਦੇ ਪਕਾ ਰਹੀ ਸੀ ਤੇ ਮਾਈ ਮੇਰੇ ਨਾਲ ਗੱਲਾਂ ਕਰ ਰਹੀ ਸੀ।

ਇਸ ਮਾਈ ਦਾ ਪਤੀ ਗੁਜਰ ਚੁੱਕਾ ਸੀ ਅਤੇ ਪੁੱਤਰ ਕੋਈ ਨਹੀਂ ਸੀ ਸਿਰਫ ਇੱਕੋ ਲੜਕੀ ਹੀ ਸੀ। ਇਸਦਾ ਨਾਮ ਹਰਬੰਸੋ ਸੀ। ਇਹ ਵਿਆਹੀ ਹੋਈ ਸੀ, ਇਸਦਾ ਪਤੀ ਵੀ ਜੀਉਂਦਾ ਸੀ, ਇਸਦੀ ਅਪਣੇ ਪਤੀ ਨਾਲ ਬਣਦੀ ਨਹੀ ਸੀ। ਮਾਈ ਨੇ ਮੇ ਰੀ ਜਾਤ, ਗੋਤ ਪੁੱਛੀ ਤੇ ਪਿੰਡ ਪੁਛਿਆ ਨਾਲੇ ਮੇਰਾ ਨਾਮ ਪਤਾ ਪੁੱਛਿਆ। ਮੈਂ ਸਭ ਕੁਝ ਦੱਸ ਦਿੱਤਾ। ਮੇਰੇ ਪੁਛੱਣ ਤੇ ਮਾਈ ਨੇ ਦਸਿਆ ਕਿ ਇਸ ਦੇ ਪਤੀ ਦੀ ਅਪਣੀ ਭਰਜਾਈ ਨਾਲ ਗੱਲਬਾਤ ਹੈ, ਇਸ ਕਰਕੇ ਇਹ ਉਥੇ ਨਹੀ ਜਾਂਦੀ। ਮੁਕਦਮਾਂ ਵੀ ਚਲਿਆ ਸੀ, ਅਸੀਂ ਮੁਕਦਮਾਂ ਜਿੱਤ ਲਿਆ ਹੈ, ਹੁਣ ਉਸਦਾ ਕੋਈ ਜੋਰ ਨਹੀਂ ਚਲ ਸਕਦਾ, ਮੇਰੀ ਜਿਥੇ ਮਰਜੀ ਹੋਵੇਗੀ, ਉਥੇ ਹੀ ਮੈਂ ਕੁੜੀ ਨੂੰ ਤੋਰ ਸਕਦੀ ਹਾਂ, ਇਸੇ ਕਰਕੇ ਮੈਨੂੰ ਕਰਤਾਰ ਸਿੰਘ ਨੇ ਤੇਰੀ ਦੱਸ ਪਾਈ ਸੀ ਤੇ ਤੈਨੂੰ ਬੁਲਾਇਆ ਹੈ। ਹੁਣ ਤੂੰ ਹੀ ਦੱਸ ਤੇਰੀ ਕੀ ਮਰਜੀ ਹੈ। ਮੈ ਉੱਤਰ ਦਿੱਤਾ, "ਮਾਤਾ ਜੀ ਜਿਸ ਤਰ੍ਹਾਂ ਤੁਸੀ ਆਖੋ। ਮਾਈ ਕਹਿਣ ਲੱਗੀ, "੫੦੦ ਰੁ: ਕਰਜਾ ਚੁੱਕ ਕੇ ਹਰਬੰਸੋ ਦੇ ਮੁਕਦਮੇ ਤੇ ਲੱਗਾ ਸੀ ਇਹ ਕਰਜਾ ਤੈਨੂੰ ਦੇਣਾ ਪਵੇਗਾ।" ਮੈਂ ਕਿਹਾ ਕਿ ਠੀਕ ਹੈ। ਇਸ ਤੋ ਬਾਅਦ ਮਾਈ ਨੇ ਮੈਨੂੰ ਪ੍ਰਸਾਦਾ ਛਕਾਇਆ ਤੇ ਫਿਰ ਉਹਨਾਂ ਮਾਵਾਂ ਧੀਆਂ ਨੇ ਆਪ ਪ੍ਰਸਾਦਾ ਛਕਿਆ। ਮੈ ਅੰਦਰ ਆ ਕੇ ਬੈਠ ਗਿਆ ਤੇ ਮਾਈ ਨੂੰ ਆਵਾਜ ਦੇ ਕੇ ਕਿਹਾ ਕਿ ਜੇ ਤੁਸੀ ਗੁਸੱਾ ਨਾ ਕਰੋ ਤਾਂ ਮੈਂ ਇੱਕ ਦੋ ਗੱਲਾਂ ਤੁਹਾਡੀ ਲੜਕੀ ਨਾਲ ਕਰਨੀਆਂ ਚਾਹੁੰਦਾ ਹਾਂ। ਮਾਈ ਮੰਨ ਗਈ ਤੇ ਉਸਨੇ ਹਰਬੰਸੋ ਨੂੰ ਮੇਰੇ ਪਾਸ ਭੇਜ ਦਿੱਤਾ ਤੇ ਉਹ ਮੇਰੇ ਮੰਜੇ ਦੇ ਲਾਗੇ ਕੁਰਸੀ ਡਾਹ ਕੇ ਬੈਠ ਗਈ। ਮੈਂ ਉਸਦੀ ਰਾਇ ਪੁੱਛੀ। ਮੇਰੇ ਪੰਜ ਛੇ ਵਾਰ ਬੁਲਾਉਣ ਤੇ ਉਸਨੇ ਕਿਹਾ ਕਿ ਜੋ ਉਸੀ ਮਾਂ ਦੀ ਮਰਜੀ ਹੋਵੇਗੀ ਉਹੀ ਹੋਵੇਗਾ। ਮੈਂ ਕਿਹਾ, "ਤੇਰੀ ਮਾਂ ਤਾਂ ਕਹਿੰਦੀ ਹੈ ਕਿ ਹਰਬੰਸੋ ਦੇ ਮੁਕਦਮੇ ਤੇ ੫੦੦ ਰੁ: ਲੱਗਾ ਹੈ ਉਹ ਮੈਨੂੰ ਦੇਣਾਂ ਪਵੇਗਾ, ਤੇ ਅਗੋ ਹਰਬੰਸੋ ਨੇ ਉੱਤਰ ਦਿੱਤਾ, "ਮੁਕਦਮੇ ਤੇ ਜਿੰਨਾ ਖਰਚਾ ਹੋਇਆ ਹੈ ਮੈਂ ਆਪਣੇ ਕੋਲੋਂ ਕੀਤਾ ਹੈ। ਜ਼ਿਆਦਾ ਤੋ ਜ਼ਿਆਦਾ ੮੦-੯੦ ਰੁ: ਲੱਗੇ ਸਨ। ੫੦੦ ਰੁ: ਦੇਣ ਦੀ ਕੋਈ ਲੋੜ ਨਹੀ ਨਾ ਹੀ ਤੁਸੀ ਦਿਓ।" ਮੈਂ ਉਸਦੀ ਗੱਲ਼ ਸੁਣ ਕੇ ਬੜਾ ਖੁਸ਼ ਹੋਇਆ ਫਿਰ ਮੈ ਉਸਨੂੰ ਕਿਹਾ, "ਹਰਬੰਸੋ, ਮੈ ਤੇ ਗਰੀਬ ਜਿਹਾ ਬੰਦਾ ਹਾਂ ਤੇ ਬਾਕੀ ਮੇਰੇ ਘਰ ਰੋਜ ਦੋ ਚਾਰ ਸਿੱਖ ਸਾਧ ਆਏ ਰਹਿੰਦੇ ਹਨ ਤੂੰ ਰੋਟੀਆਂ

ਪਕਾਉਣ ਤੋ ਨਾਰਾਜ ਤਾਂ ਨਹੀ ਹੋਵੇਂਗੀ? ਉਸਨੇ ਕਿਹਾ, "ਕਮਾਈ ਤੁਹਾਡੀ ਹੈ ਤੇ ਮੈਨੂੰ ਕੀ ਤਕਲੁੱਫ ਹੈ ਭਾਵੇ ੧੦ ਸਾਧ ਰੋਜ ਆਉਣ ਮੈਂ ਪ੍ਰਸਾਦੇ ਪਕਾ ਕੇ ਛਕਾਵਾਂਗੀ।" ਫਿਰ ਮੈ ਕਿਹਾ, "ਮੇਰਾ ਲਿਬਾਸ ਵੀ ਸਾਦਾ ਜਿਹਾ ਹੀ ਹੈ ਜੋ ਕੁਝ ਤੇਰੇ ਸਾਹਮਣੇ ਬੈਠਾ ਹਾਂ ਐਸਾ ਹੀ ਸਦਾ ਰਹਾਂਗਾ।" ਫਿਰ ਉਹ ਕਹਿਣ ਲੱਗੀ, "ਮੈਨੂੰ ਸਭ ਮਨਜ਼ੂਰ ਹੈ ਬਸ ਏਸੇ ਗੱਲ ਦਾ ਡਰ ਹੈ ਕਿ ਮੈ ਗਰੀਬ ਘਰ ਦੀ ਕੁੜੀ ਹਾਂ ਇਸ ਕਰਕੇ ਮੈਨੂੰ ਤੰਗ ਨਾ ਕਰਨਾ ਜੀ, ਮੈ ਅੱਗੇ ਹੀ ਬੜੀ ਦੁਖੀ ਹਾਂ।" ਇਹ ਗੱਲ ਕਰਕੇ ਉਹ ਰੋਣ ਲੱਗ ਪਈ ਤੇ ਮੈ ਉਸਨੂੰ ਬਾਹੋਂ ਫੜ ਕੇ ਮੰਜੇ ਤੇ ਬਿਠਾ ਲਿਆ ਤੇ ਹੌਂਸਲਾ ਦਿੱਤਾ ਤੇ ਮਾਤਾ ਵੀ ਸਾਡੇ ਪਾਸ ਆ ਕੇ ਬੈਠ ਗਈ ਤੇ ਕਹਿਣ ਲਗੀ, "ਬੱਚਾ ਤੂੰ ਇਸਨੂੰ ਸਵੇਰੇ ਨਾਲ ਹੀ ਲੈ ਜਾ।" ਮੈ ਕਿਹਾ, "ਮਾਤਾ ਜੀ ਇਸਤਰ੍ਹਾਂ ਨਾ ਕਰੋ ਤੁਸੀ ਏਥੇ ਇੱਕੱਲੇ ਕੀ ਕਰੋਗੇ ਏਥੇ ਤੁਹਾਡਾ ਕੌਣ ਹੈ ਤੁਸੀ ਵੀ ਮੇਰੇ ਕੋਲ ਹੀ ਚਲੋ। ਮੈ ਤੁਹਾਡੀ ਸੇਵਾ ਕਰਾਂਗਾ, ਮੇਰੇ ਛੋਟੇ ਹੁੰਦੇ ਦੇ ਮਾਂ ਬਾਪ ਗੁਜਰ ਗਏ ਸਨ ਮੇਰੇ ਦਿਲ ਵਿੱਚ ਇਹ ਚਾਅ ਹੀ ਹੈ ਕਿ ਮੈ ਆਪਣੇ ਮਾਤਾ ਪਿਤਾ ਨਹੀ ਵੇਖੇ ਤੁਸੀਂ ਮੇਰੇ ਪਾਸ ਰਹਿਣਾਂ।" ਮੇਰੀ ਇਹ ਗੱਲ ਸੁਣਕੇ ਮਾਤਾ ਵੀ ਨਾਲ ਹੀ ਤਿਆਰ ਹੋ ਗਈ। ਗੱਲਬਾਤ ਪੱਕੀ ਹੋ ਗਈ। ਰਾਤ ਵਾਹਵਾ ਹੋ ਗਈ ਸੀ ਅਸੀ ਸਾਰੇ ਅਪਣੇ ਅਪਣੇ ਮੰਜਿਆਂ ਤੇ ਸੌ ਗਏ।

ਸਵੇਰੇ ਉੱਠ ਕੇ ਮੈ ਆਖਿਆ, "ਮਾਤਾ ਜੀ ਮੈ ਹੁਣ ਜਾਂਦਾ ਹਾਂ, ਮੈ ਜਾ ਕੇ ਤੁਹਾਨੂੰ ਚਿੱਠੀ ਲਿਖਾਂਗਾ ਤੇ ਤੁਸੀ ਉਸ ਤਾਰੀਕ ਤੇ ਅੰਮ੍ਰਿਤਸਰ ਪੁੱਜ ਜਾਣਾ। ਮੈਂ ਅਗੋਂ ਆ ਕੇ ਤੁਹਾਨੂੰ ਲੈ ਜਾਵਾਂਗਾ।" ਮੈ ੧੦੦ ਰੁ: ਮਾਤਾ ਨੂੰ ਦਿੱਤਾ ਕਿ ਤੁਸੀ ਕਿਰਾਇਆ ਖਰਚ ਕਰਕੇ ਅੰਮ੍ਰਿਤਸਰ ਆ ਜਾਣਾਂ ਪਰ ਮਾਤਾ ਨੇ ੫੦ ਰੁ: ਮੈਨੂੰ ਵਾਪਿਸ ਮੋੜ ਦਿੱਤੇ ਤੇ ੫੦ ਰੁ: ਰੱਖ ਲਏ। ਮੈ ਉਥੋ ਚਲਕੇ ੭ ਵਜੇ ਨਨਕਾਣੇ ਸਾਹਿਬ ਪੁੱਜਾ ਅੱਗੇ ਸਟੇਸ਼ਨ ਤੇ ਕਰਤਾਰ ਸਿੰਘ ਅਰੋੜਾ ਤੇ ਦੋ ਹੋਰ ਸਿੱਖ ਮੈਨੂੰ ਸਟੇਸ਼ਨ ਤੇ ਮਿਲੇ ਤੇ ਕਹਿਣ ਲਗੇ, "ਸੰਤ ਜੀ ਅੱਜ ਤੇ ਬੜਾ ਕੰਮ ਵਿਗੜ ਚਲਿਆ ਸੀ ਪਰ ਬਚ ਗਏ ਹਾਂ। ਮੈ ਕਾਰਨ ਪੁਛਿਆ ਤੇ ਉਹ ਕਹਿਣ ਲਗੇ, "ਅੱਜ ਸਵੇਰੇ ੬ ਵਜੇ ਸੰਤ ਅੱਛਰ ਸਿੰਘ ਦੀ ਲੜਕੀ ਨੂੰ ਚੁੱਕਣ ਵਾਸਤੇ ਉਸਦਾ ਆਦਮੀ ਆ ਗਿਆ ਤੇ ਪਰੀਤੋ ਨੇ ਅੰਦਰ ਵੜ ਕੇ ਛੇਤੀ ਨਾਲ ਕੁੰਡਾ ਮਾਰ ਲਿਆ ਤੇ ਰੌਲਾ ਪੈ ਗਿਆ ਤੇ ਲੋਕ ਇੱਕੱਠੇ ਹੋ ਗਏ ਤੇ ਪਰੀਤੋ ਦਾ ਭਰਾ ਮੇਰੇ ਵੱਲ ਭੱਜਾ ਆਇਆ ਤੇ ਮੈ ਛੇਤੀ ਨਾਲ ਉੱਥੇ ਪੁੱਜਾ ਤੇ ਮੇਰੇ ਪਰਿਵਾਰ ਵਾਲੇ ਵੀ ੨੦-੨੫ ਜਣੇ ਡਾਂਗਾਂ ਲੈ ਕੇ ਮੇਰੇ ਪਾਸ ਆ ਗਏ ਤੇ ਸੰਤ ਅੱਛਰ ਸੀ ਜੀ ਘਾਬਰੇ ਹੋਏ ਸਨ ਪਰ ਅਸਾਂ ਹੌਸਲਾ ਦਿੱਤਾ ਕਿ ਉਹ ਕੋਈ ਫਿਕਰ ਨਾ ਕਰਨ ਅਸੀ ਸਾਰਿਆਂ ਨੇ ਮਿਲਕੇ ਉਹਨਾਂ ਦੇ ਸਾਰੇ ਬੰਦੇ ਭਜਾ ਦਿੱਤੇ ਤੇ ਕਰਤਾਰ ਸਿੰਘ ਦੇ ਭਣਵਈਏ ਪਿਆਰਾ ਸਿੰਘ ਪਿੰਡੀ ਦਾਸੀਏ ਨੂੰ ਅਸਾਂ ਛਿੱਤਰ ਵੀ ਮਾਰੇ ਹਨ।" ਇਹਨਾਂ ਪਾਸੋਂ ਇਹ

ਗੱਲ ਸੁਣਕੇ ਮੈ ਸਿੱਧਾ ਸੰਤ ਅੱਛਰ ਸਿੰਘ ਜੀ ਦੇ ਘਰ ਗਿਆ ਤੇ ਜਾ ਕੇ ਸਾਰੀ ਗੱਲਬਾਤ ਸੁਣੀ ਤੇ ਉਹਨਾਂ ਨੂੰ ਆਖਿਆ ਕਿ ਤੁਸੀ ਫਿਕਰ ਨਾ ਕਰੋ ਅਸੀ ਤੁਹਾਡੇ ਨਾਲ ਹਾਂ। ਜਿਸ ਗੱਲ ਜਾ ਜਿਕਰ ਮੈਂ ਪਿਛੇ ਕਰ ਆਇਆ ਹਾਂ ਕਿ ਕਰਤਾਰ ਸਿੰਘ ਅਰੋੜੇ ਨੇ ਜਥੇਦਾਰਾਂ ਪਾਸ ਅਰਜ ਕੀਤੀ ਸੀ ਕਿ ਅੱਛਰ ਸਿੰਘ ਦੀਆਂ ਦੋ ਲੜਕੀਆਂ ਹਨ ਜਿਹੜੀ ਵੱਡੀ ਸੀ ਇਸਦਾ ਮੁਕਦਮਾ ਸਤਿਗੁਰਾਂ ਪਾਸ ਚਲਦਾ ਸੀ। ਇਸੇ ਲੜਕੀ ਦਾ ਰਿਸ਼ਤਾ ਸੂਬਾ ਵਰਿਆਮ ਸਿੰਘ ਅਪਣੇ ਨਗਰ 'ਸਮਸੇ' ਕਰਨਾਂ ਚਾਹੁੰਦਾ ਸੀ। ਕੇਸਰ ਸਿੰਘ ਰਾਮਗੜ੍ਹੀਏ ਵੱਲ ਤੇ ਇੱਸ ਗੱਲ ਦਾ ਪਤਾ ਲਗਾ - ਕੁਜਰੀ ਵਾਲੇ ਭਗ ਸਿੰਘ ਹੁਰਾਂ ਨੂੰ ਤੇ ਉਹ ਸਾਰੇ ਇੱਕਠੇ ਹੋ ਕੇ ੧੫-੨੦ ਬੰਦੇ ਸੂਬੇ ਪਾਸ ਗਏ ਤੇ ਜਾ ਕੇ ਆਖਿਆ, "ਸੂਬਾ ਜੀ, ਜੇ ਤੂੰ ਇਹ ਰਿਸ਼ਤਾ ਅਪਣੇ ਨਗਰ ਕੀਤਾ ਤੇ ਅਸੀ ਤੈਨੂੰ ਕਤਲ ਕਰ ਦਿਆਂਗੇ ਇਹ ਸਾਡੀ ਭੂਆ ਦੀ ਨੂੰਹ ਹੈ।" ਇਹ ਕੁਜਰੀ ਵਾਲੇ ਉਹ ਬੰਦੇ ਸਨ ਜਿਨ੍ਹਾਂ ਦੀ ਮੈ ਪਹਿਲਾਂ ਮੰਗ ਵਿਆਹ ਕੇ ਲਿਆਂਦੀ ਸੀ ਤੇ ਕਈ ਵਾਰ ਮੇਰੀ ਇਹਨਾਂ ਨਾਲ ਲੜਾਈ ਵੀ ਹੋ ਚੁੱਕੀ ਸੀ। ਜਿਸਦਾ ਹਾਲ ਮੈਂ ਪਹਿਲਾਂ ਵੀ ਲਿਖ ਚੁੱਕਾ ਹਾਂ। ਮੈਨੂੰ ਸਾਰੇ ਜਥੇਦਾਰਾਂ ਨੇ ਤੇ ਮਹੰਤ ਈਸ਼ਰ ਸਿੰਘ ਨੇ ਪੁੱਛਿਆ ਕਿ ਜਥੇਦਾਰ ਜੀ, ਦਸੋ ਤੁਹਾਡੇ ਲਈ ਵੱਡੀ ਲੜਕੀ ਦੇ ਰਿਸ਼ਤੇ ਦਾ ਇੰਤਜਾਮ ਕਰੀਏ ਕਿ ਛੋਟੀ ਦਾ। ਮੈ ਹੱਸ ਕੇ ਆਖਿਆ, "ਅੱਵਲ ਤੇ ਕਿਸੇ ਦਾ ਵੀ ਨਹੀ, ਪਰ ਜੇ ਤੁਹਾਡੀ ਬਿਲਕੁਲ ਤਿਆਰੀ ਹੈ ਤਾਂ ਵੱਡੇ ਰਿਸ਼ਤੇ ਦੀ ਕੋਸ਼ਿਸ਼ ਕਰਨੀ।" ਮੇਰੀ ਗੱਲ ਸੁਣਕੇ ਸਾਰੇ ਬੜੇ ਖੁਸ਼ ਹੋਏ ਤੇ ਕਹਿਣ ਲਗੇ, "ਅਸੀ ਚਲੇ ਹਾਂ ਰਿਸ਼ਤਾ ਲੈਣ ਤੇ ਸੂਬੇ ਕੋਲੋ ਰਿਸ਼ਤਾ ਲੈ ਕੇ ਹੀ ਆਵਾਂਗੇ।" ਸਾਰੇ ਜਥੇਦਾਰ ਸਮੇਤ ਮਹੰਤ ਸੂਬੇ ਦੇ ਡੇਰੇ ਚਲੇ ਗਏ ਤੇ ਜਾ ਕੇ ਸਾਰੇ ਹੱਥ ਜੋੜਕੇ ਖੜੇ ਹੋ ਗਏ। ਜਦੋ ਸੂਬੇ ਨੇ ਬੈਠਣ ਵਾਸਤੇ ਕਿਹਾ ਸਭ ਕਹਿਣ ਲਗੇ ਕਿ ਬੈਠਾਂਗੇ ਤਾਂ ਜੇ ਤੁਸੀ ਸਾਡੀ ਗੱਲ ਮਨਜੂਰ ਕਰੋਗੇ।" ਤਾਂ ਸੂਬੇ ਨੇ ਆਖਿਆ, "ਬੈਠਕੇ ਗੱਲ ਕਰੋ ਜੇਕਰ ਗੱਲ ਮੰਨਣ ਵਾਲੀ ਹੋਈ ਤਾਂ ਜਰੂਰ ਮੰਨਾਂਗਾ।" ਮਹੰਤ ਕਹਿਣ ਲਗਾ, "ਅਸੀ ਗੱਲ ਹੀ ਉਹ ਕਰਨੀ ਹੈ ਜਿਹੜੀ ਤੁਸੀ ਮੰਨ ਹੀ ਲਵੋ। ਸੂਬੇ ਦੇ ਪੁਛੱਣ ਤੇ ਮਹੰਤ ਨੇ ਅਰਜ ਕੀਤੀ ਕਿ ਸੰਤ ਅੱਛਰ ਸਿੰਘ ਦੀ ਵੱਡੀ ਲੜਕੀ ਦੇ ਰਿਸ਼ਤੇ ਵਾਸਤੇ ਅਰਜ ਹੈ ਕਿ ਜਥੇਦਾਰ ਅਮਰ ਸਿੰਘ ਨਾਲ ਉਸਦਾ ਅਨੰਦ ਕਰਾ ਦਿਓ।" ਪਰ ਸੂਬਾ ਕਹਿਣ ਲਗਾ, "ਹੋਰ ਜਿਥੇ ਮਰਜੀ ਹੈ ਕਰ ਦਿਓ ਪਰ ਮੈਂ ਉਸਦੇ ਵਾਸਤੇ ਰਿਸ਼ਤਾ ਨਹੀ ਦੇਣਾ ਕਿਉਂਕਿ ਉਸਨੇ ਮੈਨੂੰ ਅਪਣੇ ਪਹਿਲੇ ਵਿਆਹ ਤੇ ਧੀਆਂ ਦੀਆਂ ਗਾਲ੍ਹਾਂ ਕੱਢੀਆਂ ਸਨ, ਇਸ ਕਰਕੇ ਮੇਰੇ ਵਲੋਂ ਇਨਕਾਰ ਹੈ।" ਪਰ ਮਹੰਤ ਕਹਿਣ ਲਗਾ, "ਅਮਰ ਸਿੰਘ ਤਾਂ ਤੁਹਾਡੇ ਕੋਲ ਆਇਆ ਨਹੀ, ਅਤੇ ਨਾ ਹੀ ਆਵੇਗਾ, ਅਸੀ ਤੁਹਾਡੇ ਪਾਸ ਆਏ ਹਾਂ ਤੁਹਾਡਾ ਅਹਿਸਾਨ ਸਾਡੇ ਉਤੇ ਹੈ, ਅਸੀ ਖਾਲੀ ਨਹੀ ਜਾਣਾਂ ਰਿਸ਼ਤਾ ਲੈ ਕੇ ਹੀ ਜਾਣਾਂ ਹੈ।

ਜੇ ਤੁਸੀ ਠਾ ਮੰਨੋਗੇ ਤਾਂ ਅਸੀਂ ਸਤਿਗੁਰਾਂ ਪਾਸ ਅਰਜ ਕਰਕੇ ਰਿਸ਼ਤਾ ਲੈ ਲਵਾਂਗੇ ਫਿਰ ਤੇਰਾ ਕੋਈ ਅਹਿਸਾਨ ਨਹੀਂ ਮੰਨਾਂਗੇ।'' ਸੂਬਾ ਕਹਿਣ ਲੱਗਾ, ''ਤੁਸੀ ਮੇਰੇ ਪਿੰਡ ੨੪ ਤਾਰੀਕ ਨੂੰ ਪੁੱਜ ਜਾਣਾ ਉਥੇ ਸਤਿਗੁਰਾਂ ਨੇ ਆਉਣਾ ਹੈ, ਉਹਨਾਂ ਪਾਸ ਮੈ ਸਾਰੀ ਗੱਲ ਕਰ ਦਿਆਂਗਾ ਜਿਵੇ ਸਤਿਗੁਰ ਹੁਕਮ ਕਰਨਗੇ ਉਸੇ ਤਰ੍ਹਾਂ ਕਰ ਲਵਾਂਗੇ। ਮੈ ਤੁਹਾਨੂੰ ਰਿਸ਼ਤਾ ਦਿੱਤਾ। ਇਹ ਸਾਰੀ ਗੱਲ ਪੱਕੀ ਕਰਕੇ ਸਾਰੇ ਇੱਕੱਠੇ ਹੋ ਕੇ ਸੰਤ ਅੱਛਰ ਸਿੰਘ ਜੀ ਨੂੰ ਨਾਲ ਲੈ ਕੇ ਸੂਬੇ ਦੇ ਪਿੰਡ ਜਿਲਾ ਸ਼ੇਖੂ ਪੁਰੇ 'ਸਮਸੇ' ਨਗਰ ਵਿੱਚ ੨੪ ਚੇਤਰ ਵਾਲੇ ਦਿਨ ਪੁੱਜ ਗਏ। ਉੱਥੇ ਸਤਿਗੁਰ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਵਾਲੇ ਸੰਗਤ ਸਮੇਤ ਆ ਪੁੱਜੇ ਦਿਨੇ ਕੀਰਤਨ ਹੁੰਦਾ ਰਿਹਾ। ਸ਼ਾਮ ਨੂੰ ੬ ਵਜੇ ਕੀਰਤਨ ਤੋ ਬਾਅਦ ਸੂਬੇ ਨੇ ਸਤਿਗੁਰਾਂ ਪਾਸ ਅਰਜ ਕੀਤੀ ਕਿ ਸੱਚੇ-ਪਾਤਸ਼ਾਹ ਜੀ, ਅਮਰ ਸਿੰਘ ਜਥੇਦਾਰ ਦੀ ਸਿੰਘਣੀ ਗੁਜਰ ਗਈ ਹੈ (ਵੇਰਕੇ ਵਾਲੇ ਦੀ) ਤੇ ਇਸ ਇਲਾਕੇ ਦੇ ਜਥੇਦਾਰ ਤੇ ਮਹੰਤ ਈਸ਼ਰ ਸਿੰਘ ਅਠਾਰਾਂ ਚੱਕ ਵਾਲੇ ਮੇਰੇ ਪਾਸੋਂ ਰਿਸ਼ਤਾ ਮੰਗਦੇ ਹਨ। ਸੰਤ ਅੱਛਰ ਸਿੰਘ ਦੀ ਵੱਡੀ ਲੜਕੀ ਦਾ ਜਿਸ ਤਰ੍ਹਾਂ ਤੁਸੀ ਹੁਕਮ ਕਰੋ ਉਸੇ ਤਰ੍ਹਾਂ ਕਰੀਏ ਜੀ ਉਸੇ ਵੇਲੇ ਸਤਿਗੁਰਾਂ ਨੇ ਸੰਤ ਅੱਛਰ ਸਿੰਘ ਜੀ ਨੂੰ ਤੇ ਬਾਕੀ ਦੇ ਸਾਰੇ ਸਾਥੀਆਂ ਨੂੰ ਬੁਲਾ ਕੇ ਹੁਕਮ ਦਿੱਤਾ ਕਿ ੨੬ ਚੇਤਰ ਵਾਲੇ ਦਿਨ ਵੱਡੀ ਲੜਕੀ ਜਥੇਦਾਰ ਅਮਰ ਸਿੰਘ ਨੂੰ ਵਿਆਹ ਦਿਓ ਦੇਰ ਨਾ ਕਰਨੀ ਤੇ ਨਾ ਹੀ ਦੂਸਰੀ ਪਾਰਟੀ ਨੂੰ ਖਬਰ ਹੋਵੇ । ਸਤਿਗੁਰਾਂ ਦਾ ਹੁਕਮ ਮੰਨ ਕੇ ਸੰਤ ਅੱਛਰ ਸਿੰਘ ਵਾਪਿਸ ਨਨਕਾਣੇ ਸਾਹਿਬ ਅਪਣੇ ਘਰ ਆਏ ਇਹਨਾਂ ਦਾ ਸੁਭਾਅ ਬਿਲਕੁਲ ਸਾਧੂਆਂ ਵਾਲਾ ਸੀ। ਇਹਨਾਂ ਨੂੰ ਜਦੋਂ ਗੁਵਾਂਢੀਆਂ ਨੇ ਸਤਿਗੁਰਾਂ ਦੇ ਹੁਕਮ ਬਾਰੇ ਪੁਛਿਆ ਕਿ ਕੀ ਹੋਇਆ ਹੈ ਤੇ ਇਹਨਾਂ ਨੇ ਸਾਰੀ ਗੱਲ ਸੱਚ ਸੱਚ ਦਸ ਦਿੱਤੀ ਕਿ ਅੱਜ ਰਾਤ ਨੂੰ ਪਰੀਤੋ ਨੂੰ ਜਥੇਦਾਰ ਅਮਰ ਸਿੰਘ ਦੇ ਘਰ ਬਿਠਾ ਦੇਣਾ ਹੈ। ਗੁਵਾਂਢੀਆਂ ਨੇ ਇਹ ਗੱਲ ਸੁਣਕੇ ਉਸੇ ਵਕਤ ਪ੍ਰੀਤਮ ਕੌਰ ਦੇ ਸਹੁਰਿਆਂ ਨੂੰ ਜਾ ਖਬਰ ਦਿੱਤੀ ਕਿ ਅੱਜ ਤੁਹਾਡੀ ਨੂੰਹ ਦੀ ਚਾਦਰ ਅਮਰ ਸਿੰਘ ਨਾਲ ਪੈਣੀ ਹੈ ਗੁਰਦੁਵਾਰੇ, ਤੇ ਤੁਸੀ ਆਪਣਾ ਬੰਦੋਬਸਤ ਕਰ ਲਵੋ।

ਸ਼ਾਮ ਦੇ ੬ ਵਜੇ ਦਾ ਵਕਤ ਸੀ ਜਦੋ ਉਹਨਾਂ ਨੂੰ ਪਤਾ ਲਗਾ ਤੇ ਮੁੰਡੇ ਉਹਨਾਂ ਦੇ ਦੋਵੇਂ ਲਾਹੌਰ ਸਨ ਪਰ ਫਿਰ ਵੀ ਉਹਨਾਂ ਨੇ ਕਾਫੀ ਇੰਤਜਾਮ ਕਰ ਲਿਆ। ਮੈਨੂੰ ਕਿਸੇ ਸੱਜਣ ਨੇ ਆ ਕੇ ਦਸਿਆ ਕਿ ਜਥੇਦਾਰ ਜੀ ਓਧਰ ਤੁਹਾਡੇ ਮਾਰਨ ਦਾ ਇੰਤਜਾਮ ਹੋ ਰਿਹਾ ਹੈ ਤੇ ਤੁਸੀ ਅਨੰਦ ਕਰਾਉਣ ਨੂੰ ਫਿਰਦੇ ਹੋ। ਮੈ ਉਸਦੀ ਗੱਲ ਦਾ ਕੋਈ ਖਾਸ ਉੱਤਰ ਨਾ ਦਿੱਤਾ ਤੇ ਆਖਿਆ, ''ਸਾਨੂੰ ਤੇ ਕਿਸੇ ਗੱਲ ਦਾ ਪਤਾ ਹੀ ਨਹੀ ਤੇ ਤੂੰ ਕਿਥੋਂ ਇਹ ਗੱਲ ਸੁਣੀ ਹੈ ਕਿ ਅੱਜ ਅਨੰਦ ਹੋਣਾ ਹੈ ਅਸੀ ਤੇ ਹਰ ਐਤਵਾਰ ਨੂੰ ਗੁਰਦੁਵਾਰੇ ਕੀਰਤਨ ਕਰਦੇ ਹਾਂ. ਤੇ ਅੱਜ ਵੀ ਕੀਰਤਨ ਕਰਨਾ ਹੈ। ਇਹ ਗੱਲ ਸੁਣਕੇ

ਉਹ ਚਲਾ ਗਿਆ ਤੇ ਮੈ ਅਪਣੀ ਪਾਰਟੀ ਨੂੰ ਉਸੇ ਵੇਲੇ ਖਬਰ ਦਿੱਤੀ ਕਿ ਉਹਨਾਂ ਨੂੰ ਸਾਰੀ ਗੱਲ ਪਤਾ ਲੱਗ ਚੁੱਕੀ ਹੈ। ਕਰਤਾਰ ਸਿੰਘ ਅਰੋੜੇ ਨੂੰ ਮੈ ਸੰਤ ਅੱਛਰ ਸਿੰਘ ਜੀ ਵੱਲ ਭੇਜਿਆ ਕਿ ਉਹ ਬਿਲਕੁਲ ਗੁਰਦੁਵਾਰੇ ਨਾ ਆਉਣ। ਇੱਧਰ ਅਸੀ ਕੀਰਤਨ ਸ਼ੁਰੂ ਕਰ ਦਿੱਤਾ ਤੇ ਚਾਰ ਬੰਦੇ ਮੈ ਸੰਤ ਅੱਛਰ ਸਿੰਘ ਜੀ ਦੇ ਘਰ ਹਿਫਾਜਤ ਵਾਸਤੇ ਭੇਜ ਦਿੱਤੇ। ਇੱਧਰ ਦੂਸਰੀ ਪਾਰਟੀ ਵੀ ਆ ਗਈ, ਮੈ ਲੈਕਚਰ ਕਰਦਾ ਰਿਹਾ ਤੇ ਉਹਨਾਂ ਦੇ ਬੰਦੇ ਅੰਦਰ ਗੁਰਦੁਵਾਰੇ ਦੀ ਤਲਾਸ਼ੀ ਕਰਦੇ ਰਹੇ ਕਿ ਸ਼ਾਇਦ ਪ੍ਰੀਤਮ ਕੌਰ ਅੰਦਰ ਲੁਕੀ ਹੋਵੇਗੀ ਰਾਤ ਦੇ ੧੨ ਵਜੇ ਅਸੀ ਕੀਰਤਨ ਦਾ ਭੋਗ ਪਾਇਆ ਤੇ ਪ੍ਰਸਾਦ ਵੰਡਿਆ ਤੇ ਉਸ ਪਾਰਟੀ ਦੇ ਸਾਹਮਣੇ ਅਸੀ ਆਪੋ ਅਪਣੇ ਘਰਾਂ ਨੂੰ ਤੁਰ ਪਏ। ਉਹਨਾਂ ਨੂੰ ਸਾਬਤ ਹੋ ਗਿਆ ਕਿ ਕੋਈ ਗੱਲ ਨਹੀ ਹੈ ਤੇ ਉਹ ਪਾਰਟੀ ਵੀ ਆਪੋ ਅਪਣੇ ਘਰੀ ਚਲੀ ਗਈ। ਫਿਰ ਅਸੀਂ ਸਾਰੇ ਰਾਤ ਦੇ ਦੋ ਵਜੇ ਇੱਕੱਠੇ ਹੋ ਕੇ ਸੰਤ ਅੱਛਰ ਸਿੰਘ ਜੀ ਦੇ ਘਰ ਪੁੱਜੇ ਤੇ ਉਸੇ ਵਕਤ ਅਨੰਦ ਪੜ੍ਹ ਕੇ ਛੇਤੀਂ ਛੇਤੀ ਚਾਰ ਕੁ ਵਜੇ ਮੈ ਕਾਰਖਾਨੇ ਪਹੁੰਚ ਗਿਆ ਤੇ ਪ੍ਰੀਤਮ ਕੌਰ ਵੀ ਮੇਰੇ ਨਾਲ ਹੀ ਸੀ। ਸੰਤ ਅੱਛਰ ਸਿੰਘ ਦੇ ਗਵਾਂਢੀ ਧਿਆਨ ਸਿੰਘ ਨੇ ਉਸੇ ਵੇਲੇ ਦੂਸਰੀ ਪਾਰਟੀ ਨੂੰ ਖਬਰ ਪਹੁੰਚਾ ਦਿੱਤੀ ਕਿ ਤੁਹਾਡੀ ਨੂੰਹ ਦੀ ਜਥੇਦਾਰ ਅਮਰ ਸਿੰਘ ਨਾਲ ਚਾਦਰ ਪੈ ਗਈ ਹੈ। ਤੇ ਉਹ ਉਸਨੂੰ ਕਾਰਖਾਨੇ ਲੈ ਗਿਆ ਹੈ ਬਸ ਉਸੇ ਵਕਤ ਰੌਲਾ ਪੈ ਗਿਆ, ਤੇ ਬੰਦੇ ਇੱਕੱਠੇ ਹੋ ਕੇ ਸੰਤ ਅੱਛਰ ਸਿੰਘ ਦੇ ਘਰ ਪੁੱਜੇ ਤੇ ਉਹਨਾ ਨੇ ਦਰਵਾਜਾ ਬੰਦ ਰਖਿਆ, ਅੰਦਰੋ ਕੁੰਡਾ ਮਾਰ ਛੱਡਿਆ ਤੇ ਉਹ ਬਾਹਰ ਦੀ ਬਕਦੇ ਰਹੇ ਆਖਿਰ ਸੰਤਾਂ ਨੇ ਉੱਤਰ ਦਿੱਤਾ, "ਮੈ ਸਤਿਗੁਰਾਂ ਦਾ ਹੁਕਮ ਮੰਨ ਕੇ ਕੁੜੀ ਤੋਰੀ ਹੈ, ਤੁਸਾਂ ਸਤਿਗੁਰਾਂ ਦਾ ਬਚਨ ਨਹੀ ਸੀ ਮੰਨਿਆ ਤਾਂ ਹੀ ਇਹ ਗੱਲ ਕਰਨੀ ਪਈ।" ਇਹ ਗੱਲ ਸੁਣ ਕੇ ਉਹਨਾਂ ਨੇ ਵਾਪਿਸ ਆ ਕੇ ਬੰਦੇ ਇੱਕੱਠੇ ਕੀਤੇ ਤੇ ਕਾਰਖਾਨੇ ਦੇ ਦੁਵਾਲੇ ਘੇਰਾ ਪਾ ਲਿਆ। ਤੇ ਇੱਕ ਬੰਦਾ ਲਾਹੌਰ ਨੂੰ ਭਜਾ ਦਿੱਤਾ ਤੇ ਨਨਕਾਣੇ ਸਾਹਿਬ ਵਿੱਚ ਇੱਕ ਜਥਾ ਮਜ਼ਬੀਆਂ ਦਾ ਸੀ ਇਹ ਚਾਰੇ 'ਭਰਾ ਗਤਕੇ ਬਾਜ ਬੜੇ ਸੀ। ਬਲਵੰਤ ਸਿੰਘ, ਮਹਿੰਦਰ ਸਿੰਘ, ਸਾਧੂ ਸਿੰਘ ਇਹ ਤਿੰਨੇ ਜਿਆਦਾ ਹੀ ਮਸ਼ਹੂਰ ਸਨ। ਇਹਨਾਂ ਨੂੰ ਕਰਤਾਰ ਸਿੰਘ ਦੀ ਪਾਰਟੀ ਨੇ ੫੦੦ ਰੁ: ਦੇਣਾਂ ਕੀਤਾ ਕਿ ਅਮਰ ਸਿੰਘ ਨੂੰ ਮਾਰ ਦਿਓ। ਇਹਨਾਂ ਨੇ ਸੰਤਾਂ ਸਿੰਘ ਨੂੰ ਕਿਹਾ ਕਿ ਕੋਈ ਫਿਕਰ ਨਾ ਕਰ ਤੇਰੀ ਨੂੰਹ ਅੱਜ ਤੇਰੇ ਘਰ ਪੁਚਾ ਦੇਵਾਂਗੇ। ਅੱਵਲ ਤੇ ਅਮਰ ਸਿੰਘ ਨੂੰ ਮਾਰ ਦਿਆਂਗੇ ਨਹੀ ਤੇ ਮਾਰਨ ਤੋ ਵੀ ਭੈੜਾ ਹਾਲ ਕਰਾਂਗੇ।

ਜਿਸ ਕਾਰਖਾਨੇ ਮੈ ਕੰਮ ਕਰਦਾ ਸਾਂ, ਉਸਦੇ ਤਿੰਨ ਦਰਵਾਜੇ ਸਨ। ਇਹਨਾਂ ਵਿੱਚੋ ਦੋ ਖੁੱਲੇ ਰਹਿੰਦੇ ਸਨ ਤੇ ਇੱਕ ਸਦਾ ਹੀ ਬੰਦ ਰਹਿੰਦਾ ਸੀ। ਇਸ ਦਰਵਾਜੇ ਅੱਗੇ ਬੜੇ ਬੜੇ ਖੱਡੇ ਭੱਠੇ ਵਾਲਿਆਂ ਨੇ ਪੁਟੇ ਹੋਏ ਸਨ। ਕਾਰਖਾਨੇ ਦੀ ਦੀਵਾਰ ਦੇ

ਨਾਲ ਨਾਲ ਇਹਨਾ ਖੱਡਿਆਂ ਵਿੱਚ ੩੦ ਕੁ ਬੰਦੇ ਛੁਪ ਕੇ ਬੈਠੇ ਹੋਏ ਸਨ ਤੇ ਦੂਸਰੇ ਬੰਨੇ ਬਾਜਾਰ ਵਿੱਚ ੧੫੦ ਦੇ ਕਰੀਬ ਬੰਦੇ ਬੈਠੇ ਹੋਏ ਸਨ। ਕੁਝ ਬੰਦੇ ਸਟੇਸ਼ਨ ਤੇ ਬੈਠੇ ਸਨ ਤੇ ਕੁਝ ਬੱਸ ਅੱਡੇ ਤੇ ਇਸ ਤਰ੍ਹਾਂ ਸਭ ਰਸਤੇ ਰੋਕੀ ਬੈਠੇ ਸਨ ਪਰ ਮੈਨੂੰ ਇਸ ਗੱਲ ਦਾ ਕੋਈ ਪਤਾ ਨਹੀ ਸੀ ਤੇ ਕਾਰਖਾਨੇ ਦੇ ਅੰਦਰ ਉਹ ਆ ਨਹੀ ਸਨ ਸਕਦੇ। ਮੇਰੇ ਪਾਸ ਪ੍ਰੀਤਮ ਕੌਰ ਦੇ ਪਿਤਾ ਜੀ ਸੰਤ ਅੱਛਰ ਸਿੰਘ ਜੀ ਆਏ ਤੇ ਉਹਨਾਂ ਨੇ ਮੈਨੂੰ ਕਿਹਾ, "ਅਮਰ ਸਿੰਘ ੫ ਵਜੇ ਦੀ ਗੱਡੀ ਤੋਂ ਪਹਿਲਾਂ ਪਹਿਲਾਂ ਤੁਸੀ ਇਥੋਂ ਚਲੇ ਜਾਉ, ਲਾਹੌਰ ਕਰਤਾਰ ਸਿੰਘ ਨੇ ਇਸ ਗੱਡੀ ਆ ਜਾਣਾ ਹੈ।" ਮੈ ਉੱਤਰ ਦਿੱਤਾ, "ਸੰਤ ਜੀ ਕਾਰਖਾਨੇ ਦੇ ਚਾਰੇ ਪਾਸੇ ਉਹਨਾਂ ਨੇ ਘੇਰਾ ਪਾਇਆ ਹੋਇਆ ਹੈ। ਮੈ ਕਿਤੇ ਵੀ ਨਹੀਂ ਜਾਣਾਂ ਤੁਸੀ ਘਰ ਪਰਤ ਜਾਓ।" ਪਰ ਸੰਤ ਨਾ ਮੰਨੇ ਤੇ ਕਹਿਣ ਲਗੇ, "ਮੈ ਬਾਹਰੋ ਹੀ ਆਇਆ ਹਾਂ, ਬਾਹਰ ਤੇ ਕੋਈ ਵੀ ਨਹੀ ਤੁਸੀਂ ਛੇਤੀ ਇਥੋਂ ਤੁਰ ਜਾਓ ਮੈ ਸੰਤਾਂ ਦੇ ਆਖੇ ਲੱਗ ਕੇ ਪ੍ਰੀਤਮ ਕੌਰ ਨੂੰ ਨਾਲ ਲੈ ਕੇ ਨਾਲ ਹੀ ਸੰਤ ਸਨ, ਅਸੀ ਤਿੰਨੇ ਜਣੇ ਪਿਛਲੇ ਦਰਵਾਜੇ ਤੋ ਬਾਹਰ ਨਿਕਲੇ ਜਿਹੜਾ ਕਿ ਸਦਾ ਬੰਦ ਰਹਿੰਦਾ ਸੀ। ਚੌਕੀਦਾਰ ਦਰਵਾਜਾ ਬੰਦ ਕਰਕੇ ਵਾਪਿਸ ਤੁਰ ਗਿਆ ਸੀ, ਤੇ ਜਦੋਂ ਅਸੀ ਉਥੋਂ ਤੁਰੇ ਤੇ ਖੱਡਿਆ ਵਿੱਚ ਜੋ ਬੰਦੇ ਲੁਕ ਕੇ ਬੈਠੇ ਸਨ, ਉਹ ਵੀ ਨਿਕਲ ਪਏ ਉਹਨਾਂ ਵਿੱਚੋ ਇੱਕ ਬੰਦਾ ਦੂਸਰੇ ਬੰਦਿਆਂ ਵੱਲ ਗਿਆ ਤੇ ਬਾਕੀ ਸਾਡੇ ਨਾਲ ਨਾਲ ਬਰਾਬਰ ਤੁਰੇ ਰਹੇ। ਮੇਰੇ ਕੋਲ ਕੋਈ ਸੋਟਾ ਵੀ ਨਹੀਂ ਸੀ। ਮੈ ਹੱਥੋਂ ਬਿਲਕੁਲ ਖਾਲੀ ਸਾਂ। ਮੈ ਸੰਤਾਂ ਨੂੰ ਆਖਿਆ, "ਛੇਤੀ ਛੇਤੀ ਤੁਰੋ, ਕਾਰਖਾਨੇ ਪਹੁੰਚ ਜਾਈਏ।" ਜਦ ਅਸੀ ਕਾਰਖਾਨੇ ਦੇ ਕੋਣੇ ਤੇ ਪੁੱਜੇ ਤੇ ਅਗੋਂ ੧੫੦ ਦੇ ਕਰੀਬ ਬੰਦੇ ਭੱਜੇ ਆਉਣ, ਇੱਕ ਫਰਲਾਂਗ ਦਾ ਫਾਸਲਾ ਰਹਿ ਗਿਆ ਸੀ ਤੇ ਮੈ ਸੰਤਾਂ ਨੂੰ ਕਿਹਾ, "ਛੇਤੀ ਨਾਲ ਇਸ ਕਾਰਖਾਨੇ ਦੇ ਦਰਵਾਜੇ ਦੇ ਅੰਦਰ ਲੰਘੋ।" ਇਹ ਦੋਵੇ ਪਿਓ ਧੀ ਅੰਦਰ ਲੰਘੇ ਤੇ ਮੈ ਵੀ ਅੰਦਰ ਲੰਘ ਕੇ ਦਰਵਾਜਾ ਬੰਦ ਕਰਕੇ ਕੁੰਡਾ ਮਾਰ ਲਿਆ ਤੇ ਏਨੇ ਚਿਰ ਨੂੰ ਉਹ ਬੰਦੇ ਪੁੱਜ ਗਏ ਤੇ ਦਰਵਾਜਾ ਬਾਂਸਾਂ ਦਾ ਸੀ ਤੇ ਇੱਕ ਬੰਦੇ ਨੇ ਬਾਂਸਾਂ ਦੇ ਵਿੱਚੋਂ ਦੀ ਮੈਨੂੰ ਬਰਛਾ ਮਾਰਿਆ। ਪਰ ਮੈਨੂੰ ਬਰਛਾ ਨਾ ਵੱਜਾ ਕੁਦਰਤੀ ਮੇਰਾ ਹੱਥ ਬਰਛੇ ਨੂੰ ਪੈ ਗਿਆ ਤੇ ਮੈ ਝਟਕੇ ਨਾਲ ਬਰਛਾ ਉਸ ਕੋਲੋਂ ਖੋਹ ਲਿਆ। ਏਨੇ ਚਿਰ ਨੂੰ ਇਸ ਕਾਰਖਾਨੇ ਵਿੱਚੋਂ ਫਤਹਿ ਸਿੰਘ ਫਿਟਰ ਸੀ ਉਹ ਭੱਜ ਕੇ ਮੇਰੇ ਕੋਲ ਆਇਆ ਮੈ ਉਸਨੂੰ ਕਿਹਾ, "ਤੂੰ ਸੰਤਾਂ ਨੂੰ ਅਪਣੇ ਕੁਵਾਟਰ ਵਿੱਚ ਲੈ ਜਾ," ਤੇ ਉਹ ਸੰਤਾਂ ਨੂੰ ਤੇ ਪ੍ਰੀਤਮ ਕੌਰ ਨੂੰ ਅਪਣੇ ਕੁਵਾਟਰ ਵਿੱਚ ਬਿਠਾ ਕੇ ਫਿਰ ਮੇਰੇ ਕੋਲ ਆਇਆ। ਉਹ ਦੋਵੇਂ ਕਮਰੇ ਨੂੰ ਅੰਦਰੋ ਕੁੰਡਾ ਮਾਰ ਕੇ ਬੈਠ ਗਏ ਤੇ ਕਾਰਖਾਨੇ ਵਿੱਚ ਰੌਲਾ ਪੈ ਗਿਆ ਤੇ ਦੂਸਰੀ ਪਾਰਟੀ ਦੇ ਬੰਦੇ ਕੰਧਾਂ ਤੇ ਚੜ੍ਹ ਗਏ ਉਹ ਕੋਈ ੩੦੦ ਦੇ ਕਰੀਬ ਬੰਦੇ ਸਨ ਉਹ ਲਲਕਾਰੇ ਮਾਰੀ ਜਾਣ। ਮੈ ਛੇਤੀ

ਨਾਲ ਦਫਤਰ ਵਿੱਚ ਜਾ ਕੇ ਸਰਦਾਰ ਗੁਰਬਖਸ਼ ਸਿੰਘ ਨੂੰ ਟੈਲੀਫੋਨ ਕੀਤਾ ਇਹ ਡਿਪਟੀ ਸੀ। ਕੁਦਰਤੀ ਸ੍ਰਦਾਰ ਜੀ ਆਪ ਹੀ ਦਫਤਰ ਵਿੱਚ ਬੈਠੇ ਸਨ। ਉਹਨਾਂ ਦੇ ਪੁਛੱਣ ਤੇ ਮੈਂ ਦਸਿਆ ਕਿ ਮੈਂ ਸੰਤ ਅਮਰ ਸਿੰਘ ਹਾਂ ਜੀ ਐਸ ਵਕਤ ਮੇਰੀ ਮਦਦ ਕਰੋ। ਮੇਰੇ ਮਾਰਨ ਨੂੰ ਢਾਈ ਤਿੰਨ ਸੌ ਬੰਦਾ ਮੇਰੇ ਮਗਰ ਪਿਆ ਹੋਇਆ ਹੈ ਸਰਦਾਰ ਨੇ ਉਸੇ ਵੇਲੇ ਪੁਲਸ ਨੂੰ ਫੋਨ ਕੀਤਾ ਕਿ ਵਰਦੀ ਪਾਉਣ ਦੀ ਕੋਈ ਲੋੜ ਨਹੀ। ਜਲਦੀ ਉੱਤਮ ਸਿੰਘ ਦੇ ਕਾਰਖਾਨੇ ਪੁਜੋ ਨਹੀ ਤੇ ਬਦਮਾਸ਼ ਪਾਰਟੀ ਸੰਤ ਅਮਰ ਸਿੰਘ ਨੂੰ ਕਤਲ ਕਰ ਦੇਵੇਗੀ। ਪੁਲਸ ਉਸੇ ਵਕਤ ਰਫਲਾਂ ਲੈ ਕੇ ਪੰਜ ਮਿੰਟ ਵਿੱਚ ਪੁੱਜ ਗਈ ਤੇ ਹਵਾਈ ਫਾਇਰ ਕੀਤੇ ਤੇ ਉਹ ਸਾਰੀ ਪਾਰਟੀ ਦੌੜ ਗਈ ਤੇ ਥਾਣੇਦਾਰ ਨੇ ਪੁਛਿਆ ਕਿ ਅਮਰ ਸਿੰਘ ਕਿਹੜਾ ਹੈ।'' ਮੈਂ ਦੱਸਿਆ ਕਿ ਮੈਂ ਹਾਂ ਉਸਨੇ ਲੜਾਈ ਦਾ ਕਾਰਨ ਪੁਛਿਆ। ਮੈਂ ਸਾਰੀ ਗੱਲ ਬਾਤ ਸਮਝਾਈ ਤੇ ਥਾਣੇਦਾਰ ਨੇ ਪੁਛਿਆ ਕਿ ਹੁਣ ਕੀ ਕਰਨਾ ਚਾਹੁੰਦਾ ਹੈ? ਮੈਂ ਆਖਿਆ, ''ਮੈਨੂੰ ਮੰਗਤ ਸ਼ਾਹ ਦੇ ਕਾਰਖਾਨ ਪੁਚਾ ਦਿਓ। ਮੇਰੇ ਜਥੇ ਨੂੰ ਵੀ ਪਤਾ ਲਗਾ ਉਹ ਵੀ ੩੦-੪੦ ਜਣੇ ਆ ਗਏ। ਸਾਨੂੰ ਤਿੰਨਾਂ ਨੂੰ ਪੁਲਸ ਨੇ ਮੰਗਤ ਸ਼ਾਹ ਦੇ ਕਾਰਖਾਨੇ ਪੁਚਾ ਕੇ ਫਿਰ ਪੁਲਸ ਵਾਪਿਸ ਚਲੀ ਗਈ ਤੇ ਪੰਜ ਵਜੇ ਵੀ ਗੱਡੀ ਉਤੇ ਕਰਤਾਰ ਸਿੰਘ ਤੇ ਉਸਦਾ ਭਰਾ ਪ੍ਰਤਾਪ ਸਿੰਘ ਵੀ ਲਾਹੌਰੋਂ ਆ ਗਏ ਉਹਨਾਂ ਨੇ ਆ ਕੇ ਬੜਾ ਸ਼ੋਰ ਮਚਾਇਆ ਪਰ ਕਾਰਖਾਨੇ ਦੇ ਅੰਦਰ ਨਾ ਆ ਸਕੇ, ਪੰਜ ਸੱਤ ਦਿਨ ਰੌਲਾ ਪਾ ਕੇ ਫਿਰ ਲਾਹੌਰ ਵਾਪਿਸ ਚਲੇ ਗਏ।

ਇੱਕ ਮਹੀਨੇ ਬਾਅਦ ਉਹਨਾਂ ਦੀ ਪਾਰਟੀ ਦਾ ਮੈਨੂੰ ਸੁਨੇਹਾ ਆਇਆ ਕਿ ਜੇ ਪਿਓ ਦਾ ਪੁੱਤਰ ਹੈ ਤੇ ਅੱਗੇ ਵਾਂਗ ਗੁਰਦੁਵਾਰੇ ਆ ਕੇ ਕੀਰਤਨ ਕਰ। ਜਿਹੜੀ ਬਾਂਹ ਉੱਚੀ ਕਰਕੇ ਲੈਕਚਰ ਕਰੇਂਗਾ ਤੇਰੀ ਉਹੋ ਬਾਂਹ ਅਸੀ ਵੱਢ ਦਿਆਂਗੇ। ਮੈਂ ਉਹਨਾਂ ਦਾ ਪੈਗਾਮ ਸੁਣ ਕੇ ਕਰਤਾਰ ਸਿੰਘ ਅਰੋੜਾ ਨੂੰ ਆਪਣੇ ਕੋਲ ਬੁਲਾਇਆ ਤੇ ਸਾਰੀ ਗੱਲ ਦੱਸੀ ਤੇ ਉਸਦੀ ਰਾਇ ਪੁਛੀ। ਉਸਨੇ ਕਿਹਾ, ''ਸੰਤ ਜੀ ਲੜਾਈ ਹੋ ਪਵੇਗੀ ਅਜੇ ਚੁੱਪ ਰਹੀਏ ਪਰ ਮੈਂ ਉਸਨੂੰ ਹੌਸਲਾ ਦਿੱਤਾ ਤੇ ਕਿਹਾ ਘਬਰਾ ਨਾ ਸਾਡੇ ਲਾਗੇ ਹੀ ਕਿਸੇ ਨੇ ਨਹੀ ਆਉਣਾ। ਉਹ ਵੀ ਮੰਨ ਗਿਆ।

ਤੰਬੂ ਸਾਹਿਬ ਗੁਰਦੁਵਾਰੇ ਨਿਹੰਗ ਰਹਿੰਦੇ ਸਨ। ਉਹਨਾਂ ਵਿੱਚੋ ਇੱਕ ਨਿਹੰਗ ਸਿੰਘ ਮੇਰਾ ਸ਼ਗਿਰਦ ਸੀ। ਉਸਦਾ ਨਾਮ ਸੀ ਨੰਦ ਸਿੰਘ ਪਹਿਲਵਾਨ। ਮੈਂ ਉਸਨੂੰ ਬੁਲਾਇਆ ਤੇ ਉਹ ਮੇਰੇ ਪਾਸ ਆਇਆ। ਮੈਂ ਉਸ ਨਾਲ ਮਸ਼ਵਰਾ ਕੀਤਾ ਤੇ ਉਸਨੇ ਕਿਹਾ, ''ਸੰਤ ਜੀ ਅਸੀ ਸਾਰੇ ਨਿਹੰਗ ਸਿੰਘ ਤੁਹਾਡੇ ਨਾਲ ਚਲਾਂਗੇ ਕੋਈ ਫਿਕਰ ਨਾ ਕਰੋ।'' ਮੈਂ ਆਖਿਆ ਐਤਵਾਰ ਸ਼ਾਮ ਦੇ ੭ ਵਜੇ ਤੂੰ ਮੇਰੇ ਪਾਸ ਕਾਰਖਾਨੇ ਆ ਜਾਂਵੀਂ ਦੋਵੇ ਇੱਕੱਠੇ ਚਲਾਂਗੇ। ਸਲਾਹ ਪੱਕੀ ਹੋ ਗਈ। ਅੱਜ ਸ਼ੁਕਰਵਾਰ ਸੀ ਤੇ ਐਤਵਾਰ ੧੨

ਵਜੇ ਤੇ ਬਾਅਦ ਨਨਕਾਣੇ ਸਾਹਿਬ ਤੋਂ ਮੰਡੀ ਤੱਕ ਮੁਨਾਦੀ ਕਰਵਾ ਦਿੱਤੀ ਢੋਲ ਨਾਲ, ਢੋਲ ਵਾਲੇ ਨੂੰ ਖਾਸ ਪੱਕੀ ਕੀਤੀ ਕਿ ਉਸ ਪਾਰਟੀ ਦੇ ਘਰਾਂ ਅੱਗੇ ਖਲੋ ਕੇ ਢੋਲ ਵਜਾ ਜੇ ਚੰਗੀ ਤਰ੍ਹਾਂ ਡੱਟ ਕੇ ਆਵਾਜ ਦੇਣੀ ਕਿ ਅੱਜ ਸ਼ਾਮ ਨੂੰ ਸਾਢੇ ਸੱਤ ਵਜੇ ਨਾਮਧਾਰੀ ਗੁਰਦੁਵਾਰੇ ਸੰਤ ਅਮਰ ਸਿੰਘ ਜੀ ਕੀਰਤਨ ਕਰਨਗੇ ਸਭ ਸੰਗਤਾਂ ਹੁਮ ਹੁਮਾਂ ਕੇ ਦਰਸ਼ਨ ਦਿਓ ਤੇ ਰੌਣਕ ਵਧਾਓ। ਤੇ ਬਾਣੀ ਸੁਣ ਕੇ ਲਾਭ ਉੱਠਾਓ। ਅੱਜ ਸ਼ਾਮ ਦੇ ਠੀਕ ੭ ਵਜੇ ਨਿਹੰਗ ਨੰਦ ਸਿੰਘ ੫ ਹੋਰ ਨਿਹੰਗਾਂ ਸਮੇਤ ਮੇਰੇ ਪਾਸ ਆਇਆ ਤੇ ਮੈ ਅੱਗੇ ਹੀ ਤਿਆਰ ਬੈਠਾ ਸਾਂ ਅਸੀ ਸੱਤੇ ਜਣੇ ਤੰਬੂ ਸਾਹਿਬ ਗੁਰਦੁਵਾਰੇ ਪੁੱਜੇ ਏਥੋਂ ੨੦ ਨਿਹੰਗ ਸਿੰਘਾਂ ਦਾ ਜਥਾ ਹੋਰ ਸਾਡੇ ਨਾਲ ਚਲ ਪਿਆ। ਅੱਗੋ ਮੇਰਾ ਜਥਾ ਤੇ ਕੁਝ ਹੋਰ ਸੱਜਣ ਆ ਮਿਲੇ ਤੇ ਅਸੀਂ ਤਕਰੀਬਨ ੬੦ ਕੁ ਬੰਦੇ ਹੋ ਗਏ। ਜੈਕਾਰੇ ਬੁਲਾਉਂਦੇ ਹੋਏ ਮੈਂ ਸਭ ਤੋ ਅੱਗੇ ਤੇ ਬਾਕੀ ਸਭ ਸੰਗਤ ਮੇਰੇ ਨਾਲ ਨਾਲ ਅੱਗੇ ਸੜਕ ਤੇ ਦੂਸਰੀ ਪਾਰਟੀ ਵੀ ਖੜੀ ਸੀ ਉਹ ਤਕਰੀਬਨ ੯੦ ਕੁ ਬੰਦੇ ਸਨ ਪਰ ਕੋਈ ਨਹੀ ਬੋਲਿਆ ਸਭ ਖੜੇ ਰਹੇ। ਅਸੀ ਗੁਰਦੁਵਾਰੇ ਪਹੁੰਚ ਗਏ, ਜਾ ਕੇ ਕੀਰਤਨ ਸ਼ੁਰੂ ਕੀਤਾ ਸਭ ਸੰਗਤਾਂ ਸੁਣ ਰਹੀਆਂ ਸਨ। ਰਾਤ ਦੇ ੧੧ ਵੱਜ ਗਏ ਦੀਵਾਨ ਦਾ ਬੜਾ ਅਨੰਦ ਬਣਿਆ ਸੀ। ਮੈਨੂੰ ਉਹ ਗੱਲ ਯਾਦ ਆਈ ਜੋ ਉਸ ਪਾਰਟੀ ਨੇ ਮੈਨੂੰ ਸੁਨੇਹਾ ਭੇਜਿਆ ਸੀ ਕਿ ਜੇ ਸੰਤ ਅਮਰ ਸਿੰਘ ਹੁਣ ਗੁਰਦੁਵਾਰੇ ਜਾ ਕੇ ਕੀਰਤਨ ਕਰੇ ਜਿਹੜੀ ਬਾਂਹ ਉਤੇ ਕਰਕੇ ਉਹ ਲੈਕਚਰ ਕਰੇਗਾ ਉਸਦੀ ਉਹ ਬਾਂਹ ਵੱਢ ਦਿੱਤੀ ਜਾਵੇਗੀ। ਤੇ ਇੰਹ ਸੋਚਕੇ ਮੈ ਕਿਹਾ, "ਅੱਜ ਮੈ ਕੀਰਤਨ ਕਰ ਰਿਹਾ ਤਾਂ ਜੇ ਉਹ ਅਪਣੇ ਪਿਓ ਦੇ ਪੁੱਤਰ ਹਨ ਤਾਂ ਮੈ ਦੋਵੇ ਬਾਹਵਾਂ ਖੜੀਆਂ ਕੀਤੀਆਂ ਹਨ ਆ ਕੇ ਮੇਰੀਆ ਬਾਹਵਾਂ ਵੱਢਣ ਨਹੀ ਤੇ ਅੱਜ ਤੋ ਉਸ ਪਾਰਟੀ ਦਾ ਨਾਮ ਹਰਾਮ ਦਿਆਂ ਵਿੱਚ ਹੋਵੇਗਾ। "ਇਹ ਗੱਲ ਸੁਣ ਕੇ ਨਿਹੰਗ ਸਿੰਘਾਂ ਨੇ ਜੈਕਾਰੇ ਬੁਲਾਏ। ਤੇ ਉਹ ਪਾਰਟੀ ਵੀ ਭਬਕੀ ਪਰ ਗੁਰਦੁਵਾਰੇ ਦੇ ਅੰਦਰ ਨਹੀ ਆਏ ਬਾਹਰ ਹੀ ਰੌਲਾ ਪਾਉਂਦੇ ਰਹੇ। ਅਸੀ ਕੋਈ ਰਾਤ ਦੇ ਡੇਢ ਵਜੇ ਤਕ ਕੀਰਤਨ ਕਰਦੇ ਰਹੇ ਫਿਰ ਭੋਗ ਪਾਇਆ, ਅਰਦਾਸਾ ਕੀਤਾ ਤੇ ਪ੍ਰਸਾਦ ਵੰਡਿਆ ਤੇ ਸੰਗਤਾਂ ਘਰਾਂ ਨੂੰ ਤੁਰੀਆ ਤੇ ਮੈ ਵੀ ਜਥੇ ਸਮੇਤ ਗੁਰਦੁਵਾਰੇ ਚੋਂ ਬਾਹਰ ਨਿਕਲਿਆ ਅਸੀਂ ਉਸ ਵਕਤ ਕੋਈ ੧੫੦ ਦੇ ਕਰੀਬ ਆਦਮੀ ਸਾਂ ਉਹ ਪਾਰਟੀ ਵੀ ਖੜੀ ਰਹੀ ਪਰ ਗੱਲਬਾਤ ਕੋਈ ਨਾ ਕੀਤੀ ਮੈਨੂੰ ਨਿਹੰਗ ਸਿੰਘ ਕਾਰਖਾਨੇ ਛੱਡ ਕੇ ਵਾਪਿਸ ਚਲੇ ਗਏ। ਇਸ ਤੋ ਬਾਅਦ ਮੈ ੭ ਮਹੀਨੇ ਨਨਕਾਣੇ ਸਾਹਿਬ ਰਿਹਾ ਫਿਰ ਇੱਕੱਲਾ ਹੀ ਤੁਰਦਾ ਫਿਰਦਾ ਰਿਹਾ ਕੋਈ ਗੱਲ ਨਾ ਹੋਈ।

# ੧੯ ਅਤਿ ਉਤੱਮ ਕਾਰੀਗਰ ਅਤੇ ਕੀਰਤਨੀਏ

ਮੈ ਤੇ ਪ੍ਰੀਤਮ ਕੌਰ ਫਿਰ ਅਪਣੇ ਪਿੰਡ 'ਵੇਰਕੇ' ਆ ਗਏ ਮੇਰੇ ਨਗਰ ਵਾਲੇ ਲੋਕ ਮੈਨੂੰ ਆਮ ਨਹੀ ਸਨ ਜਾਣਦੇ। ਅਪਣੀ ਬਰਾਦਰੀ ਦੇ ਲੋਕ ਹੀ ਜਾਣਦੇ ਸਨ। ਕਿਉਂਕਿ ਬਚਪਨ ਤੋਂ ਤਾਂ ਮੈ ਘਰੋਂ ਨਿਕਲ ਗਿਆ ਸਾਂ। ਮਾਤਾ ਪਿਤਾ ਵੀ ਨਹੀ ਸਨ। ਮੈ ਤੇ ਪ੍ਰੀਤਮ ਕੌਰ ਗੁਰਦੁਵਾਰੇ 'ਨਾਨਕਸਰ' ਮੱਥਾ ਟੇਕਣ ਗਏ ਅਤੇ ਅੱਗੇ ਪਾਠ ਹੋ ਰਿਹਾ ਸੀ, ਸੰਗਤ ਬੈਠੀ ਹੋਈ ਸੀ। ਮੈਨੂੰ ਪ੍ਰੀਤਮ ਕੌਰ ਕਹਿਣ ਲਗੀ, "ਜੇ ਤੁਸੀ ਆਖੋ ਤਾਂ ਮੈਂ ਅੱਧਾ ਘੰਟਾ ਪਾਠ ਕਰਾਂ?" ਮੈ ਆਖਿਆ, "ਅਖੰਡ ਪਾਠ ਹੋ ਰਿਹਾ ਹੈ, ਤੂੰ ਪੜ੍ਹ ਲਏਗੀ?" ਉਸ ਕਿਹਾ, "ਪੜ੍ਹ ਲਵਾਂਗੀ।" ਮੈਂ ਕਿਹਾ, "ਠੀਕ ਹੈ ਤੇਰੀ ਮਰਜੀ।" ਪ੍ਰੀਤਮ ਕੌਰ ਪਾਠ ਕਰਨ ਲਗ ਪਈ ਤੇ ਸੰਗਤ ਬੈਠੀ ਸੀ; ਇੱਕ ਘੰਟੇ ਵਿੱਚ ਇਸ ਨੇ ੪੫ ਅੰਕ ਪੜ੍ਹ ਲਏ ਬੜੇ ਪ੍ਰੇਮ ਨਾਲ ਉੱਚੀ ਉੱਚੀ ਪੜ੍ਹਿਆ। ਸੰਗਤ ਬੜੀ ਖੁਸ਼ ਹੋਈ ਫਿਰ ਪਾਠੀ ਪਾਠ ਤੇ ਬੈਠ ਗਿਆ ਤੇ ਅਸੀ ਮੱਥਾ ਟੇਕਕੇ ਘਰ ਨੂੰ ਤੁਰੇ ਤੇ ਸਾਡੇ ਨਗਰ ਦਾ ਸ੍ਰ: ਪ੍ਰੀਤਮ ਸਿੰਘ ਰਾਏ ਸਾਹਿਬ ਸੀ ਉਸਨੇ ਮੈਨੂੰ ਆਵਾਜ ਮਾਰੀ ਤੇ ਮੈਂ ਉਸਦੇ ਪਾਸ ਗਿਆ, ਉਸਦੇ ਕੋਲ ਸ੍ਰ: ਗੁਰਬਚਨ ਸਿੰਘ ਜੈਲਦਾਰ ਵੀ ਬੈਠਾ ਸੀ। ਰਾਏ ਸਾਹਿਬ ਨੇ ਮੈਨੂੰ ਪੁਛਿਆ ਕਿ ਮੇਰਾ ਪਿੰਡ ਕਿਹੜਾ ਹੈ ਮੈਂ ਹੱਸ ਕੇ ਉੱਤਰ ਦਿੱਤਾ ਕਿ ਤੁਸੀ ਮੈਨੂੰ ਨਹੀ ਜਾਣਦੇ ਮੇਰਾ ਇਹੋ ਪਿੰਡ ਹੈ ਵੇਰਕਾ ਹੀ।" ਉਹ ਕਹਿਣ ਲਗਾ, "ਤੂੰ ਕਿਸਦਾ ਪੁੱਤਰ ਹੈਂ?" ਮੈ ਉੱਤਰ ਦਿੱਤਾ, "ਮੈ ਦੇਵਾ ਸਿੰਘ ਰਾਮ ਗੜ੍ਹੀਏ ਦਾ ਪੁੱਤਰ ਹਾਂ ਜੀ।" ਮੇਰੀ ਇਹ ਗੱਲ ਸੁਣ ਕੇ ਉਹਨਾ ਨੇ ਮੈਨੂੰ ਜੱਫੀ ਵਿੱਚ ਲੈ ਲਿਆ ਤੇ ਕਹਿਣ ਲਗੇ . "ਤੂੰ ਕਿੱਥੇ ਰਹਿੰਦਾ ਹੈਂ।" ਮੈ ਜੁਵਾਬ ਦਿੱਤਾ, "ਜੀ ੧੮ ਸਾਲ ਤੇ ਮੈ ਸੰਤਾਂ ਨਾਲ ਰਿਹਾ ਹਾਂ ਤੇ ਹੁਣ ਮੈ ਨਨਕਾਣੇ ਸਾਹਿਬ ਕੰਮ ਕਰਦਾ ਹਾਂ ਜੀ।"

ਅਸਾਂ ਦੋਹਾਂ ਨੇ ਰੋਜ ਗੁਰਦੁਵਾਰੇ ਜਾਣਾਂ ਫਿਰ ਦੋ ਚਾਰ ਵੇਰ ਗੁਰਦੁਵਾਰੇ ਕਥਾ ਕੀਤੀ ਕੀਰਤਨ ਵੀ ਕੀਤਾ ਤੇ ਇੱਕ ਦਿਨ ਰਾਏ ਸਾਹਿਬ ਮੈਨੂੰ ਕਹਿਣ ਲਗਾ ਕਿ ਸੰਤ

ਅਮਰ ਸਿੰਘ ਨੂੰ ਪਿੰਡ ਹੀ ਰਿਹਾ ਕਰ। ਮੈਂ ਉੱਤਰ ਦਿੱਤਾ ਕਿ ਬਾਹਰ ਤੇ ਕਾਰਖਾਨਿਆ ਵਿੱਚ ਕੰਮ ਮਿਲ ਜਾਂਦਾ ਹੈ ਤੇ ਪਿੰਡ ਕੀ ਕੰਮ ਕਰਿਆ ਕਰਾਂਗਾ। ਉਸੇ ਵਕਤ ਰਾਏ ਸਾਹਿਬ ਮੈਨੂੰ ਨਾਲ ਲੈ ਕੇ ਜੈਲਦਾਰ ਦੀ ਕੋਠੀ ਪਹੁੰਚਾ ਤੇ ਜੈਲਦਾਰ ਨਾਲ ਮੇਰੇ ਕੰਮ ਵਾਸਤੇ ਗੱਲਬਾਤ ਕੀਤੀ ਤੇ ਇਹਨਾਂ ਦੋਹਾਂ ਨੇ ਮਸ਼ਵਰਾ ਕੀਤਾ ਤੇ ਮੈਨੂੰ ਨਾਲ ਲੈ ਕੇ ਉਸੇ ਵਕਤ ਮੈਟਰੋ-ਪੋਲਕਾਰਖਾਨੇ ਲਾਲਾ ਛਬੀਲ ਦਾਸ ਕੋਲ ਪੁੱਜੇ ਤੇ ਉਸਨੂੰ ਮਿਲੇ ਤੇ ਰਾਏ ਸਾਹਿਬ ਨੇ ਲਾਲਾ ਜੀ ਨੂੰ ਆਖਿਆ, "ਇਹ ਸਾਡਾ ਬੱਚਾ ਹੈ ਇਸਨੂੰ ਕੰਮ ਉਤੇ ਲਾ ਲਵੋ।" ਮੈਨੂੰ ਕੰਮ ਬਾਰੇ ਪੁਛਿਆ ਕਿ ਮੈ ਕੀ ਕੰਮ ਕਰ ਸਕਦਾ ਹਾਂ। ਮੈਂ ਉੱਤਰ ਦਿੱਤਾ, "ਜੀ ਮੈ ਫਿਟਰਾਂ ਦਾ ਕੰਮ ਜਾਣਦਾ ਹਾਂ।" ਤੇ ਲਾਲਾ ਜੀ ਨੇ ਉਸੇ ਵਕਤ ਮੈਨੇਜਰ ਸਾਹਿਬ ਨੂੰ ਬੁਲਾ ਕੇ ਆਡਰ ਦਿੱਤਾ ਕਿ ਇਸ ਬੰਦੇ ਦਾ ਨਾਮ ਨੋਟ ਲੈ ਕੱਲ ਸਵੇਰੇ ਸੱਤ ਵਜੇ ਤੋਂ ਕੰਮ ਤੇ ਆਵੇਗਾ ਤੇ ਫਿਟਰਾਂ ਵਿੱਚ ਕੰਮ ਕਰੇਗਾ।" ਸ੍ਰ: ਸੋਹਣ ਸਿੰਘ ਫੋਰ ਮੈਨ ਨੂੰ ਕਹਿ ਦੇਣਾ ਕਿ ਇਸਨੂੰ ਕੰਮ ਦੇਵੇ ਤੇ ਟਰਾਈ ਲਵੇ। ਮੈਨੇਜਰ ਮੇਰਾ ਨਾਮ ਨੋਟ ਕਰਕੇ ਲੈ ਗਿਆ। ਬਾਅਦ ਵਿੱਚ ਮੈਨੂੰ ਲਾਲਾ ਜੀ ਨੇ ਪੁਛਿਆ, "ਅਮਰ ਸਿੰਘ, ਤੇਰੇ ਪਾਸ ਕੋਈ ਸਰਟੀਫਿਕੇਟ ਵੀ ਹੈ?" ਮੈਂ ਉੱਤਰ ਦਿੱਤਾ, "ਲਾਲਾ ਜੀ, ਸਰਟੀਫਿਕੇਟ ਤੇ ਮੇਰੇ ਦੋਵੇਂ ਹੱਥ ਹੀ ਹਨ ਜਿਹਨਾਂ ਨਾਲ ਮੈਂ ਕੰਮ ਕਰਨਾ ਹੈ ਜੀ ਬਾਕੀ ਜੇ ਸਰਟੀਫਿਕੇਟ ਵੇਖਣੇ ਹਨ ਤਾਂ ਮੈ ਸਵੇਰੇ ਹੀ ਲੈ ਆਵਾਂਗਾ।" ਲਾਲਾ ਜੀ ਕਹਿਣ ਲਗੇ, "ਗੱਲਾਂ ਬਹੁਤ ਜਾਣਦਾ ਹੈ।" ਰਾਏ ਸਾਹਿਬ ਨੇ ਆਖਿਆ, "ਲਾਲਾ ਜੀ ਇੰਹ ਕਥਾ ਤੇ ਲੈਕਚਰ ਵੀ ਚੰਗਾ ਕਰ ਲੈਂਦਾ ਹੈ।" ਜੈਲਦਾਰ ਕੋਲ ਹੀ ਖੜਾ ਸੀ ਕਹਿਣ ਲਗਾ, "ਇਹ ਤਾਂ ਹਰ ਕੰਮ ਵਿੱਚ ਪਾਸ ਹੈ ਜੀ।"

ਅਗਲੇ ਦਿਨ ਸਵੇਰੇ ਸੱਤ ਵਜੇ ਮੈਂ ਕਾਰਖਾਨੇ ਪਹੁੰਚ ਗਿਆ। ਮੈਨੇਜਰ ਸਾਹਿਬ ਬਾਹਰ ਹੀ ਬੈਠੇ ਸਨ। ਮੈਂ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ, ਸਾਹਮਣੇ ਹੀ ਸ੍ਰ: ਸੋਹਣ ਸਿੰਘ ਫੋਰਮੈਨ ਵੀ ਆ ਗਿਆ ਤੇ ਮੈਨੇਜਰ ਸਾਹਿਬ ਨੇ ਸ੍ਰ: ਸੋਹਣ ਸਿੰਘ ਨੂੰ ਬੁਲਾ ਕੇ ਕਿਹਾ, "ਇਸ ਬੰਦੇ ਨੂੰ ਫਿਟਰਾਂ ਦੇ ਕੰਮ ਤੇ ਲਗਾਓ ਤੇ ਟਰਾਈ ਲਵੋ ਜੀ।" ਫੋਰਮੈਨ ਨੇ ਮੈਨੂੰ ਕੰਮ ਦੇ ਦਿੱਤਾ। ਬੈਡ ਵਿੱਚ ਸਲਾਈਡ ਫਿੱਟ ਕਰਨਾ ਸੀ। ਮੈਂ ਫੋਰਮੈਨ ਨੂੰ ਕਿਹਾ, "ਇਹ ਤਾਂ ਮਾਮੂਲੀ ਕੰਮ ਹੈ ਕੋਈ ਹੋਰ ਔਖਾ ਕੰਮ ਦਿਓ ਮੈ ਕਰਕੇ ਵਖਾਵਾਂਗਾ।" ਉਸਨੇ ਕਿਹਾ, "ਅੱਜ ਇਹ ਕੰਮ ਕਰਕੇ ਦਿਖਾ, ਕੱਲ ਨੂੰ ਨਵਾਂ ਕੰਮ ਦਿਆਂਗੇ।" ਉਸਨੇ ਮੈਨੂੰ ਇੱਕ ਪਰਚਾ ਲਿਖ ਦਿੱਤਾ, ਮੈਂ ਸਟੋਰ ਵਿੱਚ ਜਾ ਕੇ ਪਰਚਾ ਦਿਖਾ ਕੇ ਬਾਬੂ ਪਾਸੋਂ ਨਵੀ ਰੇਤੀ ਲਿਆ ਕੇ ਜੋ ਕੰਮ ਮੈਨੂੰ ਮਿਲਿਆ ਸੀ ਮੈਂ ਦੋ ਘੰਟਿਆਂ ਵਿੱਚ ਤਿਆਰ ਕਰਕੇ ਫੋਰਮੈਨ ਨੂੰ ਦਿਖਾ ਦਿੱਤਾ। ਮੈਂ ਤੇ ਫੋਰਮੈਨ ਅੱਜੇ ਗੱਲਾਂ ਹੀ ਕਰਦੇ ਸਾਂ ਕਿ ਚੀਫ ਇਨੰਜੀਨੀਅਰ ਇਥੇ ਆ ਗਿਆ ਤੇ ਸ੍ਰਦਾਰ ਨੇ ਕੰਮ ਇਨੰਜੀਨੀਅਰ ਨੂੰ ਦਿਖਾਇਆ,

ਉਸਨੇ ਚੈਕ ਕਰਕੇ, ਪਾਸ ਕਰ ਦਿੱਤਾ ਤੇ ਉਸਨੇ ਆਡਰ ਦਿੱਤਾ, "ਇਸਨੂੰ ਦੂਸਰੇ ਕਮਰੇ ਵਿੱਚ ਹੋਰ ਬਦਲ ਕੇ ਕੰਮ ਦਿਓ, ਇਹ ਕਾਰੀਗਰ ਸਮਝਦਾਰ ਜਾਪਦਾ ਹੈ। ਉਸੇ ਵਕਤ ਸਰਦਾਰ ਮੈਨੂੰ ਦੂਸਰੇ ਕਮਰੇ ਵਿੱਚ ਲੈ ਗਿਆ। ਉਸ ਕਮਰੇ ਵਿੱਚ ਭਾਰੀ ਗੜ੍ਹ ਮੁਸਲਮਾਨਾਂ ਦਾ ਸੀ। ਇਹਨਾਂ ਵਿੱਚ ਇੱਕ ਫਿਟਰ ਇਸਮਾਈਲ ਸੀ। ਇਹ ਸਾਡੇ ਗਰੋਹ ਦਾ ਇੰਚਾਰਜ ਸੀ। ਇਸਦਾ ਰੇਟ ਡੇਢ ਰੁ: ਸੀ। ਇਹ ਰੋਜ ਸਿਰਫ ਇੱਕ ਬਾਂਕ ਨੂੰ ਦੰਦ ਲਾ ਕੇ ਤਿਆਰ ਕਰਦਾ ਸੀ। ਇਸਦੇ ਮੁਕਾਬਲੇ ਤੇ ਮੈਨੂੰ ਵੀ ਸਰਦਾਰ ਨੇ ਇਹੋ ਹੀ ਕੰਮ ਦਿੱਤਾ ਜੋ ਇਹ ਕਰਦਾ ਸੀ। ਮੈਂ ਕੰਮ ਕਰਨਾ ਸ਼ੁਰੂ ਕੀਤਾ ਤੇ ਬਾਰਾਂ ਵਜੇ ਤੋਂ ਬਾਅਦ ਇੱਕ ਵਜੇ, ਦਿਨ ਸ਼ਨਿਚਰਵਾਰ ਦਾ ਸੀ ਤੇ ਇਸ ਪਾਰਟੀ ਨੇ ਸੋਚਿਆ ਕਿ ਜੇ ਕਰ ਸਿੱਖ ਕਾਮਯਾਬ ਹੋ ਗਿਆ ਤਾਂ ਬੜੀ ਬੁਰੀ ਗੱਲ ਹੈ। ਸ਼ਾਮ ਤਕ ਇਹਨਾਂ ਨੇ ਮੇਰੇ ਪੈਰ ਨਾ ਲੱਗਣ ਦਿੱਤੇ, ਕੰਮ ਅਧੂਰਾ ਰਹਿ ਗਿਆ ਤੇ ੭ ਵੱਜ ਗਏ ਛੁੱਟੀ ਹੋ ਗਈ ਸਭ ਅਪਣੇ ਅਪਣੇ ਘਰਾਂ ਨੂੰ ਚਲੇ ਗਏ। ੬,੦੦੦ ਆਦਮੀ ਇਸ ਕਾਰਖਾਨੇ ਵਿੱਚ ਕੰਮ ਕਰਦਾ ਸੀ। ਫਿਰ ਸੋਮਵਾਰ ਮੈਂ ਕਾਰਖਾਨੇ ਗਿਆ ਤੇ ਇੱਕ ਸਿੱਖ ਫਿਟਰ ਸੀ ਉਸਨੇ ਮੈਨੂੰ ਕਿਹਾ, "ਸੰਤ ਜੀ, ਇਹਨਾਂ ਮੁਸਲਮਾਨਾਂ ਨੇ ਤੁਹਾਨੂੰ ਕਾਮਯਾਬ ਨਹੀ ਹੋਣ ਦੇਣਾਂ ਤੇ ਮੇਰੇ ਦਿਲ ਵਿੱਚ ਵੀ ਇਹ ਗੱਲ ਬੈਠ ਗਈ।"

ਮੈਂ ਸੋਮਵਾਰ ਨੂੰ ਕੰਮ ਤੇ ਆ ਕੇ ਉਸੇ ਵੇਲੇ ਆਪਣਾਂ ਸਮਾਨ ਚੁੱਕ ਕੇ ਦੂਸਰੇ ਅੱਡੇ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੈਂ ੧੨ ਵਜੇ ਤਕ ਦੋ ਬਾਂਕਾਂ ਦੇ ਮੂੰਹ ਤਿਆਰ ਕਰ ਦਿੱਤੇ ਤੇ ੧੨ ਵਜੇ ਛੁੱਟੀ ਹੋਈ ਤੇ ਫਿਰ ਇੱਕ ਵਜੇ ਤੋਂ ਬਾਅਦ ਮੈਂ ਇੱਕ ਬਾਂਕ ਹੋਰ ਤਿਆਰ ਕਰ ਦਿੱਤੀ। ਛੇ ਵਜੇ ਸ੍ਰ: ਸੋਹਣ ਸਿੰਘ ਤੇ ਲਾਲਾ ਜੀ ਮੇਰੇ ਅੱਡੇ ਤੇ ਆਏ ਮੈਂ ਸਤਿ ਸ੍ਰੀ ਅਕਾਲ ਬੁਲਾਈ ਸ੍ਰਦਾਰ ਨੇ ਮੈਨੂੰ ਪੁਛਿਆ ਕਿ ਕੀ ਕੰਮ ਕੀਤਾ ਹੈ। ਮੈਂ ਤਿੰਨੇ ਬਾਕਾਂ ਅੱਗੇ ਰੱਖ ਦਿੱਤੀਆਂ। ਲਾਲਾ ਜੀ ਵੀ ਕੋਲ ਹੀ ਖੜੇ ਸਨ। ਸ੍ਰਦਾਰ ਨੇ ਬਾਂਕਾਂ ਚੈਕ ਕੀਤੀਆਂ ਤੇ ਮੇਰਾ ਕੰਮ ਪਾਸ ਹੋ ਗਿਆ। ਮੈਂ ਰੋਜ ਤਿੰਨ ਬਾਕਾਂ ਤਿਆਰ ਕਰਦਾ ਰਿਹਾ ਤੇ ੧੫ ਦਿਨਾਂ ਬਾਅਦ ੭ ਤਰੀਕ ਅਠਵੇਂ ਮਹੀਨੇ ਦੀ ਆ ਗਈ ਤੇ ਤਨਖਾਹ ਵੰਡਣੀ ਸ਼ੁਰੂ ਹੋਈ ਮੈਨੂੰ ਕਾਰਡ ਮਿਲਿਆ ਹੋਇਆ ਸੀ ਜਿਸਤੇ ਰੋਜ ਹਾਜਰੀ ਲਗਦੀ ਸੀ। ਅੱਜ ਟਾਈਮ ਕੀਪਰ ਨੇ ਮੇਰੇ ਪਾਸੋਂ ਮੇਰਾ ਕਾਰਡ ਲੈ ਲਿਆ ਤੇ ਥੋੜੀ ਦੇਰ ਬਾਅਦ ਕਾਰਡ ਦੇ ਗਿਆ ਤੇ ਕਹਿਣ ਲਗਾ ਕਿ ਆ ਕੇ ਤਨਖਾਹ ਲੈ ਜਾਓ। ਇਸ ਕਾਰਡ ਤੇ ਮੇਰਾ ਰੇਟ ੧ ਰੁ: ੫ ਆਨੇ ਲਿਖਿਆ ਹੋਇਆ ਸੀ। ਮੈਂ ਇਹ ਰੇਟ ਵੇਖਿਆ ਤੇ ਮੇਰੇ ਗੁੱਸੇ ਦੀ ਕੋਈ ਹੱਦ ਹੀ ਨਾ ਰਹੀ ਕਿਉਂਕਿ ਇਸਮਾਈਲ ਇੱਕ ਬਾਂਕ ਤਿਆਰ ਕਰੇ ਤਾਂ ਉਸਦਾ ੧ ਰੁ: ੮ ਆਨੇ। ਮੈਂ ਤਿੰਨ ਤਿਆਰ ਕਰਾਂ ਤੇ ਮੇਰੇ ਉਸ ਨਾਲੋ ਵੀ ਤਿੰਨ ਆਨੇ ਘਟ, ਐਡੀ ਬੇ ਇਨਸਾਫੀ। ਮੈਂ ਤਨਖਾਹ ਲੈਣ ਨਾ ਗਿਆ

ਸਗੋ ਲਾਲ ਛਬੀਲ ਦਾਸ ਜੀ ਕੋਲ ਪਹੁੰਚਾ। ਲਾਲਾ ਜੀ ਨੇ ਪੁਛਿਆ, "ਤਨਖਾਹ ਲੈ ਲਈ ਅਮਰ ਸਿੰਘ।" ਮੈਨੂੰ ਗੁੱਸਾ ਚੜ੍ਹਿਆ ਹੋਇਆ ਸੀ। ਮੈਂ ਕਿਹਾ, "ਲਾਲਾ ਜੀ ਮੈਂ ਸਵੇਰ ਤੋਂ ਕੰਮ ਤੇ ਨਹੀ ਆਉਣਾ ਕਿਉਂਕਿ ਤੁਹਾਡੇ ਕਾਰਖਾਨੇ ਵਿੱਚ ਕੋਈ ਇਨਸਾਫ ਨਹੀਂ। ਉਹਨਾਂ ਦੇ ਪੁਛੱਣ ਤੇ ਮੈਂ ਦਸਿਆ ਕਿ ਮੈਂ ਕੰਮ ਜਿਆਦਾ ਕਰਾਂ ਤੇ ਰੇਟ ਮੇਰਾ ਇਸਮਾਈਲ ਨਾਲੋਂ ਘੱਟ। ਲਾਲਾ ਜੀ ਨੇ ਮੇਰਾ ਕਾਰਡ ਲੈ ਕੇ ਇੱਕ ਰੁ: ਪੰਜ ਆਨੇ ਕੱਟ ਕੇ ਦੋ ਰੁ: ਲਿਖ ਦਿੱਤਾ ਤੇ ਦਸਖਤ ਕਰ ਦਿੱਤੇ ਤੇ ਕਹਿਣ ਲਗੇ, "ਹੁਣ ਤੂੰ ਖੁਸ਼ ਹੈ।" ਮੈਂ ਕਿਹਾ, "ਜੀ ਖੁਸ਼ ਹਾਂ।" ਮੈਂ ਜਾ ਕੇ ਕਾਰਡ ਖਜਾਨਚੀ ਨੂੰ ਦਿੱਤਾ ਤੇ ਮੈਨੂੰ ਅਠਾਂ ਦਿਨਾਂ ਦੇ ੧੬ ਰੁ: ਮਿਲੇ ਇਸਤੋਂ ਪਹਿਲਾਂ ਸਿਰਫ ਤਿੰਨਾਂ ਬੰਦਿਆਂ ਦਾ ਰੇਟ ਦੋ ਰੁ: ਸੀ ਤੇ ਚੋਥਾ ਮੇਰਾ ਰੇਟ ਦੋ ਰੁ: ਲੱਗਾ। ਬਾਕੀ ਸਭ ਅੱਠ ਆਨੇ ਤੋਂ ਲੈ ਕੇ ੧੨-੧੪ ਆਨੇ ਆਮ ਰੇਟ ਸੀ। ਮੇਰੇ ਕੰਮ ਦਾ ਰੇਟ ਵਧਣ ਦੀ ਦੇਰ ਸੀ ਕਿ ਸਭ ਮਿਸਤਰੀ ਤੇ ਫਿਟਰ ਮੇਰੇ ਨਾਲ ਈਰਖਾ ਕਰਨ ਲਗ ਪਏ। ਤੇ ਫਿਰ ਜੋ ਵੀ ਕੰਮ ਬਾਹਰੋਂ ਔਖਾ ਆਵੇ ਉਹ ਸ੍ਰ: ਸੋਹਣ ਸਿੰਘ ਮੈਨੂੰ ਕਹੇ ਕਿ ਤੂੰ ਕਰ, ਤੇ ਮੈਂ ਅਨਪੜ੍ਹ, ਸਿਰਫ ਪੰਜਾਬੀ ਸੰਤਾਂ ਪਾਸੋਂ ਪੜ੍ਹੀ ਸੀ ਜਾਂ ਰੇਤੀ ਦਾ ਕੰਮ ਚੰਗਾ ਕਰਦਾ ਸਾਂ।

ਅੰਗਰੇਜਾਂ ਦੀ ਜਪਾਨ ਨਾਲ ਜੰਗ ਸ਼ੁਰੂ ਹੋਈ ਸੀ ਕਿ ਇਸੇ ਦੌਰਾਨ ਲਾਲਾ ਜੀ ਬਲੋਅਰ ਭੱਠੀਆਂ ਦਾ ਆਡਰ ਕਲਕੱਤਿਉਂ ਲੈ ਆਏ। ਤਿੰਨ ਲੱਖ ਬਲੋਅਰ ਭੱਠੀਆਂ ਦਾ ਆਡਰ ਸੀ। ਪਰ ਪਹਿਲਾਂ ਸੈਂਪਲ ਬਣਾ ਕੇ ਕਲਕੱਤੇ ਭੇਜਣਾਂ ਸੀ। ਤੇ ਇਹ ਸੈਂਪਲ ਬਣਾਉਣ ਦਾ ਆਡਰ ਸ੍ਰ: ਸੋਹਣ ਸਿੰਘ ਨੇ ਮੈਨੂੰ ਦਿੱਤਾ। ਨਕਸ਼ਾ ਸਾਰਾ ਤੇ ਮੈਂ ਵੇਖਿਆ ਪਰ ਨਕਸ਼ੇ ਵਿੱਚ ਸਾਰੀ ਅੰਗਰੇਜੀ ਲਿਖੀ ਸੀ। ਮੈਨੂੰ ਸਮਝ ਨਾ ਆਵੇ। ਸਰਦਾਰ ਸਮਝਾਵੇ ਨਾ। ਮੈਂ ਆਖਰ ਚੀਫ ਇਨੰਜੀਨੀਅਰ ਕੋਲ ਨਕਸ਼ਾ ਲੈ ਕੇ ਪੁੱਜ ਗਿਆ ਤੇ ਸਾਰੀ ਗੱਲ ਮੈਂ ਉਸਨੂੰ ਦੱਸੀ ਕਿ ਮੈਂ ਅਨਪੜ੍ਹ ਹਾਂ ਤੇ ਮੈਨੂੰ ਨਕਸ਼ੇ ਦੀ ਕੋਈ ਸਮਝ ਨਹੀ ਆ ਰਹੀ ਕਿਰਪਾ ਕਰਕੇ ਮੈਨੂੰ ਸਮਝਾ ਦਿਓ ਤੇ ਮੈਂ ਇਹ ਕੰਮ ਤਿਆਰ ਕਰ ਸਕਾਂ ਜੀ। ਇਹ ਚੀਫ ਇਨੰਜੀਨੀਅਰ ਮੇਰੀਆਂ ਗੱਲਾਂ ਸੁਣ ਕੇ ਬੜਾ ਖੁਸ਼ ਹੋਇਆ ਤੇ ਮੈਨੂੰ ਕਹਿਣ ਲਗਾ, "ਤੂੰ ਪੰਜਾਬੀ ਵਿੱਚ ਸਭ ਨੋਟ ਕਰ ਲੈ। ਫਿਰ ਸਾਹਬ ਦੱਸੀ ਜਾਵੇ ਤੇ ਮੈਂ ਲਿਖੀ ਜਾਵਾਂ, ਸਾਹਬ ਨੇ ਮੈਨੂੰ ਸਾਰਾ ਕੁਝ ਪੰਜਾਬੀ ਵਿੱਚ ਲਿਖਵਾ ਦਿੱਤਾ ਤੇ ਨਾਲੇ ਸਮਝਾ ਦਿੱਤਾ ਕਿ ਇਹ ਇਸ ਤਰ੍ਹਾਂ ਬਣੇਗਾ ਤੇ ਨਾਲੇ ਕਹਿਣ ਲਗਾ, "ਜਿਸ ਗੱਲ ਦੀ ਹੋਰ ਵੀ ਸਮਝ ਨਾ ਆਵੇ ਤਾਂ ਫਿਰ ਪੁੱਛ ਲਵੀ। ਮੈਂ ਆ ਕੇ ਕੰਮ ਸ਼ੁਰੂ ਕਰ ਦਿੱਤਾ ਤੇ ਚਾਰ ਫਿਟਰ ਮੈਨੂੰ ਕੰਮ ਵਾਸਤੇ ਹੋਰ ਮਿਲ ਗਏ ਪਰ ਜਿੰਮੇਵਾਰੀ ਮੇਰੀ ਸੀ। ੧੫ ਦਿਨ ਵਿੱਚ ਮੈ ਸੈਂਪਲ ਤਿਆਰ ਕਰਕੇ ਸ੍ਰ: ਸੋਹਣ ਸਿੰਘ ਨੂੰ ਦਿਖਾਇਆ ਫਿਰ ਸਾਹਬ ਨੇ ਵੇਖਿਆ ਤੇ ਨਕਸ਼ੇ ਨਾਲ ਚੈਕ ਕਰਕੇ ਪਾਸ ਕਰ ਦਿੱਤਾ ਤੇ ਰੰਗ ਕਰਕੇ ਕਲੱਕਤੇ


ਭੇਜ ਦਿੱਤਾ ਤੇ ਥੋੜੇ ਦਿਨਾਂ ਬਾਅਦ ਹੀ ਤਿੰਨ ਲੱਖ ਦਾ ਹੋਰ ਆਡਰ ਆ ਗਿਆ। ਲਾਲਾ ਜੀ ਬੜੇ ਖੁਸ਼ ਹੋਏ। ਤੇ ਮੈਨੂੰ ਕਹਿਣ ਲਗੇ ਕਿ ਤਿੰਨ ਲੱਖ ਦਾ ਆਡਰ ਆ ਗਿਆ ਹੈ ਤੇ ਮੈਨੂੰ ੩੦ ਰੁ: ਇਨਾਮ ਦਿੱਤਾ ਤੇ ਕਹਿਣ ਲਗੇ, "ਤਿੰਨਾਂ ਮਹੀਨਿਆਂ ਵਿੱਚ ਤਿਆਰ ਕਰਨਾ ਹੈ ਸਾਰਾ ਮਾਲ।" ਸਾਹਬ ਨੇ ਆਖਿਆ, "ਅਮਰ ਸਿੰਘ ਦੇ ਸਪੁਰਦ ਸਾਰਾ ਕੰਮ ਕਰ ਦਿਓ ਤਾਂ ਹੀ ਭੱਠੀਆਂ ਜਲਦੀ ਤਿਆਰ ਹੋਣਗੀਆਂ।" ਅੱਜ ਇਹ ਆਡਰ ਮੈਨੂੰ ਮਿਲ ਗਿਆ ਮੈਂ ਅੱਜ ਤੋਂ ਛੋਟਾ ਮਿਸਤਰੀ ਬਣ ਗਿਆ ਸਾਂ। ਮੈਂ ਆਖਿਆ, "ਲਾਲਾ ਜੀ ਮੈਨੂੰ ਘੱਟ ਤੋਂ ਘੱਟ ੩੦੦ ਬੰਦਾ ਕੰਮ ਵਾਸਤੇ ਚਾਹੀਦਾ ਹੈ ਤਾਂ ਹੀ ਮੇਰੀ ਕਾਮਯਾਬੀ ਹੋ ਸਕਦੀ ਹੈ।" ਮੇਰੀਆਂ ਸਾਰੀਆਂ ਗੱਲਾਂ ਸਾਹਬ ਨੇ ਤੇ ਲਾਲਾ ਜੀ ਨੇ ਮਨਜ਼ੂਰ ਕਰ ਲਈਆਂ ਤੇ ਕੰਮ ਸ਼ੁਰੂ ਹੋ ਗਿਆ। ਪ੍ਰਮਾਤਮਾਂ ਦੀ ਕਿਰਪਾ ਨਾਲ ਤਿੰਨ ਮਹੀਨੇ ਦੇ ਅੰਦਰ ਅੰਦਰ ਸਭ ਮਾਲ ਬਣ ਕੇ ਤਿਆਰ ਹੋ ਗਿਆ ਤੇ ਮਾਲ ਗੌਰਮਿੰਟ ਦੇ ਚੈਕਰ ਆਪ ਆ ਕੇ ਪਾਸ ਕਰ ਗਏ। ਇਸੇ ਖੁਸ਼ੀ ਵਿੱਚ ਲਾਲਾ ਜੀ ਨੇ ਮੇਰੀ ਤਨਖਾਹ ੧੦੦ ਰੁ: ਮਹੀਨਾਂ ਕਰ ਦਿੱਤੀ।"

ਇਸ ਤੋਂ ਬਾਅਦ ਲਾਲਾ ਜੀ ਬੰਬ ਕੈਰੀਅਰ ਦਾ ਸੈਂਪਲ ਕਲਕੱਤਿਓਂ ਲੈ ਆਏ ਤੇ ਨਾਲ ਹੀ ਪੈਰਾਸ਼ੂਟ ਦਾ ਸੈਂਪਲ ਲੈ ਆਏ। ਆ ਕੇ ਮਾਰਟਨ ਸਾਹਬ ਨੇ ਚੀਫ ਇਨੰਜੀਨੀਅਰ ਨੂੰ ਕਿਹਾ ਇਹਨਾਂ ਦੋਹਾਂ ਚੀਜਾਂ ਦੇ ਸੈਂਪਲ ਜਲਦੀ ਤਿਆਰ ਕਰੋ ਕਲੱਕਤੇ ਭੇਜਣੇ ਹਨ। ਤੇ ਜਦੋਂ ਸੈਂਪਲ ਕਲਕੱਤਿਓਂ ਪਾਸ ਹੋ ਕੇ ਆਵੇਗਾ ਤਾਂ ਆਡਰ ਮਿਲੇਗਾ, ਜਲਦੀ ਨਾਲ ਸੈਂਪਲ ਤਿਆਰ ਕਰ ਦਿਓ। ਚੀਫ ਸਾਹਬ ਨੇ ਸ੍ਰ: ਸੋਹਣ ਸਿੰਘ ਨੂੰ ਕਿਹਾ ਕਿ ਬੰਬ ਕੈਰੀਅਰ ਦਾ ਆਡਰ ਪਹਿਲਾਂ ਦੇਣਾਂ ਹੈ ਇਸਦਾ ਸੈਂਪਲ ਪਹਿਲਾਂ ਤਿਆਰ ਕੀਤਾ ਜਾਉ। ਗੁਰਬਖਸ਼ ਸਿੰਘ ਛੋਟਾ ਫੋਰਮੈਨ ਸੀ। ਸ੍ਰ: ਸੋਹਣ ਸਿੰਘ ਨੇ ਉਸਨੂੰ ਇਹ ਕੰਮ ਦੇ ਦਿੱਤਾ ਤੇ ਕਿਹਾ ਕਿ ਪੰਦਰਾਂ ਦਿਨ ਦੇ ਅੰਦਰ ਅੰਦਰ ਸੈਂਪਲ ਤਿਆਰ ਕਰਕੇ ਕਲੱਕਤੇ ਭੇਜਣਾ ਹੈ। ਗੁਬਖਸ਼ ਸਿੰਘ ਨੇ ਨਕਸ਼ਾ ਲੈ ਲਿਆ ਤੇ ਖਾਮੋਸ਼ ਰਿਹਾ। ਲਾਲਾ ਜੀ ਕਸ਼ਮੀਰ ਚਲੇ ਗਏ ਜਦੋਂ ਦੋ ਮਹੀਨੇ ਬਾਅਦ ਲਾਲਾ ਜੀ ਵਾਪਿਸ ਆਏ ਤਾਂ ਸੈਂਪਲ ਬਾਰੇ ਪੁਛਿਆ ਕਿ ਭੇਜ ਦਿੱਤਾ ਗਿਆ ਹੈ? ਤੇ ਸਾਹਬ ਨੇ ਕਿਹਾ ਨਹੀ ਜੀ ਅਜੇ ਤਾਂ ਤਿਆਰ ਹੀ ਨਹੀ ਕੀਤਾ ਸੋਹਣ ਸਿੰਘ ਨੇ। ਲਾਲਾ ਜੀ ਨੇ ਸੋਹਣ ਸਿੰਘ ਨੂੰ ਬੁਲਾਇਆ ਤੇ ਆਖਰ ਗੁਰਬਖਸ਼ ਸਿੰਘ ਨੂੰ ਪੁਛਿਆ ਕਿ ਬੰਬ ਕੈਰੀਅਲ ਦਾ ਸੈਂਪਲ ਤਿਆਰ ਹੈ? ਤੇ ਉਸਨੇ ਉੱਤਰ ਦਿੱਤਾ ਕਿ, "ਮੈਨੂੰ ਤੇ ਪਤਾ ਹੀ ਨਹੀ ਜੀ।" ਲਾਲਾ ਜੀ ਨੂੰ ਗੁੱਸਾ ਚੜ੍ਹ ਗਿਆ। ਉਹਨਾਂ ਨੇ ਚੀਫ ਸਾਹਿਬ ਦੀ ਬਹੁਤ ਬੇ-ਇੱਜਤੀ ਕੀਤੀ ਤੇ ਫਿਰ ਸ੍ਰ: ਸੋਹਣ ਸਿੰਘ ਤੇ ਗੁਰਬਖਸ਼ ਸਿੰਘ ਨੂੰ ਠੁੱਡੇ ਮਾਰੇ। ਆਖੀਰ ਬੰਬ ਕੈਰੀਅਰ ਦਾ ਸੈਂਪਲ ਰੱਦੀ ਵਾਲੇ ਮਾਲ ਵਿੱਚੋਂ ਲੱਭਾ ਤੇ ਨਕਸ਼ਾ ਗੁਰਬਖਸ਼ ਸਿੰਘ ਕੋਲੋਂ ਮਿਲਿਆ ਤੇ ਇਸਨੂੰ ਡਿਸਚਾਰਜ ਕਰ

ਦਿੱਤਾ ਯਾਨਿ ਕਿ ਨੌਕਰੀ ਤੋ ਕੱਢ ਦਿੱਤਾ ਗਿਆ।

ਮੇਰਾ ਅੱਡਾ ਦਫਤਰ ਦੇ ਸਾਹਮਣੇ ਹੀ ਸੀ। ਮੈ ਸਭ ਕੁਝ ਦੇਖ ਰਿਹਾਂ ਸੀ ਪਰ ਅੱਜ ਤੇ ਕਾਰਖਾਨੇ ਵਿੱਚ ਕੋਈ ਉੱਚੀ ਸਾਹ ਵੀ ਨਾ ਲਵੇ। ਅੱਜੇ ਚਾਰ ਕੁ ਵਜੇ ਦਾ ਟਾਈਮ ਸੀ। ਮੈਂ ਡਰਦਾ ਡਰਦਾ ਲਾਲਾ ਜੀ ਦੇ ਪਾਸ ਗਿਆ। ਦਫਤਰ ਜਾ ਕੇ ਮੈ ਸਤਿ ਸ੍ਰੀ ਅਕਾਲ ਬੁਲਾਈ ਤੇ ਮੈਨੂੰ ਲਾਲਾ ਜੀ ਕਹਿਣ ਲਗੇ, "ਕੀ ਗੱਲ ਹੈ, "ਤੂੰ ਮੇਰੇ ਪਾਸ ਕੀ ਕਰਨ ਆਇਆ ਹੈ?" ਮੈ ਉੱਤਰ ਦਿੱਤਾ, "ਇੱਕ ਅਰਜ਼ ਹੈ ਜੀ ਜੇ ਤੁਸੀ ਮੰਨੋ ਤਾਂ।" ਉਨਾਂ ਦੇ ਪੁਛਣ ਤੇ ਮੈ ਕਿਹਾ ਕਿ ਬੰਬ ਕੈਰੀਅਰ ਦਾ ਸੈਂਪਲ ਮੈਨੂੰ ਦਿਓ ਮੈ ਤਿਆਰ ਕਰਾਂਗਾ। ਉਸੇ ਵਕਤ ਚੀਫ ਇਨੰਜੀਨੀਅਰ ਨੂੰ ਬੁਲਾ ਕੇ ਲਾਲਾ ਜੀ ਨੇ ਸਾਰੀ ਗੱਲ ਸਮਝਾਈ, ਨਕਸ਼ਾ ਤੇ ਸੈਂਪਲ ਮੈਨੂੰ ਦਿੱਤਾ ਤੇ ਕਿਹਾ ਕਿ ਜਲਦੀ ਤਿਆਰ ਕਰਨਾਂ ਹੈ। ਮੈ ੬ ਕਾਰੀਗਰ ਨਾਲ ਲਗਾ ਕੇ ਕੰਮ ਸ਼ੁਰੂ ਕਰ ਦਿੱਤਾ ਤੇ ੨੭ ਦਿਨਾਂ ਵਿੱਚ ਰਾਤ ਦਿਨੇ ਲਗਾ ਕੇ ਸੈਂਪਲ ਤਿਆਂਰ ਕਰਕੇ ਸਾਹਬ ਨੂੰ ਦਿਖਾ ਦਿੱਤਾ ਤੇ ਉਹ ਲਾਲਾ ਜੀ ਤੇ ਹੋਰ ਅਫਸਰਾਂ ਨੂੰ ਨਾਲ ਲੈ ਕੇ ਮੇਰੇ ਅੱਡੇ ਤੇ ਆਏ ਸਟੋਰ ਵਿੱਚੋਂ ਮਾਈਕਰੋ ਮੀਟਰ, ਮੋਟਰਗੇਜ਼ ਇਨ ਸਾਈਡ ਤੇ ਆਊਟ ਸਾਈਡ ਯਾਨਿ ਕਿ ਅੰਦਰਲੀ ਤੇ ਬਾਹਰਲੀ ਗੇਜ ਲੈ ਕੇ ਚੀਫ ਸਾਹਿਬ ਚੈਕ ਕਰਨ ਲਗ ਪਏ ਸਾਰੇ ਪੁਰਜੇ ਚੈਕ ਕੀਤੇ, ਇੱਕ ਜਗਾ ਤੇ ਇੱਕ ਪੁਰਜੇ ਵਿੱਚ ਥੋੜਾ ਜਿਹਾ ਫਰਕ ਨਿਕਲਿਆ ਤੇ ਉਹ ਫਰਕ ਮੈ ਉਸੇ ਵੇਲੇ ਠੀਕ ਕਰ ਦਿੱਤਾ ਤੇ ਚੀਫ ਇਨੰਜੀਨੀਅਰ ਨੇ ਦਸਖਤ ਕਰ ਦਿੱਤੇ। ਸੈਂਪਲ ਤੇ ਰੰਗ ਕੀਤਾ ਗਿਆ ਮਸ਼ੀਨ ਨਾਲ ਤੇ ਅਗਲੇ ਦਿਨ ਪੈਕ ਕਰਕੇ ਦੋਵੇਂ ਸੈਂਪਲ ਪੰਜਾਬ ਮੇਲ ਵਿੱਚ ਬੁਕ ਕਰਵਾ ਕੇ ਕਲਕੱਤੇ ਭੇਜ ਦਿੱਤੇ। ਅੱਠ ਦਿਨ ਬਾਅਦ ਹੀ ਲਾਲਾ ਜੀ ਨੂੰ ਚਿੱਠੀ ਆ ਮਿਲੀ ਕਿ ਤੁਹਾਡਾ ਸੈਂਪਲ ਪੂਰੇ ਇੰਡੀਆ ਵਿੱਚੋਂ ਫਸਟ ਆਇਆ ਹੈ ਤੇ ਗੌਰਮਿੰਟ ਵਲੋਂ ਪੰਜ ਲੱਖ ਦਾ ਆਡਰ ਮਿਲਿਆ ਹੈ ਤੇ ਨਾਲ ਹੀ ਲਾਲਾ ਜੀ ਨੂੰ ਬੁਲਾਇਆ ਵੀ ਸੀ। ਲਾਲਾ ਜੀ ਨੇ ਮਾਰਟਨ ਸਾਹਬ ਨੂੰ ਸਾਰੀ ਗੱਲ ਦੱਸੀ ਤੇ ਸਾਹਬ ਬੜਾ ਮਖੌਲੀ ਸੀ। ਲਾਲਾ ਜੀ ਨੂੰ ਕਹਿਣ ਲਗਾ, "ਤੁਸੀ ਜਰਾ ਚੁੱਪ ਰਹਿਣਾਂ, ਅਮਰ ਸਿੰਘ ਸਵੇਰੇ ਕੰਮ ਤੇ ਆਵੇਗਾ ਤਾਂ ਮੈ ਥੋੜਾਂ ਉਹਨੂੰ ਦਬਾਵਾਂਗਾ ਕਿ ਸੈਂਪਲ ਪਾਸ ਨਹੀ ਹੋਇਆ ਤੇ ਲਾਲਾ ਜੀ ਨੇ ਤੈਨੂੰ ੫੦ ਰੁ: ਜੁਰਮਾਨਾ ਕੀਤਾ ਹੈ।"

ਸਵੇਰੇ ਮੈ ਕੰਮ ਤੇ ਗਿਆ ਤੇ ੭ ਵਜੇ ਹੀ ਸਾਹਬ ਅੱਗੇ ਗੇਟ ਤੇ ਖੜਾ ਸੀ। ਮੈ ਸਤਿ ਸ੍ਰੀ ਅਕਾਲ ਬੁਲਾਈ ਉਸਨੇ ਉਸੇ ਵੇਲੇ ਮੈਨੂੰ ਦਫਤਰ ਵਿੱਚ ਲਿਜਾ ਕੇ ਕਿਹਾ, "ਅੱਜ ਬੜਾ ਖਰਾਬ ਕੰਮ ਹੋ ਗਿਆ ਹੈ। ਲਾਲਾ ਜੀ ਤੇਰੇ ਉਪਰ ਬੜੇ ਨਾਰਾਜ ਹਨ। ਤੇਰੇ ਵਾਲਾ ਸੈਂਪਲ ਪਾਸ ਨਹੀ ਹੋਇਆ ਤੇ ਲਾਲਾ ਜੀ ਨੇ ਤੈਨੂੰ ੧੦੦ ਰੁ: ਜੁਰਮਾਨਾਂ ਕਰ ਦਿੱਤਾ ਹੈ। ਮੈ ਚੁੱਪ ਕਰਕੇ ਅਪਣੇ ਅੱਡੇ ਤੇ ਚਲਾ ਗਿਆ ਤੇ ਜਾ ਕੇ ਬੈਠ ਗਿਆ




ਜਥੇਦਾਰ ਅਮਰ ਸਿੰਘ ਜੀ ਕੀਰਤਨ ਕਰਦੇ ਹੋਏ। ਨਾਲ ਬੈਠੇ ਹਨ
ਉਹਨਾਂ ਦੇ ਵਡੇ ਸਪੁੱਤਰ ਸ: ਹਰਭਜਨ ਸਿੰਘ ਜੀ



ਜਥੇਦਾਰ ਅਮਰ ਸਿੰਘ ਜੀ ਦੇ ਚਾਰ ਸਪੁੱਤਰ ਕੀਰਤਨ ਕਰਦੇ ਹੋਏ
ਸ੍ਰ. ਗੁਰਸ਼ਰਨ ਸਿੰਘ ਜੀ, ਸ੍ਰ. ਮਨਮੋਹਨ ਸਿੰਘ ਜੀ,
ਸ੍ਰ. ਜਸਬੀਰ ਸਿੰਘ ਜੀ, ਸ੍ਰ. ਬਲਬੀਰ ਸਿੰਘ ਜੀ



ਜਥੇਦਾਰ ਅਮਰ ਸਿੰਘ ਜੀ ਆਪਣੀ ਸੁਪਤਨੀ ਦਲਜੀਤ ਕੌਰ
ਅਤੇ ਆਪਣੀ ਛੋਟੀ ਪੋਤਰੀ ਬਬਲੀ ਦੇ ਨਾਲ।



ਜਥੇਦਾਰ ਅਮਰ ਸਿੰਘ ਜੀ ਦੀ
ਹਥ ਲਿਖਤ ਦਾ ਇਕ ਨਮੂਨਾ

ਅੱਧੇ ਘੰਟੇ ਬਾਅਦ ਹੀ ਲਾਲਾ ਜੀ ਵੀ ਦਫਤਰ ਆ ਗਏ ਤੇ ਮੈਨੂੰ ਚੌਕੀਦਾਰ ਬੁਲਾਉਣ ਵਾਸਤੇ ਆ ਗਿਆ। ਮੈ ਦਫਤਰ ਗਿਆ ਤੇ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ ਅੱਗੇ ਸ੍ਰ: ਸੋਹਣ ਸਿੰਘ ਫੋਰਮੈਨ, ਮੈਨੇਜਰ ਨਾਮ ਚੰਦ ਸਭ ਅਫਸਰ ਤੇ ਹੋਰ ਅਠੇਂ ਦਸ ਬੰਦੇ ਬੈਠੇ ਸੀ। ਤੇ ਲਾਲਾ ਜੀ ਮੈਨੂੰ ਕਹਿਣ ਲਗੇ, ''ਅਮਰ ਸਿੰਘ ਤੂੰ ਮੇਰਾ ਬਹੁਤ ਨੁਕਸਾਨ ਕੀਤਾ ਹੈ, ਤੇਰਾ ਬਣਾਇਆ ਹੋਇਆ ਸੈਂਪਲ ਪਾਸ ਨਹੀ ਹੋਇਆ ਤੇਰੇ ਉਪਰ ਮੈਨੂੰ ਬੜਾ ਗੁੱਸਾ ਹੈ। ਮੇਰਾ ਦਿਲ ਕਰਦਾ ਹੈ ਮੈ ਤੈਨੂੰ ਕਾਰਖਾਨੇ ਚੋ ਬਾਹਰ ਕੱਢ ਦਿਆਂ ਪਰ ਤੇ ਰਾ ਪੁਰਾਣਾਂ ਕੰਮ ਦੇਖਦੇ ਹੋਏ ਮੈ ਤੈਨੂੰ ੧੦੦ ਰੁ: ਜੁਰਮਾਨਾ ਕਰਦਾ ਹਾਂ। ਇਹ ਗੱਲ ਸੁਣਕੇ ਮੈ ਉੱਤਰ ਦਿੱਤਾ, ''ਲਾਲਾ ਜੀ ਮੈਨੂੰ ਜੁਰਮਾਨਾ ਨਹੀ ਹੋ ਸਕਦਾ, ਜੁਰਮਾਨਾ ਤੇ ਮਾਰਟਨ ਸਾਹਿਬ ਨੂੰ ਹੋਣਾਂ ਚਾਹੀਦਾ ਹੈ ਕਿਉਂਕਿ ਜੇ ਸੈਂਪਲ ਵਿੱਚ ਨੁਕਸ ਸੀ ਤੇ ਸਾਹਬ ਨੇ ਪਾਸ ਕਿਉਂ ਕੀਤਾ, ਦਸਖਤ ਕਿਉਂ ਕੀਤੇ ਇਸ ਵਾਸਤੇ ਮੈਨੂੰ ਜੁਰਮਾਨਾ ਕਰਨ ਦਾ ਆਪਨੂੰ ਕੋਈ ਹੱਕ ਨਹੀ। ਸਾਰੇ ਮੇਰੀ ਗੱਲ ਸੁਣ ਕੇ ਹੱਸ ਪਏ ਤੇ ਲਾਲਾ ਜੀ ਮੈਨੂੰ ਕਹਿਣ ਲਗੇ, ''ਅਮਰ ਸਿੰਘ ਤੇਰਾ ਸੈਂਪਲ ਪਾਸ ਹੋ ਗਿਆ ਹੈ ਤੇ ਪੰਜ ਲੱਖ ਦਾ ਆਡਰ ਹੋਰ ਆਇਆ ਹੈ। ਇਸ ਖੁਸ਼ੀ ਵਿੱਚ ਤੈਨੂੰ ਇੱਕ ਸੌ ਰੁ: ਇਨਾਮ ਵਜੋ ਦੇਂਦੇ ਹਾਂ ਤੇ ਬਾਕੀ ਛੇ ਮਹੀਨੇ ਦੇ ਅੰਦਰ ਅੰਦਰ ਮਾਲ ਤਿਆਰ ਕਰਨਾ ਹੈ ਤੇ ਦਸ ਤੈਨੂੰ ਕਿੰਨੇ ਬੰਦੇ ਚਾਹੀਦੇ ਹਨ ਕੰਮ ਵਾਸਤੇ।'' ਮੈਂ ਉੱਤਰ ਦਿੱਤਾ, ''ਲਾਲਾ ਜੀ ੬ ਖਰਾਦ ਮਸ਼ੀਨਾਂ ਲਗਾਤਾਰ ਦੋਹਾਂ ਸ਼ਿਫਟਾ ਵਿੱਚ ਮੇਰਾ ਕੰਮ ਕਰਨ ਔਰ ੩ ਵੈਲਡਰ ਹੋਣੇ ਚਾਹੀਦੇ ਹਨ। ੧੦ ਲੁਹਾਰ ਤੇ ੪੦੦ ਫਿਟਰ ਜੇਕਰ ਜਰੂਰਤ ਪਈ ਤਾ ਫਿਰ ਹੋਰ ਬੰਦੇ ਲੈ ਲਵਾਂਗਾ ਜੀ। ਅੱਜ ਤੋਂ ਲਾਲਾ ਜੀ ਨੇ ਮੇਰੀ ਤਨਖਾਹ ਵੀ ੧੫੦ ਰੁ: ਮਹੀਨਾਂ ਕਰ ਦਿੱਤੀ ਤੇ ਕੰਮ ਸ਼ੁਰੂ ਹੋ ਗਿਆ। ਲਗਾਤਾਰ ਦਿਨ ਰਾਤ ਲੱਗ ਕੇ ਮਾਲ ਤਿਆਰ ਕਰ ਦਿਤੱਾ ਫਿਰ ਗੌਰਮਿੰਟ ਦੇ ੪ ਬੰਦੇ ਆਏ ਤੇ ਸਾਰਾ ਮਾਲ ਪਾਸ ਕਰ ਗਏ। ਲਾਲਾ ਜੀ ਨੇ ਉਹਨਾਂ ਦੀ ਬੜੀ ਸੇਵਾ ਕੀਤੀ। ਬਾਅਦ ਵਿੱਚ ਰੰਗ ਕਰਕੇ ਸਾਰਾ ਮਾਲ ਪੈਕ ਕਰਵਾ ਕੇ ਕਲਕੱਤੇ ਭੇਜ ਦਿੱਤਾ। ਇਸ ਤੋ ਬਾਅਦ ਮੈਨੂੰ ਸਾਹਬ ਨੇ ਡਾਈ ਪੰਚ ਦੇ ਕੰਮ ਤੇ ਲਾ ਦਿਤੱਾ ਗਿਆ। ਮੈ ਪੱਖਿਆਂ ਦੀਆਂ ਡਾਈਆ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਮੈਟਰੋ ਪੋਲ ਦੇ ਪੱਖੇ ਬੜੇ ਮਸ਼ਹੂਰ ਸੀ ਉਸ ਵਕਤ ਟੇਬਲ ਫੈਨ ਚਾਰ ਪੋਲ ਦੇ ਤੇ ਦੋ ਪੋਲ ਦੇ, ਸੀਲਿੰਗ ਫੈਨ ੩੬ ਸਾਈਜ ਤੋ ਲੈ ਕੇ ੫੨ ਸਾਈਜ ਤਕ ਦੇ ਤਿਆਰ ਹੁੰਦੇ ਸੀ। ਉਹਨਾਂ ਸਭ ਦੀਆ ਡਾਈਆਂ ਮੇਰੇ ਹੱਥਾਂ ਦੀਆਂ ਬਣੀਆਂ ਸੀ। ਦੋ ਟਿਪ ਤੇ ਸੇਫਟੀ ਰੇਜ਼ਰ ਵਗੈਰਾ ਦੀਆ ਹੋਰ ਕਈ ਪ੍ਰਕਾਰ ਦੀਆਂ ਮੈ ਤਿਆਰ ਕਰਦਾ ਰਿਹਾ ਹਾਂ ਹੋਰ ਫਿਟਰਾਂ ਨੇ ਕੰਮ ਕਰਨਾਂ ਤੇ ਮੈ ਸਿਰਫ ਮਾਰਕਾ ਲਾ ਲਾ ਕੇ ਡਰਾਇੰਗ ਕਰ ਕਰ ਕੇ ਦਿੰਦੇ ਰਿਹਾ ਕਰਨਾਂ। ਡਾਈ ਪੰਚ ਦੇ ਕੰਮ ਦਾ ਵੀ ਮੈ ਇੰਨਚਾਰਜ ਬਣ ਗਿਆ।

ਪ੍ਰਮਾਤਮਾਂ ਨੇ ਮੇਰੀ ਬੜੀ ਮਦਦ ਕੀਤੀ ਤੇ ਬੜੀ ਕਿਰਪਾ ਕੀਤੀ ਮੇਰੇ ਉਪਰ ਕਿ ਮੇ ਰੇ ਵਰਗੇ ਨਾਚੀਜ਼ ਨੂੰ ਇੰਨਾ ਉੱਚਾ ਕਰ ਦਿੱਤਾ। ਇਹ ਸਾਰੀ ਕਿਰਪਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰ ਦੀ ਸੀ ਉਹਨਾਂ ਮੈਨੂੰ ਵਰ ਦਿੱਤਾ ਸੀ ਕਿ, "ਜਾ ਤੇਰੇ ਅੱਗੇ ਕਦੇ ਕੋਈ ਕੰਮ ਨਹੀ ਅੜੇਗਾ।"

ਅੱਛਾ ਜੀ, ਲਾਲਾ ਜੀ ਦੇ ਤਿੰਨ ਲੱਖ ਰੁ: ਲਗਾ ਕੇ ਇੱਕ ਕੋਠੀ ਤਿਆਰ ਕਰਵਾਈ ਅਪਣੇ ਰਹਿਣ ਵਾਸਤੇ। ਵਿਸਾਖੀ ਵਾਲੇ ਦਿਨ ਮਹੂਰਤ ਕਰਨਾ ਸੀ। ਤੇ ਉਸ ਦਿਨ ਡਾਂਸ ਦਾ ਪ੍ਰੋਗਰਾਮ ਵੀ ਸੀ। ਲਾਲਾ ਜੀ ਤੋ ਲੈ ਕੇ ਸਾਰੇ ਅਫਸਰਾਂ ਤੇ ਮਜਦੂਰਾਂ ਤਕ ਦੀ ਖੁਸ਼ੀ ਇਸੇ ਵਿੱਚ ਹੀ ਸੀ ਕਿ ਡਾਂਸ ਵੇਖਾਂਗੇ। ੬,੦੦੦ ਬੰਦੇ ਵਿੱਚੋ ਇੱਕ ਮੈ ਹੀ ਇਕੱਲਾ ਨਾਰਾਜ ਸਾਂ ਕਿ ਡਾਂਸ ਨਹੀ ਹੋਣਾ ਚਾਹੀਦਾ। ਕੁਦਰਤੀ ਵਿਸਾਖੀ ਤੋ ੫ ਦਿਨ ਪਹਿਲਾਂ ਲਾਲਾ ਜੀ ਮੇਰੇ ਅੱਡੇ ਤੇ ਆਏ ਤੇ ਪੁੱਛਣ ਲਗੇ, "ਅਮਰ ਸਿੰਘ ਕੀ ਗੱਲ ਹੈ ਤੂੰ ਚੁੱਪ ਹੈ ਕੁਝ ਤੂੰ ਖੁਸ਼ ਖੁਸ਼ ਨਹੀਂ ਲਗਦਾ।" ਮੈ ਉੱਤਰ ਦਿੱਤਾ, "ਲਾਲਾ ਜੀ ਤੁਹਾਡੀ ਮੈ ਇੱਕ ਗੱਲ ਸੁਣੀ ਹੈ ਉਦੋਂ ਦਾ ਮੇਰਾ ਮਨ ਬਹੁਤ ਦੁਖੀ ਹੈ, ਇਸੇ ਵਾਸਤੇ ਮੈ ਚੁੱਪ ਹਾਂ।" ਉਹਨਾਂ ਕਿਹਾ, "ਦੱਸ ਉਹ ਕੀ ਗੱਲ ਹੈ।" ਮੈ ਬੜੇ ਹੌਂਸਲੇ ਨਾਲ ਆਖਿਆ ਕਿ ਤੁਹਾਨੂੰ ਲਾਲਾ ਜੀ ਉਹ ਦਿਨ ਭੁੱਲ ਗਏ ਹਨ ਜਦੋ ਤੁਸੀ ਖਾਨ ਬਹਾਦੁਰ ਬਦਰ ਦੀਨ ਦੇ ਪਾਸ ੩੦ ਰੁ: ਮਹੀਨੇ ਤੇ ਮੁਨਸ਼ੀ ਦਾ ਕੰਮ ਕਰਦੇ ਹੁੰਦੇ ਸੀ, ਅੱਜ ਤੁਹਾਨੂੰ ਪ੍ਰਮਾਤਮਾਂ ਨੇ ਬਾਦਸ਼ਾਹੀ ਬਖਸ਼ੀ ਹੈ ਤੇ ਤੁਸੀ ਉਸ ਪ੍ਰਭੂ ਨੂੰ ਭੁਲਾਈ ਬੈਠੇ ਹੋ। ਤਿੰਨ ਲੱਖ ਰੁ: ਲਗਾ ਕੇ ਤੁਸੀ ਕੋਠੀ ਤਿਆਰ ਕਰਵਾਈ ਹੈ ਤੇ ਇਸਦੇ ਮਹੂਰਤ ਦੇ ਸਮੇਂ ਡਾਂਸ ਕਰਵਾਉਣਾ ਹੈ ਭਲਾ ਮੈਨੂੰ ਦਸੋ, ਇਹ ਕੋਠੀ ਵੱਸੇਗੀ ਕਿ ਉਜੜੇਗੀ। ਲਾਲਾ ਜੀ ਚੁੱਪ ਕਰਕੇ ਦੋ ਮਿੰਟ ਬਾਅਦ ਮੈਨੂੰ ਫਿਰ ਕਹਿਣ ਲਗੇ, "ਫਿਰ ਕੀ ਕਰਨਾਂ ਚਾਹੀਦਾ ਹੈ।" ਮੈ ਕਿਹਾ, "ਅਖੰਡ ਪਾਠ ਕਰਵਾਓ, ਜੱਗ ਲਵਾਓ, ਗਰੀਬਾਂ ਨੂੰ ਭੋਜਨ ਛਕਾਓ, ਕੋਠੀ ਵਿੱਚ ਹਵਨ ਕਰਾਓ।" ਮੇਰੀ ਗੱਲ ਸੁਣ ਕੇ ਲਾਲਾ ਜੀ ਬੋਲੇ, "ਅਮਰ ਸਿੰਘ ਕੀ ਅਖੰਡ ਪਾਠ ਦਾ ਇੰਤਜਾਮ ਹੋ ਸਕਦਾ ਹੈ?" ਮੈ ਆਖਿਆ, "ਕਿਉਂ ਨਹੀ ਹੋ ਸਕਦਾ? ਸਭ ਕੁਝ ਹੋ ਸਕਦਾ ਹੈ।" ਉਹਨਾਂ ਨੇ ਉਸੇ ਵਕਤ ੨੦੦ ਰੁ: ਮੈਨੂੰ ਦਿੱਤਾ ਤੇ ਸਾਰੀ ਜਿੰਮੇਵਾਰੀ ਮੇਰੀ ਲਗਾ ਦਿੱਤੀ। ਮੈ ਉਸੇ ਵਕਤ ਪਾਠੀਆਂ ਦਾ ਇੰਤਜਾਮ ਕਰਨ ਲਈ ਅੰਮ੍ਰਿਤਸਰ ਪੁੱਜਾ ਤੇ ਪਾਠੀਆਂ ਨੂੰ ਕਿਹਾ ਕਿ ਸਵੇਰੇ ੧੦ ਵਜੇ ਅਖੰਡ ਪਾਠ ਅਰੰਭ ਕਰਨਾ ਹੈ। ਪੰਜ ਪਾਠੀ, ਪੰਜ ਪੋਥੀ ਦਾ ਪਾਠ, ਕਰਨ ਵਾਲੇ ਤੇ ਪੰਜ ਪਹਿਰਾਂ ਦੇਣ ਵਾਲੇ ਤੇ ਦੋ ਲਾਂਗਰੀਆਂ ਦਾ ਇੰਤਜਾਮ ਕਰਕੇ ਮੈ ਫਿਰ ਸਮੱਗਰੀ ਖਰੀਦੀ। ਹਵਨ ਵਾਸਤੇ, ਫਿਰ ਪਾਠੀਆਂ ਵਾਸਤੇ ਰਸਦ ਲੈਕੇ ਲਾਲਾ ਜੀ ਦੇ ਕੋਲ ਪੁੱਜਾ ਤੇ ਲਾਲਾ ਜੀ ਬੜੇ ਖੁਸ਼ ਹੋਏ। ਸਵੇਰੇ ਸਵੇਰੇ ਸਭ ਪਾਠੀ ਤੇ ਬਾਕੀ ਦੇ ਸਜੱਣ ਵੀ ਆ ਗਏ ਪੂਰੇ ੧੦ ਵਜੇ

ਪਾਠ ਅਰੰਭ ਕਰ ਦਿੱਤਾ ਗਿਆ। ਪਰ ਜੋ ਆਦਮੀ ਕਾਰਖਾਨੇ ਵਿੱਚ ਤਮਾਸ਼ਬੀਨ ਸਨ ਉਹ ਸਭ ਮੇਰੇ ਤੇ ਬੜੇ ਨਾਰਾਜ ਹੋ ਗਏ। ਡਾਂਸ ਵੇਖਣ ਵਾਲਿਆ ਦਾ ਦਿਲ ਬੜਾ ਦੁਖੀ ਹੋਇਆ। ਵਿਸਾਖੀ ਵਾਲੇ ਦਿਨ ਡਾਂਸ ਦੀ ਥਾਂ ਤੇ ਅਖੰਡ ਪਾਠ ਦਾ ਭੋਗ ਪੈ ਗਿਆ ਕੋਈ ਸਾਡੇ ਨੌਂ ਵਜੇ। ਤੇ ਦੂਜੇ ਪਾਸੇ ਲੰਗਰ ਦੀ ਤਿਆਰੀ ਹੋ ਰਹੀ ਸੀ। ੫ ਮਣ ਪੱਕੇ ਦੁੱਧ ਵਿੱਚ ਖੀਰ ਬਣੀ; ਚਾਰ ਪੀਪੇ ਘਿਓ ਦਾ ਕੜਾਹ ਪ੍ਰਸਾਦ ਬਣਿਆ, ਤੇ ਦੋ ਸਬਜੀਆਂ ਤੇ ੭ ਬੋਰੀਆਂ ਆਟਾ ਲਗਾ। ਸ਼ਾਮ ਤਕ ਲੰਗਰ ਵਰਤਦਾ ਰਿਹਾ। ਲਾਲਾ ਜੀ ਆਪ ਹੱਥੀਂ ਵਰਤਾਉਂਦੇ ਰਹੇ ਸਮੇਤ ਪ੍ਰਿਵਾਰ। ਸਾਰਾ ਦਿਨ ਲਾਰੀਆਂ ਰੋਕ ਰੋਕ ਕੇ ਲੰਗਰ ਵਰਤਾਇਆ ਭੋਗ ਤੋ ਬਾਅਦ ੧੧ ਵਜੇ ਤਕ ਮੈਂ ਕੀਰਤਨ ਕੀਤਾ ਲਾਲਾ ਜੀ ਬੜੇ ਖੁਸ਼ ਹੋਏ। ਫਿਰ ਇਸ ਤੋਂ ਬਾਅਦ ਜਦੋ- ਜੀ ਕਰਨਾਂ ਦਸੀਂ ਪੰਦਰੀ ਦਿਨੀ ਮੈਨੂੰ ਲਾਲਾ ਜੀ ਨੇ ਕੋਠੀ ਬੁਲਾ ਲਿਆ ਕਰਨਾ ਤੇ ਸਾਰੇ ਪਰਿਵਾਰ ਨੇ ਮੇਰੇ ਕੋਲੋਂ ਕਥਾ ਸੁਣਿਆ ਕਰਨੀ, ਕਦੇ ਆਦਿ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਅਤੇ ਕਦੇ ਦਸਮ ਗ੍ਰੰਥ ਵਿੱਚੋ ਤੇ ਕਦੇ ਕਦੇ ਕ੍ਰਿਸ਼ਨ ਭਗਵਾਨ ਦੇ ਮੁਤਅਲਕ ਕਥਾ ਕਰਿਆ ਕਰਨੀ। ਇਸੇ ਤਰ੍ਹਾਂ ਵਕਤ ਲੰਘਦਾ ਰਿਹਾ।

# ੨੦ ਕੀਰਤਨ ਦਾ ਅਖੰਡ ਪ੍ਰਵਾਹ

ਜਦੋ ਸਤਿਗੁਰਾਂ ਮੇਰੀ ਦੂਸਰੀ ਸ਼ਾਦੀ ਕੀਤੀ ਤਾਂ ਉਸਦਾ ਨਾਮ ਵੀ ਪ੍ਰੀਤਮ ਕੌਰ ਹੀ ਸੀ। ਮੈ ਇਸ ਸ਼ਾਦੀ ਬਾਰੇ ਪਹਿਲਾਂ ਵੀ ਲਿਖ ਚੁੱਕਾ ਹਾਂ। ਮੈ ਪ੍ਰੀਤਮ ਕੌਰ ਦਾ ਨਾਮ ਬਦਲ ਕੇ ਦਲਜੀਤ ਕੌਰ ਰੱਖ ਦਿੱਤਾ। ਸਾਡੇ ਘਰ ਇੱਕ ਲੜਕੀ ਪੈਦਾ ਹੋਈ ਤੇ ੯ ਮਹੀਨੇ ਦੀ ਹੋ ਕੇ ਗੁਜਰ ਗਈ। ਸਮਾਂ ਪਾ ਕੇ ਫਿਰ ਇੱਕ ਲੜਕੀ ਹੀ ਪੈਦਾ ਹੋਈ ਤੇ ਮੈਨੂੰ ਸਤਿਗੁਰਾਂ ਦਾ ਬਚਨ ਯਾਦ ਆਇਆ ਕਿ ਉਹਨਾ ਨੇ ਤਾਂ ਮੈਨੂੰ ਹਸਦਿਆਂ ਹਸਦਿਆਂ ਸ਼ਰਾਪ ਦੇ ਦਿੱਤਾ ਸੀ ਉਹਨਾਂ ਕਿਹਾ ਸੀ, "ਸ਼ਰਦਾਈਆਂ ਪੀਣ ਵਾਲਿਆਂ ਦੇ ਘਰ ਕੁੜੀਆਂ ਹੀ ਜੰਮਣੀਆਂ ਨੇ ਹੋਰ ਕਿਹੜੇ ਪੁੱਤਰ ਜੰਮਣੇ ਸੀ।" ਇਹ ਦੂਸਰੀ ਲੜਕੀ ਵੀ ੧੩ ਮਹੀਨੇ ਦੀ ਹੋ ਕੇ ਗੁਜਰ ਗਈ। ਮੇਰਾ ਮਨ ਬੜਾ ਉਦਾਸ ਹੋ ਗਿਆ। ਕੰਮ ਕਰਨ ਨੂੰ ਦਿਲ ਨਾ ਕਰਨਾ ਪਰ ਕੰਮ ਤੋ ਬਗੈਰ ਸਰਦਾ ਵੀ ਨਹੀ। ਮੇਰਾ ਜਥਾ ਤਗੜਾ ਸੀ ਸਾਰੇ ਆਪਣੇ ਨਗਰ ਵੇਰਕੇ ਦੇ ਮੁੰਡੇ ਸੀ। ਵਧੀਆ ਸਾਜ ਵਜਾਉਂਦੇ ਸਨ। ਬੋਲਦੇ ਵੀ ਬਹੁਤ ਚੰਗਾ ਸਨ। ਸੱਚੇ ਪਾਤਸ਼ਾਹ ਜੀ ਦੀ ਬੜੀ ਕਿਰਪਾ ਸੀ ਅਸੀ ਹਰ ਸਨਿਚਰਵਾਰ ਗੁਰਦੁਵਾਰੇ ਰਾਤ ਨੂੰ ਕੀਰਤਨ ਕਰਨਾ। ਸੰਗਰਾਂਦ ਵਾਲੇ ਦਿਨ ਵੀ ਕੀਰਤਨ ਕਰਨਾ। ਬਾਕੀ ਨਗਰ ਵਿੱਚ ਕਿਸੇ ਗਰੀਬ ਅਮੀਰ ਦੇ ਘਰ ਕੋਈ ਹੋਵੇ ਤਾਂ ਵੀ ਮੇਰਾ ਹੀ ਜਥਾ ਕੀਰਤਨ ਕਰਦਾ ਸੀ। ਦੂਰ ਨੇੜੇ ਘੱਟੋ ਘੱਟ ੨੫ ਕੋਹਾਂ ਤੱਕ ਅਸੀ ਕੀਰਤਨ ਕਰਨ ਜਾਂਦੇ ਸਾਂ। ਸਾਡੀ ਬੜੀ ਮਸ਼ਹੂਰੀ ਸੀ। ਦੋ ਮੇਰੇ ਢੁਲਕਈਏ ਸਨ। ਬਲਵੰਤ ਸਿੰਘ ਤੇ ਸੁਵਰਨ ਸਿੰਘ, ਆਦੀ। ਭਾਈ ਹਜਾਰਾ ਸਿੰਘ ਹਾਰਮੋਨੀਅਮ ਵਜਾਉਂਦਾ ਸੀ। ਭਗਵਾਨ ਸਿੰਘ ਬਾਥਿਆਂ ਦਾ ਚਿਮਟਾ ਵਜਾਉਂਦਾ ਸੀ। ਦਰਸ਼ਨ ਸਿੰਘ ਪਹਿਲਵਾਨ, ਜ਼ਗੀਰ ਸਿੰਘ ਬਾਰੀਆਂ, ਭਾਈ ਅਪਾਰ ਸਿੰਘ, ਸ਼ਿੰਗਾਰਾ ਸਿੰਘ, ਚੰਨਣ ਸਿੰਘ ਕਿਲੇ ਵਾਲਾ ਤੇ ਪ੍ਰੀਤਮ ਸਿੰਘ ਫੌਜੀ ਇਹ ੧੦ ਸਿੰਘ ਤੇ ਮੇਰੇ ਨਾਲ ਬਾਹਰ ਦੂਰ ਨੇੜੇ ਹਰ ਵਕਤ ਮੇਰੇ ਨਾਲ ਰਹਿੰਦੇ ਸਨ। ਇੰਨਾਂ ਜਥਾ ਮੇਰਾ ਜਿਥੇ ਕੋਈ ਬੁਲਾਵੇ ਉਥੇ ਹੀ ਜਾਂਦੇ ਸਨ। ਭਾਵੇ ਘਰ ਦਾ ਕਿੰਨਾ ਵੀ ਕੰਮ ਹੋਵੇ ਛੱਡ ਕੇ ਚਲੇ ਜਾਣਾ। ਵੈਸੇ ੩੦-੩੫ ਸਾਜੀ ਸਨ

ਪਰ ਕੁਦਰਤ ਮਾਲਕ ਦੀ ਤੇ ਨਾਲੇ ਸਮੇ ਦਾ ਚੱਕਰ ਚੱਲਿਆ ਕਿ ਅੱਜ ਮੈ ਤੇ ਮੇਰੀ ਸਿੰਘਣੀ ਦਲਜੀਤ ਕੌਰ ਅਸੀ ਦੋਵੇ ਜਣੇਂ ਸਾਈਕਲ ਤੇ ਚੜ੍ਹ ਕੇ ਅੰਮ੍ਰਿਤਸਰ ਸਾਧ ਸੰਗਤ ਤੇ ਸਤਿਗੁਰਾਂ ਦਾ ਦਰਸ਼ਨ ਕਰਨ ਗਏ। ਦਿਵਾਲੀ ਵਾਲੇ ਦਿਨ ਸਵੇਰੇ ੬ ਵਜੇ ਅਸੀਂ ਅੰਮ੍ਰਿਤਸਰ ਨਾਮਧਾਰੀਆਂ ਦੇ ਗੁਰਦੁਵਾਰੇ ਜਾ ਪਹੁੰਚੇ। ਸੁਲਤਾਨ ਵਿੰਡ ਗੇਟ ਦੇ ਅੰਦਰ। ਅੱਗੇ ਰਾਗੀ ਕੀਰਤਨ ਕਰ ਰਹੇ ਸਨ। ਭਾਈ ਕਾਲੂ ਨੇ ਸਾਢੇ ਛੇ ਵਜੇ ਆਸਾ ਦੀ ਵਾਰ ਦਾ ਭੋਗ ਪਾਇਆ ਤੇ ਸਤਿਗੁਰਾਂ ਨੇ ਧੰਨਾ ਸਿੰਘ ਅੰਮ੍ਰਿਤਸਰੀਏ ਨੂੰ ਕਿਹਾ ਕਿ ੯ ਵਜੇ ਹੱਲੇ ਦਾ ਦੀਵਾਨ ਸ਼ੁਰੂ ਕਰਵਾ ਦਿਓ ਕਿਸੇ ਜਥੇਦਾਰ ਦਾ। ਉਹ ਉਸੇ ਵੇਲੇ ਉੱਠਕੇ ਮੇਰੇ ਕੋਲ ਆ ਕੇ ਕਹਿਣ ਲਗਾ ਕਿ ਜਥੇਦਾਰ ਜੀ ਸਾਜ ਲਿਆਓ ਤੇ ਕੀਰਤਨ ਸ਼ੁਰੂ ਕਰੋ। ਮੈ ਆਖਿਆ ਕਿ ਧੰਨਾ ਸਿੰਘ ਜੀ ਮੈ ਇੱਕਲਾ ਆਇਆ ਹਾਂ ਤੇ ਜਥੇ ਤੋ ਬਗੈਰ ਦੀਵਾਨ ਨਹੀ ਲਗਾ ਸਕਦਾ ਤੇ ਤੁਸੀ ਕਿਸੇ ਹੋਰ ਜਥੇਦਾਰ ਨੂੰ ਕਹਿ ਦਿਓ। ਉਸਨੇ ਜਥੇਦਾਰ ਅਜਾਇਬ ਸਿੰਘ ਨੂੰ ਕਿਹਾ ਪਰ ਉਹ ਕਹਿਣ ਲਗਾ ਕਿ ਉਹ ਰਾਤ ਨੂੰ ਕੀਰਤਨ ਕਰੇਗਾ ਦਿਨ ਵੇਲੇ ਲੋਕ ਰੌਲਾ ਬੜਾ ਪਉਂਦੇ ਹਨ। ਏਨੇ ਚਿਰ ਨੂੰ ਸਤਿਗੁਰਾਂ ਨੇ ਧੰਨਾਂ ਸਿੰਘ ਨੂੰ ਬੁਲਾ ਕੇ ਪੁੱਛਿਆ ਕਿ ਕਿਸ ਜਥੇਦਾਰ ਨੇ ਕੀਰਤਨ ਕਰਨਾ ਹੈ? ਉਸਦਾ ਨਾਮ ਸੰਗਤ ਵਿੱਚ ਬੋਲ ਦਿਓ। ਉਸਨੇ ਜੁਵਾਬ ਦਿੱਤਾ, "ਜੀ ਅਜੇ ਤੇ ਕੋਈ ਵੀ ਨਹੀ ਮੰਨਦਾ।" ਸਤਿਗੁਰਾਂ ਕਿਹਾ, "ਤੂੰ ਕਿਹੜੇ ਜਥੇਦਾਰ ਨੂੰ ਆਖਿਆ ਹੈ?" ਧੰਨਾ ਸਿੰਘ ਨੇ ਮੇਰਾ ਨਾ ਲੈ ਕੇ ਕਿਹਾ ਕਿ ਵੇਰਕੇ ਵਾਲਾ ਜਥੇਦਾਰ ਅਮਰ ਸਿੰਘ ਨਹੀ ਮੰਨਦਾ। ਸਤਿਗੁਰਾਂ ਨੇ ਨਿਧਾਨ ਸਿੰਘ ਆਲਮ ਜੀ ਨੂੰ ਹੁਕਮ ਕੀਤਾ ਕਿ ਉੱਠ ਕੇ ਸੰਗਤ ਵਿੱਚ ਐਲਾਨ ਕਰ ਦਿਓ ਕਿ ਜਥੇਦਾਰ ਅਮਰ ਸਿੰਘ ਵੇਰਕੇ ਵਾਲੇ ਦਾ ਪੂਰੇ ੯ ਵਜੇ ਦੀਵਾਨ ਸ਼ੁਰੂ ਹੋਵੇਗਾ ਤੇ ਸਭ ਸੰਗਤ ਬੜੇ ਪ੍ਰੇਮ ਨਾਲ ਸੁਣੇ।" ਆਲਮ ਜੀ ਨੇ ਸੰਗਤ ਵਿੱਚ ਐਲਾਨ ਕਰ ਦਿੱਤਾ।

**ਮੈਂ ਉੱਠ ਕੇ ਸਤਿਗੁਰਾਂ ਨੂੰ ਮੱਥਾ ਟੇਕਿਆ ਤੇ ਅਰਜ ਕੀਤੀ, "ਸੱਚੇ ਪਾਤਸ਼ਾਹ ਜੀ ਮੈਂ ਇੱਕੱਲਾ ਹੀ ਤੁਹਾਡੇ ਦਰਸ਼ਨ ਕਰਨ ਆਇਆ ਹਾਂ ਮੇਰਾ ਜੱਥਾ ਮੇਰੇ ਨਾਲ ਨਹੀ।" ਸਤਿਗੁਰਾਂ ਹੁਕਮ ਕੀਤਾ, "ਮੈਂ ਤੇਰੇ ਜਥੇ ਦਾ ਜ਼ਿੰਮੇਵਾਰ ਨਹੀ ਹਾਂ ਮੈਂ ਪੂਰੇ ੯ ਵਜੇ ਇੱਥੋ ਤਾ ਉੱਠਣਾਂ ਹੈ ਤੇਰਾ ਕੀਰਤਨ ਸ਼ੁਰੂ ਕਰਵਾ ਕੇ।"** ਮੈ ਉਸੇ ਵੇਲੇ ਅਪਣਾ ਸਾਈਕਲ ਲੈ ਕੇ ਵੇਰਕੇ ਨੂੰ ਚਲ ਪਿਆ ਤੇ ਸਤਿਗੁਰਾਂ ਨੇ ਐਸੀ ਕਿਰਪਾ ਕੀਤੀ ਕਿ ਅੱਜੇ ਮੈ ਡੇਢ ਮੀਲ ਹੀ ਸ਼ਹਿਰੋ ਗਿਆ ਸਾਂ ਕਿ ਇੱਕ ਟਾਂਗੇ ਤੇ ਮੇਰਾ ਸਾਰਾ ਜਥਾ ਆ ਰਿਹਾ ਸੀ ਪਰ ਉਹ ਮੰਡੀ ਵੇਖਣ ਚਲੇ ਸੀ। ਮੈ ਟਾਂਗਾ ਰੋਕ ਕੇ ਸੁਵਰਨ ਸਿੰਘ ਨੂੰ ਕਿਹਾ ਕਿ ਉਹ ਛੇਤੀ ਸਾਜ ਲੈ ਕੇ ਗੁਰਦੁਵਾਰੇ ਪਹੁੰਚੇ ਪੂਰੇ ੯ ਵਜੇ ਕੀਰਤਨ ਸ਼ੁਰੂ ਕਰਨਾ ਹੈ। ਉਹ ਤੇ ਦੌੜ ਗਿਆ ਉਸੇ ਵੇਲੇ ਤੇ ਮੈਂ ਬਾਕੀ ਸਿੱਖਾਂ

ਸਮੇਤ ਟਾਂਗੇ ਤੇ ਬੈਠ ਕੇ ਗੁਰਦੁਵਾਰੇ ਵਾਪਿਸ ਆ ਗਿਆ। ਅੱਜੇ ਅਸੀ ਟਾਂਗੇ ਤੋ ਉੱਤਰੇ ਹੀ ਸਾਂ ਕਿ ਸੁਵਰਨ ਸਿੰਘ ਵੀ ਸਾਜ ਲੈ ਕੇ ਪਹੁੰਚ ਗਿਆ। ਅਸੀ ਸਾਰਾ ਜਥਾ ਜਾ ਕੇ ਹਾਜਿਰ ਹੋਏ ਤੇ ਮੱਥਾ ਟੇਕਿਆ ਤੇ ੯ ਵੱਜਣ ਵਿੱਚ ੫ ਮਿੰਟ ਬਾਕੀ ਸਨ ਕਿ ਸਤਿਗੁਰਾਂ ਹੁਕਮ ਕੀਤਾ, "ਸਾਜ ਵਜਾਓ।" ਅਸਾਂ ਸਾਜ ਵਜਾਏ ਬੰਦਨਾ ਦਾ ਸ਼ਬਦ ਸ਼ੁਰੂ ਕੀਤਾ ਤੇ ਥੋੜੀ ਦੇਰ ਬਾਅਦ ਸਤਿਗੁਰੂ ਚਲੇ ਗਏ। ਕੁਝ ਸੰਗਤ ਵੀ ਉੱਠ ਕੇ ਜਲ ਪਾਣੀ ਛਕਣ ਚਲੀ ਗਈ ਪਰ ਫਿਰ ਵੀ ੪੦੦-੫੦੦ ਸਿੰਘ ਬੈਠੇ ਸਨ। ਡੇਢ ਕੁ ਘੰਟੇ ਬਾਅਦ ਪੰਡਾਲ ਵਿੱਚ ਫਿਰ ਕਾਫੀ ਸੰਗਤ ਆ ਗਈ ਤੇ ੧੨ ਵਜੇ ਮੈਨੂੰ ਕੁਝ ਪਿਆਸ ਜਿਹੀ ਲਗੀ। ਮੈ ਇੱਕ ਸਿੱਖ ਨੂੰ ਕਿਹਾ ਕਿ ਜਲ ਲਿਆ, ਮੈ ਛਕਣਾ ਹੈ। ਉਹ ਸਿੱਖ ਗੜਵਾ ਲੈ ਕੇ ਜਲ ਲੈਣ ਚਲਿਆ ਸੀ ਕਿ ਸਾਹਮਣੇ ਹੀ ਬਾਬਾ ਲਹਿਣਾਂ ਸਿੰਘ ਜੀ ਝੰਡੇਰਾਂ ਵਾਲੇ ਬੈਠੇ ਸਨ। ਉਹਨਾ ਨੇ ਮੈਨੂੰ ਕਿਹਾ, "ਪੁੱਤਰਾ, ਤੇਰੇ ਵਾਸਤੇ ਮੈ ਜਲ ਲੈ ਕੇ ਬੈਠਾ ਹਾਂ।" ਇੱਧਰ ਸਾਜੀ ਸਾਜ ਵਜਾ ਰਹੇ ਸਨ ਤੇ ਮੈ ਬਾਬਾ ਜੀ ਕੋਲੋਂ ਇੱਕ ਗਲਾਸ ਜਲ ਦਾ ਛਕਿਆ। ਬੰਦਗੀ ਵਾਲਿਆ ਦੇ ਹੱਥੋਂ ਜਲ ਛਕਣ ਕਰਕੇ ਮੈਨੂੰ ਤੇ ਰੰਗ ਚੜ੍ਹ ਗਿਆ ਬੜਾ ਅਨੰਦ ਆਇਆ ਦੀਵਾਨ ਵਿੱਚ ਇੰਨੀ ਸੰਗਤ ਕਿ ਕਿਤੇ ਬੈਠਣ ਨੂੰ ਜਗ੍ਹਾ ਨਾ ਮਿਲੇ ਤਕਰੀਬਨ ੪੦੦੦ ਤੋ ਵੀ ਉਪਰ ਦੀ ਸੰਗਤ ਬੈਠੀ ਸੀ। ਦੋ ਢੋਲਕੀ ਵਾਲੇ ਬਦਲੇ ਤੇ ਠਾਠ ਹੋਰ ਬਣ ਗਿਆ ਤੇ ਵਕਤ ਕੋਈ ਤਿੰਨ ਦਾ ਹੋ ਗਿਆ ਸ਼ਾਮ ਪੈਣ ਲਗੀ ਤੇ ਮੈ ਫਿਰ ਬਾਬਾ ਜੀ ਕੋਲੋ ਜਾ ਕੇ ਜਲ ਦਾ ਗਲਾਸ ਲੈ ਕੇ ਦੋ ਘੁੱਟ ਪਾਣੀ ਦੇ ਪੀਤੇ ਤੇ ਸਾਹ ਲੈਣ ਲਗ ਪਿਆ। ਏਨੇ ਚਿਰ ਨੂੰ ਇੱਕ ਨੌ ਜੁਵਾਨ ਮੁਟਿਆਰ ਬੀਬੀ ਨੇ ਮੇਰੇ ਹੱਥੋ ਪਾਣੀ ਦਾ ਗਲਾਸ ਖੋਹ ਕੇ ਮੇਰਾ ਜੂਠਾ ਪਾਣੀ ਪੀ ਕੇ ਦੌੜ ਗਈ ਤੇ ਮੈ ਹੱਕਾ ਬੱਕਾ ਜਿਹਾ ਹੋ ਗਿਆ ਤੇ ਫਿਰ ਸ਼ਬਦ ਪੜ੍ਹਨ ਲਗ ਪਿਆ। ਸੰਗਤ ਵਿੱਚ ਵੀ ਹੈਰਾਨੀ ਜਿਹੀ ਹੋ ਗਈ। ਉਹ ਜਨਾਨੀ ਜਿਸਨੇ ਮੇਰਾ ਜੂਠਾ ਪਾਣੀ ਪੀਤਾ ਸੀ ਉਹ ਜਾ ਕੇ ਮੇਰੀ ਘਰਵਾਲੀ ਕੋਲ ਬੈਠ ਗਈ। ਤੇ ਦਲਜੀਤ ਕੌਰ ਨੇ ਉਸਨੂੰ ਪੁਛਿਆ, "ਭੈਣ ਜਿਸਦਾ ਤੂੰ ਜੂਠਾ ਪਾਣੀ ਪੀਤਾ ਹੈ ਉਹ ਤੇਰਾ ਕੀ ਲਗਦਾ ਹੈ।" ਉਸਨੇ ਉੱਤਰ ਦਿੱਤਾ, "ਭੈਣ ਜੀ ਮੇਰਾ ਤੇ ਉਹ ਕੁਝ ਨਹੀ ਲਗਦਾ ਪਰ ਮੈ ਇਸ ਖਿਆਲ ਨਾਲ ਪੀਤਾ ਹੈ ਕਿ ਮੇਰੇ ਘਰ ਵੀ ਐਸਾ ਹੀ ਪੁੱਤਰ ਪੈਦਾ ਹੋਵੇ ਨਹੀ ਤੇ ਮੈ ਔਂਤਰੀ ਹੀ ਰਹਾਂ। ਮੈ ਕਿਸੇ ਬਦਨਿਯਤੀ ਨਾਲ ਪਾਣੀ ਨਹੀ ਪੀਤਾ।"

ਇੱਧਰ ਵਕਤ ੪ ਦਾ ਹੋ ਗਿਆ। ਰਾਗੀ ਸਿੰਘ ਸਾਜ ਲੈ ਕੇ ਆ ਗਏ ਮੈਨੂੰ ਹਰੀ ਸਿੰਘ ਸੂਬੇ ਨੇ ਕਿਹਾ ਕਿ ਜਥੇਦਾਰਾ ਭੋਗ ਪਾ ਦੇ ਹੁਣ ਰਾਗੀ ਕੀਰਤਨ ਕਰਨਗੇ। ਮੈ ਉੱਤਰ ਦਿੱਤਾ, "ਸੂਬਾ ਜੀ, ਮੈਨੂੰ ਸਵੇਰੇ ਸਤਿਗੁਰਾਂ ਹੁਕਮ ਕੀਤਾ ਸੀ ਦੀਵਾਨ ਲਾਉਣ ਦਾ ਤੇ ਹੁਣ ਵੀ ਮੈਨੂੰ ਸਤਿਗੁਰ ਹੀ ਆਖਣਗੇ ਤਾਂ ਹੀ ਭੋਗ ਪਾਵਾਂਗਾ।

ਤੇਰੇ ਆਖੇ ਮੈ ਨਹੀ ਹਟਣਾਂ।" ਉਸ ਕਿਹਾ, "ਸਤਿਗੁਰ ਲਾਹੌਰ ਗਏ ਹਨ।" ਮੈਂ ਕਿਹਾ, "ਭਾਵੇ ਪਿਸ਼ੌਰ ਗਏ ਹੋਣ ਜਦੋ ਆਉਣਗੇ ਉਦੋ ਹੀ ਮੈ ਹਟਾਂਗਾ।" ਸੂਬਾ ਨਾਰਾਜ ਹੋ ਕੇ ਤੁਰ ਗਿਆ। ਫਿਰ ਦਇਆ ਸਿੰਘ ਜੀ ਕੱਕੜਾ ਵਾਲਿਆਂ ਨੇ ਕਿਹਾ, "ਜਥੇਦਾਰ ਜੀ ਭੋਗ ਪਾ ਦਿਓ।" ਪਰ ਮੈਂ ਦਇਆ ਸਿੰਘ ਜੀ ਦੇ ਆਖੇ ਵੀ ਨਾ ਹਟਿਆ। ਖਜਾਨ ਸਿੰਘ ਰਾਗੀ ਨੇ ਆ ਕੇ ਢੋਲਕ ਫੜ ਲਈ ਤੇ ਦੂਸਰੀ ਢੋਲਕੀ ਹਰਨਾਮ ਸਿੰਘ ਖਿਆਲ੍ਹੇ ਵਾਲੇ ਨੇ ਫੜ ਲਈ। ਖਬੇ ਜੈਲਦਾਰ ਨੇ ਦੋ ਢੋਲਕੀਆਂ ਵਜਣੀਆਂ ਸ਼ੁਰੂ ਹੋ ਗਈਆਂ ਤੇ ਸਾਜੀ ਹੋਰ ਆ ਬੈਠੇ ਤੇ ਸੁਰ ਮੇਰੀ ਬੜੀ ਉੱਚੀ ਪੰਚਮ ਵਿੱਚ ਲਗੀ ਹੋਈ ਆਹ ਠਾਠ ਬਣਿਆ ਤੇ ਅੱਜ ਮੇਰੇ ਦੀਵਾਨ ਵਿੱਚ ਮੇਰੀ ਪੱਗ ਲੱਥੀ ਜਦੋ ਆਨੰਦ ਆਇਆ ਤੇ ਛਾਲਾਂ ਮਾਰੀਆਂ। ਕਈ ਮਸਤਾਨੇ ਹੋ ਗਏ ਸਾਜਾਂ ਦੀ ਗੰਜੂਰ ਤੇ ਸ਼ਬਦ ਦੀ ਮਸਤੀ ਵਿੱਚ। ਸਭ ਸੰਗਤ ਝੂਮ ਰਹੀ ਸੀ ਉਧਰ ਸ਼ਾਮ ਦੇ ੬ ਵਜ ਗਏ ਤੇ ਸਤਿਗੁਰੂ ਸੱਚੇ ਪਾਤਸ਼ਾਹ ਲਾਹੌਰ ਤੋ ਵਾਪਿਸ ਆ ਗਏ ਤੇ ਪੁਛੱਣ ਲਗੇ, "ਦੀਵਾਨ ਕਿਸਦਾ ਲਗਾ ਹੈ।" ਹਰੀ ਸਿੰਘ ਸੂਬੇ ਨੇ ਕਿਹਾ, "ਜੀ ਅਮਰ ਸਿੰਘ ਨੇ ਲਾਇਆ ਹੈ ਅਸਾਂ ਬੜਾ ਯਤਨ ਕੀਤਾ ਹੈ ਕਿ ਭੋਗ ਪਾ ਦੇਵੇ ਪਰ ਉਹ ਕਹਿੰਦਾ ਹੈ, "ਮੈਨੂੰ ਸਤਿਗੁਰਾਂ ਲਾਇਆ ਹੈ ਉਹੀ ਆ ਕੇ ਆਖਣਗੇ ਤਾਂ ਹੀ ਮੈ ਭੋਗ ਪਾਵਾਂਗਾ।" ਸਤਿਗੁਰ ਇਹ ਗੱਲ ਸੁਣ ਕੇ ਸਿੱਧੇ ਦੀਵਾਨ ਵਿੱਚ ਆ ਗਏ। ਮੈਂ ਜੈ ਕਾਰਾ ਬੁਲਾਇਆ ਤੇ ਸੰਗਤ ਖੜੀ ਹੋ ਗਈ ਸਾਜ ਵਜਦੇ ਸੀ ਸੱਚੇ ਪਾਤਸ਼ਾਹ ਬੈਠ ਗਏ। ਮੈਂ ਧਾਰਨਾ ਪੜੀ, "ਧਰਤੀ ਕੀਤੀ ਹੈ ਸੁਹਾਵੀ ਮੇਰੇ ਸਤਿਗੁਰ ਨੇਂ" ਤੇ ਸ਼ਬਦ ਸੀ "ਸਾ ਧਰਤ ਭਈ ਹਰਿਆਵਲੀ ਜਿਥੇ ਮੇਰਾ ਸਤਿਗੁਰ ਬੈਠਾ ਆਇ।।"

ਇਹ ਸਾਰਾ ਸ਼ਬਦ ਪੜਿਆ ਤੇ ਸਤਿਗੁਰਾਂ ਨੇ ਇਸ਼ਾਰਾ ਕੀਤਾ ਕਿ ਭੋਗ ਪਾ ਦੇ ਮੈ ਜੈ-ਕਾਰਾ ਬੁਲਾਇਆ, "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।" ਸਮੇਤ ਜਥੇ ਜਾ ਕੇ ਸਤਿਗੁਰਾਂ ਨੂੰ ਮੱਥਾ ਟੇਕਿਆ ਤੇ ਅਸੀ ਸਾਰੇ ਗੁਰਦੁਵਾਰੇ ਜਾ ਕੇ ਜਲ ਪਾਣੀ ਛਕਣ ਲੱਗ ਪਏ। ਇੱਧਰ ਇੱਕ ਘੰਟਾ ਨਾਮ ਸਿਮਰਨ ਦਾ ਨਿਤਨੇਮ ਸ਼ੁਰੂ ਹੋ ਗਿਆ। ਅਸੀ ਫਿਰ ਸਾਰਾ ਜਥਾ ਆ ਕੇ ਦੀਵਾਨ ਵਿੱਚ ਬੈਠ ਗਏ। ਨਿਤਨੇਮ ਦਾ ਭੋਗ ਪੈ ਗਿਆ ਤੇ ਸੰਗਤ ਬੈਠੀ ਸੀ ਤੇ ਆਲਮ ਨਿਧਾਨ ਸਿੰਘ ਜੀ ਨੂੰ ਸਤਿਗੁਰ ਨੇ ਹੁਕਮ ਕੀਤਾ ਕਿ ਜਿਸ ਕਿਸੇ ਨੇ ਕਿਸੇ ਵੀ ਰਕਮ ਦੀ ਕੋਈ ਅਰਜ ਕਰਨੀ ਹੈ ਉਹ ਸਾਡੇ ਪਾਸ ਚਿੱਠੀ ਲਿੱਖ ਕੇ ਦੇ ਜਾਉ ਤੇ ਜਿਸਨੂੰ ਆਵਾਜ ਪਵੇ ਉਹੀ ਆਵੇ ਦੂਜਾ ਕੋਈ ਨਾ ਆਵੇ। ਆਲਮ ਜੀ ਨੇ ਸੰਗਤ ਵਿੱਚ ਸਤਿਗੁਰਾਂ ਦਾ ਹੁਕਮ ਸੁਣਾ ਦਿੱਤਾ। ਤੇ ਮੈ ਸੋਚਿਆ ਮਨਾਂ ਅੱਜ ਤੂੰ ਵੀ ਚਿੱਠੀ ਲਿਖ ਹੀ ਦੇ।" ਮੈ ਕਾਗਜ ਲੈ ਕੇ ਅਲਗ ਬੈਠ ਕੇ ਚਿੱਠੀ ਲਿੱਖੀ ਕਿ, "ਸੱਚੇ ਪਾਤਸ਼ਾਹ ਜੀ, ਮੈ ਲਾਹੌਰੋ ਭੈਣੀ ਸਾਹਿਬ ਹੋਲੇ ਦੇ ਮੇਲੇ ਤੇ ਗਿਆ। ਸਾਈਕਲ

ਤੇ ਚੜ੍ਹ ਕੇ ਅੱਗੇ ਸੰਤ ਬੰਤਾਂ ਸਿੰਘ ਜੀ ਭੈਣੀ ਸਾਹਿਬ ਤੋਂ ਬਾਹਰ ਖੜੇ ਸੀ ਮੈਂ ਵੀ ਪਹੁੰਚ ਗਿਆ ਤੇ ਉਹਨਾਂ ਮੈਨੂੰ ਹੁਕਮ ਦਿੱਤਾ ਕਿ ਢੋਲਕੀ ਵਜਾ। ਮੈ ਹੁਕਮ ਮੰਨਕੇ ਢੋਲਕੀ ਵਜਾਉਣ ਲਗ ਪਿਆ ਤੇ ਸ਼ਬਦ ਪੜ੍ਹਦੇ ਪੜ੍ਹਦੇ ਅਸੀ ਕੋਠੀ ਪੁੱਜੇ ਤੇ ਤੁਸਾਂ ਇੱਕ ਸਿੱਖ ਨੂੰ ਘਲਿਆ ਕਿ ਸੰਤਾਂ ਨੂੰ ਆਖੋ ਭੋਗ ਪਾ ਦੇਣ ਤੇ ਸੰਤਾਂ ਨੇ ਉਸ ਸਿੱਖ ਨੂੰ ਆਖਿਆ ਕਿ ਸਤਿਗੁਰ ਬਾਹਰ ਆਉਣਗੇ ਤਾਂ ਭੋਗ ਪਾਵਾਂਗੇ। ਉਸ ਸਿੱਖ ਦੇ ਕਹਿਣ ਤੇ ਤੁਸੀ ਬਾਹਰ ਆਏ ਤੇ ਮੈ ਢੋਲਕ ਵਜਾਉਂਦਾ ਸਾਂ। ਸੰਤਾਂ ਸਮੇਤ ਜਥੇ ਨੇ ਮੱਥਾ ਟੇਕਿਆ ਸੀ।

ਤੁਸੀ ਮੈਨੂੰ ਬਾਹੋਂ ਫੜ ਕੇ ਆਖਿਆ ਸੀ, "ਤੇਰਾ ਵਿਆਹ ਕੀਤਾ ਸੀ ਕਿ ਤੂੰ ਘਰ ਜਾ ਕੇ ਕੋਈ ਕੰਮ ਕਰੇਂਗਾ ਤੇ ਤੂੰ ਫਿਰ ਸੰਤਾਂ ਦੀ ਢੋਲਕੀ ਵਜਾਉਂਦਾ ਫਿਰਦਾ ਹੈ।" ਤੇ ਸੰਤਾਂ ਕਿਹਾ ਸੀ, "ਸਚੇ ਪਾਤਸ਼ਾਹ ਜੀ, ਇਹ ਤਾਂ ਸਾਨੂੰ ਅੱਜ ਹੀ ਮਿਲਿਆ ਹੈ ਸਾਡੇ ਕੋਲੋ ਗਏ ਨੂੰ ਤੇ ਡੇਢ ਸਾਲ ਹੋ ਗਿਆ ਹੈ ਜੀ ਹੁਣ ਤੇ ਇਸਦੇ ਘਰ ਲੜਕੀ ਪੈਦਾ ਹੋਈ ਹੈ।" ਤੇ ਤੁਸਾਂ ਹੱਸਕੇ ਕਿਹਾ ਸੀ, "ਸ਼ਰਦਾਈਆਂ ਪੀਣ ਵਾਲਿਆਂ ਦੇ ਘਰ ਕੁੜੀਆਂ ਹੀ ਜੰਮਣੀਆਂ ਨੇ ਹੋਰ ਕਿਹੜੇ ਮੁੰਡੇ ਜੰਮਣੇ ਹਨ।"

ਸੱਚੇ ਪਾਤਸ਼ਾਹ ਜੀ ਤੁਸਾਂ ਤੇ ਹੱਸ ਕੇ ਬਚਨ ਕੀਤਾ ਸੀ ਪਰ ਮੇਰੇ ਘਰ ਪੰਜ ਲੜਕੀਆਂ ਹੋਈਆਂ ਹਨ। ਤਿੰਨ ਪਹਿਲੇ ਟੱਬਰ ਵਿੱਚੋਂ ਤੇ ਦੋ ਦੂਸਰੇ ਟੱਬਰ ਵਿੱਚੋਂ। ਜਿਨ੍ਹਾਂ ਵਿੱਚੋ ਤਿੰਨ ਮਰ ਗਈਆਂ ਹਨ ਤੇ ਦੋ ਜਿਉਂਦੀਆ ਹਨ। ਗਰੀਬ ਨਵਾਜ ਆਪਣਾ ਬਚਨ ਮੋੜ ਲਓ ਨਹੀ ਤੇ ਉਹ ਮੇਰੀ ਸਿੰਘਣੀ ਬੈਠੀ ਹੈ ਜਿਸਨੂੰ ਤੁਹਾਡੀ ਮਰਜੀ ਹੈ ਦੇ ਦਿਓ। ਮੈ ਮੁੜ੍ਹ ਕੇ ਫਕੀਰ ਬਣ ਜਾਵਾਂਗਾ। ਮੈਂ ਬੜਾ ਦੁਖੀ ਹਾਂ ਮੈਂ ਘਰ ਨਹੀ ਰਹਿਣਾਂ।"

ਇਹ ਚਿੱਠੀ ਲਿਖ ਕੇ ਮੈਂ ਵੀ ਜਾ ਕੇ ਹਜੂਰ ਦੇ ਅੱਗੇ ਰੱਖ ਦਿੱਤੀ ਤੇ ਮੱਥਾ ਟੇਕਕੇ ਪਿੱਛੇ ਹਟ ਕੇ ਬੈਠ ਗਿਆ ਤੇ ਸਭ ਤੋ ਪਹਿਲਾਂ ਮੈਨੂੰ ਆਵਾਜ ਪੈ ਗਈ। ਮੈ ਜਾ ਕੇ ਹੱਥ ਜੋੜ ਕੇ ਮੱਥਾ ਟੇਕ ਕੇ ਖੜਾ ਹੋ ਗਿਆ। ਸਤਿਗੁਰਾਂ ਮੈਨੂੰ ਹੱਸ ਕੇ ਪੁਛਿਆ, "ਚਿੱਠੀ ਤੇ ਕੀ ਲਿਖਿਆ ਹੈ।" ਮੈਂ ਅਰਜ ਕੀਤੀ, "ਜੀ ਲਿਖਣਾ ਕੀ ਹੈ ਤੁਸਾਂ ਜੋ ਬਹਾਦਰੀ ਕੀਤੀ ਹੈ ਮੈਨੂੰ ਸਰਾਫ ਦੇ ਦਿੱਤਾ ਹੈ, ਕਿ ਤੇਰੇ ਘਰ ਕੁੜੀਆਂ ਜੰਮਣੀਆਂ ਹਨ ਤੇ ਇਹੋ ਹੀ ਮੈ ਲਿਖਿਆ ਹੈ ਕੋਈ ਗੱਲ ਵਾਧੂ ਤੇ ਨਹੀ ਲਿਖੀ।" ਸਤਿਗੁਰ ਦੋ ਮਿੰਟ ਚੁੱਪ ਕਰਕੇ ਫਿਰ ਮੈਨੂੰ ਕਹਿਣ ਲਗੇ ਦੋਵੇ ਜਣੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਇੱਕ ਇੱਕ ਮਾਲਾ ਪੱਕੀ ਫੇਰਿਆ ਕਰੋ ਸਤਿਗੁਰ ਭਲੀ ਕਰੇਗਾ, ਤੇ ਸੰਗਤ ਨੇ ਹੇਠ ਉਤੇ ਛੇ ਜੋ ਕਾਰੇ ਬੁਲਾਏ ਤੇ ਮੈ ਸਤਿਬਚਨ ਕਹਿ ਕੇ ਸੰਗਤ ਵਿੱਚ ਆ ਕੇ ਬੈਠ ਗਿਆ। **ਅੱਜ ਸਵੇਰੇ ਨੌਂ ਵਜੇ ਤੋ ਲਗ ਕੇ ਸ਼ਾਮ ਦੇ ੬ ਵਜੇ ਤਕ ਗੱਲ ਕੀ ੯ ਘੰਟੇ ਇੱਕ ਰਸ ਕੀਰਤਨ ਕੀਤਾ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹੀ ਕਿਰਪਾ ਸੀ। ਅੱਜ ਵਰ**

ਮਿਲਿਆ ਸੀ ਕਿ ਨਾਮ ਜਪਿਆ ਕਰੋ ਤੇ ਦਾਤਾ ਪੁੱਤਰ ਦੇਵੇਗਾ ਦਲਜੀਤ ਕੌਰ ਦੇ ਘਰ ਸਮਾ ਪਾ ਕੇ ਸੰਨ ੧੯੪੫ ਲੋਹੜੀ ਵਾਲੇ ਦਿਨ ਪ੍ਰਮਾਤਮਾਂ ਨੇ ਪੁੱਤਰ ਦੀ ਦਾਤ ਬਖਸ਼ ਦਿੱਤੀ ਤੇ ਅਸੀ ਉਸਦਾ ਨਾਮ ਹਰਭਜਨ ਸਿੰਘ ਰਖਿਆ ਤੇ ਸਾਲ ਬਾਅਦ ਫਿਰ ਲੜਕਾ ਪੈਦਾ ਹੋਇਆ। ਇਸਦਾ ਨਾਮ ਬਲਬੀਰ ਸਿੰਘ ਰਖਿਆ ਸੀ ਅੱਗੇ ਆ ਗਿਆ ਸੰਨ ੧੯੪੭ ਦੇਸ਼ ਦਾ ਵਟਾਂਦਰਾ ਤੇ ਦੁਨੀਆ ਦੀ ਤਬਾਹੀ।

# (੨੧) ੧੯੪੭ ਦੇ ਘੱਲੂਘਾਰੇ ਵਿੱਚ ਯੋਗਦਾਨ

ਸੰਨ ੧੯੪੫ ਵਿੱਚ ਹੀ ਕੂਕਿਆ ਨੂੰ ਸਤਿਗੁਰਾਂ ਨੇ ਹੁਕਮ ਦਿੱਤਾ ਸੀ ਕਿ ਤੁਸੀ ਆਪਣੇ ਆਪਣੇ ਘਰ ਛੱਡ ਕੇ ਸਕੇਤ ਮੰਡੀ ਜਾਂ ਬੀਕਾਨੇਰ ਚਲੇ ਜਾਉ ਲਾਇਲ ਪੁਰ, ਸਰਗੋਧਾ, ਕੁਜਰਾਂ ਵਾਲੇ, ਸਿਆਲ ਕੋਟ, ਗੁਰਦਾਸ ਪੁਰ, ਅੰਮ੍ਰਿਤਸਰ, ਲਾਹੌਰ, ਮਿੰਗ੍ਰਸਰੀ, ਸ਼ੇਖੂਪੁਰਾ, ਲੁਧਿਆਣਾ, ਜਲੰਧਰ, ਰਾਵਲ ਪਿੰਡੀ, ਗੁਜਰਾਤ, ਝੰਗ ਮਗਿਆਣਾਂ ਮੁਲਤਾਨ ਗੱਲ ਕੀ ਸਭ ਦੇਸ ਵਿੱਚ ਰੌਲਾ ਪੈਣਾ ਹੈ ਤੇ ਆਮੰ ਸਿੱਖ ਸਤਿਗੁਰਾਂ ਦਾ ਹੁਕਮ ਮੰਨ ਕੇ ਸਕੇਤ ਮੰਡੀ ਸਮੇਤ ਪ੍ਰੀਵਾਰ ਚਲੇ ਗਏ ਸਨ। ਕੁਝ ਬੀਕਾਨੇਰ, ਨੌਹਰ ਸ਼ਹਿਰ ਵਿੱਚ ਜਾ ਵਸੇ ਸਨ। ਲੋਕ ਚਰਚਾ ਕਰਨ ਲਗ ਪਏ ਕਿ ਨਾਮਧਾਰੀਏ ਡਰਦੇ ਘਰ ਛੱਡ ਕੇ ਭੱਜੇ ਜਾਂਦੇ ਹਨ। ਮੈਂ ਇਸ ਸਮੇ ਅਪਣੇ ਪਿੰਡ ਵੇਰਕੇ ਰਹਿੰਦਾ ਸਾਂ ਤੇ ਮੈਟਰੋ ਪੋਲ ਕਾਰਖਾਨੇ ਵਿੱਚ ਕੰਮ ਕਰਦਾ ਸਾਂ, ਨਗਰ ਵਿੱਚ ਕੀਰਤਨ ਵੀ ਕਰਦਾ ਹੁੰਦਾ ਸਾਂ ਇੱਕ ਸਿੱਖ ਦੇ ਘਰ ਪਾਠਦਾ ਭੋਗ ਪਿਆ ਤੇ ਸਾਡਾ ਜਥਾ ਉਸੇ ਕੀਰਤਨ ਵਾਸਤੇ ਸੱਦਿਆ ਸੀ। ਦਿਨ ਐਤਵਾਰ ਦਾ ਸੀ, ਸੰਗਤ ਵੀ ਬੜੀ ਬੈਠੀ ਸੀ। ਮੈ ਲੈਕਚਰ ਕਰ ਰਿਹਾ ਸਾਂ ਤੇ ਲੈਕਚਰ ਕਰਦਿਆਂ ਕਰਦਿਆਂ ਹੀ ਮੈਂ ਕਿਹਾ ਕਿ ਮਾਸ ਖਾਣਾ ਤੇ ਸ਼ਰਾਬ ਪੀਣੀ ਗੁਰੂ ਦੀ ਬਾਣੀ ਵਿੱਚ ਸਖਤ ਮਨ੍ਹਾ ਹੈ, ਇਹ ਚੀਜਾਂ ਤਾਂ ਰਾਖਸ਼ਸਾਂ ਵਾਸਤੇ ਹਨ। ਦੇਵਤਿਆਂ ਵਾਸਤੇ ਮਨ੍ਹਾਂ ਹਨ ਤੇ ਜ਼ੈਲਦਾਰ ਗੁਰਬਚਨ ਸਿੰਘ ਨੇ ਆਖਿਆ ਕਿ ਦੀਵਾਨ ਸੁਣਨ ਦਾ ਅਨੰਦ ਤਾਂ ਬੜਾ ਆਉਂਦਾ ਹੈ ਪਰ ਜਦੋ ਤੂੰ ਇਹ ਗੱਲ ਕਹਿੰਦਾ ਹੈ ਕਿ ਮਾਸ ਸ਼ਰਾਬ ਨਾ ਵਰਤੋ ਫਿਰ ਦਿਲ ਖਰਾਬ ਹੁੰਦਾ ਹੈ। ਪਰ ਬਈ ਮਾਸ ਖਾਣ ਤੋਂ ਬਿਨਾਂ ਤਾ ਇਨਸਾਨ ਦਲੇਰ ਹੀ ਨਹੀ ਹੁੰਦਾ ਬਾਕੀ ਕੂਕੇ ਤਾਂ ਬੁਜਦਿਲ ਹਨ ਮਾਸ ਨਹੀ ਖਾਂਦੇ ਤਾਂ ਹੀ ਤਾਂ ਘਟ ਬਾਹਰ ਛੱਡ ਛੱਡ ਕੇ ਮੰਡੀ ਸਕੇਤ ਤੇ ਬੀਕਾਨੇਰ ਵੱਲ ਭਜੇ ਜਾਂਦੇ ਹਨ। ਮੈ ਉੱਤਰ ਦਿੱਤਾ, "ਸਰਦਾਰ ਜੀ, ਕੂਕੇ ਬੁਜਦਿਲ ਨਹੀ ਹਨ। ਅਸੀ ਤਾਂ ਅਪਣੇ ਸਤਿਗੁਰਾਂ ਦਾ ਹੁਕਮ ਮੰਨਦੇ ਹਾਂ ਜੋ ਹੁਕਮ ਉਹ ਕਰਨ ਅਸੀ ਉਸਦੀ ਪਾਲਣਾ ਕਰਨੀ ਹੈ। ਬਾਕੀ ਜੇ ਕਰ ਮਾਸ ਖਾਣ ਨਾਲ ਦਿਲ ਦਲੇਰ ਹੁੰਦਾ ਹੈ ਤਾਂ ਤੇ ਹੜੋ ਰੋੜੇ ਜੋ ਕੁੱਤੇ ਤੇ ਇੱਲਾਂ

ਸਾਰਾ ਸਾਰਾ ਡੰਗਰ ਖਾ ਜਾਂਦੇ ਹਨ। ਉਹ ਤਾਂ ਫਿਰ ਸਾਡੇ ਅਵਾਂਣੇ ਚੁੱਕ ਕੇ ਲੈ ਜਾਣ। ਇਹ ਗੱਲ ਗਲਤ ਹੈ ਮਾਸ ਖਾਧਿਆ ਦਿਲ ਦਲੇਰ ਨਹੀ ਹੁੰਦਾ, ਮੁਰਦੇ ਖਾ ਕੇ ਦਲੇਰੀ ਕਿਸ ਤਰ੍ਹਾਂ ਆ ਸਕਦੀ ਹੈ। ਪਰ ਅਸੀਂ ਉਹ ਕੂਕੇ ਹਾਂ ਜੋ ਦੇਸ਼ ਦੀ ਖਾਤਿਰ ਫਾਂਸੀਆਂ ਤੇ ਚੜ੍ਹੇ ਅਪਣੀ ਹੱਥੀਂ ਰੱਸੇ ਗੱਲਾਂ ਵਿੱਚ ਪਾਏ ਕਿਸੇ ਚੂਹੜੇ ਨੂੰ ਹੱਥ ਨਹੀ ਲਗਾਉਣ ਦਿੱਤਾ, ਅਸੀ ਉਹ ਕੂਕੇ ਹਾਂ ਜਿਹਨਾਂ ਨੇ ਗਊਆਂ ਦੇ ਕਾਤਿਲ ਬੁਰੱਛ ਨੂੰ ਦੇਸ਼ ਵਿੱਚੋ ਭਜਾ ਦਿੱਤਾ ਤੇ ਹੱਸ ਹੱਸ ਕੇ ਤੋਪ ਦੇ ਸਾਹਮਣੇ ਹੋ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ, ਬਾਕੀ ਅੱਜ ਦੀ ਗੱਲ ਮੇਰੀ ਯਾਦ ਰੱਖਣਾਂ ਕੋਈ ਸਮਾਂ ਅਵੇਗਾ ਤੇ ਫਿਰ ਤੁਹਾਡੀ ਦਲੇਰੀ ਦਾ ਵੀ ਪਤਾ ਲਗੇਗਾ। ਸੱਜਣੋਂ ਦੂਰ ਸੁਣੀਂਦੇ ਨੇੜੇ ਆਏ। ਅੱਜ ਸੰਨ ਸੰਤਾਲੀ ਚੜ੍ਹ ਗਿਆ ਹੈ ਤੇ ਪਾਕਿਸਤਾਨ ਦਾ ਰੌਲਾ ਸ਼ੁਰੂ ਹੋ ਗਿਆ ਹੈ।

ਮੈ ਬਿਜਲੀ ਘਰ ਦੇ ਲਾਗੇ ਇੱਕ ਕਾਰਖਾਨਾ ਸੀ ਛੋਟਾ ਜਿਹਾ ਪੱਖਿਆ ਦਾ। ਮੈ ਇਸ ਕਾਰਖਾਨੇ ਦਾ ਫੁੱਲ ਇੰਚਾਰਜ ਸਾਂ ਮੇਰੀ ਤਨਖਾਹ ੩੦੦ ਰੁ: ਮਹੀਨਾਂ ਸੀ। ਪੰਜ ਪੱਖੇ ਰੋਜ ਤਿਆਰ ਕਰਦਾ ਸਾਂ ਨਵੇਂ। ੫੦ ਬੰਦੇ ਮੇਰੇ ਕੋਲ ਕੰਮ ਕਰਦੇ ਸਨ। ਸਾਰੇ ਸਿੱਖ ਸਨ। ਸਿਰਫ ਪੰਜਾਹਾਂ ਤੋ ਇਲਾਵਾ ੫ ਮੁਸਲਮਾਨ ਰੱਖੇ ਹੋਏ ਸਨ। ਮੋਲਡਰ ਢਲਾਈਦੇ ਕੰਮ ਵਾਸਤੇ। ਅੱਜ ਸ਼ਰੀਫਪੁਰੇ ਪਹਿਲਾਂ ਚਾਂਸ ਹੋਇਆ ਸੀ ਕਿ ਮੁਸਲਮਾਨਾਂ ਨੇ ਪਠਾਣ ਕੋਟ ਵਾਲੀ ਗੱਡੀ ਰੋਕ ਕੇ ਅੰਮ੍ਰਿਤਸਰ ਸ਼ਰੀਫ ਪੁਰੇ ਤੇ ਸਭ ਹਿੰਦੂ ਤੇ ਸਿੱਖ ਬੱਚੇ ਜਨਾਨੀਆਂ ਕਤਲ ਕਰ ਦਿੱਤੇ ਤੇ ਇੱਕ ਭਗਵੇ ਕਪੜਿਆ ਵਾਲਾ ਸਾਧ ਕੁਦਰਤੀ ਨਿਕਲ ਕੇ ਭੱਜ ਆਇਆ। ਅੱਗੇ ਮੈਂ ਸੜਕ ਤੇ ਖੜਾ ਸਾਂ ਉਹ ਬੰਦਾ ਮੇਰੇ ਕੋਲ ਆ ਕੇ ਡਿੱਗ ਪਿਆ। ਮੈ ਉਸਦੀ ਬਾਹਵਾਂ ਫੜ ਕੇ ਉੱਠਾ ਕੇ ਬਿਠਾਇਆ ਤੇ ਉਸਨੇ ਆਪਣੇ ਮੂੰਹ ਨੂੰ ਹੱਥ ਲਾਇਆ ਤੇ ਮੈ ਚੌਕੀਦਾਰ ਨੂੰ ਆਵਾਜ ਦਿੱਤੀ ਕਿ ਗੋਰਖੇ ਨੂੰ ਕਹਿ ਜਲਦੀ ਪਾਣੀ ਲਿਆ। ਗੋਰਖਾ ਪਾਣੀ ਲਿਆਇਆ ਤੇ ਪਾਣੀ ਉਸਦੇ ਮੂੰਹ ਵਿੱਚ ਪਾਇਆ ਤੇ ਉਸਨੂੰ ਉੱਠਾ ਕੇ ਮੈ ਕਾਰਖਾਨੇ ਦੇ ਅੰਦਰ ਲੈ ਗਿਆ। ਜਾ ਕੇ ਪੱਖੇ ਹੇਠ ਬਿਠਾਇਆ ਕੁਰਸੀ ਤੇ। ਇੱਕ ਵੇਰ ਉਸਨੇ ਫਿਰ ਪਾਣੀ ਪੀਤਾ ਤੇ ਮੈ ਉਸਨੂੰ ਪੁੱਛਿਆ, "ਕੀ ਗੱਲ ਹੈ ਕਿਉਂ ਘਾਬਰਿਆ ਹੋਇਆ ਹੈ।" ਉਸਨੇ ਕਿਹਾ, "ਸਰਦਾਰ ਜੀ, ਅੱਜ ਮੁਸਲਮਾਨਾਂ ਨੇ ਬੜਾ ਜੁਲਮ ਕੀਤਾ ਹੈ। ਪਠਾਣ ਕੋਟੋ ਜੋ ਗੱਡੀ ਆਈ ਹੈ ਉਸਦੀ ਤਾਰ ਖਿੱਚ ਕੇ, ਗੱਡੀ ਰੋਕ ਕੇ ਸਭ ਹਿੰਦੂ ਸਿੱਖ ਬੱਚੇ ਜਨਾਨੀਆਂ ਕਤਲ ਕਰ ਦਿੱਤੇ ਹਨ। ਮੇਰਾ ਦਾਅ ਲੱਗ ਗਿਆ ਤੇ ਮੈ ਨਿਕਲ ਆਇਆ ਹਾਂ। ਇੰਨੀ ਗੱਲ ਦੱਸ ਕੇ ਉਹ ਤਾਂ ਚਲਾ ਗਿਆ ਤੇ ਮੈਂ ਆਪਣੇ ਕੁਝ ਬੰਦੇ ਸੱਦ ਕੇ ਉਹਨਾਂ ਨਾਲ ਗੱਲ ਕੀਤੀ ਤੇ ਲੁਹਾਰਾਂ ਨੂੰ ਸੱਦਕੇ ਆਖਿਆ ਕਿ ਬਰਛੇ ਤੇ ਦਾਤਰ ਬਣਾਓ। ਬਾਕੀ ਹੋਰ ਸਭ ਕੰਮ ਬੰਦ ਕਰ ਦਿਓ। ਦੇਗ ਭੱਠੀ ਚਲਦੀ ਸੀ। ਮੈ ਕਰਕੇ ਸਲਾਹ, ਚਾਰੇ ਮੁਸਲਮਾਨ ਮੋਲਡਰ ਮਾਰ ਦਿੱਤੇ।

ਸਿਰ ਵੱਢ ਕੇ ਭੱਠੀ ਵਿੱਚ ਸਾੜ ਦਿੱਤੇ ਬਾਕੀ ਟੋਟੇ ਟੋਟੇ ਕਰਕੇ ਇੱਕ ਖੱਡਾ ਸੀ ਤਕਰੀਬਨ ਅੱਠ ਫੁੱਟ ਡੂੰਘਾ ਕਾਰਖਾਨੇ ਦੇ ਪਿਛਲੇ ਪਾਸੇ ਬਾਗ ਵਿੱਚ ਸੁੱਟ ਦਿੱਤੇ। ਤਿੰਨ ਵਜੇ ਕਾਰਖਾਨਾ ਬੰਦ ਕਰਕੇ ਬਰਛੇ ਤੇ ਦਾਤਰ ਲੈ ਕੇ ਅਸੀ ਘਰਾਂ ਨੂੰ ਆ ਗਏ ਜਦ ਮੈ ਪਿੰਡ ਵੇਰਕੇ ਆਇਆ ਤੇ ਲੋਕ ਬੜੇ ਇੱਕੱਠੇ ਹੋਏ ਹੋਏ ਸੀ ਅਮਨ ਕਮੇਟੀ ਬਣਾ ਕੇ ਵਿੱਚੇ ਹੀ ਮੁਸਲਮਾਨ ਤੇ ਸਿੱਖ ਹਿੰਦੂ ਸਭ ਇਸ ਕਮੇਟੀ ਵਿੱਚ ਸਨ, ਆ ਕੇ ਮੈਨੂੰ ਪੁਛੱਣ ਲਗੇ, "ਸੰਤ ਜੀ, ਸੁਣਾਓ ਸ਼ਹਿਰ ਦਾ ਕੀ ਗੱਲ ਹੈ।" ਮੈ ਉੱਤਰ ਦਿੱਤਾ, "ਸ਼ਹਿਰ ਤਾਂ ਮੁਸਲਮਾਨਾਂ ਨੇ ਬੜਾ ਜੁਲਮ ਕੀਤਾ ਹੈ ਗੱਡੀ ਰੋਕ ਕੇ ਬੱਚਿਆਂ ਤੱਕ ਨੂੰ ਕਤਲ ਕਰ ਦਿੱਤਾ ਹੈ ਤੇ ਕਰਫਿਊ ਲਗਾ ਹੋਇਆ ਹੈ। ਮੈਨੂੰ ਅਮਨ ਕਮੇਟੀ ਵਾਲਿਆਂ ਕਿਹਾ, "ਸੰਤ ਜੀ ਤੁਸੀ ਵੀ ਕਮੇਟੀ ਦੇ ਮੈਂਬਰ ਹੋ?" ਮੈ ਉੱਤਰ ਦਿੱਤਾ, "ਮੈ ਨਹੀ ਮੈਂਬਰ ਬਣਨਾਂ, ਮੇਰਾ ਤੁਹਾਨੂੰ ਕੀ ਪਤਾ ਹੈ ਮੈ ਕੀ ਕਰਨਾ ਹੈ?" ਚੋਧਰੀ ਫਜ਼ਲ ਦੀਨ ਬੜਾ ਚੰਗਾ ਬੰਦਾ ਸੀ ਉਸਨੇ ਮੈਨੂੰ ਆ ਕੇ ਜੱਫੀ ਵਿੱਚ ਲੈ ਲਿਆ ਤੇ ਕਹਿਣ ਲਗਾ, "ਸੰਤ ਜੀ ਤੁਸੀ ਤੇ ਰੱਬ ਦੇ ਪਿਆਰੇ ਹੋ, ਸਭ ਦਾ ਭਲਾ ਮੰਗਣ ਵਾਲੇ ਹੋ, ਤੁਹਾਨੂੰ ਤੇ ਗੁੱਸਾ ਨਹੀ ਆਉਣਾ ਚਾਹੀਦਾ।" ਮੈ ਕਿਹਾ ਕਿ ਚੋਧਰੀ ਜੀ ਕੋ ਕੁਝ ਤੁਸੀ ਕਹਿੰਦੇ ਹੋ ਠੀਕ ਹੈ ਪਰ ਜੁਲਮ ਦੇ ਨਾਲ ਟਾਕਰਾ ਸੂਰਮੇ ਦਾ ਫਰਜ ਬਣਦਾ ਹੈ ਅੱਗੇ ਜਿਸਤਰ੍ਹਾਂ ਤੁਸੀ ਹੁਕਮ ਕਰੋ ਮੈ ਮਨਾਂਗਾ ਜੀ। ਸਾਡੇ ਵੇਰਕੇ ਵਿੱਚ ਸੱਤ ਦੁਕਾਨਾਂ ਸੀ ਲੁਹਾਰਾਂ ਦੀਆਂ ਪਰ ਸਭ ਮੁਸਲਮਾਨਾਂ ਦੀਆਂ ਸਨ। ਸਭ ਨੇ ਹੀ ਕੰਮ ਬੰਦ ਕਰ ਦਿੱਤੇ ਤੇ ਮੈਨੂੰ ਜੈਲਦਾਰ ਨੇ ਸੱਦ ਕੇ ਸਾਰੀ ਗੱਲ ਦਸੀ। ਮੈ ਕਿਹਾ ਕਿ ਕੋਈ ਫਿਕਰ ਵਾਲੀ ਗੱਲ ਨਹੀ ਸਵੇਰੇ ਇੱਕ ਦੁਕਾਨ ਲੁਹਾਰ ਸਿੱਖਾਂ ਦੀ ਸ਼ੁਰੂ ਕਰਵਾ ਦਿਆਂਗਾ। ਅਗਲੇ ਦਿਨ ਹੀ ਮੈ ਕਾਰਖਾਨੇ ਗਿਆ ਜਾ ਕੇ ਫਿਰ ਬਰਛੇ ਤੇ ਦਾਤਰ ਬਣਾਉਣੇ ਸ਼ੁਰੂ ਕਰ ਦਿੱਤੇ। ਇੱਥੇ ਮੇਰੇ ਪਾਸ ਚਾਰ ਸਿੱਖ ਲੁਹਾਰ ਕੰਮ ਕਰਦੇ ਸਨ। ਮੈ ਇਹਨਾ ਨਾਲ ਮਸ਼ਵਰਾ ਕਰਕੇ ਅਗਲੇ ਦਿਨ ਪਿੰਡ ਵੇਰਕੇ ਦਰਸ਼ਨ ਸਿੰਘ ਪਹਿਲਵਾਨ ਦੀ ਹਵੇਲੀ ਵਿੱਚ ਸਟੇਸ਼ਨ ਦੇ ਸਾਹਮਣੇ ਸੜਕ ਦੇ ਕੰਢੇ ਤੇ ਅੱਜ ਲੁਹਾਰੇ ਕੰਮ ਦੀ ਦੁਕਾਨ ਖੋਲ੍ਹ ਦਿੱਤੀ। ਸਭ ਸਿੱਖਾਂ ਨੂੰ ਪਤਾ ਲੱਗ ਗਿਆ ਕਿ ਸੰਤਾਂ ਨੇ ਲੁਹਾਰ ਲਿਆ ਦਿੱਤੇ ਹਨ ਤੇ ਕੰਮ ਸ਼ੁਰੂ ਹੋ ਗਿਆ ਸਾਰੇ ਨਗਰ ਦਾ ਕੰਮ ਇੱਥੇ ਆਉਣ ਲੱਗ ਪਿਆ ਤੇ ਮੈ ਗੈਸ ਵੈਲਡਿੰਗ ਵ੍ਹੀ ਕਾਰਖਾਨਿਓ ਚੁੱਕ ਲਿਆਂਦਾ ਤੇ ਦੁਕਾਨ ਤੇ ਲਿਆ ਕੇ ਚਾਲੂ ਕਰ ਦਿੱਤਾ। ਚਾਰ ਸਿਲੰਡਰ ਗੈਸ ਦੇ ਭਰੇ ਹੋਏ ਸਨ ਉਹ ਵੀ ਲੈ ਆਂਦੇ। ਕਾਰਖਾਨੇ ਦੇ ਮਾਲਕ ਤੇ ਅੰਮ੍ਰਿਤਸਰ ਤੇ ਆਉਂਦੇ ਹੀ ਨਹੀ ਸਨ।

ਪਿੰਡਾਂ ਵਿੱਚ ਕਤਲੇਆਮ ਸ਼ੁਰੂ ਸੀ। ਮੈ ਵੀ ਜਥੇ ਨੂੰ ਸਭ ਹਥਿਆਰ ਬਣਾ ਦਿੱਤੇ ਸਨ। ਕਿਰਪਾਨਾਂ ਮੁੱਲ ਲਿਆ ਦਿੱਤੀਆਂ ਸੀ ਤੇ ਕਈਆਂ ਨੂੰ ਖੁਦ ਬਣਾ ਕੇ ਦਿੱਤੀਆਂ

ਸਨ। ਮੇਰੇ ਪਾਸ ਸਾਢੇ ਤਿੰਨ ਫੁੱਟ ਦੀ ਕ੍ਰਿਪਾਨ ਸੀ ਅਪਣੇ ਹੱਥ ਦੀ ਬਣੀ ਹੋਈ। ੩੦੦ ਤੀਰ ਸੀ ਮੇਰੇ ਪਾਸ ਤੇ ਇੱਕ ਬਰਛਾ ਬੜਾ ਵਧੀਆ ਸੀ। ਮੈ ਜਥਾ ਲੈ ਕੇ ਰਾਤ ਦੋ ਦੋ ਚਾਰ ਚਾਰ ਕੋਹ ਤੇ ਜਾ ਕੇ ਮੁਸਲਮਾਨ ਵੱਢ ਆਉਣੇ। ਇਲਾਕੇ ਵਿੱਚ ਤੜਫਾਹਟ ਪੈ ਗਿਆ। ਸਾਡੇ ਪਿੰਡ ਦੀ ਆਬਾਦੀ ੯,੦੦੦ ਦੀ ਸੀ। ਮੁਸਲਮਾਨ ੬੦੦੦ ਸੀ। ਡੋਗਰ ਸਭ ਜਮੀਨਾਂ ਦੇ ਮਾਲਕ ਸਨ, ਚੰਗੇ ਰਾਜੀ ਵੀ ਸਨ। ਪਰ ਸਿੱਖ ਫੌਜੀ ਅਫਸਰ ਦਫੇਦਾਰ ਤੋ ਲੈ ਕੇ ਕਰਨਲ ਤਕ ਸਨ; ਸਭ ਚੰਗੇ ਮਾਲਦਾਰ ਸਨ ਪਰ ਕੋਈ ਸਿੱਖ ਉੱਦਮ ਨਾ ਕਰੇ, ਚੁੱਪ ਜਿਹੇ ਕਰ ਰਹੇ।

ਮੈ ਇੱਕ ਦਿਨ ਆਮ ਸਿੱਖ ਲੋਕਾਂ ਨੂੰ ਗੁਰਦੁਵਾਰੇ ਬੁਲਾਇਆ। ਸਭ ਆ ਗਏ ਤੇ ਮੈ ਆਖਿਆ ਕਿ ਇਲਾਕੇ ਵਿੱਚ ਆਮ ਰੌਲਾ ਪੈ ਗਿਆ ਹੈ ਤੇ ਅਪਣੇ ਪਿੰਡ ਦੇ ਵੀ ਦੋ ਸਿੱਖ ਮਾਰੇ ਗਏ ਹਨ, ਹੁਣ ਕੀ ਕਰਨਾ ਚਾਹੀਦਾ ਹੈ? ਮੁਸਲਮਾਨਾਂ ਨੇ ਤਾਂ ਬੜਾ ਇੰਤਜਾਮ ਕੀਤਾ ਹੋਇਆ ਹੈ। ਸਾਨੂੰ ਵੀ ਕੁਝ ਤੇ ਸੋਚਣਾ ਚਾਹੀਦਾ ਹੈ। ਸਾਰਿਆਂ ਨੇ ਮਸ਼ਵਰਾ ਕੀਤਾ ਕਿ ਸਾਨੂੰ ਕੁਝ ਕਰਨਾ ਚਾਹੀਦਾ ਹੈ। ਮੈ ਕਿਹਾ ਕਿ ਜੋ ਲੋਹੇ ਦਾ ਸਾਮਾਨ ਬਣਾਉਣਾ ਹੈ ਉਹ ਮੇਰੇ ਸਪੁਰਦ ਕਰ ਦਿਓ ਬਾਕੀ ਰਫਲਾਂ ਤੁਹਾਡੇ ਪਾਸ ਹਨ, ਤਗੜੇ ਹੋ ਕੇ ਅਪਣਾਂ ਬੰਦੋਬਸਤ ਰਖੋ ਹੋਰ ਕਈ ਵਿੱਚਾਰਾਂ ਕੀਤੀਆਂ।

ਸਵੇਰੇ ਕਿਸੇ ਨੇ ਸਾਡੀ ਸਾਰੀ ਰਾਤ ਦੀ ਸਲਾਹ ਪਿੰਡ ਦੇ ਮੁਸਲਮਾਨਾਂ ਨੂੰ ਜਾ ਦੱਸੀ ਕਿ ਸੰਤ ਅਮਰ ਸਿੰਘ ਨੇ ਰਾਤ ਨੂੰ ਬੰਦੇ ਇੱਕਠੇ ਕਰਕੇ ਮਸ਼ਵਰਾ ਕੀਤਾ ਹੈ ਕਿ ਪਿੰਡ ਦੇ ਮੁਸਲਮਾਨਾਂ ਤੇ ਹਮਲਾ ਕਰੀਏ। ਮੇਰਾ ਘਰ ਮੁਸਲਮਾਨਾਂ ਦੇ ਵਿਚਕਾਰ ਸੀ। ਚਾਰ ਚੁਫੇਰੇ ਮੁਸਲਮਾਨਾਂ ਦੇ ਘਰ ਸਨ। ਮੈ ਕਾਰਖਾਨੇ ਵੀ ਰੋਜ ਜਾਂਦਾ ਸਾਂ। ਅੱਗੇ ਵੀ ਮੈ ਲਿਖਿਆ ਹੈ ਕਿ ਮੇਰੇ ਪਾਸ ੩੦੦ ਤੀਰ, ੪ ਤੋੜੇ ਗੁਲੇਲਿਆਂ ਦੇ, ਦੋ ਗੁਲੇਲਾਂ, ਇੱਕ ਤੀਰ ਚਲਾਉਣ ਵਾਲੀ ਤੇ ਇੱਕ ਗੁਲੇਲੇ ਚਲਾਉਣ ਵਾਲੀ ਸੀ, ੧੨ ਬੰਬ ਸਨ ਤੋੜੇ ਵਾਲੇ, ੨੦ ਮੁੰਡਿਆਂ ਦਾ ਜਥਾ ਸੀ। ਸਾਰੇ ਇੱਕ ਦੂਜੇ ਤੋ ਵੱਧ ਕੇ ਜੁਵਾਨ ਸਨ। ਮੇਰੇ ਤੋਂ ਮੁਸਲਮਾਨਾਂ ਨੂੰ ਬਹੁਤ ਖਤਰਾ ਸੀ। ਮੁਸਲਮਾਨ ਹਰਵਕਤ ਸੋਚਦੇ ਸਨ ਕਿ ਕਿਸੇ ਤਰ੍ਹਾਂ ਨਾਲ ਸੰਤ ਨੂੰ ਮਾਰੀਏ। ਜਿਸ ਕਾਰਖਾਨੇ ਵਿੱਚ ਮੈ ਰੋਜ ਕੰਮ ਕਰਨ ਜਾਂਦਾ ਸਾਂ ਉਹ ਪਿੰਡ ਤੇ ਦੋ ਮੀਲ ਦੇ ਫਾਸਲੇ ਤੇ ਹੀ ਸੀ। ਅੱਜ ਜਦੋਂ ਮੈ ਕਾਰਖਾਨੇ ਜਾ ਰਿਹਾ ਸਾਂ ਸਵੇਰੇ ਦੇ ੭ ਕੁ ਦਾ ਸਮਾਂ ਸੀ ਤੇ ਮੈ ਸਾਈਕਲ ਤੇ ਆਪਣੇ ਰੋਜ ਦੇ ਨੇਮ ਨਾਲ ਜਾ ਰਿਹਾ ਸਾਂ। ਮੇਰੇ ਕੋਲ ਸਾਡੇ ਤਿੰਨ ਫੁੱਟ ਲੰਬੀ ਕ੍ਰਿਪਾਨ ਸੀ। ਅੱਗੇ ਪਿੰਡ ਤੇ ਇੱਕ ਮੀਲ ਦੇ ਫਾਸਲੇ ਤੇ ਨਖਾਸੂ ਦਾ ਪੁਲ ਸੀ। ਇਸਦੇ ਹੇਠਾਂ ੧੨ ਬੰਦੇ ਲੁਕੇ ਹੋਏ ਸਨ। ਇੱਕ ਬੰਦਾ ਪੁਲ ਤੇ ਪਰੇ ਹਟਕੇ ਖੜਾ ਸੀ, ਜਦ ਮੈ ਪੁਲ ਤੋ ਪਾਰ ਹੋਇਆ ਤਾਂ ਉਸ ਬੰਦੇ ਨੇ ਸੀਟੀ ਮਾਰੀ। ਮੈ ਸੁਣ ਕੇ ਜਦੋਂ ਪਿੱਛੇ ਨੂੰ ਵੇਖਿਆ ਤਾਂ ਪੁਲ ਦੇ ਹੇਠੋ ਬੰਦੇ

ਬਾਹਰ ਨਿਕਲ ਆਏ. ਫਿਰ ਜਦੋ ਅੱਗੇ ਵੱਲ ਵੇਖਿਆ ਤਾਂ ਘਟੋ ਘੱਟ ੨੮-੩੦ ਬੰਦੇ ਸੜਕ ਰੋਕੀ ਖੜੇ ਸਨ। ਮੈ ਝਟਪਟ ਸਾਈਕਲ ਤੋਂ ਉੱਤਰ ਕੇ ਕ੍ਰਿਪਾਨ ਖਿੱਚ ਲਈ ਤੇ ਉਹ ਸਾਰੇ ਬੰਦੇ ਮੇਰੇ ਲਾਗੇ ਆ ਗਏ। ਮੇਰੇ ਤਿੰਨ ਪਾਸੇ ਉਹਨਾਂ ਨੇ ਰੋਕ ਲਏ ਸਨ ਪਰ ਮੇਰੇ ਕੋਲ ਕੋਈ ਨਾ ਆਵੇ। ਇਹਨਾਂ ਵਿੱਚ ਇੱਕ ਸ਼ਾਹ ਦੀਨ ਸਜ਼ਦ ਵੀ ਸੀ। ਇਹ ਮੇਰੇ ਕੋਲ ਮੈਟਰੋਪੋਲ ਕਾਰਖਾਨੇ ਕੰਮ ਕਰਦਾ ਹੁੰਦਾ ਸੀ। ਇਹ ਮੈਨੂੰ ਕਹਿਣ ਲਗਾ ਕਿ ਸੰਤ ਜੀ ਅਸਾਂ ਤੁਹਾਨੂੰ ਕੁਝ ਨਹੀ ਕਹਿਣਾ ਪਰ ਮੈ ਤੇਰੇ ਨਾਲ ਇੱਕ ਗੱਲ ਕਰਨੀ ਹੈ। ਮੈ ਕਿਹਾ, "ਇੱਥੇ ਖੜਾ ਹੋ ਕੇ ਜਿੰਨੀਆ ਗੱਲਾਂ ਕਰਨੀਆਂ ਹਨ ਤੂੰ ਕਰ ਲੈ ਪਰ ਜੇ ਤੂੰ ਮੇਰੇ ਲਾਗੇ ਆਇਉਂ ਤੇ ਮੈ ਤੈਨੂੰ ਕਤਲ ਕਰ ਦਿਆਂਗਾ।" ਇਸ ਗੱਲ ਤੋ ਬਾਅਦ ਨਾ ਤੇ ਮੈਨੂੰ ਰਸਤਾ ਦੇਣ ਤੇ ਨਾ ਹੀ ਮੇਰੇ ਗਲ ਪੈਣ। ਤਕਰੀਬਨ ੨੦ ਮਿੰਟ ਗੁਜਰ ਗਏ ਹੋਣਗੇ। ਆਖਰ ਮੈ ਆਖਿਆ, "ਜਾਂ ਤੇ ਰਸਤਾ ਛੱਡ ਦਿਉ ਨਹੀ ਤੇ ਮੇਰੇ ਕੋਲ ਆਉ ਮੈ ਵੀ ਹੋਲੀ ਖੇਡ ਲਵਾਂ।" ਮੇਰੀ ਇੰਨੀ ਗੱਲ ਸੁਣ ਕੇ ਉਹਨਾਂ ਨੇ ਰਸਤਾ ਛੱਡ ਦਿੱਤਾ ਤੇ ਮੈ ਸਾਈਕਲ ਲੈ ਕੇ ਕਾਰਖਾਨੇ ਨੂੰ ਤੁਰ ਪਿਆ ਤੇ ਰਸਤੇ ਵਿੱਚ ਚਾਰ ਲਾਸ਼ਾ ਸਿੱਖਾਂ ਦੀਆਂ ਪਈਆਂ ਸਨ। ਇਹ ਚਾਰੇ ਲਾਸ਼ਾ ਦੋਧੀਆਂ ਦੀਆਂ ਸਨ। ਇਹ ਵੇਖ ਕੇ ਦਿਲ ਬੜਾ ਦੁਖੀ ਹੋਇਆ। ਦਿਲ ਸਹਾਰ ਨਾ ਸਕਿਆ। ਕਾਰਖਾਨੇ ਜਾ ਕੇ ਸਾਈਕਲ ਰੱਖਿਆ; ਸੱਤ ਬੰਦੇ ਨਾਲ ਲੈ ਕੇ ਭੇਸ ਬਦਲ ਕੇ, ਕ੍ਰਿਪਾਨਾਂ ਤੇ ਦਾਤਰ ਲੈ ਕੇ ਉਸ ਜਗ੍ਹਾ ਤੇ ਆਏ ਜਿਹਨਾ ਬਾਗ਼ਾਂ ਵਿੱਚ ਮੁਸਲਮਾਨ ਰੋਜ ਲੁਕ ਕੇ ਸਿੱਖਾਂ ਨੂੰ ਮਾਰਦੇ ਸਨ ਅੱਗੇ ਉਹੋ ਬੰਦੇ ਬੈਠੇ ਸੀ। ਅਸੀ ਵੀ ਇੱਕਲੇ ਖਿੱਲਰ ਕੇ ਉਹਨਾਂ ਦੇ ਉਤੇ ਜਾ ਪਏ ਉਹਨਾਂ ਵਿੱਚੋ ਕੁਝ ਤੇ ਭੱਜ ਗਏ ਪਰ ਫਿਰ ਵੀ ੧੬ ਬੰਦੇ ਅਸੀ ਕਤਲ ਕਰ ਦਿੱਤੇ । ਇਹ ਉਹੋ ਬੰਦੇ ਸਨ ਜਿਹਨਾਂ ਨੇ ਮੈਨੂੰ ਅੱਜ ਰਸਤੇ ਵਿੱਚ ਘੇਰਿਆ ਸੀ। ਇਹਨਾਂ ੧੬ ਵਿੱਚੋ ਉਹ ਸ਼ਾਹ ਦੀਨ ਸਜ਼ਦ ਵੀ ਕਤਲ ਹੋ ਗਿਆ ਜੋ ਸਵੇਰੇ ਮੇਰੇ ਨਾਲ ਗੱਲਾਂ ਕਰਦਾ ਸੀ। ਸੜਕ ਤੇ ਜਿਥੇ ਚਾਰ ਸਿੱਖਾਂ ਦੀਆ ਲਾਸ਼ਾਂ ਪਈਆਂ ਸਨ ਅਸਾਂ ਵੀ ਚਾਰ ਲਾਸ਼ਾ ਉਹਨਾਂ ਲਾਸ਼ਾਂ ਦੇ ਲਾਗੇ ਮੁਸਲਿਆਂ ਦੀਆਂ ਖਿੱਚ ਕੇ ਰੱਖ ਦਿੱਤੀਆਂ ਤੇ ਬਾਕੀ ੧੨ ਲਾਸ਼ਾਂ ਬਾਗ਼ ਵਿੱਚ ਪਈਆਂ ਰਹਿਣ ਦਿੱਤੀਆਂ। ਬਾਗਾਂ ਦੇ ਲਾਗੇ ਇੱਕ ਛੋਟੀ ਜਿਹੀ ਨਹਿਰ ਵਗਦੀ ਸੀ। ਅਸੀ ਨਹਾ ਕੇ ਕਪੜੇ ਧੋ ਕੇ ਇੱਕਲਾ ਇੱਕਲਾ ਹੋ ਕੇ ਕਾਰਖਾਨੇ ਆ ਗਏ। ਫਿਰ ਘਰੋ ਘਰੀ ਚਲੇ ਗਏ। ਅੱਜ ਰਾਤ ਹੀ ਮੁਸਲਮਾਨਾਂ ਨੇ ਇਹ ਕਾਰਖਾਨਾ ਸਾੜ ਦਿੱਤਾ ਤੇ ਗੋਰਖਾ ਚੌਕੀਦਾਰ ਜੋ ਸੀ ਭੱਜ ਗਿਆ।

ਸਵੇਰੇ ਜਾ ਕੇ ਕਾਰਖਾਨਾ ਸੜਿਆ ਵੇਖ ਕੇ ਮੈ ਵਾਪਿਸ ਪਿੰਡ ਆ ਗਿਆ ਤੇ ਰਾਤ ਨੂੰ ਮੈ ਆਪਣਾ ਜਥਾ ਸੱਦ ਕੇ ਅਗਲਾ ਪ੍ਰੋਗਰਾਮ ਸ਼ੁਰੂ ਕੀਤਾ। ਰਾਤ ਘੋੜੀ ਤੇ ਚੜ੍ਹਕੇ ਜਥਾ ਲੈ ਕੇ ਲਾਗੇ ਲਾਗੇ ਦੇ ਪਿੰਡਾਂ ਤੇ ਹਮਲਾ ਕਰਨਾ ਤੇ ਮੁਸਲੇ ਕਤਲ

ਕਰਨੇ। ਜਿਸ ਪਿੰਡ ਤੇ ਰਾਤ ਨੂੰ ਹਮਲਾ ਕਰਨਾ ਹੁੰਦਾ ਸੀ ਉਸ ਪਿੰਡ ਦੇ ਸਿੱਖਾਂ ਨੂੰ ਦਿਨੇ ਇਤਲਾਹ ਦੇ ਆਉਂਦੇ ਸਾਂ ਕਿ ਅੱਜ ਰਾਤ ਅਸੀ ਹਮਲਾ ਕਰਨਾ ਹੈ ਤੇ ਤੁਸੀ ਬਾਹਰ ਨਾ ਨਿਕਲਿਉ। ਪਰ ਲੀਕ ਵਾਲੇ ਜੋ ਮੁਸਲਮਾਨ ਸਨ, ਇਹਨਾਂ ਨੇ ਸਾਡੇ ਪਿੰਡ ਵੇਰਕੇ ਦੇ ਚਾਰ ਸਿੱਖ ਮਾਰ ਦਿੱਤੇ ਪਰ ਫਿਰ ਵੀ ਸਾਡੇ ਪਿੰਡ ਦੇ ਵੱਡੇ ਵੱਡੇ ਸਰਦਾਰ ਕੋਈ ਚਾਰਾ ਨਾ ਕਰਨ; ਬਿਲਕੁਲ ਖਾਮੋਸ਼ ਰਹੇ। ਮੈਂ ਤਿੰਨ ਵਾਰ ਗੁਰਦੁਵਾਰੇ ਪੰਚਾਇਤ ਕੀਤੀ ਜੋ ਗੱਲਬਾਤ ਰਾਤ ਨੂੰ ਹੋਵੇ ਸਵੇਰੇ ਸਾਰੀ ਗੱਲ ਮੁਸਲਮਾਨਾਂ ਪਾਸ ਪੁੱਜ ਜਾਵੇ। ਆਖਿਰ ਮੈਂ ਚੰਬੇ ਰਿਆਸਤ ਵਿੱਚ ਜਾ ਕੇ ਪੰਜ ਸੇਰ ਬਾਰੂਦ ਲਿਆਂਦਾ ਤੇ ੧੦ ਤੋੜੇ ਵਾਲੀਆਂ ਰਫਲਾਂ ਤਿਆਰ ਕੀਤੀਆਂ। ਦਰਸ਼ਨ ਸਿੰਘ ਪਹਿਲਵਾਨ ਮੇਰਾ ਸ਼ਗਿਰਦ ਸੀ। ਇਸਦੀ ਹਵੇਲੀ ਸਟੇਸ਼ਨ ਦੇ ਸਾਹਮਣੇ ਸੀ ਪੱਕੀ ਰੋਡ ਤੇ। ਇਸਦੀ ਹਵੇਲੀ ਵਿੱਚ ਮੈਂ ਲੁਹਾਰੇ ਕੰਮ ਦੀ ਦੁਕਾਨ ਖੋਲ੍ਹੀ ਹੋਈ ਸੀ। ੪ ਲੁਹਾਰ ਕੰਮ ਕਰਦੇ ਸਨ ਤੇ ਨਾਲ ਹੀ ਗੈਸ ਵੈਲਡਿੰਗ ਦਾ ਕੰਮ ਸ਼ੁਰੂ ਕੀਤਾ ਸੀ। ਇਹਨਾਂ ਲੁਹਾਰਾਂ ਨੂੰ ਮੈਂ ਤਨਖਾਹ ਦਿੰਦਾ ਸਾਂ। ਵੇਰਕੇ ਦੇ ਸਟੇਸ਼ਨ ਦੇ ਲਾਗੇ ਹੀ ਪੁਲਸ ਦੀ ਚੌਕੀ ਵੀ ਸੀ। ਇੱਕ ਥਾਣੇਦਾਰ, ਇੱਕ ਹਵਾਲਦਾਰ ਤੇ ੧੦-੧੨ ਸਿਪਾਹੀ ਇਥੇ ਹਰਦਮ ਮੌਜੂਦ ਰਹਿੰਦੇ ਸਨ। ਇੱਕ ਥਾਣੇਦਾਰ ਨੂੰ ਛੱਡ ਕੇ ਬਾਕੀ ਸਾਰੀ ਪੁਲਸ ਮੁਸਲਮਾਨ ਸੀ। ਇਹ ਥਾਣੇਦਾਰ ਹਿੰਦੂ ਸੀ, ਛੋਟੇ ਜਿਹੇ ਕੱਦ ਦਾ ਸੀ ਤੇ ਮੇਰੀ ਇਸ ਨਾਲ ਗੂੜੀ ਗੱਲਬਾਤ ਸੀ। ਲੋਕੀ ਇਸਨੂੰ ਮਲਕ, ਮਲਕ ਕਹਿ ਕੇ ਬੁਲਾਉਂਦੇ ਸਨ।

ਸਵੇਰੇ ਮੈਂ ਦੁਕਾਨ ਤੇ ਜਾ ਕੇ ਲੁਹਾਰਾਂ ਨੂੰ ਆਖਿਆ ਕਿ ਭੱਠੀ ਗਰਮ ਕਰੋ ਕੰਮ ਕਰੀਏ। ਭੱਠੀ ਗਰਮ ਕਰਕੇ ਇਸ ਵਿੱਚ ਲੋਹਾ ਰਖਿਆ ਤੇ ਮੈਂ ਦੁਕਾਨ ਦੇ ਅੱਗੇ ਬੈਠ ਕੇ ਰਫਲ ਫੜ ਕੇ ਤੇ ਥੋੜਾ ਜਿਹਾ ਬਾਰੂਦ ਪਾ ਕੇ ਤੋੜਾ ਲਾ ਕੇ ਅੱਗ ਲਾ ਦਿੱਤੀ। ਰਫਲ ਬੜੇ ਜੋਰ ਦੀ ਚਲੀ ਹੱਦ ਤੋਂ ਜਿਆਦਾ ਖੜਾਕ ਹੋਇਆ ਤੇ ਮੇਰੀ ਖੱਬੀ ਲੱਤ ਵੀ ਸੜੀ, ਚੰਗਾ ਜ਼ਖਮ ਹੋ ਗਿਆ। ਅਸੀ ਝਟਪਟ ਦੁਕਾਨ ਵਿੱਚ ਕੋਇਲੇ ਸੁੱਟ ਕੇ ਜੋਰ ਦੀ ਪੱਖਾ ਚਲਾਇਆ ਤੇ ਬਹੁਤ ਜਿਆਦਾ ਧੂੰਆਂ ਕਰ ਦਿੱਤਾ। ਲੱਤ ਤੇ ਪਾਣੀ ਪਾ ਕੇ ਪੱਟੀ ਬੰਨ ਦਿੱਤੀ। ਉਸੇ ਵੇਲੇ ਪੁਲਸ ਆ ਗਈ। ਮੁਨਸ਼ੀ ਨੇ ਮੈਨੂੰ ਪੁਛਿਆ, "ਖੜਾਕ ਕਾਹਦਾ ਹੋਇਆ ਹੈ," ਮੈਂ ਆਖਿਆ, "ਇਹ ਤਾਂ ਇਸਮਾਈਲ ਦੇ ਘਰ ਖੜਾਕ ਹੋਇਆ ਏ। ਸਾਨੂੰ ਨਹੀ ਪਤਾ ਕਾਹਦਾ ਹੋਇਆ। ਪਰ ਮੁਨਸ਼ੀ ਨੇ ਮੈਨੂੰ ਕਿਹਾ ਕਿ ਤੂੰ ਬੰਬ ਚਲਾਇਆ ਏ। ਮੈਂ ਕਿਹਾ, "ਜੇ ਇੱਥੇ ਬੰਬ ਚਲਦਾ ਤਾਂ ਕੋਈ ਬੰਦਾ, ਡੰਗਰ ਜਾਂ ਘੋੜਾ ਜਖਮੀ ਹੁੰਦਾ ਜਾਂ ਕੋਈ ਬੰਦਾ ਮਰਦਾ। ਮੁਨਸ਼ੀ ਤੇ ਮੈਂ ਗਾਲੋ ਗਾਲੀ ਹੋ ਗਏ। ਪਰ ਇੰਨੇ ਚਿਰ ਨੂੰ ਅਮਨ ਕਮੇਟੀ ਤੇ ਹੋਰ ਲੋਕ ਵੀ ਬਹੁਤ ਇੱਕਠੇ ਹੋ ਗਏ ਤੇ ਹਟ ਹਟਾਈ ਹੋ ਗਈ, ਪਰ ਮੇਰੀ ਮਦਦ ਜੈਲਦਾਰ ਗੁਰਬਚਨ ਸਿੰਘ ਤੇ ਸ੍ਰ: ਬੂੜ ਸਿੰਘ ਰਸਾਲਦਾਰ

ਬੜੀ ਕਰਦੇ ਸਨ। ਸਰਦਾਰ ਬੂੜ ਸਿੰਘ ਕਿਸੇ ਸਮੇ ਐਂਮ੍ਰਿਤਸਰ ਖਾਲਸਾ ਕਾਲਜ ਵਿੱਚ ਪੜ੍ਹਦਾ ਹੁੰਦਾ ਸੀ ਤੇ ਦਿਨ ਰਾਤ ਮੇਰੀ ਨਾਨੀ ਜੀ ਦੇ ਘਰ ਰਹਿੰਦਾ ਸੀ ਤੇ ਪ੍ਰਸਾਦਾ ਵੀ ਮੇਰੀ ਨਾਨੀ ਜੀ ਦੇ ਪਾਸੋਂ ਹੀ ਛਕਦਾ ਸੀ। ਇਹ ਗੱਲ ਉਹਨਾਂ ਨੇ ਮੈਨੂੰ ਆਪ ਦੱਸੀ ਸੀ। ਇਸੇ ਕਾਰਣ ਇਹ ਸਾਡੇ ਪਰਿਵਾਰ ਨਾਲ ਬਹੁਤ ਪਿਆਰ ਕਰਦੇ ਸਨ। ਮੇਰੇ ਨਾਨਕੇ ਐਂਮ੍ਰਿਤਸਰ ਕਟੜਾ ਰਾਮਗੜ੍ਹੀਆ ਦਾ ਤੇ ਗਲੀ ਵਧਾਊ ਵਾਲੀ ਵਿੱਚ ਸਨ। ਤੇ ਮੇਰਾ ਕੋਈ ਮਾਮਾ ਨਹੀ ਸੀ ਤੇ ਮੇਰੀ ਨਾਨੀ ਜੀ ਨੇ ਸ੍ਰ: ਬੂੜ ਸਿੰਘ ਨੂੰ ਪੁੱਤਰ ਬਣਾ ਕੇ ਪੜ੍ਹਾਇਆ ਸੀ ਤੇ ਪੜ੍ਹਾ ਕੇ ਫੋਜ ਵਿੱਚ ਭਰਤੀ ਵੀ ਕਰਵਾਇਆ ਸੀ। ਪ੍ਰਮਾਤਮਾਂ ਦੀ ਕਿਰਪਾ ਨਾਲ ਰਸਾਲਦਾਰੀ ਪੈਨਸ਼ਨ ਲਗੀ ਹੋਈ ਸੀ ਤੇ ਮੁਲਤਾਨ ਦੇ ਇਲਾਕੇ ਵਿੱਚ ਅੰਗਰੇਜਾਂ ਨੇ ਜਮੀਨ ਵੀ ਦਿੱਤੀ ਸੀ ਤੇ ਬਾਅਦ ਵਿੱਚ ਐਂਮ੍ਰਿਤਸਰ ਵਿੱਚ ਅਦਾਲਤ ਵੀ ਕਰਦੇ ਰਹੇ ਸਨ। ਸਾਡਾ ਤੇ ਇਹਨਾਂ ਦਾ ਘਰ ਵੀ ਲਾਗੇ ਲਾਗੀ ਹੀ ਸੀ। ਮੈ ਇਹਨਾਂ ਨੂੰ ਚਾਚਾ ਜੀ ਕਹਿ ਕੇ ਬੁਲਾਉਂਦਾ ਸੀ। ਇਹ ਮੇਰੀ ਬੜੀ ਇੱਜਤ ਕਰਦੇ ਸਨ। ਇਹ ਮੇਰਾ ਨਾਮ ਵੀ ਨਹੀ ਸਨ ਲੈਂਦੇ। ਸਗੋਂ ਮੈਨੂੰ ਸੰਤ ਜੀ ਕਹਿ ਕੇ ਬੁਲਾਉਂਦੇ ਸਨ। ਅੱਜ ਜਦੋ ਮਲਕ ਥਾਣੇਦਾਰ ਲਾਹੌਰ ਤੋਂ ਸ਼ਾਮ ਨੂੰ ਆਇਆ ਤਾਂ ਪੁਲਸ ਦੇ ਮੁਨਸ਼ੀ ਨੇ ਮੇ ਰੀ ਰਿਪੋਰਟ ਕੀਤੀ ਕਿ ਸੰਤ ਨੇ ਅੱਜ ਬੰਬ ਚਲਾਇਆ ਸੀ ਤੇ ਨਾਲੇ ਮੈਨੂੰ ਗਾਲਾਂ ਕੱਢੀਆਂ ਹਨ। ਉਸੇ ਵਕਤ ਮੈਨੂੰ ਥਾਣੇਦਾਰ ਨੇ ਬੁਲਾਇਆ। ਮੈ ਸ੍ਰ: ਬੂੜ ਸਿੰਘ ਨਾਲ ਗੱਲ ਕੀਤੀ ਤੇ ਉਹਨਾਂ ਆਖਿਆ, ''ਤੁਸੀ ਬੇ ਫਿਕਰੇ ਹੋ ਕੇ ਜਾਓ, ਅਸੀ ਸਭ ਸੰਭਾਲ ਲਵਾਂਗੇ।'' ਮੈ ਥਾਣੇਦਾਰ ਦੇ ਪਾਸ ਗਿਆ ਤੇ ਉਸਨੇ ਹਸੱਕੇ ਮੈਨੂੰ ਕਿਹਾ, ''ਸੰਤ ਜੀ, ਅੱਜ ਖੜਾਕ ਕਾਹਦਾ ਕੀਤਾ ਜੇ।'' ਮੈਂ ਉੱਤਰ ਦਿੱਤਾ, ''ਮਲਕ ਜੀ, ਰਫਲ ਬਣਾਈ ਸੀ ਤੇ ਜਰਾ ਕੁ ਬਾਰੂਦ ਪਾ ਕੇ ਅੱਗ ਲਗਾਈ ਤੇ ਖੜਾਕ ਜਿਆਦਾ ਹੋ ਗਿਆ।'' ਥਾਣੇਦਾਰ ਹੱਸ ਕੇ ਕਹਿਣ ਲਗਾ, ''ਸੰਤ ਜੀ, ਕਾਹਲੀ ਨਾ ਕਰੋ ਮੈਂ ਤੁਹਾਨੂੰ ਦਸਾਂਗਾ ਜਦੋ ਵਕਤ ਆਵੇ ਗਾ ਤੇ ਤੂੰ ਭਾਵੇ ਸਾਰੇ ਸਿਪਾਹੀ ਮਾਰ ਦੇਵੀ ਤੇ ਸਭ ਰਫਲਾਂ ਲੈ ਕੇ ਜੋ ਤੇਰਾ ਜੀ ਕਰੇ ਕਰੀ ਜਾਵੀ।'' ਮੈ ਆਖਿਆ, ''ਜੀ ਚੰਗਾ।'' ਇਹ ਗੱਲਾਂ ਬਾਤਾਂ ਕਰਕੇ ਮੈ ਵਾਪਿਸ ਆ ਗਿਆ ਤੇ ਅਗਲੇ ਦਿਨ ਸਵੇਰੇ ਮੈਂ ਗੁਰਦੁਵਾਰਿਓਂ ਆ ਕੇ ਅਪਣੀ ਦੁਕਾਨ ਤੇ ਖੜਾ ਸਾਂ ਤੇ ਮੇਰੇ ਹੱਥ ਵਿੱਚ ਕ੍ਰਿਪਾਨ ਸੀ। ਮੇਰੇ ਸਾਹਮਣੇ ਪਾਸਿਓ ਮਾਜ੍ਹਾ ਘੁਮਿਆਰ ਤੁਰਿਆ ਆਉਂਦਾ ਸੀ ਉਹ ਬੜਾ ਜੁਵਾਨ ਸੀ ਤੇ ਸਿੱਧਾ ਮੇਰੇ ਵੱਲ ਹੀ ਤੁਰਿਆ ਆ ਰਿਹਾ ਸੀ। ਇਸਨੂੰ ਮੈ ੧੦੦੦ ਰੁ: ਦਾ ਘੋੜਾ ਟਾਂਗਾ ਲੈ ਕੇ ਦਿੱਤਾ ਸੀ। ਇਹ ਅੱਧ ਤੇ ਟਾਂਗਾ ਚਲਾਉਂਦਾ ਸੀ ਇਸਨੇ ਜਿੰਨੇ ਪੈਸੇ ਮੈਨੂੰ ਰੋਜ ਦੇ ਛਡਣੇ ਮੈ ਇਤਬਾਰ ਕਰਕੇ ਲੈ ਲੈਣੇ। ਇਸਨੂੰ ਕਦੇ ਕੁਝ ਨਾ ਪੁੱਛਣਾਂ। ਕਈ ਟਾਂਗੇ ਵਾਲਿਆਂ ਨੇ ਮੈਨੂੰ ਕਹਿਣਾਂ ਕਿ ਮਾਜ੍ਹਾ ਤੁਹਾਨੂੰ ਪੈਸੇ ਪੂਰੇ ਨਹੀ ਦਿੰਦਾ, ਬੇਈਮਾਨੀ ਕਰਦਾ ਹੈ। ਮੈ ਕਹਿਣਾ ਕਿ ਅਪਣੇ

ਸਿਰ ਤੇ ਜੋ ਮਰਜੀ ਹੈ ਕਰੀ ਜਾਵੇ ਮੈ ਕੁਝ ਨਹੀ ਕਹਿਣਾਂ ਖੁਦਾ ਵੇਖਦਾ ਹੈ। ਅੱਜ ਇਸ ਮਾਹ੍ਰੇ ਨੂੰ ਮੁਸਲਮਾਨਾਂ ਨੇ ਮਸੀਤੇ ਬੁਲਾ ਕੇ ਆਖਿਆ ਕਿ ਤੂੰ ਸੰਤ ਨੂੰ ਮਾਰ ਸਕਦਾ ਹੈ ਹੋਰ ਕਿਸੇ ਦਾ ਵਸਾਹ ਸੰਤ ਕਰਦਾ ਨਹੀ। ਇਸਨੇ ਉੱਤਰ ਦਿੱਤਾ, "ਮੈ ਨਹੀ ਇਹ ਕੰਮ ਕਰ ਸਕਦਾ ਕਿਉਂਕਿ ਜਦੋਂ ਮੈ ਭੁੱਖਾ ਮਰਦਾ ਸਾਂ ਉਦੋਂ ਉਸਨੇ ਮੇਰੀ ਮਦਦ ਕੀਤੀ ਸੀ। ਮੈਨੂੰ ਟਾਂਗਾ ਬਣਾਂ ਕੇ ਦਿੱਤਾ ਸੀ ਤੇ ਮੈ ਹੁਣ ਸੰਤਾਂ ਨੂੰ ਕਿਵੇਂ ਮਾਰ ਸਕਦਾ ਹਾਂ।" ਪਰ ਆਖਰ ਮੁਸਲਮਾਨਾਂ ਨੇ ਇਸਨੂੰ ਮਜਬੂਰ ਕਰ ਲਿਆ ਤੇ ਡੇਢ ਕੁ ਫੁੱਟ ਦਾ ਛੁਰਾ ਲੈ ਕੇ ਇਸਨੂੰ ਦਿੱਤਾ ਸੀ ਤਾਂ ਕਿ ਇਹ ਮੈਨੂੰ ਮਾਰ ਸਕੇ ਤੇ ਇਹ ਹੁਣ ਮੇਰੇ ਵੱਲ ਆ ਰਿਹਾ ਸੀ। ਮੈ ਦੂਰੋਂ ਦੇਖ ਲਿਆ ਕਿ ਅੱਜ ਮਾਹ੍ਰਾ ਬੁੱਕਲ ਮਾਰੀ ਆਉਂਦਾ ਹੈ ਤੇ ਕੋਈ ਖਾਸ ਹੀ ਗੱਲ ਹੈ। ਮੇਰੇ ਹੱਥ ਵਿੱਚ ਵੀ ਸਾਡੇ ਤਿੰਨ ਫੁੱਟ ਦੀ ਕ੍ਰਿਪਾਨ ਸੀ ਤੇ ਮੈ ਖੜਾ ਸਾਂ। ਮਾਹ੍ਰਾ ਜਦੋ ਮੇਰੇ ਨਜਦੀਕ ਆ ਗਿਆ ਤਾਂ ਛੁਰਾ ਕੱਢ ਕੇ ਮੈਨੂੰ ਕਹਿਣ ਲਗਾ, "ਸੰਤ ਜੀ, ਇਹ ਛੁਰਾ ਤੁਸੀਂ ਲੈ ਲਵੋ।" ਮੈ ਆਖਿਆ, "ਛੁਰਾ ਮੇਰੇ ਵਲ ਸੁੱਟ ਦੇ।" ਉਸਨੇ ਛੁਰਾ ਮੇਰੇ ਵਲ ਸੁੱਟ ਦਿੱਤਾ ਤੇ ਮੈ ਛੁਰਾ ਫੜ ਲਿਆ। ਮੈ ਪੁਛਿਆ, "ਇਹ ਕੀ ਗੱਲ ਹੈ।" ਉਸ ਕਿਹਾ, "ਮੈਨੂੰ ਅੱਜ ਮੁਸਲਮਾਨਾਂ ਨੇ ਮਜਬੂਰ ਕੀਤਾ ਹੈ ਕਿ ਤੂੰ ਸੰਤ ਨੂੰ ਮਾਰ ਦੇ, ਤੇ ਮੈ ਤੁਹਾਨੂੰ ਛੁਰਾ ਦੇ ਦਿੱਤਾ ਹੈ ਤੇ ਤੁਸੀ ਹੁਣ ਮੈਨੂੰ ਮਾਰ ਦਿਓ ਕਿਉਂਕਿ ਮੈ ਤਾਂ ਤੁਹਾਨੂੰ ਮਾਰ ਨਹੀ ਸਕਦਾ।" ਮੈ ਜੁਵਾਬ ਦਿੱਤਾ, "ਜੇ ਤੂੰ ਮੈਨੂੰ ਨਹੀ ਮਾਰ ਸਕਦਾ ਤੇ ਮੈ ਤੈਨੂੰ ਕਿਸਤਰ੍ਹਾਂ ਮਾਰ ਸਕਦਾ ਹਾਂ ਜਾਹ ਤੂੰ ਆਪਣਾ ਕੰਮ ਕਰ ਜਾ ਕੇ।" ਮਾਹ੍ਰਾ ਚਲਾ ਗਿਆ। ਮੈ ਅਪਣੇ ਮਨ ਵਿੱਚ ਸੋਚ ਕੀਤੀ ਕਿ ਮਾਹ੍ਰਾ ਅੱਜ ਮੈਨੂੰ ਭਰੋਸਾ ਦੇਣ ਆਇਆ ਸੀ ਤੇ ਹੁਣ ਕਿਸੇ ਵੇਲੇ ਇਹ ਮੇਰੇ ਤੇ ਜਰੂਰ ਹਮਲਾ ਕਰੇਗਾ ਇਹ ਸੋਚਕੇ ਮੈ ਦਲੀਲ ਕੀਤੀ ਕਿ ਇਸ ਤੋਂ ਹੁਣ ਮੈਨੂੰ ਖਤਰਾ ਸੀ। ਮੈ ਰਾਤ ਤਿੰਨ ਜਗ੍ਹਾ ਮੰਜਾ ਡਾਹੁਣਾਂ ਪਰ ਕਿਸੇ ਮੰਜੇ ਤੇ ਵੀ ਨਾਂ ਸੋਣਾ ਉਪਰ ਲੀੜੇ ਵਛਾ ਛੱਡਣੇ। ਮੇਰੇ ਘਰ ਦੋ ਗੁਲੇਲਾਂ ਤੇ ੩੦੦ ਤੀਰ ੧੦-੧੨ ਬੰਬ ਹਰ ਵਕਤ ਮੌਜੂਦ ਰਹਿੰਦੇ ਸਨ। ਬਰਛਾ ਤੇ ਕਿਰਪਾਨ ਮੈ ਹਰ ਵਕਤ ਅਪਣੇ ਪਾਸ ਰਖਦਾ ਸਾਂ। ਅੱਜ ਰਾਤ ਦੇ ਬਾਰਾਂ ਵਜੇ ਮੈ ਜੈਲਦਾਰ ਦੇ ਘਰ ਗਿਆ ਤੇ ਜੈਲਦਾਰ ਚੁਬਾਰੇ ਸੁੱਤਾ ਸੀ ਤੇ ਥੱਲੇ ਦਰਵਾਜੇ ਦੇ ਅੱਗੇ ਛੇ ਸੱਤ ਮਜ੍ਹਬੀ ਬੈਠੇ ਤੇ ਕੁਝ ਸੁੱਤੇ ਸਨ। ਮੈ ਜਾ ਕੇ ਪੁਛਿਆ, "ਜੈਲਦਾਰ ਜੀ, ਥੱਲੇ ਆਓ," ਉਸਨੇ ਕਿਹਾ, "ਕੀ ਗੱਲ ਹੈ।" ਮੈ ਉੱਤਰ ਦਿੱਤਾ, "ਉਧਰ ਮੁਸਲਮਾਨਾਂ ਦਾ ਜੱਥਾ ਆਇਆ ਪਿਆ ਹੈ ਛੇਤੀ ਆਓ, ਤੁਸੀ ਉਸ ਦਿਨ ਦੀਵਾਨ ਵਿੱਚ ਆਖਿਆ ਸੀ ਕਿ ਮਾਸ ਖਾਧਿਆਂ ਦਿਲ ਵਧਦਾ ਹੈ। ਹੁਣ ਜਰਾ ਥੱਲੇ ਆਓ ਤੁਹਾਡਾ ਦਿਲ ਵੇਖੀਏ ਤੁਸਾਂ ਇਹ ਵੀ ਆਖਿਆ ਸੀ ਕਿ ਕੂਕੇ ਬੁਜਦਿਲ ਹਨ। ਮੁਲਕ ਛਡਕੇ ਬੀਕਾਨੇਰ ਨੂੰ ਭਜੇ ਜਾਂਦੇ ਹਨ, ਆਓ ਇਸ ਵਕਤ ਮੈ ਇੱਕਲਾ ਹੀ ਗੱਲੀਆਂ ਵਿੱਚ

ਫਿਰਦਾ ਹਾਂ ਤੇ ਤੁਸੀ ਦਲੇਰ ਮਾਸ ਖਾਣ ਵਾਲੇ ਲੁਕ ਕੇ ਚੁਬਾਰੇ ਤੇ ਚੜ੍ਹ ਕੇ ਸੁੱਤੇ ਹੋਏ ਹੋ। ਥੱਲੇ ਪਹਿਰਾ ਲਾਇਆ ਹੈ ਜਰਾ ਮੈਦਾਨ ਵਿੱਚ ਆਓ।'' ਜੈਲਦਾਰ ਹੱਸ ਕੇ ਬੋਲਿਆ,। ''ਬਾਬਾ ਤੂੰ ਜਿੱਤਿਓ ਤੇ ਅਸੀ ਹਾਰੇ ਪਰ ਅਸੀ ਤੇਰੇ ਪਿੱਛੇ ਹਾਂ। ਤੁਹਾਡੀ ਕਿਰਪਾ ਚਾਹੀਦੀ ਹੈ ਕੋਈ ਫਿਕਰ ਨਹੀ ਹੈ ਸਾਨੂੰ ਤੇਰੇ ਹੁੰਦਿਆ।''

ਮੇਰੇ ਮਕਾਨ ਦੇ ਦੋ ਦਰਵਾਜੇ ਸਨ। ਬਾਹਰੋਂ ਮੈਨੂੰ ਜਦੋਂ ਕੋਈ ਆਵਾਜ ਦਿੰਦਾ ਸੀ ਜਿਸ ਦਰਵਾਜੇ ਅਗੋਂ ਮੈਨੂੰ ਕੋਈ ਆਵਾਜ ਮਾਰਦਾ ਮੈਂ ਦੂਸਰੇ ਦਰਵਾਜੇ ਦਾ ਬੂਹਾ ਖੋਲਦਾ ਸਾਂ ਪਰ ਕਿਰਪਾਨ ਮੇਰੇ ਹੱਥ ਵਿੱਚ ਹਮੇਸ਼ਾਂ ਹੁੰਦੀ ਸੀ। ਇੱਕ ਦਿਨ ਇਸਮਾਈਲ ਲੁਹਾਰ ਅਤੇ ਉਸਦਾ ਭਤੀਜਾ ਮੁਹੰਮਦ ਅਲੀ ਦਿਨ ਅਸਤ ਹੋਣ ਤੋਂ ਬਾਅਦ ਹਨੇਰੇ ਪਏ ਮੇਰੇ ਘਰ ਆਏ ਤੇ ਆ ਕੇ ਆਵਾਜ ਮਾਰੀ। ਇਹ ਦੋਵੇ ਲੀਗ ਵਾਲਿਆਂ ਦੇ ਆਗੂ ਸਨ। ਮੈਂ ਕਿਰਪਾਨ ਲੈ ਕੇ ਦੂਸਰੇ ਦਰਵਾਜੇ ਤੋਂ ਬਾਹਰ ਨਿਕਲਿਆ ਤੇ ਇਹ ਦੋਵੇਂ ਜਣੇ ਖੜੇ ਸਨ। ਮੈਂ ਪੁਛਿਆ, ''ਕੀ ਕੰਮ ਹੈ?'' ਉਹ ਦੋਵੇਂ ਜਣੇ ਚੁੱਪ ਰਹੇ ਕੋਈ ਜੁਵਾਬ ਨਾ ਦਿੱਤਾ ਤੇ ਮੈਂ ਕਿਹਾ, ''ਹੁਣੇ ਚਲੇ ਜਾਓ ਨਹੀ ਤੇ ਕਤਲ ਕਰ ਦਿਆਂਗਾ।'' ਮੇਰੀ ਇੰਨੀ ਗੱਲ ਸੁਣ ਕੇ ਇਹ ਦੋਵੇਂ ਚਲੇ ਗਏ। ਅੱਜ ਰਾਤ ਨੂੰ ਅਮਨ ਕਮੇਟੀ ਦੀ ਮੀਟਿੰਗ ਸੀ। ਮੈਂ ਵੀ ਮੀਟਿੰਗ ਵਿੱਚ ਪਹੁੰਚ ਗਿਆ। ਸਭ ਗਲੱਬਾਤ ਹੋਣ ਦੇ ਬਾਅਦ ਮੈਂ ਪੰਚਾਇਤ ਵਿੱਚ ਗੱਲ ਕੀਤੀ ਕਿ ਇਸਮਾਈਲ ਲੁਹਾਰ ਤੇ ਉਸਦਾ ਭਤੀਜਾ ਹਨੇਰੇ ਪਏ ਮੇਰੇ ਘਰ ਗਏ ਸਨ ਮੈਨੂੰ ਮਾਰਨ ਵਾਸਤੇ, ਮੈਂ ਕਿਰਪਾਨ ਲੈ ਕੇ ਨਿਕਲਿਆ ਤੇ ਦੋਵੇ ਦੌੜ ਗਏ। ਪੰਚਾਇਤ ਦੇ ਤਫਤੀਸ਼ ਕਰਨ ਤੇ ਇਸਮਾਈਲ ਦੇ ਵੱਡੇ ਭਰਾ ਨੇ ਜਿਸਦਾ ਨਾਮ ਮੀਆਂ ਮਿਹਰ ਦੀਨ ਸੀ ਇਸਨੇ ਪੰਚਾਇਤ ਵਿੱਚ ਮੁਆਫੀ ਮੰਗੀ ਤੇ ਚੌਧਰੀ ਫਜ਼ਲਦੀਨ ਨੇ ਮੈਨੂੰ ਕਿਹਾ ਕਿ ਸੰਤ ਜੀ ਜੇਕਰ ਫੇਰ ਤੇਰੇ ਘਰ ਕੋਈ ਮੁਸਲਮਾਨ ਰਾਤ ਦੇ ਵਕਤ ਜਾਵੇ ਤਾਂ ਤੂੰ ਕਤਲ ਕਰ ਦੇਵੀ ਤੈਨੂੰ ਛੁੱਟੀ ਹੈ।

ਅਗਲੇ ਦਿਨ ਸਵੇਰੇ ਮੇਰੇ ਕੋਲ ਫਿਰ ਮਾਜ੍ਹਾ ਘੁਮਿਆਰ ਆਇਆ ਤੇ ਉਸਨੇ ਅੱਜ ਮੈਨੂੰ ਇੱਕ ਨਵੀ ਗੱਲ ਦਸੀ। ਉਹ ਕਹਿਣ ਲਗਾ, ''ਸੰਤ ਜੀ, ਹੁਣ ਜਿਹੜਾ ਐਤਵਾਰ ਆਉਣਾ ਹੈ ਇਸ ਦਿਨ ਸਵੇਰੇ ੭ ਵਜੇ ਅੰਮ੍ਰਿਤਸਰ ਤੋ ਇੱਕ ਕਾਰ ਆਵੇ ਗੀ। ਉਸ ਵਿੱਚ ੫ ਬੰਦੇ ਹੋਣਗੇ ਡਰਾਈਵਰ ਸਮੇਤ, ਉਹਨਾ ਪਾਰ ਗਰਨੇਡ ਹੋਣਗੇ। ਉਹ ਚਾਰੇ ਬੰਦੇ ਗੁਰਦੁਵਾਰੇ ਦੇ ਚੋਹਾਂ ਦਰਵਾਜਿਆ ਅੱਗੇ ਖੜੇ ਹੋਣਗੇ ਭੇਸ ਉਹਨਾਂ ਦਾ ਹਿੰਦੂਆਂ ਵਾਲਾ ਹੋਵੇਗਾ; ਜਦੋ ਅਰਦਾਸਾ ਹੋਵੇਗਾ ਉਸ ਵਕਤ ਉਹ ਬੰਬ ਮਾਰ ਦੇਣਗੇ ਤੇ ਵਾਪਸ ਕਾਰ ਤੇ ਚੜ੍ਹ ਕੇ ਦੌੜ ਜਾਣਗੇ।'' ਮੈ ਇਹ ਗੱਲ ਸੁਣ ਕੇ ਉਸ ਨੂੰ ਕੋਈ ਜੁਵਾਬ ਨਾ ਦਿੱਤਾ ਉਹ ਗੱਲ ਦੱਸ ਕੇ ਚਲਾ ਗਿਆ ਤੇ ਮੈਂ ਰਾਤ ਨੂੰ ਆਪਣਾ ਜਥਾ ਇੱਕੱਠਾ ਕਰਕੇ ਇਹ ਗੱਲ ਦੱਸੀ ਤੇ ਅਸਾਂ ਸਲਾਹ ਕੀਤੀ ਕਿ ਅਸੀ ਜੁੰਮੇ

(ਸ਼ੁਕਰਵਾਰ) ਵਾਲੇ ਦਿਨ ਦਿਨੇ ਦੋ ਵਜੇ ਮਸੀਤ ਵਿੱਚ ਬੰਬ ਮਾਰ ਦੇਈਏ ਤੇ ਐਤਵਾਰ ਆਵੇ ਹੀ ਨਾ।

ਮੈਂ ਸਵੇਰੇ ਉੱਠਕੇ ਅੰਮ੍ਰਿਤਸਰ ਅਕਾਲੀ ਕਮੇਟੀ ਪਾਸ ਗਿਆ ਤੇ ਸਾਰੀ ਗੱਲ ਦੱਸੀ ਤੇ ਜਥੇਦਾਰ ਸੋਹਣ ਸਿੰਘ ਜਲਾਲ ਉਸਮੇ ਵਾਲੇ ਨੇ ਮੈਨੂੰ ਦੋ ਗਰਨੇਡ ਦਿੱਤੇ ਪਿਨ ਖਿੱਚ ਕੇ ਚਲਾਉਣ ਵਾਲੇ ਤੇ ਮੈ ਜਥੇਦਾਰ ਨਾਲ ਮਸ਼ਵਰਾ ਕਰਕੇ ਦਿਨ ਤੇ ਵਕਤ ਦੱਸ ਕੇ ਜਥੇਦਾਰ ਨੂੰ ਆਖਿਆ ਕਿ, ''ਸਾਡਾ ਵੀ ਖਿਆਲ ਰਖਿਓ। ਉਹਨਾ ਕਿਹਾ ਕਿ ਫਿਕਰ ਵਾਲੀ ਕੋਈ ਗੱਲ ਨਹੀ ਤੇ ਨਾਲੇ ਕਿਹਾ, ''ਜਾਂਦਾ ਜਾਂਦਾ ਇੱਕ ਕੰਮ ਕਰੀ ਜਾ ਕਿ ਮਜੀਠਾ ਰੋਡ ਤੇ ਜੋ ਚੁੰਗੀ ਹੈ ਇਸਦੇ ਲਾਗੇ ਬਾਗਾਂ ਵਿੱਚ ਦੋ ਮੁਸਲੇ ਹਨ ਉਹਨਾਂ ਦੋਹਾਂ ਨੇ ਬੜੇ ਬੰਦੇ ਕਤਲ ਕੀਤੇ ਹਨ ਤੇ ਸੰਤ ਜੀ, ਜੇ ਤੁਸੀ ਜਾਂਦੇ ਜਾਂਦੇ ਉਹਨਾ ਨੂੰ ਖਤਮ ਕਰਦੇ ਜਾਓ ਤੇ ਬੜਾ ਚੰਗਾ ਕੰਮ ਹੈ।'' ਮੈਂ ਕਿਹਾ, ''ਮੈ ਇੱਕਲਾ ਕਿਵੇਂ ਮਾਰ ਜਾਂਵਾਂਗਾ।'' ਉਸ ਕਿਹਾ, ''ਮੈਂ ਤੁਹਾਡੇ ਨਾਲ ਚਾਰ ਬੰਦੇ ਘਲੱਦਾ ਹਾਂ।'' ਮੈ ਕਿਹਾ, ''ਮੇਰੇ ਨਾਲ ਧੋਖਾ ਨਾ ਹੋ ਜਾਵੇ ਅਤੇ ਮੈਨੂੰ ਫਸਾ ਕੇ ਬੰਦੇ ਦੌੜ ਜਾਣ।'' ਉਸ ਨੇ ਕਿਹਾ, ''ਇਸ ਗੱਲ ਦਾ ਮੈ ਜ਼ਿੰਮੇਵਾਰ ਹਾਂ।'' ਉਸਨੇ ਮੇਰੇ ਨਾਲ ਚਾਰ ਬੰਦੇ ਭੇਜ ਦਿੱਤੇ। ਦੋ ਸਕੇ ਭਰਾ ਸਨ ਤੇ ਦੋ ਵੱਖਰੇ ਵੱਖਰੇ ਪਿੰਡਾਂ ਦੇ ਸਨ। ਮੇਰੇ ਪਾਸ ਕ੍ਰਿਪਾਨ ਤੇ ਬਰਛਾ ਸੀ। ਕਿਰਪਾਨ, ਗਾਤਰੇ ਤੇ ਬਰਛਾ ਹੱਥ ਵਿੱਚ ਤੇ ਹਨੇਰੀ ਰਾਤ। ਅਸੀ ਬਾਗਾਂ ਵਿੱਚ ਜਾ ਵੱੜੇ, ਐਨੇ ਵਾਹ ਤੁਰੇ ਜਾਈਏ ਉਹ ਅੱਗੇ ਬੈਠੇ ਸਨ। ਉਹਨਾ ਕਿਹਾ, ''ਤੁਸੀ ਕੌਣ ਫਿਰਦੇ ਹੋ।'' ਮੈ ਜਵਾਬ ਦਿੱਤਾ, ''ਭਾਈ ਅਸੀ ਰਾਹੀ ਹਾਂ ਰਾਹ ਭੁੱਲ ਗਏ ਹਾਂ ਪਤਾ ਨਹੀ ਲਗਦਾ ਕਿੱਧਰ ਨੂੰ ਜਾਈਏ।'' ਉਹਨਾਂ ਨੇ ਕਿਹਾ, ''ਸਾਡੇ ਵਲ ਆ ਜਾਓ ਅਸੀ ਤੁਹਾਨੂੰ ਰਸਤਾ ਦਸ ਦਿੰਦੇ ਹਾਂ।'' ਮੇਰੇ ਨਾਲ ਜਿਹੜੇ ਦੋ ਸਕੇ ਭਰਾ ਸਨ ਉਹ ਤਾਂ ਮੇਰੇ ਬਰਾਬਰ ਸਨ ਪਰ ਜੋ ਪਿੱਛੇ ਸਨ ਉਹ ਦੋਵੇ ਭੱਜ ਗਏ। ਸਾਡਾ ਤਿੰਨਾਂ ਦਾ ਮੂੰਹ ਅੱਗੇ ਵੱਲ ਸੀ। ਅੱਗੇ ਹੀ ਉਹ ਮੁਸਲੇ ਸਾਨੂੰ ਪੈ ਗਏ ਉਹਨਾਂ ਕੋਲ ਦੋ ਦੋ ਫੁੱਟ ਲੰਮੇ ਦਾਤਰ ਸਨ। ਇੱਕ ਤੇ ਮੈਨੂੰ ਆ ਪਿਆ ਤੇ ਮੈ ਉਸਦੀ ਛਾਤੀ ਵਿੱਚ ਬਰਸ਼ਾ ਮਾਰਿਆ ਤੇ ਉਸਨੇ ਸੰਜੋ ਪਾਈ ਹੋਈ ਸੀ ਬਰਛਾ ਉਸਨੂੰ ਨਾ ਵਜਾ ਉਸਨੇ ਮੇਰੇ ਉਤੇ ਵਾਰ ਕੀਤਾ ਮੈ ਦੂਰ ਸਾਂ ਤੇ ਦਾਤਰ ਮੈਨੂੰ ਨਾ ਵੱਜਾ। ਮੈ ਫਿਰ ਪੱਟਾਂ ਵਿੱਚ ਬਰਛੇ ਦਾ ਵਾਰ ਕੀਤਾ ਉਸਨੇ ਪਟਾਂ ਤੇ ਵੀ ਲੋਹੇ ਦੀ ਚੱਦਰ ਬੰਨੀ ਹੋਈ ਸੀ। ਮੇਰਾ ਇਹ ਵਾਰ ਵੀ ਖਾਲੀ ਗਿਆ ਤੇ ਫਿਰ ਮੈ ਤੀਸਰੀ ਵਾਰ ਬਰਛਾ ਉਸਦੇ ਮੂੰਹ ਤੇ ਮਾਰਿਆ ਤੇ ਬਰਛਾ ਉਸਦੀਆਂ ਰਗਾਂ ਵਿੱਚ ਵੱਜ ਕੇ ਰਗਾਂ ਤੋਂ ਪਾਰ ਨਿਕਲ ਗਿਆ। ਕੁੰਡੀਆਂ ਵਾਲਾ ਬਰਛਾ ਸੀ ਉਹ ਵਿੱਚੇ ਹੀ ਫਸ ਗਿਆ। ਉਸਨੇ ਜੋਰ ਨਾਲ ਦਾਤਰ ਮਾਰਿਆ ਤੇ ਬਰਛੇ ਦਾ ਸੋਟਾ ਵੱਢਿਆ ਗਿਆ। ਮੈ ਛੇਤੀ ਨਾਲ ਕ੍ਰਿਪਾਨ ਖਿੱਚ ਲਈ ਤੇ ਉਹ ਡਿੱਗ ਪਿਆ ਤੇ ਮੈ ਕ੍ਰਿਪਾਨ ਦਾ ਵਾਰ

ਕੀਤਾ। ਉਸਦੀ ਬਾਂਹ ਵੱਡੀ ਗਈ ਤੇ ਮੈਂ ਦਾਤਰ ਫੜ ਲਿਆ ਤੇ ਉਸਦੀ ਛਾਤੀ ਤੇ ਪੈਰ ਰਖਕੇ ਬਰਛਾ ਰਗਾਂ ਵਿੱਚੋਂ ਕੱਢਿਆ। ਉਧਰ ਉਹਨਾਂ ਦੋਹਾਂ ਭਰਾਵਾਂ ਨੇ ਦੂਸਰੇ ਨੂੰ ਕਤਲ ਕੀਤਾ ਤੇ ਸਾਡੇ ਨਾਲ ਦੇ ਦੋ ਲੱਭੇ ਹੀ ਨਾ ਪਤਾ ਨਹੀ ਕਿਹੜੇ ਖੂਹ ਵਿੱਚ ਪੈ ਗਏ ਸਨ। ਤੇ ਇਹ ਦੋਵੇ ਭਰਾ ਜਿਹੜੇ ਮੇਰੇ ਨਾਲ ਸਨ ਇਹ ਮੁੜ ਕੇ ਅੰਮ੍ਰਿਤਸਰ ਨੂੰ ਚਲੇ ਗਏ ਤੇ ਮੈਂ ਉਸੇ ਵਕਤ ਗਰਨੇਡ ਲੈ ਕੇ ਪਿੰਡ ਵੇਰਕੇ ਪੁੱਜਾ ਤੇ ਅਗਲੇ ਦਿਨ ਮੈਂ ਜਹਾਂਗੀਰ ਪਿੰਡ ਜਾ ਕੇ ਦੋ ਘੋੜੀਆਂ· ਦਾ ਇੰਤਜਾਮ ਕੀਤਾ। ਇੱਕ ਘੋੜੀ ਨਰਿੰਦਣ ਸਿੰਘ ਪਹਿਲਵਾਨ ਦੀ ਸੀ ਤੇ ਦੂਸਰੀ ਘੋੜੀ ਅਮਰ ਸਿੰਘ ਦੀ ਸੀ। ਬੰਬ ਮਾਰਨ ਵਾਸਤੇ ਵੀ ਦੋ ਸਿੰਘ, ਤਿਆਰ ਕਰ ਲਏ ਇੱਕ ਦਰਸ਼ਨ ਸਿੰਘ ਪਹਿਲਵਾਨ ਤੇ ਦੂਜਾ ਇਸਦੇ ਨਾਲ ਚੰਨਣ ਸਿੰਘ, ਮਹਿਰਾ ਸੀ ਤੇ ਬਾਕੀ ਸਾਰੇ ਜਥੇ ਦੀ ਤਿਆਰੀ ਸੀ ਕਿ ਜਿਸ ਵਕਤ ਬੰਬ ਚਲਣ ਉਸੇ ਵਕਤ ਬਰਛੇ ਤੇ ਕ੍ਰਿਪਾਨਾਂ ਲੈ ਕੇ ਹਮਲਾ ਕਰਾਂਗੇ।

ਅੱਜ ਬੁਧਵਾਰ ਰਾਤ ਦੇ ੧੧ ਵਜੇ ਸਾਰੇ ਹੋਠੀਆਂ ਪਿੰਡ ਸੀ ਮੁਸਲਮਾਨਾਂ ਦਾ ਨਹਿਰ ਦੇ ਕੰਢੇ ਤੇ ਇਥੇ ਅਸੀ ਹਮਲਾ ਕੀਤਾ ਉਹਨਾਂ ਨੇ ਪਹਿਰੇ ਲਾਏ ਹੋਏ ਸੀ। ਚੰਗਾ ਇੰਤਜਾਮ ਕੀਤਾ ਹੋਇਆ ਸੀ ਪਰ ਫਿਰ ਵੀ ਅਸੀ ੨੭-੨੮ ਬੰਦੇ ਮਾਰੇ। ਫਿਰ ਅਸੀ ਛੇਤੀ ਨਿਕਲ ਆਏ। ਸਵੇਰੇ ਵੀਰਵਾਰ ਪੂਰੀ ਤਿਆਰੀ ਕੀਤੀ ਬੰਬ ਮਾਰਨ ਦੀ ਕਿ ਜੁੰਮੇ ਵਾਲੇ ਦਿਨ (ਸ਼ੁਕਰਵਾਰ) ਬੰਬ ਮਾਰਨੇ ਹਨ। ਪਰ ਜਿਨ੍ਹਾਂ ਨੇ ਬੰਬ ਮਾਰਨੇ ਸਨ ਉਹ ਦੋਵੇਂ ਮੁਕੱਰ ਗਏ ਕਿ ਅਸੀਂ ਨਹੀ ਮਾਰ ਸਕਦੇ। ਮੈਂ ਦੋਹਾਂ ਨੂੰ ਬੁਲਾਇਆ ਪਰ ਦਰਸ਼ਨ ਸਿੰਘ ਇੱਕਲਾ ਹੀ ਆਇਆ। ਮੈਂ ਉਸਨੂੰ ਬਹੁਤ ਗੁੱਸੇ ਹੋਇਆ ਬਲਕਿ ਗਾਲ੍ਹਾਂ ਦੇਣ ਤਕ ਪੁੱਜਾ ਤੇ ਦਰਸ਼ਨ ਸਿੰਘ ਕਹਿਣ ਲਗਾ, "ਜੇ ਤੁਸੀ ਮੇਰੇ ਨਾਲ ਚਲੋ ਤਾਂ ਮੈਂ ਵੀ ਚਲਦਾ ਹਾਂ।" ਮੈਂ ਆਖਿਆ, "ਜੇ ਮੈਂ ਬੰਬ ਮਾਰਨ ਵਾਸਤੇ ਗਿਆ ਤੇ ਸਾਰੇ ਜਥੇ ਨੇ ਅੰਦਰੋਂ ਹੀ ਨਹੀ ਨਿਕਲਨਾਂ ਤੇ ਨਾ ਹੀ ਕਿਸੇ ਨੇ ਹਮਲਾ ਕਰਨਾ ਹੈ।" ਪਰ ਆਖਰ ਮੈਨੂੰ ਤਿਆਰੀ ਕਰਨੀ ਹੀ ਪਈ। ਗਲ ਪਾਉਣ ਵਾਲੀਆਂ ਦੋ ਬਰਦੀਆਂ ਮਿਲਟਰੀ ਦੀਆਂ ਤੇ ਦੋ ਗਰਨੇਡ ਤੇ ੮ ਬੰਬ ਤੋੜੇ ਵਾਲੇ ਤੇ ਦੋ ਕ੍ਰਿਪਾਨਾਂ ਤੇ ਦੋ ਘੋੜੀਆਂ ਵਿੱਚ ਸਭ ਸਾਮਾਨ ਪ੍ਰੀਤਮ ਸਿੰਘ ਨੂੰ ਦੇ ਕੇ ਮੈਂ ਦਸਿਆ ਕਿ ਮੂਧਲਾਂ ਦੇ ਫਲਾਣੇ ਬੋਹੜ ਵਾਲੇ ਖੂਹ ਤੇ ਸਾਡੇ ਆਉਂਦਿਆਂ ਨੂੰ ਤਿਆਰ ਰਹੇ। ਉਸਨੇ ਕਿਹਾ, "ਠੀਕ ਹੈ।"

ਅੱਜ ਮੈਂ ਘਰੋ ਪ੍ਰਸਾਦਾ ਛਕ ਕੇ ਉੱਠਕੇ ਦਰਸ਼ੂ ਦੀ ਹਵੇਲੀ ਵਿੱਚ ਜਾ ਕੇ ਦਰਸ਼ੂ ਨੂੰ ਨਾਲ ਲੈ ਕੇ ਦੋਵੇਂ ਜਣੇ ਸਟੇਸ਼ਨ ਤੇ ਪੁੱਜੇ ਤੇ ਚੌਕੀ ਦੇ ਮੁਨਸ਼ੀ ਨੇ ਮੈਨੂੰ ਪੁਛਿਆ, "ਕਿਥੇ ਚਲੇ ਹੋ।" ਮੈਂ ਕਿਹਾ, "ਅੰਮ੍ਰਿਤਸਰ, ਮੱਸਿਆ ਦਾ ਇਸ਼ਨਾਨ ਕਰਨ ਚਲੇ ਹਾਂ।" ਤੇ ਉਸ ਵਕਤ ਮੁੰਨਸੀ ਕੋਲ ਨਿਆਮਰ ਡੋਗਰ ਖੜ੍ਹਾ ਸੀ ਜੋ ਇਸ ਲੀਗ ਵਾਲੇ ਮੁਸਲਮਾਨਾਂ ਦਾ ਆਗੂ ਸੀ। ਡੋਗਰ ਨੇ ਤੇ ਮੁਨਸ਼ੀ ਨੇ ਗੱਡੀ ਆਉਣ ਤੋਂ ਪਹਿਲਾਂ ਸਲਾਹ

ਕਰ ਲਈ ਕਿ ਅਸੀਂ ਵੀ ਇਹਨਾਂ ਦੇ ਨਾਲ ਹੀ ਅੰਮ੍ਰਿਤਸਰ ਚਲੀਏ ਤੇ ਮੁਸਾਫਰਖਾਨੇ ਤੋਂ ਜਦੋ ਬਾਹਰ ਨਿਕਲਨਗੇ ਤੇ ਉਸੇ ਵੇਲੇ ਦੋਹਾਂ ਨੂੰ ਮਾਰ ਦਿਆਂਗੇ। ਗੱਡੀ ਆ ਗਈ ਅਸੀ ਗੱਡੀ ਚੜ੍ਹ ਗਏ, ਇਹ ਵੀ ਦੋਵੇ ਏਸੇ ਡੱਬੇ ਵਿੱਚ ਬੈਠ ਗਏ। ਮੈ ਦਰਸ਼ਨ ਨੂੰ ਕਿਹਾ, "ਆਪਾਂ ਚਲਦੀ ਗੱਡੀ ਤੋ ਉੱਤਰ ਕੇ ਲੁਕ ਜਾਵਾਂਗੇ ਤੇ ਫਿਰ ਇਹ ਉੱਤਰ ਜਾਣਗੇ ਤੇ ਫਿਰ ਆਪਾਂ ਇਸੇ ਗੱਡੀ ਵਿੱਚ ਮੁੜ ਕੇ ਬੈਠ ਜਾਵਾਂਗੇ ਤੇ ਵਾਪਿਸ ਆ ਜਾਵਾਂਗੇ। ਗੱਡੀ ਅੰਮ੍ਰਿਤਸਰ ਪੁੱਜ ਗਈ ਅਸੀ ਚਲਦੀ ਗੱਡੀ ਵਿੱਚੋ ਉੱਤਰ ਗਏ ਤੇ ਭੱਜ ਗਏ ਤੇ ਉਹਨਾਂ ਨੂੰ ਪਤਾ ਹੀ ਨਾ ਲਗਾ। ਉਹ ਦੋਵੇ ਉੱਤਰ ਕੇ ਮੁਸਾਫਰਖਾਨੇ ਨੂੰ ਚਲੇ ਗਏ ਤੇ ਅਸੀ ਫਿਰ ਗੱਡੀ ਵਿੱਚ ਬੈਠ ਕੇ ਵੇਰਕੇ ਆ ਗਏ ਤੇ ਅਸੀ ਵੇਰਕੇ ਲਾਗੇ ਆ ਕੇ ਮੂੰਹ ਢੱਕ ਲਏ ਤੇ ਗੱਡੀ ਫਿਰ ਚੱਲ ਪਈ ਤੇ ਚਾਰ ਕੁ ਮੀਲ ਤੇ ਜਾ ਕੇ ਮੈ ਗੱਡੀ ਦੀ ਤਾਰ ਖਿੱਚ ਦਿੱਤੀ। ਜਦ ਗੱਡੀ ਮੱਠੀ ਹੋਈ ਤੇ ਅਸੀ ਉੱਤਰ ਕੇ ਭੱਜ ਕੇ ਕਮਾਦਾਂ ਵਿੱਚ ਵੜ ਗਏ। ਗੱਡੀ ਖੜੀ ਹੋਕੇ ਫਿਰ ਚਲੀ ਗਈ ਤੇ ਅਸੀ ਗੱਡੀ ਦੀ ਲਾਇਨੇ ਲਾਇਨ ਵਾਪਸ ਆ ਰਹੇ ਸਾਂ ਤੇ ਸਾਨੂੰ ਦਸ ਬਾਰਾਂ ਮੁਸਲਮਾਨ ਪਏ ਪਰ ਸਾਡੇ ਨੇੜੇ ਨਾ ਆਉਣ। ਅਸੀ ਭੱਜੇ ਨਾ ਆਰਾਮ ਨਾਲ ਤੁਰੇ ਗਏ ਇੱਕ ਥੈਲੇ ਵਿੱਚ ਅਸੀ ਪੱਥਰ ਤੇ ਵੱਟੇ ਪਾਏ ਹੋਏ ਸਨ ਤੇ ਉਹਨਾਂ ਨੇ ਸਮਝਿਆ ਕਿ ਇਹਨਾ ਕੋਲ ਬੰਬ ਹਨ। ਇਸੇ ਗੱਲ ਤੋ ਡਰਦੇ ਉਹ ਸਾਡੇ ਗਲ ਨਾ ਪਏ। ਜਦੋਂ ਅਸੀ ਤੁਰਦੇ ਤੁਰਦੇ ਜਹਾਂਗੀਰ ਦੇ ਨੇੜੇ ਆਏ ਤਾਂ ਸਾਨੂੰ ਪ੍ਰੀਤਮ ਸਿੰਘ ਮਿਲਿਆ ਤੇ ਉਸਨੇ ਆਖਿਆ ਕਿ ਫਲਾਣੇ ਖੂਹ ਤੇ ਤੁਹਾਡਾ ਸਮਾਨ ਤੇ ਘੋੜੀਆਂ ਲੈ ਕੇ ਬੰਦਾ ਬੈਠਾ ਹੈ ਜਾ ਕੇ ਲੈ ਲਵੋ।

ਅਸੀ ਉਸੇ ਖੂਹ ਤੋ ਜਾ ਕੇ ਪਾਣੀ ਪੀਤਾ ਤੇ ਮੂੰਹ ਹੱਥ ਧੋਤੇ ਮਿਲਟਰੀ ਦੀਆਂ ਵਰਦੀਆਂ ਪਾ ਕੇ ਮੂੰਹ ਬੰਨ ਲਏ ਬਸ ਅੱਖਾਂ ਹੀ ਅੱਖਾਂ ਨੰਗੀਆਂ ਸਨ। ਘੋੜੀਆਂ ਨੂੰ ਆਪਣੀ ਮਰਜੀ ਨਾਲ ਕੱਸਿਆ ਤੇ ਗਾਤਰੇ ਕ੍ਰਿਪਾਨਾ ਪਾ ਲਈਆਂ ਤੇ ਅਰਦਾਸਾ ਸੋਧ ਕੇ ਘੋੜੀਆਂ ਤੇ ਅਸਵਾਰ ਹੋ ਗਏ ਤੇ ਚਾਲੇ ਪਾ ਦਿੱਤੇ। ਡਾਂਡੇ ਮੀਂਡੇ, ਕੱਲਰ ਦੇ ਵਿੱਚੋਂ ਦੀ ਜਦੋਂ ਜਾ ਰਹੇ ਸਾਂ, ਸਿੱਖਾਂ ਦੇ ਖੂਹ ਸਨ ਰਸਤੇ ਵਿੱਚ, ਸਿੱਖ ਉੱਠ ਉੱਠ ਕੇ ਵੇਖਣ ਪਰ ਅਸੀ ਤੁਰੇ ਗਏ ਅੱਗੇ ਵੇਰਕੇ ਦੇ ਕੋਲ ਇੱਕ ਸੂਆ ਵਗਦਾ ਹੈ। ਜਦੋ ਅਸੀ ਇਸ ਸੂਏ ਲਾਗੇ ਪਹੁੰਚੇ ਤਾਂ ਉਥੇ ਦੋ ਮੁਸਲਮਾਨੀਆਂ ਕਪੜੇ ਧੋਂਦੀਆਂ ਸਨ। ਉਹ ਸਾਨੂੰ ਵੇਖਕੇ ਰੌਲਾ ਪਾਉਣ ਲੱਗੀਆਂ। ਮੈ ਉਹਨਾਂ ਨੂੰ ਆਖਿਆ, "ਬੀਬੀ ਚੁੱਪ ਕਰੋ ਅਸੀ ਮੁਸਲਮਾਨ ਹਾਂ ਤੇ ਤੁਹਾਡੇ ਪਿੰਡ ਜੋ ਅਮਰ ਸਿੰਘ ਹੈ ਅਸਾਂ ਅੱਜ ਉਸਨੂੰ ਮਾਰਨਾ ਹੈ।" ਇਹ ਗੱਲ ਸੁਣ ਕੇ ਉਹ ਦੋਵੇ ਚੁੱਪ ਕਰ ਗਈਆਂ ਤੇ ਅਸੀ ਨਹਿਰ ਦੇ ਵਿੱਚੋ ਦੀ ਲੰਘ ਕੇ ਬ੍ਰਾਹਮਣਾਂ ਦੇ ਖੂਹ ਤੇ ਪੁੱਜ ਗਏ ਸਮਾਂ ਢਾਈ ਵਜੇ ਦਾ ਹੋ ਗਿਆ ਤੇ ਅਸੀ ਇੱਕ ਬੰਦੇ ਨੂੰ ਆਖ ਕੇ ਗਏ ਸਾਂ ਕਿ ਜਿਸ ਵਕਤ ਮੁਸਲਮਾਨਾਂ ਦਾ ਪੂਰਾ ਇੱਕੱਠ ਹੋਵੇ ਤੇ

ਜੁੰਮੇ ਦੀ ਨਮਾਜ ਪੜ੍ਹਨੀ ਸ਼ੁਰੂ ਕਰਨ ਉਸ ਵਕਤ ਸਾਨੂੰ ਬ੍ਰਾਹਮਣਾਂ ਦੇ ਖੂਹ ਤੇ ਖਬਰ ਦੇਵੀ ਪਰ ਇਸ ਭਾਈ ਸੋਹਣ ਸਿੰਘ ਆਦੀ ਨੇ ਸਾਨੂੰ ਖਬਰ ਨਾ ਦਿੱਤੀ ਤੇ ਨਾ ਹੀ ਉਹ ਘਰੋ ਨਿਕਲਿਆ। ਅਸੀ ਉਡੀਕ ਕੇ ਆਪੇ ਹੀ ਖੂਹ ਤੋ ਚਲਕੇ ਫਿਰ ਪਿੰਡ ਆਏ ਤੇ ਦੁਨੀਆਂ ਬੜੀ ਇੱਕਠੀ ਹੋਈ ਸੀ ਮਸੀਤ ਵਿੱਚ। ਜਦੋਂ ਅਸੀ ਸੜਕ ਤੋਂ ਮਸੀਤ ਵੱਲ ਨੂੰ ਘੋੜੀਆਂ ਭਜਾਈਆਂ ਤੇ ਰੌਲਾ ਪੈ ਗਿਆ ਉਹ ਸਾਰਾ ਮੁਹੱਲਾ ਹੀ ਮੁਸਲਮਾਨਾਂ ਦਾ ਸੀ। ਦਰਸ਼ਨ ਨੇ ਕਿਹਾ ਭੱਜ ਚਲੀਏ ਪਰ ਮੈ ਉਸਨੂੰ ਕਿਹਾ, "ਮੇਰੇ ਮਗਰੇ ਮਗਰ ਆਜਾ ਕੋਈ ਫਿਕਰ ਵਾਲੀ ਗੱਲ ਨਹੀ।" ਗਰਨੇਡ ਮੇਰੇ ਹੱਥ ਵਿੱਚ ਸੀ। ਲੋਕ ਮੇਰੇ ਅਗੋਂ ਦੀ ਪੈ ਗਏ ਤੇ ਮੈ ਘੋੜੀ ਭਜਾ ਕੇ ਮੁਸਲਮਾਨਾਂ ਦੇ ਵਿੱਚ ਜਾ ਵੜਿਆ ਤੇ ਕਈ ਹੇਠਾਂ ਉਤੇ ਡਿੱਗ ਪਏ ਦਰਸ਼ੂ ਵੀ ਮੇਰੇ ਪਿਛੇ ਹੀ ਸੀ ਮੈ ਗਰਨੇਡ ਮਸੀਤ ਵਿੱਚ ਸੁੱਟ ਦਿੱਤਾ ਤੇ ਘੋੜੀ ਰੇਲ ਦੇ ਫਾਟਕ ਨੂੰ ਭਜਾ ਲਈ ਮਗਰੇ ਹੀ ਦਰਸ਼ਨ ਸਿੰਘ ਸੀ। ਇਸਨੇ ਵੀ ਗਰਨੇਡ ਸੁੱਟਿਆ ਤੇ ਇਸਦੀ ਘੋੜੀ ਗਰਨੇਡ ਦੇ ਖੜਾਕ ਨਾਲ ਘਾਬਰ ਗਈ ਦੌੜੇ ਹੀ ਨਾ, ਤੇ ਇੰਨੇ ਵਿੱਚ ਹਜਾਰਾਂ ਹੀ ਮੁਸਲਮਾਨ ਸਾਡੇ ਮਗਰ ਮਗਰ ਪਰ ਸਾਡੇ ਲਾਗੇ ਕੋਈ ਨਾ ਆਵੇ ਤੇ ਏਨੇ ਚਿਰ ਨੂੰ ਸਾਡੇ ਪਿੰਡ ਦਾ ਸੁਫੈਦ ਪੋਸ਼ ਜਿਸਦਾ ਨਾਮ ਜੁਮਾਲ ਦੀਨ ਸੀ ਉਸਨੇ ਜਾ ਕੇ ਪੁਲਸ ਨੂੰ ਖਬਰ ਦੇ ਦਿੱਤੀ ਕਿ ਦੋ ਘੋੜ ਅਸਵਾਰ ਆਏ ਸਨ ਤੇ ਮਸੀਤ ਵਿੱਚ ਉਹਨਾਂ ਨੇ ਬੰਬ ਮਾਰੇ ਹਨ ਪਤਾ ਨਹੀ ਉਹ ਕੌਣ ਸਨ ਪਹਿਚਾਣੇ ਨਹੀ ਗਏ। ਭੇਸ਼ ਬਦਲੇ ਹੋਏ ਸਨ। ਪੁਲਸ ਨੇ ਉਸੇ ਵਕਤ ਅੰਮ੍ਰਿਤਸਰ ਟੈਲੀਫੋਨ ਕੀਤਾ ਤੇ ਅੰਮ੍ਰਿਤਸਰੋ ਚਾਰ ਟਰੱਕ ਮਿਲਟਰੀ ਦੇ ਉਸੇ ਵਕਤ ਚਲ ਪਏ। ਸਾਡੇ ਮਗਰ ਵੀ ਦੁਨੀਆ ਬੜੀ ਲੱਗੀ ਹੋਈ ਸੀ ਸਾਡੀ ਘੋੜੀ ਦੌੜੇ ਨਾ ਤੇ ਅਸੀ ਮਜੀਠੇ ਨੂੰ ਜਾ ਰਹੇ ਸਾਂ। ਅੱਗੇ ਤਿੰਨ ਪਿੰਡ ਲਾਗੋ ਲਾਗੀ ਮੁਸਲਮਾਨਾਂ ਦੇ ਹੀ ਸਨ। ਇਹਨਾਂ ਨੇ ਵੀ ਸਾਨੂੰ ਘੇਰਾ ਪਾ ਲਿਆ ਪਰ ਸਾਡੇ ਲਾਗੇ ਕੋਈ ਨਾ ਆਵੇ। ਮੈ ਦਰਸ਼ਨ ਨੂੰ ਆਖਿਆ ਕਿ ਘਬਰਾਵੇ ਨਾ ਅਸਾਂ ਨਿਕਲ ਜਾਣਾਂ ਹੈ। ਮੈ ਹੱਥ ਵਿੱਚ ਬੰਬ ਫੜ ਕੇ ਆਖਿਆ ਤਗੜੇ ਹੋ ਜਾਓ ਸੂਰੋ ਮੈ ਆ ਰਿਹਾ ਹਾਂ। ਮੈ ਘੋੜੀ ਮੁਸਲਮਾਨਾਂ ਵੱਲ ਭਜਾਈ ਤੇ ਮਗਰੇ ਹੀ ਦਰਸ਼ਨ ਦੀ ਘੋੜੀ ਵੀ ਦੌੜ ਪਈ ਤੇ ਮੁਸਲਮਾਨਾਂ ਨੂੰ ਡਿਗਦਿਆਂ ਨੂੰ ਰਾਹ ਨਾ ਲੱਭਾ ਹੇਠਾਂ ਉਤੇ ਡਿੱਗੇ ਅਸੀ ਘੋੜੀਆਂ ਭਜਾ ਕੇ ਜਹਾਂਗੀਰ ਪਿੰਡ ਦੇ ਲਾਗੇ ਚਲੇ ਗਏ ਉਥੇ ਇੱਕ ਖੂਹ ਤੇ ੨੦-੨੫ ਸਿੱਖ ਖੜੇ ਸਨ। ਉਹਨਾਂ ਵਿੱਚ ਤਾਰਾ ਸਿੰਘ ਵੀ ਸੀ। ਉਹ ਸਾਡੇ ਵੱਲ ਆਇਆ ਤੇ ਮੈ ਉਸਨੂੰ ਕਿਹਾ ਕਿ ਉਹ ਸਾਨੂੰ ਅਪਣੀ ਘੋੜੀ ਦੇ ਦੇਵੇ ਕਿਉਂਕਿ ਦਰਸ਼ਣ ਦੀ ਘੋੜੀ ਭੱਜਦੀ ਨਹੀ ਸੀ। ਤਾਰਾ ਸਿੰਘ ਨੇ ਘੋੜੀ ਨਾ ਦਿੱਤੀ ਤੇ ਏਨੇ ਚਿਰ ਨੂੰ ਪਿਛੋਂ ਫਿਰ ਮੁਸਲਮਾਨ ਆ ਮਿਲੇ। ਅਸਾਂ ਫਿਰ ਲੋਕਾਂ ਨੂੰ ਧੋਖਾ ਦਿੱਤਾ ਘੋੜੀਆਂ ਭਜਾ ਕੇ ਪਿੰਡ ਦੇ ਉਤੋਂ ਦੀ ਚੱਕਰ ਲਾ ਕੇ ਇੱਕ ਕਮਾਦ ਦੀ ਪੈਲੀ ਵਿੱਚ ਵੜਕੇ ਘੋੜੀਆਂ ਤੋ ਉੱਤਰ

ਕੇ ਕਾਠੀਆਂ ਲਾਹ ਕੇ ਘੋੜੀਆਂ ਭਜਾ ਦਿੱਤੀਆਂ ਤੇ ਗੱਲ ਦੇ ਲੀੜੇ ਲਾਹ ਕੇ ਅੱਗ ਲਾ ਕੇ ਅਸੀ ਭੱਜ ਕੇ ਪਿੰਡ ਵਿੱਚ ਗੁਰਦੁਵਾਰੇ ਦੇ ਚੁਬਾਰੇ ਵਿੱਚ ਜਾ ਬੈਠੇ ਤੇ ਪਿਆਸ ਬੜੀ ਲਗੀ ਸੀ। ਗੁਰਦੁਵਾਰੇ ਦਰਬਾਰ ਦੇ ਲਾਗੇ ਘੜਾ ਭਰਕੇ ਰਖਿਆ ਸੀ ਪਾਣੀ ਦਾ, ਕੁੰਭ ਵਾਸਤੇ। ਅਸੀ ਉਸ ਵਿੱਚੋਂ ਜਲ ਛਕਿਆ ਤੇ ਦਰਸ਼ੂ ਬੜਾ ਘਾਬਰਿਆ, ਇਸਦਾ ਤੇ ਲੱਕ ਹੀ ਸਿੱਧਾ ਨਾ ਹੋਵੇ ਤੇ ਨਾ ਤੁਰਿਆ ਜਾਵੇ, ਬਸ ਹਾਏ ਹਾਏ ਕਰੀ ਜਾਵੇ। ਮੈਂ ਇਸਨੂੰ ਲੰਮਾਂ ਪਾ ਕੇ ਖੂਬ ਲਿਤਾੜਿਆ ਤੇ ਹੌਸਲਾ ਦਿੱਤਾ। ਪਿੰਡ ਦੇ ਲੋਕ ਇੱਕਠੇ ਹੋ ਗਏ। ਮੈਂ ਲੋਕਾਂ ਨੂੰ ਆਖਿਆ ਕਿ ਆਹ ਬੰਬ ਤੁਸੀਂ ਸਾਂਭ ਲਵੋ ਤੇ ਸਾਨੂੰ ਦੋ ਕਹੀਆਂ ਲਿਆ ਦਿਓ ਛੇਤੀ, ਤਾਂ ਕਿ ਅਸੀ ਤੁਹਾਡੇ ਪਿੰਡ ਚੋਂ ਨਿਕਲ ਜਾਈਏ ਨਹੀ ਤੇ ਤੁਸੀ ਵੀ ਸਾਡੇ ਨਾਲ ਹੀ ਫੜੇ ਜਾਉਗੇ। ਉਸੇ ਤਾਰਾ ਸਿੰਘ ਨੇ ਸਾਨੂੰ ਦੋ ਕਹੀਆਂ ਲਿਆ ਦਿੱਤੀਆ ਤੇ ਅਸੀਂ ਕਹੀਆਂ ਮੋਢਿਆਂ ਤੇ ਰੱਖ ਕੇ ਪਿੰਡੋਂ ਬਾਹਰ ਛੋਟੀ ਜਿਹੀ ਨਹਿਰ ਸੀ ਅਸੀਂ ਉਧਰ ਹੀ ਜਾ ਰਹੇ ਸਾਂ ਕਿ ਉਧਰੋ ਚਾਰ ਟਰੱਕ ਮਿਲਟਰੀ ਦੇ ਆ ਗਏ। ਮਿਲਟਰੀ ਵਾਲੇ ਮੁਸਲਮਾਨ ਬਲੋਚ ਸਨ। ਉਹਨਾਂ ਟਰੱਕਾਂ ਨੂੰ ਦੇਖ ਕੇ ਇਸ ਪਿੰਡ ਦਾ ਇੱਕ ਮਜ਼ਬੀ ਜੋਰ ਦੀ ਦੌੜਿਆ ਤੇ ਉਹਨਾਂ ਨੇ ਉਸਨੂੰ ਗੋਲੀ ਮਾਰ ਕੇ ਮਾਰ ਦਿੱਤਾ। ਅਸੀ ਦੋਵੇ ਚੁੱਪ ਕਰਕੇ ਤੁਰੇ ਜਾ ਰਹੇ ਸਾਂ। ਦੋ ਟਰੱਕ ਸਾਡੇ ਲਾਗੋਂ ਦੀ ਲੰਘ ਗਏ ਤੇ ਤੀਸਰੇ ਟਰੱਕ ਤੇ ਸਾਡੇ ਪਿੰਡ ਵੇਰਕੇ ਦਾ ਸਫੈਦ ਪੋਸ਼ ਬੈਠਾ ਸੀ। ਉਸਨੇ ਮੈਨੂੰ ਵੇਖ ਕੇ ਸ਼ੋਰ ਮਚਾ ਦਿੱਤਾ ਕਿ ਜਨਾਬ ਸੰਤ ਅਮਰ ਸਿੰਘ ਆਹ ਜਾਂਦਾ ਹੈ ਜਿਸਨੇ ਇਸ ਇਲਾਕੇ ਵਿੱਚ ਬਹੁਤ ਲੋਕ ਮਾਰੇ ਹਨ ਤੇ ਬੰਬ ਵੀ ਅੱਜ ਏਸੇ ਨੇ ਹੀ ਮਾਰੇ ਹਨ ਤੇ ਮੁਨਸ਼ੀ ਵੀ ਪੁਲਿਸ ਚੌਕੀ ਵਾਲਾ ਨਾਲ ਹੀ ਬੈਠਾ ਸੀ। ਉਸਨੇ ਵੀ ਰੌਲਾ ਪਾ ਦਿੱਤਾ ਕਿ ਇਹੋ ਹੀ ਅਮਰ ਸਿੰਘ ਹੈ ਜੋ ਰਫਲਾਂ ਬਣਾਉਂਦਾ ਹੈ। ਇੰਨੀ ਗੱਲ ਸੀ ਕਿ ਸਾਡੇ ਚੁਫੇਰੇ ਮਿਲਟਰੀ ਨੇ ਘੇਰਾ ਪਾ ਲਿਆ ਤੇ ਸਾਰਾ ਪਿੰਡ ਇੱਕਠਾ ਹੋ ਗਿਆ। ਏਨੇ ਨੂੰ ਦੋ ਜੀਪਾਂ ਹੋਰ ਆ ਗਈਆਂ ਜਿਹਨਾਂ ਵਿੱਚ ਤਿੰਨ ਅੰਗਰੇਜ ਸਨ ਇੱਕ ਸੈਸ਼ਨ, ਇੱਕ ਡਿਪਟੀ ਕਮਿਸ਼ਨਰ ਤੇ ਇੱਕ ਪੁਲਸ ਕਪਤਾਨ ਸੀ ਨਾਲ ਹੀ ਇੱਕ ਹਿੰਦੂ ਡਿਪਟੀ ਵੀ ਸੀ। ਜਿਸਨੂੰ ਕਿ ਮਹਿਤਾ ਜੀ ਕਹਿ ਕੇ ਬਲਾਉਂਦੇ ਸਨ। ਇਹ ਮੁਲਤਾਨ ਸ਼ਹਿਰ ਤੋਂ ਆਇਆ ਸੀ। ਇਹ ਸਾਰੇ ਅਫਸਰ ਅੱਜੇ ਆ ਕੇ ਖੜੇ ਹੀ ਹੋਏ ਸਨ ਕਿ ਇੱਕ ਜੀਪ ਹੋਰ ਆ ਗਈ। ਇਸ ਵਿੱਚ ਸਾਡੇ ਪਿੰਡ ਦਾ ਥਾਣੇਦਾਰ ਮਲਕ ਨਾਲ ਪੁਲਸ ਤੇ ਨਾਲ ਹੀ ਸਰਦਾਰ ਗੁਰਬਚਨ ਸਿੰਘ ਜੈਲਦਾਰ ਵੀ ਸੀ। ਏਨੇ ਨੂੰ ਮੁਸਲਮਾਨ ਸਫੈਦ ਪੋਸ਼ ਨੇ ਰੌਲਾ ਪਾਇਆ ਹੋਇਆ ਸੀ ਕਿ ਅਮਰ ਸਿੰਘ ਨੇ ਬੰਬ ਮਾਰੇ ਹਨ ਇਸਨੇ ਕਈ ਪਿੰਡ ਉਜਾੜ ਦਿੱਤੇ ਹਨ। ਇਹ ਜਾਲਮ ਹੈ। ਇੰਸਦਾ ਪੂਰਾ ਜਥਾ ਹੈ ਇਸਨੇ ਬੜੀ ਖੁਦਾ ਦੀ ਖਲਕਤ ਮਾਰੀ ਹੈ। ਇਸਨੂੰ ਗੋਲੀ ਮਾਰ ਦੇਣੀ ਚਾਹੀਦੀ ਹੈ। ਇਹ ਗੱਲਾਂ ਸੁਣ ਕੇ ਜੈਲਦਾਰ ਗੁਰਬਚਨ ਸਿੰਘ

ਬੋਲਿਆ, "ਜਨਾਬ ਇਹ ਜਮਾਲਦੀਨ ਝੂਠ ਬੋਲਦਾ ਹੈ ਕਿਉਂਕਿ ਸੰਤ ਅਮਰ ਸਿੰਘ ਨਾ ਮਾਸ ਖਾਵੇ ਨਾ ਸ਼ਰਾਬ ਪੀਵੇ, ਤੇ ਕੀੜੀ ਤਕ ਇਸਨੇ ਕਦੇ ਮਾਰੀ ਨਹੀ ਹੈ ਤੇ ਬੰਦੇ ਇਹ ਕਿਸਤਰ੍ਹਾਂ ਮਾਰ ਸਕਦਾ ਹੈ। ਸੰਤ ਅਮਰ ਸਿੰਘ ਨੂੰ ਤੇ ਮੁਸਲਮਾਨ ਮਸੀਤਾਂ ਵਿੱਚ ਖੜਾ ਕਰ ਕਰ ਕੇ ਲੈਕਚਰ ਸੁਣਦੇ ਰਹੇ ਹਨ ਤੇ ਕਹਿੰਦੇ ਸਨ ਕਿ ਸੰਤ ਅਮ੍ਰ ਸਿੰਘ ਪੂਰਾ ਫਕੀਰ ਹੈ, ਬੜਾ ਚੰਗਾ ਬੰਦਾ ਹੈ। ਅੱਜ ਇਹ ਕਾਤਲ ਤੇ ਜਾਲਮ ਕਹਿ ਰਿਹਾ ਹੈ। ਇਸ ਕਰਕੇ ਜਨਾਬ ਸੰਤ ਅਮਰ ਸਿੰਘ ਨੇ ਬੰਬ ਨਹੀ ਮਾਰੇ।" ਪਰ ਜੈਲਦਾਰ ਦੀ ਕਿਸੇ ਨੇ ਗੱਲ ਨਾ ਸੁਣੀ ਤੇ ਸਾਨੂੰ ਜੀਪ ਵਿੱਚ ਬਿਠਾ ਲਿਆ ਕਹੀਆਂ ਸਾਡੇ ਕੋਲੋ ਲੈ ਲਈਆਂ ਤੇ ਸਾਨੂੰ ਵੇਰਕੇ ਲੈ ਆਏ ਤੇ ਹਜਾਰਾਂ ਮੁਸਲਮਾਨ ਇੱਕਠੇ ਹੋ ਗਏ ਪਹਿਲਾਂ ਹੀ ਕਾਫੀ ਕੁਰਲਾਹਟ ਮੱਚਿਆ ਹੋਇਆ ਸੀ। ਕਈ ਲਾਸ਼ਾਂ ਪਈਆਂ ਹੋਈਆਂ ਸਨ ਤੇ ਕਈ ਜਖਮੀ ਤੜਫ ਰਹੇ ਸਨ। ਦੇਖ ਕੇ ਮਨ ਬੜਾ ਖੁਸ਼ ਹੋਇਆ ਪਰ ਘਾਟਾ ਇਸ ਗੱਲ ਦਾ ਸੀ ਕਿ ਕੋਈ ਸਿੱਖ ਸਾਨੂੰ ਉੱਥੇ ਨਜਰ ਨਾ ਆਇਆ। ਸਭ ਅੰਦਰ ਵੜ ਰਹੇ ਸਿਰਫ ਜੈਲਦਾਰ ਹੀ ਸਾਡੇ ਪਾਸ ਸੀ। ਇਸਨੂੰ ਵੀ ਡਿਪਟੀ ਮਹਿਤਾ ਨੇ ਆਖਿਆ ਕਿ ਸਰਦਾਰ ਜੀ ਤੁਸੀ ਏਥੋਂ ਚਲੇ ਜਾਉ ਤੁਹਾਨੂੰ ਵੀ ਕੋਈ ਛੁਰਾ ਹੀ ਨਾ ਮਾਰ ਦੇਵੇਂ। ਇਹ ਗੱਲ ਸੁਣ ਕੇ ਜੈਲਦਾਰ ਵੀ ਚਲਾ ਗਿਆ ਤੇ ਸਾਡੇ ਦੁਵਾਲੇ ਪੁਲਸ ਤੇ ਮਿਲਟਰੀ ਘੇ ਰਾ ਪਾਈ ਖੜੀ ਸੀ ਤੇ ਸੁਫੈਦ ਪੋਸ਼ ਜਮਾਲ ਦੀਨ ਡਿਪਟੀ ਨੂੰ ਕਹਿਣ ਲਗਾ, "ਜਨਾਬ, ਦਰਸ਼ਨ ਨੂੰ ਤੇ ਸੰਤ ਅਮਰ ਸਿੰਘ ਨੂੰ ਸਾਡੇ ਸਪੁਰਦ ਕਰ ਦੇਵੋ ਤੇ ਅਸੀ ਆਪਣੀ ਹੱਥੀ ਦੋਹਾਂ ਨੂੰ ਮਾਰ ਦੇਵਾਂਗੇ ਤੇ ਸਾਡਾ ਗੁੱਸਾ ਠੰਢਾ ਹੋ ਜਾਊਗਾ।" ਹੋਰ ਵੀ ਬਹੁਤ ਸਾਰੇ ਮੁਸਲਮਾਨਾਂ ਤੇ ਮੁਸਲਮਾਨੀਆਂ ਨੇ ਆ ਕੇ ਡਿਪਟੀ ਦੇ ਪੈਰ ਫੜੇ ਤੇ ਰੋ ਰੋ ਕੇ ਆਖਿਆ ਕਿ ਇਹ ਦੋਵੇ ਕਾਤਲ ਸਾਨੂੰ ਦੇ ਦਿਓ ਤੇ ਅਸੀ ਇਹਨਾਂ ਤੋ ਬਦਲਾ ਲੈਣਾਂ ਹੈ। ਪਰ ਅਫਸਰ ਨਾ ਮੰਨੇ। ਮੈਂ ਡਿਪਟੀ ਮਹਿਤਾ ਨੂੰ ਆਖਿਆ, "ਮਹਿਤਾ ਜੀ ਮੇਰੀ ਇੱਕ ਅਰਜ ਹੈ।" ਉਸ ਕਿਹਾ, "ਤੂੰ ਵੀ ਦੱਸ।" ਮੈਂ ਕਿਹਾ, "ਜੀ ਮੇਰੇ ਦਿਲ ਵਿੱਚ ਵੀ ਚਾਅ ਹੈ, ਜੇ ਤੁਸੀ ਮਨਜੂਰ ਕਰੋ ਤਾਂ ਇੱਕ ਗੱਲ ਕਰਾਂ।" ਉਸਨੇ ਕਿਹਾ, "ਗੱਲ ਕਰ।" ਮੈਂ ਕਿਹਾ ਕਿ ਇਹ ਜੋ ਮੁਸਲੇ ਕਹਿੰਦੇ ਹਨ ਕਿ ਕਾਤਲਾਂ ਨੂੰ ਸਾਨੂੰ ਦੇ ਦਿਓ ਤੇ ਅਸੀ ਅਪਣੇ ਹੱਥੀ ਮਾਰ ਦੇਂਦੇ ਹਾਂ, ਤੁਸੀ ਜਮਾਲ ਦੀਨ ਨੂੰ ਆਖੋ ਕਿ ਸੰਤ ਅਮਰ ਸਿੰਘ ਕਹਿੰਦਾ ਹੈ ਕਿ ੧੦ ਬੰਦੇ ਸਾਡੇ ਦੋਹਾਂ ਨਾਲ ਕੱਢ ਲਵੇ। ਜਿਹੜੇ ਇਸਦੀ ਮਰਜੀ ਦੇ ਹੋਣ। ਪਰ ਸਾਡੀਆਂ ਕ੍ਰਿਪਾਨਾਂ ਸਾਨੂੰ ਦੇ ਦਿਓ ਤੇ ਉਹ ਵੀ ਤਲਵਾਰਾਂ ਲੈ ਕੇ ਦਸੇ ਬੰਦੇ ਸਾਡੇ ਸਾਹਮਣੇ ਆ ਜਾਣ ਜੇ ਅਸੀ ਦਸਾਂ ਨੂੰ ਮਾਰ ਦਿੱਤਾ ਤਾਂ ਦਸ ਹੋਰ ਆ ਜਾਣ ਜੇ ਅਸੀ ਮਰ ਗਏ ਤਾਂ ਗੱਲ ਖਤਮ ਹੋ ਗਈ। ਮਹਿਤਾ ਡਿਪਟੀ ਨੇ ਇਹ ਗੱਲ ਅਗਲੇ ਕਮਿਸ਼ਨਰ ਨੂੰ ਦਸੀ ਤੇ ਉਸ ਕਮਿਸ਼ਨਰ ਨੇ ਇਹ ਗੱਲ ਸੁਣ ਕੇ ਮੇਰੇ ਸੱਜੇ ਬਾਜੂ ਤੋ ਫੜ ਕੇ ਤੇ

ਦੋਵੇ ਬਾਹਵਾਂ ਮੇਰੀਆਂ ਵਾਰੋ ਵਾਰੀ ਘੁੱਟ ਕੇ ਟੋਹ ਕੇ ਕਹਿਣ ਲਗਾ, ''ਇਸਦਾ ਜੁੱਸਾ ਤਾਂ ਲੋਹੇ ਵਰਗਾ ਹੈ। ਬਹੁਤ ਤਗੜਾ ਹੈ। ਮੇਰੀ ਇਹ ਗੱਲ ਮਹਿਤਾ ਡਿਪਟੀ ਨੇ ਜਮਾਲ ਦੀਨ ਨੂੰ ਸੁਣਾ ਦਿੱਤੀ ਕਿ ਕੋਈ ੧੦ ਬੰਦੇ ਅਪਣੀ ਮਰਜੀ ਦੇ ਕੱਢ ਕੇ ਸੰਤ ਅਮਰ ਸਿੰਘ ਨਾਲ ਲੜਨ ਵਾਸਤੇ ਭੇਜ ਦੇਵੇ। ਪਰ ਜਮਾਲ ਦੀਨ ਕਹਿਣ ਲਗਾ, ''ਤੋਬਾ ਤੋਬਾ, ਜਨਾਬ ੧੦ ਬੰਦੇ ਤਾਂ ਇੱਕਲਾ ਅਮਰ ਸਿੰਘ ਹੀ ਕੱਚੇ ਖਾ ਜਾਊਗਾ ਉਹ ਤਾਂ ਇਸਨੂੰ ਕੁਝ ਨਹੀ ਕਰ ਸਕਦੇ। ਇਹ ਸੰਤ ਤਾਂ ਬੜਾ ਗਤਕੇ ਬਾਜ ਹੈ। ਦਰਸ਼ਨ ਤਾਂ ਇਸਨਾਲ ਨਾਮ ਮਾਤਰ ਹੀ ਹੈ। ਮੈ ਇਹ ਗੱਲ ਸੁਣ ਕੇ ਡਿਪਟੀ ਨੂੰ ਜਮਾਲ ਦੀਨ ਦੇ ਮੂੰਹ ਤੇ ਆਖਿਆ, ''ਜਨਾਬ ਸਾਡੀਆਂ ਕ੍ਰਿਪਾਨਾਂ ਸਾਨੂੰ ਦੇ ਦਿਓ ਤੇ ਜਮਾਲਦੀਨ ਨੂੰ ਕਹੋ ਕਿ ਜਿੰਨੇ ਵੀ ਮੁਸਲਮਾਨ ਐਸ ਵਕਤ ਖੜੇ ਹਨ ਸਭ ਇੱਕੋ ਵਾਰ ਹੀ ਸਾਨੂੰ ਪੈ ਜਾਣ ਤੇ ਤੁਸੀ ਜਰਾ ਨਜਾਰਾ ਵੇਖੋ।'' ਪਰ ਅਫਸਰ ਨਾ ਮੰਨੇ ਤੇ ਮੇਰੇ ਘਰ ਦੀ ਤਲਾਸ਼ੀ ਲੈਣ ਲਈ ਕੁਝ ਪੁਲਸ ਤੇ ਕੁਝ ਮਿਲਟਰੀ ਦੇ ਬੰਦੇ ਮੈਨੂੰ ਨਾਲ ਲੈ ਕੇ ਤੁਰ ਪਏ। ਰਸਤੇ ਵਿੱਚ ਮੋੜ ਤੇ ਰੂੜ ਸਿੰਘ ਜੱਟ ਅਪਣੇ ਦਰਵਾਜੇ ਵਿੱਚ ਖੜਾ ਸੀ ਉਸਨੇ ਮੈਨੂੰ ਗਾਲ ਕੱਢੀ ਤੇ ਕਿਹਾ ਕਿ ਪਿੰਡ ਵਿੱਚ ਗਦਰ ਮਚਾ ਦਿੱਤਾ ਹੈ। ਮੈ ਇਹ ਗੱਲ ਸੁਣੀ ਤੇ ਛਾਲ ਮਾਰ ਕੇ ਉਸ ਦੀ ਦਾੜੀ ਫੜ ਕੇ ਦੋ ਤਿੰਨ ਘਸੁੰਨ ਮਾਰ ਦਿੱਤੇ ਤੇ ਮਿਲਟਰੀ ਦੇ ਬਲੋਚ ਨੇ ਮੈਨੂੰ ਰਫਲ ਦਾ ਬੱਟ ਮਾਰਿਆ, ਪੂਰਾ ਨਾ ਵਜਾ ਉਸਦੇ ਉਤੱਰ ਵਿੱਚ ਵਟਾਲੇ ਸ਼ਹਿਰ ਦਾ ਰਹਿਣ ਵਾਲਾ ਇੱਕ ਸਿਪਾਹੀ ਸੀ ਕੁੰਦਨ ਲਾਲ ਉਸਨੇ ਇਸ ਦੇ ਮੂੰਹ ਤੇ ਚਪੇੜ ਮਾਰੀ ਤੇ ਮਲਕ ਥਾਣੇਦਾਰ ਨੇ ਦੋਹਾਂ ਨੂੰ ਰੋਕ ਦਿੱਤਾ। ਅਜੇ ਸਾਰੇ ਸਾਡੇ ਘਰ ਤਕ ਪੁੱਜੇ ਹੀ ਨਹੀ ਸੀ ਕਿ ਪਿਛੇ ਹੀ ਹੋਰ ਸਿਪਾਹੀ ਆ ਗਿਆ ਤੇ ਕਹਿਣ ਲਗਾ ਕਿ ਕਮਿਸ਼ਨਰ ਸਾਹਬ ਦਾ ਆਡਰ ਹੈ ਵਾਪਿਸ ਆ ਜਾਓ ਤਲਾਸ਼ੀ ਕੱਲ ਹੋਵੇਗੀ। ਇਸ ਤੋ ਬਾਅਦ ਸਭ ਅਫਸਰ ਜੈਲਦਾਰ ਦੀ ਕੋਠੀ ਆ ਬੈਠੇ ਸਾਨੂੰ ਵੀ ਨਾਲ ਲੈ ਗਏ। ਮੈ ਜੈਲਦਾਰ ਨੂੰ ਕਿਹਾ ਕਿ ਭਾਜੀ ਪਿਆਸ ਬੜੀ ਲੱਗੀ ਹੈ ਜਲ ਮੰਗਾਓ। ਉਹਨਾਂ ਨੇ ਸਾਨੂੰ ਮਿੱਠਾ ਜਲ ਕਰਕੇ ਛਕਾਇਆ। ਤੇ ਫਿਰ ਮੈ ਕਿਹਾ, ਕਿ ਅਸੀ ਸਵੇਰ ਦੇ ਭੁੱਖੇ ਹਾਂ ਤੇ ਜੈਲਦਾਰ ਨੇ ਉਸੇ ਵਕਤ ਤਾਜੇ ਪ੍ਰਸਾਦੇ ਪਕਵਾ ਕੇ ਮੰਗਾਵਾਏ ਤੇ ਨਾਲ ਦੁੱਧ ਘਿਉ ਦਿੱਤਾ ਅਸੀ ਰੱਜ ਕੇ ਪ੍ਰਸਾਦੇ ਛਕੇ ਤੇ ਅਫਸਰਾਂ ਨੇ ਤਿਆਰੀ ਕੀਤੀ ਅੰਮ੍ਰਿਤਸਰ ਦੀ ਤੇ ਸਾਨੂੰ ਵੀ ਪੁਰਾਣੀ ਪੁਲਸ ਲਾਈਨ ਵਿੱਚ ਲੈ ਆਂਦਾ ਗਿਆ ਤੇ ਸਾਰੀ ਰਾਤ ਖੜੇ ਕਰ ਛਡਿਆ ਤੇ ਸਾਨੂੰ ਆਖਣ ਕਿ ਬੰਬ ਦਿਉ।

ਮੈਨੂੰ ਅਲਗ ਕਰਕੇ ਥਾਣੇਦਾਰ ਮੁਸਲਮਾਨ ਸੀ ਕਹਿਣ ਲਗਾ, ''ਸੰਤ ਅਮਰ ਸਿੰਘ ਤੇਰੇ ਪਿੰਡ ਦੇ ਮੁਸਲਮਾਨ ਤੇਰੇ ਤੇ ਬੜਾ ਤਰਸ ਕਰਦੇ ਹਨ ਤੇ ਕਹਿੰਦੇ ਹਨ ਕਿ ਸੰਤ ਨਿਹੱਕ ਫੜਿਆ ਗਿਆ ਹੈ, ਸੰਤ ਦਾ ਕੋਈ ਕਸੂਰ ਨਹੀ ਹੈ। ਦਰਸ਼ਨ ਤੇ ਸਭ

ਨਾਰਾਜ ਹਨ। ਅਸੀ ਵੀ ਤੇਰੇ ਤੇ ਬੜੇ ਖੁਸ਼ ਹਾਂ, ਤੈਨੂੰ ਅਸੀ ਸਵੇਰੇ ਛੱਡ ਦੇਣਾਂ ਹੈ ਤੇ ਦਰਸ਼ਨ ਨੂੰ ਨਹੀ ਛੱਡਣਾਂ। ਇਹ ਬੇਈਮਾਨ ਜੱਟ ਹੈ ਤੇ ਤੈਨੂੰ ਛੱਡ ਦਿਆਂਗੇ ਪਰ ਇਸ ਸ਼ਰਤ ਤੇ ਕਿ ਤੂੰ ਵੇਰਕੇ ਦੇ ਚੰਗੇ ਚੰਗੇ ਕੁਝ ਬੰਦੇ ਸਾਨੂੰ ਫੜਾ ਦੇਵੇ ਤੇ ਉਹਨਾਂ ਦੇ ਮੂੰਹ ਤੇ ਇਨਾਂ ਕਹਿ ਦੇਵੇ ਕਿ ਇਹਨਾਂ ਦੇ ਕਹਿਣ ਤੇ ਅਸੀਂ ਬੰਬ ਮਾਰੇ ਹਨ। ਇੰਨੀ ਗੱਲ ਕਹਿ ਕੇ ਤੂੰ ਘਰ ਚਲਾ ਜਾਵੀ ਤੇ ਅਸੀ ਉਹਨਾਂ ਨੂੰ ਫੜ ਲਵਾਂਗੇ।'' ਮੈ ਕਿਹਾ, '' ਮੈ ਕਿਉਂ ਝੂਠ ਬੋਲਾਂ ਨਾ ਮੈਨੂੰ ਕਿਸੇ ਨੇ ਕਿਹਾ ਹੈ ਤੇ ਨਾ ਅਸੀ ਬੰਬ ਮਾਰੇ ਹਨ।'' ਮੇਰੇ ਕੋਲੋ ਇੰਨੀ ਗੱਲ ਸੁਣ ਕੇ ਉਸਨੇ ਮੈਨੂੰ ਫਿਰ ਖੜਾ ਕਰ ਦਿੱਤਾ ਤੇ ਸਵੇਰੇ ਅੱਠ ਵਜੇ ਪੁਲਸ ਸਾਨੂੰ ਫਿਰ ਸਾਡੇ ਪਿੰਡ ਵੇਰਕੇ ਲੈ ਆਈ ਤੇ ਸਾਨੂੰ ਮੁਸਲਮਾਨਾਂ ਦੀ ਹਵੇਲੀ ਵਿੱਚ ਬਿਠਾ ਦਿੱਤਾ। ਸਾਰਾ ਦਿਨ ਕੋਈ ਸਿੱਖ ਸਾਡੇ ਮੱਥੇ ਨਾ ਲਗਾ ਤੇ ਅਸੀ ਸਾਰਾ ਦਿਨ ਭੁੱਖੇ ਤਿਹਾਏ ਬੈਠੇ ਰਹੇ। ਮੁਸਲੇ ਸਾਨੂੰ ਵੇਖ ਵੇਖ ਕੇ ਤੁਰੇ ਜਾਣ। ਗਰਮੀਆਂ ਦੇ ਦਿਨ ਸਨ। ਸਾਵਣ ਦੀ ਚਾਰ ਤਰੀਕ ਸੀ। ਸ਼ਾਮ ਦੇ ਪੰਜ ਵੱਜ ਗਏ। ਦਰਸ਼ਨ ਨੇ ਪਾਣੀ ਮੰਗਿਆ ਤੇ ਇੱਕ ਬਾਬੂ ਨਾਮ ਦਾ ਡੋਗਰ ਸੀ ਮੁਸਲਮਾਨ, ਉਹ ਪਾਣੀ ਲਿਆਇਆ ਤੇ ਮੈ ਦਰਸ਼ਨ ਦੇ ਮੂੰਹ ਤੇ ਚਪੇੜ ਮਾਰੀ ਤੇ ਕਿਹਾ, ''ਬੇਸ਼ਰਮਾਂ, ਸ਼ਰਮ ਨਹੀ ਆਉਂਦੀ ਮੁਸਲੇ ਤੋ ਪਾਣੀ ਪੀਣ ਲਗਾਂ ਹੈ।'' ਦਰਸ਼ਨ ਮੇਰੀ ਗੱਲ ਸੁਣ ਕੇ ਚੁੱਪ ਕਰ ਰਿਹਾ ਤੇ ਉਸਨੇ ਪਾਣੀ ਨਾ ਪੀਤਾ ਤੇ ਅੱਜ ਰਾਤ ਨੂੰ ਪੁਲਸ ਸਾਨੂੰ ਲੋਹਗੜ ਦੇ ਦਰਵਾਜੇ ਕਿਲ੍ਹੇ ਵਿੱਚ ਲੈ ਗਈ ਤੇ ਕਿਲ੍ਹੇ ਵਿੱਚ ਜਾ ਕੇ ਸਾਨੂੰ ਬੰਦ ਕਰ ਦਿੱਤਾ। ਅਗਲੇ ਦਿਨ ਜਹਾਂਗੀਰ ਪਿੰਡ ਦੇ ਬੰਦੇ ਜਿਹਨਾਂ ਦੀਆਂ ਅਸੀ ਘੋੜੀਆਂ ਲਿਆਂਦੀਆਂ ਸਨ। ਉਹਨਾਂ ਨੂੰ ਵੀ ਪੁਲਸ ਫੜ ਕੇ ਲੈ ਆਈ। ਨਰਿਵੰਣ ਸਿੰਘ, ਅਮਰ ਸਿੰਘ ਤੇ ਨਿਰਵੈਰ ਸਿੰਘ ਇਹ ਤਿੰਨੇ ਬੰਦੇ ਸਾਡੇ ਪਾਸ ਕਿਲ੍ਹੇ ਵਿੱਚ ਆ ਗਏ। ਅਸੀ ਪੰਜੇ ਬੰਦੇ ਕਿਲ੍ਹੇ ਵਿੱਚ ਰਹਿੰਦੇ ਸਾਂ। ਅੱਠ ਦਿਨ ਤੇ ਸਾਨੂੰ ਕਿਸੇ ਨੇ ਕੁਝ ਨਹੀ ਆਖਿਆ। ਅਠਵੀ ਰਾਤ ਮੈਨੂੰ ਦਰਸ਼ਨ ਨੂੰ ਤੇ ਨਰਿਵੰਣ ਨੂੰ ਤਿੰਨਾਂ ਨੂੰ ਅਲਗ ਅਲਗ ਕਰਕੇ ਕੁੱਟਿਆ ਕਿ ਦਸੋ ਬੰਬ ਕਿਥੇ ਹਨ। ਨਰਿਜੰਣ ਨੇ ਕਿਹਾ, ''ਜਨਾਬ, ਮੇਰੇ ਪਾਸੋਂ ਤਾਂ ਘੋੜੀ ਮੰਗ ਕੇ ਲਿਆਏ ਸਨ ਕਿ ਅਸਾਂ ਜੰਞੇ ਜਾਣਾਂ ਹੈ ਤੇ ਸਾਨੂੰ ਘੋੜੀ ਚਾਹੀਦੀ ਹੈ। ਇਸੇ ਕਰਕੇ ਮੈ ਘੋੜੀ ਦੇ ਦਿੱਤੀ ਅੱਗੇ ਮੈਨੂੰ ਕੀ ਪਤਾ ਕਿਥੇ ਗਏ ਹਨ ਤੇ ਕਿਥੇ ਨਹੀ।'' ਇਹ ਗੱਲ ਮੈ ਨਰਿੰਜਣ ਨੂੰ ਪੜ੍ਹਾਈ ਸੀ ਕਿ ਤੂੰ ਇਸ ਤਰ੍ਹਾਂ ਕਰੇਂਗਾ ਤੇ ਬਚ ਸਕਦਾ ਹੈਂ। ਇਹੋ, ਗੱਲ ਹੀ ਦੂਜੀ ਘੋੜੀ ਵਾਲੇ ਅਮਰ ਸਿੰਘ ਨੇ ਵੀ ਕਹਿ ਦਿਤੀ ਇਹ ਦੋਵੇਂ ਤਾਂ ਇਸ ਤਰ੍ਹਾਂ ਕਹਿ ਕੇ ਬਚ ਗਏ।

ਮੈਨੂੰ ਤੇ ਦਰਸ਼ਨ ਨੂੰ ਚਾਰ ਰਾਤਾਂ ਕੁਟਦੇ ਰਹੇ ਤੇ ਚੋਥੀ ਰਾਤੇ ਦਰਸ਼ਨ ਬਕ ਪਿਆ ਕਿ ਮੈ ਤੇ ਸੰਤਾਂ ਨੇ ਬੰਬ ਮਾਰੇ ਹਨ ਪਰ ਇਹ ਮੈਨੂੰ ਨਹੀ ਪਤਾ ਕਿ ਸੰਤ ਜੀ

ਬੰਬ ਕਿਥੋਂ ਲੈ ਕੇ ਆਏ ਹਨ ਤੇ ਬੰਬ ਮਾਰੇ ਵੀ ਸੰਤਾਂ ਨੇ ਹੀ ਹਨ। ਅੱਜ ਰਾਤ ਦਰਸ਼ਨ ਨੂੰ ਸਾਡੇ ਕੋਲ ਸਾਡੀ ਹਵਾਲਾਤ ਵਿੱਚ ਨਹੀ ਲਿਆਂਦਾ। ਉਸਨੂੰ ਦੂਸਰੀ ਹਵਾਲਾਤ ਵਿੱਚ ਇੱਕਲੇ ਨੂੰ ਬੰਦ ਕਰ ਦਿੱਤਾ। ਮੈਂ ਸਾਥੀਆਂ ਨੂੰ ਕਿਹਾ ਕਿ ਅੱਜ ਕੰਮ ਖਰਾਬ ਹੋ ਗਿਆ ਹੈ ਦਰਸ਼ਨ ਬਕ ਪਿਆ ਹੈ। ਪਰ ਮੇਰੀ ਹਵਾਲਾਤ ਦੇ ਦਰਵਾਜੇ ਅੱਗੇ ਨਲਕਾ ਸੀ ਤੇ ਇੱਕ ਸਿਪਾਹੀ ਸੀ ਮੁਸਲਮਾਨ ਨੂਰਦੀਨ ਪਰ ਹੈ ਬੜਾ ਚੰਗਾ ਸੀ। ਇਸਨੇ ਮੈਨੂੰ ਅਫਸਰਾਂ ਦੀਆਂ ਸਾਰੀਆਂ ਗੱਲਾਂ ਰੋਜ ਦੱਸ ਦੇਣੀਆਂ। ਅੱਜ ਮੈਂ ਆਖਿਆ, "ਭਾਈ ਨੂਰਦੀਨ ਜੀ ਅੱਜ ਦਰਸ਼ਨ ਕਿਥੇ ਹੈ?" ਉਸਨੇ ਕਿਹਾ, "ਸੰਤ ਜੀ ਦਰਸ਼ੂ ਤੇ ਹਰਾਮਦਾ ਬਣ ਗਿਆ ਹੈ ਪਰ ਅੱਜ ਸੰਤ ਜੀ ਤੁਹਾਡੇ ਤੇ ਬੜਾ ਜੋਰ ਪੈਣਾ ਹੈ। ਦਰਸ਼ੂ ਨੇ ਸਭ ਕੁਝ ਦੱਸ ਦਿੱਤਾ ਹੈ।" ਮੈਂ ਕਿਹਾ, "ਭਾਈ ਨੂਰਦੀਨ ਜੀ, ਦਰਸ਼ੂ ਨੂੰ ਜਰਾ ਮੇਰੇ ਕੋਲ ਲਿਆ ਸਕਦੇ ਹੋ?" ਉਸਨੇ ਕਿਹਾ, "ਮੈਂ ਹੁਣੇ ਲੈ ਕੇ ਆਉਂਦਾ ਹਾਂ।" ਉਹ ਉਸੇ ਵਕਤ ਦਰਸ਼ਨ ਨੂੰ ਨਲਕੇ ਤੇ ਲੈ ਆਇਆ ਤੇ ਕਿਹਾ, "ਦਰਸ਼ਨ ਮੂੰਹ ਧੋ, ਤੇ ਉਧੱਰ ਵੇਖ ਕੌਣ ਖੜਾ ਹੈ।" ਪਰ ਦਰਸ਼ਨ ਤੇ ਅੱਖਾਂ ਉਪਰ ਨਾ ਕਰੇ। ਨੂਰਦੀਨ ਨੇ ਇੱਕ ਚਪੇੜ ਮਾਰੀ ਤੇ ਕਿਹਾ "ਉਧਰ ਵੇਖ।" ਦਰਸ਼ੂ ਨੇ ਮੇਰੇ ਵੱਲ ਵੇਖਿਆ ਤੇ ਮੈਂ ਕਿਹਾ, "ਤੈਨੂੰ ਸ਼ਰਮ ਨਹੀ ਆਈ ਕੁੱਤਿਆਂ ਬਕਦੇ ਨੂੰ, ਤੂੰ ਮਰ ਚਲਿਆ ਸੈਂ, ਜੇ ਮਰ ਵੀ ਜਾਂਦਾ ਤਾਂ ਕੀ ਘਟ ਚਲਿਆ ਸੀ।" ਤੇ ਨੂਰਦੀਨ ਨੇ ਇੱਕ ਹੋਰ ਚਪੇੜ ਮਾਰੀ ਤੇ ਉਸਨੂੰ ਦੂਸਰੀ ਹਵਾਲਾਤ ਵਿੱਚ ਬੰਦ ਕਰ ਦਿੱਤਾ।

ਰਾਤ ਨੌਂ ਵਜੇ ਪੁਲਸ ਮੈਨੂੰ ਲੈ ਗਈ ਉਸੇ ਕਮਰੇ ਵਿੱਚ ਜਿਥੇ ਮਾਰਦੇ ਸਨ। ਦੋ ਥਾਣੇਦਾਰ ਤੇ ੬ ਸਿਪਾਹੀ ਮੈਨੂੰ ਕਹਿਣ ਲਗੇ, "ਅੱਜ ਤੇਰੀ ਮੌਤ ਆਈ ਹੈ, ਨਹੀ ਤੇ ਸਭ ਕੁਝ ਦੱਸ ਦੇ।" ਮੈਂ ਕਿਹਾ, "ਨਾ ਮੇਰੇ ਕੋਲ ਕੋਈ ਚੀਜ਼ ਹੈ ਤੇ ਨਾ ਮੈਨੂੰ ਕੁਝ ਪਤਾ ਹੈ। ਇੰਨੀ ਗੱਲ ਕਹਿਣ ਦੀ ਦੇਰ ਸੀ ਕਿ ਉਹ ਮੈਨੂੰ ਕੁੱਟਣ ਲਗ ਪਏ ਤੇ ਮੈਂ ਗਾਲਾਂ ਕੱਢੀ ਗਿਆ। ਉਹ ਮੈਨੂੰ ਕੁੱਟੀ ਗਏ। ਆਖਰ ਮੈਂ ਦੜ ਵੱਟ ਗਿਆ ਤੇ ਥਾਣੇ ਦਾਰ ਦੀਨਾ ਨਗਰ ਦਾ ਸੀ। ਉਹ ਕਹਿਣ ਲਗਾ, "ਬੇਹੋਸ਼ ਹੋ ਗਿਆ ਏ ਨਾ ਮਾਰੋ ਮਰ ਜਾਊਗਾ, ਮਾਰਨ ਦਾ ਆਡਰ ਨਹੀ ਹੈ। ਇਹ ਚੋਰ ਤੇ ਨਹੀ ਜਿਸਨੂੰ ਮਾਰ ਰਹੇ ਹੋ।" ਮੈਂ ਦੜ ਵੱਟ ਛੱਡੀ ਤੇ ਗੱਲਾਂ ਸੁਣਦਾ ਰਿਹਾ। ਮੈਨੂੰ ਪਏ ਨੂੰ ਰਾਤ ਦਾ ਇੱਕ ਵੱਜ ਗਿਆ। ਆਖਰ ਮੈਂ ਉਠਿਆ ਤੇ ਸਿਰਫ ਮੇਰੇ ਕੋਲ ਦੋ ਸਿਪਾਹੀ ਸਨ। ਉਹਨਾ ਮੈਨੂੰ ਪੁਛਿਆ ਕਿ ਪਾਣੀ ਪੀਣਾ ਹੈ? ਮੈਂ ਆਖਿਆ ਛਰਲਾ ਛੱਡਣਾਂ ਹੈ। ਉਹ ਮੈਨੂੰ ਨਲਕੇ ਤੇ ਲੈ ਗਿਆ। ਮੈਂ ਛਰਲਾ ਛਡਿਆ, ਮੂੰਹ ਹੱਥ ਧੋਤਾ ਤੇ ਪਾਣੀ ਵੀ ਪੀਤਾ ਫਿਰ ਮੈਨੂੰ ਉਸੇ ਕਮਰੇ ਵਿੱਚ ਲੈ ਆਂਦਾ ਤੇ ਸਿਪਾਹੀ ਕਹਿਣ ਲਗਾ, "ਕਿਉਂ ਮਾਰ ਖਾਂਦਾ ਹੈ। ਜੋ ਕੁਝ ਹੈ ਦਸਦੇ, ਦਰਸ਼ਨ ਨੇ ਸਭ ਕੁਝ ਦੱਸ ਦਿੱਤਾ ਹੈ।" ਮੈਂ ਕਿਹਾ, "ਦਰਸ਼ਨ ਹਰਾਮਦਾ

ਹੈ ਐਵੇ ਬਕਵਾਸ ਕਰਦਾ ਹੈ। ਜੇ ਦਸਿਆ ਹੈ ਤਾਂ ਸਾਮਾਨ ਵੀ ਦੇ ਦੇਵੇ ਮੇਰੇ ਕੋਲ ਤੇ ਕੁਝ ਨਹੀ। ਮੈ ਕਿਥੋਂ ਦਿਆਂ।'' ਮੇਰੀਆਂ ਇੰਹ ਗੱਲਾਂ ਸੁਣਕੇ ਸਿਪਾਹੀ ਨੇ ਕਿਹਾ, ''ਉਠਕੇ ਖੜਾ ਹੋ ਜਾ।'' ਰਾਤ ਤਿੰਨ ਦਾ ਵਕਤ ਸੀ। ਮੈ ਖੜਾ ਹੋ ਗਿਆ। ਰਾਤ ਦੇ ਤਿੰਨ ਵਜੇ ਦੇ ਖੜੇ ਨੂੰ ਦੁਪਹਿਰ ਦੇ ਦੋ ਵਜ ਗਏ ਫਿਰ ਘੰਟੇ ਕੁ ਮਗਰੋ ਤਕਰੀਬਨ ਤਿੰਨ ਕੁ ਵਜੇ ਇੱਕ ਸਿੱਖ ਅਫਸਰ ਪੁਲਿਸ ਦਾ ਆਈ. ਜੀ. ਆਇਆ, ਤੇ ਮੇਰੇ ਲਾਗੋਂ ਦੀ ਲੰਘਿਆਂ ਤੇ ਮੈ ਸਤਿ ਸ੍ਰੀ ਅਕਾਲ ਬੁਲਾਈ। ਉਸਨੇ ਕੋਈ ਉੱਤਰ ਨਾ ਦਿੱਤਾ ਤੇ ਅੰਦਰ ਚਲਾ ਗਿਆ। ਅੱਧਾ ਕੁ ਘੰਟਾ ਬੈਠ ਕੇ ਜਦੋ ਵਾਪਿਸ ਤੁਰਿਆ ਤੇ ਫਿਰ ਮੇਰੇ ਲਾਗੋ ਦੀ ਲੰਘਣ ਲਗਾ ਤੇ ਮੈ ਆਖਿਆ, ''ਸਰਦਾਰ ਜੀ ਮੇਰੀ ਇੱਕ ਅਰਜ ਸੁਣ ਜਾਓ'' ਉਹ ਨਾ ਬੋਲਿਆ ਤੇ ਇੱਕ ਪੌੜੀ ਥੱਲੇ ਉੱਤਰ ਗਿਆ। ਮੈ ਫਿਰ ਆਖਿਆ, ''ਸਰਦਾਰਾ ਮੇਰੀ ਇੱਕ ਗੱਲ ਸੁਣ ਜਾ।'' ਉਹ ਫਿਰ ਨਾ ਬੋਲਿਆ ਮੈ ਫਿਰ ਗਾਲੀ ਸ਼ੁਰੂ ਹੋ ਗਿਆ, ''ਕੰਜਰਾ ਮੇਰੀ ਗੱਲ ਸੁਣ ਜਾ ਮੈ ਫਿਰ ਬਹੁਤ ਗਾਲ੍ਹਾਂ ਕੱਢੀਆਂ, ਮਾਂਵਾ, ਭੈਣਾਂ, ਧੀਆਂ ਦੀਆਂ ਪਰ ਉਸਨੇ ਪਰਤ ਤੇ ਪਿਛੇ ਨਹੀ ਦੇਖਿਆ ਤੇ ਪੁਲਸ ਨੇ ਮੈਨੂੰ ਫਿਰ ਕੁੱਟਣਾਂ ਸ਼ੁਰੂ ਕਰ ਦਿੱਤਾ। ਮੈ ਫਿਰ ਦੜ ਵੱਟ ਗਿਆ ਤੇ ਇਹ ਦਿਨ ਬੀਤ ਗਿਆ ਰਾਤ ਵੀ ਨਿਕਲੀ।

ਸਵੇਰੇ ਸਾਨੂੰ ਪੰਜਾਂ ਨੂੰ ਕਚਿਹਰੀ ਵਿੱਚ ਡਿਪਟੀ ਨੇ ਪੇਸ਼ ਕੀਤਾ ਨਿਰਵੈਰ ਸਿੰਘ ਈਸਰ ਸਿੰਘ ਮਝੈਲ ਦਾ ਸਕਾ ਸਾਂਢੂ ਸੀ ਮਨਿਸਟਰ ਦਾ। ਨਿਰਵੈਰ ਸਿੰਘ ਤੇ ਅਮਰ ਸਿੰਘ ਦੀ ਫਰਮਾਇਸ਼ ਹੋ ਗਈ ਤੇ ਇਹਨਾਂ ਦੋਹਾਂ ਨੂੰ ਡਿਪਟੀ ਨੇ ਛੱਡ ਦਿੱਤਾ ਤੇ ਸਾਨੂੰ ਤਿੰਨਾਂ ਨੂੰ ਡਿਪਟੀ ਨੇ ਜੇਲ੍ਹ ਭੇਜ ਦਿੱਤਾ। ਜਦੋ ਅਸੀ ਜੇਲ੍ਹ ਗਏਤਾਂ ਸਿੱਖਾਂ ਨੂੰ ਪਤਾ ਲਗਾ ਕਿ ਸੰਤ ਅਮਰ ਸਿੰਘ ਵੇਰਕੇ ਵਾਲਾ ਜੇਲ੍ਹ ਵਿੱਚ ਆਇਆ ਹੈ। ਜਿਸਨੇ ਮਸੀਤ ਵਿੱਚ ਬੰਬ ਮਾਰੇ ਹਨ। ਸਿੱਖ ਜੈ ਕਾਰੇ ਬੁਲਾਉਣ ਲਗ ਪਏ ਤੇ ਮੇਰਾ ਡੇਰਾ ਚੀਫ ਆਡਰ ਨੇ ਚੁਬਾਰੇ ਵਿੱਚ ਲਵਾ ਦਿੱਤਾ। ਇਸ ਚੁਬਾਰੇ ਵਿੱਚ ਸਭ ਅੰਮ੍ਰਿਤਸਰ ਸ਼ਹਿਰ ਦੇ ਸਿੱਖਾਂ ਦਾ ਡੇਰਾ ਸੀ। ਸਭ ਮੇਰੇ ਵਾਕਿਫ ਸਨ। ਅਗਲੇ ਦਿਨ ੧੦੧ ਪਾਠ ਸੁਖਮਨੀ ਸਾਹਿਬ ਦਾ ਅਰੰਭ ਦਿੱਤਾ ਤੇ ਦੁਪਿਹਰ ਵੇਲੇ ਕਥਾ ਕਰਨੀ, ਸ਼ਾਮ ਨੂੰ ਰਹਿਰਾਸ ਦਾ ਪਾਠ ਕਰਕੇ ਇੱਕ ਘੰਟਾ ਸ਼ਬਦ ਕੀਰਤਨ ਕਰਨਾ। ਰੋਜ਼ ਇਹ ਨਿਤਨੇਮ ਕਰਨਾ ਤੇ ਅੰਮ੍ਰਿਤਸਰ ਸ਼ਹਿਰ ਵਿੱਚ ਰੋਜ਼ ਬੰਬ ਬਾਰੀ ਹੋਣੀ, ਗੋਲੀ ਚਲਣੀ, ਤੇ ਮੈ ਸਿੱਖਾਂ ਨਾਲ ਜੇਲ ਵਿੱਚ ਮਸ਼ਵਰਾ ਕੀਤਾ ਕਿ ਜੇਲ ਵਿੱਚ ਤਿੰਨ ਕੁ ਸੈ ਮੁਸਲਮਾਨ ਹੈ। ਦਰੋਗਾ ਤੇ ਚੀਫ ਵੀ ਮੁਸਲਮਾਨ ਹਨ। ੧੫ ਅਗਸਤ ਵਾਲੇ ਦਿਨ ਸਭ ਨੂੰ ਮਾਰ ਦੇਈਏ ਤੇ ਜੇਲ ਤੋੜ ਕੇ ਸਾਰੇ ਬਾਹਰ ਨਿਕਲ ਕੇ ਮੁਸਲਿਆਂ ਤੇ ਹਮਲਾ ਕਰ ਦਈਏ। ਸਭ ਗੱਲ ਬਾਤ ਪੱਕੀ ਕਰ ਲਈ ਤੇ ਦਿਨ ਵਕਤ ਮੁਕਰਰ ਕਰ ਲਿਆ। ਇੰਸ ਸਾਡੀ ਮੀਟਿੰਗ ਵਿੱਚ ਮਜੀਠੇ ਵਾਲਾ ਸ੍ਰਦਾਰ ਵੀ

ਸੀ। ਜਿਸ ਨੂੰ ਅਕਾਲੀਆ ਕਰ ਕੇ ਬੁਲਾਉਂਦੇ ਸੀ। ਕਿਰਪਾਲ ਸਿੰਘ ਜਿਸ ਨੂੰ ਕੋਟਲੇ ਵਾਲੇ ਧੀਰੋ ਦੀ ਪਾਰਟੀ ਨੇ ਮਾਰਿਆ ਸੀ। ਇਸ ਗੱਦਾਰ ਨੇ ਜਾ ਕੇ ਜੇਲ ਦੇ ਦਰੋਗੇ ਨੂੰ ਸਾਰੀ ਗੱਲ ਦੱਸ ਦਿੱਤੀ ਕਿ ੧੫ ਅਗਸਤ ਕੋ ਦਰੋਗਾ ਜੀ ਤੁਝੇ ਔਰ ਚੀਫ ਕੋ ਔਰ ਸਾਰੇ ਮੁਸਲਮਾਨੋ ਕੋ ਮਾਰਨੇ ਦਾ ਮਸ਼ਵਰਾ ਸੰਤ ਅਮਰ ਸਿੰਘ ਨੇ ਕੀਤਾ ਹੈ। ਤੂੰ ਅਪਨਾ ਬੰਦੋਬਸਤ ਕਰ ਲਈ। ਇਸ ਸਰਦਾਰ ਤੋਂ ਇਹ ਗੱਲ ਸੁਣ ਕੇ ਦਰੋਗੇ ਨੇ ਮੇ ਰਾ ਤੇ ਮੇਰੇ ਸਾਥੀਆਂ ਦਾ ਲਾਹੌਰ ਚਲਾਨ ਕਰ ਦਿੱਤਾ।

ਸਵੇਰੇ ਸੱਤ ਵਜੇ ਮੈਨੂੰ ਚੀਫ ਆਰਡਰ ਨੇ ਆ ਕੇ ਦੱਸਿਆ ਕਿ, "ਸੰਤ ਅਮਰ ਸਿੰਘ ਤੂੰ ਤੇ ਤੇਰੇ ਸਾਥੀ ਜਲਦੀ ਤਿਆਰ ਹੋ ਜਾਉ, ਤੁਹਾਡਾ ਦਰੋਗਾ ਜੀ ਨੇ ਲਾਹੌਰ ਚਲਾਨ ਕਰ ਦਿੱਤਾ ਹੈ।" ਮੈ ਉੱਤਰ ਦਿੱਤਾ ਕਿ ਦਰੋਗੇ ਦੀ ਕੀ ਹਸਤੀ ਹੈ ਕਿ ਮੇ ਰਾ ਚਲਾਨ ਲਾਹੌਰ ਕਰ ਦੇਵੇ ਜਾ ਕੇ ਕਹਿ ਦੇ ਕਿ ਸੰਤ ਅਮਰ ਸਿੰਘ ਕਹਿੰਦਾ ਹੈ ਕਿ ਮੈ ਲਾਹੌਰ ਨਹੀ ਜਾਵਾਂਗਾ। ਚੀਫ ਆਰਡਰ ਨੇ ਦਰੋਗੇ ਨੂੰ ਜਾ ਕੇ ਕਹਿ ਦਿੱਤਾ ਕਿ ਸੰਤ ਅਮਰ ਕਹਿੰਦਾ ਹੈ ਕਿ ਉਹ ਲਾਹੌਰ ਨਹੀ ਜਾਵੇਗਾ ਦਰੋਗੇ ਦੀ ਕੀ ਹਸਤੀ ਹੈ ਕਿ ਉਹ ਉਸਦਾ ਚਲਾਨ ਲਾਹੌਰ ਕਰ ਦੇਵੇ। ਇੱਧਰ ਮੈ ਸਿੱਖਾਂ ਨਾਲ ਗੱਲਬਾਤ ਕੀਤੀ ਤੇ ਅਸੀ ਸਭ ਜੈ ਕਾਰੇ ਬੁਲਾਉਣ ਲਗ ਪਏ ਤੇ ਦਰੋਗੇ ਨੇ ਜਿਹਲ ਦੀ ਸਾਰੀ ਪੁਲਸ ਇੱਕੱਠੀ ਕਰ ਲਈ ਤੇ ਸਭ ਮੁਸਲਮਾਨ ਤੇ ਸਾਰੇ ਸਿੱਖ ਜਿਹਲ ਦੀਆਂ ਬੈਰਕਾਂ ਵਿੱਚ ਬੰਦ ਕਰ ਦਿੱਤੇ। ਮੈ ਇੱਕਲਾ ਹੀ ਬਾਹਰ ਰਹਿ ਗਿਆ ਤੇ ਮੈ ਪੌੜੀਆਂ ਦੀ ਦੀਵਾਰ ਉਖਾੜ ਕੇ ਇੱਕ ਇੱਕ ਇੱਟ ਦੇ ਦੋ ਦੋ ਟੁਕੜੇ ਕਰਕੇ ਪੌੜੀ ਦੇ ਅੱਗੇ ਬੈਠ ਗਿਆ। ਉਧਰ ਦਰੋਗੇ ਨੇ ਪੁਲਸ ਤੇ ਪੁਰਾਣੇ ਕੈਦੀ ਇੱਕਠੇ ਕੀਤੇ ਕਿ ਸੰਤ ਨੂੰ ਮਾਰਨਾਂ ਹੈ। ਚੀਫ ਆਰਡਰ ਨੇ ਸੀਟੀ ਮਾਰੀ ਤੇ ਡਾਂਗਾਂ ਵਾਲੇ ਤਿਆਰ ਹੋ ਗਏ। ਕੁਦਰਤ ਐਸੀ ਵਰਤੀ ਕਿ ਸ੍ਰ: ਈਸ਼ਰ ਸਿੰਘ ਜੀ ਮਝੈਲ ਮਨਿਸਟਰ ਵੀ ਜੇਲ ਵਿੱਚ ਆ ਗਏ। ਉਹਨਾਂ ਪੁਛਿਆ, "ਕੀ ਗੱਲ ਹੈ ਡਾਗਾ ਕਿਉਂ ਫੜੀਆਂ ਹਨ ਡਾਂਗਾ ਫੜਨ ਦਾ ਕੀ ਕਾਰਨ ਹੈ।" ਦਰੋਗੇ ਨੇ ਸਾਰੀ ਗੱਲਬਾਤ ਦੱਸੀ ਤੇ ਮਝੈਲ ਸਾਹਿਬ ਨੇ ਮੈਨੂੰ ਬੁਲਾਇਆ ਤੇ ਮੈ ਜਾ ਕੇ ਫਤਹਿ ਬੁਲਾਈ। ਦਰੋਗਾ, ਮਝੈਲ ਸਾਹਿਬ ਤੇ ਮੈ ਤਿੰਨੇ ਹੀ ਦਫਤਰ ਵਿੱਚ ਬੈਠੇ ਸਾਂ। ਦਰੋਗੇ ਤੋ ਮਝੈਲ ਸਾਹਿਬ ਨੇ ਪੁਛਿਆ ਕਿ ਤੈਨੂੰ ਕਿਸਨੇ ਦਸਿਆ ਹੈ ਕਿ ਸੰਤ ਅਮਰ ਸਿੰਘ ਨੇ ਤੈਨੂੰ ਮਾਰ ਦੇਣਾਂ ਹੈ।" ਦਰੋਗੇ ਨੇ ਕਿਹਾ, "ਮੈਨੂੰ ਸ੍ਰ: ਮਜੀਠੀਏ ਨੇ ਦੱਸਿਆ ਹੈ ਜਿਸਨੂੰ ਸ੍ਰ: ਕਿਰਪਾਲ ਸਿੰਘ ਅਕਾਲੀਆਂ ਕਹਿੰਦੇ ਹਨ। ਉਸੇ ਨੇ ਸਾਰੀ ਗੱਲ ਦਸੀ ਹੈ ਤੇ ਮੈ ਸੰਤ ਦਾ ਚਲਾਨ ਲਾਹੌਰ ਕਰ ਦਿੱਤਾ ਹੈ।" ਮਝੈਲ ਸਾਹਿਬ ਨੇ ਦਰੋਗੇ ਨੂੰ ਕਿਹਾ ਕਿ ਸੰਤ ਲਾਹੌਰ ਨਹੀ ਜਾ ਸਕਦਾ ਜੇ ਤੈਨੂੰ ਡਰ ਹੈ ਕਿ ਸੰਤ ਤੈਨੂੰ ਮਾਰ ਦੇਵੇਗਾ ਤਾਂ ਇਸਦਾ ਚਲਾਨ ਕਿਤੇ ਹੋਰ ਕਰ ਦੇ।" ਉਸੇ ਵੇਲੇ ਮੇਰਾ ਚਲਾਨ ਲਾਹੌਰੋਂ ਕੱਟ ਕੇ ਤੇ

ਜੋਹਲ ਕੈਂਪ ਦੀਆਂ ਲਾਰੀਆਂ ਖੜੀਆ ਸਨ. ਮੈਨੂੰ ਤੇ ਮੇਰੇ ਦੋਹਾਂ ਸਾਥੀਆਂ ਨੂੰ ਜੋਹਲ ਕੈਂਪ ਕਿਲ੍ਹਾ ਕਾਂਗੜਾ ਪਹਾੜੀ ਇਲਾਕੇ ਵਿੱਚ ਭੇਜ ਦਿੱਤਾ। ਰਾਤ ਸੱਤ ਵਜੇ ਅਸੀ ਜੋਹਲ ਕੈਂਪ ਵਿੱਚ ਪੁੱਜੇ ਸਾਨੂੰ ਇੱਕ ਹਵਾਲਾਤ ਵਿੱਚ ਬੰਦ ਕਰ ਦਿੱਤਾ ਉਸਦੇ ਵਿੱਚ ਅੱਗੇ ਵੀ ੮ ਬੰਦੇ ਸਨ। ਬੜੀ ਔਖੀ ਰਾਤ ਕੱਟੀ ਖਟਮਲਾਂ ਨੇ ਬੜਾ ਤੰਗ ਕੀਤਾ।

ਸਵੇਰੇ ਸਾਨੂੰ ਬਾਹਰ ਕੱਢਿਆ ਘੱਟੇ ਘੱਟ ੨੦੦ ਬੰਦਾ ਸੀ। ਇਸ ਦਿਨ ਸੰਗਰਾਂਦ ਸੀ। ਭਾਦਰੋਂ ਦੀ। ਇੱਕ ਸਿੱਖ ਨੇ ਕਿਹਾ, "ਅੱਜ ਸੰਗਰਾਂਦ ਹੈ ਕਿਸੇ ਸਿੱਖ ਨੂੰ ਬਾਰਹਮਾਹ ਯਾਦ ਹੈ ਤਾਂ ਸੁਣਾਂ ਦਿਓ।" ਦਰਸ਼ਨ ਨੇ ਕਿਹਾ, "ਸਾਰੇ ਬੈਠ ਜਾਓ ਸੁਣਾ ਦਿੰਦੇ ਹਾਂ।" ਸਭ ਬੈਠ ਗਏ ਤੇ ਮੈ ਬੜੇ ਪ੍ਰੇਮ ਨਾਲ ਉੱਚੀ ਸੁਰ ਰੱਖ ਕੇ ਬਾਰਹ ਮਾਹ ਦਾ ਪਾਠ ਕੀਤਾ ਤੇ ਫਿਰ ਕਥਾ ਸ਼ੁਰੂ ਕੀਤੀ। ਮੈ ਉੱਠਕੇ ਲੈਕਚਰ ਕਰਦਾ ਸਾਂ ਤੇ ਜਿਹਲ ਦਾ ਦਰੋਗਾ ਤੇ ਚੀਫ ਆਰਡਰ ਤੇ ਕੁਝ ਹੋਰ ਬੰਦੇ ਜਿਹਲ ਦੇ ਸੁਣਦੇ ਰਹੇ। ਬਾਅਦ ਵਿੱਚ ਦਰੋਗੇ ਨੇ ਪੁਛਿਆ ਕਿ ਸੰਤ ਅਮਰ ਸਿੰਘ ਕਿਹੜਾ ਹੈ?" ਮੈ ਦੱਸਿਆ ਕਿ ਮੈ ਹਾਂ। ਦਰੋਗਾ ਮੈਨੂੰ ਦਫਤਰ ਲੈ ਗਿਆ ਤੇ ਕਹਿਣ ਲਗਾ, "ਅੰਮ੍ਰਿਤਸਰ ਵਾਲੇ ਦਰੋਗੇ ਨੇ ਤੁਹਾਡੇ ਕਾਗਜ ਲਿਖੇ ਹੋਏ ਹਨ ਕਿ ਸੰਤ ਬੜਾ ਖਤਰਨਾਕ ਹੈ ਇਸਨੂੰ ਬੇੜੀ ਲਗਾ ਦਿੱਤੀ ਜਾਵੇ ਪਰ ਮੈ ਤੁਹਾਡੀ ਕਥਾ ਸੁਣ ਕੇ ਬੜਾ ਖੁਸ਼ ਹੋਇਆ ਹਾਂ। ਮੈ ਵੀ ਹਿੰਦੂ ਹਾਂ। ਮੈਨੂੰ ਜੋ ਆਖੋਗੇ ਮੈ ਸੇਵਾ ਕਰਾਂਗਾ। ਪਰ ਜਿਹਲ ਵਿੱਚ ਕੋਈ ਰੌਲਾ ਨਾ ਪਾਇਓ।" ਮੈ ਕਿਹਾ, "ਠੀਕ ਹੈ, ਪਰ ਰਾਤੰ ਵਾਲੀ ਹਵਾਲਾਤ ਵਿੱਚ ਸਾਨੂੰ ਬੰਦ ਨਾ ਕਰਿਓ।" ਉਸੇ ਵੇਲੇ ਦਰੋਗੇ ਨੇ ਪਹਾੜੀ ਦੇ ਉਪੱਰ ਬੈਰਕਾਂ ਸੀ। ਉਹ ਬਹੁਤ ਖੁੱਲੀਆਂ ਤੇ ਹਵਾਦਾਰ ਵੀ ਸਨ ਤੇ ਪਾਣੀ ਦੇ ਫੁਹਾਰੇ ਚਲਦੇ ਸਨ। ਸਭ ਸਿੱਖਾਂ ਨੂੰ ਉਹਨਾਂ ਬੈਰਕਾਂ ਵਿੱਚ ਘੱਲ ਦਿੱਤਾ ਬੜੀ ਮੌਜ ਰਹਿਣੀ। ਇਸ਼ਨਾਨ ਕਰਨਾ, ਕਪੜੇ ਧੋਣੇ . ਤੇ ਬਾਹਰ ਦੀ ਰੌਣਕ ਵੀ ਵੇਖਣੀ ਸੜਕਾਂ ਦੀ। ਰੋਜ ਕਥਾ, ਕੀਰਤਨ ਕਰਨਾ ਤੇ ਦਰੋਗੇ ਨੇ ਮੈਨੂੰ ਇੱਕ ਛਟਾਂਕ ਗੁੜ ਰੋਜ ਦੇਣਾਂ। ਜੇਲ੍ਹ ਵਿੱਚ ਅਸੀ ਤਿੰਨ ਮਹੀਨੇ ਰਹੇ ਮਗਰਲੇ ਮਹੀਨੇ ਵਿੱਚ ਸਾਨੂੰ ਗੌਰਮਿੰਟ ਨੇ ਘਰ ਪੁਚਾ ਦਿੱਤਾ ਤੇ ਨਗਰ ਨੇ ਬੜਾ ਸੁਆਗਤ ਕੀਤਾ ਸਾਰੇ ਸਿੱਖ ਬੜੇ ਪ੍ਰੇਮ ਨਾਲ ਮਿਲੇ। (ਪਾਕਿਸਤਾਨ ਬਣ ਚੁਕਾ ਸੀ ਵੰਡੀਆਂ ਪੈ ਚੁਕੀਆ ਸੀ।)

# ੨੨ ਵੇਰਕੇ ਆ ਕੇ ਨਵੇਂ ਸਿਰਿਉਂ ਕੰਮ ਦੀ ਸਥਾਪਨਾਂ

ਜਦੋਂ ਮੈਂ ਬੰਬ ਮਾਰੇ ਸਨ ਉਸ ਵਕਤ ਮੇਰੇ ਕੋਲ ਵਟਾਲੇ ਦੇ ਲਾਗੇ ਦਾ ਇੱਕ ਲੜਕਾ ਰਹਿੰਦਾ ਸੀ। ਮੇਰੇ ਕੋਲੋ ਕੰਮ ਸਿਖਦਾ ਹੁੰਦਾ ਸੀ। ਮੇਰਾ ਸ਼ਗਿਰਦ ਸੀ। ਇਸਦੀ ਉਮਰ ਇਸ ਵਕਤ ੧੫ ਕੁ ਸਾਲਾਂ ਦੀ ਸੀ। ਇਹ ਬੜਾ ਆਗਿਆਕਾਰ ਲੜਕਾ ਸੀ। ਇਸਦਾ ਨਾਮ ਗੁਰਦਾਸ ਸਿੰਘ ਸੀ। ਜਦੋ ਮੈਂ ਬੰਬ ਮਾਰੇ ਤੇ ਜਿਹਲ ਵਿੱਚ ਚਲਾ ਗਿਆ ਤੇ ਇਸਦਾ ਬਾਪ ਤੇ ਭੈਣ ਭਰਾ ਤੇ ਭਣਵਈਆ ਇਸਨੂੰ ਸਭ ਵਾਰੀ ਵਾਰੀ ਲੈਣ ਆਏ ਕਿ ਤੂੰ ਘਰ ਚਲਾ ਚਲ ਤੈਨੂੰ ਕੋਈ ਮਾਰ ਦੇਵੇਗਾ। ਉਸਨੇ ਸਾਰਿਆਂ ਨੂੰ ਇੱਕੋ ਉੱਤਰ ਦਿੱਤਾ, ''ਜਦ ਤਕ ਭਾਜੀ ਘਰ ਨਹੀ ਆਉਂਦੇ ਉਨਾਂ ਚਿਰ ਮੈ ਬਿਲਕੁਲ ਨਹੀ ਜਾ ਸਕਦਾ, ਨਾ ਹੀ ਜਾਵਾਂਗਾ।'' ਜਦੋਂ ਮੈਂ ਜਿਹਲ ਵਿੱਚੋਂ ਘਰ ਆਇਆ ਤਾਂ ਮੇਰੇ ਆਉਂਦਿਆ ਨੂੰ ਇਸਨੇ ਲੁਹਾਰੇ ਕੰਮ ਦੀ ਸੇਪ ਤੇ ਮੇਰੇ ਆਉਂਦਿਆ ਨੂੰ ਕੰਮ ਵਾਲਿਆਂ ਤੋਂ ਕੁਝ ਦਾਣੇ, ਮੱਕੀ, ਝੋਨਾਂ ਘਰ ਲਿਆਂਦਾ ਹੋਇਆ ਸੀ। ਇੱਕ ਦੁਕਾਨ ਉਤੇ ਮੇਰੇ ਆਉਂਦਿਆਂ ਨੂੰ ਕਬਜਾ ਵੀ ਕੀਤਾ ਹੋਇਆ ਸੀ। ਜਿਸ ਵਿੱਚ ਲੁਹਾਰੇ ਕੰਮ ਦੇ ਸਭ ਐਜਾਰ ਵੀ ਸਨ ਤੇ ਮੈਂ ਵੀ ਪਿੰਡ ਦੇ ਲੋਕਾਂ ਤੇ ਸੇਪ ਦਾ ਕੰਮ ਸ਼ੁਰੂ ਕਰ ਲਿਆ ਤੇ ਇੱਕ ਦਿਨ ਇੱਕ ਮਜ਼ਬੀ ਸਿੱਖ ਚਾਰ ਖੁਰੀਆਂ ਤੇ ਇੱਕ ਝੋਟਾ ਮੇਰੇ ਪਾਸ ਲਿਆਂਦਾ ਤੇ ਕਹਿਣ ਲਗਾ, ''ਸੰਤ ਜੀ ਮੇਰੇ ਸੰਢੇ ਨੂੰ ਖੁਰੀਆ ਲਾ ਦਿਓ।'' ਮੈਂ ਆਖਿਆ ਕਿ ਮੈ ਕਦੇ ਨਹੀਂ ਲਾਈਆਂ।'' ਉਹ ਕਹਿਣ ਲਗਾ, ''ਮੈਂ ਤੁਹਾਨੂੰ ਜਾਚ ਦੱਸ ਦਿੰਦਾ ਹਾਂ ਪਰ ਲਗਾ ਨਹੀ ਸਕਦਾ।'' ਉਸਨੇ ਸੰਢਾ ਢਾਹਿਆ ਤੇ ਜੂੜਨ ਦੀ ਜਾਚ ਦੱਸੀ ਤੇ ਫਿਰ ਮੈਂ ਡਰਦਿਆ ਡਰਦਿਆ ਚਾਰ ਖੁਰੀਆ ਲਾਈਆ ਤੇ ਉਸਨੇ ਮੈਨੂੰ ਦੋ ਰੁਪਏ ਦਿੱਤੇ ਤੇ ਅਗਲੇ ਦਿਨ ਦੂਜਾ ਝੋਟਾ ਲੈ ਕੇ ਆਇਆ। ਮੈ ਅਗਲੇ ਦਿਨ ਐਮ੍ਰਿਤਸਰ ਜਾ ਕੇ ਇੱਕ ਦੁਕਾਨ ਤੇ ਸਾਢੇ ਸੱਤ ਸੱਤ ਪੌਡ ਦੇ ਦੋ ਡੱਬੇ ਕਿੱਲਾਂ ਦੇ ਲਿਆਂਦੇ। ੧੫ ਇੱਕ ਰੁ: ਦੇ। ਰਾਮਬਾਗ ਦੇ ਦਰਵਾਜੇ

ਲੁਹਾਰ ਮੁਸਲਮਾਨ ਬੜੇ ਕੰਮ ਕਰਦੇ ਹੁੰਦੇ ਸਨ। ਮੈ ਇੱਕ ਦੁਕਾਨ ਵਿੱਚ ਵੜਕੇ ਵੇਖਿਆ ਤੇ ਇਥੇ ਮੈਨੂੰ ਬਣੀਆਂ ਬਣਾਈਆਂ ਖੁਰੀਆਂ ਮਿਲ ਗਈਆਂ ਤਕਰੀਬਨ ਦੋ ਮਣ ਪੱਕੀਆ। ਛੇਤੀ ਨਾਲ ਅੱਡੇ ਤੋ ਇੱਕ ਟਾਂਗਾ ਇੱਕ ਦੁਕਾਨ ਤੇ ਲੈ ਕੇ ਗਿਆ ਤੇ ਝਟ ਪਟ ਸਭ ਖੁਰੀਆਂ ਤੇ ਕੁਝ ਹੋਰ ਸਾਮਾਨ ਸੀ। ਇਸੇ ਦੁਕਾਨ ਵਿੱਚੋਂ ਸਭ ਕੁਝ ਚੁੱਕ ਲਿਆਂਦਾ ਤੇ ਲੋਕਾਂ ਨੂੰ ਪਤਾ ਲਗਾ ਕਿ ਸੰਤ ਅਮਰ ਸਿੰਘ ਖੁਰੀਆਂ ਵੀ ਲਗਾਉਂਦਾ ਹੈ ਤੇ ਅੰਮ੍ਰਿਤਸਰ ਦੇ ਗਾਡੀ ਸਭ ਮੇਰੇ ਕੋਲੋਂ ਖੁਰੀਆਂ ਲਵਾਉਣ ਲਗ ਪਏ। ੧੦ ਆਨੇ ਇੱਕ ਖੁਰੀ ਦੇ ਲੈਂਦਾ ਸਾਂ। ਦੋ ਦੋ ਸੌ ਰੁ: ਦੀ ਖੁਰੀ ਮੈ ਕਈ ਵਾਰ ਇੱਕ ਦਿਨ ਵਿੱਚ ਲਾਈ। ਮਿਹਨਤ ਕੀਤੀ ਰੱਜ ਕੇ, ਘੋੜਿਆ ਨੂੰ ਵੀ ਖੁਰੀਆਂ ਲਾ ਦੇਣੀਆਂ, ਡੰਗਰਾਂ ਤੇ ਘੋੜਿਆਂ ਦੇ ਪੈਰਾਂ ਵਿੱਚੋ ਪੇਵੇ ਵੀ ਕੱਢ ਦੇਣੇ। ਪੇਵਾ ਕਢਾਈ ਪੰਜ ਰੁ: ਲੈਂਦਾ ਸਾਂ।

ਜਦੋਂ ਮੈ ਜੌਹਲ ਕੈਂਪ ਵਿੱਚ ਸਾ ਤਾਂ ਉਸ ਵਕਤ ਮੇਰੇ ਵੱਡੇ ਭਰਾ ਜੀ ਕਰਤਾਰ ਸਿੰਘ ਜੀ ਡਲਹੌਜੀ ਪਾਵਰ ਹਾਊਸ ਵਿਚ ਚੀਫ ਇੰਨਜੀਨੀਅਰ ਸਨ। ਇਹਨਾਂ ਦਿਨਾਂ ਵਿੱਚ ਇਹ ਵੀ ਵੇਰਕੇ ਆ ਗਏ ਸਨ। ਇੱਕ ਪਾਕਿਸਤਾਨੀ ਮਸ਼ੀਨ ਸੀ ਪੰਦਰਾ ਪਾਵਰ ਦੀ ਮੋਟਰ ਤੇ ਚੱਕੀ ਤੇ ਧਾਨ ਮਸ਼ੀਨ ਤੇ ਇੱਕ ਰੂੰ ਪਿੰਜਣ ਵਾਲੀ ਮਸ਼ੀਨ ਵੀ ਸੀ। ਇਸ ਮਸ਼ੀਨ ਤੇ ਕਬਜਾ ਸੀ ਧਾਰਾ ਸਿੰਘ ਨੰਬਰਦਾਰ ਦਾ ਤੇ ਦਫੇਦਾਰ ਫੂਲਾ ਸਿੰਘ ਦਾ ਇਹ ਦੋਵੇਂ ਚਾਚਾ ਭਤੀਜਾ ਸਨ। ਇਹਨਾਂ ਦੋਹਾਂ ਨੂੰ ਮੈਥੋਂ ਵੱਡੇ ਭਰਾ ਕਰਤਾਰ ਸਿੰਘ ਜੀ ਨੇ ਕਿਹਾ ਕਿ ਇੱਕ ਹਜਾਰ ਰੁ: ਮੇਰੇ ਪਾਸੋਂ ਲੈ ਲਵੋ ਤੇ ਮਸ਼ੀਨ ਦਾ ਕਬਜਾ ਮੈਨੂੰ ਦੇ ਦਿਓ ਪਰ ਉਹ ਦੋਵੇ ਚਾਚਾ ਭਤੀਜਾ ਨਾ ਮੰਨੇ ਤੇ ਕਬਜਾ ਨਾ ਦਿੱਤਾ। ਜਿਸ ਦਿਨ ਮੈਂ ਜੌਹਲ ਕੈਂਪ ਦੀ ਜਿਹਲ ਵਿੱਚੋਂ ਬਰੀ ਹੋ ਕੇ ਆਇਆ ਤਾ ਸਾਰੇ ਨਗਰ ਨੇ ਮੇਰਾ ਖੂਬ ਸੁਆਗਤ ਕੀਤਾ। ਨਾਨਕਸਰ ਗੁਰਦੁਵਾਰਿਉਂ ਕਥਾ ਕਰਕੇ ਘਰ ਨੂੰ ਆਇਆ ਤਾਂ ਧਾਰਾ ਸਿੰਘ ਨੰਬਰਦਾਰ ਤੇ ਇਸਦਾ ਚਾਚਾ ਦਫੇਦਾਰ ਫੂਲਾ ਸਿੰਘ ਜੀ ਮੇਰੇ ਘਰ ਆਏ ਤੇ ਮੰਜੇ ਤੇ ਬੈਠ ਗਏ ਤੇ ਸੁਖ ਸਾਂਦ ਪੁੱਛੀ ਤੇ ਨੰਬਰਦਾਰ ਨੇ ਆਖਿਆ, "ਸੰਤ ਜੀ, ਤੁਹਾਡਾ ਭਰਾ ਸਾਨੂੰ ਇੱਕ ਹਜਾਰ ਰੁ: ਦਿੰਦਾ ਸੀ ਤੇ ਮਸ਼ੀਨ ਮੰਗਦਾ ਸੀ ਪਰ ਅਸੀ ਮਸ਼ੀਨ ਨਹੀ ਦਿੱਤੀ ਕਿਉਂਕਿ ਸਾਡੇ ਦਿਲ ਵਿੱਚ ਸੀ ਕਿ ਸੰਤਾਂ ਨੇ ਦੇਸ਼ ਵਾਸਤੇ ਜਾਨ ਦੀ ਕੁਰਬਾਨੀ ਤਕ ਦੇਣੋਂ ਕਸਰ ਨਹੀ ਛੱਡੀ ਤੇ ਅਸੀ ਮਸ਼ੀਨ ਵੀ ਸੰਤਾਂ ਨੂੰ ਹੀ ਦਿਆਂਗੇ। ਤੁਸੀ ਆਹ ਲਓ ਮਸ਼ੀਨ ਦੀਆਂ ਚਾਬੀਆਂ ਤੇ ਜਾ ਕੇ ਮਸ਼ੀਨ ਚਾਲੂ ਕਰੋ ਤੇ ਮੌਜਾਂ ਲਵੋ।" ਮੈ ਹੱਸਕੇ ਕਿਹਾ, "ਭਰਾ ਜੀ ਤੇ ੧੦੦੦ ਰੁ: ਦਿੰਦੇ ਸਨ, ਮੇਰੇ ਵਾਸਤੇ ਕੀ ਆਡਰ ਹੈ।" ਤੇ ਅਗੋਂ ਉਹ ਕਹਿਣ ਲਗੇ ਕਿ ਤੁਹਾਡੇ ਪਾਸੋਂ ਤੇ ਇੱਕ ਪੈਸਾ ਵੀ ਲੈਣਾ ਬੁਰੀ ਵਸਤ ਹੈ।" ਮੈ ਚਾਬੀਆਂ ਲੈ ਕੇ ਪ੍ਰਸਾਦਾ ਛਕ ਕੇ ਘਰ ਸਲਾਹ ਕੀਤੀ ਕਿ ਵੱਡੇ ਭਰਾ ਜੀ ਨਾਲ ਗੱਲ ਕਰੀਏ ਕਿ ਮਸ਼ੀਨ ਦੀਆਂ ਚਾਬੀਆਂ ਮੈਨੂੰ ਮਿਲ ਗਈਆਂ

ਹਨ ਤੇ ਹੁਣ ਕਿਸ ਤਰ੍ਹਾ ਕਰਨਾ ਹੈ। ਮੇਰੇ ਘਰਵਾਲੀ ਦਲਜੀਤ ਕੌਰ ਨੇ ਮੈਨੂੰ ਕਿਹਾ ਕਿ ਜਰੂਰ ਵੱਡੇ ਭਰਾ ਜੀ ਨਾਲ ਸਲਾਹ ਕਰਨੀ ਚਾਹੀਦੀ ਹੈ। ਉਹਨਾਂ ਨੂੰ ਸਗੋਂ ਅੱਗੇ ਲਾਕੇ ਮਿਲਕੇ ਚਲਣਾਂ ਚਾਹੀਦਾ ਹੈ। ਮੇਰੀ ਘਰਦੀ ਦਾ ਸੁਭਾਅ ਬੜਾ ਚੰਗਾ ਸੀ। ਇਸਦੇ ਮਾਤਾ ਪਿਤਾ ਵੀ ਬੜੇ ਬੰਦਗੀ ਵਾਲੇ ਸਨ ਤੇ ਇਸਦੇ ਖਿਆਲ ਵੀ ਬੜੇ ਉੱਤਮ ਸਨ। ਰੱਬ ਦਾ ਭੈ ਰਖਦੀ ਸੀ। ਜਨਾਨੀਆਂ ਵਾਂਗੂੰ ਮਰੂੰ ਮਰੂੰ ਨਹੀ ਸੀ ਕਰਦੀ। ਸਵੇਰੇ ਚਾਰ ਵਜੇ ਉੱਠਕੇ ਇਸ਼ਨਾਨ ਕਰਕੇ ਗੁਰਦੁਵਾਰੇ ਜਾਣਾਂ ਫਿਰ ਆਕੇ, ਕੰਮ ਕਰਕੇ, ਦੁੱਧ ਰਿੜਕ ਕੇ ਫਿਰ ਸਾਢੇ ਛੇ ਵਜੇ ਤੋਂ ਲੈ ਕੇ ਸਾਡੇ ਸੱਤ ਵੱਜੇ ਤਕ ਫਿਰ ਗੁਰਦੁਵਾਰੇ ਜਾ ਕੇ ਪਾਠ ਕਰਨਾ। ਜ਼ੁਬਾਨ ਵਿੱਚ ਵੀ ਰਸ ਸੀ। ਰਾਗੀਆਂ ਨੂੰ ਹਟਾ ਕੇ ਆਪ ਪਾਠ ਕਰਨਾਂ ਤੇ ਸੰਗਤ ਨੇ ਬਹੁਤ ਖੁਸ਼ ਹੋਣਾਂ ਇਹ ਇਸਦਾ ਰੋਜ ਦਾ ਨਿਤਨੇਮ ਸੀ।

ਅੱਛਾ ਜੀ, ਮੈਂ ਦਲਜੀਤ ਕੌਰ ਨਾਲ ਮਸ਼ਵਰਾ ਕਰਕੇ ਭਰਾ ਜੀ ਨੂੰ ਆਵਾਂਜ ਦਿੱਤੀ ਤੇ ਪੁਛਿਆ ਕਿ ਤੁਸੀ ਧਾਰਾ ਸਿੰਘ ਨੰਬਰਦਾਰ ਤੇ ਦਫੇਦਾਰ ਫੂਲਾ ਸਿੰਘ ਨੂੰ ੧000 ਰੁ: ਦਿੰਦੇ ਸੋ ਮੁਸਲਮਾਨਾਂ ਵਾਲੀ ਮਸ਼ੀਨ ਦਾ। ਜੇ ਮੈਨੂੰ ਹੁਕਮ ਕਰੋ ਤੇ ਮੈਂ ਉਹਨਾਂ ਪਾਸ ਜਾ ਕੇ ਮਨਾਵਾਂ ਜੇ ਮੰਨ ਜਾਣ ਤੇ ਚਾਬੀਆਂ ਲੈ ਲਾਵਾਂ। ਅਗੋ ਭਰਾ ਜੀ ਨੇ ਕਿਹਾ, "ਮੈਂ ਸਾਰਾ ਜੋਰ ਲਾ ਚੁੱਕਾ ਹਾਂ ਉਹ ਬੜੇ ਕੁੱਤੇ ਹਨ। ਉਹਨਾਂ ਨੇ ਨਹੀ ਮੰਨਣਾ।" ਮੈ ਕਿਹਾ, "ਜੇਕਰ ਹੁਕਮ ਕਰੋ ਤੇ ਮੈਂ ਹੋਰ ੨00 ਰੁ: ਕਹਿ ਦਿੰਦਾ ਹਾਂ। ਮੈਂ ਚਾਬੀਆਂ ਜਰੂਰ ਲੈ ਆਵਾਂਗਾ। ਇਹ ਕਿਹੜੀ ਵੱਡੀ ਗੱਲ ਹੈ।" ਮੇਰੀ ਇਹ ਗੱਲ ਸੁਣਕੇ ਭਰਾ ਜੀ ਕਹਿਣ ਲਗੇ, "ਜਾਹ ੨00 ਰੁ: ਹੋਰ ਕਹਿ ਆ ਜੇਕਰ ਮੰਨ ਜਾਣ ਤਾਂ। ੨00 ਰੁ: ਦੇ ਦਿਆਂਗਾ।" ਮੈਂ ਕਿਹਾ, "ਭਰਾ ਜੀ ਮੇਰਾ ਹਿੱਸਾ ਮਸ਼ੀਨ ਵਿੱਚ ਰਖੋਗੇ ਕਿ ਨਹੀ।" ਭਰਾ ਜੀ ਨੇ ਕਿਹਾ, "ਦੋਵੇ ਭਰਾ ਅਧੋ ਅੱਧ ਦਾ ਹਿੱਸਾ ਰਖਾਂਗੇ।" ਮੈਂ ਕਿਹਾ ਕਿ ਠੀਕ ਹੈ ਮੈਂ ਚਾਬੀਆਂ ਲਿਆ ਦਿੰਦਾ ਹਾਂ। ਇੰਨੀ ਗੱਲ ਕਹਿ ਕੇ ਮੈਂ ਜੇਬ ਵਿੱਚੋਂ ਚਾਬੀਆਂ ਕੱਢ ਕੇ ਭਰਾ ਜੀ ਦੇ ਅੱਗੇ ਕਰ ਦਿੱਤੀਆ ਤੇ ਕਿਹਾ ਕਿ ਮੈਨੂੰ ਹੁਣੇ ਹੀ ਨੰਬਰਦਾਰ ਤੇ ਦਫੇਦਾਰ ਜੀ ਚਾਬੀਆਂ ਦੇ ਗਏ ਹਨ। ਭਰਾ ਜੀ ਬੜੇ ਖੁਸ਼ ਹੋਏ ਤੇ ਉਸੇ ਵਕਤ ਜਾ ਕੇ ਮਸ਼ੀਨ ਦਾ ਦਰਵਾਜਾ ਖੋਹਲਿਆ ਤੇ ਸਭ ਸਾਮਾਨ ਠੀਕ ਸੀ। ਸਿਰਫ ਬਿਜਲੀ ਦਾ ਕੁਨੈਕਸ਼ਨ ਕੱਟਿਆ ਹੋਇਆ ਸੀ। ਉਸੇ ਵਕਤ ਪਾਵਰ ਹਾਊਸ ਜਾ ਕੇ ਬਿਜਲੀ ਵਾਲਿਆਂ ਨੂੰ ਲਿਆ ਕੇ ਕੁਨੈਕਸ਼ਨ ਠੀਕ ਕਰਾਇਆ ਤੇ ਮੋਟਰ ਚਾਲੂ ਕਰ ਦਿੱਤੀ ਤੇ ਮੈਂ ਅਪਣੀ ਤਰਫੋਂ ਨੌਕਰ ਰੱਖ ਦਿੱਤਾ ਤੇ ਮੈਂ ਆਪ ਦੁਕਾਨ ਤੇ ਸੇਪ ਦਾ ਕੰਮ ਤੇ ਖੁਰੀਆਂ ਦਾ ਕੰਮ ਕਰਦੇ ਰਹਿਣਾਂ। ਸਾਡਾ ਕੰਮ ਸਤਿਗੁਰਾਂ ਨੇ ਸੁਹਣਾਂ ਚਲਾ ਦਿੱਤਾ। ਪਰ ਸ਼ਰੀਕਾਂ ਨੂੰ ਇਹ ਚੰਗਾ ਨਾ ਲੱਗਾ। ਸਾਡੇ ਚਾਚੇ ਲਾਲ ਸਿੰਘ ਨੇ ਸੋਚਿਆ ਕਿ ਇਹਨਾਂ ਦਾ ਇਸੇ ਤਰ੍ਹਾਂ ਇਤਫਾਕ ਰਿਹਾ ਤੇ ਬੜੀ ਮਾੜੀ ਗੱਲ ਹੈ। ਚਾਚੇ ਨੇ ਤੇ ਇੱਕ

ਸਾਡੇ ਤਾਏ ਦੀ ਨੂੰਹ ਗੁਰਦਈ ਸੀ ਇਹਨਾਂ ਦੋਹਾਂ ਨੇ ਮੇਰੀ ਭਰਜਾਈ ਨੂੰ ਆਖਿਆ (ਮੇਰੀ ਪਹਿਲੀ ਭਰਜਾਈ ਜੋ ਕੇਸਰੀ ਸੀ ਉਹ ਪੂਰੀ ਹੋ ਗਈ ਸੀ ਇਹ ਭਰਾ ਜੀ ਦੀ ਦੂਸਰੀ ਘਰਵਾਲੀ ਸੀ ਦਰੋਪਤੀ।) ਇਸਨੂੰ ਉਹਨਾਂ ਦੋਹਾਂ ਨੇ ਕਹਿਣਾਂ ਕਿ ਅਮਰ ਸਿੰਘ ਦੀ ਤਾਂ ਦੁਕਾਨ ਵੀ ਚਲਦੀ ਹੈ। ਉਹ ਸਾਰਾ ਦਿਨ ਆਪਣਾਂ ਵੱਖਰਾ ਕੰਮ ਕਰਦਾ ਰਹਿੰਦਾ ਹੈ। ਸੇਪ ਦਾ ਤੇ ਖੁਰੀਆਂ ਦਾ ਕੰਮ ਕਰਕੇ ਉਹ ੧੫੦ ਰੁ: ਰੋਜ ਦੇ ਕਮਾ ਲੈਂਦਾ ਹੈ। ਤੁਹਾਨੂੰ ਕੋਈ ਹਿੱਸਾ ਨਹੀ ਦਿੰਦਾ ਤੇ ਤੁਸੀ ਸੰਤ ਦੇ ਨੌਕਰ ਲਗੇ ਹੋ ਕਿ ਤੁਸੀ ਮਸ਼ੀਨ ਚਲਾਓ ਵੀ ਤੇ ਉਸਦੀ ਆਮਦਨ ਵਿੱਚੋਂ ਅੱਧਾ ਹਿੱਸਾ ਵੀ ਅਮਰ ਸਿੰਘ ਨੂੰ ਦਿੰਦੇ ਹੋ। ਚੱਕੀ ਤੇ ਸੰਤ ਕੰਮ ਤੇ ਕਰਦਾ ਨਹੀ ਤੇ ਚੱਕੀ ਦੀ ਆਮਦਨ ਵਿੱਚੋਂ ਹਿੱਸਾ ਲੈਣ ਦਾ ਉਸਦਾ ਕੀ ਹੱਕ ਹੈ। ਗੱਲ ਕੀ ਜੀ ਸਾਡੇ ਘਰ ਲੜਾਈ ਪੁਵਾ ਦਿੱਤੀ। ਮੇਰੇ ਭਰਾ ਜੀ ਦੀ ਗੱਲ ਭਾਬੀ ਕੋਈ ਨਾ ਮੰਨੇ ਤੇ ਉਧਰ ੪੦੦ ਰੁ: ਪਿਛਲਾ ਬਿਜਲੀ ਦਾ ਬਿੱਲ ਆ ਗਿਆ ਮੁਸਲਮਾਨਾ ਦੇ ਵਕਤ ਦਾ। ਇਧਰ ਘਰ ਵਿੱਚ ਬੇਇਤਫਾਕੀ ਪੈ ਗਈ। ਮੈ ਭਰਾ ਜੀ ਨੂੰ ਬੜਾ ਸਮਝਾਇਆ ਕਿ ਇਹ ਵਕਤ ਮੁੜਕੇ ਹੱਥ ਨਹੀਂ ਆਉਣਾਂ। ਤੁਸੀ ਮਸ਼ੀਨ ਰੱਖ ਲਵੋ। ਮੈ ਛੱਡ ਦਿੰਦਾ ਹਾਂ, ਮੈ ਹਿੱਸਾ ਵੀ ਨਹੀ ਲਵਾਂਗਾ ਪਰ ਜਿਸ ਘਰ ਵਿੱਚ ਰੰਨ ਮੁਖਤਿਆਰ ਹੋਵੇ ਉਹ ਘਰ ਨਹੀਂ ਵੱਸ ਸਕਦਾ। ਭਰਾ ਜੀ ਨੇ ਵੀ ਬੜਾ ਸਮਝਾਇਆ ਪਰ ਬੈੜੀ ਜਨਾਨੀ ਨਾ ਹੀ ਮੰਨੀ ਤੇ ਮੈਨੂੰ ਗੁੱਸਾ ਆ ਗਿਆ। ਮੈ ਚਾਚੇ ਨੂੰ ਤੇ ਦੋਵਾਂ ਭਰਜਾਈਆਂ ਨੂੰ ਬੜੀਆਂ ਗਾਲ੍ਹਾਂ ਕੱਢੀਆਂ ਪਰ ਕਿਸੇ ਨੇ ਕੋਈ ਜੁਵਾਬ ਨਾ ਦਿੱਤਾ, ਭਰਾ ਜੀ ਵੀ ਕੋਲ ਬੈਠੇ ਸਨ। ਉਹ ਵੀ ਨਾ ਬੋਲੇ। ਮੈ ਅਖੀਰ ਅਪਣੀ ਦੁਕਾਨ ਤੇ ਆ ਕੇ ਕੰਮ ਕਰਨ ਲਗ ਪਿਆ। ਭਰਾ ਜੀ ਮੇਰੇ ਕੋਲ ਆਏ ਤੇ ਮੈਨੂੰ ਕਹਿਣ ਲਗੇ ਕਿ ਤੂੰ ੪੦੦ ਰੁ: ਬਿਲ ਤਾਰ ਕੇ ਆ। ਮੈ ਅਪਣੇ ਕੋਲੋਂ ਤੈਨੂੰ ੨੦੦ ਰੁ: ਹਫਤੇ ਦੇ ਦਿਆਂਗਾ। ਮੈ ਭਰਾ ਜੀ ਦੇ ਕਹਿਣ ਤੇ ੪੦੦ ਰੁ: ਬਿਲ ਤਾਰ ਆਇਆ ਤੇ ਸਰਦਾਰ ਹੋਰੀ ਆਪ ਤੀਸਰੇ ਦਿਨ ਜਨਾਨੀ ਦੇ ਆਖੇ ਲੱਗ ਕੇ ਤੇ ਬਿਸਤਰਾ ਬੰਨ ਕੇ ਡਲਹੌਜੀ ਜਾ ਵੱਡੇ ਤੇ ਮਸ਼ੀਨ ਪਾਕਿਸਤਾਨੀਆਂ ਨੇ ਅਲਾਟ ਕਰਵਾ ਲਈ ਤੇ ਮੇਰਾ ੪੦੦ ਰੁ: ਭੰਗ ਦੇ ਭਾੜੇ ਗਿਆ। ਇਹ ਕਿਰਪਾ ਮੇਰੇ ਤੇ ਮੇਰੇ ਚਾਚੇ ਲਾਲ ਸਿੰਘ ਜੀ ਤੇ ਭਾਬੀਆਂ ਦੀ ਤੇ ਵੱਡੇ ਵੀਰ ਕਰਤਾਰ ਸਿੰਘ ਜੀ ਨੇ ਕੀਤੀ ਸੀ।

ਮੇਰਾ ਕੰਮ ਤਾਂ ਦੁਕਾਨ ਤੇ ਚਲਦਾ ਹੀ ਸੀ। ਮੈ ਇੱਕ ਦਿਨ ਜਲੰਧਰ ਜਾ ਕੇ ੨੫ ਜੋੜੇ ਟੋਕਿਆਂ ਦੀਆਂ ਖੁਰੀਆਂ ਲੈ ਆਇਆ ਤੇ ਜਲੰਧਰੋਂ ਮੈਨੂੰ ਚਾਰ ਰੁ: ਜੋੜਾ ਕਟਿਆ ਹੋਇਆ ਤੇ ਛੇਕ ਪਏ ਹੋਏ ਮਿਲੇ। ਮੈ ਸਿਰਫ ਮੂੰਹ ਗਰਮ ਕਰਕੇ ਬਣਾ ਕੇ ਤਿਆਰ ਕਰਕੇ ੮ ਰੁ: ਜੋੜੀ ਵੇਚ ਦੇਣੀ ਤੇ ਸੇਪ ਵੀ ਕਰੀ ਜਾਣੀ ਤੇ ਖੁਰੀਆਂ ਦਾ ਕੰਮ ਵੀ ਮੇਰੇ ਕੋਲ ਹੱਦ ਤੋ ਜਿਆਦਾ ਰਹਿਣਾਂ ਰਾਤ ਮੈ ਦੁਕਾਨ ਤੇ ਜਾ ਕੇ ਖੁਰੀਆਂ

ਬਣਾਉਣੀਆਂ ਤੇ ਦਿਨੇ ਮੇਰੇ ਸ਼ਗਿਰਦ ਗੁਰਦਾਸ ਨੇ ਖੁਰੀਆਂ ਵਿੱਚ ਛੇਕ ਪਾਉਣੇ ਤੇ ਮੈ ਖੁਰੀਆਂ ਲਾਉਣੀਆਂ। ਪਰ ਸ਼ਰੀਕਾਂ ਨੂੰ ਮੇਰਾ ਇਹ ਵੀ ਕੰਮ ਨਾ ਸਖਾਇਆ। ਮੇਰੇ ਚਾਚੇ ਲਾਲ ਸਿੰਘ ਦਾ ਪੁੱਤਰ ਸੀ ਅਜਾਇਬ ਸਿੰਘ ਇਸਨੇ ਮੇਰੇ ਮੁਕਾਬਲੇ ਤੇ ਲੁਹਾਰੇ ਕੰਮ ਦੀ ਦੁਕਾਨ ਪਾ ਲਈ। ਇਸ ਅਜਾਇਬ ਸਿੰਘ ਨੂੰ ਮੈ ਚਾਚੇ ਦੇ ਕਹਿਣ ਤੇ ਪਸ਼ੌਰ ਧੱਕੇ ਖਾਂਦੇ ਨੂੰ ਸੱਦ ਕੇ ਪਿੰਡ ਕਾਰਖਾਨੇ ਤੇ ਲਵਾਇਆ ਸੀ ਤੇ ਚਾਚੇ ਨੂੰ ਮੈਟਰੋਪੋਲ ਦੇ ਕਾਰਖਾਨੇ ਲਕੜੀ ਦੇ ਕੰਮ ਤੇ ਵੀ ਮੈ ਲਵਾਇਆ ਸੀ ਤੇ ਅਪਣੇ ਸਾਹਬ ਨੂੰ ਕਹਿ ਕੇ ਦੋਵਾਂ ਦੇ ਰੇਟ ਵੀ ਚੰਗੇ ਲਵਾਏ। ਫਿਰ ਅਜਾਇਬ ਸਿੰਘ ਨੂੰ ਡਾਈਆਂ ਦਾ ਕੰਮ ਵੀ ਮੈ ਸਿਖਾਇਆ ਸੀ। ਫਿਰ ਸਾਡੇ ਲਾਗੇ ਇੱਕ ਪਿੰਡ ਹੈ 'ਲੁੱਧੜ' ਮੈ ਇੱਕ ਵਾਰ ਇੱਥੇ ਦੀਵਾਨ ਲਾਉਣ ਗਿਆ ਸਾਂ। ਸੰਗਤ ਨੇ ਉਥੇ ਇੱਕ ਤਰਖਾਣਾਂ ਦੀ ਕੁੜੀ ਦੀ ਦੱਸ ਪਾਈ ਤੇ ਮੈ ਆਖ ਵੇਖ ਕੇ ਅਜ਼ਾਇਬ ਸਿੰਘ ਨੂੰ ਇਸਦਾ ਸਾਕ ਕਰਵਾਇਆ ਸੀ ਤੇ ਇਸਦਾ ਵਿਆਹ ਕੀਤਾ। ਇਹਨਾਂ ਨੇਕੀਆ ਦਾ ਮੈਨੂੰ ਇਹ ਫਲ ਮਿਲ ਰਿਹਾ ਸੀ ਅੱਗੇ ਸੁਣੋ।

ਸਾਡੇ ਪਿੰਡ ਵੇਰਕੇ ਦਾ ਹੀ ਇੱਕ ਮੁੰਡਾ ਸੀ ਚੰਨਣ ਤੇ ਦੂਜਾ ਥਾਣੇਦਾਰ ਦਾ ਚੂਹੜਾ ਸੀ ਸੋਹਣ। ਇਹਨਾਂ ਦੋਹਾਂ ਨੇ ਰਲ ਕੇ ਅਜਾਇਬ ਸਿੰਘ ਦੇ ਘਰ ਸੰਨ ਲਾਈ ਤੇ ਕਪੜੇ ਸੀਉਣ ਵਾਲੀ ਮਸ਼ੀਨ ਤੇ ਸੱਤ ਅੱਠ ਸੂਟ, ਪੰਜ ਖੇਸ, ਦੋ ਦਰੀਆਂ ਤੇ ਹੋਰ ਕੁਝ ਨਿਕਸੁਕ ਕੱਢ ਕੇ ਲੈ ਗਏ। ਅਜਾਇਬ ਸਿੰਘ ਤੇ ਚਾਚੇ ਲਾਲ ਸਿੰਘ ਜੀ ਨੇ ਮੇ ਰੇ ਉਤੇ ਇੱਕ ਹੋਰ ਪ੍ਰਉਪਕਾਰ ਕੀਤਾ ਕਿ ਚੌਕੀ ਜਾ ਕੇ ਪੁਲਸ ਕੋਲ ਮੇਰੇ ਸ਼ਗਿਰਦ ਦਾ ਤੇ ਮੇਰਾ ਨਾਮ ਲਿਖਵਾ ਦਿੱਤਾ ਤੇ ਕਿਹਾ, ''ਸਾਡੇ ਘਰ ਸੰਤ ਅਮਰ ਸਿੰਘ ਤੇ ਉਸਦੇ ਸ਼ਗਿਰਦ ਗੁਰਦਾਸ ਨੇ ਸੰਨ ਲਾ ਕੇ ਸਾਡਾ ਮਾਲ ਲੁੱਟ ਲਿਆ ਹੈ।'' ਥਾਣੇਦਾਰ ਨਵਾਂ ਆਇਆ ਸੀ ਉਸਨੇ ਉਸੇ ਵੇਲੇ ਲਾਭ ਸਿੰਘ ਸਿਪਾਹੀ ਨੂੰ ਆਖਿਆ ਕਿ ਛੇਤੀ ਸੰਤ ਅਮਰ ਸਿੰਘ ਨੂੰ ਫੜ ਕੇ ਲਿਆਓ ਤੇ ਲਾਭ ਸਿੰਘ ਨੇ ਅਗੋਂ ਆਖਿਆ, ''ਜਨਾਬ ਮੈ ਜਾਂਦਾ ਜਰੂਰ ਹਾਂ ਪਰ ਉਹ ਐਸਾ ਬੰਦਾ ਨਹੀ ਉਹ ਤਾਂ ਰੋਜ ਗੁਰਦੁਵਾਰੇ ਜਾ ਕੇ ਕਥਾ ਕਰਦਾ ਹੈ ਤੇ ਮੈ ਰੋਜ ਸੁਣਦਾ ਹਾਂ ਤੇ ਥਾਣੇਦਾਰ ਨੂੰ ਅਜਾਇਬ ਸਿੰਘ ਨੇ ਕਿਹਾ ਕਿ ਉਹ ਸਾਰੇ ਕੰਮ ਕਰ ਲੈਂਦਾ ਹੈ। ਬੜਾ ਬਦਮਾਸ਼ ਹੈ। ਮੈ ਇਧਰ ਸਾਈਕਲ ਲੈ ਕੇ ਅੰਮ੍ਰਿਤਸਰ ਨੂੰ ਜਾ ਰਿਹਾ ਸਾਂ ਤੇ ਅਗੋਂ ਮੈਨੂੰ ਲਾਭ ਸਿੰਘ ਸਿਪਾਹੀ ਮਿਲਿਆ ਉਸਨੇ ਮੈਨੂੰ ਖਲਾਰ੍ਹ ਕੇ ਸਾਰੀ ਗੱਲ ਦਸੀ ਤੇ ਮੈ ਉਸੇ ਵਕਤ ਉਸਦੇ ਨਾਲ ਤੁਰ ਪਿਆ। ਸਾਈਕਲ ਇੱਕ ਦੁਕਾਨ ਤੇ ਖੜਾ ਕਰਕੇ ਮੈਂ ਚੌਕੀ ਜਾ ਕੇ ਥਾਣੇਦਾਰ ਅਜੀਤ ਸਿੰਘ ਨੂੰ ਜਾ ਸਤਿ ਸ੍ਰੀ ਅਕਾਲ ਬੁਲਾਈ। ਉਸਨੇ ਮੇਰੇ ਵਲ ਵੇਖ਼ਿਆ ਤੇ ਕਿਹਾ, ''ਸਰਦਾਰ ਜੀ ਬੈਠ ਜਾਉ ਕੁਰਸੀ ਤੇ।'' ਮੈ ਕਿਹਾ, ''ਜੀ ਮੈ ਕੁਰਸੀ ਤੇ ਕਿਵੇ ਬੈਠ ਸਕਦਾ ਹਾਂ, ਅੱਜ ਤੇ ਮੇਰੇ ਚਾਚੇ ਤੇ ਉਸਦੇ ਪੁੱਤਰ ਅਜਾਇਬ ਸਿੰਘ ਨੇ ਮੇਰੇ ਤੇ ਪਰਚਾ ਦਿੱਤਾ ਹੈ ਚੋਰੀ ਦਾ ਤੇ ਮੈ ਨਹੀ

ਕੁਰਸੀ ਤੇ ਬੈਠ ਸਕਦਾ।'' ਉਸਨੇ ਕਿਹਾ, ''ਫਿਰ ਮੰਜੇ ਤੇ ਬੈਠ ਜਾਓ ਮੈਂ ਤੁਹਾਡੇ ਨਾਲ ਗੱਲ ਕਰਦਾ ਹਾਂ ਪਹਿਲਾਂ ਮੈ ਇਹਨਾਂ ਬਦਮਾਸ਼ਾਂ ਨੂੰ ਸਿਧਿਆਂ ਕਰ ਲਵਾਂ।'' ਮੈਂ ਚੁੱਪ ਕਰਕੇ ਮੰਜੇ ਤੇ ਬੈਠ ਗਿਆ। ਥੋੜੀ ਦੇਰ ਬਾਅਦ ਉਸਨੇ ਮੈਨੂੰ ਆ ਕੇ ਕਿਹਾ, ''ਭਾਈ ਜੀ, ਤੁਹਾਡੀ ਸ਼ਕਲ ਐਸੀ ਹੈ ਤੇ ਤੁਸੀ ਕੰਮ ਕੀ ਕੀਤਾ ਹੈ।'' ਮੈਂ ਉੱਤਰ ਦਿੱਤਾ, ''ਸਰਦਾਰ ਜੀ, ਸ਼ਕਲ ਤੇ ਮੇਰੀ ਜੈਸੀ ਵੀ ਹੈ ਆਪਦੇ ਸਾਹਮਣੇ ਹੈ ਤੇ ਕੰਮ ਪ੍ਰਮਾਤਮਾਂ ਨੂੰ ਪਤਾ ਹੈ ਜਾਂ ਪਿੰਡ ਦੇ ਲੋਕਾਂ ਨੂੰ ਪੁੱਛ ਸਕਦੇ ਹੋ।'' ਤੇ ਉਸਨੇ ਕਿਹਾ ਕਿ ਹੁਣ ਜਾਓ ਮੈ ਚਾਰ ਵਜੇ ਸਿਪਾਹੀ ਨੂੰ ਭੇਜਾਂਗਾ ਫਿਰ ਤੁਸੀ ਆਉਣਾਂ। ਮੈ ਸਿੱਧਾ ਉੱਠ ਕੇ ਜੈਲਦਾਰ ਦੀ ਕੋਠੀ ਗਿਆ ਤੇ ਜਾ ਕੇ ਉਸਨੂੰ ਸਾਰੀ ਗੱਲ ਦੱਸੀ ਤੇ ਜੈਲਦਾਰ ਨੇ ਕਿਹਾ, ''ਤੇਰੇ ਚਾਚੇ ਨੇ ਇਹ ਬੜਾ ਮਾੜਾ ਕੰਮ ਕੀਤਾ ਹੈ ਪਰ ਕੋਈ ਫਿਕਰ ਵਾਲੀ ਗੱਲ ਨਹੀ।'' ਫਿਰ ਮੈ ਜਾ ਕੇ ਸਰਦਾਰ ਬੂੜ ਸਿੰਘ ਨੂੰ ਜਾ ਕੇ ਸਾਰੀ ਗੱਲ ਦੱਸੀ ਤੇ ਕਿਹਾ ਕਿ ਚਾਰ ਵਜੇ ਮੈਨੂੰ ਥਾਣੇਦਾਰ ਨੇ ਫਿਰ ਬੁਲਾਇਆ ਹੈ। ਉਹ ਚਾਰ ਵਜੇ ਸਿਪਾਹੀ ਭੇਜੇਗਾ। ਇਹ ਸੁਣਕੇ ਸਰਦਾਰ ਸੀ ਬੜੇ ਗੁੱਸੇ ਵਿੱਚ ਆਏ ਤੇ ਕਹਿਣ ਲਗੇ ਕਿ ਅਜੈਬਾ ਤੇ ਲਾਲ ਸਿੰਘ ਤੇ ਬੇਵਕੂਫ ਨੇ ਪਰ ਜਦੋ ਅੱਜ ਤੁਹਾਨੂੰ ਸਿਪਾਹੀ ਸਦਣ ਆਵੇ ਤੇ ਤੁਸੀ ਉਸਦੇ ਨਾਲ ਬਿਲਕੁਲ ਨਹੀ ਜਾਣਾਂ। ਸਗੋਂ ਸਿੱਧੇ ਮੇਰੇ ਪਾਸ ਆ ਜਾਣਾ।

ਚਾਰ ਵਜੇ ਸਿਪਾਹੀ ਆ ਗਿਆ ਤੇ ਮੈਨੂੰ ਕਹਿਣ ਲਗਾ, ''ਸਰਦਾਰ ਜੀ ਚੌਕੀ ਬੁਲਾ ਰਹੇ ਹਨ।'' ਮੈਂ ਜੁਵਾਬ ਦਿੱਤਾ, ''ਤੂੰ ਚਲ ਤੇ ਮੈ ਆਉਦਾ ਹਾਂ।'' ਇਹ ਸਿਪਾਹੀ ਮੈਨੂੰ ਜਾਣਦਾ ਨਹੀ ਸੀ। ਇਹ ਮੇਰੇ ਨਾਲ ਗਰਮ ਹੋ ਗਿਆ। ਮੈ ਆਖਿਆ, ''ਜਾ ਕੇ ਥਾਣੇਦਾਰ ਨੂੰ ਕਹਿ ਦੇ ਕਿ ਉਹ ਨਹੀ ਆਉਂਦਾ ਤੇ ਨਾ ਹੀ ਮੈ ਤੇਰੇ ਨਾਲ ਜਾਣਾਂ ਈ। ਮੈਂ ਆਪੇ ਆ ਜਾਉਂਗਾ।'' ਮੇਰੀ ਇੰਨੀ ਗੱਲ ਸੁਣ ਕੇ ਸਿਪਾਹੀ ਚਲਾ ਗਿਆ। ਮੈ ਰਸਾਲਦਾਰ ਬੂੜ ਸਿੰਘ ਜੀ ਪਾਸ ਗਿਆ ਤੇ ਉਹ ਉਸੇ ਵਕਤ ਮੇਰੇ ਨਾਲ ਤੁਰ ਪਏ ਤੇ ਅਸੀ ਦੋਵੇ ਜੈਲਦਾਰ ਦੀ ਕੋਠੀ ਗਏ। ਮੈਨੂੰ ਇਹਨਾਂ ਦੋਹਾਂ ਨੇ ਕਿਹਾ, ''ਤੁਸੀ ਏਥੇ ਬੈਠੋ ਤੇ ਜਦੋ ਅਸੀ ਚੌਂਕੀ ਪੁੱਜ ਜਾਵਾਂਗੇ ਤਾਂ ਤੁਸੀ ਵੀ ਆ ਜਾਇਓ।'' ਇਹ ਦੋਵੇ ਚਲੇ ਗਏ ਮੈ ਥੋੜੀ ਦੇਰ ਬਾਅਦ ਘਰੋ ਤੁਰ ਪਿਆ ਤੇ ਚੌਕੀ ਪਹੁੰਚ ਗਿਆ। ਅੱਗੇ ਜ਼ੈਲਦਾਰ, ਸ੍ਰ: ਬੂੜ ਸਿੰਘ ਜੀ ਤੇ ਥਾਣੇਦਾਰ ਤਿੰਨੇ ਬੈਠੇ ਸਨ। ਮੈ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਲਾਗੇ ਇੱਕ ਕੁਰਸੀ ਖਾਲੀ ਸੀ ਮੈਨੂੰ ਜੈਲਦਾਰ ਨੇ ਆਖਿਆ ਕਿ ਤੁਸੀ ਸੰਤ ਜੀ ਕੁਰਸੀ ਤੇ ਬਹਿ ਜਾਓ। ਮੈ ਕਿਹਾ, ''ਭਾਜੀ, ਮੈਨੂੰ ਥਾਣੇਦਾਰ ਜੀ ਨੇ ਇਸ ਕਰਕੇ ਬੁਲਾਇਆ ਹੈ ਕਿ ਮੇਰੇ ਤੇ ਚੋਰੀ ਦਾ ਪਰਚਾ ਦਰਜ ਹੋਇਆ ਹੈ ਤੇ ਮੈ ਕੁਰਸੀ ਤੇ ਕਿਸਤਰ੍ਹਾਂ ਬੈਠ ਸਕਦਾ ਹਾਂ।'' ਮੇਰੀ ਇੰਨੀ ਗੱਲ ਸੁਣ ਕੇ ਸ੍ਰਦਾਰ ਬੂੜ ਸਿੰਘ ਜੀ ਨੇ ਥਾਣੇਦਾਰ ਨੂੰ ਆਖਿਆ ਕਿ ਇਹ ਤੈਨੂੰ ਚੋਰ ਜਾਪਦਾ ਹੈ। ਇਹਨੂੰ ਤੇ ਸਾਰਾ

ਪਿੰਡ ਮੱਥੇ ਟੇਕਦਾ ਹੈ ਤੇ ਤੂੰ ਇਸਨੂੰ ਚੋਰ ਬਣਾਈ ਬੈਠਾ ਹੈ। ਉਸਨੇ ਉੱਤਰ ਦਿੱਤਾ, "ਇਸਦੇ ਘਰ ਵਾਲੇ ਹੀ ਪਰਚਾ ਦੇ ਕੇ ਗਏ ਹਨ। ਮੇਰੀ ਕੀ ਗਲਤੀ ਹੈ।" ਜੈਲਦਾਰ ਕਹਿਣ ਲਗਾ, "ਅੱਜ ਤੈਨੂੰ ਛੁੱਟੀ ਹੈ ਚੋਰ ਲੱਭਣ ਦੀ ਪਰ ਜੇ ਤੈਨੂੰ ਚੋਰ ਨਾ ਲੱਭਾ ਤੇ ਕਲ ਤੈਨੂੰ ਮੈ ਚੋਰ ਦੱਸ ਦੇਵਾਂਗਾ।" ਥਾਣੇਦਾਰ ਨੇ ਕਿਹਾ ਕਿ ਉਹ ਅੱਜ ਹੀ ਚੋਰ ਦੱਸ ਦੇਣ ਪਰ ਜੈਲਦਾਰ ਕਹਿਣ ਲਗਾ ਕਿ ਅੱਜ ਦੀ ਰਾਤ ਆਪ ਸੋਚੋ ਕਿ ਚੋਰ ਕੌਣ ਹੈ ਅਸੀ ਭਲਕੇ ਦੱਸਾਂਗੇ, ਅੱਜ ਨਹੀ ਦੱਸਣਾ ਤੇ ਮੈਨੂੰ ਜੈਲਦਾਰ ਨੇ ਤੇ ਸਰਦਾਰ ਜੀ ਨੇ ਕਿਹਾ, "ਸੰਤ ਜੀ ਤੁਸੀ ਅਪਣੇ ਘਰ ਚਲੋ ਸਵੇਰੇ ਗੱਲ ਕਰਾਂਗੇ।" ਮੈ ਘਰ ਨੂੰ ਆ ਗਿਆ ਤੇ ਥਾਣੇਦਾਰ ਨੇ ਮੇਰੇ ਸ਼ਗਿਰਦ ਗੁਰਦਾਸ ਸਿੰਘ ਨੂੰ ਥਾਣੇ ਬੁਲਾ ਲਿਆ। ਮੈਂ ਉਸਨੂੰ ਕਿਹਾ, "ਪੁੱਤਰਾ ਘਾਬਰੀ ਨਾ ਜਰਾ ਤਗੜਾ ਹੋ ਕੇ ਰਹੀ।" ਮੈ ਜਾ ਕੇ ਫਿਰ ਜੈਲਦਾਰ ਨੂੰ ਕਿਹਾ ਕਿ ਉਹ ਮੁੰਡੇ ਨੂੰ ਲੈ ਗਏ ਹਨ। ਕਿਤੇ ਕੁੱਟ ਕੁੱਟ ਕੇ ਮੁੰਡੇ ਨੂੰ ਮਨਾਉਣ ਦੀ ਕੋਸ਼ਿਸ਼ ਨਾ ਕਰਨ। ਉਸੇ ਵੇਲੇ ਜੈਲਦਾਰ ਮੇਰੇ ਨਾਲ ਚੌਕੀ ਗਿਆ ਤੇ ਜਾ ਕੇ ਥਾਣੇਦਾਰ ਦੀ ਬੜੀ ਬੇਇੱਜਤੀ ਕੀਤੀ ਤੇ ਕਿਹਾ ਕਿ ਤੂੰ ਕੁੱਟ ਕੁੱਟ ਕੇ ਮੁੰਡੇ ਤੋ ਝੂਠ ਬਲਾਉਣਾ ਹੈ? ਤੂੰ ਮੁੰਡੇ ਨੂੰ ਕਿਉਂ ਬੁਲਾਇਆ ਹੈ? ਅਸਾਂ ਜਦੋ ਕਿਹਾ ਹੈ ਕਿ ਅਸੀ ਸਵੇਰੇ ਚੋਰ ਦੱਸਾਂਗੇ ਤਾਂ ਤੂੰ ਮੁੰਡੇ ਨੂੰ ਕਿਉ ਲਿਆਂਦਾ ਹੈ ਫਿਰ ਜੈਲਦਾਰ ਨੇ ਮੁੰਡੇ ਨੂੰ ਕਿਹਾ, "ਓਏ ਮੁੰਡਿਆ ਜਾ ਉੱਠਕੇ ਘਰ ਚਲਾ ਜਾ, ਸਵੇਰੇ ਗੱਲ ਕਰਾਂਗੇ।" ਅਸੀ ਦੋਵੇ ਘਰ ਆ ਗਏ ਤੇ ਸਵੇਰੇ ਉੱਠਕੇ ਮੈ ਗੁਰਦੁਵਾਰੇ ਗਿਆ, ਥਾਣੇਦਾਰ ਵੀ ਗਿਆ ਹੋਇਆ ਸੀ ਸਮੇਤ ਪਰਿਵਾਰ। ਮੈਨੂੰ ਸੰਗਤ ਨੇ ਕਿਹਾ ਕਿ ਅੱਧਾ ਘੰਟਾ ਕਥਾ ਕਰੋ, ਮੈ ਕਥਾ ਕੀਤੀ ਬਾਅਦ ਵਿੱਚ ਮੇਰੀ ਸਿੰਘਣੀ ਨੇ ਪਾਠ ਕੀਤਾ ਤੇ ਥਾਣੇਦਾਰ ਬੈਠਾ ਵੇਖਦਾ ਰਿਹਾ ਫਿਰ ਅਸੀ ਘਰ ਆਏ ਤੇ ਫਿਰ ਮੈ ਪ੍ਰਸਾਦਾ ਛਕ ਕੇ ੮ ਕੁ ਵਜੇ ਸ੍ਰ: ਬੂੜ ਸਿੰਘ ਜੀ ਦੇ ਘਰ ਗਿਆ ਤੇ ਅਸੀ ਦੋਵੇ ਥਾਣੇ ਨੂੰ ਤੁਰ ਪਏ ਰਸਤੇ ਵਿੱਚੋ ਜੈਲਦਾਰ ਜੀ ਨੂੰ ਵੀ ਨਾਲ ਲੈ ਲਿਆ।

ਅਸੀ ਚੌਕੀ ਪਹੁੰਚ ਗਏ ਤੇ ਜਾ ਕੇ ਥਾਣੇਦਾਰ ਪਾਸ ਬੈਠ ਗਏ ਤੇ ਜੈਲਦਾਰ ਨੇ ਥਾਣੇਦਾਰ ਨੂੰ ਪੁਛਿਆ, "ਸ੍ਰ: ਅਜੀਤ ਸਿੰਘ ਜੀ ਚੋਰ ਦਾ ਕੁਝ ਪਤਾ ਲਗਾ ਕਿ ਨਹੀ?" ਉਸ ਨੇ ਕਿਹਾ, "ਨਹੀ ਜੀ।" ਇਹ ਗੱਲ ਸੁਣਕੇ ਰਸਾਲਦਾਰ ਬੋਲਿਆ ਤੇ ਕਿਹਾ, "ਅਸੀ ਦੱਸੀਏ ਤੈਨੂੰ ਚੋਰ ਕੌਣ ਹੈ?" ਉਸਨੇ ਕਿਹਾ, "ਦੱਸੋ।" ਰਸਾਲਦਾਰ ਜੀ ਨੇ ਕਿਹਾ, "ਤੂੰ ਖੁਦ ਚੋਰ ਹੈ। ਇਹ ਚੋਰੀ ਤੂੰ ਖੁਦ ਕੀਤੀ ਹੈ।" ਜੈਲਦਾਰ ਨੇ ਸਰਦਾਰ ਨੂੰ ਪੁੱਛਿਆ ਕਿ ਵਾਕਿਆ ਹੀ ਥਾਣੇਦਾਰ ਨੇ ਚੋਰੀ ਕੀਤੀ ਹੈ? ਥਾਣੇਦਾਰ ਵੀ ਹੱਥ ਜੋੜ ਕੇ ਪੁੱਛਣ ਲਗਾ, "ਕਿ ਮੈ ਕਿਸ ਤਰ੍ਹਾਂ ਚੋਰ ਹਾਂ।" ਸਰਦਾਰ ਸਾਹਿਬ ਕਹਿਣ ਲਗੇ, "ਤੇਰੇ ਪਾਸ ਸੋਹਣੂ ਚੂਹੜਾ ਹੈ ਦਸ ਨੰਬਰੀਆ ਬਦਮਾਸ਼ ਜੋ ਤੇਰੀਆਂ ਮੱਝਾਂ ਨੂੰ ਪੱਠੇ

ਪਾਉਂਦਾ ਹੈ। ਇਹ ਚੋਰ ਹੈ ਤੇ ਇਹ ਚੋਰੀ ਇਸੇ ਨੇ ਕੀਤੀ ਹੈ। ਜਰਾ ਉਸਨੂੰ ਬੁਲਾ ਲੈ ਅਸੀਂ ਇਸਨੂੰ ਸਾਫ ਕਰਦੇ ਹਾਂ।" ਉਸੇ ਵਕਤ ਥਾਣੇਦਾਰ ਨੇ ਉਸਨੂੰ ਬੁਲਾਇਆ ਜਦੋਂ ਉਸਨੂੰ ਪੁੱਛਿਆ ਤੇ ਉਹ ਸਭ ਕੁਝ ਮੰਨ ਗਿਆ ਕਿ ਉਸਨੇ ਚੋਰੀ ਕੀਤੀ ਹੈ ਚੰਨਣ ਨਾਲ ਰਲ ਕੇ। ਉਸੇ ਵੇਲੇ ਚੰਨਣ ਨੂੰ ਵੀ ਸੱਦਿਆ ਤੇ ਕੁੱਟਿਆ ਉਹ ਵੀ ਮੰਨ ਗਿਆ ਤੇ ਉਸੇ ਵਕਤ ਅਸੀ ਸਾਰੇ ਨਾਲ ਤੁਰੇ ਤੇ ਕੁੱਕੜਾਂ ਵਾਲੇ ਖੁੱਡੇ ਵਿੱਚੋ ਮਸ਼ੀਨ ਦਿੱਤੀ ਬਾਹਰ ਕਪੜੇ ਬੰਨ ਕੇ ਦੱਬੇ ਹੋਏ ਸਨ ਜਮੀਨ ਵਿੱਚ। ਉਹ ਵੀ ਦਿੱਤੇ। ਫਿਰ ਚਾਚੇ ਲਾਲ ਸਿੰਘ ਤੇ ਉਸਦੇ ਪੁੱਤਰ ਅਜਾਇਬ ਸਿੰਘ ਨੂੰ ਜੈਲਦਾਰ ਗੁਰਬਚਨ ਸਿੰਘ ਨੇ ਤੇ ਸਰਦਾਰ ਬੂੜ ਸਿੰਘ ਨੇ ਲੱਖ ਲੱਖ ਫਿਟਕਾਂ ਪਾਈਆਂ ਤੇ ਉਸ ਦਿਨ ਤੋ ਥਾਣੇਦਾਰ ਅੱਜੀਤ ਸਿੰਘ ਮੇ ਰਾ ਪੱਕਾ ਸੇਵਕ ਬਣ ਗਿਆ। ਕਈ ਵਾਰ ਮੈਨੂੰ ਘਰ ਸਦ ਕੇ ਗੁਰਬਾਣੀ ਦੇ ਬਚਨ ਪੁਛਣੇ ਤੇ ਸੇਵਾ ਕਰਨੀ, ਪ੍ਰਸਾਦਾ ਛਕਾਉਣਾ, ਦੁੱਧ ਪਿਆਉਣਾ, ਬੜਾ ਪਿਆਰ ਕਰਨਾ। ਇਹ ਨੇਕੀਆਂ ਮੇਰੇ ਤੇ ਸਾਡੇ ਚਾਚੇ ਲਾਲ ਸਿੰਘ ਤੇ ਉਸਦੇ ਪੁੱਤਰ ਅਜਾਇਬ ਸਿੰਘ ਨੇ ਕੀਤੀਆ। ਉਸੱਤੇ ਛੋਟੇ ਸੁਵਰਨ ਸਿੰਘ ਤੇ ਬਲਵੰਤ ਸਿੰਘ ਉਦੋ ਬੜੇ ਛੋਟੇ ਛੋਟੇ ਸਨ ਪਰ ਉਹ ਬੜੇ ਚੰਗੇ ਹਨ। ਰੱਬ ਦੇ ਨਾ ਵਾਲੇ ਦੋਵੇ ਨੇਕ ਕੰਮ ਕਰਦੇ ਹਨ ਤੇ ਆਪਣੇ ਬੱਚੇ ਪਾਲਦੇ ਹਨ। ਉਦੋ ਇਹਨਾਂ ਦੇ ਕੁਝ ਵੱਸ ਨਹੀ ਸੀ।

# (੨੩) ਸਰਕਾਰ ਵਲੋਂ ਅੱਠ ਮੁਰੱਬੇ ਜਮੀਨ ਅਲਾਟ ਹੋਣੀ

ਇੱਕ ਦਿਨ ਮੈ ਜਲੰਧਰ ਗਿਆ ਤੇ ੨੫ ਜੋੜੇ ਖੁਰੀਆਂ ਖਰੀਦੇ ਤੇ ਰਿਕਸ਼ੇ ਤੇ ਚੜ੍ਹ ਕੇ ਬੱਸ ਦੇ ਅੱਡੇ ਵਲ ਜਾ ਰਿਹਾ ਸਾਂ ਤੇ ਰਸਤੇ ਵਿੱਚ ਮੈਨੂੰ ਨੰਬਰਦਾਰ ਲਾਭ ਸਿੰਘ ਮਿਲਿਆ। ਇਹ ਮੇਰਾ ਬੜਾ ਚੰਗਾ ਮਿੱਤਰ ਸੀ। ਇਹ ਪਾਕਿਸਤਾਨ ਜਿਲ੍ਹਾ ਲਾਇਲਪੁਰ ਪਿੰਡ ਮਲਖਾਵਾਲ ੨੨੫ ਚੱਕ ਦਾ ਰਹਿਣ ਵਾਲਾ ਸੀ। ਇਸ ਨਗਰ ਦੀ ਸਾਰੀ ਵਾਰਦਾਤ ਮੈ ਪਿਛੇ ਲਿਖ ਚੁਕਾ ਹਾਂ। ਅੱਜ ਜਦੋਂ ਮੈਨੂੰ ਨੰਬਰਦਾਰ ਜੀ ਮਿਲੇ ਤਾਂ ਮੈ ਪੁੱਛਣ ਲਗੇ ਕਿ ਅੱਜ ਕਲ ਕਿੱਥੇ ਰਹਿੰਦੇ ਹੋ। ਨੰਬਰਦਾਰ ਨੇ ਦਸਿਆ ਕਿ ਉਹ ਕਪੂਰਥਲੇ ਸ਼ਹਿਰ ਦੇ ਲਾਗੇ ਅੱਧੇ ਕੁ ਮੀਲ ਤੇ ਇੱਕ ਪਿੰਡ ਹੈ ਤਲਵੰਡੀ ਸਟੇਸ਼ਨ ਦੇ ਲਾਗੇ ਤੇ ਉਹਨਾਂ ਦਾ ਸਾਰਾ ਪਿੰਡ ਉਥੇ ਹੀ ਬੈਠ ਗਿਆ ਸੀ। ਉਹਨਾਂ ਨੇ ਇਹ ਵੀ ਦਸਿਆ ਕਿ ਮਿਸਤਰੀ ਭਗ ਸਿੰਘ, ਜਗ ਸਿੰਘ ਤੇ ਸੰਤਾ ਸਿੰਘ ਦਾ ਸਾਰਾ ਪਰਿਵਾਰ ਵੀ ਉਹਨਾਂ ਦੇ ਕੋਲ ਹੀ ਰਹਿੰਦੇ ਹਨ। ਮੈ ਉਹਨਾਂ ਦਾ ਪਤਾ ਲਿਖ ਲਿਆ ਤੇ ਤਿੰਨ ਕੁ ਦਿਨਾਂ ਦੇ ਬਾਅਦ ਮੈ ਕਪੂਰਥਲੇ ਇਹਨਾਂ ਦੇ ਕੋਲ ਗਿਆ। ਸਭ ਲੋਕਾਂ ਨੂੰ ਜਦੋ ਪਤਾ ਲਗਾ ਕਿ ਸੰਤ· ਅਮਰ ਸਿੰਘ ਨੰਬਰਦਾਰ ਦੇ ਘਰ ਆਇਆ ਹੈ ਤਾਂ ਸਭ ਬੁੱਢੀਆਂ ਬੰਦੇ ਆ ਕੇ ਮਿਲੇ ਬੜੀ ਖੁਸ਼ੀ ਹੋਈ।

ਅਗਲੇ ਦਿਨ ਲਾਗੇ ਹੀ ਇੱਕ ਪਿੰਡ ਵਿੱਚ ਭੋਗ ਪੈਣਾਂ ਸੀ। ਨੰਬਰਦਾਰ ਮੈਨੂੰ ਉਸ ਪਿੰਡ ਵਿੱਚ ਨਾਲ ਲੈ ਗਿਆ ਤੇ ਮੈਨੂੰ ਸੰਗਤ ਨੇ ਆਖਿਆ ਕਿ ਕਥਾ ਕੀਰਤਨ ਸੁਣਾਓ। ਮੈ ਇੱਕ ਘੰਟਾ ਲੈਕਚਰ ਕੀਤਾ ਗੁਰਬਾਣੀ ਦਾ ਨਰੋਲ ਤੇ ਅਗਲੇ ਦਿਨਾਂ ਨੰਬਰਦਾਰ ਮੈਨੂੰ ਖਾਸ ਕਪੂਰਥਲੇ ਸ਼ਹਿਰ ਦੇ ਗੁਰਦੁਵਾਰੇ ਲੈ ਗਿਆ ਤੇ ਇਥੇ ਮੈ ਅੱਧਾ ਘੰਟਾ ਕੀਰਤਨ ਕੀਤਾ ਕਥਾ ਕੀਤੀ। ਇਥੇ ਵੀ ਸਤਿਗੁਰ ਦੀ ਕਿਰਪਾ ਨਾਲ ਚੰਗਾ ਰਸ ਬਣਿਆ ਬੜਾ ਆਨੰਦ ਬੱਝਾ। ਅਗਲੇ ਦਿਨ ਕਥਾ ਕਰਨ ਵਾਸਤੇ ਸੰਗਤ ਨੇ ਫਿਰ ਹੁਕਮ

ਕੀਤਾ ਕਿ ਕਲ ਫਿਰ ਕਥਾ ਕਰੋ। ਮੁਕਦੀ ਗੱਲ ਕਿ ਚਾਰ ਦਿਨ ਕਥਾ ਕੀਰਤਨ ਹੀ ਕਰਦਾ ਰਿਹਾ। ਆਮ ਸੰਗਤ ਮੇਰੀ ਵਾਕਿਫ ਹੋ ਗਈ ਤੇ ਰਾਜਾ ਦਾ ਜੋ ਸਭ ਤੋਂ ਵਡਾ ਦਿਵਾਨ ਸਾਹਿਬ ਸੀ ਜਿਸਦਾ ਨਾਮ ਅਯੁੱਧਿਆ ਦਾਸ ਸੀ ਇਸਦਾ ਇੱਕ ਕਾਰ ਡਰਾਈਵਰ ਸੀ ਲਾਲ ਚੰਦ। ਇਹ ਡਰਾਈਵਰ ਮੇਰੇ ਨਾਲ ਬੜਾ ਪ੍ਰੇਮ ਕਰਨ ਲੱਗ ਪਿਆ ਤੇ ਮੈਂ ਇੱਕ ਦਿਨ ਇਸਨੂੰ ਆਖਿਆ ਕਿ ਲਾਲ ਚੰਦ ਜੀ ਮੇਰਾ ਇੱਕ ਕੰਮ ਤੇ ਕਰੋ। ਉਹ ਕਹਿਣ ਲਗਾ ਕਿ ਦਸੋ ਜੀ ਜਰੂਰ ਕਰਾਂਗਾ। ਮੈਂ ਕਿਹਾ ਕਿ ਤੂੰ ਦਿਵਾਨ ਸਾਹਿਬ ਨੂੰ ਕਹਿ ਕੇ ਦਸ ਵੀਹ ਏਕੜ ਜਮੀਨ ਤੇ ਦਿਵਾ। ਇਸਨੇ ਉੱਤਰ ਦਿੱਤਾ, "ਸੰਤ ਜੀ ਮੈਂ ਤੁਹਾਨੂੰ ਦਿਵਾਨ ਸਾਹਿਬ ਦੀ ਕੋਠੀ ਲੈ ਚਲਾਂਗਾ ਖੁਦ ਗੱਲ ਕਰ ਲੈਣਾ।" ਦਿਵਾਨ ਸਾਹਿਬ ਬੜੇ ਬੜੇ ਚੰਗੇ ਹਨ, ਤੁਹਾਡੀ ਗੱਲ ਬੜੇ ਪ੍ਰੇਮ ਨਾਲ ਸੁਣਨਗੇ। ਮੈਂ ਅੱਗੇ ਵੀ ਉਹਨਾਂ ਪਾਸ ਤੁਹਾਡੀ ਸਿਫਤ ਕੀਤੀ ਸੀ ਤੇ ਕਿਹਾ ਸੀ ਕਿ ਸਾਡੇ ਸ਼ਹਿਰ ਵਿੱਚ ਇੱਕ ਸੰਤ ਆਏ ਹਨ। ਉਹਨਾ ਦਾ ਲਿਬਾਸ ਬਿਲਕੁਲ ਸਾਦਾ ਹੈ ਤੇ ਪਰ ਕਥਾ ਬੜੀ ਚੰਗੀ ਕਰਦੇ ਹਨ ਤੇ ਦਿਵਾਨ ਸਾਹਿਬ ਨੇ ਮੈਨੂੰ ਕਿਹਾ ਸੀ ਕਿ ਸੰਤਾਂ ਨੂੰ ਐਤਵਾਰ ਕੋਠੀ ਲੈ ਕੇ ਆਵੀ ਤੇ ਭਲਕੇ ਐਤਵਾਰ ਹੈ ਤੁਸੀ ਕਲ ਮੇਰੇ ਨਾਲ ਸਵੇਰੇ ਸੱਤ ਵਜੇ ਕੋਠੀ ਚਲਿਓ।" ਮੈਨੂੰ ਵੀ ਉਸਦੀ ਗੱਲ ਪਸੰਦ ਆਈ ਤੇ ਮੈਂ ਕਿਹਾ, "ਠੀਕ ਹੈ।"

ਅਗਲੇ ਦਿਨ ਮੈਂ ਲਾਲ ਚੰਦ ਦੇ ਨਾਲ ਪੂਰੇ ਸੱਤ ਵਜੇ ਕੋਠੀ ਪੁੱਜ ਗਿਆ ਤੇ ਅੱਗੇ ਦਿਵਾਨ ਜੀ ਗੁਸਲਖਾਨੇ ਵਿੱਚ ਇਸ਼ਨਾਨ ਕਰ ਰਹੇ ਸਨ ਤੇ ਡਰਾਈਵਰ ਨੇ ਮੇ ਰੇ ਵਾਸਤੇ ਕੁਰਸੀ ਲਿਆਂਦੀ ਤੇ ਮੈਂ ਕੁਰਸੀ ਤੇ ਬੈਠ ਗਿਆ। ਦਿਵਾਨ ਸਾਹਿਬ ਇਸ਼ਨਾਨ ਕਰਕੇ, ਮੇਰੇ ਪਾਸ ਆਏ ਤੇ ਮੈਂ ਉੱਠ ਕੇ ਖੜਾ ਹੋ ਗਿਆ। ਦਿਵਾਨ ਸਾਹਿਬ ਨੇ ਮੇ ਰਾ ਬੜਾ ਆਦਰ ਕੀਤਾ। ਮੈਨੂੰ ਮੱਥਾ ਟੇਕਿਆ ਤੇ ਕੁਰਸੀ ਤੇ ਬੈਠ ਗਏ ਤੇ ਕਹਿਣ ਲਗੇ, "ਸਾਨੂੰ ਲਾਲ ਚੰਦ ਡਰਾਈਵਰ ਨੇ ਤੁਹਾਡੇ ਬਾਰੇ ਦੱਸਿਆ ਸੀ ਕਿ ਸੰਤ ਕਥਾ ਬੜੀ ਚੰਗੀ ਕਰਦੇ ਹਨ। ਸੁਣਕੇ ਦਿਲ ਵਿੱਚ ਖਿਆਲ ਆਇਆ ਕਿ ਸੰਤਾਂ ਦੇ ਦਰਸ਼ਨ ਕਰੀਏ। ਸੋ ਆਪ ਜੀ ਨੇ ਬੜੀ ਕਿਰਪਾ ਕੀਤੀ ਹੈ ਕਿ ਸਾਨੂੰ ਆਪ ਆ ਕੇ ਦਰਸ਼ਨ ਦਿੱਤਾ ਹੈ ਜੀ।" ਉਸੇ ਵਕਤ ਉਹਨਾਂ ਦਾ ਨੌਕਰ ਦੁੱਧ ਮਠਿਆਈ ਤੇ ਫਰੂਟ ਲੈ ਆਇਆ ਤੇ ਅਸੀ ਛਕਣ ਲਗ ਪਏ। ਫਿਰ ਦਿਵਾਨ ਜੀ ਨੇ ਮੇਰੇ ਅੱਗੇ ਪ੍ਰਸ਼ਨ ਕੀਤਾ, "ਸੰਤ ਜੀ ਇਹ ਦਸੋ, ਕ੍ਰਿਸ਼ਨ ਭਗਵਾਨ ਜੀ ਅਵਤਾਰ ਸਨ ਕਿ ਨਹੀ, ਜੇ ਅਵਤਾਰ ਸਨ ਤੇ ਇਹ ਦਸੋ ਕਿ ਇਹਨਾ ਦਾ ਹੋਣਾਂ ਕਿਤੇ ਲਿਖਿਆ ਹੈ ਕਿ ਨਹੀ।" ਮੈਂ ਉੱਤਰ ਦਿੱਤਾ ਕਿ ਕ੍ਰਿਸ਼ਨ ਜੀ ਅਵਤਾਰ ਸਨ। ਇਹਨਾ ਦਾ ਮਾਤ ਲੋਕ ਤੇ ਆਉਣਾ ਆਦਿ ਗ੍ਰੰਥ ਵਿੱਚ ਵੀ ਲਿਖਿਆ ਹੈ ਜੀ ਨਾਮਦੇਵ ਭਗਤ ਨੇ ਮਾਲੀ ਗੌੜੇ ਰਾਗ ਵਿੱਚ

''ਧੰਨਿ ਧੰਨਿ ਓਰਾਮ ਬੇਨੁ ਬਜੈ।। ਮਧੁਰ ਮਧੁਰ ਧੁਨਿ ਅਨਹਤ ਗਾਜੈ''

ਆਦਿ ਗੰਥ ਪੰਨਾ ੯੮੮

ਇਹ ਸਾਰਾ ਸ਼ਬਦ ਪੜ੍ਹ ਕੇ ਦਸਿਆ ਤੇ ਫਿਰ ਅਰਥ ਕੀਤੇ ਅੱਗੇ ਭੱਟਾਂ ਦੇ ਸਵੱਈਏ ਵਿੱਚ ਕ੍ਰਿਸ਼ਨ ਜੀ ਦੀ ਉਸਤਤ ਲਿਖੀ ਹੈ ਆਦਿ ਗ੍ਰੰਥ ਸਾਹਿਬ ਵਿੱਚ,

**''ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿ ਜੀਓ।**

**ਕਵਲ ਨੈਨ, ਮਧੁਰ ਬੈਨ ਕੋਟਿ ਸੈਨ ਸੰਗ ਸੋਭ**

**ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ।''**

ਆਦਿ ਗੰਥ ਪੰਨਾ ੧੪੦੨

ਇਹ ਸ਼ਬਦ ਵੀ ਸਾਰਾ ਸੁਣਿਆ ਤੇ ਅਰਥ ਵੀ ਸੁਣੇ। ਫਿਰ ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀ ਦਾ ਚੋਪਈ।।

**ਭੂਮਿ ਚਾਰ ਤੇਂ ਅਤਿ ਦੁਖ ਪਾਯੋ।।**

**ਬ੍ਰਹਮਾ ਪੈ ਦੁਖ ਰੋਇ ਸੁਨਾਯੋ।।**

**ਬ੍ਰਹਮਾ ਕਰੀ ਬਿਸਨ ਕੀ ਸੇਵਾ।।**

**ਤਾਤੇ ਭਏ ਕ੍ਰਿਸ਼ਨ ਜਗ ਦੇਵਾ।।**

ਦਸਮ ਗ੍ਰੰਥ ਪੰਨਾ ੧੨੭੨

**ਸ੍ਰੀ ਮੁਖਵਾਕ ਪਾ: ਦਸਵੀ ਸੁਵੈਯਾ:**

**''ਦੈਤ ਸੰਖਾਸੁਰ ਕੇ ਮਰਬੇ ਕਹੁ ਰੂਪੁ ਧਰਯੋ ਜਲ ਮੈ ਜਿਨ ਮੱਛਾ।।**

**ਸਿੰਧ ਮਥਯੋ ਜਬਹੀ ਅਸੁਰਾਸੁਰ ਮੇਰ ਤਰੈ ਭਯੋ ਕੱਛਪ ਹੱਛਾ।।**

**ਸੋ ਅਬ ਕਾਨ੍ਹ ਭਯੋ ਇਹ ਠਉਰ ਚਰਾਵਤ ਹੈ ਬ੍ਰਿਜ ਕੇ ਸਭ ਬੱਛਾ।।**

**ਖੇਲ ਦਿਖਾਵਤ ਹੈ ਜਗ ਕੋ ਇਹ ਹੈ ਕਰਤਾ ਸਭ ਜੀਵਨ ਰੱਛਾ।।''**

ਦਸਮ ਗ੍ਰੰਥ ਪੰਨਾ ੨੯੯

ਇਹ ਸਾਰਾ ਸ਼ਬਦ ਪੜ ਕੇ ਤੇ ਇਸਦੇ ਅਰਥ ਕੀਤੇ ਤੇ ਕੁਝ ਹੋਰ ਸਾਖੀਆ ਕੀਤੀਆਂ ਤੇ ਫਿਰ ਦਿਵਾਨ ਜੀ ਬੜੇ ਖੁਸ਼ ਹੋਏ ਤੇ ਕਹਿਣ ਲਗੇ, ''ਸੰਤ ਜੀ, ਮੈਨੂੰ ਕੋਈ ਸੇਵਾ ਦਸੋ।'' ਮੈ ਕਿਹਾ, ''ਜੀ ਕੁਝ ਜਮੀਨ ਦੀ ਕਿਰਪਾ ਕਰੋ।'' ਤੇ ਉਹਨਾਂ ਕਿਹਾ, ''ਸੰਤ ਜੀ ਕਿੰਨੀ ਕੁ ਜਮੀਨ ਚਾਹੀਦੀ ਹੈ?'' ਮੈ ਕਿਹਾ ਕਿ ਦਸਾਂ ਕੁ ਹਲਾਂ ਦੀ ਕਿਰਪਾ

ਹੋ ਜਾਵੇ ਤਾਂ ਠੀਕ ਹੈ। ਪਰ ਦਿਵਾਨ ਜੀ ਕਹਿਣ ਲਗੇ, "ਸੰਤ ਜੀ ਮੇਰੇ ਆਖੇ ਲੱਗੋ ਤੇ ੧੦੦ ਹਲ ਦੀ ਜਮੀਨ ਲੈ ਲਵੋ ਤੇ ਜੋ ਵੀ ਤੁਹਾਡੇ ਰਿਸ਼ਤੇਦਾਰ ਹਨ ਸਭ ਨੂੰ ਸੱਦ ਲਵੋ। ਮੈਂ ਤੁਹਾਨੂੰ ਇੱਕ ਪਿੰਡ ਅਲਾਟ ਕਰ ਦਿੰਦਾ ਹਾਂ ਜਿਸ ਵਿੱਚ ਮਕਾਨ ਵੀ ਚੰਗੇ ਹੋਣ ਤੇ ਜਮੀਨ ਵੀ ੧੦੦੦ ਏਕੜ ਤੋ ਜਿਆਦਾ ਹੋਵੇਗੀ। ਬਾਕੀ ਗੱਲ ਇਹ ਹੈ ਕਿ ਜਮੀਨ ਕੱਚੀ ਅਲਾਟ ਨਹੀ ਹੋਵੇਗੀ। ਮੇਰੀ ਕਲਮ ਚੱਲੀ ਹੋਈ ਤੁਹਾਨੂੰ ਕੋਈ ਉੱਠਾ ਨਹੀ ਸਕੇਗਾ। ਤੁਸੀ ਕਦੀ ਯਾਦ ਕਰੋਗੇ ਕਿ ਦਿਵਾਨ ਅਯੁੱਧਿਆ ਦਾਸ ਨੇ ਸਾਡੀ ਸੇਵਾ ਕੀਤੀ ਸੀ।" ਮੈ ਕਿਹਾ, "ਜੀ ਠੀਕ ਹੈ ਜਿਵੇ ਤੁਹਾਡਾ ਹੁਕਮ ਹੈ ਉਹੀ ਠੀਕ ਹੈ।" ਦਿਵਾਨ ਸਾਹਿਬ ਨੇ ਮੈਨੂੰ ਸਵੇਰੇ ੯ ਵਜੇ ਅਪਣੇ ਦਫਤਰ ਆਉਣ ਵਾਸਤੇ ਕਿਹਾ ਤੇ ਨਾਲੇ ਕਿਹਾ ਕਿ ਉਹ ਆਪ ਹੀ ਤਾਸੀਲਦਾਰ ਤੇ ਕਾਂਨੂੰ ਗੋ ਤੇ ਚਾਰ ਪਟਵਾਰੀ ਬੁਲਾ ਕੇ ਸਭ ਇੰਤਜਾਮ ਕਰ ਦੇਣਗੇ। ਮੈਂ ਉਹਨਾਂ ਦੀ ਗੱਲ ਮੰਨ ਕੇ ਤੇ ਸਤਿ ਬਚਨ ਕਹਿ ਕੇ ਨੰਬਰਦਾਰ ਲਾਭ ਸਿੰਘ ਦੇ ਪਿੰਡ ਤਲਵੰਡੀ ਆ ਗਿਆ ਤੇ ਸਾਰੀ ਗੱਲਬਾਤ ਨੰਬਰਦਾਰ ਨੂੰ ਆ ਕੇ ਦੱਸੀ। ਉਹ ਬੜਾ ਖੁਸ਼ ਹੋਇਆ।

ਪਰ ਸੱਜਣੋ ਬੰਦੇ ਦੇ ਕੁਝ ਵੀ ਵੱਸ ਨਹੀ ਹੁੰਦਾ ਬੰਦਾ ਕੁਝ ਵੀ ਸੋਚ ਲਵੇ ਪਰ ਹੁੰਦਾ ਉਹੀ ਹੈ ਜੋ ਪ੍ਰਮਾਤਮਾਂ ਨੂੰ ਮਨਜੂਰ ਹੋਵੇ। ਅੱਜ ਐਤਵਾਰ ਸੀ ਤੇ ਦਿਵਾਨ ਸਾਹਿਬ ਪਰਿਵਾਰ ਸਮੇਤ ਸ਼ਾਮ ਦੇ ੬ ਵਜੇ ਸਿਨਮਾਂ ਦੇਖਣ ਚਲੇ ਗਏ ਤੇ ਫਿਲਮ ਵੇ ਖ ਕੇ ੯ ਵਜੇ ਘਰ ਆਏ ਤੇ ਕੁਰਸੀ ਤੇ ਬੈਠਕੇ ਅਖਬਾਰ ਪੜ੍ਹਨ ਲਗ ਪਏ ਤੇ ਨੌਕਰ ਮੇਜ ਤੇ ਦੁੱਧ ਰੱਖ ਗਿਆ ਤੇ ਦਿਵਾਨ ਜੀ ਅਖਬਾਰ ਪੜ੍ਹਦੇ ਪੜ੍ਹਦੇ ਸਦਾ ਦੀ ਨੀਂਦ ਸੌ ਗਏ। ਹੱਥ ਵਿੱਚ ਅਖਬਾਰ ਫੜੀ ਰਹਿ ਗਈ ਤੇ ਸੁਵਾਸ ਨਿਕਲ ਗਏ। ਅੱਧੇ ਘੰਟੇ ਬਾਅਦ ਨੌਕਰ ਆਇਆ ਦੁੱਧ ਵਾਲਾ ਗਿਲਾਸ ਲੈਣ ਵਾਸਤੇ ਪਰ ਦੁੱਧ ਉਸੇ ਤਰ੍ਹਾਂ ਮੇ ਜ਼ ਤੇ ਪਿਆ ਸੀ ਨੌਕਰ ਨੇ ਜਾ ਕੇ ਦੱਸਿਆ, "ਮਾਤਾ ਜੀ ਮੈਂ ਆਵਾਜਾਂ ਵੀ ਮਾਰੀਆਂ ਹਨ ਤੇ ਦਿਵਾਨ ਜੀ ਬੋਲੇ ਹੀ ਨਹੀ ਤੇ ਨਾ ਹੀ ਅਜੇ ਤਕ ਦੁੱਧ ਪੀਤਾ ਹੈ।" ਗੱਲ ਕੀ ਸਾਰਾ ਪਰਿਵਾਰ ਇੱਕੱਠਾ ਹੋ ਗਿਆ। ਡਾਕਟਰ ਨੂੰ ਟੈਲੀਫੋਨ ਕੀਤਾ ਦੋ ਚਾਰ ਡਾਕਟਰ ਆ ਗਏ ਪਰ ਕੋਈ ਚਾਰਾ ਨਾ ਚਲ ਸਕਿਆ ਬਗੈਰ ਰੋਣ ਤੋਂ। ਇਸੇ ਵਾਸਤੇ ਮਹਾਂ ਪੁਰਸ਼ਾ ਨੇ ਲਿਖਿਆ ਹੈ ਸਾਖੀ ਪ੍ਰਮਾਣ ਵਿੱਚ ਸਲੋਕ :

*"ਸੁਵਾਸ ਸੁਵਾਸ ਹਰ ਨਾਮ ਜਪ ਬਿਰਥਾ ਸੁਵਾਸ ਮਤ ਖੋਏ।*
*ਕਿਆ ਜਾਣਾਂ ਜੋ ਅੰਤ ਕਾ, ਏਹੀ ਸੁਵਾਸ ਮਤ ਹੋਏ।"*

*ਗੁਰਬਾਣੀ ਵਿੱਚ ਵੀ ਇਸ ਤਰ੍ਹਾਂ ਲਿਖਿਆ ਹੈ।*

*ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ*

*ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ।।*

ਇਸ ਘਰ ਵਿੱਚ ਤੇ ਘੱਲੂਘਾਰਾ ਵਰਤ ਗਿਆ, ਤਖਤਾ ਉਲਟ ਗਿਆ। ਉਧਰ ਮੈ ਤਲਵੰਡੀ ਨੰਬਰਦਾਰ ਪਾਸ ਰਾਤ ਕੱਟਕੇ ਸਵੇਰੇ ਬੜੇ ਚਾਅ ਨਾਂਲ ਕਪੂਰਥਲੇ ਸ਼ਹਿਰ ਵਿੱਚ ਆਇਆ ਕਿ ਅੱਜ ਮੈਨੂੰ ਦਿਵਾਨ ਸਾਹਿਬ ਨੇ ਜਮੀਨ ਅਲਾਟ ਕਰ ਦੇਣੀ ਹੈ। ੧੦੦ ਹਲ ਦੀ। ਪਰ ਇਹ ਗੱਲ ਪ੍ਰਭੂ ਨੂੰ ਮਨਜ਼ੂਰ ਨਹੀ ਸੀ। ਮੇਰੀਆਂ ਖੁਸ਼ੀਆਂ ਤੇ ਉਮੀਦਾਂ ਤੇ ਪਾਣੀ ਫਿਰ ਗਿਆ।

*"ਬੱਲੇ ਓਏ ਕਿਸਮਤ ਦਿਆ ਬਲੀਆ*
*ਰਿਧੀ ਖੀਰ ਤੇ ਹੋ ਗਿਆ ਦਲੀਆ।"*

ਮੈ ਜਦੋਂ ਕਪੂਰਥਲੇ ਆਇਆ ਤੇ ਸਾਰਾ ਸ਼ਹਿਰ ਬੰਦ ਸੀ ਹੜਤਾਲ ਹੋਈ ਹੋਈ ਸੀ। ਮੈ ਲੋਕਾਂ ਨੂੰ ਪੁਛਿਆ ਕਿ ਕੀ ਕਾਰਣ ਹੈ ਇੱਕ ਪੁਰਸ਼ ਨੇ ਦਸਿਆ ਕਿ ਰਾਜਾ ਜੀ ਦੇ ਵੱਡੇ ਦਿਵਾਨ ਸਾਹਿਬ ਅਯੁੱਧਿਆ ਦਾਸ ਜੀ ਰਾਤ ਦੇ ਸਾਢੇ ਨੌ ਵਜੇ ਪੂਰੇ ਹੋ ਗਏ ਹਨ। ਇਸ ਕਰਕੇ ਸਾਰਾ ਸ਼ਹਿਰ ਬੰਦ ਹੈ। ਮੇਰਾ ਮਨ ਇਹ ਗੱਲ ਸੁਣ ਕੇ ਬੜਾ ਦੁਖੀ ਹੋਇਆ। ਮਨ ਨੂੰ ਆਖਿਆ ਕਿ ਤੇਰੇ ਕਰਮਾਂ ਦੀ ਖੇਡ ਹੈ। ਲਿਖਿਆ ਹੈ ਕਿ

*"ਮਿਟ ਸਕਦੀ ਨਾ ਤਖਤੀ ਲਿਖੀ ਹੋਈ ਕਰਮਾਂ ਦੀ ਵਾਹਵਾ।"*

*ਸ਼ਬਦ ਹਜਾਰੇ ਵਿੱਚ ਵੀ ਲਿਖਿਆ ਹੈ:*

*"ਵਿਣੁ ਕਰਮਾ ਕਿਛੁ ਪਾਈਐ ਨਾਹੀ, ਜੇ ਬਹੁਤੇਰਾ ਧਾਵੈ।"*

*ਬੈਤ :- "ਬੇ ਬੰਦਿਆ ਤੂੰ ਤੇ ਚਾਹਵਦਾ ਹੈ, ਸਾਰੇ ਮੁਲਖ ਦਾ ਮੇਰੇ ਕੋਲ ਰਾਜ ਹੋਏ।*
*ਉਤੇ ਤਖਤ ਦੇ ਹੋਵਾਂ ਜਰੂਰ ਬੈਠਾ, ਮੇਰੇ ਸਿਰ ਤੇ ਰਾਜ ਦਾ ਤਾਜ ਹੋਵੇ।*
*ਸੁਹਣੀਆ ਅਪਸਰਾਂ ਹੋਣ ਭੋਗ ਭੋਗਣੇ ਨੂੰ, ਮੇਰਾ ਸੁਹਣਾਂ ਸਮਾਨ ਤੇ ਸਾਜ ਹੋਏ*
*ਕਿਹੜੀ ਕਲਪਨਾਂ ਕਰੇ ਤੂੰ ਬੰਦਿਆ ਹੋਏ, ਉਹ ਕਿਹੜੀ ਵਸਤ ਜਿਹੜੀ ਬਿਨਾਂ ਭਾਗ ਹੋਵੇ।"*

ਮੈ ਫਿਰ ਵਾਪਿਸ ਤਲਵੰਡੀ ਆ ਗਿਆ ਉਥੇ ਨੰਬਰਦਾਰ ਪਾਸ ਰਾਤ ਕੱਟੀ। ਸਵੇਰੇ ਉੱਠ ਕੇ ਕਪੂਰਥਲੇ ਆਇਆ ਤੇ ਬਾਜਾਰ ਵਿੱਚ ਮੈਨੂੰ ਲਾਲ ਚੰਦ ਡਰਾਈਵਰ ਮਿਲ ਗਿਆ। ਉਸਨੇ ਮੈਨੂੰ ਕਿਹਾ, "ਸੰਤ ਜੀ, ਤੁਸੀ ੧੦-੧੨ ਦਿਨਾਂ ਤਕ ਫਿਰ ਆਉਣਾਂ ਜਰੂਰ।" ਉਸਨੂੰ ਮਿਲਕੇ ਮੈ ਵਾਪਿਸ ਅਪਣੇ ਪਿੰਡ ਵੇਰਕੇ ਆ ਗਿਆ। ਘਰ ਦਾ ਪਤਾ

ਲਿਆ ਪਰ ਕੰਮ ਕਰਨ ਨੂੰ ਦਿਲ ਨਾ ਕਰੇ. ਸੋਚਾਂ ਵਿੱਚ ਪਏ ਰਹਿਣਾਂ। ਪੰਦਰਾਂ ਦਿਨ ਇਸੇ ਤਰਾਂ ਲੰਘ ਗਏ ਤੇ ਮੈ ਫਿਰ ਜਾ ਕੇ ਲਾਲ ਚੰਦ ਡਰਾਈਵਰ ਨੂੰ ਮਿਲਿਆ। ਉਹ ਬੜੇ ਹੀ ਪ੍ਰੇਮ ਨਾਲ ਮਿਲਿਆ ਤੇ ਉਸਨੇ ਕਿਹਾ, "ਸੰਤ ਜੀ ਮੈ ਅੱਜ ਤੁਹਾਨੂੰ ਬਹੁਤ ਯਾਦ ਕਰਦਾ ਸਾਂ ਕਿ ਪਤਾ ਨਹੀ ਸੰਤ ਕਿਉ ਨਹੀਂ ਆਏ।" ਇਸੇ ਤਰ੍ਹਾਂ ਦੀਆ ਗੱਲਾਂ ਬਾਤਾਂ ਕਰਦੇ ਰਾਤ ਮੈ ਫਿਰ ਨੰਬਰਦਾਰ ਪਾਸ ਤਲਵੰਡੀ ਗਿਆ ਤੇ ਸਾਰੇ ਨਗਰ ਦੇ ਲੋਕ ਇਕੱਠੇ ਹੋ ਕੇ ਗੁਰਦੁਵਾਰੇ ਆਏ। ਮੈ ਕੀਰਤਨ ਕੀਤਾ ਅਗਲੇ ਦਿਨ ਵੀ ਮੈਂ ਤਲਵੰਡੀ ਹੀ ਰਿਹਾ ਤੇ ਤੀਸਰੇ ਦਿਨ ਐਤਵਾਰ ਨੂੰ ਮੈ ਸਵੇਰੇ ਸਵੇਰੇ ਪ੍ਰਸਾਦਾ ਛਕ ਕੇ ਅੱਠ ਵਜੇ ਦੇ ਕਰੀਬ ਕਪੂਰਥਲੇ ਪਹੁੰਚ ਗਿਆ ਤੇ ਅੱਗੇ ਲਾਲ ਚੰਦ ਮੇਰੀ ਉਡੀਕ ਕਰ ਰਿਹਾ ਸੀ। ਉਹ ਉਸੇ ਵਕਤ ਮੈਨੂੰ ਨਾਲ ਲੈ ਕੇ ਸ੍ਰਦਾਰ ਨੱਥਾ ਸਿੰਘ ਜੀ ਕਲੈਕਟਰ ਦੀ ਕੋਠੀ ਪੁੱਜਾ ਤੇ ਜਾ ਕੇ ਕਹਿਣ ਲਗਾ, "ਸ੍ਰਦਾਰ ਜੀ ਇਹ ਸੰਤ ਜੀ ਦਿਵਾਨ ਸਾਹਿਬ ਦੇ ਗੁਰੂ ਜੀ ਹਨ ਤੇ ਆਪ ਜੀ ਕੋ ਮਿਲਣ ਵਾਸਤੇ ਆਏ ਹਨ।" ਸ੍ਰ: ਨੱਥਾ ਸਿੰਘ ਜੀ ਨੇ ਇਹ ਗੱਲ ਸੁਣ ਕੇ ਮੈਨੂੰ ਅੰਦਰ ਕਮਰੇ ਵਿੱਚ ਬੁਲਾ ਲਿਆ ਤੇ ਬੜਾ ਆਦਰ ਮਾਣ ਕੀਤਾ ਬਲਕਿ ਸਾਰੇ ਪਰਿਵਾਰ ਨੇ ਆ ਕੇ ਮੱਥਾ ਟੇਕਿਆ ਤੇ ਦੁੱਧ, ਮਠਿਆਈ, ਫਰੂਟ ਲਿਆ ਕੇ ਛਕਾਇਆ। ਫਿਰ ਗੱਲਾਂ ਬਾਤਾਂ ਗੁਰੂ ਘਰਦੀਆਂ ਕਾਫੀ ਕੀਤੀਆਂ ਤੇ ਫਿਰ ਦਿਵਾਨ ਸਾਹਿਬ ਦੀਆਂ ਗੱਲਾਂ ਕਰਦੇ ਰਹੇ। ਮੈ ਸਾਰੀ ਵਾਰਤਾ ਸੁਣਾਈ ਜੋ ਵੀ ਦਿਵਾਨ ਸਾਹਿਬ ਨਾਲ ਜਮੀਨ ਬਾਰੇ ਹੋਈ ਸੀ। ਮੇਰੀਆਂ ਸਭ ਗੱਲਾਂ ਸੁਣ ਕੇ ਸ੍ਰ: ਨੱਥਾ ਸਿੰਘ ਜੀ ਨੇ ਕਿਹਾ, "ਸੰਤ ਜੀ, ਦਿਵਾਨ ਜੀ ਜੋ ਜੀ ਕਰੇ ਕਰ ਸਕਦੇ ਸਨ। ਉਹਨਾਂ ਦੀ ਕੀਤੀ ਕੋਈ ਨਹੀ ਸੀ ਰੋਕ ਸਕਦਾ। ਉਹਨਾਂ ਦੀ ਪਾਵਰ ਬਹੁਤ ਜਿਆਦਾ ਸੀ। ਮੈ ਤਾ ਆਪ ਮਾਮੂਲੀ ਜਿਹਾ ਬੰਦਾ ਹਾਂ ਪਰ ਜਿੰਨੀ ਕੁ ਸੇਵਾ ਮੈ ਕਰ ਸਕਦਾ ਹਾਂ ਜਰੂਰ ਕਰਾਂਗਾ।" ਉਸੇ ਵਕਤ ਸ੍ਰ: ਜੀ ਨੇ ਇੱਕ ਕਾਗਜ ਲੈ ਕੇ ਚਿੱਠੀ ਲਿਖੀ ਤਸੀਲਦਾਰ ਵੱਲ ਕਿ ਇਹ ਸੰਤ ਜੀ ਆਪ ਦੇ ਪਾਸ ਆ ਰਹੇ ਹਨ। ਇਹ ਦਿਵਾਨ ਅਯੁੱਧਿਆ ਦਾਸ ਜੀ ਦੇ ਗੁਰੂ ਜੀ ਹਨ। ਜਿੰਨੀ ਵੀ ਜਮੀਨ ਹੋ ਸਕੇ ਇਹਨਾਂ ਦੇ ਨਾਮ ਅਲਾਟ ਕਰ ਦਿਓ ਤੇ ਹਰ ਤਰ੍ਹਾਂ ਇਹਨਾਂ ਦੀ ਸੇਵਾ ਕਰਨੀ ਇਹ ਬੜੇ ਮਹਾਂਪੁਰਸ਼ ਹਨ।

ਇਹ ਚਿੱਠੀ ਲਿਖ ਕੇ ਲਿਫਾਫੇ ਵਿੱਚ ਬੰਦ ਕਰਕੇ ਮੈਨੂੰ ਦੇ ਦਿੱਤੀ ਤੇ ਕਿਹਾ, "ਸੰਤ ਜੀ ਤੁਸੀ ਤਸੀਲ ਭੂੰਗੇ ਵਿੱਚ ਚਲੇ ਜਾਓ ਤੇ ਜਾ ਕੇ ਚਿੱਠੀ ਤਾਸੀਲਦਾਰ ਨੂੰ ਦੇ ਦੇਣਾ।" ਤਸੀਲ ਭੂੰਗਾ ਹੁਸ਼ਿਆਰਪੁਰ ਤੋ ਅੱਗੇ ਹੈ। ਇਸ ਤਸੀਲ ਵਿੱਚ ੨੪ ਪਿੰਡ ਰਿਆਸਤ ਕਪੂਰਥਲੇ ਦੇ ਹਨ। ਇਸ ਤਸੀਲ ਵਿੱਚ ਸਰਦਾਰ ਨੱਥਾ ਸਿੰਘ ਜੀ ਕਦੇ ਤਸੀਲਦਾਰੀ ਕਰਦੇ ਰਹੇ ਸਨ। ਫਿਰ ਕਲੈਕਟਰ ਬਣੇ ਸਨ। ਇਸ ਤਸੀਲ ਵਿੱਚ ਇੱਕ ਪਿੰਡ ਹੈ ਤਗੜ ਬਡਾਲਾ ਅੱਧਾ ਸਿੱਖਾਂ ਦਾ ਤੇ ਅੱਧਾ ਮੁਸਲਮਾਨਾਂ ਰੰਗੜਾਂ ਦਾ ਸੀ। ਇਸ

ਪਿੰਡ ਵਿੱਚ ਲਾਭ ਸਿੰਘ ਨੰਬਰਦਾਰ ਸੀ ਇਸ ਨੰਬਰਦਾਰ ਵੱਲ ਇੱਕ ਰੁੱਕਾ ਲਿਖਕੇ ਮੈਨੂੰ ਦੇ ਦਿੱਤਾ ਸੀ ਇਸ ਵਿੱਚ ਲਿਖਿਆ ਸੀ, ਕਿ ਨੰਬਰਦਾਰ ਜੀ ਆਪਦੇ ਪਾਸ ਸੰਤ ਅਮਰ ਸਿੰਘ ਜੀ ਆ ਰਹੇ ਹਨ। ਇਹਨਾਂ ਨੂੰ ਸਾਰੇ ਪਿੰਡ ਦੀ ਜਮੀਨ ਵਿਖਾ ਦੇਣੀ ਤੇ ਇਹਨਾਂ ਦੀ ਪੂਰੀ ਸੇਵਾ ਕਰਨੀ। ਇਹ ਦਿਵਾਨ ਅਯੁੱਧਿਆ ਦਾਸ ਜੀ ਦੇ ਗੁਰੂ ਹਨ।'' ਮੈਂ ਚਿੱਠੀ ਤੇ ਰੁੱਕਾ ਲੈ ਕੇ ਅੱਜ ਹੀ ਕਪੂਰਥਲੇ ਤੋਂ ਸਾਈਕਲ ਤੇ ਅਸਵਾਰ ਹੋ ਕੇ ਰਾਤ ਤਗੜ ਬਡਾਲੇ ਲਾਭ ਸਿੰਘ ਨੰਬਰਦਾਰ ਪਾਸ ਪੁੱਜ ਗਿਆ। ਨੰਬਰਦਾਰ ਨੂੰ ਰੁੱਕਾ ਦੇ ਦਿੱਤਾ। ਉਸਨੇ ਰੁੱਕਾ ਪੜਿਆ ਤੇ ਮੇਰੀ ਬੜੀ ਸੇਵਾ ਕੀਤੀ। ਰਾਤ ਕਾਫੀ ਬਚਨ ਬਿਲਾਸ ਹੁੰਦੇ ਰਹੇ।

ਸਵੇਰੇ ਉੱਠ ਕੇ ਇਸ਼ਨਾਨ ਕੀਤਾ ਫਿਰ ਨਿਤਨੇਮ ਕੀਤਾ ਬਾਅਦ ਵਿੱਚ ਜਲ ਪਾਣੀ ਛਕ ਕੇ ਨੰਬਰਦਾਰ ਜੀ ਨੇ ਮੈਨੂੰ ਨਾਲ ਲੈ ਕੇ ਸਾਰੇ ਨਗਰ ਦੀ ਜਮੀਨ ਦਿਖਾਈ ਫਿਰ ਮੁਸਲਮਾਨਾਂ ਦੇ ਘਰ ਦਿਖਾਏ। ਮੈਂ ਘਰ ਵੇਖ ਕੇ ਦੰਗ ਰਹਿ ਗਿਆ ਬੜੇ ਬੜੇ ਵਧੀਆ ਪੱਕੇ ਮਕਾਨ ਡੰਗਰਾਂ ਹੇਠ ਵੀ ਪੱਕੇ ਫਰਸ਼ ਲਗੇ ਹੋਏ ਸਨ। ਕੋਈ ਕੰਧ ਵੀ ਕੱਚੀ ਨਜਰ ਨਾ ਆਵੇ ਤੇ ਫਿਰ ਅੱਜ ਮੈਨੂੰ ਨੰਬਰਦਾਰ ਨੇ ਤਸੀਲੇ ਨਾ ਜਾਣ ਦਿੱਤਾ। ਅਗਲੇ ਦਿਨ ਮੈਂ ਪ੍ਰਸਾਦਾ ਛਕ ਕੇ ਸਾਈਕਲ ਤੇ ਚੜ੍ਹ ਕੇ ਤਸੀਲੇ ਪੁੱਜਾ ਤੇ ਬਾਹਰ ਇੱਕ ਸਿੱਖ ਬਿਰਧ ਜਿਹਾ ਖੜਾ ਸੀ। ਇਹ ਚਪੜਾਸੀ ਸੀ। ਮੈਂ ਇਸ ਨੂੰ ਪੁਛਿਆ ਕਿ ਤਸੀਲਦਾਰ ਸਾਹਿਬ ਇਸ ਵਕਤ ਕਿਥੇ ਹਨ। ਇਸਨੇ ਆਖਿਆ ਕਿ ਅੰਦਰ ਬੈਠੇ ਹਨ। ਮੈਂ ਇਸਦੇ ਹੱਥ ਚਿੱਠੀ ਅੰਦਰ ਭੇਜੀ ਚਿੱਠੀ ਤੇ ਸ੍ਰ: ਨੱਥਾ ਸਿੰਘ ਜੀ ਦਾ ਨਾਮ ਲਿਖਿਆ ਹੋਇਆ ਸੀ। ਤਸੀਲਦਾਰ ਨੇ ਚਿੱਠੀ ਖੋਹਲਣ ਤੋਂ ਪਹਿਲਾਂ ਹੀ ਮੈਨੂੰ ਅੰਦਰ ਬੁਲਾ ਲਿਆ ਤੇ ਬੜੇ ਪ੍ਰੇਮ ਨਾਂਲ ਉੱਠ ਕੇ ਮਿਲਿਆ। ਫਿਰ ਕੁਰਸੀ ਤੇ ਬੈਠ ਕੇ ਰਾਜੀ ਖੁਸ਼ੀ ਪੁੱਛੀ ਬਾਅਦ ਵਿੱਚ ਚਿੱਠੀ ਖੋਹਲ ਕੇ ਪੜ੍ਹੀ ਤੇ ਕਹਿਣ ਲਗਾ, ''ਸੰਤ ਜੀ, ਜਮੀਨਾਂ ਤਾਂ ਕਾਫੀ ਅਲਾਟ ਹੋ ਚੁੱਕੀਆ ਹਨ ਪਰ ਮੈਂ ਹੁਣੇ ਪਟਵਾਰੀ ਸਾਰੇ ਬੁਲਾ ਕੇ ਪੁੱਛਦਾ ਹਾਂ। ਉਸੇ ਵਕਤ ਪਹਿਲੇ ਦੁੱਧ ਤੇ ਮਠਿਆਈ ਮੰਗਵਾਈ ਤੇ ਨਾਲੇ ਪਟਵਾਰੀ ਬੁਲਾਏ ਤੇ ਪੁਛਿਆ ਕਿ ਸੰਤਾਂ ਵਾਸਤੇ ਜਿੰਨੀ ਜਮੀਨ ਹੋ ਸਕੇ ਦਸੋ। ਤਸੀਲ ਦੇ ਨਾਲ ਹੀ ਸੜਕ ਕੇ ਕੰਢੇ ਤੇ ਫਾਬੜਾ ਪਿੰਡ ਸੀ। ਇਸ ਪਿੰਡ ਵਿੱਚ ਚਾਰ ਮੁੱਰਬੇ ਜ਼ਮੀਨ ਮਿਲੀ ਤੇ ਤਗੜ ਬਡਾਲੇ ਵਿੱਚ ਵੀ ਚਾਰ ਮੁਰੱਬੇ ਮਿਲੀ। ਅੱਠ ਮੁਰੱਬੇ ਜਮੀਨ ਮੇਰੇ ਨਾਮ ਤੇ ਅਲਾਟ ਹੋ ਗਈ ਤੇ ਮਕਾਨ ਵੀ ਚੰਗੇ ਮਿਲੇ ਤੇ ਮੈਂ ਅਪਣੇ ਕਈ ਰਿਸ਼ਤੇਦਾਰਾਂ ਨੂੰ ਚਿੱਠੀਆਂ ਪਾਈਆਂ ਕਿ ਜਲਦੀ ਮੇਰੇ ਪਾਸ ਆਓ ਮੈਂ ਤੁਹਾਡੇ ਨਾਮ ਜਮੀਨ ਅਲਾਟ ਕਰਵਾ ਦੇਵਾਂ ਪਰ ਸਾਡੀ ਕੌਮ ਹੀ ਐਸੀ ਬੇਸਮਝ ਹੈ ਕਿ ਆਖਣ ਅਸਾਂ ਜਮੀਨ ਕੀ ਕਰਨੀ ਹੈ ਅਸੀ ਤੇ ੮-੧੦ ਰੁ: ਦਿਹਾੜੀ ਲੈਂਦੇ ਹਾਂ। ਮੈਂ ਬੜੀ ਕੋਸ਼ਿਸ਼ ਕੀਤੀ ਪਰ ਮੇਰੇ ਪਾਸ ਕੋਈ ਵੀ ਰਿਸ਼ਤੇ

ਦਾਰ ਨਾ ਪੁੱਜਾ। ਖੈਰ ਮੈ ਮੁਜ਼ਾਰਿਆਂ ਪਾਸੋ ਕਣਕ ਵਢਾਈ ਤਾਸੀਲਦਾਰ ਨੇ ਸਿਪਾਹੀ ਨੂੰ ਘੱਲ ਕੇ ਲੋਕਾਂ ਨੂੰ ਕਹਿ ਦਿੱਤਾ ਕਿ ਇਹ ਸੈਤ ਜਮੀਨ ਦੇ ਮਾਲਕ ਹਨ। ਕਣਕ ਦਾ ਹਿੱਸਾ ਇਹਨਾਂ ਨੂੰ ਦੇਣਾਂ। ਦੋਹਾਂ ਪਿੰਡਾਂ ਦੇ ਮੁਜਾਹਰੇ ਮੇਰਾ ਆਦਰ ਸਤਿਕਾਰ ਕਰਨ ਲੱਗ ਪਏ ਤੇ ਕਣਕਾਂ ਗਾਹੀਆਂ ਦਾਣੇ ਕੱਢੇ ਦੋਹਾਂ ਥਾਵਾਂ ਤੋ ਡੇਢ ਸੌ ਮਣ ਪੱਕੇ ਦਾਣੇ ਮੈਨੂੰ ਮਿਲੇ. ਤੂੜੀ ਵੀ ਅੱਧੀ ਲੈ ਕੇ ੨੦੦ ਦੀ ਵੇਚ ਦਿੱਤੀ. ਦਾਣੇ ੧੨ ਕੁ ਮਣ ਰਖ ਕੇ ਬਾਕੀ ੯ ਰੁ: ਮਣ ਦੇ ਹਿਸਾਬ ਨਾਲ ਵੇਚ ਦਿੱਤੇ ਤੇ ਅਗੋਂ ਮੈ ਜਮੀਨ ਫਿਰ ਹਿੱਸੇ ਤੇ ਦੇ ਦਿੱਤੀ. ਚਮਿਆਰਾਂ ਨੂੰ ਪਟੇ ਕਰ ਦਿੱਤੇ. ਕੁਝ ਰਕਮ ਖਰਚ ਕੀਤੀ ਤਾਸੀਲਦਾਰ ਦੀ ਤੇ ਬਾਕੀ ਮੁਲਾਜਮਾਂ ਦੀ ਪਾਰਟੀ ਕਰ ਦਿੱਤੀ।

੧੨ ਮਣ ਦਾਣੇ ਮੈ ਲਾਭ ਸਿੰਘ ਨੰਬਰਦਾਰ ਦੇ ਘਰ ਅਮਾਨਤ ਰਖੇ ਤੇ ੧੦੦੦ ਕੁ ਰੁ: ਲੈ ਕੇ ਮੈ ਘਰ ਆ ਗਿਆ ਤੇ ਪਿਛੇ ਦੁਕਾਨ ਦਾ ਕੰਮ ਮੇਰਾ ਸ਼ਗਿਰਦ ਗੁਰਦਾਸ ਕਰਦਾ ਰਿਹਾ। ਪਰ ਕੰਮ ਮੇਰੇ ਜਾਣ ਕਰਕੇ ਕਾਫੀ ਘੱਟ ਗਿਆ ਸੀ। ਪਰ ਜਦੋ ਮੈ ਵਾਪਿਸ ਆਇਆ ਤਾਂ ਕੁਦਰਤੀ ਮੇਰੇ ਦੁਕਾਨ ਤੇ ਬੈਠਣ ਨਾਲ ਕੰਮ ਫਿਰ ਉਸੇ ਤਰ੍ਹਾਂ ਚਲਣ ਲਗ ਪਿਆ। ਮੈ ਜਮੀਨ ਵੱਲ ਵੀ ਚੱਕਰ ਲਾਉਣਾਂ. ਬੱਚੇ ਛੋਟੇ ਛੋਟੇ ਸੀ। ਸਾਰੇ ਪਾਸੇ ਆਪੇ ਹੀ ਜਾਣਾਂ ਪੈਂਦਾ ਸੀ। ਸਾਉਣੀ ਦੀ ਫਸਲ ਦਾ ਵੀ ਹਿੱਸਾ ਮੈ ਜਾ ਕੇ ਵੰਡਾ ਲਿਆ ਤੇ ਫਿਰ ਮੈ ਘਰ ਆ ਗਿਆ।

# (੨੮) ਕੇਸ ਚੋਂ ਬਰੀ ਅਤੇ ਯੂ.ਪੀ. ਜਾ ਕੇ ਵੱਸਣਾਂ

ਚੇਤਰ ਵਿੱਚ ਹੋਣੀ ਐਸੀ ਵਰਤੀ ਕਿ ਮੈ ਕਤਲ ਦੇ ਕੇਸ ਵਿੱਚ ਫਸ ਗਿਆ ਤੇ ਜਿਹਲ ਚਲਾ ਗਿਆ। ਘਰ ਦੀ ਬਰਬਾਦੀ ਹੋ ਗਈ ਫਿਰ ਸਤਿਗੁਰੂ ਦੀ ਕਿਰਪਾ ਹੋਈ ਸੈਸ਼ਨ ਦੀ ਤਾਰੀਕ ਨਿਕਲੀ ੧੫, ੧੬, ੧੭ ਇਹ ਤਿੰਨ ਤਰੀਕਾਂ ਨਿਕਲੀਆਂ ਪੁਲਸ ਨੇ ਮੇਰੇ ਉਤੇ ੨੩ ਗਵਾਹ ਮੌਕੇ ਦੇ ਬਣਾਏ ਤੇ ਇਹਨਾਂ ਗਵਾਹਾਂ ਨੇ ਬੜੇ ਜੋਰ ਸ਼ੋਰ ਨਾਲ ਗਵਾਹੀਆਂ ਦਿੱਤੀਆਂ ਫਿਰ ਵਕੀਲਾਂ ਦੀ ਬਹਿਸ ਹੋਈ ਬੜੀ ਜਬਰਦਸਤ। ਮੇਰੇ ਬਿਆਨ ਵੀ ਹੋਏ ਤੇ ਬਾਅਦ ਵਿੱਚ ਸੈਸ਼ਨ ਨੇ ੧੭ ਤਾਰੀਕ ਕੱਟਕੇ ਹੁਕਮ ਦੀ ੧੯ ਤਾਰੀਕ ਸੁਣਾਂ ਦਿੱਤੀ ਤੇ ਅੱਜ ੧੯ ਤਾਰੀਕ ਵਾਲੇ ਦਿਨ ਮੈਨੂੰ ਕਚਹਿਰੀ ਵਿੱਚ ਲਿਆਂਦਾ ਗਿਆ ਤੇ ਸਾਡੇ ਘਰੋਂ ਵੀ ਸਾਰਾ ਪਰਿਵਾਰ ਆਇਆ ਹੋਇਆ ਸੀ। ਕਈ ਲੋਕ ਹੋਰ ਵੀ ਆਏ ਹੋਏ ਸਨ। ਸਾਨੂੰ ਜਾਂਦਿਆਂ ਹੀ ਆਵਾਜ ਪੈ ਗਈ ਤੇ ਮੈਨੂੰ ਸਿਪਾਹੀ ਅੰਦਰ ਲੈ ਗਿਆ। ਸੈਸ਼ਨ ਜੱਜ ਅੱਜੇ ਕੁਰਸੀ ਤੇ ਨਹੀ ਸੀ ਬੈਠਾ ਤੇ ਮੈਂ ਜਾ ਕੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਜੱਜ ਨੇ ਮੇਰੇ ਵੱਲ ਵੇਖਿਆ ਤੇ ਕਹਿਣ ਲਗਾ, "ਜਾਓ ਤੁਸੀ ਬਰੀ ਹੋ।" ਉਸੇ ਵੇਲੇ ਸਿਪਾਹੀ ਨੇ ਮੇਰੀ ਹੱਥਕੜੀ ਲਾਹ ਦਿੱਤੀ ਤੇ ਮੈ ਜਾ ਕੇ ਸੈਸ਼ਨ ਨੂੰ ਹੱਥ ਜੋੜਕੇ ਮੱਥਾ ਟੇਕਿਆ ਤੇ ਉਸਨੇ ਮੇਰੀਆਂ ਬਾਹਾਂ ਫੜਕੇ ਆਖਿਆ, "ਤੂੰ ਹੱਕੀ ਕਾਤਲ ਸੀ, ਤੇ ਮੈ ਤੈਨੂੰ ੨੦ ਸਾਲ ਦੀ ਕੈਦ ਦਾ ਅੱਜ ਹੁਕਮ ਸੁਣਾਉਣਾਂ ਸੀ ਪਰ ਅੱਜ ਰਾਤ ਨੂੰ ਮੈਨੂੰ ਤੇਰਾ ਗੁਰੂ ਸੁਪਨੇ ਵਿੱਚ ਮਿਲਿਆ ਹੈ ਤੇ ਉਸਨੇ ਕਿਹਾ ਹੈ ਕਿ, "ਅਮਰ ਸਿੰਘ ਨੇ ਕਤਲ ਜਰੂਰ ਕੀਤਾ ਹੈ ਪਰ ਤੂੰ ਇਸਨੂੰ ਸਜਾ ਨਾ ਸੁਣਾਵੀ ਸਗੋਂ ਬਰੀ ਕਰ ਦਈ। ਅਗਰ ਬਰੀ ਨਾ ਕੀਤਾ ਤੇ ਤੇਰਾ ਇੱਕੋ ਹੀ ਪੁੱਤਰ ਹੈ ਉਹ ਅੱਠਾਂ ਦਿਨਾਂ ਦੇ ਅੰਦਰ ਅੰਦਰ ਮਰ ਜਾਏਗਾ।" ਇਹ ਗੱਲ ਅੱਜ ਰਾਤ ਤੇਰੇ ਗੁਰੂ ਨੇ ਮੈਨੂੰ ਕਹੀ ਹੈ। ਉਸਦਾ ਨਾਮ ਪ੍ਰਤਾਪ ਸਿੰਘ ਤੇ ਹੱਥ ਵਿੱਚ ਖੂੰਡਾ ਸੀ ਤੇ ਕਪੜੇ ਤੇਰੇ

ਵਰਗੇ ਪਾਏ ਹੋਏ ਸਨ। ਪੱਗ ਵੀ ਤੇਰੇ ਵਰਗੀ ਸਿੱਧੀ ਬੰਨੀ ਹੋਈ ਸੀ।'' ਇਹ ਨਿਸ਼ਾਨੀਆਂ ਮੈਨੂੰ ਜੱਜ ਨੇ ਸਤਿਗੁਰਾਂ ਦੀਆ ਦੱਸੀਆਂ। ਮੈਂ ਹੱਥ ਜੋੜ ਕੇ ਕਿਹਾ, ''ਜੀ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਵਾਲੇ ਹਨ।'' ਸੈਸ਼ਨ ਨੇ ਮੈਨੂੰ ਕਿਹਾ, ''ਜਾ ਹੁਣ ਤੂੰ ਆਪਣੇ ਘਰ ਪਰ ਫਿਰ ਐਸਾ ਕੰਮ ਨਾ ਕਰੀ। ਹੁਣ ਜਲਦੀ ਚਲੇ ਜਾ।'' ਮੈ ਸਤਿ ਸ੍ਰੀ ਅਕਾਲ ਬੁਲਾ ਕੇ ਬਾਹਰ ਆ ਕੇ ਸਭ ਪਿੰਡ ਦੇ ਲੋਕਾਂ ਨੂੰ ਫਤਹਿ ਬੁਲਾਈ ਤੇ ਬੱਚਿਆਂ ਨੂੰ ਨਾਲ ਲੈ ਕੇ ਅੱਜ ਘਰ ਆ ਗਿਆ। ਸਤਿਗੁਰਾਂ ਦੀ ਕਿਰਪਾ ਨਾਲ।

ਜਦੋ ਮੈ ਕਤਲ ਦੇ ਕੇਸ ਵਿੱਚ ਗਰਿਫਤਾਰ ਸਾਂ ਤੇ ਮੈ ਜ਼ਮੀਨ ਵੱਲ ਨਾ ਜਾ ਸਕਿਆ। ਦੋ ਚਿਠੀਆਂ ਵੀ ਮੇਰੇ ਨਾਮ ਆਈਆ ਪਰ ਮੈਂ ਨਾ ਜਾ ਸਕਿਆ। ਇਸੇ ਗੱਲ ਵਿੱਚ ਉਹ ਜਮੀਨ ਕਿਸੇ ਹੋਰ ਨੂੰ ਅਲਾਟ ਕਰ ਦਿੱਤੀ ਗਈ। ਜੇਕਰ ਮੇਰਾ ਕੋਈ ਬੰਦਾ ਜਮੀਨ ਤੇ ਬੈਠਾ ਹੁੰਦਾ ਤਾਂ ਜਮੀਨ ਹੱਥੋਂ ਨਾ ਨਿਕਲਦੀ।

ਮੈਨੂੰ ਜੇਲ ਤੋਂ ਛੁੱਟ ਕੇ ਆਏ ਨੂੰ ਅਜੇ ੮ ਕੁ ਦਿਨ ਹੋਏ ਸਨ ਕਿ ਮੇਰੇ ਕੋਲ ਇੱਕ ਬੰਦਾ ਆਇਆ ਜਿਸਦਾ ਨਾਮ ਕੰਦੀ ਮਹੈਣ ਸਿੰਘ ਹੁੰਦਾ ਸੀ ਤੇ ਇਹ ਕਦੇ ਸੰਤ ਅਤਰ ਸਿੰਘ ਜੀ ਦਾ ਲਾਂਗਰੀ ਹੁੰਦਾ ਸੀ। ਸੰਤ ਅਤਰ ਸਿੰਘ ਮੇਰੇ ਗੁਰਭਾਈ ਸਨ। ਸੰਤ ਬੰਤਾ ਸਿੰਘ ਜੀ ਦੇ ਚੇਲੇ ਸਨ। ਇਸ ਮਹੈਣ ਸਿੰਘ ਦਾ ਪਿੰਡ ਡੇਰਾ ਬਾਬਾ ਨਾਨਕ ਦੇ ਲਾਗੇ ਠੇਠਰਕੇ ਸੀ। ਇਹ ਚੰਗਾ ਚਲਦਾ ਪੁਰਜਾ ਬੰਦਾ ਸੀ। ਜੱਟ ਸੀ ਪਰ ਖੱਤਰੀਆਂ ਦੇ ਘਰ ਵਿਆਹਿਆ ਗਿਆ ਸੀ। ਚਲਾਕ ਬੜਾ ਸੀ ਇਸਨੇ ਅਫਸਰਾਂ ਨਾਲ ਮਿਲ ਮਿਲਾ ਕੇ ਪਠਾਣ ਕੋਟ ਤੋਂ ਲੈ ਕੇ ਫਿਰੋਜਪੁਰ ਤਕ ਮਿਲਟਰੀ ਦੇ ਦੁੱਧ ਮਿਠਿਆਈਆਂ ਤੇ ਆਲੂ ਵਗੈਰਾ ਤੇ ਕਈ ਹੋਰ ਚੀਜਾਂ ਦਾ ਠੇਕੇਦਾਰ ਬਣ ਕੇ ਸਪਲਾਈ ਕਰਨੀ ਸ਼ੁਰੂ ਕਰ ਦਿੱਤੀ। ਬੜਾ ਪੈਸਾ ਕਮਾਇਆ, ਚੰਗਾ ਅਮੀਰ ਬਣ ਗਿਆ ਤੇ ਕੁਦਰਤ ਐਸੀ ਵਰਤੀ ਕਿ ਗੀਢਿਆਂ ਵਿੱਚੋਂ ਤੇ ਹੋਰ ਮਿਲ ਮਿਲਾ ਕੇ ਇਸਨੂੰ ਤਿੰਨ ਲੱਖ ਦਾ ਘਾਟਾ ਪੈ ਗਿਆ ਤੇ ਇਹ ਦਿੱਲੀ ਚਲਾ ਗਿਆ। ਉਸਨੂੰ ਉਥੇ ਇੱਕ ਆਦਮੀ ਮਿਲਿਆ ਜਿਸਦਾ ਨਾਮ ਬਲਵੰਤ ਸਿੰਘ ਸੀ। ਉਹ ਵੀ ਜਿਲ੍ਹਾ ਸਿਆਲਕੋਟ ਦਾ ਸੀ ਬੜਾ ਰੋਅਬ ਵਾਲਾ ਸੀ। ਮਹੈਣ ਸਿੰਘ ਨੇ ਬਲਵੰਤ ਸਿੰਘ ਨੂੰ ਅਪਣੀ ਸਾਰੀ ਕਹਾਣੀ ਘਾਟਾ ਪੈਣ ਦੀ ਦੱਸੀ ਤੇ ਇਸਨੇ ਮਹੈਣ ਸਿੰਘ ਨੂੰ ਇਹ ਰਾਇ ਦਿੱਤੀ ਕਿ ਉਹ ਯੂ.ਪੀ ਚਲਾ ਜਾਵੇ ਤੇ ਚੱਕੀ ਲਗਾ ਕੇ ਬੈਠ ਜਾਵੇ। ਗੌਰਮਿੰਟ ਤੋ ਛੁਪ ਕੇ ਮਹੈਣ ਸਿੰਘ ਤੋ ਨਾਮ ਬਦਲ ਕੇ ਕੋਈ ਹੋਰ ਲਾ ਲਵੇ। ਇਸਨੇ ਬਲਵੰਤ ਸਿੰਘ ਦੇ ਆਖੇ ਲਗ ਕੇ ਅਪਣਾਂ ਨਾਮ ਬਦਲ ਕੇ ਕਰਤਾਰ ਸਿੰਘ ਰੱਖ ਲਿਆ ਤੇ ਬਲਵੰਤ ਸਿੰਘ ਦਾ ਐਡਰਸ ਲਿੱਖ ਕੇ ਇਹ ਸਿੱਧਾ ਮੇ ਰੇ ਕੋਲ ਆਇਆ ਵੇਰਕੇ। ਆ ਕੇ ਮੈਨੂੰ ਕਹਿਣ ਲਗਾ, ''ਸੰਤ ਜੀ, ਮੇਰੇ ਤੇ ਗੌਰਮਿੰਟ ਦਾ ਕੇਸ ਚਲਦਾ ਹੈ ਤਿੰਨ ਲੱਖ ਦਾ। ਹੋ ਸਕਦਾ ਏ, ਮੈ ਕੈਦ ਹੋ ਜਾਵ੍ਹਾਂ ਜਾਂ ਬਰੀ

ਹੋ ਜਾਵਾਂ। ਇਸ ਕਰਕੇ ਤੁਸੀ ਮੇਰੀ ਥੋੜੀ ਕੁ ਮਦਦ ਕਰੋ ਕਿ ਮੈਨੂੰ ਇੰਦਣ ਦੀ ਕੋਈ ਸਮਝ ਨਹੀ ਹੈ ਤੇ ਮੈ ਇੱਕ ਬੰਦੇ ਨਾਲ ਭਾਈਵਾਲੀ ਕਰਨੀ ਹੈ, ਯੂ.ਪੀ ਵਿੱਚ ਚੱਕੀ ਲਾਉਣ ਦਾ ਇਰਾਦਾ ਹੈ। ਉਸ ਦੂਸਰੇ ਭਾਈਵਾਲ ਦੀ ਅੱਗੇ ਵੀ ਉਥੇ ਇੱਕ ਚੱਕੀ ਚਲਦੀ ਹੈ। ਜ਼ਿਲ੍ਹਾ ਰਾਮਪੁਰ ਤਸੀਲ ਬਿਲਾਸਪੁਰ ਵਿੱਚ। ਇਹ ਉਸਦੀ ਗੱਲ ਮੈ ਸੁਣੀ। ਮੈਨੂੰ ਅਜੇ ਕਤਲ ਦੇ ਕੇਸ ਵਿੱਚੋ ਬਰੀ ਹੋ ਕੇ ਆਏ ਨੂੰ ਅੱਠ ਦਿਨ ਹੋਏ ਸਨ ਤੇ ਮੈ ਇਨਕਾਰ ਨਾ ਕਰ ਸਕਿਆ। ਮੈ ਤੇ ਕਰਤਾਰ ਸਿੰਘ ਉਸੇ ਦਿਨ ਸ਼ਾਮ ਦੇ ੭ ਵਜੇ ਅੰਮ੍ਰਿਤਸਰੋ ਪੰਜਾਬ ਮੇਲ ਵਿੱਚ ਬੈਠ ਕੇ ਸਵੇਰੇ ੭ ਵਜੇ ਜ਼ਿਲ੍ਹਾ ਰਾਮਪੁਰ ਵਿੱਚ ਆ ਉੱਤਰੇ ਤੇ ਬਿਲਾਸਪੁਰ ਜਾ ਕੇ ਬਲਵੰਤ ਸਿੰਘ ਨੂੰ ਜਾ ਮਿਲੇ ਤੇ ਉਸਦਾ ਇੰਦਣ ਬਿਲਾਸਪੁਰ ਤੋਂ ਨੌ ਮੀਲ ਅੱਗੇ ਇੱਕ ਪਿੰਡ ਪਨਵੜੀਆ ਸੀ, ਇਥੇ ਚਲਦਾ ਸੀ। ਅਸੀ ਘੋੜੇ ਕਿਰਾਏ ਤੇ ਕਰਕੇ ਪਨਵੜੀਆਂ ਪੁੱਜੇ। ਜਾ ਕੇ ਇੰਦੰਣ ਦੇਖਿਆ ਠੀਕ ਠਾਕ ਕੰਮ ਕਰਦਾ ਸੀ। ਆਮਦਨ ਜਿਆਦਾ ਤੇ ਖਰਚਾ ਘੱਟ ਸੀ। ਇੱਕ ਰੁ: ਤੇ ਇੱਕ ਕਿਲੋ ਕਾਟ ਕ਼ਣਕ ਦੀ ਸੀ। ਦੋ ਰੁ: ਤੇ ਦੋ ਕਿਲੋ ਕਾਟ ਮੱਕੀ ਦੀ ਤੇਲ ਦਾ ਡਰੰਮ, ੧੨ ਪੀਪੇ ਕਰੂੜ ਐਲ ੫੦ ਰੁ: ਤੇ ਮੋਬਿਲ ਆਇਲ ਸਾਢੇ ਤਿੰਨ ਰੁ: ਗੈਲਨ ਮਿਲਦਾ ਸੀ। ਇਹ ਕਰਤਾਰ ਸਿੰਘ ਤੇ ਇੱਕ ਰਾਤ ਰਹਿ ਕੇ ਚਲਾ ਗਿਆ ਪਰ ਮੈਨੂੰ ਕਹਿਣ ਲਗਾ ਕਿ ਮੈ ਅੱਠ ਦਿਨ ਏਥੇ ਰਹਿ ਕੇ ਆਮਦਨ ਖਰਚ ਲਿਖ ਕੇ ਦਿੱਲੀ ਬਲਵੰਤ ਸਿੰਘ ਦੇ ਨਾਲ ਆ ਜਾਵਾਂ ਤੇ ਫਿਰ ਲਿਖ ਲਿਖਾ ਕੇ ਭਾਈ ਵਾਲੀ ਕਰਾਂਗੇ।

ਮੈ ਅੱਠ ਦਿਨ ਤੋਂ ਬਾਅਦ ਬਲਵੰਤ ਸਿੰਘ ਦੇ ਨਾਲ ਦਿੱਲੀ ਪੁੱਜ ਗਿਆ ਤੇ ਕਰਤਾਰ ਸਿੰਘ ਵੀ ਆ ਗਿਆ ਤੇ ਇੱਕ ਇੰਦਣ ਹੋਰ ਖਰੀਦ ਲਿਆ ਨਵਾਂ, ਤੇ ਚੱਕੀ, ਧਾਨ ਮਸ਼ੀਨ, ਰੂੰ ਮਸ਼ੀਨ, ਪੁਲੀਆਂ ਤੇ ਪਟੇ ਵਗੈਰਾ ਹਰ ਤਰ੍ਹਾਂ ਦਾ ਸਾਮਾਨ ਲੈ ਕੇ ਟਰੱਕ ਕਰਕੇ ਫਿਰ ਅਸੀ ਵਾਪਿਸ ਤਸੀਲ ਬਿਲਾਸਪੁਰ ਵਿੱਚ ਇੱਕ ਪਿੰਡ ਸੀ ਮੁਸਲਮਾਨਾਂ ਦਾ 'ਗੋਦੀ' ਇੱਕੇ ਇੰਦਣ ਲਿਆ ਉਤਾਰਿਆ। ਮੈ ਕਰਤਾਰ ਸਿੰਘ ਨੂੰ ਆਖਿਆ ਕਿ ਮੈਨੂੰ ਹੁਣ ਛੁੱਟੀ ਦੇਵੇ ਕਿਉਂਕਿ ਮੈ ਘਰ ਜਾਣਾਂ ਹੈ। ਘਰ ਪੈਸਾ ਵੀ ਕੋਈ ਨਹੀ ਹੈ। ਖਰਚ ਦੀ ਤੰਗੀ ਹੋਵੇਗੀ। ਮੇਰੀ ਇਹ ਗੱਲ ਸੁਣ ਕੇ ਕਰਤਾਰ ਸਿੰਘ ਕਹਿਣ ਲਗਾ, "ਸੰਤ ਜੀ ਤੁਸੀ ਨਵਾਂ ਇੰਦਣ ਫਿੱਟ ਕਰੋ ਤੇ ਮੈ ਪੰਜਾਬ ਜਾ ਕੇ ਤੁਹਾਡੇ ਘਰ ਬੀਬੀ ਜੀ ਨੂੰ ੨੦੦ ਰੁ: ਦੇ ਦੇਵਾਂਗਾ। ਤੁਸੀ ਕੋਈ ਫਿਕਰ ਨਾ ਕਰਨਾਂ। ਬੱਸ ਬੇਫਿਕਰ ਹੋ ਕੇ ਇੰਦਣ ਫਿੱਟ ਕਰੋ।" ਮੈ ਉਸਦਾ ਬਚਨ ਮੰਨ ਕੇ ਗੋਦੀ ਪਿੰਡ ਵਿੱਚ ਹੀ ਰਹਿ ਪਿਆ ਤੇ ਕਰਤਾਰ ਸਿੰਘ ਪੰਜਾਬ ਨੂੰ ਚਲਾ ਗਿਆ। ਮੈ ਇੱਟਾਂ ਦਾ ਕੰਮ ਕਰਨ ਵਾਲੇ ਮਿਸਤਰੀ ਨੂੰ ਬੁਲਾ ਕੇ ਇੱਟਾਂ ਮੰਗਵਾ ਕੇ, ਸੀਮਿੰਟ ਮੰਗਾ ਕੇ ਇੰਦਣ ਦਾ ਫਾਊਂਡੇਸ਼ਨ ਬਨਣਾਂ ਸ਼ੁਰੂ ਕਰ ਦਿੱਤਾ ਤੇ ਚੱਕੀ ਤੇ ਧਾਨ ਮਸ਼ੀਨ ਤੇ ਰੂੰਈ ਮਸ਼ੀਨ ਦਾ ਵੀ ਫਾਊਂਡੇਸ਼ਨ ਤਿਆਰ ਕਰਕੇ ਸਭ

ਮਸ਼ੀਨਾਂ ਤੇ ਇੰਵਣ ਫਿੱਟ ਕਰਕੇ ਚਾਲੂ ਕਰ ਦਿੱਤੇ ਸਨ ਤੇ ਇਸੇ ਦੌਰਾਨ ਮੈਂ ਵੇਰਕੇ ਅਪਣੇ ਘਰ ਚਿੱਠੀ ਲਿਖੀ ਕਿ ਕਰਤਾਰ ਸਿੰਘ ਖਰਚ ਵਾਸਤੇ ਤੁਹਾਨੂੰ ਕਿੰਨੇ ਰੁ: ਦੇ ਗਿਆ ਹੈ। ਮੈਨੂੰ ਜਲਦੀ ਲਿਖ ਕੇ ਭੇਜੋ। ਮੈਨੂੰ ਘਰੋ ਜਲਦੀ ਜੁਵਾਬ ਆ ਗਿਆ ਕਿ ਕਰਤਾਰ ਸਿੰਘ ਸਿਰਫ ੩੦ ਰੁ: ਦੇ ਕੇ ਗਿਆ ਸੀ ਤੇ ਘਰ ਵਿੱਚ ਹੁਣ ਪੈਸੇ ਦੀ ਬੜੀ ਤੰਗੀ ਹੈ ਜਲਦੀ ਪੈਸੇ ਭੇਜੋ। ਇੱਹ ਚਿੱਠੀ ਮੈਨੂੰ ਲੋਹੜੀ ਤੋਂ ਦੋ ਦਿਨ ਪਹਿਲਾਂ ਮਿਲ ਗਈ ਸੀ। ਚਿੱਠੀ ਪੜ੍ਹ ਕੇ ਦਿਲ ਬੜਾ ਦੁਖੀ ਹੋਇਆ ਕਿਉਂਕਿ ਕਰਤਾਰ ਸਿੰਘ ਮੈਨੂੰ ਕਹਿ ਕੇ ਗਿਆ ਸੀ ਕਿ ਉਹ ਘਰ ੨੦੦ ਰੁ: ਦੇ ਦੇਵੇਗਾ ਤੇ ਮੈਨੂੰ ਕਰਤਾਰ ਸਿੰਘ ਨੇ ਚਿੱਠੀ ਵੀ ਲਿਖ ਦਿੱਤੀ ਸੀ ਕਿ ਉਹ ਸਾਡੇ ਘਰ ੨੦੦ ਰੁ: ਦੇ ਆਇਆ ਹੈ। ਕੋਈ ਫਿਕਰ ਵਾਲੀ ਗੱਲ ਨਹੀਂ। ਮੈ ਤੇ ਬੜਾ ਬੇਫਿਕਰ ਹੋ ਕੇ ਬੈਠਾ ਹੋਇਆ ਸਾਂ ਪਰ ਅੱਜ ਮੈਨੂੰ ਘਰੋਂ ਚਿੱਠੀ ਆਈ ਕਿ ਉਹਨਾਂ ਨੂੰ ਸਿਰਫ ੩੦ ਰੁ: ਮਿਲੇ ਹਨ। ਘਰੋਂ ਆਈ ਹੋਈ ਚਿੱਠੀ ਪੜ੍ਹ ਕੇ ਮੈਂ ਉਸੇ ਵਕਤ ਇੱਕ ਮੁਸਲਮਾਨ ਨੂੰ ਬੁਲਾਇਆ ਜਿਸਦਾ ਨਾਮ ਨੰਨੇ ਖਾਂ ਸੀ। ਇਸਨੂੰ ਲੋਕ ਖਜਾਨਚੀ ਵੀ ਕਹਿੰਦੇ ਸਨ। ਮੈਂ ਇਸ ਖਜਾਨਚੀ ਕੋਲੋ ੧੦੦ ਰੁ: ਲੈ ਕੇ ਸਾਰਾ ਸਾਮਾਨ ਇਸ ਦੇ ਸਪੁਰਦ ਕਰ ਦਿੱਤਾ ਤੇ ਉਸੇ ਵਕਤ ਵਾਪਿਸ ਚਲ ਪਿਆ ਤੇ ਲੋਹੜੀ ਵਾਲੇ ਦਿਨ ਮੈ ਆਪਣੇ ਘਰ ਪਹੁੰਚ ਗਿਆ।

ਜਦੋ ਮੈ ਘਰ ਪਹੁੰਚਿਆ ਤਾਂ ਸਾਰੇ ਪਰਿਵਾਰ ਨੂੰ ਖੁਸ਼ੀ ਚੜ੍ਹ ਗਈ, ਬੱਚੇ ਖੁਸ਼ ਹੋ ਗਏ। ਇਹ ਦਿਨ ਨਿਕਲਿਆ ਅਗਲੇ ਦਿਨ ਮੈ ਸਵੇਰੇ ਚਾਰ ਵਜੇ ਜਾ ਕੇ ਨਾਨਕਸਰ ਗੁਰਦੁਵਾਰੇ ਜਾ ਮੱਥਾ ਟੇਕਿਆ ਤੇ ਸੰਗਤ ਨੇ ਮੈਨੂੰ ਕੀਰਤਨ ਕਰਨ ਵਾਸਤੇ ਕਿਹਾ। ਮੇ ਰਾ ਜਥਾ ਵੀ ਢੋਲਕੀਆਂ ਛੈਣੇ ਲੈ ਕੇ ਪੁੱਜ ਗਿਆ। ਅਸਾਂ ਕੀਰਤਨ ਸ਼ੁਰੂ ਕੀਤਾ ੭ ਵਜੇ ਕੀਰਤਨ ਦਾ ਭੋਗ ਪਾਇਆ ਤੇ ਇਸਤੋਂ ਬਾਅਦ ਸੰਤ ਰਾਮ ਸਿੰਘ ਨੇ ਬਾਰਹਮਾਹ ਦਾ ਪਾਠ ਕੀਤਾ ਤੇ ਫਿਰ ਮੈਨੂੰ ਸੰਗਤ ਨੇ ਮਾਘ ਦੇ ਮਹੀਨੇ ਦੀ ਕਥਾ ਕਰਨ ਨੂੰ ਕਿਹਾ। ਮੈ ਅੱਧਾ ਘੰਟਾ ਮਾਘ ਦੇ ਮਹੀਨੇ ਦੀ ਕਥਾ ਕੀਤੀ ਤੇ ਇਸਤੋ ਬਾਅਦ ਅਰਦਾਸਾ ਕੀਤਾ। ਭਾਈ ਰਾਮ ਸਿੰਘ ਜੀ ਨੇ ਫਿਰ ਕੜਾਹ ਪ੍ਰਸਾਦ ਸੰਗਤ ਨੂੰ ਵੰਡਿਆ ਤੇ ਸਭ ਸੰਗਤਾਂ ਘਰਾਂ ਨੂੰ ਚਲੀਆਂ ਗਈਆਂ। ਮੈਂ ਘਰ ਆ ਕੇ ਸਾਈਕਲ ਲੈ ਕੇ ਉਸੇ ਵਕਤ ਅੰਮ੍ਰਿਤਸਰ ਪੁੱਜ ਗਿਆ। ਉਹ ਕਰਤਾਰ ਸਿੰਘ ਜਿਹੜਾ ਮੈਨੂੰ ਯੂ.ਪੀ. ਵਿੱਚ ਛੱਡ ਆਇਆ ਸੀ। ਇਹ ਅੰਮ੍ਰਿਤਸਰ ਸ਼ਰੀਫ ਪੁਰੇ ਰਹਿੰਦਾ ਸੀ। ਮੈ ਇਸਦੇ ਘਰ ਪੁੱਜਾ। ਸਰਦਾਰ ਸਾਹਿਬ ਮੇਰੇ ਜਾਂਦਿਆਂ ਨੂੰ ਅੱਜੇ ਰਜਾਈ ਵਿੱਚ ਬੈਠੇ ਸਨ। ਰੇਡੀਓ ਵੱਜ ਰਿਹਾ ਸੀ ਤੇ ਇਸਦੀ ਸਰਦਾਰਨੀ ਵੀ ਪਾਸ ਹੀ ਬੈਠੀ ਸੀ। ਮੈ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ ਪਰ ਮੈ ਖੜਾ ਹੀ ਰਿਹਾ ਤੇ ਖੜੇ ਖੜੇ ਹੀ ਕਿਹਾ ਕਿ ਮੈ ਤੇਰਾ ਇਵੰਣ, ਚੱਕੀ, ਪੋਜਾ, ਸਣ ਚਾਲੂ ਕਰ ਦਿੱਤੇ ਹਨ ਤੇ ਮੈ ਇੱਕ ਸੌ ਰੁ: ਲੈ ਕੇ ਨੰਨੇ ਖਜਾਨਚੀ ਕੋਲੋਂ ਸਭ ਸਮਾਨ ਉਸਦੇ

ਸਪੁਰਦ ਕਰ ਆਇਆ ਹਾਂ। ਤੂੰ ਜਾ ਕੇ ਉਸਨੂੰ ੧੦੦ ਰੁ: ਦੇ ਦੇਵੀ ਤੇ ਅਪਣਾਂ ਸਮਾਨ ਸੰਭਾਲ ਲਵੀ। ਇੰਨੀ ਗੱਲ ਕਹਿ ਕੇ ਮੈਂ ਵਾਪਿਸ ਅਪਣੇ ਪਿੰਡ ਵੇਰਕੇ ਆ ਗਿਆ।

ਪਿਛਲੇ ਪਹਿਰ ੪ ਕੁ ਵਜੇ ਨਾਲ ਕਰਤਾਰ ਸਿੰਘ ਤੇ ਉਸਦੀ ਜਨਾਨੀ ਬੱਚਿਆਂ ਸਮੇਤ ਸਾਡੇ ਨਗਰ ਵੇਰਕੇ ਮੇਰੇ ਘਰ ਆ ਗਏ। ਮੈ ਅੱਗੇ ਮੰਜੇ ਤੇ ਬੈਠਾ ਸਾਂ। ਇੱਕ ਮੰਜਾ ਕੋਲ ਹੋਰ ਲਾਗੇ ਡੱਠਾ ਸੀ। ਕਰਤਾਰ ਸਿੰਘ ਉਸ ਮੰਜੇ ਤੇ ਬੈਠ ਗਿਆ ਤੇ ਕੋਲ ਹੀ ਉਸ ਦੀ ਘਰਵਾਲੀ ਵੀ ਬੈਠ ਗਈ ਤੇ ਉਸਨੇ ਅਪਣੀ ਪੱਗ ਲਾਹ ਕੇ ਮੇਰੇ ਅੱਗੇ ਸੁੱਟ ਦਿੱਤੀ ਤੇ ਕਹਿਣ ਲਗਾ, "ਮੈਥੋਂ ਗਲਤੀ ਹੋ ਗਈ ਹੈ, ਮੈਂ ਤੁਹਾਨੂੰ ਕਿਹਾ ਸੀ ਕਿ ਮੈ ਤੁਹਾਡੇ ਘਰ ਜਾ ਕੇ ਬੀਬੀ ਜੀ ਨੂੰ ੨੦੦ ਰੁ: ਦੇ ਦੇਵਾਂਗਾ ਪਰ ਮੈਂ ਸਿਰਫ ੩੦ ਰੁ: ਘਰ ਦੇ ਕੇ ਤੁਹਾਨੂੰ ਚਿੱਠੀ ਲਿਖ ਦਿੱਤੀ ਕਿ ਮੈ ਰੁ: ਦੇ ਦਿੱਤੇ ਹਨ। ਮੈਂ ਇਸ ਝੂਠ ਬੋਲਣ ਦੀ ਮੁਆਫੀ ਮੰਗਦਾ ਹਾਂ ਤੇ ਤੁਸੀ ਕਿਰਪਾ ਕਰਕੇ ਮੇਰੀ ਬੇਨਤੀ ਮੰਨ ਕੇ ਸਿਰਫ ਦੋ ਮਹੀਨੇ ਫਿਰ ਯੂ.ਪੀ. ਵਿੱਚ ਚਲੇ ਜਾਉ। ਮੈਂ ਫਿਰ ਹੋਰ ਬੰਦੇ ਦਾ ਬੰਦੋਬਸਤ ਕਰ ਲਵਾਂਗਾ ਤੇ ਤੁਸੀ ਵਾਪਿਸ ਪੰਜਾਬ ਆਪਣੇ ਘਰ ਆ ਜਾਣਾਂ ਤੇ ਆਹ ਲਓ ੨੦੦ ਰੁ: ਬੱਚਿਆਂ ਨੂੰ ਖਰਚਾ ਦੇ ਦਿਓ ਤੇ ਅੱਜ ਹੀ ਯੂ.ਪੀ. ਨੂੰ ਚਲੇ ਜਾਓ। ਮੈ ਉੱਤਰ ਦਿੱਤਾ, "ਮੈ ਬਿਲਕੁਲ ਨਹੀਂ ਜਾਣਾਂ ਨਾਂ ਹੀ ਜਾ ਸਕਦਾ ਹਾਂ।" ਉਸਦੀ ਘਰ ਵਾਲੀ ਨੇ ਮੇ ਰੀ ਘਰਵਾਲੀ ਅੱਗੇ ਹੱਥ ਜੋੜੇ ਤੇ ਕਿਹਾ, "ਤੁਸੀ ਹੀ ਸੰਤਾਂ ਨੂੰ ਕਹੋ ਕਿ ਜਿਸਤਰ੍ਹਾਂ ਵੀ ਹੋ ਸਕੇ ਸਿਰਫ ਦੋ ਮਹੀਨੇ ਯੂ.ਪੀ. ਲਾ ਕੇ ਆ ਜਾਣ ਫਿਰ ਅਸੀ ਆਪਣਾਂ ਇੰਤਜਾਮ ਕਰ ਲਵਾਂਗੇ।" ਮੈਂ ਫਿਰ ਇਹਨਾਂ ਸਾਰਿਆਂ ਦੇ ਕਹਿਣ ਤੇ ਸ਼ਾਮ ਦੀ ਗੱਡੀ ਫੜੀਤੇ ਵਾਪਿਸ ਗੋਦੀ ਪਿੰਡ ਵਿੱਚ ਪੁਜ ਗਿਆ। ਏਥੇ ਬਲਵੰਤ ਸਿੰਘ ਤੇ ਉਸਦਾ ਸਾਲਾ ਸਰੂਪ ਸਿੰਘ ਤੇ ਇੱਕ ਨੌਕਰ ਸੀ ਨਾਥਾ। ਮੈਂ ਇਨ੍ਹਾ ਕੋਲ ਪੁੱਜਾ ਤੇ ਬਲਵੰਤ ਸਿੰਘ ਨੇ ਮੈਨੂੰ ਕਿਹਾ, "ਸੰਤ ਜੀ ਤੁਸੀ ਅੱਜ ਹੀ ਪਨਵੜੀਆਂ ਵਾਲੇ ਇੰਞਣ ਤੇ ਚਲੇ ਜਾਉ ਤੇ ਜਾ ਕੇ ਕੰਮ ਸੰਭਾਲ ਲਵੋ।" ਮੈ ਉਸੇ ਵਕਤ ਸਾਈਕਲ ਤੇ ਅਪਣਾਂ ਬਿਸਤਰ੍ਹਾ ਵਗੈਰਾ ਬੰਨ ਕੇ ਸ਼ਾਮ ਨੂੰ ਪਨਵੜੀਆ ਪਹੁੰਚ ਗਿਆ ਤੇ ਜਾ ਕੇ ਇੰਞਣ ਦੀ ਹਾਲਤ ਵੇਖੀ ਬੜੀ ਖਰਾਬ ਸੀ।

ਅਗਲੇ ਦਿਨ ਇੰਞਣ ਠੀਕ ਕੀਤਾ ਇਥੇ ਹੀ ਉਸ ਕਰਤਾਰ ਸਿੰਘ ਦੀ ਘਰਵਾਲੀ ਦਾ ਮਾਮਾ ਮੁਨਸ਼ੀ ਦਾ ਕੰਮ ਕਰਦਾ ਸੀ। ਜੋ ਵੀ ਚੱਕੀ ਦੀ ਆਮਦਨ ਹੋਣੀ ਉਹ ਸਾਰੀ ਦੀ ਸਾਰੀ ਬਲਵੰਤ ਸਿੰਘ ਨੇ ਲੈ ਜਾਣੀ। ਮੈਂ ਉਸ ਮੁਨਸ਼ੀ ਮਾਮੇ ਨੂੰ ਆਖਿਆ ਕਿ ਅਸੀ ਦੋ ਬੰਦੇ ਕਰਤਾਰ ਸਿੰਘ ਦੀ ਤਰਫੋਂ ਇਥੇ ਕੰਮ ਕਰਦੇ ਹਾਂ ਪਰ ਪੈਸੇ ਸਾਰੇ ਬਲਵੰਤ ਸਿੰਘ ਲੈ ਜਾਂਦਾ ਹੈ। ਜੇ ਕਰਤਾਰ ਸਿੰਘ ਨੇ ਸਾਥੋਂ ਹਿਸਾਬ ਪੁੱਛਿਆ ਤੇ ਅਸੀ ਕੀ ਦਸਾਂਗੇ। ਅਸੀ ਦੋਹਾਂ ਨੇ ਸਲਾਹ ਕਰਕੇ ਕਰਤਾਰ ਸਿੰਘ ਨੂੰ ਪੰਜਾਬ ਚਿੱਠੀ ਲਿਖੀ

ਕਿ ਦੋਹਾਂ ਇੰਦਣਾਂ ਦੀ ਸਾਰੀ ਆਮਦਨ ਬਲਵੰਤ ਸਿੰਘ ਲੈ ਜਾਂਦਾ ਹੈ। ਸਾਨੂੰ ਕੋਈ ਵੀ ਪੈਸਾ ਨਹੀ ਦੇਂਦਾ ਤੇ ਉਹ ਆਪੇ ਆ ਕੇ ਆਮਦਨ ਦਾ ਹਿਸਾਬ ਕਰ ਲਵੇ। ਕੱਲ ਨੂੰ ਸਾਨੂੰ ਆ ਕੇ ਹਿਸਾਬ ਨਾ ਪੁਛੇ ਅਸੀ ਤੈਨੂੰ ਖੱਬਰ ਦੇਣ ਵਾਸਤੇ ਚਿੱਠੀ ਭੇਜੀ ਹੈ। ਅੱਗੇ ਤੇਰੀ ਮਰਜੀ ਹੈ। ਅਸੀ ਕਰਤਾਰ ਸਿੰਘ ਨੂੰ ਹੇਠਾਂ ਉਤੇ ੪ ਚਿੱਠੀਆਂ ਪਾਈਆ ਪਰ ਕਰਤਾਰ ਸਿੰਘ ਨੇ ਕੋਈ ਵੀ ਉੱਤਰ ਨਾ ਦਿੱਤਾ ਤੇ ਨਾ ਹੀ ਆਪ ਆਇਆ ਆਖਿਰਕਾਰ ਮੈ ਉਸਦੇ ਮਲਿਆਉਰੇ ਨੂੰ ਪੰਜਾਬ ਭੇਜਿਆ ਕਿ ਜਾ ਕੇ ਕਰਤਾਰ ਸਿੰਘ ਨੂੰ ਇਥੋ ਦੀ ਆਮਦਨ ਦੀ ਸਾਰੀ ਗੱਲ ਦੱਸ ਕੇ ਆਵੇ ਤੇ ਆਪੇ ਆ ਕੇ ਹਿਸਾਬ ਵੀ ਕਰ ਲਵੇ। ਬਲਵੰਤ ਸਿੰਘ ਨੇ ਪਨਵੜੀਆਂ ਪਿੰਡ ਵਿੱਚ ਜੋ ਪਹਿਲਾਂ ਇੰਦਣ ਲਗਾ ਸੀ ਉਹ ਬੰਦ ਕਰਵਾ ਦਿੱਤਾ ਤੇ ਮੈਨੂੰ ਗੋਦੀ ਪਿੰਡ ਜੋ ਨਵਾਂ ਇੰਦਣ ਲੱਗਾ ਸੀ ਉਥੇ ਬੁਲਾ ਲਿਆ ਪਰ ਮੇਰੇ ਉਤੇ ਉਸਨੇ ਨਾਰਾਜ ਹੀ ਰਹਿਣਾ ਕਿ ਮੈ ਉਸ ਬੰਦੇ ਨੂੰ ਕਰਤਾਰ ਸਿੰਘ ਨੂੰ ਬੁਲਾਉਣ ਲਈ ਪੰਜਾਬ ਕਿਉ ਘੱਲਿਆ ਹੈ। ਇਸੇ ਦੌਰਾਨ ਗੋਦੀ ਪਿੰਡ ਦੇ ਲਾਗੇ ਹਜਾਤ ਨਗਰ ਪਿੰਡ ਸਭ ਸਿੱਖਾਂ ਦਾ ਹੀ ਸੀ ਇਹਨਾਂ ਨੇ ਅਖੰਡ ਪਾਠ ਰਖਵਾਇਆ ਤੇ ਮੈਨੂੰ ਵੀ ਸੱਦਿਆ ਭੋਗ ਪੈਣ ਵਾਲੇ ਦਿਨ ਮੈ ਵੀ ਹਜਾਤਨਗਰ ਗਿਆ ਤੇ ਇਹਨਾਂ ਸਿੱਖਾਂ ਨੇ ਮੈਨੂੰ ੧ ਘੰਟਾ ਕੀਰਤਨ ਕਰਨ ਵਾਸਤੇ ਕਿਹਾ। ਮੈ ਕੀਰਤਨ ਕੀਤਾ ਤੇ ੭੫ ਰੁ: ਮੈਨੂੰ ਸੰਗਤ ਨੇ ਦਿੱਤੇ ਭੋਗ ਪਾਇਆ ਤੇ ਸੰਗਤ ਨੇ ਲੰਗਰ ਛੱਕਿਆ ਤੇ ਆਪਣੇ ਆਪਣੇ ਘਰਾਂ ਨੂੰ ਚਲ ਪਏ। ਮੈ ਵੀ ਆਪਣੇ ਪਿੰਡ ਗੋਦੀ ਆ ਗਿਆ ਤੇ ਬਲਵੰਤ ਸਿੰਘ ਦਾ ਸਾਲਾ ਸਰੂਪ ਸਿੰਘ ਜੋ ਸੀ, ਇਸਨੇ ਮੈਨੂੰ ਪੁਛਿਆ ਕਿ ਤੁਸੀ ਸਵੇਰ ਦੇ ਗਏ ਹੋਏ ਕਿਥੋ ਆਏ ਹੋ ਮੈ ਦਸਿਆ ਕਿ ਹਜਾਤ ਨਗਰ ਗਿਆ ਹੋਇਆ ਸਾਂ। ਉਥੇ ਅਖੰਡ ਪਾਠ ਦਾ ਭੋਗ ਸੀ ਤੇ ਨਗਰ ਵਾਲਿਆ ਦੇ ਸੱਦਣ ਤੇ ਮੈ ਗਿਆ ਸਾਂ। ਸਰੂਪ ਸਿੰਘ ਕਹਿਣ ਲਗਾ, "ਕਿਸ ਨੂੰ ਪੁੱਛ ਕੇ ਗਿਆ ਸੈ।" ਮੈ ਕਿਹਾ, "ਕਿਸਨੂੰ ਪੁੱਛ ਕੇ ਜਾਂਦਾ।" ਉਹ ਕਹਿਣ ਲਗਾ, "ਤੂੰ ਸਾਡਾ ਨੌਕਰ ਹੈ ਸਾਥੋ ਪੁੱਛ ਕੇ ਜਾਂਦਾ।" ਮੈ ਕਿਹਾ, "ਮੈ ਕਿਸੇ ਦਾ ਨੌਕਰ ਨਹੀ, ਉਸ ਪ੍ਰਮਾਤਮਾ ਤੋ ਬਿਨਾ ਮੈ ਖੁਦ ਮਾਲਕ ਹਾਂ, ਗੱਲ ਕੀ ਜੀ ਸਾਡੇ ਵਿੱਚ ਤੂੰ ਤੂੰ ਮੈ ਮੈ ਹੋ ਗਈ। ਰਾਤ ਬੀਤੀ ਸਵੇਰੇ ਰਾਮਪੁਰੇ ਤੋ ਇੱਕ ਗੱਡੀ ਧਾਨ ਦੀ ਛੜਨ ਵਾਸਤੇ ਇੱਕ ਮੁਸਲਮਾਨ ਜਿਸਦਾ ਨਾਮ ਫਿਆਜ਼ ਖਾਨ ਸੀ ਉਹ ਲੈ ਕੇ ਆ ਗਿਆ ਤੇ ਸਰੂਪ ਸਿੰਘ ਨੇ ਇੰਦਣ ਚਲਾ ਕੇ ਧਾਨ ਮਸ਼ੀਨ ਚਾਲੂ ਕਰ ਦਿੱਤੀ, ਮਸ਼ੀਨ ਕੁਝ ਖਰਾਬ ਸੀ ਉਹ ਚਾਵਲ ਤੋੜਦੀ ਸੀ। ਉਸ ਫਿਆਜ ਖਾਨ ਨੇ ਆਖਿਆ ਕਿ ਸਰਦਾਰ ਜੀ ਚਾਵਲ ਟੁੱਟਦੇ ਹਨ ਮਸ਼ੀਨ ਠੀਕ ਕਰੋ। ਸਰੂਪ ਸਿੰਘ ਨੇ ਉਸਨੂੰ ਗਾਲ੍ਹ ਕੱਢ ਦਿੱਤੀ ਤੇ ਉਸਨੇ ਵੀ ਅਗੋ ਗਾਲ੍ਹ ਕੱਢ ਦਿੱਤੀ ਉਹ ਦੋਵੇਂ ਹੱਥੋ ਪਾਈ ਹੋ ਪਏ। ਸਰੂਪਾਂ ਤਗੜਾ ਸੀ ਇਸਨੇ ਮੁਸਲਮਾਨ ਨੂੰ ਮਾਰਿਆ ਤੇ ਬਾਹਰ ਕੱਢ ਦਿੱਤਾ ਤੇ ਨਾਲੇ ਗਾਲ੍ਹਾਂ ਕੱਢੀਆਂ। ਇਸ

ਮੁਸਲਮਾਨ ਦੇ ਗੋਦੀ ਪਿੰਡ ਵਿੱਚ ਸਹੁਰੇ ਸਨ। ਇਸਨੇ ਜਾ ਕੇ ਅਪਣੇ ਰਿਸ਼ਤੇਦਾਰਾਂ ਨੂੰ ਦੱਸਿਆ। ਇਹ ਸਾਰਾਂ ਪਿੰਡ ਹੀ ਮੁਸਲਮਾਨਾਂ ਦੀ ਸੀ। ੬੦-੭੦ ਬੰਦੇ ਇੱਕਠੇ ਹੋ ਕੇ ਡਾਂਗਾਂ ਫੜ ਕੇ ਲਲਕਾਰੇ ਮਾਰਦੇ ਆ ਗਏ। ਕਹਿਣ ਫੜ ਲਓ ਚੱਕੀ ਵਾਲਿਆਂ ਨੂੰ। ਜਦੋ ਮੇਰੇ ਕੰਨੀ ਆਵਾਜ ਪਈ ਤੇ ਮੈ ਭੱਜ ਕੇ ਉਥੇ ਗਿਆ ਜਿਥੇ ਮੁਸਲਮਾਨ ਇੱਕਠੇ ਹੋ ਕੇ ਆ ਰਹੇ ਸਨ। ਉਹਨਾਂ ਦਾ ਜੋ ਆਗੂ ਸੀ ਮੁਲਾਂ ਨਸਾਰ ਖਾਂ ਮੈ ਇਸਨੂੰ ਕਿਹਾ, "ਮੁੱਲਾਂ ਜੀ ਲੜਾਈ ਨਾ ਕਰੋ।" ਉਸ ਨੇ ਕਿਹਾ, "ਸੰਤ ਜੀ ਤੁਸੀ ਸਾਨੂੰ ਨਾ ਰੋਕੋ ਅਸਾਂ ਅੱਜ ਜਰੂਰ ਇਹਨਾਂ ਨਾਲ ਦੋ ਹੱਥ ਕਰਨੇ ਹਨ। ਇਹ ਹਰ ਇੱਕ ਨੂੰ ਗਾਲ੍ਹਾਂ ਕੱਢਦੇ ਹਨ।" ਮੈ ਕਿਹਾ, "ਮੁੱਲਾਂ ਜੀ ਮੈ ਹੁਣੇ ਹੀ ਸੁਵਰਗ ਫਾਰਮ ਜਾ ਰਿਹਾ ਹਾਂ ਸਰਦਾਰ ਪ੍ਰੀਤਮ ਸਿੰਘ ਬਰਗੇਡੀਅਰ ਦਾ ਪੁੱਤਰ ਮਰ ਗਿਆ ਹੈ ਤੇ ਮੈ ਉਥੇ ਜਾ ਰਿਹਾ ਹਾਂ।" ਉਸਨੇ ਕਿਹਾ, "ਸੰਤ ਜੀ ਤੁਸੀ ਜਾਓ।" ਮੈ ਚੱਕੀ ਤੇ ਆ ਕੇ ਸਰੂਪ ਸਿੰਘ ਨੂੰ ਆਖਿਆ ਕਿ ਉਹ ਅਪਣਾਂ ਇੰਤਜਾਮ ਕਰੇ ਮੁਸਲਮਾਨ ਉਸ ਨਾਲ ਲੜਨ ਵਾਸਤੇ ਇੱਕਠੇ ਹੋ ਰਹੇ ਹਨ। ਉਸਨੇ ਮੈਨੂੰ ਅਗੋ ਉੱਤਰ ਦਿੱਤਾ, "ਤੂੰ ਜਿਥੇ ਜਾਂਦਾ ਹੈ ਚਲਾ ਜਾ, ਮੁਸਲਮਾਨ ਸਾਡਾ ਕੁਝ ਨਹੀ ਕਰ ਸਕਦੇ, ਮੇਰੀ ਇੱਕ ਚਪੇੜ ਨਾਲ ੧੦ ਮੁਸਲੇ ਡਿੱਗ ਪੈਣਗੇ।" ਮੈ ਕਿਹਾ, "ਤੂੰ ਐਡਾ ਹੰਕਾਰ ਨਾ ਕਰ ਤੇ ਅਪਣਾਂ ਇੰਤਜਾਮ ਕਰ।" ਪਰ ਉਹ ਫਿਰ ਨਾ ਮੰਨਿਆ ਤੇ ਫਿਰ ਉਹੋ ਹੀ ਜੁਵਾਬ ਦਿੱਤਾ, "ਮੈ ਸਾਈਕਲ ਲੈ ਕੇ ਚਲਾ ਗਿਆ।"

ਮੁਸਲਮਾਨਾਂ ਨੇ ਮਗਰੋ ਡਾਂਗਾਂ ਮਾਰ ਮਾਰ ਕੇ ਸਰੂਪ ਸਿੰਘ ਦੀ ਲੱਤ ਤੋੜ ਦਿੱਤੀ ਤੇ ਸਿਰ ਵੀ ਪਾੜ ਦਿੱਤਾ ਤੇ ਬਲਵੰਤ ਸਿੰਘ ਨੂੰ ਵੀ ਕਾਫੀ ਸੱਟਾਂ ਲਗੀਆਂ। ਮੱਥਾ ਪਾੜ ਦਿੱਤਾ ਤੇ ਮੈ ਸ਼ਾਮ ਨੂੰ ਜਦੋ ਸੁਵਰਗ ਫਾਰਮ ਤੋਂ ਵਾਪਿਸ ਆਇਆ ਤੇ ਅੱਗੇ ਦੋਵੇਂ ਜਣੇ ਪੱਟੀਆਂ ਬੰਨ ਕੇ ਮੰਜੇ ਤੇ ਬੈਠੇ ਸਨ। ਮੈ ਪੁਛਿਆ ਕਿ ਕੀ ਗੱਲ ਹੋਈ ਤਾਂ ਸਰੂਪ ਸਿੰਘ ਨੇ ਦਸਿਆ ਕਿ ਮੁਸਲਿਆਂ ਨੇ ਉਸਨੂੰ ਮਾਰਿਆ ਹੈ। ਮੈ ਕਿਹਾ, "ਜਦੋਂ ਮੈ ਤੁਹਾਨੂੰ ਆਖਿਆ ਸੀ ਕਿ ਤੁਸੀ ਅਪਣਾਂ ਇੰਤਜਾਮ ਕਰ ਲਓ ਤੇ ਤੂੰ ਮੈਨੂੰ ਜੁਵਾਬ ਦਿੱਤਾ ਸੀ ਕਿ ਤੇਰੀ ਇੱਕ ਚਪੇੜ ਨਾਲ ਦਸ ਦਸ ਮੁਸਲੇ ਡਿਗੱਣਗੇ ਤੇ ਤੂੰ ਹੁਣ ਦੱਸ ਕਿੰਨੇ ਕੁ ਮੁਸਲਿਆਂ ਨੂੰ ਮਾਰਿਆ ਈ।" ਬਲਵੰਤ ਸਿੰਘ ਕਹਿਣ ਲਗਾ, "ਸੰਤ ਜੀ ਇਸਦੀ ਬੇਵਕੂਫੀ ਨੇ ਸਾਡੀ ਇਹ ਹਾਲਤ ਕਰਵਾਈ ਹੈ ਕੱਲ ਤੁਹਾਡੇ ਨਾਲ ਵੀ ਵੱਧ ਘੱਟ ਬਕਵਾਸ ਕਰੀ ਜਾਂਦਾ ਸੀ, ਇਹ ਹੈ ਹੀ ਬੇਵਕੂਫ ਤੇ ਮਹਾਂਮੂਰਖ।" ਗੱਲ ਕੀ ਸਵੇਰੇ ਬਲਵੰਤ ਸਿੰਘ ਤੇ ਸਰੂਪਾ ਦੋਵੇ ਬਿਲਾਸਪੁਰ ਜਾ ਵੜੇ। ਮੈ ਇਥੇ ਇੱਕੱਲਾ ਰਹਿ ਗਿਆ, ਕੰਮ ਚਲਦਾ ਰਿਹਾ। ਅੱਠ ਕੁ ਦਿਨ ਹੋਏ ਸਨ ਕਿ ਪੰਜਾਬ ਤੋਂ ਕਰਤਾਰ ਸਿੰਘ ਆ ਗਿਆ ਤੇ ਇੰਦਣਾਂ ਦੀ ਵੰਡ ਵੰਡਾਈ ਹੋ ਗਈ। ਕਰਤਾਰ ਸਿੰਘ ਨੇ ਗੋਦੀ ਪਿੰਡ ਵਾਲਾ ਇੰਦਣ ਰੱਖ ਲਿਆ ਤੇ ਪਨਵੜੀਆ ਜੋ ਇੰਦਣ ਲੱਗਾ ਸੀ। ਉਹ ਸਾਂਝਾ ਰਿਹਾ। ਗੋਦੀ ਵਾਲਾ

ਇੰਦਣ ਮੈ ਕਰਤਾਰ ਸਿੰਘ ਤੋਂ ਠੇਕੇ ਤੇ ਲੈ ਲਿਆ। ੨੦੦ ਰੁ: ਮਹੀਨਾਂ ਦੇਣਾਂ ਕਰਕੇ । ਉਹ ਜਿਹੜਾ ਕਰਤਾਰ ਸਿੰਘ ਦੀ ਘਰਦੀ ਦਾ ਮਾਮਾ ਸੀ ਉਸਨੂੰ ਮੈਂ ੨੫ ਰੁ: ਤੇ ਰੋਟੀ ਤੇ ਨੌਕਰ ਰੱਖ ਲਿਆ। ਮੁਨਸ਼ੀ ਦੇ ਕੰਮ ਵਾਸਤੇ। ੨੫ ਰੁ: ਉਸ ਨੂੰ ਕਰਤਾਰ ਸਿੰਘ ਨੇ ਦੇਣੇ ਕੀਤੇ ਤੇ ਮੇਰੇ ਕੋਲ ਛੱਡ ਕੇ ਆਪ ਪੰਜਾਬ ਨੂੰ ਚਲਾ ਗਿਆ ਤੇ ਪੰਜਾਬ ਜਾ ਕੇ ਸਾਡੇ ਘਰ ਵੇਰਕੇ ਮੇਰੀ ਸਿੰਘਣੀ ਨੂੰ ਕਹਿਣ ਲਗਾ, "ਬੀਬੀ ਜੀ, ਸੰਤਾਂ ਨੇ ਮੇਰਾ ਇੰਦਣ ਠੇਕੇ ਤੇ ਲੈ ਲਿਆ ਹੈ। ੨੦੦ ਰੁ: ਮੈਨੂੰ ਹਰ ਮਹੀਨੇ ਦੇਣਗੇ ਤੇ ੨੦ ਏਕੜ ਪੈਲੀ ਮੈਂ ਸੰਤਾਂ ਦੇ ਨਾਮ ਕਰਵਾ ਦਿੱਤੀ ਹੈ ਅਤੇ ਪੈਲੀ ਵਿੱਚ ਮੇਰਾ ਕੋਈ ਹਿੱਸਾ ਵੀ ਨਹੀ ਹੈ। ਪੈਲੀ ਸੰਤ ਅਮਰ ਸਿੰਘ ਜੀ ਦੀ ਹੋਵੇਗੀ। ਸੰਤਾਂ ਨੇ ਮੈਨੂੰ ਕਿਹਾ ਸੀ ਕਿ ਪ੍ਰਸਾਦੇ ਪਕਾਉਣ ਦੀ ਬੜੀ ਤੰਗੀ ਹੈ ਤੁਸੀ ਜਾਂਦੇ ਸਾਰ ਪੰਜਾਬ ਤੋਂ ਮੇਰਾ ਬਾਲ ਬੱਚਾ ਜਲਦੀ ਯੂ.ਪੀ. ਭੇਜ ਦਿਓ। ਘਰ ਦਾ ਸਾਮਾਨ ਵੀ ਭਾਂਡੇ, ਬਿਸਤਰੇ ਵਗੈਰਾ ਵੀ ਸਭ ਲੈ ਆਉਣ।" ਇਹ ਗੱਲ ਕਹਿ ਕੇ ਸਾਡੇ ਘਰ ਦਿਆਂ ਨੂੰ ਤਿਆਰ ਕਰ ਦਿੱਤਾ ਤੇ ਜਿਸ ਦਿਨ ਇਹਨਾਂ ਨੂੰ ਗੱਡੀ ਚੜਾਉਣਾ ਸੀ ਉਸ ਤੋ ਇੱਕ ਦਿਨ ਪਹਿਲਾਂ ਹੀ ਮੈਨੂੰ ਤਾਰ ਭੇਜ ਦਿੱਤੀ ਕਿ, "ਸੰਤ ਜੀ, ਤੁਹਾਡਾ ਪਰਿਵਾਰ ਆ ਰਿਹਾ ਹੈ। ਤੁਸੀ ਰਾਮਪੁਰ ਆ ਕੇ ਆਪਣਾਂ ਪਰਿਵਾਰ ਗੱਡੀ ਤੋਂ ਉਤਾਰ ਲੈਣਾਂ।"

ਮੈਨੂੰ ਤਾਰ ਮਿਲੀ ਦਿਨ ਦੇ ਦੋ ਵਜੇ ਤੇ ਇਸੇ ਦਿਨ ਹੀ ਅੰਮ੍ਰਿਤਸਰ ਤੋ ੭ ਵਜੇ ਸ਼ਾਮ ਨੂੰ ਹਾਵੜਾ ਮੇਲ ਵਿੱਚ ਮੇਰੇ ਬੱਚਿਆਂ ਨੂੰ ਕਰਤਾਰ ਸਿੰਘ ਨੇ ਗੱਡੀ ਬਿਠਾ ਦਿੱਤਾ। ਮੈ ਤਾਰ ਪੜ੍ਹ ਕੇ ਉਸੇ ਵਕਤ ਹੀ ਗੋਦੀ ਪਿੰਡ ਤੋਂ ਚਲ ਪਿਆ। ਸ਼ਾਮ ਦੇ ਛੇ ਵਜੇ ਮੈ ਬਿਲਾਸਪੁਰ ਪੁੱਜਾ ਤੇ ਇਥੋਂ ਬੱਸ ਤੇ ਬੈਠ ਕੇ ਸਾਡੇ ਸੱਤ ਵਜੇ ਮੈ ਰਾਮਪੁਰ ਪੁੱਜ ਗਿਆ ਤੇ ਰਾਤ ਮੈਂ ਰਾਮ ਪੁਰੇ ਰਿਹਾ ਤੇ ਸਵੇਰੇ ਸੱਤ ਵਜੇ ਗੱਡੀ ਆ ਗਈ। ਮੈ ਪਲੇਟਫਾਰਮ ਤੇ ਖੜਾ ਸਾਂ ਮੇਰਾ ਸਾਰਾ ਪਰਿਵਾਰ ਆ ਗਿਆ। ਸਾਮਾਨ ਜਿੰਨਾਂ ਵੀ ਸੀ ਉਹ ਕਰਤਾਰ ਸਿੰਘ ਨੇ ਬੁਕ ਨਾ ਕਰਵਾਇਆ ਤੇ ਮੇਰੇ ਪਾਸੋ ੫੦ ਰੁ: ਲੈ ਕੇ ਸਾਮਾਨ ਦਿੱਤਾ ਤੇ ਅਸੀ ਸਾਰਾ ਪਰਿਵਾਰ ਬੱਸ ਵਿੱਚ ਬੈਠ ਕੇ ਬਿਲਾਸ ਪੁਰ ਪੁੱਜੇ। ਪਹਿਲਾਂ ਤੇ ਮੈ ਇੱਕਲਾਂ ਸਾਂ ਮੰਜਾ ਇੰਦਣ ਕੋਲ ਡਾਹ ਕੇ ਸੌਂ ਰਹਿਣਾਂ ਤੇ ਹੁਣ ੭ ਜੀਅ ਹੋਰ ਆ ਗਏ ਸਨ ਤੇ ਨਾ ਪ੍ਰਸਾਦਾ ਪਕਾਉਣ ਦੀ ਥਾਂ ਸੀ ਨਾ ਕੋਈ ਸੌਣ ਦਾ ਇੰਤਜਾਮ। ਮੰਜਾ ਇੱਕ ਸੀ ਬੜੀ ਮੁਸ਼ਕਲ ਬਣੀ, ਪ੍ਰਦੇਸ ਦਾ ਕੰਮ ਸੀ। ਰਾਤ ਕੱਟੀ ਤੇ ਚੱਕੀ ਲਾਗੇ ਇੱਕ ਘਰ ਸੀ ਧੋਬੀਆਂ ਦਾ। ਇਹ ਧੋਬੀਆਂ ਦਾ ਮੁੰਡਾ ਬੜਾ ਚੰਗਾ ਸੀ ਇਸਦਾ ਨਾਮ ਸੀ ਹੋਰੀ ਲਾਲ। ਮੈ ਇਸਨੂੰ ਬੁਲਾਇਆ ਤੇ ਸਾਰੀ ਗੱਲ ਦੱਸੀ ਤੇ ਇਹ ਕਹਿਣ ਲਗਾ, "ਸੰਤ ਜੀ, ਕੋਈ ਫਿਕਰ ਨਾ ਕਰੋ ਮੈ ਤੁਹਾਨੂੰ ਇੱਕ ਝਾਲਾ ਵਿਹਲਾ ਕਰ ਦਿੰਦਾ ਹਾਂ ਤੁਸੀ ਬੱਚਿਆਂ ਨੂੰ ਤੇ ਮਾਤਾ ਜੀ ਨੂੰ ਕਹੋ ਕਿ ਉਥੇ ਆ ਜਾਣ ਤੇ ਸਾਮਾਨ ਵੀ ਸਾਰਾ

ਉਥੇ ਰੱਖ ਲਵੋ ਤੇ ਮੰਜਿਆਂ ਦਾ ਵੀ ਇੰਤਜਾਮ ਕਰ ਲਵਾਂਗੇ ਜੀ। ਇਸ ਪਿੰਡ ਗੋਂਦੀ ਦਾ ਠੇਕੇਦਾਰ ਮੁਹਮੰਦ ਅਹਿਮਦ ਖਾਂ ਸੀ ਇਹ ਬਹੁਤ ਚੰਗਾ ਬੰਦਾ ਸੀ। ਉਸਨੂੰ ਪਤਾ ਲਗਾ ਕਿ ਸੰਤਾਂ ਦਾ ਪਰਿਵਾਰ ਆਇਆ ਹੈ ਤੇ ਸੰਤਾਂ ਪਾਸ ਮੰਜੇ ਨਹੀ ਹਨ। ਬੱਚੇ ਭੁੰਜੇ ਸੌਂਦੇ ਹਨ। ਇਸ ਠੇਕੇਦਾਰ ਨੇ ਆਪਣੇ ਪਾਸੋਂ ਦੋ ਮੰਜੇ ਮੇਰੇ ਘਰ ਭੇਜ ਦਿੱਤੇ ਤੇ ਇੱਕ ਹੋਰ ਮਸੀਤ ਖਾਂ ਮੁਸਲਮਾਨ ਸੀ ਉਸਨੇ ਵੀ ਇੱਕ ਮੰਜਾ ਭੇਜ ਦਿੱਤਾ ਇੱਕ ਹੋਰ ਨੰਨੇ ਖਾਂ ਖਜਾਨਚੀ ਸੀ ਇੱਕ ਮੰਜਾ ਉਸਨੇ ਭੇਜ ਦਿੱਤਾ ਇੱਕ ਮੰਜਾ ਮੇਰੇ ਪਾਸ ਪਹਿਲਾਂ ਹੀ ਸੀ। ਹੁਣ ਪੰਜ ਹੋ ਗਏ। ਆਟਾ ਘਰ ਦਾ ਸੀ। ਬਿਸਤਰੇ ਭਾਂਡ਼ੇ ਪੰਜਾਬੋਂ ਆ ਗਏ ਸਨ। ਘਿਉ ਲੈ ਆਂਦਾ ਤੇ ਟਾਈਮ ਚੰਗਾ ਪਾਸ ਹੋਣ ਲਗ ਪਿਆ। ੧੫੦ ਰੁ: ਦੀ ਮੱਝ ਲੈ ਆਂਦੀ। ੪ ਕਿਲੋ ਦੁੱਧ ਮੱਝ ਦੇਂਦੀ ਸੀ। ਦੁੱਧ ਵੀ ਪ੍ਰਮਾਤਮਾਂ ਨੇ ਦੇ ਦਿੱਤਾ ਪਰ ਸਾਡੇ ਘਰਵਾਲੀ ਦਾ ਛੱਪਰਾਂ ਵਿੱਚ ਦਿਲ ਨਾ ਲਗੇ। ਉਸਨੂੰ ਪੰਜਾਬ ਦੇ ਪੱਕੇ ਮਕਾਨਾਂ ਦੀ ਆਦਤ ਸੀ। ਇੱਕ ਦਿਨ ਇਹ ਮੈਨੂੰ ਕਹਿਣ ਲਗੀ ਕਿ ਚਲੋ ਪੰਜਾਬ ਚਲੀਏ। ਇਥੇ ਜੰਗਲ ਵਿੱਚ ਨਾ ਕੋਈ ਸਕੂਲ ਨਾ ਕੋਈ ਸਾਡਾ ਰਿਸ਼ਤੇਦਾਰ, ਅਸੀ ਇਥੇ ਨਹੀ ਰਹਿਣਾਂ।" ਮੈ ਇਹ ਸਭ ਗੱਲਾਂ ਸੁਣ ਕੇ ਉੱਤਰ ਦਿੱਤਾ, "ਜੇਕਰ ਤੁਸੀ ਪੰਜਾਬ ਤੋ ਨਾ ਆਉਂਦੇ ਤਾਂ ਮੈ ਖੁਦ ਪੰਜਾਬ ਆ ਜਾਣਾਂ ਸੀ ਪਰ ਹੁਣ ਤੂੰ ਬੱਚੇ ਲੈ ਕੇ ਇਥੇ ਯੂ.ਪੀ. ਵਿੱਚ ਆ ਗਈ ਹੈ ਤੇ ਜੇ ਮੈ ਹੁਣ ਤੁਹਾਨੂੰ ਲੈ ਕੇ ਪੰਜਾਬ ਜਾਵਾਂ ਤਾਂ ਸ਼ਰੀਕਾਂ ਨੇ ਕਹਿਣਾਂ ਹੈ ਕਿ ਭੁੱਖਾ ਮਰਦਾ ਫਿਰ ਆ ਗਿਆ ਹੈ। ਇਸ ਕਰਕੇ ਮੈਂ ਤਾਂ ਨਹੀ ਪੰਜਾਬ ਜਾਣਾਂ। ਜੇ ਤੁਹਾਡਾ ਜੀ ਨਹੀ ਲਗਦਾ ਤਾਂ ਤੂੰ ਬੱਚਿਆਂ ਨੂੰ ਲੈ ਕੇ ਪੰਜਾਬ ਚਲੀ ਜਾ ਪਰ ਮੈਂ ਤਾਂ ਇੱਕੇ ਹੀ ਰਹਾਂਗਾ। ਮੈਨੂੰ ਮੁੜ ਕੇ ਨਾ ਕਹਿਣਾਂ।" ਇਸ ਕਰਮਾਵਾਲੀ ਨੇ ਉੱਤਰ ਦਿੱਤਾ ਕਿ ਜਿਥੇ ਤੁਸੀ ਰਹੋਗੇ ਉਥੇ ਅਸੀ ਵੀ ਤੁਹਾਡੇ ਨਾਲ ਰਹੀ ਜਾਵਾਂਗੇ। ਜੇ ਤੁਸਾਂ ਪੰਜਾਬ ਨਹੀ ਜਾਣਾਂ ਤਾਂ ਅਸਾਂ ਉਥੇ ਕੀ ਲੈਣ ਜਾਣਾਂ ਹੈ। ਚਲੋ ਜੀ ਗੱਲ ਮੁੱਕ ਗਈ। ਇੰਧਣ ਦਾ ਕੰਮ ਚਲਦਾ ਰਿਹਾ ਤੇ ਅਸੀ ਉਥੇ ਰਹਿਣ ਲੱਗ ਪਏ। ਉਹ ਜਿਹੜਾ ਕਰਤਾਰ ਸਿੰਘ ਦੀ ਵਹੁਟੀ ਦਾ ਮਾਮਾ ਸੀ ਉਸਨੇ ਬੇਈਮਾਨੀ ਕਰਨੀ ਸ਼ੁਰੂ ਕਰ ਦਿੱਤੀ। ਮੈ ਤਿੰਨ ਚਾਰ ਵੇਰ ਫੜਿਆ ਪਰ ਉਹ ਮੰਨੇ ਨਾ। ਆਖੀਰ ਮੈ ਇਸਨੂੰ ਧੱਕੇ ਮਾਰ ਕੇ ਚੱਕੀ ਤੋਂ ਬਾਹਰ ਕੱਢ ਦਿੱਤਾ ਤੇ ਇਹ ਪੰਜਾਬ ਨੂੰ ਦੌੜ ਗਿਆ ਤੇ ਜਾ ਕੇ ਕਰਤਾਰ ਸਿੰਘ ਨੂੰ ਆਖਿਆ ਕਿ ਸੰਤਾਂ ਨੇ ਮੈਨੂੰ ਧੱਕੇ ਮਾਰ ਕੇ ਕੱਢ ਦਿੱਤਾ ਹੈ। ਤੇ ਇੰਧਣ ਨੂੰ ਵੇਚ ਦੇਣ ਲਗਾ ਹੈ ਗਾਹਕ ਲਗੇ ਹੋਏ ਹਨ ਤੇ ਤੂੰ ਛੇਤੀ ਉੱਥੇ ਚਲਾ ਜਾ।

ਕਰਤਾਰ ਸਿੰਘ ਆਪ ਤੇ ਨਾ ਆਇਆ ਸਗੋ ਉਸਨੇ ਇਸ ਮਾਮੇ ਦੇ ਨਾਲ ਅਪਣੇ ਵੱਡੇ ਭਰਾ ਸੁਰੈਣ ਸਿੰਘ ਨੂੰ ਭੇਜ ਦਿੱਤਾ। ਇਹ ਦਸ ਨੰਬਰੀ ਬਦਮਾਸ਼ ਸੀ ਚੋਰੀਆਂ ਡਾਕੇ ਮਾਰਨੇ ਇਸਦਾ ਕੰਮ ਸੀ। ਇਹ ਸੁਰੈਣ ਸਿੰਘ ਤੇ ਮਾਮਾ ਦੋਵੇਂ ਮੇਰੇ ਪਾਸ

ਗੋਦੀ ਪਿੰਡ ਪਹੁੰਚ ਗਏ। ਅਸੀ ਪ੍ਰਸਾਦੇ ਪਕਾਏ, ਛਕਾਏ ਰਾਤ ਬੜੇ ਪ੍ਰੇਮ ਦੀਆਂ ਗੱਲਾਂ ਬਾਤਾਂ ਕਰਦੇ ਰਹੇ। ਸਵੇਰੇ ਚਾਰ ਵਜੇ ਇਹਨਾਂ ਨੂੰ ਚਾਹ ਛਕਾ ਕੇ ਮੈ ਆਪ ਹਜਾਤ ਨਗਰ ਚਲਾ ਗਿਆ ਤੇ ਮੇਰੇ ਤੋ ਬਾਅਦ ਲਾਹੌਰੀਆ ਗੁਰਦਿੱਤ ਸਿੰਘ ਇੰਵਣ ਤੇ ਦਾਣੇ ਲੈ ਕੇ ਆਇਆ ਗੋਟੀਆਂ ਤੋਂ। ਇਸਦੇ ਨਾਲ ਸੁਰੈਣ ਨੇ ਗੱਲਾਂ ਕੀਤੀਆਂ ਕਿ ਸੰਤ ਅਮਰ ਸਿੰਘ ਬੜਾ ਬੇਈਮਾਨ ਹੈ, ਸਾਨੂੰ ਇੰਵਣ ਦੇ ਠੇਕੇ ਦੇ ਪੈਸੇ ਪੂਰੇ ਨਹੀ ਦਿੰਦਾ ਤੇ ਮਾਮੇ ਨੂੰ ਵੀ ਗਾਲਾਂ ਕੱਢ ਕੇ, ਧੱਕੇ ਮਾਰ ਕੇ ਪੰਜਾਬ ਨੂੰ ਭਜਾ ਦਿੱਤਾ ਸੀ। ਨਾ ਹੀ ਮਾਮੇ ਦੀ ਤਨਖਾਹ ਅਜੇ ਤੱਕ ਦਿੱਤੀ ਹੈ ਤੇ ਮੈ ਹੁਣ ਪੰਜਾਬ ਤੋਂ ਮਾਮੇ ਦੇ ਨਾਲ ਇਸੇ ਕਰਕੇ ਆਇਆ ਹਾਂ ਕਿ ਅੱਜ ਸੰਤ ਅਮਰ ਸਿੰਘ ਨਾਲ ਫੈਸਲਾ ਕਰਨਾ ਹੈ।

ਗੁਰਦਿੱਤ ਸਿੰਘ ਦੀ ਲੜਕੀ ਹਜਾਤ ਨਗਰ ਵਿਆਹੀ ਹੋਈ ਸੀ ਇਹ ਮੇਰੇ ਕੋਲ ਹਜਾਤ ਨਗਰ ਆ ਗਿਆ ਤੇ ਮੈਨੂੰ ਕਹਿਣ ਲਗਾ, "ਸੰਤ ਜੀ, ਇੱਕ ਬੰਦਾ ਚੱਕੀ ਤੇ ਬੈਠਾ ਹੈ, ਉਹ ਬੜਾ ਬਕਵਾਸ ਕਰ ਰਿਹਾ ਹੈ ਪਤਾ ਨਹੀ ਉਹ ਕੌਣ ਹੈ। ਕਹਿੰਦਾ ਸੀ ਕਿ ਸੰਤ ਬੇਈਮਾਨ ਹੈ ਉਹਨਾਂ ਨੂੰ ਇੰਵਣ ਦੇ ਠੇਕੇ ਦੇ ਪੈਸੇ ਨਹੀ ਦਿੰਦਾ।" ਮੈ ਉਸਦੀ ਗੱਲ ਸੁਣ ਕੇ ਉੱਤਰ ਦਿੱਤਾ ਕਿ ਉਹ ਚੱਕੀ ਦਾ ਮਾਲਕ ਹੈ। ਜੋ ਮਰਜੀ ਆਖੀ ਜਾਵੇ ਜਦੋਂ ਹਿਸਾਬ ਕਰਾਂਗੇ ਆਪੇ ਪਤਾ ਲਗ ਜਾਊਗਾ ਕਿ ਕੌਣ ਬੇਈਮਾਨ ਹੈ ਤੇ ਕੌਣ ਈਮਾਨਦਾਰ। ਪਰ ਮੈਨੂੰ ਇਹ ਗੱਲ ਸੁਣ ਕੇ ਗੁੱਸਾ ਬੜਾ ਆਇਆ। ਮੈਂ ਉਸੇ ਵੇਲੇ ਹਜਾਤ ਨਗਰੋਂ ਚਲ ਕੇ ਗੋਦੀ ਆਇਆ ਤੇ ਉਸੇ ਵੇਲੇ ਸੁਵਰਗ ਫਾਰਮ ਤੋਂ ਇੱਕ ਗੱਡੀ ਦਾਣਿਆ ਦੀ ਪੀਸਾਉਣ ਵਾਸਤੇ ਇੱਕ ਬੰਦਾ ਲਿਆਂਇਆ ਤੇ ਮੈਨੂੰ ਕਹਿਣ ਲਗਾ, "ਸੰਤ ਜੀ, ਦਾਣੇ ਤੋਲ ਲਵੋ।" ਮੈ ਉੱਤਰ ਦਿੱਤਾ, "ਮੈ ਅੱਜ ਦਾਣੇ ਨਹੀ ਤੋਲਣੇ ਨਾ ਹੀ ਮੈ ਇੰਵਣ ਚਲਾਉਣਾ ਹੈ। ਉਹ ਇੰਵਣ ਦਾ ਮਾਲਕ ਬੈਠਾ ਹੈ, ਉਹ ਤੋਲੇ ਜਾ ਨਾ ਤੋਲੇ। ਮੈ ਤਾਂ ਪਿੱਛਲਾ ਹਿਸਾਬ ਕਰਕੇ ਫਿਰ ਦੇਖਾਂਗਾਂ ਜੇ ਮੇਰਾ ਦਿਲ ਕਰੇਗਾ ਇੰਵਣ ਚਲਾਵਾਂਗਾ ਨਹੀ ਤੇ ਮਾਲਕ ਚਲਾਉਣ।" ਮੈ ਉਸ ਸੁਰੈਣੇ ਤੇ ਮਾਮੇ ਨੂੰ ਕਿਹਾ ਕਿ ਰਜਿਸਟਰ ਕੱਢੋ ਹਿਸਾਬ ਵਾਲਾ ਤੇ ਹਿਸਾਬ ਕਰੋ। ਮਾਮੇ ਨੇ ਆਪਣਾ ਰਜਿਸਟਰ ਲਿਆਂਦਾ ਤੇ ਮੈ ਵੀ ਆਪਣਾ ਰਜਿਸਟਰ ਕੱਢ ਲਿਆ ਤੇ ਹਿਸਾਬ ਕਰਨਾ ਸ਼ੁਰੂ ਕਰ ਦਿੱਤਾ। ਹਰ ਮਹੀਨੇ ੨੦੦ ਰੁ: ਜੋ ਠੇਕਾ ਦੇਣਾਂ ਕੀਤਾ ਸੀ। ਅੱਜ ਤਕ ਪੂਰੇ ਚਾਰ ਮਹੀਨੇ ਹੋਏ ਸੀ ਮੈਨੂੰ ਇੰਵਣ ਚਲਾਉਂਦੇ ਨੂੰ ਤੇ ੮੫੦ ਰੁ: ਮੈ ਦੇ ਚੁੱਕਾ ਸਾਂ। ਮੇਰੇ ੫੦ ਰੁ: ਅਡਵਾਂਸ ਗਏ ਹੋਏ ਸਨ। ਬਾਕੀ ਮਾਮੇ ਦੀ ਤਨਖਾਹ ਵੀ ਇੱਕ ਮਹੀਨੇ ਦੀ ਅਡਵਾਂਸ ਗਈ ਹੋਈ ਸੀ। ੭੫ ਰੁ: ਮੇਰੇ ਠੇਕੇ ਤੋਂ ਵੱਧ ਨਿਕਲੇ ਤੇ ਮੈ ਆਖਿਆ, "ਤੂੰ ਜੋ ਲੋਕਾਂ ਨਾਲ ਬਕਵਾਸ ਕਰਦਾ ਹੈ ਕਿ ਸੰਤ ਬੜਾ ਬੇਈਮਾਨ ਹੈ ਅੱਜ ਤਕ ਸਾਨੂੰ ਕੋਈ ਪੈਸਾ ਨਹੀ ਦਿੱਤਾ ਤੂੰ ਹੈ ਕੌਣ?" ਮੈ ਤੈਨੂੰ ਜੁੱਤੀਆਂ ਮਾਰ ਮਾਰ ਕੇ ਹੁਣੇ ਸਿੱਧਾ ਕਰ ਦਿਆਂਗਾ। ਨਾਲੇ, ਇਸ

ਮਾਮੇ ਕੰਜਰ ਨੂੰ ਪੁੱਛ ਕਿ ਜਦੋ ਇਹ ਮੇਰੇ ਕੋਲੋ ਹਰ ਮਹੀਨੇ ਪੈਸੇ ਲੈ ਕੇ ਮੈਨੂੰ ਰਸੀਦਾਂ ਦਿੰਦਾ ਰਿਹਾ ਹੈ। ਸਭ ਕੁਝ ਮੇਰੇ ਪਾਸ ਲਿਖਿਆ ਹੋਇਆ ਹੈ। ਫਿਰ ਇਸ ਕੰਜਰ ਨੇ ਕਿਉਂ ਪੰਜਾਬ ਜਾ ਕੇ ਝੂਠ ਬੋਲਿਆ ਹੈ ਕਿ ਸੰਤਾਂ ਨੇ ਅੱਜ ਤਕ ਮੈਨੂੰ ਕੋਈ ਪੈਸਾ ਨਹੀ ਦਿੱਤਾ।'' ਖੈਰ ਗੱਲ ਮੁੱਕੀ ਅਸੀ ਗਾਲੋ ਗਾਲੀ ਹੋ ਪਏ ਲੋਕ ਇੱਕਠੇ ਹੋ ਗਏ ਚੰਗੇ ਚੰਗੇ ਬੰਦਿਆਂ ਨੇ ਰਜਿਸਟਰ ਵੇਖ ਕੇ ਮਾਮੇ ਨੂੰ ਲਾਹਨਤਾ ਪਾਈਆਂ ਤੇ ਫਿਰ ਮੈ ਸੁਰੈਣ ਨੂੰ ਆਖਿਆ, ''ਬੰਦੇ ਦਾ ਪੁੱਤਰ ਬਣ ਕੇ ਇਥੋਂ ਚਲਾ ਜਾ ਨਹੀ ਤੇ ਮੈ ਤੈਨੂੰ ਜੁੱਤੀਆਂ ਮਾਰ ਮਾਰ ਕੇ ਭਜਾਉਂਗਾ ਤੇ ਜਾ ਕੇ ਕਰਤਾਰ ਸਿੰਘ ਕੰਜਰ ਨੂੰ ਮੇਰੇ ਪਾਸ ਭੇਜ ਦੇ ਜਿਸ ਹਰਾਮ ਜਾਦੇ ਨੇ ਪੰਜਾਬ ਜਾ ਕੇ ਝੂਠ ਬੋਲਿਆ ਹੈ ਕਿ ਉਸਨੇ ਮੈਨੂੰ ੨੦ ਏਕੜ ਪੈਲੀ ਲੈ ਕੇ ਦਿੱਤੀ ਹੈ ਤੇ ੩੫੦ ਰੁ: ਦੀ ਮੱਝ ਲੈ ਕੇ ਦੇ ਗਿਆ ਹੈ ਤੇ ਮੇਰੇ ਪਰਿਵਾਰ ਨੂੰ ਪੰਜਾਬ ਦੇ ਝੂਠ ਬੋਲ ਕੇ ਘਰੋ ਪੁੱਟ ਕੇ ਯੂ.ਪੀ. ਭੇਜ ਦਿਤੱਾ ਹੈ। ਹੁਣ ਮੇਰੇ ਸਾਹਮਣੇ ਆਵੇ ਤਾਂ ਮੈ ਉਸਨੂੰ ਪੁੱਛਾਂ।'' ਤੂੰ ਬੰਦੇ ਦਾ ਪੁੱਤ ਬਣ ਕੇ ਚੱਕੀ ਤੋ ਬਾਹਰ ਹੋ ਜਾ ਨਹੀ ਤੇ ਮੈ ਤੇਰੇ ਸਿਰ ਵਿੱਚ ਜੁੱਤੀਆਂ ਮਾਰਾਂਗਾ ਤੇ ਇਸ ਕੰਜਰ ਮਾਮੇ ਨੂੰ ਵੀ ਲੈ ਜਾ ਤੇ ਜਾ ਕੇ ਕਰਤਾਰ ਸਿੰਘ ਨੂੰ ਮੇਰੇ ਕੋਲ ਭੇਜ ਉਸਨੂੰ ਮੈ ਚੰਗੀ ਤਰ੍ਹਾਂ ਹਿਸਾਬ ਦੇਵਾਂ। ਗੱਲ ਕੀ ਜੀ ਇਹ ਦੋਵੇ ਹੀ ਪੰਜਾਬ ਨੂੰ ਭੱਜ ਗਏ ਤੇ ਇਹਨਾਂ ਨੇ ਜਾ ਕੇ ਕਰਤਾਰ ਸਿੰਘ ਨੂੰ ਕਿਹਾ, ''ਅਸੀ ਤਾਂ ਜੁੱਤੀਆਂ ਖਾ ਕੇ ਦੌੜ ਆਏ ਹਾਂ। ਹੁਣ ਤੂੰ ਜਾ ਕੇ ਆਪੇ ਫੈਸਲਾ ਕਰ ਲੈ। ਇਹਨਾਂ ਦੇ ਜਾਣ ਤੋਂ ਇੱਕ ਮਹੀਨਾਂ ਬਾਅਦ ਕਰਤਾਰ ਸਿੰਘ ਬਿਲਾਸਪੁਰ ਆਇਆ ਤੇ ਇਸਨੇ ਪੰਜ ਬੰਦੇ ਨਾਲ ਲਏ ਤੇ ਮੇਰੇ ਕੋਲ ਗੋਦੀ ਪਿੰਡ ਆ ਗਿਆ। ਇਹ ਬੰਦੇ ਮੇਰੇ ਚੰਗੇ ਵਾਕਫ ਸਨ ਇਹਨਾਂ ਨੇ ਆ ਕੇ ਫਤਹਿ ਬੁਲਾਈ ਤੇ ਮੈਨੂੰ ਬੜੇ ਪ੍ਰੇਮ ਨਾਲ ਮਿਲੇ, ਮੰਜਿਆਂ ਤੇ ਬਿਠਾ ਕੇ ਮਿੱਠਾ ਜਲ ਛਕਾਇਆ। ਬਾਅਦ ਵਿੱਚ ਬਲਵੰਤ ਸਿੰਘ ਨੇ ਮੈਨੂੰ ਕਿਹਾ, ''ਸੰਤ ਜੀ, ਸਾਡੀ ਇੱਕ ਅਰਜ ਸੁਣੋ।'' ਮੈ ਉੱਤਰ ਦਿੱਤਾ, ''ਹੁਕਮ ਕਰੋ ਜੀ ਕੀ ਗੱਲ ਹੈ।'' ਇਸਨੇ ਆਖਿਆ, ''ਇਹ ਸੰਤ ਕਰਤਾਰ ਸਿੰਘ ਜੀ ਪੰਜਾਬੋਂ ਆਏ ਹਨ ਤੇ ਇਹ ਤੁਹਾਡੇ ਨਾਲ ਕੋਈ ਗੱਲਬਾਤ ਕਰਨੀ ਚਾਹੁੰਦੇ ਹਨ।'' ਮੈ ਕਿਹਾ ਕਿ ਜੋ ਗੱਲ ਕਰਨੀ ਹੈ ਕਰ ਲੈਣ। ਕਰਤਾਰ ਸਿੰਘ ਮੇਰੀ ਇਹ ਗੱਲ ਸੁਣ ਕੇ ਬੋਲਿਆ, ''ਸੰਤ ਜੀ ਮੈ ਸਭ ਸਾਮਾਨ ਅਪਣਾਂ ਇੰਦਣ, ਚੱਕੀ, ਧਾਨ ਮਸ਼ੀਨ ਵਗੈਰਾ ਪਭ ਵੇਚ ਦੇਣਾਂ ਹੈ। ਜੇਕਰ ਤੁਸੀ ਖਰੀਦਣਾਂ ਹੈ ਤਾਂ ਤੁਸੀ ਲੈ ਲਵੋ।'' ਮੈ ਉੱਤਰ ਦਿੱਤਾ, ''ਪਹਿਲਾਂ ਤੂੰ ਮੈਨੂੰ ਇਹ ਦਸ ਕਿ ੨੦ ਏਕੜ ਪੈਲੀ ਜਿਹੜੀ ਤੂੰ ਮੈਨੂੰ ਲੈ ਕੇ ਦੇ ਗਿਆ ਸੈ ਉਹ ਕਿਹੜੀ ਹੈ, ਫਿਰ ਇਹ ਦੱਸ ਕਿ ਮੈ ਤੈਨੂੰ ਕਦੋ ਆਖਿਆ ਸੀ ਕਿ ਮੇਰੇ ਬੱਚੇ ਮੇਰੇ ਪਾਸ ਭੇਜ ਦੇ। ਪਹਿਲਾਂ ਇਹਨਾਂ ਗੱਲਾਂ ਦਾ ਜੁਵਾਬ ਮੈਨੂੰ ਦੇ ਫਿਰ ਇੰਦਣ ਦਾ ਸੋਦਾ ਕਰਾਂਗਾ।'' ਮੇਰੀ ਇਹ ਗੱਲ ਸੁਣ ਕੇ ਕਰਤਾਰ ਸਿੰਘ ਕਹਿਣ ਲਗਾ, ''ਸੰਤ ਜੀ, ਮੇ ਰੇ ਕੋਲੋ ਗਲਤੀ ਹੋ ਗਈ ਹੈ, ਮੈਨੂੰ ਮੁਆਫ ਕਰ ਦਿਓ।''

# (੨੫) ਪ੍ਰਭਾਵਸ਼ਾਲੀ ਜਥੇਦਾਰ

ਗੋਦੀ ਦੇ ਲਾਗੇ ਇੱਕ ਪਿੰਡ ਹੈ ਜਿਸ ਦਾ ਨਾਮ ਸੀ 'ਖਾਤਾ' ਇਹ 'ਖਾਤਾ' ਪਿੰਡ ਸਾਰਾ ਹੀ ਰਾਜਪੂਤਾਂ ਦਾ ਸੀ। ਇਸ ਪਿੰਡ ਵਿੱਚ ਬਰਕਤ ਸਿੰਘ ਪ੍ਰਧਾਨ ਰਹਿੰਦਾ ਸੀ। ਇਹ ਦੋ ਭਰਾ ਸਨ। ਵੱਡੇ ਦਾ ਨਾਮ ਫੌਜਾ ਸਿੰਘ ਸੀ। ਇਹ ਬਰਕਤ ਸਿੰਘ ਪ੍ਰਧਾਨ ਚੰਗਾ ਮਾਲਦਾਰ ਸੀ। ਇਸਨੇ ਮੈਨੂੰ ਕਿਹਾ, ''ਸੰਤ ਜੀ, ਜੇਕਰ ੫,੦੦੦ ਦਾ ਸੌਦਾ ਕਰਵਾ ਦਿਉ ਤਾਂ ਇੰਦਣ ਤੇ ਮੈਂ ਪੈਸੇ ਖਰਚ ਕਰ ਦਿੰਦਾ ਹਾਂ ਤੇ ਤੁਸੀ ਚਲਾਈ ਜਾਉ ਤੇ ਅਧੋ ਅਧੱ ਰਿਹਾ ਤੁਸੀ ਕਮਾ ਕੇ ਢਾਈ ਹਜਾਰ ਰੁ: ਮੈਨੂੰ ਦੇ ਦੇਣਾਂ।'' ਮੈ ਕਿਹਾ, ''ਪ੍ਰਧਾਨ ਜੀ ਮੇਰੇ ਨਾਲ ਧੋਖਾ ਨਾ ਕਰਨਾ।'' ਉਹ ਕਹਿਣ ਲਗਾ, ''ਤੁਹਾਡਾ ਤੇ ਮੇਰਾ ਗੁਰੂ ਕਲਗੀਆਂ ਵਾਲਾ ਜਾਮਨ ਰਿਹਾ ਤੁਸੀ ਕਮਾ ਕੇ ਮੇਰੇ ਪੈਸੇ ਦੇ ਦੇਣੇ।'' ਮੈ ਇਸਦੀ ਗੱਲ ਮੰਨ ਕੇ ਕਰਤਾਰ ਸਿੰਘ ਦੇ ਇੰਦਣ ਦਾ ਸੌਦਾ ਬਰਕਤ ਸਿੰਘ ਪ੍ਰਧਾਨ ਨਾਲ ਕਰਵਾ ਦਿੱਤਾ, ਬਿਆਨਾ ਕਰਵਾ ਦਿੱਤਾ। ਅਗਲੇ ਦਿਨ ਰਕਮ ਤਾਰਨੀ ਸੀ। ਬਿਲਾਸਪੁਰ ਜਾ ਕੇ ਜਦੋ ਰਕਮ ਦੇ ਦਿੱਤੀ ਤੇ ਕਾਗਜ ਤੇ ਬਰਕਤ ਸਿੰਘ ਨੇ ਸਿਰਫ ਆਪਣਾਂ ਹੀ ਨਾਮ ਲਿਖਵਾਇਆ ਜਦੋ ਮੈ ਕਿਹਾ ਕਿ ਮੇਰਾ ਨਾਲ ਵੀ ਲਿਖੋ ਤੇ ਮੈਥੋ ਪੰਝੀ ਸੌ ਦਾ ਕਾਗਜ ਲਿਖਵਾ ਲਵੋ ਤੇ ਬਰਕਤ ਸਿੰਘ ਕਹਿਣ ਲਗਾ, ''ਜਦੋ ਪੈਸੇ ਮਿਲਣਗੇ ਉਦੋਂ ਤੁਹਾਡਾ ਨਾਮ ਵੀ ਲਿਖਵਾ ਲਿਆ ਜਾਉਗਾ ਪਹਿਲਾਂ ਨਹੀ।'' ਮੈਂ ਕਿਹਾ, ''ਕਿਥੇ ਗਿਆ ਤੇਰਾ ਕਲਗੀਆਂ ਵਾਲਾ।'' ਅਸੀ ਆਪਸ ਵਿੱਚ ਝਗੜ ਪਏ ਗੱਲ ਕੀ ਜੀ ਪ੍ਰਧਾਨ ਮੁੱਕਰ ਗਿਆ ਤੇ ਮੈ ਵਾਪਿਸ ਘਰ ਆ ਗਿਆ। ਕਰਤਾਰ ਸਿੰਘ ਰਕਮ ਲੈ ਕੇ ਪੰਜਾਬ ਚਲਾ ਗਿਆ। ਇਸ ਤੋਂ ਬਾਅਦ ਬਰਕਤ ਸਿੰਘ ਨੇ ਮੈਨੂੰ ਕਿਹਾ, ''ਸੰਤ ਜੀ ੧੫੦ ਰੁ: ਮੇ ਰੇ ਕੋਲੋ ਤਨਖਾਹ ਲਈ ਜਾਉ ਤੇ ਇੰਦਣ ਤੇ ਕੰਮ ਕਰੋ।'' ਮੈਂ ਕਿਹਾ, ''ਮੈ ਤੇਰੇ ਵਰਗੇ ਬੰਦੇ ਦਾ ਦਰਸ਼ਨ ਨਹੀ ਕਰਨਾ ਚਾਹੁੰਦਾ, ਤੂੰ ਗੁਰੂ ਦੀ ਜਾਮਨੀ ਦੇ ਕੇ ਮੁੱਕਰ ਗਿਆ ਏਂ। ਤੇ ਤੇਰਾ ਕੀ ਇਤਬਾਰ, ਮੈ ਤੇਰਾ ਇੰਦਣ ਨਹੀ ਚਲਾਵਾਂਗਾ।'' ਗੱਲ ਮੁੱਕ ਗਈ ਜੀ।

ਪ੍ਰਦੇਸ ਦਾ ਮੁਆਮਲਾ ਸੀ ਤੇ ਅੱਠ ਜੀਅ ਖਾਣ ਵਾਲੇ ਗੁਜਾਰਾ ਕਿਸ ਤਰ੍ਹਾਂ ਚਲੇ, ਬੜੀ ਮੁਸ਼ਕਲ ਬਣੀ, ਫਿਕਰ ਵਿੱਚ ਜਾਨ ਪੈ ਗਈ। ਪਰ ਧੰਨ ਅਕਾਲ ਪੁਰਖ ਹੈ ਜਿਸਨੂੰ ਸਭ ਜੀਆਂ ਜੰਤਾਂ ਦਾ ਫਿਕਰ ਹੈ। ਪ੍ਰਮਾਤਮਾਂ ਸਭ ਦੀ ਰੋਜੀ ਦਾ ਕੋਈ ਨਾ ਕੋਈ ਵਸੀਲਾ ਬਣਾ ਹੀ ਦਿੰਦਾ ਹੈ। ਗੋਦੀ ਦੇ ਲਾਗੇ ਹਜਾਤ ਨਗਰ ਪਿੰਡ ਵਿੱਚ ਇੱਕ ਤਰਖਾਣ ਰਹਿੰਦਾ ਸੀ। ਇਹ ਬੜਾ ਦੁਖੀ ਸੀ। ਪਿੰਡ ਵਾਲਿਆਂ ਨੇ ਇਸਦਾ ਘਰ ਲੁੱਟ ਲਿਆ ਸੀ। ਇਸਦਾ ਨਾਮ ਜਿਊਣ ਸਿੰਘ ਸੀ। ਇਹ ਮੈਨੂੰ ਪੰਜਾਬ ਤੋਂ ਹੀ ਜਾਣਦਾ ਸੀ ਪਰ ਮੈਂ ਇਸਨੂੰ ਨਹੀ ਸਾਂ ਜਾਣਦਾ ਇਹ ਵਿਚਾਰਾ ਮੇਰੇ ਪਾਸ ਆ ਕੇ ਕਹਿਣ ਲਗਾ, "ਸੰਤ ਜੀ, "ਮੈਂ ਬੜਾ ਦੁਖੀ ਹਾਂ। ਮੇਰਾ ਘਰ ਜੱਟਾਂ ਨੇ ਲੁੱਟ ਲਿਆ ਹੈ ਤੇ ਮੈਨੂੰ ਬੜਾ ਤੰਗ ਕਰਦੇ ਹਨ ਤੇ ਮੈਂ ਪੰਜਾਬ ਨੂੰ ਜਾਣਾਂ ਚਾਹੁੰਦਾ ਹਾਂ। ਮੈਨੂੰ ਜਾਣ ਨਹੀ ਦਿੰਦੇ। ਮੇਰਾ ਸਾਮਾਨ, ਔਜਾਰ ਵਗੈਰਾ ਸਭ ਜੱਟਾਂ ਦੇ ਕੋਲ ਹੈ।" ਇਸਦੀ ਇਹ ਗੱਲ ਸੁਣ ਕੇ ਮੈਂ ਕਿਹਾ, "ਮੈਂ ਤੇਰਾ ਸਾਮਾਨ ਲੈ ਦਿੰਦਾ ਹਾਂ ਪਰ ਤੂੰ ਪੰਜਾਬ ਨਾ ਜਾ ਤੂੰ ਤੇ ਮੈਂ ਦੋਵੇ ਜਣੇ ਰਲਕੇ ਬਿਲਾਸਪੁਰ ਸ਼ਹਿਰ ਵਿੱਚ ਲੋਹੇ ਦੇ ਕੰਮ ਦੀ ਦੁਕਾਨ ਸ਼ੁਰੂ ਕਰੀਏ। ਨਵੀਆਂ ਹਲਾਂ ਤੇ ਟੋਕੇ, ਦਾਤਰੀਆਂ, ਰੰਬੇ ਬਣਾ ਬਣਾ ਕੇ ਵੇਚਕੇ ਅਪਣਾਂ ਗੁਜਾਰਾ ਕਰੀ ਜਾਵਾਂਗੇ। ਉਸਨੇ ਮੇਰੀ ਗੱਲ ਮੰਨ ਲਈ। ਮੈਂ ਅਗਲੇ ਦਿਨ ਹਜਾਤ ਨਗਰ ਜਾ ਕੇ ਬੂਟਾ ਸਿੰਘ 'ਪ੍ਰਧਾਨ' ਨਾਲ ਗੱਲਬਾਤ ਕੀਤੀ ਤੇ ਜੀਊਣ ਸਿੰਘ ਦਾ ਸਾਰਾ ਸਾਮਾਨ ਲੈ ਕੇ ਅਸੀ ਗੋਦੀ ਆ ਗਏ ਤੇ ਸਵੇਰੇ ਅਸੀ ਦੋਵੇ ਜਣੇ ਬਿਲਾਸ ਪੁਰ ਦੁਕਾਨ ਕਿਰਾਏ ਤੇ ਲੈਣ ਜਾ ਰਹੇ ਸਾਂ ਕਿ ਰਸਤੇ ਵਿੱਚ ਸਾਨੂੰ ਖਾਤੇ ਦੇ ਤਿੰਨ ਚਾਰ ਸਿੱਖ ਮਿਲੇ ਉਹਨਾ ਦੇ ਪੁੱਛਣ ਤੇ ਅਸੀ ਦੱਸਿਆ ਕਿ ਅਸੀ ਬਿਲਾਸਪੁਰ ਦੁਕਾਨ ਦਾ ਇੰਤਜਾਮ ਕਰਨ ਜਾ ਰਹੇ ਹਾਂ ਤੇ ਅਸੀ ਉਥੇ ਹੀ ਰਹਿਣਾਂ ਹੈ। ਇਹਨਾਂ ਸਿੱਖਾਂ ਨੇ ਸਾਨੂੰ ਡੱਕ ਲਿਆ ਤੇ ਜਾਣ ਨਾ ਦਿੱਤਾ ਸਗੋਂ ਅਪਣੇ ਪਿੰਡ 'ਖਾਤੇ' ਲੈ ਗਏ ਤੇ ਜਾ ਕੇ ਗੁਰਦੁਵਾਰੇ ਬੈਠੇ ਤੇ ਹੋਰ ਵੀ ਪਿੰਡ ਦੇ ਬੰਦੇ ਇਨ੍ਹਾਂ ਨੇ ਇੱਕਠੇ ਕਰ ਲਏ ਤੇ ਸਾਰੇ ਸਾਡੇ ਅੱਗੇ ਹੱਥ ਜੋੜਨ ਲਗੇ ਕਿ ਤੁਸੀ ਬਿਲਾਸਪੁਰ ਨਾ ਜਾਓ ਤੇ ਖਾਤੇ ਹੀ ਰਹੋ। ਹਲਾਂ ਦਾ ਕੰਮ ਕਰੋ, ਸੇਪ ਦਾ ਕੰਮ ਕਰੋ, ਤੇ ਜੋ ਵੀ ਕੰਮ ਦੀ ਕਰਵਾਈ ਲੈਈ ਹੈ ਸਾਡੇ ਨਾਲ ਗੁਰਦੁਵਾਰੇ ਬੈਠ ਕੇ ਲਿਖਾ ਪੜ੍ਹੀ ਕਰ ਲਓ। ਮੈਂ ਕਿਹਾ, "ਸਾਡੇ ਨਾਲ ਧੋਖਾ ਨਾ ਕਰਨਾ।" ਇਹ ਸਿੱਖ ਅਗੋਂ ਕਹਿਣ ਲਗੇ, "ਅਸੀ ਅਸ਼ਟਾਮ ਲੈ ਆਉਂਦੇ ਹਾਂ ਤੇ ਤੁਸੀ ਸਭ ਸ਼ਰਤਾਂ ਲਿਖ ਕੇ ਕੰਮ ਸ਼ੁਰੂ ਕਰੋ।" ਮੈਂ ਕਿਹਾ, "ਕਾਗਜ ਲੈ ਆਵੋ।" ਉਹਨਾਂ ਨੇ ਅਸ਼ਟਾਮ ਲੈ ਆਂਦਾ। ਅਸਾਂ ਇਹ ਵੀ ਗੱਲ ਪਹਿਲਾਂ ਕਰ ਲਈ ਕਿ ਸਾਨੂੰ ੪ ਏਕੜ ਪੈਲੀ ਮੁੱਲ ਲੈ ਦਿਓ ਜਿਸ ਭਾਅ ਤੁਸੀ ਖਰੀਦੀ ਹੈ ਉਹੀ ਮੁੱਲ ਅਸੀ ਤਿੰਨ ਸਾਲਾਂ ਵਿੱਚ ਦਿਆਂਗੇ। ਇਹਨਾਂ ਸਿੱਖਾਂ ਨੇ ਸਾਡੀ ਇਹ ਜਮੀਨ ਵਾਲੀ ਗੱਲ ਵੀ ਮੰਨ ਲਈ ਤੇ ਅਗਲੇ ਦਿਨ ਜਾ ਕੇ ਕਾਗਜ ਲੈ

ਆਏ ਤੇ ਉਪਰ ਲਿਖਿਆ, ਅਸੀ ਚਾਰ ਏਕੜ ਪੈਲੀ ਮੁੱਲ ਦਿਆਂਗੇ ਪਰ ਪੈਸੇ ਤਿੰਨ ਸਾਲਾਂ ਵਿੱਚ ਪੂਰੇ ਕਰਾਂਗੇ ਤੇ ਲੱਕੜ ਤੇ ਲੋਹੇ ਦੇ ਕੰਮ ਦੇ ਇੱਕ ਹਲ ਮਗਰ ਤਿੰਨ ਮਣ ਪੱਕੇ ਦਾਣੇ ਦਿਆਂਗੇ ਜੋ ਨਵੀ ਚੀਜ ਬਣੇਗੀ ਉਸਦੇ ਪੈਸੇ ਨਗਦ ਦਿਆਂਗੇ। ਹਲ ਪਿੱਛੇ ੨ ਸੇਰ ਗੁੜ ਤੇ ੨ ਸੇਰ ਤੋਰੀਆ। ਇਹ ਸ਼ਰਤਾਂ ਲਿਖੀਆਂ ਤੇ ਕੰਮ ਸ਼ੁਰੂ ਕਰ ਦਿੱਤਾ। ੧੭ ਦਿਨਾਂ ਦੇ ਬਾਅਦ ਜਿਊਣ ਸਿੰਘ ਮੈਨੂੰ ਕਹਿਣ ਲਗਾ, "ਸੰਤ ਜੀ ਮੈ ਪੰਜਾਬੋ ਆਪਣਾਂ ਪਰਿਵਾਰ ਲੈ ਆਵਾਂ।" ਮੈ ਕਿਹਾ, "ਠੀਕ ਹੈ, ਲੈ ਆ।" ਜੀਊਣ ਸਿੰਘ ਪੰਜਾਬੋਂ ਵਾਪਿਸ ਆਇਆ ਹੀ ਨਾ ਤੇ ਮੈ ਇੱਕਲਾ ਹੀ ੬੦ ਹਲਾਂ ਦਾ ਕੰਮ ਕਰਦਾ ਰਿਹਾ। ਕਿਸੇ ਕੰਮ ਵਿੱਚ ਕਮੀ ਨਾ ਰਹਿਣ ਦਿੱਤੀ। ਨਵੇਂ ਪੁਰਾਣੇਂ ਸਭ ਕੰਮ ਕਰਦਾ ਰਿਹਾ ਤੇ ਅਖੰਡ ਪਾਠ ਵੀ ਕਰ ਆਉਣੇ, ਦੀਵਾਨ ਵੀ ਲਾ ਆਉਣੇ ਤੇ ਕਿਸੇ ਦਾ ਕੰਮ ਨਾ ਰੁਕਣ ਦੇਣਾ। ਇਹ ਸਾਰਾ ਪਿੰਡ ਰਾਜਪੂਤਾਂ ਦਾ ਸੀ ਸਿਰਫ ਦੋ ਘਰ ਸਨ ਅੰਮ੍ਰਿਤਸਰ ਜਿਲ੍ਹੇ ਦੇ ਲੋਕਾਂ ਦੇ। ਆਖਰ ਇਹ ਲੋਕ ਸਾਰੇ ਦੇ ਸਾਰੇ ਜਮੀਨ ਦੇਣ ਤੇ ਮੁੱਕਰ ਗਏ। ਮੈ ਹਰ ਦੀਵਾਨ ਵਿੱਚ ਇਹਨਾਂ ਲੋਕਾਂ ਦੀ ਬਦਨਾਮੀ ਕਰਨੀ ਸ਼ੁਰੂ ਕਰ ਦਿੱਤੀ ਪਰ ਇਹ ਸਭ ਢੀਠ ਹੋ ਗਏ। ਆਖਰ ਸਾਲ ਪੂਰਾ ਹੋ ਗਿਆ ਤੇ ਇਹਨਾਂ ਲੋਕਾਂ ਨੇ ਮੇਰੇ ੨੩ ਮਣ ਪੱਕੇ ਦਾਣੇ ਮਾਰ ਲਏ ਤੇ ਮੈ ਕੰਮ ਬੰਦ ਕਰ ਦਿੱਤਾ, ਔਜਾਰ ਪੇਟੀ ਵਿੱਚ ਰੱਖ ਕੇ ਤਾਲਾ ਮਾਰ ਦਿੱਤਾ।

ਹਾੜ ਦੀ ਸੰਗਰਾਂਦ ਆ ਗਈ ਸਭ ਲੋਕ ਗੁਰਦੁਵਾਰੇ ਇਕੱਠੇ ਹੋਏ। ਮੈ ਵੀ ਬੈਠਾ ਸਾਂ, ਪ੍ਰਸਾਦ ਵੰਡਣ ਤੋ ਬਾਅਦ ਮੇਰੇ ਨਾਲ ਗੱਲਬਾਤ ਸ਼ੁਰੂ ਹੋਈ ਤੇ ਇਹ ਸਾਰੇ ਮੈਨੂੰ ਕਹਿਣ ਲਗੇ, "ਤੁਸੀ ਕੰਮ ਕਿਉ ਬੰਦ ਕਰ ਦਿੱਤਾ ਹੈ।" ਮੈ ਕਿਹਾ, "ਮੈ ਤਦ ਕੰਮ ਕਰਾਂਗਾ, ਜਦ ਤੁਸੀ ਮੇਰੇ ਦਾਣੇ ਦਿਓਗੇ। ਤੁਸੀ ਮੇਰੇ ਦਾਣੇ ਦੇ ਦਿਉ ਜੋ ਤੁਸੀ ਮੇਰੇ ਨਾਲ ਜ਼ਮੀਨ ਦੀ ਗੱਲ ਕੀਤੀ ਸੀ ਚਾਰ ਏਕੜ ਜਮੀਨ ਦੇ ਦਿਉ ਤਾਂ ਮੈ ਕੰਮ ਕਰਾਂਗਾ ਨਹੀ ਤੇ ਮੈ ਕੰਮ ਨਹੀ ਕਰਨਾਂ।" ਸਾਡਾ ਉਥੇ ਹੀ ਬੜਾ ਝਗੜਾ ਹੋ ਗਿਆ। ਮੈ ਕੰਮ ਤੋਂ ਇਨਕਾਰ ਕਰ ਦਿੱਤਾ ਸਾਡੀ ਤੂੰ ਤੂੰ ਮੈ ਮੈ ਹੋ ਗਈ। ਫਿਰ ਕੁਝ ਬੰਦੇ ਮੇਰੇ ਕੋਲ ਆਏ ਤੇ ਕਹਿਣ ਲਗੇ, "ਸੰਤ ਜੀ, ਤੁਸੀ ਕੰਮ ਕਰੋ, ਅਸੀ ਪਿਛਲੇ ਦਾਣੇ ਇਕੱਠੇ ਕਰ ਦਿੰਦੇ ਹਾਂ।" ਮੈ ਫਿਰ ਵੀ ਇਨਕਾਰ ਕਰ ਦਿੱਤਾ ਕਿ ਮੈ ਤਾਂ ਕੰਮ ਹੀ ਨਹੀ ਕਰਨਾ। ਇਹਨਾਂ ਲੋਕਾਂ ਨੇ ਰਾਤ ਨੂੰ ਇਕੱਠ ਕਰਕੇ ਦਿਨੇ ਮੇਰੀ ਮੱਝ ਬਾਹਰ ਚੁਗਣ ਤੋ ਡੱਕ ਦਿੱਤੀ ਤੇ ਕਿਹਾ, "ਸਾਡੀਆਂ ਪੈਲੀਆਂ ਵਿੱਚ ਸੰਤ ਦੀ ਮੱਝ ਨਹੀ ਚੁਗ ਸਕਦੀ ਕਿਉਂਕਿ ਇਹ ਸਾਡਾ ਕੰਮ ਨਹੀ ਕਰਦਾ।" ਖੈਰ ਇਸ ਪਿੰਡ ਵਿੱਚ ੬ ਘਰ ਮੁਸਲਮਾਨਾਂ ਦੇ ਵੱਸਦੇ ਸਨ। ਇਹਨਾਂ ਦਾ ਆਗੂ ਸੀ ਗੁਲਾਮ ਹੈਦਰ। ਮੈ ਇਸਦੇ ਨਾਲ ਸਾਰੀ ਗੱਲਬਾਤ ਕੀਤੀ ਤੇ ਗੁਲਾਮ ਹੈਦਰ ਮੈਨੂੰ ਕਹਿਣ ਲਗਾ, "ਸੰਤ ਜੀ ਇਹ ਲੋਕ ਬੜੇ ਕੁੱਤੇ ਹਨ, ਅਸੀ ਵੀ ਇਹਨਾਂ ਤੋ ਬੜੇ ਤੰਗ ਹਾਂ। ਅਸੀਂ ਜਮੀਨ ਵੇਚਣੀ ਹੈ ਜਿੰਨੀ ਤੁਸੀ

ਲੈ ਸਕਦੇ ਹੋ ਲੈ ਲਵੋ।" ੨੦੦ ਰੁ: ਏਕੜ ਦਾ ਮੇਰਾ ਸੌਦਾ ਹੋ ਗਿਆ। ਮੱਕੀ ਬੀਜੀ ਬਿਜਾਈ ਦਾ ਚਾਰ ਏਕੜ ਦਾ ਮੈ ਬਿਆਨਾ ੧੦੦ ਰੁ: ਦੇ ਦਿੱਤਾ ਤੇ ੬ ਦਿਨਾਂ ਦਾ ਵਾਅਦਾ ਕਰ ਲਿਆ। ਰੱਬ ਦੀ ਮਰਜੀ ਉਸੇ ਦਿਨ ਹੀ ਇਸ ਪਿੰਡ ਦਾ ਸੁਖਵਾਸੀ ਲਾਲ ਬਾਣੀਆਂ ਦਾਣੇ ਖਰੀਦਣ ਆ ਗਿਆ। ਮੈ ਇਹ ਨਾਲ ਗੱਲਬਾਤ ਕੀਤੀ ਤੇ ਇਸ ਪਾਸੋਂ ਮੈ ੧੨੦੦ ਰੁ: ਲੈ ਲਿਆ ਤੇ ਇਸਨੂੰ ਦਾਣੇ ਦੇਣੇ ਕਰ ਲਏ। ਮੈਂ ਅਗਲੇ ਦਿਨ ਹੀ ਗੁਲਾਮ ਹੈਦਰ ਨੂੰ ਆਖਿਆ ਕਿ ਸਵੇਰੇ ਹੀ ਚਲੋ ਤੇ ਪੈਲੀ ਮੇਰੇ ਨਾਮ ਕਰਵਾ ਦਿਓ ਤੇ ਅਪਣੇ ਪੈਸੇ ਲੈ ਲਵੋ। ਉਸਨੇ ਕਿਹਾ ਠੀਕ ਹੈ।

ਅਗਲੇ ਦਿਨ ਅਸੀ ਸਾਰੇ ਬਿਲਾਸਪੁਰ ਤਸੀਲੇ ਪੁੱਜ ਗਏ ਤੇ ਠੇਕੇਦਾਰ ਸਦੀਕ ਮੁਹੰਮਦ ਵੀ ਆ ਗਿਆ, ਪਟਵਾਰੀ ਜਗਦੀਸ਼ ਰਾਜ ਨਾਲ ਮੈਂ ਸਭ ਗੱਲਬਾਤ ਕੀਤੀ ਤੇ ਕਿਹਾ, "ਪਟਵਾਰੀ ਜੀ ਸਭ ਆਪ ਦੇ ਵੱਸ ਹੈ ਅਗਰ ਹੋਰ ਕੋਈ ਨੰਬਰ ਦੀ ਜਮੀਨ ਤੁਸੀ ਮੇਰੇ ਪਟੇ ਵਿੱਚ ਪਾ ਦਿਓ ਤੇ ਜੋ ਮੇਰੇ ਨਾਲ ਤਹਿ ਕਰਨਾ ਹੈ ਕਰ ਲਵੋ।" ਮੇਰੇ ਪਾਸ ਪਟਵਾਰੀ ਨੇ ੫੦ ਰੁ: ਏਕੜ ਦੇ ਮੰਗੇ ਤੇ ਦੋ ਏਕੜ ਪੈਲੀ ਉਸਨੇ ਮੇਰੇ ਪਟੇ ਵਿੱਚ ਹੋਰ ਪਾ ਦਿੱਤੀ ਤੇ ਮੇਰੇ ਕੋਲੋ ਪਟਵਾਰੀ ਨੇ ੧੦੦ ਰੁ: ਲੈ ਲਿਆ। ੭ ਏਕੜ ਪੈਲੀ ਮੇਰੇ ਪਟੇ ਵਿੱਚ ਪੱਕੀ ਹੋ ਗਈ। ਮੈਂ ਰਾਤ ਨੂੰ ਘਰ ਆ ਕੇ ਅਪਣੀ ਘਰਵਾਲੀ ਨਾਲ ਸਾਰੀ ਗੱਲਬਾਤ ਕੀਤੀ ਕਿ ੫ ਏਕੜ ਪੈਲੀ ਦੇ ਪੈਸੇ ੧੦੦੦ ਰੁ: ਮੁਸਲਮਾਨਾਂ ਨੂੰ ਦੇ ਦਿੱਤਾ ਹੈ ਤੇ ੧੦੦ ਰੁ: ਪਟਵਾਰੀ ਜਗਦੀਸ਼ ਰਾਜ ਨੂੰ ਦੇ ਕੇ ਦੋ ਏਕੜ ਪੈਲੀ ਹੋਰ ਮੈ ਅਪਣੇ ਪਟੇ ਵਿੱਚ ਲਿਖਵਾ ਲਈ ਹੈ। ਤੇ ਸਾਡੀ ਪੈਲੀ ੭ ਏਕੜ ਬਣ ਗਈ ਹੈ। ਸਾਰਾ ਖਰਚਾ ਪਾ ਕੇ ੧੩੦੦ ਰੁ: ਲਗੇ ਹਨ।

ਸਵੇਰੇ ਉੱਠਕੇ ਇਸ਼ਨਾਨ ਕਰਕੇ ਨਿਤਨੇਮ ਕਰਕੇ ਪ੍ਰਸਾਦਾ ਛਕ ਕੇ ਮੈ ਅਪਣੀ ਪੈਲੀ ਵੱਲ ਗਿਆ ਤੇ ਮੱਕੀ ਵਿੱਚੋਂ ਮੱਝ ਵਾਸਤੇ ਪੱਠੇ ਵੱਢ ਕੇ ਲਿਆਂਦੇ ਤੇ ਮੱਝ ਬਾਹਰ ਚੁਗਣ ਵਾਸਤੇ ਛੱਡ ਦਿੱਤੀ। ਮੈਨੂੰ ਖਾਤੇ ਦੇ ਲੋਕ ਕਹਿਣ ਲਗੇ, "ਸੰਤ ਜੀ ਤੁਸੀ ਅਪਣੀ ਮੱਝ ਬੰਨ ਲਵੋ। ਸਾਡੀਆਂ ਪੈਲੀਆਂ ਵਿੱਚ ਚਾਰੋਗੇ ਤਾਂ ਅਸੀ ਤੁਹਾਡੀ ਮੱਝ ਫੜ ਕੇ ਖੋੜ ਵਿੱਚ ਜਾਈ ਕਿ ਪੌਣੇ ਵਿੱਚ ਦੇ ਆਵਾਂਗੇ।" ਅਗੋ ਮੈ ਉੱਤਰ ਦਿੱਤਾ, "ਜੇ ਤੁਸੀ ਮੇਰੀ ਇੱਕ ਮੱਝ ਖੋੜ ਵਿੱਚ ਦਿਓਗੇ ਤਾਂ ਮੈਂ ਸਾਰੇ ਪਿੰਡ ਦੇ ਡੰਗਰ ਘੇਰ ਕੇ ਖੋੜ ਵਿੱਚ ਦੇ ਦਿਆਂਗਾ। ਮੈ ਵੀ ਜਮੀਨ ਖਰੀਦ ਲਈ ਹੈ। ਮੈ ਵੀ ੭ ਏਕੜ ਜਮੀਨ ਦਾ ਮਾਲਿਕ ਹਾਂ। ਜੋ ਕਿ ਗੁਲਾਮ ਹੈਦਰ ਪਾਸੋਂ ਖਰੀਦੀ ਹੈ।" ਸਭ ਲੋਕ ਇੱਕੱਠੇ ਹੋ ਕੇ ਗੁਲਾਮ ਹੈਦਰ ਦੇ ਕੋਲ ਗਏ ਤੇ ਉਸਨੇ ਦੱਸਿਆ ਕਿ ਸੰਤਾਂ ਨੇ ਜਮੀਨ ਖਰੀਦ ਲਈ ਹੈ। ਇਹ ਗੱਲ ਸੁਣ ਕੇ ਸਭ ਸ਼ਰਮਿੰਦੇ ਜਿਹੇ ਹੋ ਗਏ। ਗੱਲ ਮੁੱਕੀ ੫ ਏਕੜਾਂ ਵਿੱਚੋ ਮੇਰੀ ੭੦੦ ਦੀ ਮੱਕੀ ਨਿਕਲੀ। ਜੋ ਦੂਸਰੀ ਪੈਲੀ ਸੀ ਕਰਤਾਰ ਸਿੰਘ ਰਾਜਪੂਤ ਹੇਠ ੨ ਏਕੜ ਜੋ

ਮੈ ਪਟਵਾਰੀ ਨੂੰ ੧੦੦ ਰੁ: ਦੇ ਕੇ ਮੁਸਲਮਾਨਾਂ ਤੇ ਪੜਦੇ ਨਾਲ ਲਿਖਵਾਈ ਸੀ। ਉਸ ਪੈਲੀ ਵਿੱਚ ਕਰਤਾਰ ਸਿੰਘ ਨੇ ਚਰੀ ਬੀਜੀ ਹੋਈ ਸੀ। ਮੈ ਇਸ ਚਰੀ ਵਿੱਚ ਮੱਝ ਖੁੱਲੀ ਛੱਡਣੀ। ਇੱਕ ਦਿਨ ਕਰਤਾਰ ਸਿੰਘ ਆਇਆ ਤੇ ਮੱਝ ਮੇਰੀ ਚਰੀ ਵਿੱਚ ਚੁਗ ਰਹੀ ਸੀ। ਉਸਨੇ ਮੈਨੂੰ ਆ ਕੇ ਕਿਹਾ, "ਸੰਤ ਜੀ, ਤੁਸੀ ਮੇਰੀ ਸਾਰੀ ਚਰੀ ਉਜਾੜ ਦਿੱਤੀ ਹੈ।" ਮੈ ਕਿਹਾ, "ਪੈਲੀ ਮੇਰੇ ਪਟੇ ਵਿੱਚ ਹੈ। ਇਸ ਕਰਕੇ ਅੱਧੀ ਚਰੀ ਮੇਰੀ ਹੈ।" ਉਹ ਚੁੱਪ ਕਰਕੇ ਚਲਾ ਗਿਆ ਅਗਲੇ ਦਿਨ ਉਹਨਾਂ ਸਾਰੀ ਚਰੀ ਵੱਢ ਲਈ ਤੇ ਤੀਸਰੇ ਦਿਨ ਉਹਨਾਂ ਨੇ ਪੈਲੀ ਵਿੱਚ ਹੱਲ ਆ ਜੋਏ। ਮੈ ਜਾ ਕੇ ਉਹਨਾਂ ਦੇ ਹਲ ਡੱਕ ਦਿੱਤੇ ਮੇਰਾ ਤੇ ਕਰਤਾਰ ਸਿੰਘ ਦਾ ਝਗੜਾ ਹੋ ਗਿਆ ਪਰ ਜੁਬਾਨੀ ਜੁਬਾਨੀ। ਹਥੋ ਪਾਈ ਨਾ ਹੋਏ। ਹਜਾਤ ਨਗਰ ਵਿੱਚ ਸਾਰੇ ਘਰ ਅੰਮ੍ਰਿਤਸਰੀਆਂ ਦੇ ਸਨ। ਇਹਨਾਂ ਸਿੱਖਾਂ ਨੂੰ ਜਦੋਂ ਪਤਾ ਲਗਾ ਕਿ ਖਾਤੇ ਪਿੰਡ ਦੇ ਲੋਕ ਸੰਤਾਂ ਨੂੰ ਤੰਗ ਕਰਦੇ ਹਨ ਤੇ ਇਹਨਾਂ ਸਿੱਖਾਂ ਨੇ ਮੈਨੂੰ ਕਿਹਾ, "ਸੰਤ ਜੀ ਸਾਨੂੰ ਪਤਾ ਲਗਾ ਹੈ ਕਿ ਰਾਜਪੂਤ ਤੁਹਾਨੂੰ ਤੰਗ ਕਰਦੇ ਹਨ ਤੁਸੀ ਇਸ ਤਰ੍ਹਾਂ ਕਰੋ ਕਿ ਸਾਡੇ ਪਿੰਡ ਆ ਜਾਉ। ਪੈਲੀ ਤੇ ਤੁਹਾਡੀ ਸਾਡੇ ਪਿੰਡ ਦੇ ਨਾਲ ਹੈ ਤੁਸੀ ਸਾਡੇ ਪਾਸ ਆ ਜਾਉ ਤੇ ਅਸੀ ੪ ਏਕੜ ਪੈਲੀ ਮੁਫਤ ਤੁਹਾਡੇ ਨਾ ਕਰ ਦਿੰਦੇ ਹਾਂ। ਸਾਡੇ ਕੋਲੋ ਲਿਖਵਾ ਲਵੋ।" ਮੈ ਕਿਹਾ, "ਮੈ ਤੁਹਾਡਾ ਕੰਮ ਕੋਈ ਨਹੀ ਕਰਨਾ।" ਇਹਨਾਂ ਨੇ ਕਿਹਾ, "ਠੀਕ ਹੈ ਤੁਸੀ ਸਿਰਫ ਗੁਰਦੁਵਾਰੇ ਦੀ ਸੇਵਾ ਕਰਦੇ ਜਾਓ।" ਮੈ ਹਾਂ ਕਰ ਦਿੱਤੀ ਤੇ ਇਹਨਾਂ ਨੇ ਅਸ਼ਟਾਮ ਲਿਆ ਕੇ ੪ ਏਕੜ ਪੈਲੀ ਮੇਰੇ ਨਾਮ ਕਰ ਦਿੱਤੀ ਤੇ ਅਗਲੇ ਦਿਨ ਗੱਡੇ ਤੇ ਮੇਰਾ ਸਾਰਾ ਸਾਮਾਨ ਲੱਦ ਕੇ ਅਪਣੇ ਪਿੰਡ ਹਜਾਤ ਨਗਰ ਲੈ ਆਏ। ਇਹ ਸਭ ਸਿੱਖ ਮੇਰੀ ਮਦਦ ਕਰਨ ਲੱਗ ਪਏ। ਉਹ ਪੈਲੀ ਜੋ ਕਰਤਾਰ ਸਿੰਘ ਦੇ ਕਬਜੇ ਵਿੱਚ ਸੀ। ਉਸ ਬਾਰੇ ਮੈ ਤਿੰਨ ਵਾਰ ਪੰਚਾਇਤ ਕੀਤੀ ਪਰ ਉਹ ਕਿਸੇ ਦੀ ਨਾ ਮੰਨੇ। ਆਖਿਰ ਪੰਚਾਇਤ ਨੇ ਮੈਨੂੰ ਕਿਹਾ, "ਤੁਸੀ ਅਪਣੇ ਜੋਰ ਨਾਲ ਪੈਲੀ ਵਾਹ ਲਓ ਤੇ ਅਸੀ ਸਾਰੇ ਤੁਹਾਡੀ ਮਦਦ ਕਰ ਦੇਵਾਂਗੇ।"

ਕਰਤਾਰ ਸਿੰਘ ਨੇ ਉਸ ਪੈਲੀ ਵਿੱਚ ਤੋਰੀਆਂ ਤੇ ਛੋਲੇ ਬੀਜ ਦਿੱਤੇ। ਮੈ ਚੁੱਪ ਰਿਹਾ। ਕਰਤਾਰ ਸਿੰਘ ਦੇ ਤਿੰਨ ਪੁੱਤਰ ਚੰਗੇ ਗੱਭਰੂ ਸਨ, ਦੋ ਘੁਲਦੇ ਸਨ। ਇਲਾਕੇ ਦੇ ਮੁੰਡਿਆਂ ਨਾਲੋਂ ਤਗੜੇ ਸਨ। ਤੋਰੀਆਂ ਪੱਕ ਪਿਆ। ਕਰਤਾਰ ਸਿੰਘ ਨੇ ਅਪਣੀਆਂ ਪੈਲੀਆਂ ਦਾ ਤੋਰੀਆਂ ਪੁੱਟਣਾਂ ਸ਼ੁਰੂ ਕਰ ਦਿੱਤਾ। ਮੈ ਚੁੱਪ ਰਿਹਾ। ਸ਼ਾਮ ਦੇ ਚਾਰ ਕੁ ਵਜੇ ਦੇ ਵਕਤ ਨਾਲ ਇਹਨਾਂ ਨੇ ਮੇਰੇ ਵਾਲੇ ਨੰਬਰਾਂ ਵਾਲੀ ਪੈਲੀ ਵਿੱਚੋ ਵੀ ਪੁਟੱਣਾਂ ਸ਼ੁਰੂ ਕਰ ਦਿੱਤਾ। ਮੈ ਕਿਹਾ, "ਮੇਰੇ ਨੰਬਰਾਂ ਦਾ ਤੋਰੀਆਂ ਅਲਗ ਰਖਿਓ ਮੈ ਅਪਣਾਂ ਹਿੱਸਾ ਲੈਣਾ ਹੈ।" ਉਸਦੇ ਵੱਡੇ ਪਹਿਲਵਾਨ ਮੁੰਡੇ ਨੇ ਕਿਹਾ, "ਤੈਨੂੰ ਹੁਣੇ ਨਾ ਹਿੱਸਾ ਦੇ ਲਈਏ।" ਮੈ ਕਿਹਾ, "ਮੈ ਹਿੱਸਾ ਤਾਂ ਜਰੂਰ ਲਵਾਂਗਾ।" ਖੈਰ ਦਿਨ ਡੁੱਬ ਗਿਆ।

ਜਿਆਦਾ ਗੱਲਬਾਤ ਨਾ ਹੋਈ। ਉਹ ਅਪਣੇ ਪਿੰਡ ਖਾਤੇ ਨੂੰ ਚਲੇ ਗਏ ਤੇ ਮੈ ਹਜਾਤ ਨਗਰ ਅਪਣੇ ਘਰ ਆ ਕੇ ਪਿੰਡ ਦੇ ੧੦-੧੨ ਮੁੰਡੇ ਇੱਕੱਠੇ ਕਰਕੇ ਕਿਹਾ "ਮੇਰੀ ਮਦਦ ਕਰੋ, ਤੇ ਮੇਰੇ ਨਾਲ ਚਲੋ ਰਾਤੋ ਰਾਤ ਤੋਰੀਆਂ ਪੁੱਟ ਕੇ ਅਪਣੇ ਘਰ ਲੈ ਆਈਏ। ਸਵੇਰੇ ਮੈ ਕਿੱਸਾਂ ਦੇ ਇਲਾਕੇ ਵਿੱਚ ਕਲੋਨੀ ਜਾ ਕੇ ਅਖੰਡ ਪਾਠ ਅਰੰਭ ਕਰਨਾ ਹੈ ਤੇ ਫਿਰ ਮੇਰੇ ਉਥੇ ਤਿੰਨ ਦਿਨ ਲਗ ਜਾਣੇ ਹਨ ਤੇ ਰਾਜਪੂਤ ਕਰਤਾਰ ਸਿੰਘ ਮੇਰਾ ਤੋਰੀਆਂ ਪੁੱਟ ਕੇ ਲੈ ਜਾਉਗਾ। ਮੇਰੇ ਹੱਥ ਫਿਰ ਕੁਝ ਨਹੀ ਆਉਣਾਂ।" ਜਦੋ ਇਹ ਸਾਰੀ ਗੱਲ ਮੈ ਮੁੰਡਿਆਂ ਨੂੰ ਸਮਝਾਈ ਤੇ ਉਹ ਸਾਰੇ ਉਸੇ ਵਕਤ ਮੇਰੇ ਨਾਲ ਤੁਰ ਪਏ। ਅਸਾਂ ਸਾਰਿਆਂ ਨੇ ਜਾ ਕੇ ਸਾਰੇ ਦਾ ਸਾਰਾ ਤੋਰੀਆਂ ਤਿੰਨਾਂ ਏਕੜਾਂ ਦਾ ਪੁੱਟ ਕੇ ਸਾਰਾ ਆਪਣੇ ਘਰ ਦੇ ਬੂਹੇ ਅੱਗੇ ਪਸਾ ਲਾ ਲਿਆ। ਇਹ ਸਾਰਾ ਕੰਮ ਰਾਤੋ ਰਾਤ ਕਰ ਲਿਆ। ਦਿਨੇ ਮੈ ਤਿਆਰ ਹੋ ਕੇ ਪਾਠੀਆਂ ਦਾ ਜਥਾ ਲੈ ਕੇ ਮਿਲਕ ਪਿੰਡ ਵਿੱਚ ਜਾ ਕੇ ਅਖੰਡ ਪਾਠ ਅਰੰਭ ਕਰ ਦਿੱਤਾ ਤੇ ਜਦੋ ਰਾਜਪੂਤ ਕਰਤਾਰ ਸਿੰਘ ਤੇ ਉਸਦਾ ਪੁੱਤਰ ਦਿਨੇ ਤੋਰੀਆਂ ਪੁੱਟਣ ਵਾਸਤੇ ਖੇਤਾਂ ਵਿੱਚ ਆਏ ਤਾਂ ਅੱਗੇ ਖਾਲੀ ਖੇਤ ਵੇਖ ਕੇ ਫਿਰ ਸਾਡੇ ਘਰ ਅੱਗੇ ਤੋਰੀਏ ਦਾ ਢੇਰ ਵੇਖ ਕੇ ਉਸੇ ਵਕਤ ਬਿਲਾਸਪੁਰ ਥਾਣੇ ਪਹੁੰਚ ਗਿਆ ਤੇ ਥਾਣੇਦਾਰ ਪਾਸ ਜਾ ਕੇ ਰੋਇਆ ਤੇ ਕਿਹਾ, "ਥਾਣੇਦਾਰ ਜੀ, ਮੇਰੀ ਤਿੰਨਾਂ ਏਕੜਾਂ ਦਾ ਤੋਰੀਆਂ ਰਾਤ ਰਾਤ ਸੰਤ ਅਮਰ ਸਿੰਘ ਪੁੱਟ ਕੇ ਲੈ ਗਿਆ ਹੈ ਤੇ ਉਸਦੇ ਘਰ ਢੇਰ ਲਗਾ ਹੋਇਆ ਹੈ। ਆਪ ਚਲਕੇ ਮੌਕਾ ਦੇਖ ਲਵੋ।" ਥਾਣੇਦਾਰ ਨੇ ਕਿਹਾ, "ਕੌਣ ਸੰਤ ਅਮਰ ਸਿੰਘ ਹੈ।" ਕਰਤਾਰ ਸਿੰਘ ਕਹਿਣ ਲਗਾ, "ਜਨਾਬ ਉਹੋ ਸੰਤ ਅਮਰ ਸਿੰਘ ਹੈ ਜੋ ਲੈਕਚਰ ਕਰਦਾ ਹੈ। ਦੀਵਾਨ ਲਾਉਂਦਾ ਹੈ ਵਾਜਾ ਵਜਾ ਕੇ। ਥਾਣੇਦਾਰ ਕਹਿਣ ਲਗਾ, "ਮੈ ਕਈ ਵਾਰ ਉਸਦਾ ਲੈਕਚਰ ਸੁਣਿਆ ਹੈ, ਸੰਤ ਐਸਾ ਬੰਦਾ ਨਹੀ ਹੈ।" ਰਾਜਪੂਤ ਨੇ ਕਿਹਾ, "ਜਨਾਬ ਉਹ ਬੜਾ ਬਦਮਾਸ਼ ਹੈ ਉਸਨੇ ਕਈ ਖੂਨ ਕੀਤੇ ਹਨ। ਭਾਰਾ ਡਾਕੂ ਹੈ ਅਜੇ ਗੱਲਾਂ ਕਰਦੇ ਹੀ ਸਨ ਕਿ ਲਾਲਾ ਮੰਗਲ ਸੈਨ ਆੜਤੀ ਆ ਗਿਆ ਤੇ ਥਾਣੇਦਾਰ ਨੇ ਇਸਨੂੰ ਪੁਛਿਆ, "ਲਾਲਾ ਜੀ, ਜਿਸਨੂੰ ਸੰਤ ਅਮਰ ਸਿੰਘ ਕਹਿੰਦੇ ਹਨ ਕਿ ਉਹ ਡਾਕੂ ਹੈ?" ਲਾਲਾ ਕਹਿਣ ਲਗਾ, "ਦਰੋਗਾ ਜੀ, ਉਹ ਤੇ ਬੜਾ ਭਲਾ ਲੋਕ ਹੈ ਤੁਸਾਂ ਕਈ ਮਰਤਬਾ ਉਸਦਾ ਲੈਕਚਰ ਸੁਣਿਆ ਹੈ। ਉਹ ਨਾ ਮਾਸ ਖਾਏ ਨਾ ਸ਼ਰਾਬ ਪੀਵੇ ਉਹ ਤੇ ਬੜਾ ਮਹਾਪੁਰਸ਼ ਹੈ।" ਦਰੋਗੇ ਨੇ ਕਿਹਾ, "ਲਾਲਾ ਜੀ ਇਹ ਕਰਤਾਰ ਸਿੰਘ ਰਾਜਪੂਤ ਰਿਪੋਰਟ ਕਰਵਾਉਣ ਆਇਆ ਹੈ ਤੇ ਕਹਿੰਦਾ ਹੈ ਕਿ ਅਮਰ ਸਿੰਘ ਰਾਤ ਰਾਤ ਚੋਰੀ ਇਸਦਾ ਤਿੰਨ ਏਕੜਾਂ ਦਾ ਤੋਰੀਆਂ ਪੁੱਟ ਕੇ ਲੈ ਗਿਆ ਹੈ ਤੇ ਉਸਨੇ ਅਪਣੇ ਘਰ ਦੇ ਅੱਗੇ ਤੋਰੀਏ ਦਾ ਢੇਰ ਲਾਇਆਂ ਹੋਇਆ ਹੈ।" ਮੰਗਲ ਸੈਨ ਲਾਲਾ ਕਹਿਣ ਲਗਾ, "ਦਰੋਗਾ ਜੀ ਇਸ ਗੱਲ ਦਾ ਸਾਰਾ ਮੈਨੂੰ ਪਤਾ ਹੈ ਕਿ ਉਹ ਪੈਲੀਆਂ ਸੰਤ ਅਮਰ

ਸਿੰਘ ਦੀਆਂ ਹਨ ਤੇ ਇਹ ਜ਼ਬਰਦਸਤੀ ਵਾਹੀ ਜਾਂਦਾ ਸੀ। ੩ ਵਾਰ ਸੰਤਾਂ ਨੇ ਪੰਚਾਇਤ ਕੀਤੀ ਹੈ ਕਿ ਕਰਤਾਰ ਸਿੰਘ ਉਹਨਾਂ ਦੇ ਖੇਤ ਛੱਡ ਦੇਵੇ ਪਰ ਕਰਤਾਰ ਸਿੰਘ ਨੇ ਪੰਚਾਇਤ ਦੀ ਇੱਕ ਗੱਲ ਵੀ ਨਹੀ ਸੁਣੀ ਤੇ ਪੰਚਾਇਤ ਨੇ ਫੈਸਲਾ ਕੀਤਾ ਕਿ ਸੰਤ ਅਮਰ ਸਿੰਘ ਦੀ ਜੋ ਮਰਜੀ ਹੋਵੇ ਕਰ ਲਵੇ ਜਦੋਂ ਮਰਜੀ ਹੋਵੇ ਜਮੀਨ ਵਾਹ ਲਵੇ ਸਾਰੀ ਪੰਚਾਇਤ ਉਸਦੇ ਨਾਲ ਹੈ। ਜੇ ਸੰਤਾਂ ਨੇ ਤੋਰੀਆਂ ਪੁੱਟਿਆ ਵੀ ਹੈ ਤਾਂ ਉਹਨਾਂ ਨੇ ਅਪਣੇ ਖੇਤਾਂ ਦਾ ਤੋਰੀਆਂ ਪੁੱਟਿਆਂ ਹੈ। ਰਾਜਪੂਤ ਝੂਠ ਬੋਲਦਾ ਹੈ।'' ਜਦੋ ਦਰੋਗੇ ਨੇ ਲਾਲੇ ਕੋਲੋਂ ਇਹ ਗੱਲ ਸੁਣੀ ਤੇ ਰਾਜਪੂਤ ਨੂੰ ਗਾਲਾਂ ਕੱਢੀਆਂ ਤੇ ਘਰ ਨੂੰ ਭਜਾ ਦਿੱਤਾ। ਤੀਸਰੇ ਦਿਨ ਜਦੋਂ ਮੈ ਘਰ ਆਇਆ ਤਾਂ ਮੈਂ ਰਾਜਪੂਤ ਨੂੰ ਸੁਨੇਹਾਂ ਘਲਿਆਂ ਕਿ ਉਹ ਆ ਕੇ ਤੋਰੀਆ ਗਾਹ ਕੇ ਅਪਣਾਂ ਲੈ ਜਾਵੇ ਤੇ ਮੇਰਾ ਹਿੱਸਾ ਮੈਨੂੰ ਦੇ ਜਾਵੇ। ਉਸਨੇ ਉੱਤਰ ਘੱਲਿਆ ਕਿ ਉਹ ਸਾਰਾ ਤੋਰੀਆਂ ਲਵੇਗਾ ਅੱਧਾ ਨਹੀਂ। ਗੱਲ ਕੀ ਜੀ ਵੀਹ ਦਿਨਾਂ ਬਾਅਦ ਮੈਂ ਤੋਰੀਆਂ ਕੱਢ ਕੇ ਗੱਡੀ ਤੇ ਲੱਦ ਕੇ ਰੁਦਰ ਪੁਰ ਨੂੰ ਤੁਰ ਪਿਆ। ਇਹ ਰਸਤਾ ਰਾਜਪੂਤ ਦੇ ਪਿੰਡ ਦੇ ਵਿੱਚੋਂ ਦੀ ਜਾਂਦਾ ਸੀ। ਮੈਂ ੪੫੦ ਰੁ: ਦਾ ਤੋਰੀਆਂ ਵੇ ਚ ਕੇ ਘਰ ਆ ਗਿਆ। ਉਸ ਰਾਜਪੂਤ ਨੂੰ ਕੋਈ ਪੈਸਾ ਨਾਂ ਦਿੱਤਾ। ਫਿਰ ਉਹਨਾਂ ਹੀ ਤਿੰਨਾਂ ਖੇਤਾਂ ਵਿੱਚ ਛੋਲੇ ਵੀ ਸਨ ਬੀਜੇ ਹੋਏ ਤੋਰੀਏ ਦੇ ਨਾਲ ਚੇਤਰ ਵਿੱਚ ਛੋਲੇ ਪੱਕੇ ਤੇ ਮੈਂ ਫਿਰ ਉਹਨਾਂ ਨੂੰ ਕਿਹਾ ਕਿ ਛੋਲੇ ਵੱਢ ਕੇ ਇਥੇ ਹੀ ਗਾਹ ਕੇ ਮੇਰਾ ਹਿੱਸਾ ਮੈਨੂੰ ਦੇ ਜਾ ਨਹੀ ਤੇ ਮੈਂ ਸਾਰੇ ਛੋਲੇ ਵੱਢ ਲਵਾਂਗਾ। ਮੇਰੀ ਇਹ ਗੱਲ ਸੁਣ ਕੇ ਉਹਨਾਂ ਨੇ ਛੋਲਿਆਂ ਦਾ ਹਿੱਸਾ ਮੈਨੂੰ ਦੇ ਦਿੱਤਾ ਤੇ ਅਗੋ ਤੋਂ ਮੈਂ ਆਪਣੀ ਪੈਲੀ ਵਾਹ ਲਈ ਤੇ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਇਹ ਮੋਰਚਾ ਵੀ ਫਤਹਿ ਹੋ ਗਿਆ।

# (੨੬) ਇੱਕ ਆਦਰਸ਼ ਪਿਤਾ

ਮੈ ਸਮੇਤ ਪਰਿਵਾਰ ਹਜਾਤ ਨਗਰ ਵਿੱਚ ਰਹਿੰਦਾ ਸਾਂ। ੨ ਸਾਲ ਮੈ ਵਾਹੀ ਕੀਤੀ ਦੋ ਬਲਦ ਰਖੇ ੨ ਮੱਝਾਂ ਇੱਕ ਗਊ ਰੱਖੀ ਸੀ। ਫਿਰ ਮੈ ਪੰਜਾਬੋਂ ਜਾ ਕੇ ਖਰਾਸ ਲਿਆਂਦਾ ਤੇ ਹਜਾਤ ਨਗਰ ਵਿੱਚ ਮੈ ਅਪਣਾਂ ਖਰਾਸ ਚਾਲੂ ਕਰ ਦਿੱਤਾ। ਲੋਕਾਂ ਰੋਜ ਦਾਣੇ ਪੀਸਣੇ ਇੱਕ ਮਿੰਟ ਵੀ ਖਰਾਸ ਬੰਦ ਨਾ ਰਹਿਣਾਂ ਰੋਜ ਆਟਾ ੧੦-੧੨ ਕਿਲੋ ਆਉਣ ਲਗ ਪਿਆ। ਸੱਚੇ ਸਤਿਗੁਰੂ ਨੇ ਮੇਰੇ ਤੇ ਬੜੀ ਅਪਾਰ ਕਿਰਪਾ ਕੀਤੀ। ਜਮੀਨ ਮੈ ਹਿੱਸੇ ਤੇ ਦੇ ਦਿੱਤੀ। ਮੈ ਤੇ ਮੇਰੀ ਘਰਵਾਲੀ ਦਲਜੀਤ ਕੌਰ ਨੇ ਅਖੰਡ ਪਾਠ ਕਰਨੇ ਤੇ ਮੈ ਕੀਰਤਨ ਵੀ ਕਰਨਾ। ਪੈਸੇ ਸਤਿਗੁਰੂ ਦੀ ਕਿਰਪਾ ਨਾਲ ਬਾਹਰੋਂ ਆ ਜਾਣੇ। ਖਰਾਸ ਤੋਂ ਆਟਾ ਵੀ ਬਹੁਤ ਆ ਜਾਣਾਂ ਪ੍ਰਮਾਤਮਾਂ ਦੀ ਕਿਰਪਾ ਨਾਲ ਚੰਗਾ ਵਕਤ ਪਾਸ ਹੋਣ ਲੱਗਾ। ਫਿਰ ਮੈ ਕਾਕੇ ਹਰਭਜਨ ਸਿੰਘ ਵਾਸਤੇ ਇੱਕ ਮਾਸਟਰ ਘਰ ਰਖਿਆ। ਇਹ ਮਾਸਟਰ ਬੜਾ ਗੁਣੀ ਸੀ। ਇਲਾਹਬਾਦ ਤੋਂ ਰਾਗ ਕੀਰਤਨ ਸਿੱਖ ਕੇ ਆਇਆ ਸੀ। ਦਿਲਰੁਬਾ ਅਤੇ ਹਰਮੋਨੀਅਮ ਬੜਾ ਚੰਗਾ ਵਜਾਉਂਦਾ ਸੀ। ਇਸਦਾ ਨਾਮ ਪ੍ਰਤਾਪ ਸਿੰਘ ਸੀ। ਪਰ ਇਹ ਅੱਖਾਂ ਤੋ ਅੰਨਾਂ ਸੀ। (ਪ੍ਰਤਾਪ ਨੇ ਬਾਕੀ ਜਿੰਦਗੀ ਅੰਮ੍ਰਿਤਸਰ ਵਿੱਚ ਸ਼ਰੀਫ ਪੁਰੇ ਇੱਕ ਪੰਡਿਤ ਚਮਨ ਲਾਲ ਕੋਲ ਰਹਿ ਕੇ ਗੁਜਰੀ ੧੦ ਕੁ ਸਾਲ ਹੋਏ ਹਨ ਇਸਦਾ ਦੇਹਾਂਤ ਹੋ ਗਿਆ ਹੈ। ਇਸਦੇ ਆਖਿਰੀ ਦਿਨਾਂ ਤਕ ਜਦੋਂ ਵੀ ਅਸੀ ਅੰਮ੍ਰਿਤਸਰ ਅਪਣੀ ਵੱਡੀ ਲੜਕੀ ਕੋਲ ਜਾਣਾਂ ਤੇ ਪ੍ਰਤਾਪ ਨੂੰ ਮਿਲ ਕੇ ਆਉਣਾਂ। ਇਹ ਬੜਾ ਨੇਕ ਬੰਦਾ ਸੀ ਪ੍ਰਮਾਤਮਾਂ ਇਸਦੀ ਰੂਹ ਨੂੰ ਸ਼ਾਂਤੀ ਬਖਸ਼ੇ।)

ਇਸ ਮਾਸਟਰ ਨੇ ਕਾਕੇ ਹਰਭਜਨ ਸਿੰਘ ਨੂੰ ਪੱਕੇ ਰਾਗ ਸਿਖਾਉਣੇ ਸ਼ੁਰੂ ਕਰਾਏ, ਬੜੇ ਪ੍ਰੇਮ ਨਾਲ ਕਾਕੇ ਨੂੰ ਕੀਰਤਨ ਦਾ ਕੰਮ ਦੱਸਦਾ ਰਿਹਾ। ੩੦ ਰੁ: ਤੇ ਪ੍ਰਸਾਦੇ ਦੀ ਸੇਵਾ ਅਸੀ ਕਰਦੇ ਰਹੇ। ਇਸਤੋਂ ਬਾਅਦ ਛੋਟੇ ਕਾਕੇ ਬਲਬੀਰ ਸਿੰਘ ਵਾਸਤੇ ਇੱਕ ਮਾਸਟਰ ਰਖਿਆ ਇਸਦਾ ਨਾਂਮ ਬਚਨ ਸਿੰਘ ਸੀ। ਇਸਦੇ ਪਾਸੋ ਕਾਕੇ ਬਲਬੀਰ ਸਿੰਘ

ਨੂੰ ਤਬਲੇ ਦੀ ਸਿਖਿਆ ਦਿਵਾਈ। ੩੦ ਰੁ: ਤੇ ਪ੍ਰਸਾਦਾ ਤੇ ੭ ਤੋਲੇ ਮਹੀਨੇ ਦੀ ਅਫੀਮ ਵੀ ਦੇਣੀ ਖਾਣ ਵਾਸਤੇ। ਇਹਨਾ ਦੋਹਾਂ ਮਾਸਟਰਾਂ ਨੇ ਕਾਕਿਆਂ ਨੂੰ ਸਾਜ ਵਜਾਉਣ ਤੇ ਕੀਰਤਨ ਕਰਨ ਦੀ ਜਾਚ ਦੱਸੀ ਤੇ ਕਾਕੇ ਬਹੁਤ ਸੁਹਣਾਂ ਪ੍ਰਮਾਤਮਾਂ ਦਾ ਹਰ ਜੱਸ ਕਰਨ ਲਗ ਪਏ ਤੇ ਆਸੇ ਪਾਸੇ ਸਾਰੇ ਇਲਾਕੇ ਵਿੱਚ ਮਸ਼ਹੂਰ ਹੋ ਗਏ। ਇਸ ਨਗਰ ਹਜਾਤ ਨਗਰ ਵਿੱਚ ਅਸੀ ਸਿਰਫ ਤਿੰਨ ਕੁ ਸਾਲ ਰਹੇ ਫਿਰ ਸਤਿਗੁਰ ਦੀ ਕਿਰਪਾ ਹੋਈ। ਉਹ ਇੰਦਣ ਜੋ ਮੈ ਗੋਦੀ ਵਿੱਚ ਫਿੱਟ ਕੀਤਾ ਸੀ। ਉਹ ਬਰਕਤ ਸਿੰਘ ਖਾਤੇ ਵਾਲੇ ਕੋਲੋਂ ਚਲਿਆ ਹੀ ਨਾ ਤੇ ਇਸਨੇ ਸ੍ਰ: ਇੰਦਰ ਸਿੰਘ ਬਿਲਾਸਪੁਰ ਵਾਲੇ ਪਾਸ ੪੦੫੦ ਰੁ: ਦਾ ਵੇਚ ਦਿੱਤਾ ਇਹ ਤਿੰਨ ਭਰਾ ਸਨ। ਵੱਡਾ ਨਿਰੰਵਣ ਸਿੰਘ ਤੇ ਇੰਦਰ ਸਿੰਘ ਤੇ ਸਭ ਤੋ ਛੋਟਾ ਹੀਰਾ ਸਿੰਘ। ਇਹਨਾਂ ਦਾ ਬਿਲਾਸਪੁਰ ਆਰਾ ਮਸ਼ੀਨ, ਚੱਕੀ ਆਟੇ ਵਾਲੀ, ਧਾਨ ਮਸ਼ੀਨ ਤੇ ਕੋਹਲੂ ਤੇਲ ਕੱਢਣ ਵਾਲਾ ਲਗਾ ਹੋਇਆ ਸੀ। ਇਹਨਾਂ ਦਾ ਕੰਮ ਵੀ ਬਹੁਤ ਚੰਗਾ ਚਲਦਾ ਸੀ। ਗੋਦੀ ਵਾਲੇ ਇੰਵਣ ਤੇ ਜੋ ਇਹਨਾਂ ਨੇ ਬਰਕਤ ਸਿੰਘ ਰਾਜਪੂਤ ਕੋਲੋਂ ਲਿਆ ਸੀ ਉਥੇ ਇੰਦਰ ਸਿੰਘ ਆ ਗਿਆ। ਬਹੁਤ ਸੁਹਣਾ ਕੰਮ ਇਸਨੇ ਚਲਾਇਆ। ਫਿਰ ਕਰਸ਼ਰ ਲਾ ਦਿੱਤਾ। ਲੋਕਾਂ ਕੋਲੋ ਗੀਨਾਂ ਮੁੱਲ ਲੈ ਲੈ ਕੇ ਸੀਰਾ ਬਣਾ ਬਣਾ ਕੇ ਬਰੇਲੀ ਸਹਿਰ ਭੇਜਣਾ ਚੰਗੀ ਆਮਦਨ ਹੁੰਦੀ ਰਹੀ ਪਰ ਇੰਦਰ ਸਿੰਘ ਨੂੰ ਇੱਕ ਬਿਮਾਰੀ ਚੰਬੜ ਗਈ ਕਿ ਉਹ ਸ਼ਰਾਬੀ ਟੋਲੇ ਵਿੱਚ ਬੈਠ ਗਿਆ, ਰੋਜ ਸ਼ਰਾਬ ਪੀਣੀ ਤੇ ਕੁੱਕੜ ਵੱਢ ਵੱਢ ਕੇ ਖਾਣੇ ਤੇ ਭਰਾਵਾਂ ਨੂੰ ਕਹਿਣਾਂ ਕਿ ਗੀਨੇ ਵਿੱਚੋਂ ਘਾਟਾ ਪੈ ਗਿਆ ਹੈ। ਭਰਾਵਾਂ ਨੇ ਤੇਲ ਭੇਜ ਛੱਡਣਾਂ ਅਤੇ ਇਸਨੇ ਸ਼ਰਾਬ ਪੀ ਛੱਡਣੀ।

ਮੈ ਇੱਕ ਦਿਨ ਬਿਲਾਸਪੁਰ ਗਿਆ ਤੇ ਸ੍ਰ: ਨਰਿੰਵਣ ਸਿੰਘ ਨੇ ਮੈਨੂੰ ਕਿਹਾ, "ਮਾਮਾ ਜੀ, ਅਸੀ ਬੜੇ ਦੁਖੀ ਹੋ ਗਏ ਹਾਂ। ਗੋਦੀ ਵਾਲਾ ਇੰਵਣ ਖਰੀਦ ਕੇ, ਸਾਨੂੰ ਤੇ ਘਾਟਾ ਪੈ ਰਿਹਾ ਹੈ ਕੀ ਕਰੀਏ।" ਮੈ ਕਿਹਾ, "ਸ੍ਰ: ਨਰਿੰਵਣ ਸਿੰਘ ਜੀ, ਘਾਟਾ ਨਹੀ ਪੈਂਦਾ ਬੇਈਮਾਨੀ ਹੋ ਰਹੀ ਹੈ।" ਜਿੰਨੇ ਪੈਸੇ ਆਉਂਦੇ ਹਨ ਸਭ ਰਾਤ ਨੂੰ ਸ਼ਰਾਬਾਂ ਤੇ ਕੁਕੜਾਂ ਵਿੱਚ ਉਡੱ ਜਾਂਦੇ ਹਨ। ਤੁਸੀ ਇੱਕ ਕੰਮ ਕਰੋ ਕਿ ਤੇਲ ਨਾ ਭੇਜੋ ਇੰਦਰ ਸਿੰਘ ਨੂੰ ਕਹੋ ਪੈਸੇ ਭੇਜੇਗਾ ਤੇ ਤੇਲ ਵੀ ਮਿਲ ਜਾਉਗਾ।" ਮੇਰੇ ਆਖੇ ਲਗ ਕੇ ਉਹਨਾਂ ਨੇ ਤੇਲ ਬੰਦ ਕਰ ਦਿੱਤਾ। ਇੱਕ ਦਿਨ ਮੈ ਗੋਦੀ ਗਿਆ ਚੱਕੀ ਤੇ ਅੱਗੇ ਇੰਦਰ ਸਿੰਘ ਜੰਗਲ ਪਾਣੀ ਗਿਆ ਹੋਇਆ ਸੀ। ਇਸਦੇ ਘਰਵਾਲੀ ਪ੍ਰਕਾਸ਼ ਕੌਰ ਮੇਰੇ ਪਾਸ ਰੋਈ ਤੇ ਕਹਿਣ ਲਗੀ, "ਮਾਮਾ ਜੀ, ਮੈਂ ਬੜੀ ਦੁਖੀ ਹਾਂ ਰੋਜ ਸ਼ਰਾਬੀ ਟੋਲੀ ਆ ਜਾਂਦੀ ਹੈ ਤੇ ਇਹ ਆਪ ਸ਼ਰਾਬੀਆਂ ਵਿੱਚ ਬੈਠ ਕੇ ਸ਼ਰਾਬ ਪੀ ਜਾਂਦਾ ਹੈ ਤੇ ਮੈਨੂੰ ਰੋਟੀਆਂ ਪਕਾਉਣ ਨੂੰ ਕਹਿੰਦਾ ਹੈ।" ਮੈ ਅੱਧੀ ਅੱਧੀ ਰਾਤ ਤਕ ਰੋਟੀਆਂ ਪਕਾਉਂਦੀ ਰਹਿੰਦੀ ਹਾਂ ਤੇ ਇਸੇ ਕਰਕੇ ਮੈ ਬੜੀ ਦੁਖੀ ਹਾਂ। ਇੰਨੇ ਚਿਰ ਨੂੰ ਇੰਦਰ ਸਿੰਘ ਵੀ ਆ ਗਿਆ ਉਸਨੇ ਆ

ਕੇ ਸਤਿ ਸ੍ਰੀ ਅਕਾਲ ਬੁਲਾਈ। ਮੈ ਉਸਨੂੰ ਕਿਹਾ, "ਇੰਦਰ ਸਿੰਘ ਤੂੰ ਕਿਉਂ ਘਰ ਦੀ ਬਰਬਾਦੀ ਕਰੀ ਜਾ ਰਿਹਾ ਹੈ ਜੋ ਪੈਸਾ ਕਮਾਉਂਦਾ ਹੈ ਉਹ ਸ਼ਰਾਬ ਦੇ ਰਾਹੇ ਉਡਾਈ ਜਾਂਦਾ ਹੈ ਤੇ ਕੁੜੀ ਅੱਧੀ ਅੱਧੀ ਰਾਤ ਤਕ ਸ਼ਰਾਬੀਆਂ ਵਾਸਤੇ ਰੋਟੀਆਂ ਪਕਾਉਂਦੀ ਰਹਿੰਦੀ ਹੈ। ਤੈਨੂੰ ਸ਼ਰਮ ਨਹੀ ਆਉਂਦੀ ਤੂੰ ਕੁੱਤਿਆਂ ਵਾਲੇ ਕੰਮ ਕਰਦਾ ਹੈ। ਬੇਸ਼ਰਮਾਂ ਜੇ ਤੂੰ ਪੀਣੀ ਜਰੂਰ ਹੈ ਜੇ ਬਚ ਹੀ ਨਹੀ ਸਕਦਾ ਬਿਨਾਂ ਪੀਤਿਉਂ ਤੇ ਇੱਕੱਲਾ ਬੈਠ ਕੇ ਪੀ ਲਿਆ ਕਰ।" ਇੰਦਰ ਸਿੰਘ ਨੇ ਜੁਵਾਬ ਦਿੱਤਾ, "ਮਾਮਾ ਜੀ ਮੈ ਕੀ ਕਰਾਂ ਜੇ ਮੈ ਇਥੋਂ ਇੰਵਣ ਪੁੱਟ ਕੇ ਲੈ ਜਾਵਾਂ ਤਾਂ ਹੀ ਬਚ ਸਕਦਾਂ ਹਾਂ ਨਹੀ ਤੇ ਇਹ ਸ਼ਰਾਬੀ ਟੋਲਾ ਮੇ ਰੇ ਗਲੋਂ ਨਹੀਂ ਲਹਿ ਸਕਦਾ।" ਮੈ ਕਿਹਾ, "ਜੇ ਤੂੰ ਏਥੇ ਰਹਿ ਕੇ ਨਹੀ ਸ਼ਰਾਬ ਛੱਡ ਸਕਦਾ ਝਾਂ ਇੰਵਣ ਵੇਚ ਦੇ।" ਮੇਰੀ ਇਹ ਗੱਲ ਸੁਣ ਕੇ ਇੰਦਰ ਸਿੰਘ ਨੇ ਕਿਹਾ, "ਤੁਸੀ ਇੰਵਣ ਲੈ ਲਵੋ।" ਮੈ ਕਿਹਾ, "ਮੇਰੇ ਪਾਸ ਰਕਮ ਨਹੀ ਹੈ।" ਇਹ ਕਹਿਣ ਲਗਾ, "ਅੱਧੇ ਨਗਦ ਦੇ ਦਿਓ ਤੇ ਅੱਧੇ ਦੀਆਂ ਕਿਸ਼ਤਾਂ ਕਰ ਲਵੋ।" ਮੈ ਕਿਹਾ, "ਮੁੱਲ ਕਰ।" ਗੱਲ ਕੀ ਸਾਡਾ ੪੮੦੦ ਦਾ ਸੌਦਾ ਮੁੱਕ ਗਿਆ। ਇੱਕ ਰੁ: ਮੈ ਬਿਆਨਾਂ ਦੇ ਦਿੱਤਾ। ਉਸੇ ਦਿਨ ਹੀ ਇੰਦਰ ਸਿੰਘ ਨੇ ਬੈਲਗੱਡੀਆਂ ਕਿਰਾਏ ਤੇ ਕੀਤੀਆਂ ਤੇ ਸਾਮਾਨ ਲੱਦ ਕੇ ਬਿਲਾਸਪੁਰ ਨੂੰ ਚਲਾ ਗਿਆ ਤੇ ਮੈ ਇੰਵਣ ਤੇ ਕੰਮ ਕਰਨ ਲੱਗ ਪਿਆ।

ਅੱਜ ਪਹਿਲੇ ਹੀ ਦਿਨ ਮੈਨੂੰ ੭੫ ਰੁ: ਦਾ ਕੰਮ ਆ ਗਿਆ। ਮੇਰੇ ਪਾਸ ਘਰ ਸਿਰਫ ੫੦੦ ਰੁ: ਸੀ। ਮੈ ੭ ਏਕੜ ਜਮੀਨ ੩੦੦੦ ਦੀ ਵੇਚ ਦਿੱਤੀ ਤੇ ੪੦੦ ਦਾ ਖਰਾਸ ਵੇਚ ਕੇ ਸਾਰਾ ਬਾਲ ਬੱਚਾ ਗੋਦੀ ਪਿੰਡ ਵਿੱਚ ਲੈ ਆਂਦਾ ਤੇ ਅੱਠ ਦਿਨ ਬਾਦ ਮੈਂ ੨੫੦੦ ਰੁ: ਇੰਦਰ ਸਿੰਘ ਨੂੰ ਦੇ ਆਇਆ। ਅਗਲੇ ਸਾਲ ਮੈ ਆਰਾ ਮਸ਼ੀਨ ਵਟਾਲੇ ਤੋਂ ਲਿਆ ਕੇ ਲਗਾ ਲਈ। ਸਤਿਗੁਰਾਂ ਦੀ ਕਿਰਪਾ ਨਾਲ ਇੰਦਰ ਸਿੰਘ ਦੀ ਰਕਮ ਵੀ ਦਿੱਤੀ ਗਈ ਦੋ ਮੱਝਾਂ ਦੀ ਬੱਚਿਆਂ ਦੇ ਦੁੱਧ ਪੀਣ ਵਾਸਤੇ ਰੱਖ ਲਈਆਂ। ਸੰਨ ੧੯੫੨ ਤੋ ਲੈ ਕੇ ੧੯੬੨ ਤਕ ਗੋਦੀ ਇੰਵਣ, ਚੱਕੀ ਤੇ ਆਰਾ ਮਸ਼ੀਨ ਚਲਾਈ ਤੇ ਸੰਨ ੧੯੬੨ ਵਿੱਚ ਗੋਦੀ ਪਿੰਡ ਵਿੱਚ ੩੦੦ ਘਰ ਮੁਸਲਮਾਨਾਂ ਦੇ ਸਨ ਅਤੇ ੩ ਕੁ ਘਰ ਹਿੰਦੂਆਂ ਦੇ ਸਨ। ਇੱਕ ਘਰ ਸਾਡਾ ਹੋਰ ਲਾਗੇ ਲਾਗੇ ਸਿੱਖਾਂ ਦੇ ਡੇਰੇ ਸਨ ਤੇ ਦੋ ਪਿੰਡ ਨੇੜੇ ਹਜਾਤ ਨਗਰ ਤੇ ਖਾਤਾ ਸਿੱਖਾਂ ਦੇ ਪਿੰਡ ਸਨ। ਇਹਨਾਂ ਪਿੰਡਾਂ ਵਿੱਚ ਸਕੂਲ ਨਹੀ ਸੀ। ਅਸਾਂ ਬੱਚਿਆਂ ਨੂੰ ਘਰੈ ਹੀ ਪੰਜਾਬੀ ਪੜ੍ਹਾਉਣੀ ਤੇ ਤਿੰਨੇ ਕਾਕੇ ਪਾਠ ਵੀ ਚੰਗਾ ਕਰਨ ਲਗ ਪਏ। ਗੋਦੀ ਪਿੰਡ ਵਿੱਚ ਪੰਜਵੀ ਤੱਕ ਸਕੂਲ ਖੁੱਲ ਗਿਆ। ਮੈ ਤਿੰਨੇ ਕਾਕੇ ਪੜ੍ਹਨੇ ਪਾ ਦਿੱਤੇ ਤੇ ਇੱਕ ਖੱਤਰੀ ਅੰਮ੍ਰਿਤਸਰ ਦੇ ਇਲਾਕੇ ਦਾ ਇਸ ਪਿੰਡ ਆ ਗਿਆ ਤੇ ਮੈਨੂੰ ਕਹਿਣ ਲਗਾ, "ਸੰਤ ਜੀ, ਮੈਨੂੰ ਦੁਕਾਨ ਵਾਸਤੇ ਜਗ੍ਹਾ ਦਿਓ ਤੇ ਮੈ ਤੁਹਾਡੇ ਪਾਸ ਹੀ ਰਹਾਂਗਾ।" ਮੈ ਸੋਚਿਆ ਚਲੋ ਰੌਣਕ ਬਣ ਜਾਊਗੀ। ਮੈ ਜਗ੍ਹਾ

ਦੇ ਦਿੱਤੀ। ੬ ਕੁ ਮਹੀਨੇ ਬਾਅਦ ਉਸਦਾ ਟੱਬਰ ਵੀ ਆ ਗਿਆ ਤੇ ਮੈਂ ਉਸਨੂੰ ਹੋਰ ਥਾਂ ਦੇ ਦਿੱਤੀ। ਫਿਰ ਉਸ ਖੱਤਰੀ ਦੇ ਤਿੰਨ ਭਰਾ ਤੇ ਉਸਦਾ ਮਾਂ ਪਿਓ ਤੇ ਇੱਕ ਭਰਜਾਈ ਵੀ ਆ ਗਏ। ਫਿਰ ਇਸਨੇ ਹੋਰ ਥਾਂ ਮੰਗੀ। ਇਸ ਖੱਤਰੀ ਦਾ ਨਾਮ ਸੀ ਮੁਲਖ ਰਾਜ। ਇਹ ਛੇ ਫੁੱਟ ਲੰਬਾ ਜੁਵਾਨ ਸੀ ਨਾਲੇ ਚੰਗੇ ਜੋੜਾਂ ਵਿੱਚ ਕੁਸ਼ਤੀ ਲੜਦਾ ਰਿਹਾ ਸੀ। ਇਸਨੇ ਅਪਣੇ ਪਿਓ ਨੂੰ ਨਾਲ ਲਿਆ ਤੇ ਮੇਰੇ ਕੋਲੋਂ ਹੋਰ ਥਾਂ ਮੰਗਣ ਲਗਾ ਕਿ ਸਾਰਾ ਪਰਿਵਾਰ ਆ ਗਿਆ ਹੈ ਇਸ ਕਰਕੇ ਹੋਰ ਥਾਂ ਦਿਓ ਮੈਂ ਕਿਹਾ ਕਿ ਸਵੇਰੇ ਦੱਸਾਂਗਾ।

ਮੁਲਖਾ ਸਵੇਰੇ ਬਿਲਾਸਪੁਰ ਸ਼ਹਿਰੋਂ ਸੌਦਾ ਲੈਣ ਚਲਾ ਗਿਆ ਤੇ ਮੈਂ ਇਸਦੇ ਬਾਪ ਨੂੰ ਹੋਰ ਥਾਂ ਦੇ ਦਿੱਤਾ ਤੇ ਕਿਹਾ ਕਿ ਉਹ ਇਥੇ ਕੰਧ ਕੱਢ ਲੈਣ। ਉਸਦਾ ਬਾਪ ਕਹਿਣ ਲਗਾ ਕਿ ਠੀਕ ਹੈ ਸੰਤ ਜੀ, ਤੁਸੀ ਸਾਡੇ ਤੇ ਬੜੀ ਕਿਰਪਾ ਕੀਤੀ ਹੈ। ਮੁਖਤ ਰਹਿਣ ਨੂੰ ਥਾਂ ਦੇ ਦਿੱਤੀ ਹੈ ਰਾਤ ਨੂੰ ਮੁਲਖਾ ਸੌਦਾ ਲੈ ਕੇ ਹਨੇਰੇ ਪਏ ਆਇਆ ਤੇ ਸ਼ਰਾਬ ਪੀ ਕੇ ਉੱਲੂ ਬਣਿਆ ਹੋਇਆ ਸੀ। ਰਾਤ ਨੂੰ ਰੋਟੀ ਵੀ ਨਾ ਖਾਧੀ ਤੇ ਸਵੇਰੇ ਸੂਰਜ ਚੜ੍ਹੇ ਮੇਰੇ ਕੋਲ ਆ ਕੇ ਮੈਨੂੰ ਆਵਾਜ ਮਾਰੀ, "ਭਾਈ ਜੀ, ਤੂੰ ਸਾਨੂੰ ਥਾਂ ਨਹੀ ਦਿੱਤਾ, ਇਹ ਥਾਂ ਸਾਡਾ ਹੈ।" ਜਦੋਂ ਇਹ ਗੱਲ ਮੁਲਖੇ ਨੇ ਕਹੀ ਤੇ ਮੈਨੂੰ ਬੜਾ ਗੁੱਸਾ ਆਇਆ ਤੇ ਮੈਂ ਉੱਠਕੇ ਮੁਲਖੇ ਦੀ ਸ਼ਕਰੰਜ ਤੇ ਡਾਂਗ ਮਾਰੀ ਤਿੰਨ ਚਾਰ ਡਾਂਗਾ ਮਾਰੀਆਂ ਤੇ ਉਹ ਭੱਜ ਕੇ ਅਪਣੇ ਘਰ ਜਾ ਵੜਿਆ ਤੇ ਫਿਰ ੧੦ ਬੰਦੇ ਇੱਕੱਠੇ ਕਰ ਕੇ ਪੰਚਾਇਤ ਲੈ ਕੇ ਮੇਰੇ ਘਰ ਆ ਗਿਆ। ਸਾਰੇ ਬੰਦੇ ਸਿੱਖ ਸਨ। ਮੈਨੂੰ ਬੂਟਾ ਸਿੰਘ ਪ੍ਰਧਾਨ ਨੇ ਪੁਛਿਆ ਕਿ ਬਾਬਾ ਜੀ ਕੀ ਗੱਲ ਹੋਈ ਹੈ ਮੁਲਖਾ ਕਹਿੰਦਾ ਹੈ ਕਿ ਉਸਨੂੰ ਤੁਸੀ ਡਾਂਗਾਂ ਮਾਰੀਆਂ ਹਨ। ਮੈਂ ਕਿਹਾ, "ਇਸਨੂੰ ਪੁਛੋ ਕਿ ਮੈਂ ਇਸਨੂੰ ਕਿਹੜੀ ਗਲੋਂ ਡਾਂਗਾਂ ਮਾਰੀਆਂ ਹਨ।" ਉਹ ਕਹਿਣ ਲਗਾ, "ਬਾਬਾ ਜੀ ਤੁਸੀ ਹੀ ਦੱਸ ਦਿਓ।" ਮੈਂ ਕਿਹਾ ਕਿ ਅੱਜ ਤੱਕ ਅਸੀ ਤੁਸੀ ਇੱਕੱਠੇ ਰਹਿੰਦੇ ਆਏ ਹਾਂ ਮੇਰਾ ਕਦੀ ਕਿਸੇ ਨਾਲ ਜਾਂ ਤੁਹਾਡੇ ਨਾਲ ਕੋਈ ਝਗੜਾ ਹੋਇਆ ਹੈ। ਬੂਟਾ ਸਿੰਘ ਨੇ ਕਿਹਾ, "ਨਹੀ ਜੀ ਕਦੀ ਕੋਈ ਗੱਲ ਨਹੀ ਹੋਈ।" ਮੈਂ ਕਿਹਾ, "ਮੈਂ ਅਪਣੇ ਥਾਂ ਵਿੱਚੋਂ ਇਸਨੂੰ ਥਾਂ ਦਿੱਤਾ ਮੁਖਤ, ਤੇ ਅੱਜ ਮੈਨੂੰ ਇਸਨੇ ਹੀ ਗਾਲ੍ਹ ਕੱਢੀ ਤੇ ਮੈਂ ਇਸਨੂੰ ਡਾਂਗਾ ਮਾਰੀਆਂ ਹਨ।" ਜਦੋ ਮੈਂ ਸਾਰੀ ਗੱਲ ਦੱਸੀ ਤੇ ਬੂਟਾ ਸਿੰਘ ਨੇ ਉੱਠ ਕੇ ਮੁਲਖੇ ਦੇ ਸਿਰ ਤੇ ਛੇ ਸੱਤ ਛਿੱਤਰ ਮਾਰੇ ਤੇ ਕਹਿਣ ਲਗਾ, "ਅਸੀ ਸਾਰਾ ਇਲਾਕਾ ਸੰਤਾਂ ਨੂੰ ਮੱਥਾਂ ਟੇਕਦੇ ਹਾਂ ਤੇ ਤੂੰ ਗਾਲ੍ਹ ਕਿਉਂ ਕੱਢੀ ਹੈ ਇਹਨਾਂ ਨੂੰ।" ਮੈਨੂੰ ਬੂਟਾ ਸਿੰਘ ਨੇ ਕਿਹਾ, "ਬਾਬਾ ਜੀ, ਅਸੀਂ ਜਾ ਰਹੇ ਹਾਂ, ਤੁਹਾਡੀ ਮਰਜੀ ਹੈ ਇਸਨੂੰ ਥਾਂ ਦਿਓ ਭਾਵੇਂ ਨਾ ਦਿਓ।" ਇਹ ਗੱਲ ਕਹਿ ਕੇ ਪੰਚਾਇਤ ਚਲੀ ਗਈ ਤੇ ਮੁਲਖੇ ਦੇ ਮਾਂ ਪਿਓ ਆ ਕੇ ਸਾਡੇ ਪੈਰੀਂ ਪਏ ਤੇ ਮੁਆਫੀ ਮੰਗੀ ਤੇ ਫਿਰ

ਮੈ ਉਹਨਾਂ ਨੂੰ ਥਾਂ ਦੇ ਦਿੱਤਾ।

ਹਜਾਤ ਨਗਰ ਵਿੱਚ ਇੱਕ ਜੱਟ ਰਹਿੰਦਾ ਸੀ ਉਸਦਾ ਨਾਮ ਉਜਾਗਰ ਸਿੰਘ ਸੀ। ਚੰਗਾ ਮਾਲਦਾਰ ਸੀ ਪਰ ਹੈ ਸੀ ਬੜਾ ਕੰਜੂਸ ਮੱਖੀ ਚੂਸ। ਉਹ ਚੱਕੀ ਤੇ ਉਧਾਰ ਆਟਾ ਪਿਸਾਉਂਦਾ ਰਿਹਾ। ਜਦੋਂ ਮੈ ਪੈਸੇ ਮੰਗੇ ਤਾਂ ਮੁੱਕਰ ਗਿਆ ਕਹਿਣ ਲਗਾ, "ਸੰਤ ਜੀ ਮੈ ਤੁਹਾਡਾ ਕੋਈ ਪੈਸਾ ਨਹੀ ਦੇਣਾਂ।" ਮੇਰਾ ਉਸ ਨਾਲ ਝਗੜਾ ਹੋ ਗਿਆ ਤੇ ਮੈ ਪੰਚਾਇਤ ਵਿੱਚ ਦਾਅਵਾ ਕਰ ਦਿੱਤਾ ਤੇ ਪੰਚਾਇਤ ਨੇ ਉਸ ਜੱਟ ਨੂੰ ਬੁਲਾ ਕੇ ਆਖਿਆ ਕਿ ਸੰਤ ਅਮਰ ਸਿੰਘ ਦਾ ੧੫੦ ਰੁ: ਬਣਦਾ ਹੈ। ਉਹ ਦੇਣਾ ਹੀ ਪਵੇ ਗਾ। ਪੰਚਾਇਤ ਦੇ ਕਹਿਣ ਤੇ ਉਸ ਜੱਟ ਨੇ ਪੰਚਾਇਤ ਨੂੰ ਪੈਸੇ ਦੇ ਦਿੱਤੇ ਅਤੇ ਪੰਚਾਇਤ ਨੇ ਮੈਨੂੰ ਪੈਸੇ ਦੇ ਦਿੱਤੇ। ਇਸੇ ਗੱਲ ਕਰਕੇ ਇਹ ਜੱਟ ਮੇਰੇ ਨਾਲ ਖਾਰ ਖਾਣ ਲੱਗ ਪਿਆ ਤੇ ਮੁਲਖਾ ਖੱਤਰੀ ਤਾਂ ਪਹਿਲਾਂ ਹੀ ਮੇਰਾ ਦੁਸ਼ਮਣ ਬਣਿਆ ਹੋਇਆ ਸੀ।

ਇਹਨਾਂ ਦੋਹਾਂ ਨੇ ਸਲਾਹ ਕੀਤੀ ਤੇ ਜੱਟ ਉਜਾਗਰ ਸਿੰਘ ਨੇ ਮੁਲਖੇ ਨੂੰ ਕਿਹਾ, "ਮੁਲਖ ਰਾਜ, ਮੈ ਤੈਨੂੰ ੫੦੦੦ ਰੁ: ਦਿੰਦਾ ਹਾਂ ਤੇ ਤੂੰ ਕੋਈ ਚੰਗਾ ਜਿਹਾ ਕਾਰੀਗਰ ਵੇਖ ਕੇ ਸੰਤ ਦੇ ਮੁਕਾਬਲੇ ਤੇ ਚੱਕੀ ਲਾ ਲੈ ਤੇ ਸੰਤ ਨੂੰ ਇੱਥੋਂ ਭਜਾ ਦਿਓ। ਮੁਲਖੇ ਨੇ ਰੁਦਰਪੁਰ ਸ਼ਹਿਰ ਜਾ ਕੇ ਦੋ ਕਾਰੀਗਰ ਲੱਭੇ, ਉਹਨਾਂ ਨਾਂਲ ਸਲਾਹ ਕਰਕੇ ਤਿੰਨ ਹਿੱਸੇ ਬਰਾਬਰ ਕਰ ਲਏ ਤੇ ਪੰਜ ਹਜਾਰ ਰੁ: ਜੱਟ ਕੋਲੋਂ ਮੁਲਖੇ ਨੇ ਲੈ ਕੇ ਸਤਾਰ ਗੰਜ ਕਸਬੇ ਵਿੱਚ ਨਾਨਕ ਮਤੇ ਦੇ ਕੋਲ ਇੰਦਣ ਤੇ ਚੱਕੀ ਖਰੀਦ ਲਈ ੫੦੦੦ ਦੀ, ਇੰਦਣ ਗਰਮ ਸੀ (ਸਾਡਾ ਠੰਢਾ ਸੀ।) ਇਹ ਦੋਵੇਂ ਕਾਰੀਗਰ ਇੱਟਾਂ ਦਾ ਕੰਮ ਕਰਦੇ ਸਨ (ਰਾਜਗਿਰੀ ਦਾ) ਤੇ ਇੰਦਣ ਦਾ ਕੰਮ ਇਹਨਾਂ ਨੂੰ ਪਤਾ ਹੀ ਨਹੀ ਸੀ। ਇੱਟਾਂ ਦੇ ਫੰਡੀਸ਼ਨ ਬੰਨ੍ਹ ਕੇ ਇੰਦਣ ਫਿੱਟ ਕਰਨ ਵਾਸਤੇ ਬਿਲਾਸਪੁਰ ਤੋਂ ਇੰਦਰ ਸਿੰਘ ਨੂੰ ਲੈਣ ਗਏ ਜਦੋਂ ਇੰਦਰ ਸਿੰਘ ਨੂੰ ਪਤਾ ਲਗਾ ਕਿ ਗੋਦੀ ਪਿੰਡ ਜਾ ਕੇ ਇੰਦਣ ਫਿੱਟ ਕਰਨਾਂ ਹੈ ਤਾਂ ਇੰਦਰ ਸਿੰਘ ਨੇ ਉੱਤਰ ਦਿੱਤਾ, "ਤੁਸੀ ਮੇਰੇ ਮਾਮਾ ਜੀ ਦੇ ਮੁਕਾਬਲੇ ਇੰਦਣ ਲਗਾ ਰਹੇ ਹੋ ਤਾਂ ਮੈਂ ਨਹੀ ਜਾਉਂਗਾ, ਚਲੇ ਜਾਓ ਇੱਥੋਂ ਮੈ ਤੁਹਾਡਾ ਕੰਮ ਨਹੀ ਕਰਨਾਂ ਤੇ ਅਪਣੇ ਮਾਮਾ ਜੀ ਕੋਲੋ ਜੁੱਤੀਆਂ ਨਹੀ ਖਾਣੀਆਂ।"

ਇਹਨਾਂ ਨੇ ਆਪੇ ਹੀ ਇੱਕ ਮਿਸਤਰੀ ਲਿਆਂਦਾ ਤਿੰਨ ਟਾਈਮ ਚਾਹ ਰੋਟੀ ਤੇ ੧੫੦ ਰੁ: ਮਹੀਨੇ ਤੇ ਇੱਕ ਚੱਕੀ ਚਲਾਉਣ ਵਾਸਤੇ ੯੦ ਰੁ: ਤਨਖਾਹ ਤੇ ਚਾਹ ਰੋਟੀ ਦਿਨ ਵਿੱਚ ਤਿੰਨ ਵਾਰ। ਇੱਕ ਮਹੀਨੇ ਵਿੱਚ ਚੱਕੀ ਤੇ ਰੂੰ ਮਸ਼ੀਨ ਤੇ ਇੰਦਣ ਫਿੱਟ ਕਰਕੇ ਚਾਲੂ ਕੀਤਾ ਤੇ ਗੋਦੀ ਸ਼ਨਿਚਰਵਾਰ ਬਾਜਾਰ ਲਗਦਾ ਹੈ। ਇਹਨਾਂ ਨੇ ਬਾਜਾਰ ਵਾਲੇ ਦਿਨ ਢੰਡੋਰਾ ਫੇਰਿਆ ਕਿ ਡੇਢ ਰੁ: ਮਣ ਮੱਕੀ ਤੇ ਬਾਰਾਂ ਆਨੇ ਮਣ

ਕਣਕ ਤੇ ਧਾਨ ਮੁਫਤ ਛੜਾਂਗੇ। ਸਾਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ। ਮੇਰੇ ਕੋਲ ਚਾਰ ਨੌਕਰ ਸਨ। ਮੈਂ ਆਰੇ ਵਾਲਾ ਮਿਸਤਰੀ ਤੇ ਇੱਕ ਲਕੱੜ ਖਿਚੱਣ ਵਾਲਾ ਦੋਵੇ ਹਟਾ ਦਿੱਤੇ। ਆਰੇ ਤੇ ਮੈ ਆਪ ਖਲੋ ਗਿਆ ਤੇ ਵੱਡੇ ਕਾਕੇ ਨੂੰ ਆਰੇ ਨੂੰ ਟਾਂਕਾ ਲਾਉਣ ਤੇ ਆਰਾ ਤਿੱਖਾ ਕਰਨ ਦੀ ਜਾਚ ਸਿਖਾ ਦਿੱਤੀ ਤੇ ਕੰਡੇ ਤੇ ਆਟਾ ਤੋਲਣ ਦਾ ਕੰਮ ਵੀ ਸਿਖਾ ਦਿੱਤਾ। ਮੈ ੧੨ ਵਜੇ ਤਕ ਆਰਾ ਚਲਾਉਣਾ ਤੇ ਫਿਰ ਚੱਕੀ ਚਲਾਉਣੀ ਤੇ ਧਾਨ ਮਸ਼ੀਨ ਬੰਦ ਕਰ ਦਿੱਤੀ ਤੇ ਲੋਕ ਧਾਨ ਉਹਨਾਂ ਦੀ ਚੱਕੀ ਤੇ ਲੈ ਜਾਣ ਲਗ ਪਏ। ਆਟਾ ਅਸਾਂ ਪੀਸਿਆ ਕਰਨਾਂ। ਦੂਸਰੇ ਬਾਜਾਰ ਵਿੱਚ ਅਸੀ ਮੁਨਾਦੀ ਕਰਵਾ ਦਿੱਤੀ ਕਿ ਇੱਕ ਰੁ: ਮਣ ਮੱਕੀ ਤੇ ੫੦ ਪੈਸੇ ਮਣ ਕਣਕ ਪੀਹਵਾਂਗੇ। ਸਾਡਾ ਕੰਮ ਚਲਦੇ ਨੂੰ ਚਾਰ ਸਾਲ ਹੋ ਗਏ ਸਨ ਤੇ ਉਹਨਾਂ ਨੇ ਅਜੇ ਨਵਾਂ ਪੈਸਾ ਖਰਚਿਆ ਸੀ। ਮੁਕਾਬਲਾ ਜਬਰਦਸਤ ਹੋਇਆ ਅਸੀ ਅੱਠ ਆਨੇ ਮੱਕੀ ਤੇ ਚਾਰ ਆਨੇ ਕਣਕ ਕਰ ਦਿੱਤੀ। ਆਰੇ ਤੋਂ ਚੰਗੇ ਪੈਸੇ ਆ ਜਾਂਦੇ ਸਨ। ਅਸੀਂ ਦਵਾਈ ਬੂਟੀ ਵੀ ਕਰਨੀ, ਕੀਰਤਨ ਵੀ ਕਰਨਾਂ, ਜਿਥੇ ਸੰਗਤ ਕਹੇ ਅਖੰਡ ਪਾਠ ਵੀ ਕਰ ਕੇ ਆਉਣਾਂ। ਸੱਚੇ ਪਾਤਸ਼ਾਹ ਦੀ ਕਿਰਪਾ ਸੀ। ਬਹੁਤ ਸੁਹਣਾਂ ਕੰਮ ਚਲਿਆ। ਸਾਨੂੰ ਰਾਤ ਤਕ ਮਣ ਡੇਢ ਮਣ ਆਟਾ ਕਾਟ ਦਾ ਆ ਜਾਇਆ ਕਰਨਾਂ ਤੇ ਉਹਨਾਂ ਨੇ ਸਾਰਾ ਦਿਨ ਧਾਨ ਛੜਨਾਂ ਤੇ ਫੱਕ ਦੇ ਢੇਰ ਲਗ ਜਾਣੇ। ਜਿੰਨਾਂ ਆਟਾ ਉਹਨਾਂ ਨੂੰ ਆਉਣਾਂ ਉਹਨਾਂ ਨੇ ਰਾਤ ਨੂੰ ਤਿੰਨ ਹਿੱਸੇ ਕਰਨੇ ਤੇ ਸਾਡਾ ਸਭ ਕੁਝ ਇੱਕੱਲਿਆਂ ਦਾ।

ਇੱਕ ਦਿਨ ਮੁਲਖੇ ਦੇ ਭਾਈਵਾਲ ਮੇਰੇ ਕੋਲ ਆਏ ਤੇ ਅਸਾਂ ਮੰਜਾ ਡਾਹ ਦਿੱਤਾ, ਜਲ ਪਾਣੀ ਪ੍ਰਸਾਦਾ ਵੀ ਪੁਛਿਆ। ਉਹਨਾਂ ਨੇ ਮੈਨੂੰ ਆਖਿਆ, "ਸੰਤ ਜੀ ਪਿਸਾਈ ਦੇ ਰੇਟ ਵਧਾਈਏ।" ਮੈ ਉਤੱਰ ਦਿੱਤਾ, "ਮੈਂ ਨਹੀ ਵਧਾਵਾਂਗਾ। ਮੇਰਾ ਆਰਾ ਚਲਦਾ ਹੈ ਸੰਗਤ ਵੀ ਸੱਦ ਕੇ ਕੀਰਤਨ ਕਰਾਉਂਦੀ ਹੈ, ਦਵਾਈ ਦੇ ਪੈਸੇ ਵੀ ਆ ਜਾਂਦੇ ਹਨ। ਮੈ ਰੇਟ ਨਹੀ ਵਧਾਵਾਂਗਾ।" ਉਹਨਾਂ ਨੇ ਬਥੇਰਾ ਜੋਰ ਲਾਇਆ ਪਰ ਮੈ ਕਿਹਾ ਕਿ ਤੁਸੀ ਖੱਤਰੀ ਦੇ ਆਖੇ ਲਗ ਕੇ ਹੁਣ ਰੋਂਦੇ ਹੋ ਜੇਕਰ ਮੈਨੂੰ ਪਹਿਲਾਂ ਪੁੱਛ ਲੈਂਦੇ ਤਾਂ ਮੈ ਤੁਹਾਨੂੰ ਚੰਗਾ ਮਸ਼ਵਰਾ ਦਿੰਦਾ ਜਿਸ ਵਿੱਚ ਤੁਹਾਨੂੰ ਲਾਭ ਹੀ ਹੁੰਦਾ ਹੁਣ ਜਾਓ ਆਰਾਮ ਕਰੋ ਜਾ ਕੇ। ਉਹ ਚਲੇ ਗਏ। ਮੁਲਖਾ ਸਵੇਰੇ ਉੱਠ ਕੇ ਅਪਣੇ ਦੋਹਾਂ ਭਾਈਵਾਲਾਂ ਨੂੰ ਨਾਲ ਲੈ ਕੇ ਬਿਲਾਸਪੁਰ ਇੰਦਰ ਸਿੰਘ ਕੋਲ ਜਾ ਕੇ ਆਖਣ ਲਗੇ ਕਿ ਸੰਤਾਂ ਨੂੰ ਉਹ ਜਾ ਕੇ ਕਹੇ ਕਿ ਰੇਟ ਵਧਾਉਣ। ਇੰਦਰ ਸਿੰਘ ਨੇ ਪੁਛਿਆ ਕਿ ਰੇਟ ਕੀ ਚਲਦਾ ਹੈ ਅੱਜਕਲ, ਤੇ ਇਹਨਾਂ ਨੇ ਦਸਿਆਂ ਕਿ, ਅੱਠ ਆਨੇ ਤੇ ਚਾਰ ਆਨੇ। ਇੰਦਰ ਸਿੰਘ ਕਹਿਣ ਲਗਾ, "ਮੈ ਤਾਂ ਮਾਮਾ ਜੀ ਨਾਲ ਨਾਰਾਜ ਹਾਂ, ਉਹ ਇੰਨੇ ਪੈਸੇ ਵੀ ਕਿਉਂ ਲੈਂਦੇ ਹਨ ਦਾਣੇ ਮੁਫਤ ਹੀ ਕਿਉ ਨਹੀ ਪੀਹੰਦੇ। ਉਹਨਾਂ ਨੂੰ ਸੰਗਤ ਦੀਵਾਨ ਵਿੱਚ ਬੜੇ ਪੈਸੇ ਦਿੰਦੀ

ਹੈ। ਮੈਂ ਉਹਨਾਂ ਨੂੰ ਤੇਲ ਦੇ ਡਰੰਮ ਭੇਜਾਂਗਾ ਤੇ ਤੁਸੀ ਇਥੋਂ ਚਲੇ ਜਾਓ ਮੇਰੇ ਕੋਲ ਫਿਰ ਨਾ ਆਇਓ।" ਇਹ ਗੱਲ ਸੁਣਕੇ ਮੁਲਖੇ ਦੇ ਭਾਈਵਾਲ ਉਸ ਨਾਲ ਲੜ ਕੇ ਸਭ ਕੁਝ ਛੱਡ ਕੇ ਖਾਲੀ ਹੱਥ ਦੌੜ ਗਏ ਤੇ ਮਗਰੋਂ ਇੱਕ ਮਹੀਨੇ ਬਾਅਦ ਮੁਲਖੇ ਦੇ ਇੰਞਣ ਦੀ ਕਰੈਂਕ ਟੁੱਟ ਗਈ ਤੇ ਮੁਲਖਾ ੮੦੦੦ ਦਾ ਕਰਜਾਈ ਹੋ ਗਿਆ ਤੇ ਰਾਤ ਰਾਤ ਪੰਜਾਬ ਨੂੰ ਭੱਜ ਗਿਆ ਤੇ ਪਿਛੋ ਮੁਲਖੇ ਦਾ ਪਿਓ ਤੇ ਤਿੰਨੇ ਭਰਾ ਫਸ ਗਏ। ਕਰਜੇ ਵਾਲੇ ਉਹਨਾਂ ਕੋਲੋ ਪੈਸੇ ਮੰਗਣ ਤੇ ਇਹ ਬੜੇ ਦੁਖੀ ਹੋਏ ਲੋਕਾਂ ਅੱਗੇ ਹੱਥ ਜੋੜਨ, ਤਰਲੇ ਕਰਨ ਕਿ ਇੰਨੀ ਰਕਮ ਇੱਕੱਠੀ ਨਹੀ ਬਣ ਸਕਦੀ ਥੋੜੀ ਥੋੜੀ ਕਰਕੇ ਦੇ ਦੇਣਗੇ। ਇੱਕ ਦਿਨ ਮੈਂ ਉਜਾਗਰ ਸਿੰਘ ਜੱਟ ਨੂੰ ਕਿਹਾ ਕਿ ਇਹਨਾਂ ਨੂੰ ਤੂੰ ਤੰਗ ਕਿਉਂ ਕਰਦਾ ਹੈ ਤੂੰ ਮਰਦ ਬਣ ਤੇ ਇਹਨਾਂ ਨੂੰ ਇੱਕ ਹੋਰ ਇੰਞਣ ਖਰੀਦ ਕੇ ਦੇ, ਸੰਤ ਅਮਰ ਸਿੰਘ ਨੂੰ ਇਥੋਂ ਕੱਢ, ਜੱਟਾ ਜੇ ਤੂੰ ਅਣਖੀ ਹੁੰਦਾ ਤਾਂ ਮੇਰੀ ਚੱਕੀ ਤੇ ਆਟਾ ਪਿਸਾਉਣ ਨਾ ਆਉਂਦਾ। ਪਰ ਤੂੰ ਤੇ ਆਪ ਲੋਕਾਂ ਦੇ ਘਰੋ ਪਿੰਡ ਵਿੱਚ ਫਿਰਕੇ ਚਾਹ ਪੀਣੀ ਹੁੰਦੀ ਹੈ। ਤੇਰੇ ਘਰ ਤੇ ਚਾਹ ਵੀ ਨਹੀ ਬਣਦੀ। ਤੂੰ ਹੁਣ ਇਹਨਾਂ ਨੂੰ ਤੰਗ ਕਰਦਾ ਹੈ? ਪੈਸੇ ਤੂੰ ਮੁਲਖੇ ਨੂੰ ਦਿੱਤੇ ਸਨ ਤੇ ਤੰਗ ਉਸਦੇ ਪਿਓ ਭਰਾਵਾਂ ਨੂੰ ਕਰ ਰਿਹਾ ਹੈ। ਇਹ ਤੇ ਰੀ ਕੀ ਦਨਾਈ ਹੈ।" ਮੇਰੀਆਂ ਇਹ ਗੱਲਾਂ ਸੁਣ ਕੇ ਮੁਲਖੇ ਦੇ ਪਿਓ ਨੇ ਜੱਟ ਨੂੰ ਕਿਹਾ, "ਅਸੀ ਆਸਤਾ ਆਸਤਾ ਪੈਸੇ ਦੇ ਦਿਆਂਗੇ ਤੇ ਜੇ ਕਾਹਲੀ ਕਰਨੀ ਹੈ ਤੇ ਮੁਲਖੇ ਨੂੰ ਜਾ ਕੇ ਲੱਭ ਅਸਾਂ ਤੇਰੇ ਕੋਲੋਂ ਪੈਸੇ ਨਹੀਂ ਸਨ ਲਏ।" ਇੱਕ ਹੋਰ ਜੱਟ ਕੋਲੋ ਮੁਲਖੇ ਨੇ ਤਿੰਨ ਹਜਾਰ ਰੁ: ਲਿਆ ਸੀ। ਇੱਕ ਦਿਨ ਇਹ ਵੀ ਪੈਸੇ ਮੰਗਣ ਆਇਆ ਤੇ ਉਸਨੂੰ ਵੀ ਮੁਲਖੇ ਦੇ ਪਿਓ ਨੇ ਇਹੀ ਕਿਹਾ ਕਿ ਹੌਲੀ ਹੌਲੀ ਪੈਸੇ ਦੇ ਦੇਣਗੇ। ਉਸਨੇ ਕਿਹਾ ਕਿ ਠੀਕ ਹੈ ਜਦੋ ਪੈਸੇ ਹੋਣ ਉਦੋਂ ਹੀ ਦੇ ਦੇਣ ਕੋਈ ਫਿਕਰ ਵਾਲੀ ਗੱਲ ਨਹੀ। ਉਹ ਭਲਾ ਲੋਕ ਸੀ ਚੁੱਪ ਕਰਕੇ ਚਲਾ ਗਿਆ।

ਇੱਕ ਦਿਨ ਮੁਲਖੇ ਦੇ ਪਿਓ ਕੋਲ ਇੱਕ ਇੰਞਣ ਦਾ ਗਾਹਕ ਆਇਆ ਤੇ ਉਸਨੂੰ ਮੁਲਖੇ ਦੇ ਪਿਓ ਤੇ ਭਰਾਂਵਾਂ ਨੇ ਕਿਹਾ, "ਇੰਞਣ ਤਾਂ ਵੇਚਣਾ ਹੈ ਜੇਕਰ ਇੰਞਣ ਲੈਣ ਵਾਲਾ ਇਥੇ ਹੀ ਰਹਿ ਕੇ ਇੰਞਣ ਚਲਾਵੇ ਅਸੀ ਥਾਂ ਦਾ ਕਿਰਾਇਆ ਵੀ ਨਹੀ ਲਵਾਂਗੇ ਪਰ ਸੰਤ ਅਮਰ ਸਿੰਘ ਨੂੰ ਇੱਕੋਂ ਭਜਾਉ ਤਾਂ ਹੀ ਸੌਦਾ ਕਰਨਾਂ ਹੈ।" ਉਸ ਗਾਹਕ ਨੇ ਉੱਤਰ ਦਿੱਤਾ, "ਸੰਤਰ ਅਮਰ ਸਿੰਘ ਨੇ ਸਾਡੇ ਨਾਲ ਕੀ ਮੁਕਾਬਲਾ ਕਰਨਾ ਹੈ। ਅਸੀ ਤੇ ਲੱਕੜ ਦੇ ਇੰਞਣ ਬਣਾ ਬਣਾ ਕੇ ਚਲਾ ਸਕਦੇ ਹਾਂ। ਸੰਤ ਤੇ ਸਿਰਫ ਵਾਜਾ ਵਜਾ ਕੇ ਗਾਉਣ ਹੀ ਜਾਣਦਾ ਹੈ। ਉਸਨੇ ਸਾਡਾ ਕੀ ਮੁਕਾਬਲਾ ਕਰਨਾ ਹੈ।" ਆਖਰ ੨੦੦੦ ਰੁ: ਦਾ ਸੌਦਾ ਮੁੱਕ ਗਿਆ ਤੇ ਬਿਆਨਾਂ ਦੇ ਕੇ ਲਿਖਾ ਪੜ੍ਹੀ ਹੋ ਗਈ ਤੇ ਇਹ ਵੀ ਗੱਲ ਸੈਟ ਹੋ ਗਈ ਕਿ ਇੰਞਣ ਇਥੇ ਹੀ ਚਲਾਵਾਂਗੇ ਤੇ ਸੰਤ ਅਮਰ

ਸਿੰਘ ਨੂੰ ਇਥੋਂ ਭਜਾ ਕੇ ਵਖਾਵਾਂਗੇ। ਇਸਦਾ ਨਾਮ ਸ: ਸਰਮੁਖ ਸਿੰਘ ਸੀ ਇਸਨੇ ਕਿਹਾ ਕਿ ਇਸਦੇ ਪੁੱਤਰ ਬੜੇ ਕਾਰੀਗਰ ਹਨ ਬਾਜਪੁਰ ਇਲਾਕੇ ਦੇ ਮੰਨੇ 'ਪ੍ਰਮੰਨੇ' ਹਨ। ਇੰਵਣਾਂ ਦੇ ਕਾਰੀਗਰ ਹਨ ਕੋਈ ਫਿਕਰ ਵਾਲੀ ਗੱਲ ਨਹੀ। ਉਸਨੇ ਖੱਤਰੀਆਂ ਨੂੰ ਇੰਵਣ ਦਾ ਬਿਆਨਾ ਦੇ ਦਿੱਤਾ। ਬਿਆਨਾਂ ਦੇ ਕੇ ਸ: ਸਰਮੁਖ ਸਿੰਘ ਸਾਡੇ ਘਰ ਆਇਆ। ਅਸੀ ਮੰਜਾ ਡਾਹ ਦਿੱਤਾ ਉਹ ਬੈਠ ਗਿਆ ਅਸੀ ਠੰਡਾ ਜਲ ਛਕਾਇਆ ਤੇ ਫਿਰ ਦੁੱਧ ਦਾ ਗਿਲਾਸ ਛਕਾਇਆ। ਸ: ਸਰਮੁਖ ਸਿੰਘ ਜੀ ਨੇ ਪੁਛਿਆ, "ਸੰਤ ਜੀ ਪੰਜਾਬ ਵਿੱਚ ਤੁਹਾਡਾ ਪਿੰਡ ਕਿਹੜਾ ਹੈ?" ਮੈ ਦੱਸਿਆ, "ਅੰਮ੍ਰਿਤਸਰ ਦੇ ਨਾਲ ਹੀ ਵੇਰਕਾ ਪਿੰਡ ਹੈ।" ਫਿਰ ਉਸਦੇ ਪੁਛੱਣ ਤੇ ਮੈ ਦੱਸਿਆ ਮੇਰੇ ਸਹੁਰੇ ਤਰਨ ਤਾਰਨ ਦੇ ਲਾਗੇ ਜੋੜਾ ਪਿੰਡ ਹੈ ਤੇ ਉਥੋ ਦਾ ਸ: ਨਿਹਾਲ ਸਿੰਘ ਠੇਕੇਦਾਰ ਹੈ। ਉਸਦੀ ਪੋਤਰੀ ਮੇਰੀ ਘਰਵਾਲੀ ਹੈ। ਸੰਤ ਅੱਛਰ ਸਿੰਘ ਜੀ ਦੀ ਲੜਕੀ। ਸ: ਸਰਮੁਖ ਸਿੰਘ ਹੱਸਕੇ ਕਹਿਣ ਲਗਾ ਕਿ ਉਹ ਵੀ ਜੋੜੇ ਹੀ ਵਿਆਹਿਆ ਹੋਇਆ ਹੈ। ਛਾਪੇ ਵਾਲਿਆਂ ਦੇ ਘਰ। ਮੈਂ ਆਖਿਆ ਕਿ ਫਿਰ ਤੇ ਅਸੀ ਸਾਂਢੂ ਬਣ ਗਏ। ਮੈ ਲੜਕਿਆਂ ਨੂੰ ਕਿਹਾ, "ਕਾਕਾ ਜੀ, ਤੁਹਾਡੇ ਮਾਸੜ ਜੀ ਆਏ ਹਨ। ਖੂਬ ਸੇਵਾ ਕਰੋ ਮਾਸੜ ਦੀ।" ਵਾਹਵਾ ਚਿਰ ਹੱਸਦੇ ਰਹੇ। ਫਿਰ ਰਾਤ ਜਦ ਬੈਠੇ ਤਾਂ ਸਰਦਾਰ ਸਰਮੁਖ ਸਿੰਘ ਜੀ ਨੇ ਮੈਨੂੰ ਕਿਹਾ, "ਸੰਤ ਜੀ, ਖੱਤਰੀ ਇੰਵਣ ਵੇਚਦੇ ਹਨ ਅਸੀ ਲੈ ਲਈਏ?" ਜੇ ਤੁਸੀ ਨਾਰਾਜ ਨਾ ਹੋਵੋ ਤਾਂ।" ਮੈ ਆਖਿਆ, "ਜਰੂਰ ਲੈ ਲਵੋ ਜੀ।" ਫਿਰ ਉਹਨਾਂ ਨੇ ਦੱਸਿਆ ਕਿ ਉਹਨਾ ਨੇ ੨੦੦੦ ਦਾ ਸੌਦਾ ਕਰ ਲਿਆ ਹੈ ਤੇ ਬਿਆਨਾਂ ਵੀ ਦੇ ਦਿੱਤਾ ਹੈ। ਮੈ ਕਿਹਾ ਕਿ ਮੁਬਾਰਕ ਹੋਵੇ। ਮੈ ਸੋਚਿਆ ਕਿ ਚੰਗੀ ਗੱਲ ਹੋਈ ਦੋ ਘਰ ਤੇ ਸਿੱਖਾਂ ਦੇ ਹੋਵਾਂਗੇ ਦੁੱਖ ਸੁੱਖ ਦੇ ਸਾਂਝੇ ਹੋਵਾਂਗੇ ਜੀ। ਮੈ ਕਿਹਾ ਕਿ ਹੁਣ ਕਦੋਂ ਆਵੋਗੇ। ਉਸਨੇ ਕਿਹਾ, "ਦੋ ਚਾਰ ਦਿਨਾਂ ਤੱਕ ਸਾਡੇ ਲੜਕੇ ਆਉਣਗੇ ਤੇ ਕਰੰਕ ਦਾ ਸਾਈਜ ਲੈ ਜਾਣਗੇ ਤੇ ਇੰਵਣ ਅਸੀ ਛੇਤੀ ਚਾਲੂ ਕਰਾਂਗੇ ।" ਗੱਲਾਂ ਬਾਤਾਂ ਕਰਦੇ ਰਹੇ, ਸਵੇਰੇ ਪ੍ਰਸਾਦਾ ਛਕ ਕੇ ਚਲੇ ਗਏ।

ਚੌਥੇ ਦਿਨ ਨੂੰ ਉਸ ਦਾ ਵੱਡਾ ਪੁੱਤਰ ਸੁਰਤਾ ਸਿੰਘ ਤੇ ਉਸਦਾ ਜੁਵਾਈ ਗੁਰਬਚਨ ਸਿੰਘ ਦੋਵੇ ਸਾਲਾ ਭਣਵਈਆ ਕਰੰਕ ਦਾ ਸਾਈਜ ਮਿਣ ਕੇ ਲੈ ਗਏ ਤੇ ੧੫ ਦਿਨਾਂ ਦੇ ਅੰਦਰ ਅੰਦਰ ਕਰੰਕ ਲੈ ਕੇ ਆ ਗਏ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਪਰ ਮੇਰੇ ਘਰ ਨਾ ਆਏ। ਨੌਕਰ ਨੂੰ ਚਾਬੀ ਲੈਣ ਲਈ ਘੱਲਿਆ। ਮੈਨੂੰ ਵੱਡੇ ਕਾਕੇ ਨੇ ਪੁਛਿਆ ਕਿ ਭਾਜੀ ਨੇ ਨੌਕਰ ਘੱਲਿਆ ਹੈ, ਚਾਬੀ ਦਿਆਂ ਕਿ ਨਾ ਦਿਆਂ। ਮੈ ਆਖਿਆ, "ਕਾਕਾ ਜੀ, ਜੋ ਵੀ ਸਾਮਾਨ ਉਹ ਮੰਗਣ ਤੁਸੀ ਦੇ ਦਿਆ ਕਰੋ। ਸਾਮਾਨ ਨੌਕਰ ਨੇ ਲੈ ਵੀ ਜਾਣਾਂ ਤੇ ਨੌਕਰ ਨੇ ਹੀ ਦੇ ਵੀ ਜਾਣਾਂ। ਇੱਕ ਦਿਨ ਮੈ ਉਹਨਾਂ ਦੇ ਨੌਕਰ ਨੂੰ ਜੋ ਕਿ ਵਦਾਨ ਲੈਣ ਆਇਆ ਸੀ ਆਖਿਆ ਕਿ ਉਹ ਜਾ ਕੇ ਸੁਰਤਾ

ਸਿੰਘ ਨੂੰ ਆਖੋ ਕਿ ਆ ਕੇ ਵਦਾਨ ਲੈ ਜਾਉ ਕੀ ਉਹਨਾਂ ਨੇ ਸਾਡੇ ਮੱਥੇ ਨਹੀ ਲੱਗਣਾ? ਨੌਕਰ ਨੇ ਜਾ ਕੇ ਸਾਰੀ ਗੱਲ ਦੱਸੀ ਤੇ ਸੂਰਤਾ ਸਿੰਘ ਉਸਦੀ ਗੱਲ ਸੁਣ ਕੇ ਸਾਡੇ ਘਰ ਆਇਆ ਤੇ ਆ ਕੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ। ਮੈ ਵੀ ਜੁਵਾਬ ਦਿੱਤਾ ਤੇ ਨਾਲੇ ਕਿਹਾ, "ਸੂਰਤਾ ਸਿੰਘ ਕਾਕਾ ਜੀ, ਤੁਸੀਂ ਸਾਡੇ ਘਰ ਕਿਉਂ ਨਹੀ ਆਏ ਕੋਈ ਨਾਰਾਜਗੀ ਹੈ।" ਉਸਨੇ ਕਿਹਾ ਕਿ ਵਿਹਲ ਨਹੀ ਲੱਗਾ। ਫਿਰ ਮੈ ਕੁਝ ਗੁੱਸੇ ਤੇ ਕੁਝ ਪਿਆਰ ਨਾਲ ਕਿਹਾ, "ਕੁੱਤਿਆ, ਸਾਡੇ ਬੂਹੇ ਦੇ ਅਗੋਂ ਦੀ ਰੋਜ ਖੱਤਰੀਆਂ ਦੀ ਦੁਕਾਨ ਤੇ ਜਾਂਦਾ ਹੈ ਪਰ ਸਾਡੇ ਘਰ ਤੂੰ ਨਹੀ ਆ ਸਕਦਾ ਤੇ ਨਾਲੇ ਤੁਸੀ ਦੁੱਧ ਮੁੱਲ ਕਿਉਂ ਲੈਂਦੇ ਹੋ ਤੇ ਰੋਟੀਆਂ ਆਪ ਕਿਉਂ ਪਕਾਉਂਦੇ ਹੋ। ਜੇਕਰ ਤੁਸੀ ਸਾਨੂੰ ਮਾਸੜ ਮਾਸੀ ਕਹਿੰਦੇ ਹੋ ਤੇ ਰੋਟੀਆਂ ਆ ਕੇ ਦੋਵੇਂ ਟਾਈਮ ਇਥੋਂ ਖਾਵੋ, ਇਹ ਵੀ ਤੁਹਾਡਾ ਘਰ ਹੈ। ਚਾਹ ਤੁਹਾਡੀ ਮਾਸੀ ਬਣਾਇਆ ਕਰੇਗੀ ਜਿੰਨੀ ਮਰਜੀ ਹੈ ਪੀਵੋ ਦੁੱਧ ਘਰ ਦਾ ਹੈ। ਦੋ ਮੱਝਾਂ ਦੁੱਧ ਦਿੰਦੀਆਂ ਹਨ। ਮੁੱਲ ਲੈਣ ਦੀ ਕੋਈ ਲੋੜ ਨਹੀ ਹੈ?" ਸੂਰਤਾ ਸਿੰਘ ਨੇ ਕਿਹਾ ਕਿ ਠੀਕ ਹੈ ਜੀ। ਮੁੱਕੀ ਗੱਲ ੨੦ ਦਿਨ ਉਹ ਤਿੰਨੇ ਜਣੇ ਸਾਡੇ ਘਰੋਂ ਹੀ ਪ੍ਰਸਾਦਾ ਛਕਦੇ ਰਹੇ ਤੇ ਦੁੱਧ ਵੀ ਲੈ ਜਾਂਦੇ ਰਹੇ ਤੇ ਚਾਹ ਆਪ ਹੀ ਬਣਾਉਂਦੇ ਰਹੇ। ਫਿਰ ਉਹਨਾਂ ਦਾ ਇੰਦਣ ਚਲ ਪਿਆ ਤੇ ਪ੍ਰਸਾਦੇ ਵੀ ਖੁਦ ਪਕਾਉਣ ਲੱਗ ਪਏ ਤੇ ਦੁੱਧ ਰੋਜ ਲੈ ਜਾਂਦੇ ਰਹੇ। ਮੈ ਆਪਣੇ ਇੰਦਣ ਨੂੰ ਹੱਥ ਨਾ ਲਾਉਣਾਂ। ਜਦੋ ਕੋਈ ਖਰਾਬੀ ਇੰਦਣ ਵਿੱਚ ਹੋਣੀ ਸੂਰਤਾ ਸਿੰਘ ਨੇ ਸਾਡਾ ਇੰਦਣ ਠੀਕ ਕਰਨਾਂ। ਸਾਡਾ ਬਹੁਤ ਪਿਆਰ ਹੋ ਗਿਆ। ਰਾਤ ਨੂੰ ਰੋਜ ਕੀਰਤਨ ਕਰਨਾ ਕਾਕਿਆਂ ਨੇ ਤੇ ਸਾਰਿਆਂ ਨੇ ਬੜੇ ਪ੍ਰੇਮ ਨਾਲ ਸੁਣਨਾਂ। ਸੂਰਤਾ ਸਿੰਘ ਹੋਰੀ ਤਿੰਨ ਭਰਾ ਸਨ ਗੁਰਬਖਸ਼ ਸਿੰਘ ਤੇ ਈਸ਼ਰ ਸਿੰਘ ਦੋਵੇ ਸੂਰਤਾ ਸਿੰਘ ਤੋਂ ਛੋਟੇ ਸਨ। ਇਹਨਾਂ ਦਾ ਦਾਦਾ ਵੀ ਜੀਊਂਦਾ ਸੀ। ਸ੍ਰ: ਸਰਮੁਖ ਸਿੰਘ ਦਾ ਬਾਪ। ਉਸਨੇ ਸੂਰਤਾ ਸਿੰਘ ਹੁਰਾਂ ਨੂੰ ਪੁਛਿਆ ਕਿ ਜਿਹਨਾਂ ਦੇ ਮੁਕਾਬਲੇ ਤੇ ਉਹਨਾਂ ਨੇ ਚੱਕੀ ਲਗਾਈ ਹੈ। ਉਹ ਇਹਨਾਂ ਨਾਲ ਕਿਸਤਰ੍ਹਾਂ ਵਰਤਦਾ ਹੈ। ਇਹਨਾਂ ਨੇ ਦਸਿਆ ਕਿ ਬਹੁਤ ਚੰਗਾ ਵਰਤਦਾ ਹੈ। ਨਾਲੇ ਇਹ ਵੀ ਦਸਿਆ ਕਿ ਉਸਨੇ ਛੇ ਮਹੀਨਿਆ ਤੋਂ ਇਹਨਾਂ ਨੂੰ ਦੁੱਧ ਮੁੱਲ ਨਹੀ ਲੈਣ ਦਿੱਤਾ ਘਰੋਂ ਦਿੰਦਾ ਹੈ। ਇਹ ਗੱਲ ਸੁਣ ਕੇ ਉਸ ਬਜੁਰਗ ਨੇ ਇਹਨਾਂ ਨੂੰ ਕਿਹਾ, "ਉਹ ਅਮਰ ਸਿੰਘ ਕਿਸੇ ਚੰਗੇ ਖਾਨਦਾਨ ਦਾ ਬੰਦਾ ਹੈ ਤੇ ਜੇਕਰ ਤੁਸੀ ਬੰਦੇ ਹੋ ਤਾਂ ਚੱਕੀ ਪੁੱਟ ਕੇ ਘਰ ਲੈ ਆਓ ਉਹ ਤੁਹਾਨੂੰ ਪ੍ਰੇਮ ਦੇ ਛਿੱਤਰ ਮਾਰਦਾ ਹੈ। ਤੁਸੀ ਹੁਣ ਉਥੇ ਨਾ ਰਹੋ।

ਸੂਰਤਾ ਸਿੰਘ ਹੁਰੀ ਤਿੰਨੇ ਭਰਾ ਤੇ ਚੌਥਾ ਇਹਨਾਂ ਦਾ ਭਣਵਾਈਆ ਸਾਡੇ ਘਰ ਆਏ ਤੇ ਸਤਿ ਸ੍ਰੀ ਬੁਲਾ ਕੇ ਬਹਿ ਗਏ ਤੇ ਮੈਨੂੰ ਕਹਿਣ ਲਗੇ, "ਮਾਸੜ ਜੀ ਤੁਹਾਨੂੰ ਇੱਕ ਖੁਸ਼ਖਬਰੀ ਸੁਣਾਈਏ।" ਮੈ ਕਿਹਾ, "ਸੁਣਾਓ।" ਗੁਰਬਖਸ਼ ਸਿੰਘ ਨੇ ਕਿਹਾ,

''ਅਸੀ ਸਵੇਰੇ ਚੱਕੀ ਪੁੱਟ ਕੇ ਸਭ ਸਾਮਾਨ ਇਥੋਂ ਲੈ ਜਾਣਾਂ ਹੈ।'' ਮੈ ਪੁਛਿਆ ਕਿ ਕੀ ਤਕਲੀਫ ਹੈ ਮੈਨੂੰ ਦਸੋ। ਉਹਨਾਂ ਕਿਹਾ, ''ਕੰਮ ਥੋੜਾ ਹੈ ਗੁਜਾਰਾ ਨਹੀ ਹੁੰਦਾ।'' ਮੈ ਉੱਤਰ ਦਿੱਤਾ, ''ਰਲਕੇ ਚੱਕੀ ਚਲਾ ਲੈਂਦੇ ਹਾਂ ਤੇ ਰਾਤ ਨੂੰ ਪੈਸੇ ਅੱਧੇ ਅੱਧੇ ਵੰਡ ਲਿਆ ਕਰਾਂਗੇ। ਜੇ ਨਹੀ ਤੇ ਚਾਰ ਚਾਰ ਦਿਨ ਵਾਰੀ ਨਾਲ ਚਲਾ ਲਵਾਂਗੇ ਤੇ ਤੁਸੀ ਇਥੋਂ ਨਾ ਜਾਇਓ।'' ਉਹਨਾਂ ਕਿਹਾ ਕਿ ਠੀਕ ਹੈ। ਸਿਆਲ ਦੀਆਂ ਰਾਤਾਂ ਸਨ। ਅਸੀ ਸੌ ਗਏ ਤੇ ਉਹਨਾਂ ਸਾਰਾ ਸਾਮਾਨ ਪੁੱਟ ਕੇ ਬਾਹਰ ਕੱਢ ਲਿਆ ਤੇ ਇੱਕ ਜਣਾਂ ਰੁਦਰਪੁਰ ਤੋਂ ਟਰੱਕ ਲੈ ਆਇਆ ਤੇ ਸਾਰਾ ਸਮਾਨ ਲੈ ਕੇ ਚਲੇ ਗਏ। ਅਸੀ ਫਿਰ ਇੱਕਲੇ ਰਹਿ ਗਏ ਤੇ ਸਾਡਾ ਇਥੇ ਹੁਣ ਦਿਲ ਨਾ ਲਗੇ।

# (੨੯) ਪੰਜਾਬ ਪਰਤਣ ਦੀ ਲੋਚਾ

ਸੰਨ ੧੯੬੨ ਵਿੱਚ ਅਸੀ ਵੀ ਸਭ ਸਮਾਨ ਇੰਦਣ ਚੱਕੀ ਵੇਚ ਦਿੱਤਾ ਤੇ ਪੰਜਾਬ ਦੀ ਤਿਆਰੀ ਕਰ ਲਈ। ਜਦੋਂ ਇਸ ਗੱਲ ਦਾ ਇੰਦਰ ਸਿੰਘ ਹੋਰਾਂ ਨੂੰ ਪਤਾ ਲਗਾ ਤੇ ਇਹਨਾਂ ਤਿੰਨਾਂ ਭਰਾਵਾਂ ਨੇ ਆਖਿਆ, "ਮਾਮਾ ਜੀ, ਅਸਾਂ ਤੁਹਾਨੂੰ ਜਾਣ ਨਹੀ ਦੇਣਾ। ਤੁਸੀ ਹੋਰ ਇੰਦਣ ਲੈ ਲਵੋ ਬਹੁਤ ਵਿਕਦੇ ਹਨ।" ਮੈ ਫਿਰ ਉਹਨਾਂ ਦੀ ਗੱਲ ਮੰਨ ਲਈ ਤੇ ਕਿਹਾ ਕਿ ਨਹੀ ਜਾਂਦੇ। ਮੈ ਲਾਲ ਸਿੰਘ ਨੂੰ ਨਾਲ ਲੈ ਕੇ ਹਲਦੂ ਪਿੰਡ ਚਲਾ ਗਿਆ ਤੇਜਾ ਕੇ ਇੰਦਣ ਵੇਖਿਆ, ਕਰੰਕ ਟੁੱਟੀ ਸੀ ਪਰ ਸਾਮਾਨ ਨਾਲ ਬਹੁਤ ਸੀ। ੨ ਚੱਕੀਆਂ ਢਾਈ ਢਾਈ ਫੁੱਟ ਦੀਆਂ ਤੇ ੨ ਧਾਨ ਮਸ਼ੀਨਾਂ, ੧ ਸੁਪੇਲਰ ਤੇ ਲ ਕੱਢਣ ਵਾਲਾ ਤੇ ੪੦ ਫੁੱਟ ਸ਼ਾਫਟ ਇੰਚ ਦੀ ਤੇ ੮ ਬੈਰੰਗ ਸੀ ਸ਼ਾਫਟ ਨੂੰ। ਸਾਰੇ ਸਾਮਾਨ ਦਾ ਉਹਨਾਂ ਨੇ ੪੦੦੦ ਰੁ: ਮੁੱਲ ਕੀਤਾ। ਮੈ ਉਹਨਾਂ ਨੂੰ ੨੦੦੦ ਰੁ: ਕਹਿ ਕੇ ਆ ਗਿਆ। ਇੱਥੇ ਇੱਕ ਸ਼ਾਹੂਕਾਰ ਸੀ ਮੈਨੂੰ ਲਾਲ ਸਿੰਘ ਉਸਦੇ ਘਰ ਲੈ ਗਿਆ। ਉਸਨੇ ਸਾਡੀ ਬਹੁਤ ਸੇਵਾ ਕੀਤੀ; ਉਹ ਮੈਨੂੰ ਜਾਣਦਾਂ ਸੀ ਮੈ ਨਹੀ ਸਾਂ ਉਸਨੂੰ ਜਾਣਦਾ ਉਸਨੇ ਕਿਤੇ ਮੇਰਾ ਲੈਕਚਰ ਤੇ ਕੀਰਤਨ ਸੁਣਿਆ ਹੋਇਆ ਸੀ। ਇਸ ਸਾਹੂਕਾਰ ਨੇ ਵੀ ਥੋੜੇ ਦਿਨ ਪਹਿਲਾਂ ਚੱਕੀ ਵੇਚੀ ਸੀ। ਅਸੀ ਇਸ ਸੇਠ ਨੂੰ ਨਾਲ ਲੈ ਗਏ ਉਸ ਬਾਣੀਏ ਵੱਲ। ਇਸ ਨੇ ੨੫੫੦ ਰੁ: ਦਾ ਸੌਦਾ ਕਰਵਾਇਆ ਤੇ ੨੦੦ ਰੁ: ਬਿਆਨਾਂ ਦੇ ਦਿੱਤਾ। ਫਿਰ ਸਾਨੂੰ ਆਪਣੇ ਘਰ ਲੈ ਆਇਆ। ਇਸਨੇ ਸਾਨੂੰ ਅਪਣੀ ਹਵੇਲੀ ਦਿਖਾਈ ਜਿੱਥੇ ਇਹਨਾ ਦਾ ਇੰਦਣ ਚਲਦਾ ਹੁੰਦਾ ਸੀ। ਇਹ ਦੋ ਕਨਾਲ ਜਗ੍ਹਾ ਸੀ। ਚੁਫੇਰਾ ਛੱਤਿਆ ਹੋਇਆ ਸੀ। ੧੦ ਕਮਰੇ ਪੱਕੇ ਸਨ। ਇੰਦਣ ਤੇ ਚੱਕੀ ਦੇ ਫਾਊਂਡੇਸ਼ਨ ਵੀ ਠੀਕ ਸਨ। ਮੈ ਆਖਿਆ, "ਸੇਠ ਕਰਤਾਰ ਸਿੰਘ ਜੀ ਇਹ ਜਗ੍ਹਾ ਤੁਸੀ ਸਾਨੂੰ ਦੇ ਦਿਓ ਤੇ ਅਸੀ ਇੱਥੇ ਇੰਦਣ ਲਾ ਲੈਂਦੇ ਹਾਂ।" ਉਹ ਮੰਨ ਗਿਆ ਮੈ ਕਿਹਾ ਕਿ ਮੁੱਲ ਕਰੋ ਉਸ ਨੇ ਕਿਹਾ ਸਭ ਕੁਝ ਤੁਹਾਡੀ ਕਿਰਪਾ ਹੈ। ਤਿੰਨ ਭੱਠੇ ਚਲਦੇ ਹਨ, ਛੇ ਦੁਕਾਨਾਂ ਚਲਦੀਆਂ ਹਨ, ਜਮੀਨ ਵੀ ਪ੍ਰਮਾਤਮਾਂ ਨੇ ਦਿੱਤੀ ਹੈ। ੨੫ ਏਕੜ ਜਮੀਨ

ਹੈ। ਤੁਸੀ ਇਥੇ ਆ ਕੇ ਡੇਰਾ ਲਾ ਲਓ।'' ਮੈ ਕਿਹਾ, ''ਜਿੰਨਾਂ ਚਿਰ ਤੁਸੀ ਮੁੱਲ ਨਹੀ ਕਰਦੇ ਅਸੀ ਉਨਾਂ ਚਿਰ ਨਹੀ ਆਵਾਂਗੇ। ਇਸ ਕਰਕੇ ਤੁਸੀ ਮੁੱਲ ਜਰੂਰ ਕਰੋ।'' ਉਹਨਾਂ ਨੇ ਹੱਸ ਕੇ ਕਿਹਾ ਕਿ ੧੨੦੦ ਰੁ: ਦੇ ਦੇਣਾਂ।'' ਮੇਰੇ ਨਾਲ ਜੋ ਲਾਲ ਸਿੰਘ ਸੀ ਉਸਨੇ ਕਿਹਾ ਕਿ ਦੋ ਸੌ ਵੀ ਕੱਟ ਦਿਓ। ੧੦੦੦ ਲੈ ਲੈਣਾ। ਸੇਠ ਨੇ ਕਿਹਾ, ''ਠੀਕ ਹੈ ਸਾਨੂੰ ਹਜ਼ਾਰ ਹੀ ਮਨਜੂਰ ਹੈ।'' ਗੱਲ ਬਾਤ ਪੱਕੀ ਹੋ ਗਈ। ਮੈ ਘਰ ਆ ਕੇ ਦਸਿਆ ਤੇ ਸਾਰਾ ਪਰਿਵਾਰ ਖੁਸ਼ ਹੋ ਗਿਆ।

ਮੈ ਸਵੇਰੇ ਉੱਠ ਕੇ ਬਿਲਾਸਪੁਰ ਨਰਿੰਦਣ ਸਿੰਘ ਤੇ ਇੰਦਰ ਸਿੰਘ ਕੋਲ ਗਿਆ ਜਾ ਕੇ ਸਾਰੀ ਗੱਲਬਾਤ ਕੀਤੀ ਤੇ ਉਹ ਸੁਣ ਕੇ ਚੁੱਪ ਕਰ ਗਏ। ਮੈ ਪੁਛਿਆ ਕਿ ਕੀ ਗੱਲ ਹੈ ਤੁਸੀ ਦੋਵੇ ਚੁੱਪ ਕਿਉ ਕਰ ਗਏ ਹੋ। ਉਹ ਕਹਿਣ ਲਗੇ, ''ਮਾਮਾ ਜੀ, ਅਸਾਂ ਬੇਗਮਾਂ ਬਾਦ ਤੁਹਾਡੇ ਵਾਸਤੇ ਇੰਝਣ ਦਾ ਪਤਾ ਕੀਤਾ ਹੈ ਤੇ ੫੦੦ ਰੁ: ਬਿਆਨਾਂ ਵੀ ਦੇ ਦਿੱਤਾ ਹੈ। ੫੦੦੦ ਰੁ: ਦਾ ਸੌਦਾ ਮੁੱਕਾ ਹੈ। ਤੁਸੀ ਸਵੇਰੇ ਚਲੋ ਤੇ ਤੁਹਾਨੂੰ ਕਬਜਾ ਦਿਵਾ ਦੇਂਦੇ ਹਾਂ ਤੇ ਜਿਹੜਾ ਤੁਸੀ ਉਸ; ਇੰਝਣ ਦਾ ਬਿਆਨਾ ੨੦੦ ਰੁ: ਦੇ ਆਏ ਹੋ ਉਹ ਇਸ ਰਕਮ ਵਿੱਚੋਂ ਘੱਟ ਕਰਵਾ ਦਿਆਂਗੇ। ਮੈ ਇੰਦਰ ਸਿੰਘ ਨੂੰ ਕਿਹਾ ਕਿ ਉਹ ਮੇਰੇ ਨਾਲ ਜਾ ਕੇ ਸਾਮਾਨ ਤੇ ਦੇਖ ਆਵੇ।

ਅਗਲੇ ਦਿਨ ਅਸੀ ਚਾਰੇ ਜਣੇ ਹਲਦੂ ਪਿੰਡ ਗਏ ਤੇ ਸਾਰਾ ਸਾਮਾਨ ਤੇ ਉਹ ਸੇਠ ਵਾਲੇ ਕਮਰੇ ਵੇਖ ਕੇ ਹੈਰਾਨ ਹੋ ਗਏ। ਸਾਰਾ ਕੁਝ ਮਿਲਾ ਕੇ ਕੁੱਲ ੩੫੦੦ ਰੁ: ਚ ਬਣਿਆ ਸੀ। ਫਿਰ ਜਦੋਂ ਬਿਲਾਸਪੁਰ ਵਾਪਿਸ ਆਏ ਤਾਂ ਇੰਦਰ ਸਿੰਘ ਤੇ ਕਿਹਾ, ''ਮਾਮਾ ਜੀ ਅਸੀ ਤੁਹਾਨੂੰ ਉਥੇ ਨਹੀਂ ਜਾਣ ਦੇਣਾਂ, ਸਾਡੇ ਲਾਗੇ ਰਹੋਗੇ ਤਾਂ ਮਿਲਦੇ ਰਹਾਂਗੇ ਦੁੱਖ ਸੁੱਖ ਵਿੱਚ ਇੱਕੱਠੇ ਰਹਾਂਗੇ। ਤੁਸੀ ਬੇਗਮਾਬਾਦ ਵਾਲਾ ਇੰਝਣ ਲੈ ਲਵੋ।'' ਮੈ ਕਿਹਾ, ''ਇਥੋ ਦੇ ਲੋਕ ਪਰਬ ਸਿੰਘ ਨੂੰ ਪਿਸਾਈ ਦੇ ਪੈਸੇ ਨਹੀਂ ਦੇਂਦੇ ਤੇ ਪਰਬ ਸਿੰਘ ਦਾ ਬਰਛਾ ਮਾਰ ਕੇ ਢਿੱਡ ਪਾੜ ਦਿੱਤਾ ਹੈ ਤਾਂ ਹੀ ਤੇ ਉਹ ਵੇਚਦਾ ਹੈ ਤੇ ਮੈ ਕਿਸੇ ਦਾ ਵੀ ਮੁਫਤ ਆਟਾ ਨਹੀ ਪੀਸਣਾਂ ਤੇ ਮੇਰਾ ਝਗੜਾ ਹੋ ਪਵੇਗਾ ਫਿਰ ਤਕਲੀਫ ਹੋਵੇਗੀ।'' ਇੰਦਰ ਸਿੰਘ ਨੇ ਕਿਹਾ, ''ਮਾਮਾ ਜੀ, ਤੁਸੀ ਭਾਵੇ ਰੋਜ ਲੜੋ ਮੈ ਆਪੇ ਸੰਭਾਲ ਲਵਾਂਗਾ ਪਰ ਅਸਾਂ ਤੁਹਾਨੂੰ ਦੂਰ ਨਹੀ ਜਾਣ ਦੇਣਾਂ।'' ਮੈਨੂੰ ਉਹਨਾਂ ਦੀ ਗੱਲ ਮੰਨਣੀ ਪਈ।

ਮੈ ਕੁਝ ਦਿਨ ਇੱਕਲਾ ਹੀ ਬੇਗਮਾਬਾਦ ਇੰਝਣ ਚਲਾਉਂਦਾ ਰਿਹਾ। ਇੱਕ ਦਿਨ ਇੱਕ ਪਹਿਲਵਾਨ ਜੁਗਿੰਦਰ ਸਿੰਘ ਨੇ ਮੱਕੀ ਪਿਸਾਈ ਡੇਢ ਮਣ ਤੇ ਮੈ ਤਿੰਨ ਰੁ: ਪਿਸਾਈ ਦੇ ਮੰਗੇ ਤੇ ਉਸਨੇ ਆਖਿਆ, ''ਅਸੀ ਕਦੇ ਪੈਸੇ ਨਹੀ ਦਿੱਤੇ।'' ਮੈ ਕਿਹਾ, ''ਉਹ ਚਲਾ

ਗਿਆ ਹੈ ਮੁਫਤ ਪੀਹਣ ਵਾਲਾ ਮੈ ਤਾਂ ਪੈਸੇ ਲਵਾਂਗਾ।'' ਉਸਨੇ ਕਿਹਾ, ''ਮੈਂ ਪੈਸੇ ਨਹੀਂ ਦੇਵਾਂਗਾ।'' ਉਹ ਬੋਰੀ ਸਿਰ ਤੇ ਰੱਖ ਕੇ ਤੁਰ ਪਿਆ ਤੇ ਮੈ ਧੱਕਾ ਮਾਰ ਕੇ ਆਟਾ ਜ਼ਮੀਨ ਤੇ ਸੁੱਟ ਦਿੱਤਾ। ਉਸਦੇ ਪਿੰਡ ਦੀ ਇੱਕ ਜਨਾਨੀ ਚੱਕੀ ਤੇ ਖੜੀ ਸੀ ਉਹ ਕਹਿਣ ਲਗੀ, ''ਜੁਗਿੰਦਰਾ, ਜੇ ਤੇਰੇ ਕੋਲ ਪੈਸੇ ਨਹੀਂ ਹੈਗੇ ਤਾਂ ਤੂੰ ਮੇਰੇ ਕੋਲੋ ਲੈ ਕੇ ਦੇ ਦੇ।'' ਜੁਗਿੰਦਰ ਨੇ ਖੀਸੇ ਵਿੱਚੋ ਪੰਜ ਦਾ ਨੋਟ ਕੱਢ ਕੇ ਕਿਹਾ, ''ਪੈਸੇ ਤਾਂ ਹੈਗੇ ਨੇ ਪਰ ਦੇਣੇ ਨਹੀਂ।'' ਮੈ ਕਿਹਾ, ''ਮੈਂ ਆਟਾ ਵੀ ਨਹੀਂ ਦੇਣਾਂ।'' ਅੱਧੇ ਘੰਟੇ ਬਾਅਦ ਜੁਗਿੰਦਰ ਨੇ ਨੋਟ ਮੇ ਰੇ ਵੱਲ ਸੁੱਟਿਆ ਤੇ ਕਹਿਣ ਲਗਾ, ''ਤੇਰੀ ਚੱਕੀ ਨਹੀ ਏਥੇ ਚੱਲਣ ਦੇਣੀ।'' ਮੈਂ ਜੁਵਾਬ ਦਿੱਤਾ, ''ਜੇ ਚੱਕੀ ਇਥੇ ਨਾ ਰਹੀ ਤੇ ਬੱਚੂ ਤੂੰ ਵੀ ਦਾਣੇ ਚੁੱਕ ਕੇ ਛੇ ਮੀਲ ਦੂਰ ਇਥੋ ਜਾ ਕੇ ਨਗਦ ਪੈਸੇ ਦੇ ਕੇ ਹੀ ਆਟਾ ਪਿਸਵਾ ਕੇ ਲਿਆ ਕੇ ਖਾਵੇਂਗਾ।'' ਸਾਡੇ ਝਗੜੇ ਦਾ ਸਾਰੇ ਇਲਾਕੇ ਵਿੱਚ ਲੋਕਾਂ ਨੂੰ ਪਤਾ ਲੱਗ ਗਿਆ। ਲੋਕ ਬੜੇ ਖੁਸ਼ ਹੋਏ।

ਇਸ ਪਿੰਡ ਵਿੱਚ ਮੇਰਾ ਗੁਵਾਂਢੀ ਹਵੇਲਾ ਸਿੰਘ ਸੀ ਇਹ ਬੜਾ ਕਾਂਟਾ ਬੰਦਾ ਸੀ। ਇਹ ਜੁਗਿੰਦਰ ਦੀ ਪਾਰਟੀ ਦਾ ਸੀ। ਮੇਰਾ ਵਾਕਫ ਸੀ। ਮੇਰਾ ਸਾਰਾ ਪਰਿਵਾਰ ਆ ਗਿਆ। ਵੱਡੇ ਕਾਕੇ ਨੂੰ ਮੈ ਕੰਡੇ ਤੇ ਦਾਣੇ ਤੋਲਣ ਦੀ ਡਿਊਟੀ ਤੇ ਲਗਾ ਦਿੱਤਾ ਤੇ ਨਾਲੇ ਕਾਕੇ ਨੂੰ ਕਿਹਾ ਕਿ ਜਦੋਂ ਹਵੇਲਾ ਸਿੰਘ ਦਾਣੇ ਲੈ ਕੇ ਆਵੇ ਤਾਂ ਮੈਨੂੰ ਦੱਸੇ। ਥੋੜੇ ਦਿਨਾਂ ਬਾਅਦ ਹੀ ਹਵੇਲਾ ਸਿੰਘ ਦਾਣੇ ਲੈ ਕੇ ਆਇਆ। ਉਸਨੇ ਸਿਰ ਤੇ ਦਾੜੀ ਮੁੰਨੀ ਹੋਈ ਸੀ। ਮੈ ਬਾਹਰ ਵਿਹੜੇ ਵਿੱਚ ਮੰਜੇ ਤੇ ਬੈਠਾ ਸਾਂ। ਉਹ ਮੇਰੇ ਲਾਗੋਂ ਦੀ ਲੰਘ ਕੇ ਅਪਣੇ ਘਰ ਚਲਿਆ ਸੀ। ਕਾਕੇ ਨੇ ਮੈਨੂੰ ਇਸ਼ਾਰਾ ਕੀਤਾ। ਮੈਂ ਸਤਿ ਸ੍ਰੀ ਅਕਾਲ ਬੁਲਾਈ ਉਸਨੇ ਜੁਵਾਬ ਦਿੱਤਾ। ਮੈ ਉਸਦਾ ਨਾਮ ਪੁਛਿਆ ਉਸਨੇ ਦਸਿਆ ਕਿ ਉਸਦਾ ਨਾਮ ਹਵੇਲਾ ਸਿੰਘ ਹੈ। ਮੈ ਕਿਹਾ, ''ਆਓ ਬਹਿ ਜਾਓ ਮੰਜੇ ਤੇ।'' ਉਸਨੇ ਕਿਹਾ, ''ਨਹੀ ਮੈਂ ਨਹੀ ਬੈਠਣਾਂ।'' ਮੈਂ ਪੁਛਿਆ ਕਿ ਕੋਈ ਨਾਰਾਜਗੀ ਹੈ? ਉਸਨੇ ਕਿਹਾ, ''ਨਾਰਾਜਗੀ ਤੇ ਕੋਈ ਨਹੀ।'' ਮੈ ਕਿਹਾ, ''ਫਿਰ ਮੇਰਾ ਗੱਲ ਸੁਣ ਲੈ ਬਹਿ ਕੇ।'' ਉਹ ਕਹਿਣ ਲਗਾ, ''ਮੈ ਮੰਜੇ ਤੇ ਨਹੀ ਬੈਠਣਾਂ ਤੁਸੀ ਗੱਲ ਕਰੋ ਜਿਹੜੀ ਕਰਨੀ ਹੈ।'' ਮੈ ਕਿਹਾ, ''ਥਾਂ ਤੁਹਾਡਾ ਹੈ ਤੇ ਇੰਦਣ ਮੇਰਾ ਹੈ। ਜੇਕਰ ਤੁਸੀ ਮੇਰੇ ਤੇ ਨਾਰਾਜ ਹੀ ਰਹਿਣਾ ਹੈ ਤਾਂ ਮੈ ਸਵੇਰੇ ਵੀ ਤੁਹਾਡਾ ਥਾਂ ਛੱਡ ਕੇ ਦੂਸਰੇ ਪਿੰਡ ਚੱਕੀ ਜਾ ਲਾਵਾਂਗਾ।'' ਜਦੋਂ ਮੈ ਇਹ ਗੱਲ ਕੀਤੀ ਤਾਂ ਉਹ ਮੇਰੀ ਮੰਜੀ ਤੇ ਬੈਠ ਗਿਆ ਤੇ ਬਹੁਤ ਗੱਲਾਂ ਕੀਤੀਆਂ। ਆਖਿਰ ਕਹਿਣ ਲਗਾ, ''ਅੱਜ ਅਸੀ ਸ਼ਾਮ ਨੂੰ ਸਾਰੇ ਬੰਦੇ ਆ ਕੇ ਤੁਹਾਡੇ ਨਾਲ ਗੱਲਬਾਤ ਕਰਾਂਗੇ।'' ਮੈ ਕਿਹਾ, ''ਚੰਗਾ ਜੀ।'' ਜਦ ਹਵੇਲਾ ਸਿੰਘ ਡੇਰੇ ਦੇ ਸਾਰੇ ਬੰਦੇ ਇੱਕਠੇ ਕਰਕੇ ਨਾਲ ਲੈ ਕੇ ਆਇਆ ਤੇ ਮੈ ਰਹਿਰਾਸ ਦਾ ਪਾਠ ਕਰ ਰਿਹਾ ਸਾਂ ਤੇ ਸਾਰਾ ਪਰਿਵਾਰ ਬੈਠ ਕੇ ਸੁਣ ਰਿਹਾ ਸੀ। ਮੰਜੇ ਡਹਿ ਗਏ ਸਭ

ਬੈਠ ਗਏ। ਮੈਂ ਬੜੇ ਪ੍ਰੇਮ ਨਾਲ ਪਾਠ ਕੀਤਾ ਤੇ ਫਿਰ ਅਰਦਾਸਾ ਕੀਤਾ ਤੇ ਜੈ-ਕਾਰਾ ਬੁਲਾਇਆ ਤੇ ਕਾਕਿਆਂ ਦੀ ਮਾਤਾ ਨੇ ਆ ਕੇ ਰੋਜ ਵਾਂਗ ਮੈਨੂੰ ਮੱਥਾ ਟੇਕਿਆ ਤੇ ਸਾਰੇ ਕਾਕਿਆਂ ਨੇ ਵੀ ਮੱਥਾ ਟੇਕਿਆ। ਫਿਰ ਉਹਨਾਂ ਨੇ ਅਪਣੀ ਮਾਤਾ ਨੂੰ ਵੀ ਮੱਥਾ ਟੇਕਿਆ ਪੈਰਾਂ ਤੇ ਸਿਰ ਰੱਖ ਕੇ। ਸਾਰੇ ਬੰਦੇ ਦੇਖਦੇ ਰਹਿ ਗਏ। ਮੈਂ ਕਾਕਿਆ ਨੂੰ ਇਸ਼ਾਰਾ ਕੀਤਾ ਤੇ ਕਾਕਿਆਂ ਨੇ ਸਾਰੇ ਬੰਦਿਆਂ ਨੂੰ ਬੜੇ ਪ੍ਰੇਮ ਨਾਲ ਸਤਿ ਸ੍ਰੀ ਅਕਾਲ ਬੁਲਾਈ ਤੇ ਫਿਰ ਹਵੇਲਾ ਸਿੰਘ ਨੇ ਆਖਿਆ, "ਕਾਕਾ ਜੀ ਕੀਰਤਨ ਸੁਣਾਓ।" ਫਿਰ ਕਾਕਿਆਂ ਨੇ ਵਾਜਾ ਜੋੜੀ ਲਿਆ ਤੇ ਕੀਰਤਨ ਸ਼ੁਰੂ ਕੀਤਾ। ਸਾਜਾਂ ਦੀ ਆਵਾਜ ਸੁਣ ਕੇ ਪਿੰਡ ਦੇ ਲੋਕ ਵੀ ਬਹੁਤ ਆ ਗਏ। ਇਸ ਪਿੰਡ ਵਿੱਚ ਹਿੰਦੂ ਕੀਰਤਨ ਕਰਦੇ ਸਨ ਬਹੁਤ ਵਧੀਆ। ਉਹ ਵੀ ਸਾਰੇ ਆ ਗਏ ਤੇ ਖੁਸ਼ ਹੋ ਕੇ ਕਹਿਣ ਲਗੇ, "ਹਮਾਰਾ ਗਾਉਂ ਤੋ ਕਰਮਾਂ ਵਾਲਾ ਹੈ ਕਿ ਐਸੇ ਮਹਾਤਮਾ ਹਮਾਰੇ ਗਾਉਂ ਮੇਂ ਆਏ ਹੈਂ। ਧੰਨ ਭਾਗ ਹੈ ਹਮਾਰੇ।" ਇਸ ਤੋਂ ਬਾਦ ਉਸ ਹਿੰਦੂ ਭਗਤ ਨੇ ਕਿਹਾ, "ਸੰਤ ਜੀ ਆਪ ਕੇ ਪਾਸ ਦੋ ਭੈਂਸੇਂ ਹੈਂ ਔਰ ਏਕ ਗਾਏ ਹੈ ਆਪ ਚਾਰਾ ਮੋਲ ਮਤ ਲੇਨਾ, ਹਮਾਰੇ ਖੇਤੋਂ ਮੇ ਸੇ ਚਾਰਾ ਕਾਟ ਕਰ ਲੇ ਆਨਾ। ਹਮ ਸੁਬਾਹ ਆਪ ਕੋ ਖੇਤ ਬਤਾ ਦੇਂਗੇ।" ਮੈਂ ਕਿਹਾ, "ਆਪਦੀ ਬਹੁਤ ਮਿਹਰਬਾਨੀ ਹੈ ਜੀ।" ਇਸ ਤੋਂ ਬਾਅਦ ਹਵੇਲਾ ਸਿੰਘ ਕਹਿਣ ਲਗਾ, "ਸੰਤ ਜੀ, ਸਾਡੇ ਸਾਰਿਆਂ ਵਲੋਂ ਬੇਨਤੀ ਹੈ ਕਿ ਤੁਸੀਂ ਇਥੇ ਹੀ ਰਹੋ ਤੇ ਹੋਰ ਕਿਤੇ ਜਾਣ ਦਾ ਨਾਮ ਵੀ ਨਾ ਲੈਣਾਂ, ਜੋ ਕੋਈ ਵੀ ਤੁਹਾਨੂੰ ਤੰਗ ਕਰੇਗਾ ਅਸੀਂ ਆਪੇ ਨਜਿੱਠ ਲਵਾਂਗੇ ਤੁਸੀਂ ਬੇ ਫਿਕਰ ਹੋ ਕੇ ਰਹੋ। ਅਸੀਂ ਤੁਹਾਨੂੰ ਇਥੋਂ ਕਿਤੇ ਵੀ ਨਹੀ ਜਾਣ ਦੇਣਾਂ। ਤੁਸੀ ਸਾਡੇ ਤੇ ਅਸੀਂ ਤੁਹਾਡੇ, ਬਾਕੀ ਗੱਲਾਂ ਸਵੇਰੇ ਕਰਾਂਗੇ ਹੁਣ ਤੁਸੀ ਆਰਾਮ ਕਰੋ ਜੀ।" ਸਭ ਆਪਣੇ ਆਪਣੇ ਘਰਾਂ ਨੂੰ ਚਲੇ ਗਏ।

ਸਵੇਰੇ ਫਿਰ ਸਾਰੇ ਆਏ ਤੇ ਮੈਨੂੰ ਕਹਿਣ ਲਗੇ, "ਸੰਤ ਜੀ, ਡੰਗਰਾਂ ਵਾਸਤੇ ਪੱਠੇ ਤੁਸੀ ਮੁੱਲ ਨਹੀ ਲੈਣੇ ਵਾਰੀ ਵਾਰੀ ਹਰ ਘਰ ਦੇ ਪਠੇ ਵੱਢ ਕੇ ਲੈ ਆਇਆ ਕਰੋ, ਤੁਹਾਨੂੰ ਕੋਈ ਨਹੀ ਰੋਕੇਗਾ।" ਮੈਂ ਉੱਤਰ ਦਿੱਤਾ, "ਤੁਸੀ ਸਾਰੇ ਮੇਰੇ ਤੇ ਖੁਸ਼ ਰਹੋ ਤੇ ਮੇਰੀ ਇੱਕ ਅਰਜ ਵੀ ਮਨਜੂਰ ਕਰਨੀ ਉਹ ਇਹ ਕਿ ਮੈਂ ਡੰਗਰਾਂ ਵਾਸਤੇ ਪੱਠੇ ਮੁਲ ਲਵਾਂਗਾ, ਮੁਫਤ ਨਹੀ, ਕਿਸੇ ਭਰਾ ਨੂੰ ਐਵੇ ਤੰਗ ਨਹੀ ਕਰਨਾ। ਪੱਠੇ ਤਾਂ ਡੰਗਰਾਂ ਨੇ ਰੋਜ ਹੀ ਖਾਣੇ ਹਨ। ਇਹ ਇੱਕ ਦਿਨ ਦਾ ਤੇ ਕੰਮ ਨਹੀ ਹੈ।" ਮੈਂ ਉਸੇ ਦਿਨ ਹੀ ਵਿਰਸਾ ਸਿੰਘ ਕੋਲੋਂ ਦੋ ਕਨਾਲ ਚਰ੍ਹੀ ਮੁਲ ਲੈ ਲਈ ਤੀਹ ਰੁ: ਨਗਦ ਦੇ ਦਿੱਤੇ ਬੜਾ ਸੁਹਣਾ ਕੰਮ ਚਲਦਾ ਰਿਹਾ। ਸਤਿਗੁਰੂ ਦੀ ਬੜੀ ਕਿਰਪਾ ਸੀ।

ਇੱਕੋ ਹੀ ਬੇਗਮਾਂਬਾਦ ਦੇ ਇਲਾਕੇ ਵਿੱਚ ਇੱਕ ਪਿੰਡ ਸੀ 'ਐਰੋਂ'। ਇਸ ਪਿੰਡ ਦਾ ਮਾਲਕ ਇੱਕ ਪਠਾਣ ਸੀ। ਜਿਸਦਾ ਨਾਮ ਸੀ ਮਿਸਰ ਯਾਦ ਖਾਂ। ਇਹ ਬੜਾ ਧਨਾਢ

ਆਦਮੀ ਸੀ। ਇਸ ਦੀ ੩੦੦ ਮੁਰੱਬਾ ਜਮੀਨ ਸੀ. ਬੇਗਮਾਂ ਬਾਦ ਦੇ ਕੋਲ ਹੀ. ਦੋ ਜੀਪਾਂ ਸੀ ਤੇ ਪੰਜ ਟਰੈਕਟਰ ਸਨ। ਇੱਕ ਹਾਥੀ ਵੀ ਸੀ। ਇਹ ਬੜਾ ਦਇਆਵਾਨ ਬੰਦਾ ਸੀ। ਇਸਦੇ ਨੌਕਰਾਂ ਨੇ ਮੇਰੀ ਚੱਕੀ ਤੇ ਦਾਣੇ ਪਿਸਾਉਣ ਵਾਸਤੇ ਆਉਣਾਂ ਦੋ ਕੁ ਵਾਰੀ ਉਧਾਰ ਕਰ ਗਏ ਤੇ ਖਾਨ ਸਾਹਿਬ ਦਾ ਨਾਮ ਲਿਖਵਾ ਗਏ।

ਮੈ ਇੱਕ ਦਿਨ ਇਹਨਾਂ ਦੇ ਫਾਰਮ ਤੇ ਗਿਆ ਤੇ ਖਾਨ ਸਾਹਿਬ ਕੁਰਸੀ ਤੇ ਬੈਠੇ ਸਨ। ਮੈ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਉਸਨੇ ਮੈਨੂੰ ਅਪਣੇ ਕੋਲ ਕੁਰਸੀ ਤੇ ਬਿਠਾ ਲਿਆ ਤੇ ਕਹਿਣ ਲਗੇ. "ਸੰਤ ਜੀ ਕੋਈ ਖੁਦਾ ਕੀ ਬਾਤ ਸੁਣਾਓ।" ਇਸੇ ਤਰ੍ਹਾ ਦੀਆਂ ਕਈ ਗੱਲਾਂ ਕਰਦੇ ਰਹੇ ਤੇ ਫਿਰ ਮੈਨੂੰ ਕਹਿਣ ਲਗੇ. "ਆਪਕੇ ਪਿਸਾਈ ਤੇ ਕਿਤਨੇ ਪੈਸੇ ਬਨਤੇ ਹੈ।" ਮੈ ਦਸਿਆ ਕਿ ੪੫ ਰੁ: ਬਣਦੇ ਹਨ। ਉਹਨਾਂ ਨੇ ਮੇ ਰੇ ਸਾਰੇ ਪੈਸੇ ਦੇ ਦਿੱਤੇ ਤੇ ਫਿਰ ਮੈਨੂੰ ਕਿਹਾ. "ਆਪ ਕੇ ਪਾਸ ਕੋਈ ਗਾਏ ਭੈਂਸ ਵੀ ਹੈ?" ਮੈ ਦਸਿਆ ਕਿ ਇੱਕ ਗਊ ਤੇ ਦੋ ਮੱਝਾਂ ਹਨ। ਫਿਰ ਉਹਨਾਂ ਕਿਹਾ ਕਿ ਚਾਰੇ ਕਾ ਕਿਆ ਪ੍ਰੋਗਰਾਮ ਹੈ। ਮੈ ਦਸਿਆ ਕਿ ਚਾਰਾ ਤਾਂ ਮੁੱਲ ਹੀ ਲੈਣਾਂ ਪੈਂਦਾ ਹੈ।ਖਾਨ ਸਾਹਿਬ ਨੇ ਉਸੇ ਵੇਲੇ ਨੌਕਰ ਨੂੰ ਬੁਲਾ ਕੇ ਹੁਕਮ ਕੀਤਾ ਕਿ ਜਿਸ ਦਿਨ ਦਾਣੇ ਪਿਸਾਉਣ ਜਾਉਂ ਉਸੇ ਗੱਡੀ ਤੇ ਸੰਤ ਜੀ ਦੀਆਂ ਮੱਝਾਂ ਵਾਸਤੇ ਗੱਡੀ ਭਰਕੇ ਪੱਠੇ ਲੈ ਜਾਇਆ ਕਰਨਾ. ਭੁੱਲਣਾ ਨਹੀਂ।

ਬਸ ਫਿਰ ਕੀ ਸੀ ਪੱਠੇ ਉਥੋਂ ਆ ਜਾਇਆ ਕਰਨੇ। ਇਸ ਪਿੰਡ ਵਿੱਚੋਂ ਹਵੇ ਲਾ ਸਿੰਘ ਨੇ ਹਿੰਦੁਸਤਾਨੀਆਂ ਕੋਲੋ ਚਾਰ ਏਕੜ ਪੈਲੀ ਮੈਨੂੰ ਗਹਿਣੇ ਲੈ ਦਿੱਤੀ ਦੋ ਸੌ ਰੁ: ਏਕੜ ਗੰਨੇ ਸੁਮੇਤ। ੮੦੦ ਰੁ: ਮੈ ਦਿੱਤਾ ਤੇ ਪੈਲੀ ਤੇ ਕਬਜਾ ਕਰ ਲਿਆ ਗੰਨੇ ਨੂੰ ਖਾਦ ਪਾਈ ਤੇ ਨਹਿਰ ਦਾ ਪਾਣੀ ਲਗਾ ਦਿੱਤਾ ਤੇ ੨੨੦੦ ਦਾ ਗੰਨਾ ਵੇਚਿਆ। ਅਗਲੇ ਸਾਲ ਪੈਲੀ ਹਿੱਸੇ ਤੇ ਦੇ ਕੇ ਧਾਨ ਲਗਵਾ ਦਿੱਤਾ ਸੁਹਣਾਂ ਵਕਤ ਪਾਸ ਹੋ ਰਿਹਾ ਸੀ। ਧਾਨ ਦੀ ਫੱਕ ਭੱਠੀ ਵਾਲਿਆਂ ਨੇ ਖੋਤਿਆਂ ਵਾਸਤੇ ਲੈ ਜਾਣੀ ਤੇ ਮੈ ਉਹਨਾਂ ਪਾਸੋ ਇੱਟਾ ਲੈ ਲੈਣੀਆਂ। ਦੋ ਤਿੰਨ ਕਮਰੇ ਪੱਕੇ ਬਣਾ ਲਏ। ਕਮਰੇ ਤਿਆਰ ਕਰਨ ਦੇ ਬਾਅਦ ੨੦,੦੦੦ ਇੱਟ ਵੱਧ ਗਈ। ਕੁਦਰਤੀ ਪਲੀਆ ਦੇ ਇਲਾਕੇ ਵਿੱਚ ਇੱਕ ਸਿੰਘ ਨੇ ਮੈਨੂੰ ਚਿੱਠੀ ਭੇਜੀ। ਉਸਨੇ ਅਖੰਡ ਪਾਠ ਕਰਾਉਣਾ ਸੀ। ਉਸਨੇ ੨ ਤਰੀਕ ਮੱਘਰ ਦੀ ਨੂੰ ਉਥੇ ਪੁੱਜਣ ਵਾਸਤੇ ਲਿਖਿਆ ਸੀ। ਇੱਧਰ ਅਸੀ ਵੱਡੇ ਕਾਕੇ ਹਰਭਜਨ ਸਿੰਘ ਦਾ ਅਨੰਦ ਕਾਰਜ ਹਰਿਆਣੇ ਦੇ ਇਲਾਕੇ ਵਿੱਚ ਕਰਨ ਜਾਣਾਂ ਸੀ। ਅਸੀ ਸਤਿਗੁਰਾਂ ਦੇ ਪਾਸ ਪੁੱਜ ਗਏ ਤੇ. ਕਾਕੇ ਦਾ ਅਨੰਦ ਕਾਰਜ ਕਰਕੇ ਵਾਪਿਸ ਆ ਕੇ ਜਥਾ ਲੈ ਕੇ ਦੋ ਤਰੀਕ ਮੱਘਰ ਦੀ ਨੂੰ ਪਲੀਆ ਪਹੁੰਚ ਗਏ। ਅੱਗੇ ਸਟੇਸ਼ਨ ਤੇ ਸਾਡੀ ਉਡੀਕ ਵਿੱਚ ਸ੍ਰ: ਬਲਵੰਤ ਸਿੰਘ ਖੜਾ ਸੀ ਉਸਨੇ ਸਾਨੂੰ ਫਤਹਿ ਬੁਲਾਈ ਤੇ ਸਾਨੂੰ ਲਾਰੀ ਤੇ ਬਿਠਾ

ਕੇ ਕਬੀਰ ਗੰਜ ਦੇ ਇਲਾਕੇ ਵਿੱਚ ਇਸਦੀ ਚੱਕੀ ਸਾਨੂੰ ਉਥੇ ਅਪਣੇ ਘਰ ਲੈ ਗਿਆ ਤੇ ਉਥੇ ਜਾ ਕੇ ਅਸੀ ਅਖੰਡ ਪਾਠ ਅਰੰਭ ਕੀਤਾ ਤੇ ਭੋਗ ਵਾਲੇ ਦਿਨ ਬੜੀ ਸੰਗਤ ਇਕੱਠੀ ਹੋਈ ਤੇ ਤਿੰਨ ਘੰਟੇ ਕਥਾ ਕੀਰਤਨ ਕੀਤਾ ਤੇ ਅਗਲੇ ਦਿਨ ਇੱਕ ਹੋਰ ਸਿੰਘ ਨੇ ਅਖੰਡ ਪਾਠ ਸ਼ੁਰੂ ਕਰਾ ਦਿੱਤਾ। ਗੱਲ ਕੀ ਜੀ ਸੱਤ ਸਖੰਡ ਪਾਠ ਕੀਤੇ ਇਸੇ ਇਲਾਕੇ ਵਿੱਚ। ਇੱਕ ਪਿਆਰਾ ਸਿੰਘ ਨਾਮਧਾਰੀ ਸਿੰਘ ਜੀ ਉਹ ਕਹਿਣ ਲੱਗਾ, "ਸੰਤ ਜੀ, ਤੁਸੀ ਸਾਡੇ ਇਲਾਕੇ ਵਿੱਚ ਸਾਡੇ ਕੋਲ ਆ ਜਾਓ ਤੇ ਅਸੀ ਤੁਹਾਨੂੰ ਇਧਰ ਹੀ ਜਮੀਨ ਲੈ ਦੇਂਦੇ ਹਾਂ।" ਇਸਨੇ ਸਾਨੂੰ ਜਮੀਨ ਦਿਖਾਈ ਤੇ ਸਾਡਾ ਬਦੋ ਬਦੀ ਸੌਦਾ ਵੀ ਕਰਵਾ ਦਿੱਤਾ ਮੈਂ ਮੰਨਾ ਨਾ। ਇਸਨੇ ਕਾਕਿਆਂ ਨੂੰ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਅਪਣੇ ਵੱਲ ਕਰ ਲਿਆ ਤੇ ੫,੦੦੦ ਦਾ ਸੌਦਾ ਕਰਵਾ ਕੇ ੫੦੦ ਰੁ: ਬਿਆਨਾ ਦੇ ਦਿੱਤਾ। ਤਿੰਨ ਏਕੜ ਗੰਨਾ ਵੀ ਸੀ ੨੦ ਵਸਾਖ ਨੂੰ ਸਾਰੀ ਰਕਮ ਦੇਣੀ ਸੀ।

ਅਸੀ ਘਰ ਆ ਕੇ ਸਾਰੀ ਗੱਲ ਕੀਤੀ ਤੇ ਹਵੇਲਾ ਸਿੰਘ ਨੂੰ ਵੀ ਪਤਾ ਲੱਗ ਗਿਆ ਸਭ ਲੋਕ ਇੱਕਠੇ ਹੋ ਕੇ ਆ ਗਏ ਤੇ ਕਹਿਣ ਲਗੇ, "ਅਸੀ ਤੁਹਾਨੂੰ ਨਹੀ ਜਾਣ ਦੇਣਾਂ। ਤੁਹਾਨੂੰ ਇਥੇ ਕੋਈ ਤਕਲੀਫ ਹੈ ਤਾਂ ਦੱਸੋ। ਜੋ ਤੁਸੀ ੫੦੦ ਰੁ: ਬਿਆਨਾਂ ਦੇ ਆਏ ਹੋ ਉਹ ਅਸੀ ਆਪੇ ਤੁਹਾਨੂੰ ਦੇ ਦੇਂਦੇ ਹਾਂ ਪਰ ਤੁਸੀ ਜਾਣ ਦਾ ਨਾਮ ਨਾ ਲਓ।" ਕਾਕਿਆਂ ਦੀ ਮਾਤਾ ਵੀ ਆਖੇ ਕਿ ਮਸਾਂ ਇਥੇ ਮਕਾਨ ਬਣਾਏ ਹਨ। ਅਸੀ ਹੁਣ ਨਹੀ ਜਾਣਾਂ, ਸਾਰੇ ਲੋਕ ਇਤਨਾਂ ਪ੍ਰੇਮ ਕਰਦੇ ਹਨ ਨਾ ਹੀ ਜਾਈਏ। ਪਰ ਵਡਾ ਕਾਕਾ ਆਖੇ ਕਿ ਇਥੇ ਕੀ ਹੈ? ਅਸੀ ਜਰੂਰ ਚਲੇ ਹੀ ਜਾਣਾਂ ਹੈ।

ਇਸੇ ਇਲਾਕੇ ਵਿੱਚ ਇੱਕ ਪਿੰਡ ਹੈ ਬਖਸੌਰ। ਇਥੋਂ ਦਾ ਇੱਕ ਬੰਦਾ ਸੀ ਗਿਆਨੀ ਸੁਰਿੰਦਰ ਸਿੰਘ। ਇਹਨਾਂ ਦਾ ਸਾਡੇ ਨਾਲ ਬੜਾ ਪ੍ਰੇਮ ਸੀ। ਇਹ ਕਾਕਿਆਂ ਦਾ ਕੀਰਤਨ ਸੁਣਕੇ ਬੜੇ ਖੁਸ਼ ਹੁੰਦੇ ਸਨ। ਮੈਂ ਇਹਨਾਂ ਨਾਂਲ ਮਸ਼ਵਰਾ ਕੀਤਾ ਕਿ ਅਸੀ ਉਧਰ ਜਮੀਨ ਦਾ ਬਿਆਨਾਂ ਦੇ ਆਏ ਹਾਂ ਤੇ ਲੋਕ ਇਥੋਂ ਜਾਣ ਨਹੀ ਦਿੰਦੇ ਤੁਸੀ ਦਸੋ ਕਿ ਕੀ ਕਰੀਏ। ਗਿਆਨੀ ਜੀ ਨੇ ਕਿਹਾ, "ਜਰੂਰ ਚਲੋ, ਏਥੇ ਤਾਂ ਸਾਡਾ ਵੀ ਝਗੜਾ ਚਲਦਾ ਹੈ, ਅਸੀ ਵੀ ਜਮੀਨ ਵੇਚ ਕੇ ਤੁਹਾਡੇ ਕੋਲ ਜਮੀਨ ਲੈ ਲਵਾਂਗੇ।" ਇਹ ਮਸ਼ਵਰਾ ਕਰਕੇ ਮੈਂ ਵੀ ਜਾਣ ਨੂੰ ਤਿਆਰ ਹੋ ਗਿਆ। ਮਕਾਨ ਵੇਚ ਦਿੱਤਾ ਤੇ ਤਿਆਰੀ ਕਰ ਲਈ। ਗਿਆਨੀ ਜੀ ਨੇ ਮੈਨੂੰ ਇੱਕ ਬੈਲ ਗੱਡੀ ਤੇ ਦੋ ਬਲਦ ਚੰਗੇ ਮੋਟੇ ੧੧੦੦ ਦੇ ਦਿੱਤੇ। ਹਲ ਪੰਜਾਲੀ ਤੇ ਵੀਹ ਪੰਝੀ ਕਿਲੋ ਸਨੂਕੜੇ ਦੇ ਰੱਸੇ ਗੱਡੀ ਵਿੱਚ ਰੱਖ ਦਿੱਤੇ ਤੇ ਦੋ ਬਲਦ ੮੦੦ ਰੁ: ਵਿੱਚ ਇੱਕ ਹੋਰ ਸਿੱਖ ਕੋਲੋਂ ਖਰੀਦ ਲਏ।. ਜਿਹੜੀ ਪੈਲੀ ੮੦੦ ਰੁ: ਵਿੱਚ ਮੈਂ ਗਹਿਣੇ ਲਈ ਸੀ ਉਹ ਪੈਲੀ ਮੈਂ ਉਸ ਸਿੱਖ ਨੂੰ ਦੇ ਦਿੱਤੀ। ਦੋ ਸੌ ਰੁ: ਟਰੱਕ ਵਾਲੇ ਨੂੰ ਦੇ ਕੇ ਚੱਕੀ, ਇੰਦਣ ਰੂੰ ਵਾਲੀ ਮਸ਼ੀਨ ਦੋ ਪੇਟੀਆਂ ਤੇ ਹੋਰ

ਕਾਫੀ ਸਾਮਾਨ, ੪੦ ਚਾਦਰਾਂ ਲੋਹੇ ਦੀਆਂ ਤੇ ਘਰ ਦਾ ਸਾਰਾ ਸਾਮਾਨ ਲੱਦ ਕੇ ਤੇ ਘਰੋ ਕਾਕਿਆਂ ਦੀ ਮਾਤਾ ਤੇ ਦੋਵੇ ਲੜਕੀਆਂ ਹਰਭਜਨ ਸਿੰਘ ਤੇ ਇਸਦੀ ਘਰ ਵਾਲੀ ਬੀਬੀ ਸਿੰਦਰ ਕੋਰ, ਬਲਬੀਰ ਸਿੰਘ, ਗੁਰਸ਼ਰਨ ਸਿੰਘ ਤੇ ਬਲਦੇਵ ਸਿੰਘ ਸਾਰੇ ਪਰਿਵਾਰ ਨੂੰ ਗੱਡੀ ਤੇ ਚੜ੍ਹਾ ਦਿੱਤਾ ਤੇ ਮੈ ਟਰੱਕ ਲੈ ਕੇ ਆ ਗਿਆ। ਦੋਹਾਂ ਕਾਕਿਆਂ ਨੂੰ ਜਸਬੀਰ ਸਿੰਘ ਨੂੰ ਤੇ ਮੋਹਣ ਸਿੰਘ ਨੂੰ ਬੇਗਮਾਂਬਾਦ ਡੰਗਰਾਂ ਕੋਲ ਛੱਡ ਆਏ। ਜਦੋਂ ਟਰੱਕ ਲੈ ਕੇ ਮੈ ਪਲੀਏ ਪੁੱਜਾ ਤੇ ਸਾਰਾ ਪਰਿਵਾਰ ਮੈਨੂੰ ਉਥੇ ਪਲੀਏ ਮਿਲ ਪਿਆ ਫਿਰ ਇੱਕਠੇ ਹੀ ਜਮੀਨ ਤੇ ਪਹੁੰਚੇ ਇਹ ਸੰਨ ੧੯੬੫ ਦੀ ਗੱਲ ਹੈ।

ਮੈ ਫਿਰ ਸਵੇਰੇ ਜਾ ਕੇ ਡੰਗਰ ਤੇ ਗੱਡੀ ਲੈ ਕੇ ਕਾਕਿਆਂ ਨੂੰ ਨਾਲ ਲੈ ਕੇ ਮਜਲੋ ਮਜਲੀ ਉਸੇ ਦਿਨ ਘਰ ਪਹੁੰਚੇ ਤੇ ਜਮੀਨ ਵਾਲੇ ਬੇਈਮਾਨ ਹੋ ਗਏ ਆਖਣ ਕਿ ਜਮੀਨ ਨਹੀ ਦੇਣੀ। ਅਸੀ ਹੱਲ ਜੋ ਦਿੱਤੇ ਤੇ ਮੈ ਕਿਹਾ, "ਆਓ ਤੇ ਡੱਕ ਕੇ ਦਿਖਾਓ।" ਅਸਾਂ ਜਮੀਨ ਵਾਹ ਲਈ। ਉਹ ਇੱਕ ਬਦਮਾਸ਼ ਪਾਰਟੀ ਕੋਲ ਗਏ। ਉਸ ਪਾਰਟੀ ਦੇ ਦੋ ਬੰਦੇ ਸਾਡੇ ਪਾਸ ਆਏ ਉਹ ਮਲਵਈ ਸਨ। ਉਹਨਾਂ ਨੇ ਮੇਰੇ ਨਾਲ ਗਲ ਬਾਤ ਕੀਤੀ ਉਹ ਮੈਨੂੰ ਕਹਿਣ ਲਗੇ ਕਿ ਜਿਹੜਾ ਅਸਾਂ ੫੦੦ ਰੁ: ਦਿੱਤੇ ਹਨ। ਉਹ ਸਾਨੂੰ ਵਾਪਿਸ ਮਿਲ ਜਾਊਗਾ। ੫੦੦ ਦੀ ਜਗਾ ੧੦੦੦ ਰੁ: ਮਿਲੇਗਾ ਜੇ ਅਸੀ ਜਮੀਨ ਛੱਡ ਦੇਈਏ ਤਾਂ। ਮੈ ਉਸਨੂੰ ਕਿਹਾ ਕਿ ਉਹ ਕੌਣ ਹੈ ਮੈਨੂੰ ਜਮੀਨ ਵਿੱਚੋ ਕੱਢਣ ਵਾਲਾ ਜਿਸਨੇ ਸਾਡੇ ਕੋਲੋ ਬਿਆਨਾਂ ਦਿਵਾਇਆ ਹੈ ਜਾ ਕੇ ਉਸਨਾਲ ਗੱਲ ਕਰੋ, ਤੇ ਰੀ ਕੋਈ ਹਸਤੀ ਨਹੀ ਸਾਡੇ ਨਾਲ ਗੱਲ ਕਰਨ ਦੀ।

ਅਗਲੇ ਦਿਨ ਅਸੀ ਫਿਰ ਹਲ ਜੋਅ ਦਿੱਤੇ ਤੇ ਗੱਲ ਮੁੱਕੀ, ਜਮੀਨ ਅਸੀ ਵਾਹ ਲਈ ਤੇ ਜਮੀਨ ਵਾਲਿਆਂ ਨੂੰ ਭਜਾ ਦਿੱਤਾ। ਉਹ ਫਿਰ ਆਜਾਦ ਫਾਰਮ ਵਿੱਚ ਚਲੇ ਗਏ। ਬਿਆਨੇ ਦਾ ਕਾਗਜ ਸ੍ਰ: ਜਰਨੈਲ ਸਿੰਘ ਨੇ ਲਿਖਿਆ ਸੀ ੪੦੫੦ ਰੁ: ਉਸਦੇ ਹੱਥ ਵਿੱਚ ਅਸੀ ਫੜਾਏ ਤੇ ਦਸਖਤ ਕਰਵਾ ਲਏ।

# (੨੮) ਇੱਕ ਅਧਿਆਤਮਿਕ ਖੁਸ਼ਹਾਲ ਪਰਿਵਾਰ

ਸ੍: ਸੁਰਮੁਖ ਸਿੰਘ ਹੁਰੀ ਜੋ ਕਿ ਮੇਰੇ ਨਾਲ ਹੀ ਚੱਕੀ ਚਲਾਉਂਦੇ ਸਨ ਜੋ ਕਿ ਗੋਦੀ ਸਾਡੇ ਨਾਲ ਹੀ ਰਹਿੰਦੇ ਰਹੇ ਤੇ ਸਾਂਡਾ ਚੰਗਾ ਪਿਆਰ ਪੈ ਗਿਆ ਸੀ। ਜਦੋ ਉਹਨਾਂ ਨੇ ਸਾਰਾ ਸਿਲਸਿਲਾ ਰਾਤੋ ਰਾਤ ਵੇਚ ਦਿੱਤਾ ਤੇ ਮੈ ਵੀ ਉਹ ਥਾਂ ਛੱਡ ਦਿੱਤੀ ਜੀ ਉਹ ਸ੍: ਸਰਮੁਖ ਸਿੰਘ ਜੀ ਤੇ ਉਹਨਾਂ ਦੇ ਤਿੰਨੇ ਪੁੱਤਰ ਸੂਰਤਾ ਸਿੰਘ, ਈਸਰ ਸਿੰਘ ਤੇ ਗੁਰਬਖਸ਼ ਸਿੰਘ ਜੀ ਸੰਨ ੧੯੬੪-੬੫ ਵਿੱਚ ਅਪਣੀ ਬਾਜਪੁਰ ਵਾਲੀ ਜਮੀਨ ਤੇ ਸਾਰਾ ਸਿਲਸਿਲਾ ਵੇਚ ਵੱਟ ਕੇ ਲਖੀਮਪੁਰ ਆ ਗਏ। ਉਹਨਾਂ ਨੇ ਲਖੀਮ ਪੁਰ ਵਿੱਚ ੧੫੦ ਏਕੜ ਜਮੀਨ ਖਰੀਦ ਲਈ ਤੇ ਦੋ ਟਰੈਕਟਰ ਵੀ ਲੈ ਲਏ। ਇਹਨਾਂ ਦਾ ਵਾਹੀ ਦਾ ਕੰਮ ਇਥੇ ਸੁਹਣਾ ਚਲ ਪਿਆ ਪਰ ਇਹਨਾਂ ਦੇ ਤਿੰਨੇ ਮੁੰਡੇ ਸੂਰਤਾ ਸਿੰਘ, ਈਸ਼ਰ ਸਿੰਘ, ਗੁਰਬਖਸ਼ ਸਿੰਘ ਤੇ ਇਹਨਾਂ ਦਾ ਜੁਵਾਈ ਗੁਰਬਚਨ ਸਿੰਘ ਸਾਰੇ ਹੀ ਸ਼ਰਾਬੀ ਬਣ ਗਏ। ਇੱਕ ਦਿਨ ਬਹੁਤੀ ਪੀ ਕੇ ਉਲਟੀਆਂ ਵੀ ਕੀਤੀਆਂ। ਇਹਨਾਂ ਦੀ ਮਾਤਾ ਨੇ ਛੋਟੀ ਲੜਕੀ ਨੂੰ ਕਿਹਾ, "ਪੁੱਤਰ ਥਾਂ ਸਾਫ ਕਰ ਦੇ।" ਉਸ ਲੜਕੀ ਨੇ ਥਾਂ ਸਾਫ ਕਰ ਦਿੱਤਾ ਪਰ ਆਪ ਸਾਰਾ ਦਿਨ ਉਲਟੀਆਂ ਕਰਦੀ ਰਹੀ ਤੇ ਸਾਰਾ ਦਿਨ ਨਾ ਰੋਟੀ ਖਾਧੀ ਨਾ ਪਾਣੀ ਪੀਤਾ ਤੇ ਬੜੀ ਦੁਖੀ ਹੋਈ। ਜਦੋ ਇਹਨਾਂ ਦੇ ਪਿਤਾ ਨੂੰ ਪਤਾ ਲਗਾ ਤਾਂ ਉਸਨੇ ਸੋਚਿਆ ਕਿ ਇਹ ਲੜਕੀ ਸ਼ਰਾਬ ਪੀਣ ਵਾਲਿਆਂ ਦੇ ਘਰ ਨਹੀ ਰਹਿ ਸਕਦੀ। ਇਹ ਤਾਂ ਇਹੋ ਜਹੇ ਘਰ ਵਿੱਚ ਸਾਰੀ ਜਿੰਦਗੀ ਦੁਖੀ ਹੀ ਰਹੇਗੀ। ਇਸਦਾ ਰਿਸ਼ਤਾ ਤਾਂ ਕਿਸੇ ਵੈਸ਼ਨੋ ਪਰਿਵਾਰ ਵਿੱਚ ਕਰਨਾ ਚਾਹੀਦਾ ਹੈ। ਉਹਨਾਂ ਨੇ ਸੋਚਿਆ ਕਿ ਕਿਉਂ ਨਾ ਇਸ ਲੜਕੀ ਦਾ ਰਿਸ਼ਤਾ ਸੰਤ ਅਮਰ ਸਿੰਘ ਨੇ ਲੜਕੇ ਨਾਲ ਕਰ ਦਿੱਤਾ ਜਾਏ।

ਫਿਰ ਸਰਦਾਰ ਸਰਮੁਖ ਸਿੰਘ ਜੀ ਪੰਜਾਬ ਘਾਟ ਪਲੀਏ ਦੇ ਇਲਾਕੇ ਵਿੱਚ ਸਾਡੇ ਘਰ ਆਏ। ਅਸੀ ਬਾਹਰ ਕਰੀਤਨ ਕਰਨ ਗਏ ਹੋਏ ਸਾਂ। ਅਸੀ ਰਾਤ ਦੇ ਨੌ ਦਸ



ਸੰਪਾਦਿਕਾ ਅਸਤਿੰਦਰ ਕੌਰ ਆਪਣੇ ਨਾਨਾ ਜੀ (ਸੰਤ ਅਮਰ ਸਿੰਘ ਜੀ)
ਅਤੇ ਪਤੀ ਪਰਮਵੀਰ ਸਿੰਘ ਜੀ ਨਾਲ



ਸੰਪਾਦਿਕਾ ਅਸਤਿੰਦਰ ਕੌਰ ਆਪਣੇ ਨਾਨਾ ਜੀ (ਸੰਤ ਅਮਰ ਸਿੰਘ ਜੀ)
ਦਾ 86ਵਾਂ ਜਨਮ ਦਿਨ ਮਨਾਉਂਦੇ ਹੋਏ।

ਵਜੇ ਦੇ ਕਰੀਬ ਘਰ ਆਏ ਆ ਕੇ ਇਹਨਾਂ ਨੂੰ ਮਿਲੇ ਰਾਤ ਪ੍ਰੇਮ ਨਾਲ ਬਚਨ ਬਿਲਾਸ ਕਰਦੇ ਰਹੇ। ਸਵੇਰੇ ਉੱਠ ਕੇ ਜਲ ਪਾਣੀ ਪ੍ਰਸਾਦਾ ਛਕ ਕੇ ਸ੍ਰ: ਸਰਮੁਖ ਸਿੰਘ ਜੀ ਨੇ ਮੈਨੂੰ ਕਿਹਾ, "ਸੰਤ ਜੀ ਮੈ ਇੱਕ ਕੰਮ ਆਇਆ ਹਾਂ। ਮੇਰੀ ਇੱਕ ਅਰਜ ਮੰਨ ਲਵੋ।" ਮੈ ਕਿਹਾ, "ਦਸੋ ਕੀ ਗੱਲ ਹੈ।" ਉਸਨੇ ਕਿਹਾ, "ਤੁਹਾਡਾ ਜਿਹੜਾ ਲੜਕਾ ਹੈ ਮੋਹਣ ਸਿੰਘ, ਅਸੀ ਅਪਣੀ ਬੀਬੀ ਦਾ ਰਿਸ਼ਤਾ ਉਸ ਨਾਲ ਕਰਨਾ ਚਾਹੁੰਦੇ ਹਾਂ।" ਮੈ ਉੱਤਰ ਦਿੱਤਾ, "ਸਰਦਾਰ ਜੀ, ਪਹਿਲਾਂ ਮੈ ਇਸਤੋਂ ਵੱਡੇ ਲੜਕੇ ਬਲਬੀਰ ਸਿੰਘ ਦਾ ਰਿਸ਼ਤਾ ਕਰਨਾ ਹੈ। ਇਸ ਕਰਕੇ ਪਹਿਲਾਂ ਬਲਬੀਰ ਸਿੰਘ ਨੂੰ ਰਿਸ਼ਤਾ ਕਰੋ। ਉਹਨਾਂ ਨੇ ਕਿਹਾ ਕਿ ਬਲਬੀਰ ਸਿੰਘ ਵੱਡਾ ਹੈ। ਅਸੀ ਮੋਹਣ ਸਿੰਘ ਨੂੰ ਹੀ ਰਿਸ਼ਤਾ ਕਰਨਾ ਹੈ। ਆਖਿਰ ਗੱਲ ਕੋਈ ਨਾ ਮੁਕੀ। ਉਹ ਅਪਣੇ ਘਰ ਵਾਪਿਸ ਚਲਾ ਗਿਆ। ਉਸਨੇ ਘਰ ਜਾ ਕੇ ਅਪਣੇ ਲੜਕਿਆਂ ਨਾਲ ਸਲਾਹ ਕੀਤੀ ਕਿ ਉਹਨਾ ਦੀ ਸਲਾਹ ਹੈ ਵੱਡੇ ਲੜਕੇ ਦਾ ਰਿਸ਼ਤਾ ਕਰਨ ਦੀ ਮੋਹਣ ਸਿੰਘ ਛੋਟਾ ਹੈ ਉਸਦਾ ਰਿਸ਼ਤਾ ਉਹ ਅਜੇ ਨਹੀ ਕਰਨਾ ਚਾਹੁੰਦੇ। ਉਹਨਾ ਦੇ ਵਿਚਲੇ ਲੜਕੇ ਗੁਰਬਖਸ਼ ਸਿੰਘ ਨੇ ਅਪਣੇ ਪਿਤਾ ਜੀ ਨੂੰ ਕਿਹਾ, "ਪਿਤਾ ਜੀ, ਕੱਲ ਤੇ ਅਜੇ ਉਹ ਲੜਕੇ ਛੋਟੇ ਛੋਟੇ ਸਨ ਅੱਜ ਵੱਡੇ ਕਿਥੋਂ ਹੋ ਗਏ। ਇਸ ਕਰਕੇ ਮਾਸਟ੍ਰ ਜੀ ਜਿਸਨੂੰ ਕਹਿੰਦੇ ਹਨ ਉਸੇ ਨੂੰ ਰਿਸ਼ਤਾ ਕਰ ਦੇਵੋ।" ਆਖਿਰ ਬਲਬੀਰ ਸਿੰਘ ਨੂੰ ਰਿਸ਼ਤਾ ਕਰ ਦਿੱਤਾ। ਅਨੰਦ ਕਾਰਜ ਹੋ ਗਿਆ। ਸਤਿਗੁਰਾਂ ਦੀ ਕਿਰਪਾ ਨਾਲ ਅੱਜ ਉਸਦੇ ਘਰ ਤਿੰਨ ਪੁੱਤਰ ਹਨ। ਉਹ ਰਾਜ਼ੀ ਖੁਸ਼ੀ ਰਹਿ ਰਹੇ ਹਨ। ਪਲੀਏ ਵਿੱਚ ਅਪਣਾਂ ਮਕਾਨ ਹੈ।

ਬਲਬੀਰ ਸਿੰਘ ਦੇ ਅਨੰਦ ਕਾਰਜ ਤੋ ਪਹਿਲਾਂ ਹੀ ਉਸਦੇ ਛੋਟੇ ਭਾਈ ਜਸਬੀਰ ਸਿੰਘ ਦਾ ਅਨੰਦ ਕਾਰਜ ਹੋ ਗਿਆ ਸੀ ਤੇ ਜਸਬੀਰ ਸਿੰਘ ਨੇ ਵੀ ਅਪਣਾਂ ਕੰਮ ਕਾਰ ਪਲੀਏ ਵਿੱਚ ਹੀ ਸ਼ੁਰੂ ਕੀਤਾ, ਅਪਣੀ ਵਧੀਆ ਕੋਠੀ ਬਣਾਈ ਹੈ ਤੇ ਉਸ ਉਪਰ ਵੀ ਸਤਿਗੁਰ ਦੀ ਬੜੀ ਕਿਰਪਾ ਹੈ। ਉਹ ਅਪਣੇ ਘਰ ਸਭ ਤੋਂ ਸੋਖਾ ਹੈ ਤੇ ਖੁਸ਼ ਹੈ। ਉਸਤੋਂ ਮਗਰੋ ਵੱਡੀ ਲੜਕੀ ਕੁਲਦੀਪ ਦਾ ਅਨੰਦ ਕਾਰਜ ਕੀਤਾ ਫਿਰ ਛੋਟੇ ਦੋ ਲੜਕਿਆਂ ਦੇ ਅਨੰਦ ਕਾਰਜ ਭੈਣੀ ਸਾਹਿਬ ਜਾ ਕੇ ਸਤਿਗੁਰਾਂ ਦੀ ਹਜੂਰੀ ਵਿੱਚ ਕੀਤੇ ਗੁਰਸ਼ਰਨ ਸਿੰਘ ਤੇ ਮੋਹਣ ਸਿੰਘ ਦੇ। ਫਿਰ ਛੋਟੀ ਲੜਕੀ ਜਸਬੀਰ ਕੌਰ ਦਾ ਵੀ ਅਨੰਦ ਕਾਰਜ ਕੀਤਾ ਬੜੇ ਸੁਹਣੇ ਦਿਨ ਗੁਜਰ ਰਹੇ ਸਨ।

ਮੇਰੀ ਪਤਨੀ ਦਲਜੀਤ ਕੌਰ ਨੇ ਮੇਰਾ ਹਰ ਦੁੱਖ ਸੁੱਖ ਵਿੱਚ ਸਾਥ ਦਿੱਤਾ। ਉਸ ਦਾ ਬੜਾ ਨਿਤਨੇਮ ਸੀ। ਉਹ ਹਰ ਰੋਜ ਸਵੇਰੇ ਅੰਮ੍ਰਿਤ ਵੇਲੇ ਸਾਂਢੇ ਤਿੰਨ ਚਾਰ ਵਜੇ ਉੱਠ ਕੇ ਇਸ਼ਨਾਨ ਕਰਕੇ ਨਿਤਨੇਮ ਕਰਦੀ ਸੀ। ਅਖੰਡ ਪਾਠ ਬੜਾ ਚੰਗਾ ਕਰਦੀ ਸੀ। ਦੋ ਘੰਟਿਆ ਵਿੱਚ ੧੦੦ ਅੰਕ ਸੰਗਤ ਨੂੰ ਸੁਣਾ ਕੇ ਕਰ ਲੈਂਦੀ ਸੀ। ਪਾਠ ਬਹੁਤ ਸ਼ੁੱਧ

ਕਰਦੀ ਸੀ। ਉਸਦਾ ਨਿਤਨੇਮ ਸੀ ਕਿ ਅਰਦਾਸਾ ਕੀਤੇ ਬਗੈਰ ਲੰਗਰ ਨਹੀ ਵੰਡਣਾਂ, ਨਾ ਹੀ ਛੱਕਣਾ। ਉਸਦੀਆਂ ਖੂਬੀਆਂ ਤਾ ਦੱਸੀਆਂ ਹੀ ਨਹੀਂ ਜਾ ਸਕਦੀਆਂ।

ਇੱਕ ਦਿਨ ਉਹ ਵੀ ਆ ਗਿਆ ਜਦੋ ਦਲਜੀਤ ਕੌਰ ਨੇ ਮੇਰਾ ਸਾਥ ਛਡਣਾ ਸੀ। ਕੁਲ ਚਾਰ ਪੰਜ ਦਿਨ ਬੀਮਾਰ ਰਹਿਣ ਤੋਂ ਮਗਰੋ ਉਹ ਵੀ ਮੈਨੂੰ ਵਿਛੋੜਾ ਦੇ ਗਈ ਤੇ ਸਤਿਗੁਰਾਂ ਕੇ ਕੋਲ ਟਿਕਾਣਾਂ ਕਰ ਲਿਆ। ਉਸਦੇ ਗੁਜਰ ਜਾਣ ਤੋਂ ਬਾਅਦ ਸਭ ਤੋਂ ਛੋਟਾ ਲੜਕਾ ਬਲਦੇਵ ਸਿੰਘ ਜਿਸਦੀ ਮੰਗਣੀ ਕਿ ਉਹ ਅਪਣੇ ਹੱਥੀ ਕਰ ਗਈ ਸੀ ਉਸਦਾ ਅਨੰਦ ਕਾਰਜ ਕਰ ਦਿੱਤਾ। ਅੱਜਕਲ ਉਹ ਵੀ ਅਪਣੇ ਘਰੰ ਖੁਸ਼ਹਾਲ ਹੈ। ਬੱਚਿਆਂ ਵਾਲਾ ਹੈ।

ਅੱਜ ਸਾਰਾ ਪ੍ਰੀਵਾਰ ਰਾਜੀ ਖੁਸ਼ੀ ਰਹਿ ਰਿਹਾ ਹੈ। ਮੈ ਜਿੱਧਰ ਵੀ ਜਾਵਾ ਸਾਰੇ ਮੈਨੂੰ ਹੱਥੀ ਛਾਵਾਂ ਕਰਦੇ ਹਨ। ਅੱਜ ਮੈਨੂੰ ਕੋਈ ਕਿਸੇ ਤਰ੍ਹਾਂ ਦੀ ਭੁੱਖ ਨਹੀ ਮਨ ਬਿਲਕੁਲ ਸ਼ਾਂਤ ਹੈ। ਮੈ ਅੱਜ ਵੀ ਕੀਰਤਨ ਕਰਦਾ ਹਾਂ ਲੋਕਾਂ ਦਾ ਦਵਾ ਦਾਰੂ ਵੀ ਕਰਦਾ ਹਾਂ। ਸਾਰੇ ਲੜਕੇ ਮੇਰੇ ਨਾਲ ਕੀਰਤਨ ਕਰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਬੜੀ ਕਿਰਪਾ ਹੈ। ਸਾਰੇ ਪ੍ਰੀਵਾਰ ਦੇ ਸਿਰ ਤੇ ਸਤਿਗੁਰਾਂ ਦਾ ਹੱਥ ਹੈ।

## (੨੯) ਸੰਤ ਬੰਤਾ ਸਿੰਘ ਜੀ ਦੀਆਂ ਕੁਝ ਅਦਭੁਤ ਗੱਲਾਂ

ਜੋ ਸਾਖੀ ਹੁਣ ਮੈਂ ਦਸਣ ਲਗਾ ਹਾਂ ਇਹ ਸਾਖੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਭਾਸ਼ਣ ਵਿੱਚ ਵੀ ਰੀਕਾਰਡ ਹੈ।

ਇਕ ਵੇਰ ਸੰਤ ਬੰਤਾ ਸਿੰਘ ਜੀ ਦੌਰਾ ਕਰਦੇ ਕਰਦੇ ਝੰਡੇਰੀਂ ਪਿੰਡ ਵਿਚ ਆਏ, ਹਨੇਰਾ ਹੋ ਗਿਆ ਸੀ ਪਿੰਡ ਦੇ ਬਾਹਰ ਹੀ ਡੇਰਾ ਲਾ ਲਿਆ। ਰਕੱੜ ਵਿੱਚ ਇਕ ਖੂਹ ਤੇ ਸਾਰੇ ਸਾਧ ਆਪੋ ਆਪਣੇ ਆਸਣ ਵਿਛਾ ਕੇ ਬੈਠ ਗਏ, ਕਈ ਲੰਮੇ ਪੈ ਗਏ। ਸੰਤ ਬੰਤਾ ਸਿੰਘ ਜੀ ਇਕ ਪੈਲੀ ਦੀ ਵਿੱਥ ਤੇ ਜਾ ਬੈਠੇ ਤੇ ਮੈਂ ਸੌਂ ਗਿਆ। ਜਾਂ ਮੈਨੂੰ ਜਾਗ ਆਈ, ਮੈਂ ਉਠ ਕੇ ਸੰਤਾਂ ਕੋਲ ਗਿਆ, ਰਾਤ ਚਾਨਣੀ ਸੀ ਮੈਂ ਉਥੇ ਕੀ ਵੇਖਿਆ ਕਿ ਬਾਂਹ ਜਿੱਡਾ ਮੋਟਾ ਸੱਪ ਪਰ ਬਹੁਤ ਲੰਮਾਂ, ਸੰਤਾਂ ਦੇ ਗਲ ਨੂੰ ਇਕ ਵਲ ਪਾ ਕੇ ਮੋਢੇ ਤੇ ਸਿਰ ਧਰ ਕੇ ਬੈਠਾ ਹੈ ਬਾਕੀ ਸਾਰਾ ਜ਼ਮੀਨ ਤੇ ਸੀ। ਮੈਂ ਇਹ ਵੇਖ ਕੇ ਸੰਤਾਂ ਨੂੰ ਆਵਾਜ ਮਾਰੀ, ਸੰਤ ਨਹੀਂ ਬੋਲੇ ਤੇ ਮੈਂ ਪਿੱਛੇ ਹਟ ਕੇ ਬੈਠ ਗਿਆ। ਥੋੜ੍ਹੀ ਦੇਰ ਬਾਅਦ ਸੱਪ ਨੇ ਸ੍ਰਿ ਚੁਕ ਲਈ ਤੇ ਸੰਤਾਂ ਦੇ ਗਲੋਂ ਸਹਿਜੇ ਸਹਿਜੇ ਵਲ ਲਾਹ ਕੇ ਥੱਲੇ ਉਤਰ ਗਿਆ ਤੇ ਹੌਲੀ ਜਿਹੀ ਉਥੋਂ ਚਲਾ ਗਿਆ। ਕੁਝ ਦੇਰ ਬਾਅਦ ਸੰਤ ਉਠੇ, ਮੈਂ ਕੋਲ ਆਇਆ ਤੇ ਆਖਿਆ ਜੀ ਤੁਹਾਡੇ ਗਲ ਵਿਚ ਸੱਪ ਵਲ ਪਾ ਕੇ ਬੈਠਾ ਹੋਇਆ ਸੀ। ਸੰਤ ਕਹਿਣ ਲਗੇ, "ਸੱਪ ਦੇ ਆਉਣ ਦਾ ਸਾਨੂੰ ਕੋਈ ਪਤਾ ਨਹੀਂ ਹੈ। ਜਦੋਂ ਸਾਡੇ ਮੋਢੇ ਤੇ ਸਿਰੀ ਰਖ ਕੇ ਸੱਪ ਨੇ ਸਾਹ ਲਿਆ ਤੇ ਅਸਾਂ ਅੱਖ ਖੋਹਲੀ ਤੇ ਵੇਖਿਆ ਕਿ ਸੱਪ ਨੇ ਸਾਡੇ ਗਲ ਵਿੱਚ ਵਲ ਪਾਇਆ ਹੋਇਆ ਸੀ ਤੇ ਆਰਾਮ ਨਾਲ ਬੈਠਾ ਸੀ। ਅਸਾਂ ਸੋਚਿਆ ਜੇ ਇਸਨੇ ਸਾਨੂੰ ਲੜਨਾਂ ਹੁੰਦਾ ਤਾਂ ਹੁਣ ਤਕ ਡੰਗ ਮਾਰ ਦਿੰਦਾ, ਇਸ ਕਰਕੇ ਅਸਾਂ ਵੀ ਉਸਨੂੰ ਕੁਝ ਨਾ ਆਖਿਆ ਤੇ ਭਜਨ ਕਰਦੇ ਰਹੇ ਉਹ ਆਪਣੀ ਮਰਜੀ ਨਾਲ ਉਤਰ ਕੇ ਚਲਾ ਗਿਆ। ਫਿਰ ਉਸਦੇ ਗਏ ਦਾ ਸਾਨੂੰ ਕੁਝ ਨਹੀਂ ਪਤਾ। ਜਦ ਅਸੀਂ ਉਠੇ ਤਾਂ ਜਿਵੇਂ ਭਜਨ ਕਰਦੇ ਸਾਂ ਉਸੇ ਤਰ੍ਹਾਂ ਉਠ ਕੇ ਅਮਰ ਸਿੰਘ ਦੇ ਨਾਲ ਡੇਰੇ ਨੂੰ ਆ ਗਏ ਹਾਂ।" ਸਾਡਾ ਇਹ ਨਿਯਮ ਸੀ ਕਿ ਹਰ ਪਿੰਡ ਵਿਚੋਂ ਸਾਜ ਵਜਾ ਕੇ ਲੰਘਣਾ ਜਦੋਂ ਅਸੀਂ ਕੱਕੜ ਪਿੰਡ ਦੇ ਲਾਗੇ ਗਏ ਤਾਂ ਸੰਤਾਂ ਨੇ ਸਾਜ ਵਜਾਉਣ

ਤੋਂ ਮਨ੍ਹਾ ਕਰ ਦਿੱਤਾ ਤੇ ਆਪ ਅੱਗੇ ਨਿਕਲ ਗਏ (ਸੰਤ ਘੋੜੇ ਤੇ ਸਨ)' ਮੈਂ ਪਿੱਛੋਂ ਸਾਜ ਵਜਾ ਦਿੱਤੇ, ਅਸੀ ਸ਼ਬਦ ਪੜ੍ਹਨ ਲਗ ਪਏ ਤੇ ਸ਼ਬਦ ਪੜ੍ਹਦੇ ਪੜ੍ਹਦੇ ਤੁਰੇ ਜਾਈਏ ਇਕ ਮਾਤਾ ਆਈ ਆਟਾ ਗੁੰਨਦੀ ਗੁੰਨਦੀ, ਉਹ ਸਾਨੂੰ ਕਹੇ ਕਿ ਸਾਡੇ ਘਰ ਚਲੋ। ਮੈਂ ਕਿਹਾ, "ਮਾਤਾ ਜੀ ਸੰਤ ਅਗੇ ਚਲੇ ਗਏ ਹਨ ਤੇ ਉਹਨਾਂ ਤੋਂ ਬਗੈਰ ਅਸੀਂ ਨਹੀਂ ਜਾਣਾ।" ਉਥੇ ਹੋਰ ਸੰਗਤ ਇਕੱਠੀ ਹੋ ਗਈ ਤੇ ਉਹਨਾਂ ਨੇ ਭਜ ਕੇ ਜਾ ਕੇ ਸੰਤਾਂ ਨੂੰ ਰੋਕ ਲਿਆ। ਸੰਤ ਵਾਪਿਸ ਆ ਗਏ ਤੇ ਸ਼ਬਦ ਪੜ੍ਹਦੇ ਪੜ੍ਹਦੇ ਮਾਈ ਸੁਬਾਜਣੀ ਦੇ ਘਰ ਪਹੁੰਚੇ। ਅਗੇ ਸਾਰੇ ਨਗਰ ਦੇ ਨਾਮਧਾਰੀ ਸਿੰਘ ਉਸ ਮਾਤਾ ਦੇ ਘਰ ਸਨ। ਉਸ ਦੇ ਘਰ ਅਖੰਡ ਪਾਠ ਦਾ ਭੋਗ ਪਿਆ ਸੀ। ਸਾਧ ਸੰਗਤ ਨੇ ਲੰਗਰ ਪਾਣੀ ਛਕਿਆ ਤੇ ਚਲੀ ਗਈ।

ਰਾਤ ਨੂੰ ਕੋਠੇ ਤੇ ਦੀਵਾਨ ਲਗਾ, ਬੜੀ ਸਾਧ ਸੰਗਤ ਆਈ। ਉਥੇ ਲਾਗੇ ਹੀ ਇਕ ਰਾਮਗੜੀਆਂ ਦਾ ਘਰ ਸੀ। ਉਸ ਘਰ ਵਾਲੀ ਬੀਬੀ ਨੇ ਅਰਜ਼ ਕੀਤੀ ਕਿ ਉਹਨਾਂ ਦੇ ਘਰ ਲੰਗਰ ਕੀਤਾ ਜਾਏ। ਸੰਤਾਂ ਕਿਹਾ, "ਬੀਬੀ, ਅਸੀਂ ਲੰਗਰ ਛਕ ਕੇ ਚਲੇ ਜਾਣਾ ਹੈ। ਪਰ ਰਾਤ ਨਹੀਂ ਰਹਿਣਾ।" ਬੀਬੀ ਨੇ ਕਿਹਾ ਕਿ ਠੀਕ ਹੈ ਤੁਸੀਂ ਲੰਗਰ ਛਕ ਕੇ ਚਲੇ ਜਾਇਓ। ਸਵੇਰੇ ਅਸੀਂ ਉਸ ਬੀਬੀ ਦੇ ਘਰ ਲੰਗਰ ਕੀਤਾ, ਛਕਿਆ ਤੇ ਕਮਰਕੱਸੇ ਲਾ ਲਏ। ਉਸ ਬੀਬੀ ਨੇ ਆਖਿਆ ਕਿ ਸਾਜ ਵਜਾ ਕੇ ਸ਼ਬਦ ਪੜ੍ਹਦੇ ਜਾਓ। ਅਸੀਂ ਸ਼ਬਦ ਪੜ੍ਹਦੇ ਹੋਏ ਜਾ ਰਹੇ ਸਾਂ ਕਿ ਅਗੋਂ ਭਗਤ ਕਬੀਰ ਜੀ ਮਿਲੇ ਜੋ ਇਸੇ ਨਗਰ ਵਿੱਚ ਰਹਿੰਦੇ ਸਨ।

ਇਹ ਬੜੀ ਹੀ ਬੰਦਗੀ ਵਾਲੇ ਸੀ। ਉਹਨਾਂ ਨੇ ਸੰਤਾਂ ਨੂੰ ਕਿਹਾ ਕਿ ਘਰ ਚਲ ਕੇ, ਦੁੱਧ ਛਕ ਕੇ ਜਾਓ। ਅਸੀਂ ਸ਼ਬਦ ਪੜ੍ਹਦੇ ਪੜ੍ਹਦੇ ਹੀ ਕਬੀਰ ਜੀ ਦੇ ਘਰ ਚਲੇ ਗਏ। ਦੁੱਧ ਛਕਦੇ ਹੀ ਸਾਂ ਕਿ ਇਕ ਹੋਰ ਮਾਤਾ ਆ ਗਈ, ਉਸਨੇ ਅਰਜ ਕੀਤੀ ਕਿ ਸੰਤ ਜੀ ਤੁਸੀਂ ਲੰਘਦੇ ਲੰਘਦੇ ਸਾਡੇ ਘਰ ਵੀ ਚਰਣ ਪਾ ਕੇ ਜਾਓ। ਸੰਤਾਂ ਨੇ ਅਰਜ ਮੰਨ ਲਈ ਤੇ ਅਸੀਂ ਕੀਰਤਨ ਕਰਦੇ ਕਰਦੇ ਉਸ ਮਾਤਾ ਦੇ ਘਰ ਪਹੁੰਚ ਗਏ, ਜਾ ਕੇ ਦੁੱਧ ਛਕਿਆ। ਇਸ ਮਾਤਾ ਦੇ ਤਿੰਨ ਪੁੱਤਰ ਸਨ। ਵਡਾ ਦਲੀਪ ਸਿੰਘ ਛੋਟਾ ਕਾਹਨ ਸਿੰਘ ਇਹ ਦੋਵੇਂ ਪੱਕੇ ਕੂਕੇ ਸਨ। ਤੀਸਰਾ ਸਭ ਤੋਂ ਛੋਟਾ ਦਾਨ ਸਿੰਘ ਸੀ ਪਰ ਇਹ ਵੱਡਾ ਡਾਕੂ ਸੀ। ਇਸ ਨੂੰ ਫੜਨ ਦਾ ਗੌਰਮਿੰਟ ਵਲੋਂ 500 ਰੁ. ਇਨਾਮ ਰਖਿਆ ਹੋਇਆ ਸੀ।

ਇਸ ਮਾਈ ਨੇ ਸਾਡੇ ਬਿਸਤਰੇ ਖੋਹ ਕੇ ਅੰਦਰ ਰੱਖ ਲਏ ਤੇ ਕਿਹਾ, ਕਿ ਕੱਲ ਸਾਡੇ ਘਰ ਲੰਗਰ ਕਰਕੇ ਜਾਣਾ ਹੈ। ਸੰਤਾਂ ਨੇ ਕਿਹਾ, "ਮਾਤਾ ਜੀ, ਅਸੀਂ ਨਗਰ ਦੇ ਅੰਦਰ ਨਹੀਂ ਰਹਿਣਾ ਸਾਡਾ ਡੇਰਾ ਕਿਤੇ ਪਿੰਡੋਂ ਬਾਹਰ ਲਗਵਾ ਦਿਓ।" ਇਹਨਾਂ ਦਾ ਡੇਰਾ ਮਾਤਾ ਨੇ ਪਿੰਡ ਦੇ ਨਾਲ ਹੀ ਦੋ ਤਿੰਨ ਪੈਲੀਆਂ ਹਟਵਾਂ ਇਹਨਾਂ ਦਾ ਖੂਹ ਸੀ ਉਥੇ ਲਗਵਾ ਦਿੱਤਾ। ਸਾਡੇ ਮੰਜੇ ਚੁਕਵਾ ਕੇ

ਖੂਹ ਤੇ ਪੁਚਾ ਦਿੱਤੇ। ਅਸੀਂ ਰਾਤ ਖੂਹ ਤੇ ਰਹੇ। ਅਗਲੇ ਦਿਨ ਸਵੇਰੇ ਸ਼ਰਦਾਈ ਰਗੜੀ ਫਿਰ ਲਾਂਗਰੀ ਲੰਗਰ ਤਿਆਰ ਕਰਨ ਚਲੇ ਗਏ। ਲੰਗਰ ਤਿਆਰ ਹੋ ਗਿਆ ਅਸੀਂ ਸਾਜ ਵਜਾ ਕੇ ਸ਼ਬਦ ਪੜ੍ਹਦੇ ਪੜ੍ਹਦੇ ਲੰਗਰ ਛਕਣ ਚਲੇ ਗਏ। ਸੰਗਤ ਇਕੱਠੀ ਹੋ ਗਈ। ਲੰਗਰ ਛਕ ਕੇ ਅਸੀਂ ਵਾਪਸ ਖੂਹ ਤੇ ਆ ਗਏ ਸ਼ਾਮ ਨੂੰ ਫਿਰ ਸ਼ਰਦਾਈ ਰਗੜੀ, ਰਾਤ ਦੀਵਾਨ ਲਗਾ। ਪਿੰਡ ਦੇ ਇਕ ਹੋਰ ਜ਼ਿਮੀਦਾਰ ਨੇ ਲੰਗਰ ਦੀ ਅਰਜ ਕਰ ਦਿੱਤੀ। ਸਾਡੇ ਦੀਵਾਨ ਵਿੱਚ ਕੂਕੇ ਤੇ ਆਉਂਦੇ ਹੀ ਸਨ ਪਰ ਖੁੱਲ੍ਹੇ ਸਿੱਖ ਬਹੁਤ ਆਉਂਦੇ ਸਨ। ਖੁੱਲੇ ਸਿੱਖ ਲੰਗਰ ਕਰਵਾਈ ਜਾਣ ਇਸੇ ਤਰ੍ਹਾਂ ਅਸੀਂ ਇੱਕ ਮਹੀਨੇ ਤੋਂ ਵੱਧ ਇਥੇ ਰਹੇ। ਫਿਰ ਕੂਕੇ ਵੀ ਅਰਜਾਂ ਕਰਨ ਲਗ ਪਏ ਤੇ ਕੂਕਿਆਂ ਦੇ ਘਰ ਵੀ ਲੰਗਰ ਹੋਣ ਲੱਗ ਪਏ। ਇਕ ਰਾਤ ਨੂੰ ਦੀਵਾਨ ਵਿੱਚ ਸੰਤਾਂ ਨੇ ਸਾਰੇ ਨਗਰ ਵਾਸੀਆਂ ਨੂੰ ਕਿਹਾ ਕਿ ਖੁੱਲੇ ਸਿੰਘਾਂ ਦੀ ਤੇ ਕੋਈ ਗੱਲ ਨਹੀਂ ਪਰ ਸਾਨੂੰ ਇਸ ਗੱਲ ਦੀ ਹੈਰਾਨਗੀ ਹੈ ਕਿ ਕੂਕਿਆਂ ਦੇ ਘਰਾਂ ਵਿੱਚ ਵੀ ਇੱਕ ਇੱਕ ਚੋਰ ਰਹਿੰਦਾ ਹੈ। ਇਕ ਸਿੱਖ ਨੇ ਵਿਚੋਂ ਕਿਹਾ ਕਿ ਕਿਰਪਾ ਕਰੋ ਤੇ ਸਭ ਠੀਕ ਹੋ ਜਾਵੇ। ਸੰਤਾਂ ਨੇ ਕਿਹਾ ਕਿ ਨਾਮਧਾਰੀਆਂ ਦੇ ਮੁੰਡੇ, ਤੇ ਦੂਸਰੇ ਸਿੰਘਾਂ ਕੋਲ ਵੀ ਅਸੀਂ ਅਰਜ ਕਰਦੇ ਹਾਂ ਕਿ ਸਾਰੇ ਅੰਮ੍ਰਿਤ ਛਕੋ ਤੇ ਚੋਰੀਆਂ ਛੱਡੋ। ਨਗਰਵਾਸੀਆਂ ਨੇ ਸੰਤਾਂ ਦਾ ਬਚਨ ਮੰਨ ਲਿਆ। ਅੰਮ੍ਰਿਤ ਤਿਆਰ ਕੀਤਾ 100 ਤੋਂ ਵੀ ਵੱਧ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਤੇ 150 ਕੁ ਬੀਬੀਆਂ ਨੇ ਵੀ ਅੰਮ੍ਰਿਤ ਛਕ ਕੇ ਭਜਨ ਪੁੱਛਿਆ। ਉਹ ਜਿਹੜਾ ਦਾਨ ਸਿੰਘ ਜੀ ਜਿਸਦੇ ਸਿਰ ਤੇ 500 ਰੁ. ਦਾ ਇਨਾਮ ਸੀ ਉਸਨੂੰ ਵੀ ਅੰਮ੍ਰਿਤ ਛਕਾ ਕੇ ਉਸਦੇ ਗਲ ਵਿਚ ਮਾਲਾ ਪਾ ਕੇ ਸਿਰ ਕੇ ਸਿੱਧੀ ਦਸਤਾਰ ਸਜਾ ਦਿੱਤੀ ਤੇ ਉਸਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਕੋਲ ਲੈ ਗਏ, ਵਕੀਲ ਨੂੰ ਨਾਲ ਲਿਆ ਤੇ ਸਾਰੀ ਗਲ ਡਿਪਟੀ ਨੂੰ ਦਸੀ ਕਿ ਇਸ ਦਾਨ ਸਿੰਘ ਦੇ ਸਿਰ ਤੇ 500 ਰੁ. ਇਨਾਮ ਹੈ, ਪਰ ਅਸੀਂ ਇਸਨੂੰ ਨਾਮਧਾਰੀ ਬਣਾ ਦਿੱਤਾ ਹੈ, ਅੱਜ ਤੋਂ ਇਕ ਕੋਈ ਬੁਰਾ ਕੰਮ ਨਹੀਂ ਕਰੇਗਾ ਅਸੀਂ ਇਸ ਨੂੰ ਤੁਹਾਡੇ ਸਾਹਮਣੇ ਪੇਸ਼ ਕਰ ਦਿੱਤਾ ਹੈ, ਤੁਸੀਂ ਇਸ ਤੇ ਰਹਿਮ ਕਰੋ। ਡਿਪਟੀ ਸਾਹਿਬ ਬੜੇ ਖੁਸ਼ ਹੋਏ ਤੇ ਕਿਹਾ, "ਜੇ ਇਸਨੇ ਅੱਜ ਤੋਂ ਚੋਰੀ ਛੱਡ ਦਿੱਤੀ ਹੈ ਤੇ ਇਸਨੂੰ ਕੋਈ ਨਹੀਂ ਫੜੇਗਾ।"

ਅਸੀਂ ਇਸ ਨਗਰ ਵਿਚ ਡੇਢ ਮਹੀਨਾ ਰਹੇ ਇਥੇ ਜਿਹੜੇ ਕਬੀਰ ਜੀ ਸਨ ਉਨ੍ਹਾਂ ਦਾ ਇਕੋ ਇਕ ਪੁੱਤਰ ਸੀ ਦਰਸ਼ਨ ਸਿੰਘ, ਉਹ ਬੜੀ ਚੋਰੀ ਕਰਦਾ ਸੀ ਤੇ ਉਹ ਨਾ ਹਟਿਆ ਤੇ ਇਕ ਦਿਨ ਉਹ ਚੋਰੀ ਕਰਦਾ ਫੜਿਆ ਗਿਆ ਤੇ ਜੇਲ੍ਹ ਵਿੱਚ ਸੀ। ਕਿਸੇ ਨੇ ਡਿਪਟੀ ਨੂੰ ਦਸਿਆ ਕਿ ਇਸਦਾ ਪਿਓ ਬੜਾ ਚੰਗਾ ਬੰਦਾ ਹੈ। ਉਸਦਾ ਨਾਂ ਵੀ ਕਬੀਰ ਹੈ ਤੇ ਉਹ ਹੈ ਵੀ ਕਬੀਰ ਭਗਤ। ਡਿਪਟੀ ਨੇ ਕਬੀਰ ਜੀ ਨੂੰ ਕਚਹਿਰੀ ਬੁਲਾਇਆ ਤੇ ਪੁੱਛਿਆ, "ਕਬੀਰ ਜੀ, ਤੁਹਾਡਾ ਪੁੱਤਰ ਚੋਰੀ ਕਰਦਾ ਹੈ ਕਿ ਨਹੀਂ ?" ਕਬੀਰ ਜੀ ਨੇ ਉਤਰ ਦਿੱਤਾ, "ਜਨਾਬ ਕੋਈ ਰਾਤ ਚੋਰੀ ਤੇ

ਖਾਲੀ ਨਹੀ ਛੱਡਦਾ, ਰੋਜ਼ ਚੋਰੀ ਕਰਦਾ ਹੈ।" ਡਿਪਟੀ ਨੇ ਕਿਹਾ ਕਿ ਜਿਹੜੀ ਮੈਂ ਗੱਲ ਸੁਣੀ ਸੀ ਅੱਜ ਸੱਚ ਹੋ ਗਈ ਕਿ ਤੁਸੀਂ ਝੂਠ ਨਹੀਂ ਬੋਲਦੇ। ਡਿਪਟੀ ਨੇ ਦਰਸ਼ਨ ਸਿੰਘ ਨੂੰ ਬੁਲਾ ਕੇ ਕਿਹਾ ਕਿ ਮੈਂ ਤੈਨੂੰ ਤਿੰਨ ਸਾਲ ਲਈ ਬੰਨਣਾ ਸੀ ਪਰ ਤੇਰੇ ਪਿਤਾ ਦੇ ਸੱਚ ਬੋਲਣ ਕਰਕੇ ਮੈਂ ਤੈਨੂੰ ਬਰੀ ਕਰਦਾ ਹਾਂ। ਅੱਜ ਤੋਂ ਚੋਰੀ ਛੱਡ, ਤੇ ਆਪਣੇ ਪਿਤਾ ਦੇ ਚਰਨੀ ਲਗ ਜਾ। ਉਸ ਲੜਕੇ ਨੇ ਚੋਰੀ ਛੱਡ ਦਿੱਤੀ। ਇਸੇ ਤਰ੍ਹਾਂ ਇਸ ਨਗਰ ਵਿਚ ਪੌਣੇ ਦੋ ਮਹੀਨੇ ਰਹੇ। ਬਾਅਦ ਵਿਚ ਲਾਹੌਰ ਦੇ ਇਲਾਕੇ ਦਾ ਦੌਰਾ ਕਰਦੇ ਕਰਦੇ ਆਪਣੇ ਡੇਰੇ ਨੂੰ ਵਾਪਿਸ ਆ ਗਏ।

# ਅੰਤਿਮ ਸਮਾਂ

ਚੰਗਾ ਸਮਾਂ ਚਲ ਰਿਹਾ ਸੀ। ਹਸਦੇ ਖੇਡਦੇ ਦਿਨ ਬੀਤ ਰਹੇ ਸਨ। ਆਖਿਰੀ ਸਮਾਂ ਵੀ ਸਭ ਉਤੇ ਆਉਂਦਾ ਹੈ ਜਦੋਂ ਭਾਵੀ ਸਭ ਤੇ ਆਪਣਾ ਆਂਚਲ ਫੈਲਾਉਂਦੀ ਹੈ ਉਹ ਸਮਾਂ ਗੁਰੂਆਂ ਪੀਰਾਂ ਤੇ ਵੀ ਆਇਆ ਤੇ ਆਉਂਦਾ ਹੀ ਰਹੇਗਾ। ਅਜ 17 ਸਤੰਬਰ 1998 ਦੀ ਸ਼ਾਮ ਸੀ ਮੇਰੇ ਨਾਨਾ ਸੰਤ ਅਮਰ ਸਿੰਘ ਜੀ ਮੇਰੇ ਮਾਮਾ ਗੁਰਸ਼ਰਨ ਸਿੰਘ ਕੋਲ ਰਹਿੰਦੇ ਸੀ। ਮਾਮਾ ਜੀ ਦੀ ਕੋਈ ਕਮੇਟੀ ਚਲ ਰਹੀ ਸੀ। ਅਜ ਆਖਰੀ ਕਮੇਟੀ ਸੀ। ਸ਼ਾਮ ਨੂੰ ਮਾਮਾ ਜੀ ਕਮੇਟੀ ਵਾਸਤੇ ਚਲੇ ਤੇ ਭਾਈਆ ਜੀ ਨੇ ਕਿਹਾ ਕਿ "ਅੱਜ ਇਹ ਤੇਰੀ ਆਖਰੀ ਕਮੇਟੀ ਹੋ ਤੇ ਤੂੰ ਹੋਰ ਨਵੀਂ ਕਮੇਟੀ ਸ਼ੁਰੂ ਨਹੀਂ ਕਰਨੀ। ਅਸਾਂ ਹੁਣ ਤੇਰੇ ਨਾਲ ਨਹੀਂ ਰਹਿਣਾ। ਨਵੀਂ ਕਮੇਟੀ ਤੇਰੇ ਲਈ ਠੀਕ ਨਹੀਂ ਰਹੇਗੀ।"

ਮਾਮਾ ਜੀ ਨੇ ਬਚਨ ਮੰਨ ਲਿਆ ਤੇ ਸਭ ਨੂੰ ਕਹਿ ਦਿੱਤਾ ਕਿ ਮੇਰੇ ਪਿਤਾ ਜੀ ਦਾ ਹੁਕਮ ਹੈ ਕਿ ਨਵੀ ਕਮੇਟੀ ਵਿਚ ਮੈਂ ਸ਼ਾਮਲ ਨਹੀਂ ਹੋਵਾਂਗਾ। ਰਾਤ ਨੂੰ ਹਮੇਸ਼ਾ ਭਾਈਆ ਜੀ ਇਕੱਲੇ ਹੀ ਸੌਂਦੇ ਸਨ ਪਰ ਅਜ ਰਾਤ ਨੂੰ ਭਾਈਆ ਜੀ ਨੇ ਮਾਮਾ ਜੀ ਨੂੰ ਕਿਹਾ, "ਮੈਂ ਤੈਨੂੰ ਫੇਰ ਕਦੋਂ ਕਹਿਣਾ ਹੈ ਤੂੰ ਮੇਰੇ ਨਾਲ ਹੀ ਸੌਂ ਜਾ।" ਮਾਮਾ ਜੀ ਰਾਤ ਨੂੰ ਭਾਈਆ ਜੀ ਦੇ ਨਾਲ ਹੀ ਸੌਂ ਗਏ। ਰਾਤ ਦੇ ਦੋ ਢਾਈ ਵਜੇ ਜੋ ਆਪ ਜੀ ਦਾ ਉਠਣ ਦਾ ਨੇਮ ਸੀ, ਉਠੇ ਤੇ ਮਾਮਾ ਜੀ ਨੂੰ ਕਿਹਾ ਮੇਰਾ ਕੇਸੀਂ ਇਸ਼ਨਾਨ ਕਰਵਾ ਦੇ। ਮਾਮਾ ਜੀ ਨੇ ਆਪ ਜੀ ਦਾ ਸਣੇਕੇਸੀਂ ਇਸ਼ਨਾਨ ਕਰਵਾਇਆ। ਕੇਸ਼ਾਂ ਵਿਚ ਸ਼ੈਂਪੂ ਪਾਇਆ ਤੇ ਭਾਈਆ ਜੀ ਬੜੇ ਖੁਸ਼ ਹੋਏ। ਆਪ ਤਖਤ ਤੇ ਬੈਠ ਗਏ ਤੇ ਮਾਮਾ ਜੀ ਨੂੰ ਵੀ ਇਸ਼ਨਾਨ ਕਰਕੇ ਬਹਿਣ ਲਈ ਕਿਹਾ ਜਦੋਂ ਮਾਮਾ ਜੀ ਬੈਠ ਗਏ ਤਾਂ ਕਹਿਣ ਲਗੇ, "ਤੈਨੂੰ ਪਤਾ ਮੈਂ ਤੈਨੂੰ ਕਿਉਂ ਬਿਠਾਇਆ ਹੈ", ਉਹਨਾਂ ਕਿਹਾ, "ਨਹੀਂ ਜੀ" ਕਹਿਣ ਲਗੇ, "ਜਿਥੇ ਰਹੀਏ ਉਥੇ ਕਈ ਗੱਲਾ ਵੱਧ ਘੱਟ ਹੋ ਜਾਂਦੀਆਂ ਹਨ ਗੁੱਸਾ ਨਹੀਂ ਕਰਨਾ।" ਮਾਮਾ ਜੀ ਨੇ ਕਿਹਾ, "ਗਲਤੀਆਂ ਤਾਂ ਅਸੀਂ ਕਰਦੇ ਹਾਂ ਤੁਸੀਂ ਤੇ ਸਾਨੂੰ ਸਿੱਧੇ ਰਸਤੇ ਪਾਇਆ ਹੈ।"

ਫਿਰ ਆਪ ਜੀ ਨੇ ਦੋ ਚੀਜ਼ਾਂ ਜੇਬ ਵਿਚੋਂ ਕੱਢੀਆਂ ਤੇ ਕਿਹਾ ਕਿਸੇ ਨੂੰ ਨਹੀਂ ਦਸਣਾ ਹਮੇਸ਼ਾ ਆਪਣੇ ਪਾਸ ਰਖਣੀਆਂ ਹਨ। ਮੇਰੀ ਹੁਣ ਕਿਤੇ ਹੋਰ ਵੀ ਲੋੜ ਹੈ। ਫਿਰ ਇਕ ਚੀਜ ਉਨ੍ਹਾਂ ਵਿਚੋਂ ਆਪਣੀ ਨੂੰਹ ਨੂੰ ਬੁਲਾ ਕੇ ਉਸਨੂੰ ਦੇ ਦਿੱਤੀ ਤੇ ਕਿਹਾ ਕਿਸੇ ਨੂੰ ਨਹੀਂ ਦੱਸਣੀ।

(ਬਾਕੀ ਅਗਲੀਆਂ ਸਾਰੀਆਂ ਗੱਲਾਂ ਮੈਨੂੰ ਵੱਡੇ ਮਾਮਾ ਜਥੇਦਾਰ ਮਨਮੋਹਣ ਸਿੰਘ ਜੀ ਨੇ ਲਿਖਵਾਈਆਂ ਹਨ ਕਿਉਂਕਿ ਗੁਰਸ਼ਰਨ ਸਿੰਘ ਮਾਮਾ ਜੀ ਦੀ ਤਬੀਅਤ ਕੁਝ ਖਰਾਬ ਸੀ। ਜਿਵੇਂ ਉਹਨਾਂ ਨੇ ਲਿਖਵਾਈਆਂ ਸੋ ਉਸੇ ਤਰ੍ਹਾਂ ਹੀ ਆਪ ਜੀ ਦੇ ਸਾਹਮਣੇ ਪੇਸ਼ ਕਰ ਰਹੀ ਹਾਂ।)

ਅਜ 18 ਸਤੰਬਰ 1998 ਦਾ ਦਿਨ ਸੀ। ਅਜ ਪਿਤਾ ਜੀ ਨੇ ਸੱਚ ਖੰਡ ਨੂੰ ਜਾਣਾ ਸੀ। ਪਿਤਾ ਜੀ ਨੇ ਸਾਰੇ (ਪ੍ਰੀਵਾਰ ਨੂੰ) ਪੁੱਤਰਾਂ ਹਰਭਜਨ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ, ਮਨਮੋਹਣ ਸਿੰਘ, ਗੁਰਸ਼ਰਨ ਸਿੰਘ ਅਤੇ ਬਲਦੇਵ ਸਿੰਘ, ਸਾਰੀਆਂ ਨੂੰਹਾਂ ਪੋਤਰਿਆਂ ਤੇ ਪੋਤਰੀਆਂ ਨੂੰ ਆਪਣੇ ਕੋਲ ਬੁਲਾਇਆ। ਸਭ ਨੇ ਉਹਨਾਂ ਨੂੰ ਮੱਥਾ ਟੇਕਿਆ ਤੇ ਪੁੱਛਿਆ ਕਿ ਕੀ ਹੁਕਮ ਹੈ। ਆਪ ਜੀ ਨੇ ਸਭ ਨੂੰ ਕੋਲ ਬੈਠਣ ਲਈ ਕਿਹਾ ਤੇ ਹੁਕਮ ਕੀਤਾ, "ਅਜ ਕੋਈ ਜ਼ਿਆਦਾ ਦੂਰ ਨਾ ਜਾਇਓ ਕਿਉਂਕਿ ਅਜ ਮੇਰੀ ਤਿਆਰੀ ਹੈ।"

ਦੁਪਹਿਰ ਦੇ ਸਮੇਂ ਇਲਾਕੇ ਦੇ ਕੁਝ ਕਾਜੀ, ਮੁੱਲਾਂ ਆਪ ਜੀ ਦੇ ਪਾਸ ਆਏ ਤੇ ਆਪ ਜੀ ਨੇ ਉਹਨਾਂ ਦੇ ਕਹਿਣ ਤੇ ਸਮਸ ਤਬਰੇਜ ਦੀ ਇਕ ਆਇਤ ਫਾਰਸੀ ਵਿਚ ਪੜ੍ਹ ਕੇ ਉਸਦੇ ਅਰਥ ਕੀਤੇ ਤੇ ਦੋ ਢਾਈ ਘੰਟੇ ਇਸਲਾਮ ਧਰਮ ਤੇ ਹੀ ਕਥਾ ਕਰਦੇ ਰਹੇ। ਉਸ ਤੋਂ ਬਾਅਦ ਫਿਰ ਆਪ ਜੀ ਨੇ ਕਿਹਾ "ਮੇਰੇ ਜਾਣ ਤੋਂ ਬਾਅਦ ਕਿਸੇ ਨੇ ਰੋਣਾ ਨਹੀਂ, ਕੀਰਤਨ ਕਰਨਾ ਹੈ। ਤੇ ਰਾਤ ਨੂੰ ਅਠ ਵਜੇ ਇਕ ਘੰਟਾ ਸਿਮਰਨ ਵੀ ਕਰਨਾ ਹੈ ਤੇ ਅਰਦਾਸ ਕਰਨੀ ਹੈ ਮੇਰੀ ਇੱਛਾ ਅਨੁਸਾਰ।" ਸਾਰਿਆਂ ਨੇ ਕਿਹਾ ਕਿ ਐਸੀ ਹਾਲਤ ਵਿੱਚ ਸਾਡੇ ਕੋਲੋਂ ਕੀਰਤਨ ਕਿਵੇਂ ਹੋਵੇਗਾ। ਆਪ ਜੀ ਨੇ ਕਿਹਾ, "ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਆਪੇ ਤੁਹਾਡੇ ਕੋਲੋਂ ਕਰਵਾ ਲੈਣਾ ਹੈ।" ਇਸੇ ਤਰ੍ਹਾਂ ਗੱਲਾਂ ਕਰਦਿਆਂ ਸ਼ਾਮ ਹੋ ਗਈ ਤੇ ਵੱਡੇ ਸਪੁੱਤਰ ਹਰਭਜਨ ਸਿੰਘ ਨੇ ਜਾਣ ਵਾਸਤੇ ਆਗਿਆ ਮੰਗੀ ਤੇ ਆਪ ਜੀ ਨੇ ਕਿਹਾ, "ਮੇਰੀ ਇਕ ਗੱਲ ਸੁਣ ਕੇ ਜਾਹ, ਤੈਨੂੰ ਐਨੀ ਬਾਣੀ ਯਾਦ ਹੈ ਪਰ ਸ੍ਰੀ ਆਦਿ ਗ੍ਰੰਥ ਦੇ ਪੰਨਾ 150, 350, 1266 ਅੰਗ ਦਸੇ ਤੇ ਉਹਨਾਂ ਤੋਂ ਕੁਝ ਸ਼ਬਦ ਯਾਦ ਕਰਨ ਨੂੰ ਕਿਹਾ ਕਿ ਇਹ ਸਦਾ ਤੇਰੇ ਕੰਮ ਆਉਣਗੇ। ਉਸ ਤੋਂ ਬਾਅਦ ਉਹਨਾਂ ਦੇ ਛੋਟੇ ਸਪੁੱਤਰ ਬਲਬੀਰ ਸਿੰਘ ਨੇ ਕਿਹਾ ਕਿ ਮੈਂ ਪ੍ਰਸਾਦਾ ਛਕ ਕੇ ਤੇ ਰਹਿਰਾਸ ਦਾ ਪਾਠ ਕਰਕੇ ਆਉਂਦਾ ਹਾਂ ਪਿਤਾ ਜੀ ਨੇ ਕਿਹਾ, "ਬੇਟਾ ਪ੍ਰਸਾਦਾ ਛਕ ਆਓ ਪਰ ਰਹਿਰਾਸ ਦਾ ਪਾਠ ਮੇਰੇ ਕੋਲ ਆ ਕੇ ਕਰਨਾ।"

ਫਿਰ ਆਪ ਜੀ ਨੇ ਕਿਹਾ, "ਮੇਰਾ ਮੰਜਾ ਵਿਹੜੇ ਵਿਚ ਡਾਹ ਦਿਓ ਜਿਥੇ ਮੈਨੂੰ ਆਕਾਸ਼ ਨਜ਼ਰ ਆਵੇ।" ਅਤੇ ਉਹਨਾਂ ਦਾ ਮੰਜਾ ਅਸੀਂ ਵਿਹੜੇ ਵਿੱਚ ਡਾਹ ਦਿੱਤਾ ਤੇ ਭਾਈ ਸਾਹਿਬ ਪ੍ਰਸਾਦਾ ਛਕਣ ਚਲੇ ਗਏ। ਫਿਰ ਉਹਨਾਂ ਨੇ ਆਪਣੇ ਛੋਟੇ ਸਪੁੱਤਰ ਗੁਰਸ਼ਰਨ ਸਿੰਘ ਜੀ ਨੂੰ ਕਿਹਾ ਕਿ ਮੈਂ ਜੰਗਲ ਜਾਣਾ ਹੈ। ਮੈਨੂੰ ਕੁਝ ਗਰਮੀ ਜਿਹੀ ਲਗ ਰਹੀ ਹੈ ਤੇ ਦਰਵਾਜ਼ਾ ਖੁੱਲਾ ਰਹਿਣ ਦੇਣਾ ਤੇ ਮੈਨੂੰ ਪਖੀ ਝੱਲ। ਗੁਰਸ਼ਰਨ ਸਿੰਘ ਪੱਖੀ ਝਲਦਾ ਰਿਹਾ। ਜੰਗਲ ਜਾ ਕੇ, ਆ ਕੇ ਆਪ ਜੀ ਨੇ ਹੱਥ ਰੇਤੇ ਨਾਲ ਮਾਂਜੇ ਫਿਰ ਸਾਬਣ ਨਾਲ ਧੋਤੇ ਤੇ ਫਿਰ ਫਤੂਹੀ ਜੋ ਪਾਈ ਹੋਈ ਸੀ ਉਸਨੂੰ ਪਿੱਛੇ ਹਟਾ ਕੇ ਗੁਰਸ਼ਰਨ ਸਿੰਘ ਨਾਲ ਘੁੱਟ ਕੇ ਜੱਫੀ ਪਾਈ ਤੇ ਫ਼ਿਰ ਮੰਜੇ ਤੇ ਚਰਨ ਲਮਕਾ ਕੇ ਬਹਿ ਗਏ, ਪੈਰੀ ਚਪਲ ਪਾਈ ਹੋਈ ਸੀ। ਫਿਰ ਗੁਰਸ਼ਰਨ ਸਿੰਘ ਨੂੰ ਜਲ ਛਕਾਉਣ ਲਈ ਕਿਹਾ। ਉਹਨਾਂ ਨੇ ਜਲ ਛਕਾਇਆ। ਫਿਰ ਕੁਝ ਹੋਰ ਛਕਣ ਲਈ ਮੰਗਿਆ। ਫਿਰ ਉਹਨਾਂ ਨੇ ਆਪ ਜੀ ਦੀ ਜੇਬ ਵਿੱਚੋਂ ਹੀ ਕੁਝ ਮੇਵੇ ਤੇ ਕਾਜੂ ਕੱਢ ਕੇ ਸਾਹਮਣੇ ਕੀਤੇ ਪਰ ਉਹਨਾਂ ਨੇ ਇਹ ਛਕਣ ਤੋਂ ਮਨ੍ਹਾਂ ਕਰ ਦਿੱਤਾ। ਆਪ ਜੀ ਨੇ ਆਪਣੀ ਬ੍ਰਹਮੀ ਗੋਲੀ ਜੋ ਕਿ ਆਪ ਜੀ ਆਮ ਤੌਰ ਤੇ ਕੀਰਤਨ ਕਰਦੇ ਸਮੇਂ ਕਦੀ ਮੂੰਹ ਵਿੱਚ ਪਾਉਂਦੇ ਸਨ, ਉਹ ਛਕਣ ਵਾਸਤੇ ਕਿਹਾ। ਗੁਰਸ਼ਰਨ ਸਿੰਘ ਨੇ ਉਹੀ ਗੋਲੀ ਲਿਆ ਕੇ ਦਿੱਤੀ। (7, 8 ਮਹੀਨੇ ਪਹਿਲਾਂ ਇਕ ਦਿਨ ਇਹੀ ਗੋਲੀਆਂ ਬਣਾਉਂਦੇ ਹੋਏ ਇਕ ਸੇਠ ਨੱਥੂ ਰਾਮ ਜੋ ਉਹਨਾਂ ਦੇ ਆਸ ਪਾਸ ਹੀ ਰਹਿੰਦਾ ਸੀ ਉਹਨਾਂ ਨਾਲ ਚੰਗੇ ਸੰਬੰਧ ਸਨ। ਉਸਨੇ ਪੁੱਛਿਆ ਕਿ ਬਾਬਾ ਜੀ ਆਪ ਜੀ ਦੀ ਏਨੀ ਉਮਰ ਹੋ ਗਈ ਹੈ ਆਪ ਕੋਈ ਨਿਸ਼ਾਨੀ ਦੇ ਕੇ ਜਾਓ। ਆਪ ਜੀ ਨੇ ਕਿਹਾ, "ਸੇਠ ਜੀ ਮੈਂ ਇਕੋ ਗੱਲ ਤੁਹਾਨੂੰ ਦਸਦਾ ਹਾਂ, ਕਿ ਮੈਂ ਜਦੋਂ ਸੰਸਾਰ ਤੋਂ ਜਾਣਾ ਹੈ ਇਹੀ ਗੋਲੀ ਜੋ ਮੈਂ ਬਣਾ ਰਿਹਾ ਹਾਂ ਇਹੀ ਮੂੰਹ ਵਿਚ ਪਾ ਕੇ, ਖਾ ਕੇ ਫਿਰ ਜਾਣਾ ਹੈ।") (ਡੇਢ ਕੁ ਸਾਲ ਪਹਿਲਾਂ, ਕਿਸੇ ਫਾਰਮ ਤੇ ਕੀਰਤਨ ਕਰਨ ਗਏ। ਪਿਤਾ ਜੀ ਹਮੇਸ਼ਾ ਖਲੋ ਕੇ ਕੀਰਤਨ ਕਰਦੇ ਸਨ। ਬੜੇ ਜੋਸ਼ ਨਾਲ ਕੀਰਤਨ ਕਰ ਰਹੇ ਸਨ। ਕੀਰਤਨ ਤੋਂ ਬਾਅਦ ਘਰ ਵਾਲੇ ਬੰਦੇ ਨੇ ਕਿਹਾ, ਬਾਬਾ ਜੀ, ਆਪ ਜੀ ਕੋਈ ਯਾਦਾਸ਼ਤ ਛੱਡ ਕੇ ਜਾਓਗੇ ? ਪਿਤਾ ਜੀ ਨੇ ਕਿਹਾ ਕਿ ਜਦੋਂ ਮੇਰਾ ਮਮਾਂ ਆਵੇਗਾ ਸ੍ਰ: ਪਿਆਰਾ ਸਿੰਘ ਜੀ, ਜਾਣ ਲੱਗਿਆ ਮੈਂ ਤੈਨੂੰ ਆਪਣੇ ਕੋਲ ਬੁਲਾਵਾਂਗਾ ਤੇ ਦਸ ਕੇ ਜਾਵਾਂਗਾ।)

ਅਜ ਦੁਪਹਿਰੇ ਦੋ ਕੁ ਵਜੇ ਆਪ ਜੀ ਨੇ ਪਿਆਰਾ ਸਿੰਘ ਨੂੰ ਬੁਲਾਉਣ ਵਾਸਤੇ ਕਿਹਾ, ਪਿਆਰਾ ਸਿੰਘ ਉਸ ਸਮੇਂ ਪੰਜਾਬ ਗਏ ਹੋਏ ਸਨ। ਉਹਨਾਂ ਦੇ ਸਪੁੱਤਰ ਨੇ ਕਿਹਾ ਮੈਂ ਆ ਜਾਂਦਾ ਹਾਂ ਜੇ ਕੋਈ ਜ਼ਰੂਰੀ ਕੰਮ ਹੈ ਤਾਂ ਪਿਤਾ ਜੀ ਨੇ ਕਿਹਾ ਪਿਆਰਾ ਸਿੰਘ ਨਾਲ ਹੀ ਕੰਮ ਹੈ।

ਸ਼ਾਮ ਨੂੰ 6 ਵਜੇ ਜਦੋਂ ਉਹਨਾਂ ਨੂੰ ਬ੍ਰਹਮੀ ਗੋਲੀ ਲਿਆ ਕੇ ਦਿੱਤੀ ਤਾਂ ਉਹਨਾਂ ਨੇ ਗੋਲੀ ਮੂੰਹ ਵਿਚ ਰਖ ਲਈ। ਅਸੀਂ ਸਭ ਕੋਲ ਹੀ ਖੜੇ ਸਾਂ ਕਿ ਉਹਨਾਂ ਨੇ ਸਾਰੀ ਗੋਲੀ ਖਾ ਲਈ ਤੇ ਫਿਰ ਇਕ ਜਲ ਦਾ ਗਿਲਾਸ ਹੋਰ ਮੰਗਿਆ, ਉਹ ਜਲ ਛਕ ਕੇ ਗਿਲਾਸ ਸਾਹਮਣੇ ਮੇਜ ਤੇ ਰਖ ਦਿੱਤਾ ਤੇ ਚਪਲਾਂ ਲਾਹ ਕੇ ਮੰਜੇ ਤੇ ਬੈਠ ਗਏ ਤੇ ਕਹਿਣ ਲਗੇ, "ਮੈਨੂੰ ਲੰਮੇ ਪਾ ਦਿਓ, ਮੈਂ ਹੁਣ ਚਲਿਆ ਹਾਂ। ਅਸੀਂ ਅਜੇ ਲੰਮੇ ਪਾ ਹੀ ਰਹੇ ਸਾਂ ਕਿ ਪਿਤਾ ਜੀ ਚੜ੍ਹਾਈ ਕਰ ਗਏ।"

ਸਾਰੇ ਪਾਸੇ ਰੌਲਾ ਪੈ ਗਿਆ ਕਿ ਬਾਬਾ ਜੀ ਚੜ੍ਹਾਈ ਕਰ ਗਏ ਹਨ। ਆਸ ਪਾਸ ਦੇ ਸਾਰੇ ਹਿੰਦੂ, ਮੁਸਲਮਾਨ, ਸਿੱਖ ਸਮੁਦਾਇ ਦੇ ਲੋਕ ਉਸੇ ਸਮੇਂ ਆਪ ਜੀ ਦੇ ਦਰਸ਼ਨ ਕਰਨ ਆ ਗਏ ਤੇ ਲਾਈਨ ਬਣਾ ਕੇ ਮੱਥਾ ਟੇਕ ਕੇ ਸਭ ਤੁਰਦੇ ਜਾਣ ਚੁਪਚਾਪ। ਫਿਰ ਸ਼ਾਮ ਦਾ 8 ਵਜੇ ਦਾ ਸਮਾ ਹੋ ਗਿਆ ਜੋ ਆਪ ਜੀ ਨੇ ਆਪਣੇ ਸਾਰੇ ਬੱਚਿਆਂ ਨੂੰ ਸਿਮਰਨ ਕਰਨ ਦਾ ਹੁਕਮ ਕੀਤਾ ਸੀ। ਸਾਰਾ ਪ੍ਰੀਵਾਰ ਅਰਦਾਸ ਕਰਕੇ ਸਿਮਰਨ ਕਰਨ ਬੈਠ ਗਿਆ।

ਸਾਰੇ ਧਰਮਾਂ ਦੇ ਲੋਕ ਉਸ ਸਮੇਂ ਉਸ ਜਗ੍ਹਾ ਤੇ ਬੈਠੇ ਆਪਣਾ ਆਪਣਾ ਸਿਮਰਨ ਕਰ ਰਹੇ ਸਨ। 45 ਮਿਟ ਸਿਮਰਨ ਕਰਦਿਆਂ ਹੋ ਗਏ ਸਨ ਕਿ ਅਚਾਨਕ ਆਕਾਸ਼ ਤੋਂ ਇਕ ਪ੍ਰਕਾਸ਼ ਜੋ ਸਭ ਨੇ ਮਹਿਸੂਸ ਕੀਤਾ (ਜਿਵੇਂ ਕਿ ਕਿੰਨੀਆਂ ਹੀ ਟਿਊਬ ਲਾਈਟਾਂ ਇਕਠੀਆਂ ਹੀ ਜਗ ਗਈਆਂ ਹੋਣ) ਉਹ ਪ੍ਰਕਾਸ਼ ਸਭ ਤੋਂ ਪਹਿਲਾਂ ਪਿਤਾ ਜੀ ਦੀ ਛਾਤੀ ਤੇ ਲਗਾ ਫਿਰ ਆਕਾਸ਼ ਨੂੰ ਵਾਪਸ ਚਲਾ ਗਿਆ। ਸ਼ਾਇਦ ਉਹਨਾਂ ਨੇ ਇਸੇ ਕਰਕੇ ਆਕਾਸ਼ ਦੇ ਹੇਠਾਂ ਮੰਜਾ ਡਹਾਇਆ ਸੀ, ਉਹਨਾਂ ਦੀਆਂ ਉਹੀ ਜਾਨਣ।

ਸਾਰੀ ਰਾਤ ਸਿਮਰਨ ਕਰਦਿਆਂ ਨਿਕਲੀ। ਅਗਲੇ ਦਿਨ ਸਵੇਰੇ 7 ਵਜੇ ਤੋਂ ਸੰਗਤਾਂ ਦਾ ਇਕੱਠ ਹੋਣਾ ਅਰੰਭ ਹੋਇਆ ਤੇ ਬਾਕੀ ਸਭ ਕੰਮ ਲੜੀਵਾਰ ਚਲਦੇ ਰਹੇ। ਜਦੋਂ ਦੋ ਕੁ ਵਜੇ ਤੋਂ ਬਾਅਦ ਇਸ਼ਨਾਨ ਕਰਾ ਕੇ ਚਲੇ ਤਾਂ ਸਾਰੇ ਸਪੁੱਤਰਾਂ ਨੇ ਕੀਰਤਨ ਕਰਦੇ ਹੋਏ ਆਪ ਜੀ ਦੀ ਅੰਤਿਮ ਯਾਤਰਾ ਨੂੰ ਪੂਰਾ ਕੀਤਾ ਜਿਸ ਵਿੱਚ ਕਿ ਹਰ ਧਰਮ ਦਾ ਬੰਦਾ ਉਹਨਾਂ ਦੇ ਨਾਲ ਸੀ। ਹਰ ਅਮੀਰ, ਗਰੀਬ ਉਹਨਾਂ ਨੂੰ ਆਪਣਾ ਮਸੀਹਾ ਸਮਝਦਾ ਸੀ। ਉਸੀ ਸਮੇਂ ਵਡੇ ਭੈਣ ਜੀ ਤੇ ਉਹਨਾਂ ਦੀ ਲੜਕੀ ਵੀ ਅੰਮ੍ਰਿਤਸਰ ਤੋਂ ਆ ਗਏ ਤੇ ਆਖਰੀ ਯਾਤਰਾ ਵਿੱਚ ਸ਼ਾਮਿਲ ਹੋ ਗਏ। ਅਜ ਬਾਬਾ ਜੀ ਦੇ ਪਿੱਛੇ ਦੋ ਢਾਈ ਕਿਲੋਮੀਟਰ ਦਾ ਹਜੂਮ ਚਲ ਰਿਹਾ ਸੀ ਤੇ ਲੋਕਾਈ ਇਹ ਵੇਖ ਕੇ ਹੈਰਾਨ ਸੀ ਕਿ ਪਿਤਾ ਦੀ ਅਰਥੀ ਦੇ ਪਿਛੇ ਪੁੱਤਰ ਕੀਰਤਨ ਕਰਦੇ ਹੋਏ ਜਾ ਰਹੇ ਹਨ।

ਜਦੋਂ ਅਸੀਂ ਅੰਤਿਮ ਸੰਸਕਾਰ ਕਰਕੇ ਵਾਪਸ ਆਏ, ਇਸ਼ਨਾਨ ਕਰਕੇ ਲੰਗਰ ਛਕਿਆ ਤੇ ਆਪਸ ਵਿੱਚ ਇਹ ਬਚਨ ਕੀਤਾ ਕਿ ਅਸੀਂ ਪਿਤਾ ਜੀ ਦਾ ਹੁਕਮ ਬਜਾਇਆ ਹੈ ਕਿ ਰੋਏ ਨਹੀਂ, ਤੇ ਹੁਣ ਪੁੱਤਰਾਂ ਵਿਚੋਂ ਵੀ ਪਤਾ ਨਹੀਂ ਕਿਸਦੀ ਵਾਰੀ ਕਦੋਂ ਆਉਂਦੀ ਤੇ ਅਸੀਂ ਇਸੇ

ਤਰ੍ਹਾਂ ਕੀਰਤਨ ਕਰਦਿਆਂ ਹੀ ਅੰਤਿਮ ਸਮਾਂ ਨਿਭਾਉਣਾ ਹੈ। ਉਹਨਾਂ ਦੇ ਵਡੇ ਸਪੁੱਤਰ ਹਰਭਜਨ ਸਿਘ ਨੇ ਬਾਂਹ ਖੜੀ ਕਰਦਿਆਂ ਕਿਹਾ ਕਿ ਪੰਜ ਸਾਲਾਂ ਦੇ ਵਿੱਚ ਵਿੱਚ ਮੈਂ ਚਲੇ ਜਾਣਾ ਹੈ ਤੇ ਤੁਸੀਂ ਸਭ ਨੇ ਕੀਰਤਨ ਕਰਨਾ ਹੈ। ਇਹ ਬਚਨ ਅਜੇ ਕੀਤਾ ਹੀ ਸੀ ਕਿ ਸ੍ਰੀ ਭੈਣੀ ਸਾਹਿਬ ਤੋਂ ਫੋਨ ਆਇਆ ਸਤਿਗੁਰ ਜਗਜੀਤ ਸਿੰਘ ਜੀ ਦਾ ਆਪ ਜੀ ਨੇ ਦੱਸਿਆ ਕਿ ਜਥੇਦਾਰ ਜੀ ਬਹੁਤ ਸੁਹਣੀ ਜਗ੍ਹਾ ਪਹੁੰਚ ਗਏ ਹਨ ਅਤੇ ਸਭ ਪ੍ਰੀਵਾਰ ਨੇ ਗੁਰੂ ਦਾ ਹੁਕਮ ਮੰਨਣਾ ਹੈ, ਰੋਣਾ ਨਹੀਂ।

ਉਪਰਾਂਤ ਪਾਤਸ਼ਾਹ ਜੀ ਨੇ ਆਪ ਜੀ ਦੇ ਭੋਗ ਦੇ ਸਮੇਂ ਜੋ ਕਿ 4 ਅਕਤੂਬਰ 1998 ਨੂੰ ਪਿਆ ਸੀ। ਭੈਣੀ ਸਾਹਿਬ ਤੋਂ ਜਥੇਦਾਰ ਇਕਬਾਲ ਸਿਘ ਨੂੰ 5100 ਰੁ. ਲੰਗਰ ਵਾਸਤੇ ਦੇ ਕੇ ਭੇਜਿਆ। ਅਸੀਂ ਗੁਰੂ ਦੀ ਬਖਸ਼ਿਸ਼ ਮੰਗੀ ਤੇ ਪੈਸਿਆਂ ਤੋਂ ਮਨ੍ਹਾ ਕੀਤਾ ਪਰ ਸਾਡੇ ਮਨ੍ਹਾ ਕਰਨ ਤੇ ਵੀ ਜਥੇਦਾਰ ਜੀ ਨੇ ਉਹ ਰੁ. ਲੰਗਰ ਵਿਚ ਪਾਏ।

ਭੋਗ ਤੋਂ 4 ਕੁ ਮਹੀਨੇ ਬਾਅਦ ਨੱਥੂ ਨਾਲ ਸੇਠ ਨੂੰ ਇਹ ਪਤਾ ਲਗਾ ਕਿ ਬਾਬਾ ਜੀ ਅੰਤਿਮ ਸਮੇਂ ਉਹੀ ਗੋਲੀ ਖਾ ਕੇ ਗਏ ਸਨ ਤੇ ਉਹ ਹੈਰਾਨ ਹੋ ਗਿਆ ਤੇ ਕਹਿਣ ਲਗਾ ਕਿ ਉਹ ਤਾਂ ਸਚਮੁਚ ਸਾਧੂ ਸਨ।

ਇਹ ਸੀ ਸਾਡੇ ਪਿਤਾ ਜੀ ਦਾ ਅੰਤਿਮ ਸਮਾਂ।



ਅਸਤਿੰਦਰ ਕੌਰ

ਸੰਤ ਅਮਰ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੇ ਅਨਿਨ ਸੇਵਕ ਸਨ। ਇਹਨਾਂ ਨੇ ਆਪਣਾ ਸਾਰਾ ਜੀਵਨ ਹੀ ਸਿਖੀ ਪ੍ਰਚਾਰ ਵਿਚ ਲੰਘਾਇਆ। ਇਹ ਸਿਰਫ਼ ਪ੍ਰਚਾਰ ਹੀ ਨਹੀਂ ਸਨ ਕਰਦੇ ਸਗੋਂ ਇਹਨਾਂ ਦਾ ਜੀਵਨ ਵੀ ਪੂਰੀ ਤਰ੍ਹਾਂ ਗੁਰਸਿਖੀ ਸੀ। ਇਹਨਾਂ ਦੇ ਹਰ ਇਕ ਦੌਰੇ ਦਾ ਜੇਕਰ ਪੂਰਾ ਵਿਵਰਨ ਹੁੰਦਾ ਤੇ ਅੱਜ ਇਕ ਵਡਅਕਾਰੀ ਗ੍ਰੰਥ ਬਣ ਗਿਆ ਹੁੰਦਾ। ਪਰ ਇਹ ਜਥਾ ਸਿਰਫ਼ ਇਤਿਹਾਸ ਸਿਰਜਦਾ ਹੀ ਸੀ, ਉਸ ਦੀ ਸੰਭਾਲ ਦਾ ਇਹਨਾਂ ਕੋਲ ਕੋਈ ਸਾਧਨ ਨਹੀਂ ਸੀ।

ਇਹ ਪੁਸਤਕ ਵੀ ਲੇਖਿਕਾ ਦੀ ਵਿਅਕਤੀਗਤ ਮਿਹਨਤ ਦਾ ਹੀ ਅਸਰ ਹੈ। ਆਸ ਹੈ ਕਿ ਪਾਠਕ ਇਸ ਤੋਂ ਲਾਭ ਉਠਾਉਣਗੇ।

ਸੰਤ ਸਿੰਘ

9788187899516

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਿਰਭੈ ਯੋਧਾ